# 'ਜਪੁਜੀ' ਦੇ ਪੰਜਾਬੀ ਵਿਚ ਰਚੇ ਟੀਕਿਆਂ
# ਦਾ
# ਆਲੋਚਨਾਤਮਕ ਅਧਿਅਨ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ
ਪੀ-ਐੱਚ.ਡੀ. ਲਈ ਪ੍ਰਸਤੁਤ

## ਖੋਜ – ਪ੍ਰਬੰਧ

## 1974


ਨਿਗਰਾਨ
ਡਾ: ਸੁਰਿੰਦਰ ਸਿੰਘ ਕੋਹਲੀ
ਐਮ.ਏ., ਪੀ-ਐੱਚ.ਡੀ.,
ਸੀਨੀਅਰ ਪ੍ਰੋਫੇਸਰ ਤੇ ਮੁਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।

ਲੇਖਕ
ਜੁਗਿੰਦਰ ਸਿੰਘ
ਐਮ.ਏ.,
ਗੌਰਮਿੰਟ ਕਾਲਜ, ਲੁਧਿਆਣਾ ।

## ਵਿਸ਼ਾ-ਸੂਚੀ


ਭੂਮਿਕਾ ... 5-7

ਭਾਗ ਪਹਿਲਾ

'ਜਪੁਜੀ' ਦੇ ਪੰਜਾਬੀ ਵਿਚ ਰਚੇ ਟੀਕਿਆਂ ਦਾ ਸੰਖੇਪ ਇਤਿਹਾਸ ਤੇ ਸਰਵੇਖਣ ... 8-114

ਅਧਿਆਇ 1. ਟੀਕੇ ਦੀ ਪਰਿਭਾਸ਼ਾ, ਪਰੰਪਰਾ ਤੇ ਵਿਕਾਸ ... 9-27

ਟੀਕੇ ਦੀ ਪਰੰਪਰਾ ਅਤੇ ਟੀਕੇ ਦੇ ਸਮਾਨਾਰਥਕ ਸ਼ਬਦ — ਟੀਕਾ, ਭਾਸ਼੍ਯ, ਵ੍ਰਿਤੀ, ਟਿੱਪਣੀ, ਵਿਆਖਿਆ, ਕੋਮੈਂਟਰੀ; ਟੀਕੇ ਦਾ ਸਰੂਪ ਤੇ ਉਸ ਦੀ ਸੀਮਾ — ਟੀਕੇ ਤੇ ਅਨੁਵਾਦ ਦਾ ਅੰਤਰ; ਟੀਕਾਕਾਰੀ ਦੀ ਪਰੰਪਰਾ ਤੇ ਵਿਕਾਸ; ਟੀਕਿਆਂ ਦਾ ਵਰਗੀਕਰਣ — ਅੰਤਰ-ਮੁਖੀ ਤੇ ਬਾਹਰਮੁਖੀ ਦ੍ਰਿਸ਼ਟੀਕੋਣ ਨਾਲ ਸੰਖਿਪਤ ਟੀਕੇ; ਪਦ, ਵਾਕ, ਪ੍ਰਬੰਧ; ਗਿਆਨ-ਪਰਕ ਟੀਕੇ, ਭਗਤੀ-ਪਰਕ ਟੀਕੇ, ਕਰਮ-ਪਰਕ ਟੀਕੇ; ਤਾਰਕਿਕ ਸ਼ੈਲੀ, ਭਾਵਾਤਮਕ ਸ਼ੈਲੀ, ਵਰਣਨਾਤਮਕ ਸ਼ੈਲੀ।

ਅਧਿਆਇ 2. ਗੁਰਬਾਣੀ ਵਿਚ 'ਜਪੁਜੀ' ਦੀ ਵਿਆਖਿਆ ... 28-63

ੴ, ਸਤਿਨਾਮੁ, ਕਰਤਾ ਪੁਰਖੁ, ਸੈਭੰ, ਗੁਰਪ੍ਰਸਾਦਿ, ਸਚਿਆਰ, ਕੂੜ, ਹੁਕਮਿ, ਹਉਮੈ, ਭਾਣਾ, ਰਜਾ, ਸੰਜੋਗੁ ਵਿਜੋਗੁ, ਨਾਮੁ, ਮੋਖ ਦੁਆਰੁ, ਕਰਮੀ, ਨਦਰਿ, ਮਤਿ, ਗੁਰ, ਗੁਣ, ਤੀਰਥ, ਗਿਆਨੁ, ਸੁਣਿਐ, ਮੰਨੈ, ਭਾਉ, ਕਵਾਉ, ਕੁਦਰਤਿ, ਅਮੁਲ, ਖੰਡ, ਧਰਮ, ਗਿਆਨ, ਸਰਮ, ਕਰਮ, ਸਚ ਖੰਡਿ, ਸੋਦਰੁ, ਪੰਥ, ਸੁਰਤਿ, ਮਨ, ਬੁਧਿ, ਸਬਦ ਆਦਿ ਸਿਧਾਂਤਕ ਸ਼ਬਦਾਂ ਦੀ ਵਿਆਖਿਆ।

ਅਧਿਆਇ 3. ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ... 64 – 92

ਭਾਈ ਗੁਰਦਾਸ ਦੀ ਵਿਆਖਿਆ ਪ੍ਰਣਾਲੀ; ਸੋਢੀ ਮਿਹਰਬਾਨ ਤੇ ਮਿਹਰਬਾਨ(ਮੀਣਾ) ਸੰਪ੍ਰਦਾਇ; ਆਨੰਦ ਘਨ ਤੇ ਉਦਾਸੀ ਸੰਪ੍ਰਦਾਇ; ਭਾਈ ਸੰਤੋਖ ਸਿੰਘ, ਪੰਡਤ ਤਾਰਾ ਸਿੰਘ ਨਰੋਤਮ ਤੇ ਨਿਰਮਲਾ ਸੰਪ੍ਰਦਾਇ; ਭਾਈ ਮਨੀ ਸਿੰਘ ਤੇ ਗਿਆਨੀ ਸੰਪ੍ਰਦਾਇ; ਸੇਵਾ ਪੰਥੀ ਸੰਪ੍ਰਦਾਇ; ਆਧੁਨਿਕ ਵਿਦਵਾਨ ਪ੍ਰਣਾਲੀ – ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਡਾ. ਮੋਹਨ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ।

ਅਧਿਆਇ 4. 'ਜਪੁਜੀ' ਦੇ ਹੁਣ ਤਕ ਲਿਖੇ ਗਏ ਟੀਕਿਆਂ ਦਾ ਸਰਵੇਖਣ ... 93 – 114

ਮਿਹਰਬਾਨ ਸੰਪ੍ਰਦਾਇ ਦੇ ਟੀਕੇ; ਉਦਾਸੀ ਸੰਪ੍ਰਦਾਇ ਦੇ ਟੀਕੇ; ਨਿਰਮਲਾ ਸੰਪ੍ਰਦਾਇ ਦੇ ਟੀਕੇ; ਗਿਆਨੀ ਸੰਪ੍ਰਦਾਇ ਦੇ ਟੀਕੇ; ਆਧੁਨਿਕ ਟੀਕੇ।

ਭਾਗ ਦੂਜਾ

ਵਿਸ਼ੇਸ਼ ਭਾਵਾਰਥਾਂ ਦਾ ਆਲੋਚਨਾਤਮਕ ਅਤੇ ਤੁਲਨਾਤਮਕ ਅਧਿਐਨ ... 115 – 194.

ਅਧਿਆਇ 5. ਮੂਲ ਮੰਤਰ ... 116 – 130

ਪਿਛੋਕੜ ਤੇ ਮਹੱਤਾ; ਮੂਲ ਮੰਤਰ ਵਿਚਲੇ ਪਦਾਂ ੴ, ਸਤਿਨਾਮੁ, ਕਰਤਾਪੁਰਖੁ, ਨਿਰਭਉ-ਨਿਰਵੈਰੁ, ਅਕਾਲ-ਮੂਰਤਿ, ਅਜੂਨੀ-ਸੈਭੰ, ਗੁਰ-ਪ੍ਰਸਾਦਿ ਸੰਬੰਧੀ ਵਿਚਾਰ; ਸਤਿ ਚਿਤ ਆਨੰਦ, ਸਤਿਅੰ ਸ਼ਿਵੰ ਸੁੰਦਰੰ।

ਅਧਿਆਇ 6. ਸਲੋਕ ... 131 – 152

ਦੋ ਸਲੋਕ, ਸਲੋਕਾਂ ਦਾ ਕਰਤਾ, ਆਦਿ ਸਲੋਕ: ਮੰਗਲਾਚਰਣ, ਸੋਚ ਦਾ ਸੰਕਲਪ; ਅੰਤਮ ਸਲੋਕ: ਸ਼ਬਦਾਵਲੀ, ਪਵਣੁ, ਪਾਣੀ, ਮਹਤੁ, ਕਰਮ, ਨਾਮੁ, ਧਿਆਨ, ਮੁਕਤੀ ।

ਅਧਿਆਇ 7. ਪਉੜੀਆਂ ... 153 — 194

ਦੇ ਰੂਪ; ਪਰਿਭਾਸ਼ਾ: ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ, ਗਾਵੈ ਕੋ ਗੁਣ ਵਡਿਆਈਆ ਚਾਰ, ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ, ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ; ਸ੍ਰਵਣ ਮਹਿਮਾ: ਸੁਣਿਐ ਮੁਖਿ ਸਾਲਾਹਣ ਮੰਦੁ, ਸੁਣਿਐ ਸਤੁ ਸੰਤੋਖੁ ਗਿਆਨੁ; ਮਨਨ ਮਹਿਮਾ: ਮੰਨੈ ਮਗੁ ਨ ਚਲੈ ਪੰਥੁ, ਮੰਨੈ ਤਰੈ ਤਾਰੇ ਗੁਰੁ ਸਿਖ; ਪੰਚ ਦੀ ਰਚਨਾ ਦੀ ਸ੍ਰੇਸ਼ਟਤਾ: ਪੰਚ ਪਰਵਾਣ ਪੰਚ ਪਰਧਾਨੁ, ਗੁਰਮਤਿ ਸ਼ਬਦ ਕਾ ਵੀਚਾਰੁ, ਆਖਿ ਕਹਹਿ ਸਿਰਿ ਭਾਰੁ ਹੋਇ, ਤੀਰਥੁ ਤਪੁ ਦਇਆ ਦਤੁ ਦਾਨੁ, ਸੁਖਮਨਿ ਆਖਿ ਬਾਣੀ ਪਰਮਾਣੁ; ਅਸੰਖ: ਮੁਖਿ ਸਰੀਰ ਸਹਸੁ ਪਤੁ ਲੈਲੀ ਧਿਆਨ ਕੀ ਕਰਹਿ ਬਿਭੂਤਿ, ਕਿਥਾ ਨਾਹੁ ਗੁਆਰੀ ਮਾਇਆ ਗੁਰਕਿ ਭੀਆ ਪਰਤੀਤਿ, ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ; ਸਚਿਆਰ ਪਦ: ਤਿਥੈ ਸੀਤੋ ਸੀਤਾ ਮਹਿਮਾ ਮਾਹਿ, ਸਚ ਖੰਡਿ ਵਸੈ ਨਿਰੰਕਾਰੁ।

ਭਾਗ ਤੀਜਾ

ਪ੍ਰਾਚੀਨ ਭਾਰਤੀ ਚਿੰਤਨ ਦੇ ਸੰਦਰਭ ਵਿਚ 'ਜਪੁਜੀ' ਦਾ ਵਿਸ਼ਾ ਵਸਤੂ ... 195 — 291

ਅਧਿਆਇ 8. ਦਾਰਸ਼ਨਿਕ ਸਿਧਾਂਤ ... 196 — 243

ਵਿਵੇਚਨ; (ੳ) ਬ੍ਰਹਮ ਦਾ ਸੰਕਲਪ; ਮੂਲ ਮੰਤਰ; ਬ੍ਰਹਮ ਦਾ ਨਿਰਗੁਣ ਸਰੂਪ — ਅਨਿਰਵਚਨੀਯ, ਏਕੰਕ, ਨੇਤਿ ਨੇਤਿ, ਨਿਰਗੁਣ, ਸਤਿ ਚਿਤ ਆਨੰਦ; ਬ੍ਰਹਮ ਦਾ ਸਰਗੁਣ ਸਰੂਪ — ਅਨੰਤ, ਵਿਰਾਟ, ਸਰਬ ਵਿਆਪਕ, ਅੰਤਰਜਾਮੀ, ਅਕਾਲ ਪੁਰਖ, ਸਰਬ ਸ਼ਕਤੀ-ਮਾਨ, ਦਾਤਾਰ, ਹੁਕਮ ਸਰੂਪ, ਬੇਪਰਵਾਹ, ਗੁਰਪ੍ਰਸਾਦਿ; ਬ੍ਰਹਮ ਦੇ ਹੋਰ ਨਾਮ।

(ਅ) ਜੀਵ ਦਾ ਸੰਕਲਪ: ਉਤਪੱਤੀ, ਸੰਖਿਆ, ਅਨੇਕਤਾ, ਅਮਰਤਾ, ਆਤਮਕ ਪ੍ਰਕ੍ਰਿਤੀ ਦੇ ਪੜਾਅ; (ੲ) ਮੁਕਤੀ ਦਾ ਸੰਕਲਪ: ਨਾਂਵ, ਕਿਸ ਤੋਂ ਮੁਕਤੀ ਦੇ ਸਾਧਨ; (ਸ) ਸ੍ਰਿਸ਼ਟੀ ਦਾ ਸੰਕਲਪ: ਪੂਰਬ ਅਵਸਥਾ, ਰਚਨਾ ਦਾ ਸਮਾਂ, ਉਤਪੱਤੀ; ਗੁਣ – ਅਨੰਤਤਾ, ਸਰਬ-ਵਿਆਪਕਤਾ, ਅੰਤ।

ਅਧਿਆਇ 9. 'ਜਪੁਜੀ' ਦੀ ਆਚਾਰ ਨੀਤੀ ... 244–264

ਪਰਿਭਾਸ਼ਾ; ਜਪੁਜੀ ਦੀ ਆਚਾਰ ਨੀਤੀ ਦੇ ਗੁਣ – ਸੰਤੋਖ, ਨਿਰਮਾਣਤਾ, ਸੇਵਾ; ਦੈਵੀ ਗੁਣ, – ਉਦਾਰਤਾ ਤੇ ਕ੍ਰਿਪਾਲਤਾ, ਨਿਆਇ; ਈਸ਼੍ਵਰੀ ਮਾਰਗ, ਨਾਗਰੀ ਬੋਧ; ਪੰਜ ਵਿਕਾਰ – ਕਾਮ, ਕ੍ਰੋਧ, ਲੋਭ, ਮੋਹ, ਹੰਕਾਰ; ਮੰਦੀਆਂ ਕਰਤੀਆਂ – ਕੂੜ, ਨਿੰਦਾ, ਚਿੰਤਾ।

ਅਧਿਆਇ 10. 'ਜਪੁਜੀ' ਦਾ ਰਹੱਸਵਾਦ ... 265–291

ਪਰਿਭਾਸ਼ਾ; ਰਹੱਸਵਾਦ ਦੇ ਭੇਦ; ਪਰਮਾਤਮਾ ਦਾ ਰਹੱਸ; ਆਤਮਾ ਦਾ ਰਹੱਸ – ਨਾਮ ਜਪਣਾ, 'ਹੁਕਮਿ ਰਜਾਈ' ਵਿਚ ਰਹਿਣਾ, ਗੁਰੂ ਦੀ ਲੋੜ; ਸੁਣਨ ਮੰਨਣ ਨਿਦਿਧਿਆਸਨ ਦਾ ਰਹੱਸ; ਪੰਜ ਖੰਡਾਂ ਦਾ ਰਹੱਸ; ਨਦਰ ਦਾ ਰਹੱਸ; ਪ੍ਰੇਮ ਦਾ ਰਹੱਸ।

ਸਾਰੰਸ਼ ... 292–297

ਪੁਸਤਕ-ਸੂਚੀ ... 298–314

(ੳ) 'ਜਪੁਜੀ' ਦੇ ਪੰਜਾਬੀ ਵਿਚ ਰਚੇ ਟੀਕਿਆਂ ਦੀ ਸੂਚੀ

(ਅ) ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਪੁਸਤਕਾਂ ਦੀ ਸੂਚੀ

(ੲ) ਪਤ੍ਰ-ਪਤ੍ਰਿਕਾਵਾਂ ਦੀ ਸੂਚੀ

## ਭੂਮਿਕਾ

'ਜਪੁਜੀ' ਗੁਰੂ ਗ੍ਰੰਥ ਸਾਹਿਬ ਦੀ ਪ੍ਰਧਾਨ ਬਾਣੀ ਹੈ। ਆਦਿ ਗ੍ਰੰਥ ਦੇ ਤਤਕਰੇ ਵਿਚ ਇਸ ਬਾਣੀ ਨੂੰ 'ਜਪੁ ਨੀਸਾਣੁ' ਲਿਖਿਆ ਹੈ। ਆਦਿ ਗ੍ਰੰਥ ਦਾ ਆਰੰਭ ਇਸ ਬਾਣੀ ਨਾਲ ਹੀ ਹੁੰਦਾ ਹੈ ਅਤੇ ਸਿਖ ਰਿਵਾਇਤ ਅਨੁਸਾਰ ਮੰਨਿਆ ਗਿਆ ਹੈ ਕਿ ਸਾਰਾ ਆਦਿ ਗ੍ਰੰਥ ਜਪੁਜੀ ਦੀ ਹੀ ਵਿਆਖਿਆ ਹੈ। ਆਦਿ ਗ੍ਰੰਥ ਦੇ ਆਰੰਭ ਵਿਚ ਮੂਲ ਮੰਤਰ ਤੋਂ ਪਿਛੋਂ 'ਜਪੁ' ਪਦ ਆਇਆ ਹੈ ਜੋ ਕਿ ਅਗਲੀ ਬਾਣੀ ਦਾ ਸਿਰਲੇਖ ਹੈ। ਇਸ ਬਾਣੀ ਨੂੰ ਸਤਿਕਾਰ ਵਜੋਂ ਜਪੁਜੀ, ਜਪੁਜੀ ਸਾਹਿਬ ਜਾਂ ਸ੍ਰੀ ਜਪੁਜੀ ਸਾਹਿਬ ਕਹਿ ਦਿੰਦੇ ਹਾਂ ਪਰੰਤੂ ਆਮ ਪ੍ਰਚਲਤ ਨਾਂ 'ਜਪੁਜੀ' ਹੈ। 'ਜੀ' ਸਤਿਕਾਰ ਵਜੋਂ ਲਾਇਆ ਹੋਇਆ ਪਿਛੇਤਰ ਹੈ। ਪ੍ਰਧਾਨ ਬਾਣੀ ਦਾ ਭਾਵ ਇਹ ਲਿਆ ਗਿਆ ਹੈ ਕਿ ਸਿਖ ਸਿਧਾਂਤ ਦਾ ਜੋ ਮੂਲ ਸਰੂਪ ਹੈ, ਉਹ ਇਸ ਬਾਣੀ ਵਿਚ ਆ ਗਿਆ ਹੈ।

ਇਸ ਹਾਲਤ ਵਿਚ ਇਹ ਸੁਭਾਵਕ ਸੀ ਕਿ ਸਿਖ ਵਿਚਾਰਧਾਰਾ ਨੂੰ ਸਮਝਣ ਵਾਲੇ ਪ੍ਰਚਾਰਕ ਤੇ ਹੋਰ ਵਿਦਵਾਨ ਇਸ ਬਾਣੀ ਦਾ ਉਚੇਚਾ ਅਧਿਐਨ ਕਰਦੇ। ਇਸ ਲਈ ਜੋ ਕੋਈ ਵੀ ਗੁਰਬਾਣੀ ਦਾ ਅਧਿਐਨ ਕਰਨ ਵਾਲਾ ਸਿਰਕੱਢ ਵਿਦਵਾਨ ਹੋਇਆ ਹੈ, ਉਸ ਨੇ ਜਪੁਜੀ ਦਾ ਟੀਕਾ ਜਾਂ ਵਿਆਖਿਆ ਜ਼ਰੂਰ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਪੁਜੀ ਤੋਂ ਬਿਨਾਂ ਹੋਰ ਵੀ ਲੰਮੀਆਂ ਬਾਣੀਆਂ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਦੀਆਂ 'ਓਅੰਕਾਰ', 'ਸਿਧ ਗੋਸਿਟ' ਤੇ 'ਵਾਰਾਂ', ਗੁਰੂ ਅਮਰਦਾਸ ਦੀ 'ਅਨੰਦ' ਅਤੇ ਗੁਰੂ ਅਰਜਨ ਦੇਵ ਦੀਆਂ 'ਸੁਖਮਨੀ' ਤੇ 'ਬਾਵਨ ਅਖਰੀ' ਆਦਿ ਬਾਣੀਆਂ ਸ਼ਾਮਿਲ ਹਨ ਪਰ ਸਭ ਤੋਂ ਵਧ ਟੀਕੇ ਜਾਂ ਵਿਆਖਿਆ 'ਜਪੁਜੀ' ਦੀਆਂ ਹੀ ਮਿਲਦੀਆਂ ਹਨ।

ਇਸ ਲਈ ਜਪੁਜੀ ਦੀ ਟੀਕਾਕਾਰੀ ਜਾਂ ਵਿਆਖਿਆਕਾਰੀ ਦੇ ਇਤਿਹਾਸ ਨੂੰ ਹੀ ਇਸ ਖੋਜ-ਪ੍ਰਬੰਧ ਦਾ ਵਿਸ਼ਾ ਬਣਾਇਆ ਗਿਆ ਹੈ ਤਾਂ ਜੋ ਨਿਰਣਾ ਕੀਤਾ ਜਾ ਸਕੇ ਕਿ ਇਸ ਮਹਾਨ ਬਾਣੀ ਦੇ ਟੀਕਾਕਾਰ ਵਿਆਖਿਆਕਾਰ ਕਿਸ ਕਿਸ ਪਰੰਪਰਾ ਵਿਚੋਂ ਹੋਏ ਹਨ। ਹਰ ਪਰੰਪਰਾ ਵਿਚੋਂ ਮੁੱਖ

ਵਿਆਖਿਆਕਾਰ ਕਿਹੜੇ ਮਤ ਅਤੇ ਸਮੁੱਚੇ ਤੌਰ ਤੇ ਹਰ ਪਰੰਪਰਾ ਨੇ ਜਾਂ ਉਸ ਦੇ ਮੁੱਖ ਵਿਦਵਾਨ ਨੇ ਜਪੁਜੀ ਦੇ ਅਧਿਅਨ ਵਿਚ ਕੀ ਵਿਸ਼ੇਸ਼ਤਾ ਵਿਖਾਈ ਹੈ। ਹਾਲੀ ਤਕ ਇਸ ਵਿਸ਼ੇ ਉਤੇ (ਭਾਵ ਜਪੁਜੀ ਦੀ ਵਿਆਖਿਆਕਾਰੀ ਦੇ ਇਤਿਹਾਸ ਸੰਬੰਧੀ) ਕੋਈ ਪੁਸਤਕ ਪ੍ਰਾਪਤ ਨਹੀਂ ਹੈ ਪਰੰਤੂ ਇਸ ਦੀ ਲੋੜ ਨੂੰ ਚਿਰ ਤੋਂ ਮਹਿਸੂਸ ਕੀਤਾ ਜਾ ਰਿਹਾ ਸੀ। ਇਸੇ ਪਾਸੇ ਵਲ ਇਕ ਨਿਮਾਣਾ ਜਿਹਾ ਜਤਨ ਹੈ- ਇਹ ਖੋਜ-ਪ੍ਰਬੰਧ।

ਇਸ ਦੀ ਯੋਜਨਾ ਇਸ ਤਰ੍ਹਾਂ ਹੈ। ਇਸ ਦੇ ਪਹਿਲੇ ਭਾਗ ਵਿਚ ਇਹ ਨਿਰਣਾ ਕੀਤਾ ਗਿਆ ਹੈ ਕਿ ਟੀਕਾਕਾਰੀ ਦੀ ਪਰੰਪਰਾ ਕੀ ਹੈ? ਟੀਕੇ ਦਾ ਅਸਲ ਖੇਤਰ ਕੀ ਹੈ ਅਤੇ ਉਹ ਪਰਮਾਰਥ, ਵਿਆਖਿਆ, ਭਾਸ਼ ਆਦਿ ਤੋਂ ਕਿਵੇਂ ਭਿੰਨ ਹੈ? ਦੂਜਾ ਨਿਰਣਾ ਇਹ ਕੀਤਾ ਗਿਆ ਹੈ ਕਿ ਜਪੁਜੀ ਦੀ ਟੀਕਾਕਾਰੀ ਦੀ ਪਰੰਪਰਾ ਕਿਸ ਤਰ੍ਹਾਂ ਸਥਾਪਤ ਹੋਈ ਤੇ ਉਸ ਦਾ ਵਿਕਾਸ ਕਿਸ ਤਰ੍ਹਾਂ ਹੋਇਆ? ਇਸੇ ਭਾਗ ਵਿਚ ਤੀਜਾ ਨਿਰਣਾ ਕੀਤਾ ਗਿਆ ਹੈ ਕਿ ਜਪੁਜੀ ਦੀ ਟੀਕਾਕਾਰੀ ਦੀ ਹਰ ਪਰੰਪਰਾ ਦਾ ਸਰੂਪ ਕੀ ਸੀ ਤੇ ਉਸ ਦਾ ਵਿਕਾਸ ਕਿਵੇਂ ਹੋਇਆ?

ਇਸ ਖੋਜ-ਪ੍ਰਬੰਧ ਦੇ ਦੂਜੇ ਭਾਗ ਵਿਚ ਹਰ ਪਰੰਪਰਾ ਦੇ ਮੁੱਖ ਟੀਕੇ ਨੂੰ ਲੈ ਕੇ ਉਸ ਦਾ ਅਧਿਅਨ ਕੀਤਾ ਹੈ। ਇਸ ਅਧਿਅਨ ਅਨੁਸਾਰ 'ਜਪੁਜੀ' ਦੇ ਤਿੰਨ ਭਾਗ ਮੰਨ ਕੇ ਖੋਜ-ਪ੍ਰਬੰਧ ਅਗੇ ਤੁਰਦਾ ਹੈ। ਇਕ ਭਾਗ ਮੂਲ ਮੰਤਰ ਦਾ ਮੰਨਿਆ ਹੈ, ਦੂਜਾ ਜਪੁਜੀ ਦੇ ਸਲੋਕਾਂ ਦਾ ਅਤੇ ਤੀਜਾ ਅਠੱਤੀ ਪਉੜੀਆਂ ਦਾ। ਮੂਲ ਮੰਤਰ ਤੇ ਪੂਰਾ ਇਕ ਅਧਿਆਇ ਹੈ। ਦੋ ਸਲੋਕਾਂ ਦੀ ਚਰਚਾ ਤੇ ਵੀ ਪੂਰਾ ਇਕ ਅਧਿਆਇ ਹੈ। ਜਪੁਜੀ ਦੀ ਵਿਚਾਰਧਾਰਾ ਨੂੰ ਮੁੱਖ ਰਖ ਕੇ ਪਉੜੀਆਂ ਦੇ ਛੇ ਜੁੱਟ ਬਣਾਏ ਹਨ। ਉਨ੍ਹਾਂ ਦੇ ਮੁੱਖ ਸਿਧਾਂਤਕ ਸੂਤਰ ਲੈ ਕੇ ਵਖ ਵਖ ਪਰੰਪਰਾਵਾਂ ਦੇ ਪ੍ਰਤਿਨਿਧ ਟੀਕਿਆਂ ਦਾ ਤੁਲਨਾਤਮਕ ਅਧਿਅਨ ਕੀਤਾ ਹੈ। ਤੁਲਨਾਤਮਕ ਅਧਿਅਨ ਦਾ ਭਾਵ ਇਹ ਮੰਨਿਆ ਹੈ ਕਿ ਵਖ ਵਖ ਟੀਕਾਕਾਰਾਂ ਨੇ ਜਪੁਜੀ ਦੇ ਸਿਧਾਂਤਕ ਸੂਤਰਾਂ ਤੇ ਬੁਨਿਆਦੀ ਖਿਆਲਾਂ ਦਾ ਟੀਕਾ ਜਾਂ ਵਿਆਖਿਆ ਕਰਦਿਆਂ ਕੀ ਭਿੰਨਤਾ ਵਿਖਾਈ ਹੈ। ਇਸ ਭਿੰਨਤਾ ਦਾ ਕਾਰਣ ਜਪੁਜੀ ਦੀ ਸੂਤ੍ਰਿਕ ਸ਼ੈਲੀ ਹੈ। ਗੁਰਬਾਣੀ ਦੇ ਆਧਾਰ ਤੇ ਇਨ੍ਹਾਂ ਮਤ ਭੇਦਾਂ ਨੂੰ ਸਪਸ਼ਟ ਕਰਨ ਦਾ ਜਤਨ ਕੀਤਾ ਗਿਆ ਹੈ।

ਖੋਜ-ਪ੍ਰਬੰਧ ਦੇ ਤੀਜੇ ਭਾਗ ਵਿਚ ਬਰੀਕ ਵੇਰਵੇ ਨੂੰ ਛੱਡ ਕੇ ਸਾਰੇ ਟੀਕਾਕਾਰਾਂ ਨੇ ਜੋ ਦਰਸ਼ਨ ਤੇ ਆਚਾਰ ਨੀਤੀ ਦੇ ਮੁੱਖ ਸੰਕਲਪ ਉਘਾੜੇ ਹਨ, ਉਨ੍ਹਾਂ ਦਾ ਸਰਵੇਖਣ ਕੀਤਾ ਹੈ। ਜਿਵੇਂ ਦਾਰਸ਼ਨਿਕ ਸਿਧਾਂਤਾਂ ਵਿਚ ਬ੍ਰਹਮ, ਜੀਵ, ਮਾਇਆ, ਜਗਤ-ਸ੍ਰਿਸ਼ਟੀ ਅਤੇ ਜਪੁਜੀ ਦੀ ਆਚਾਰ ਨੀਤੀ

ਜਾਂਦੇ ਜੋ ਸਿਰਫ ਜਪੁਜੀ ਦੇ ਆਧਾਰ ਤੇ ਟੀਕਾਕਾਰਾਂ ਨੇ ਉਭਾਰੇ ਹਨ, ਉਨ੍ਹਾਂ ਦਾ ਸਮੁੱਚਾ ਸਰਵੇਖਣ ਕੀਤਾ ਹੈ। ਇਹ ਸਿਧਾਂਤ ਬੜੇ ਮਹੱਤਵ ਪੂਰਣ ਹਨ ਕਿਉਂਕਿ ਉਪਨਿਸ਼ਦਾਂ, ਗੀਤਾ ਅਤੇ ਵੇਦਾਂਤ ਆਦਿ ਵਿਚ ਵੀ ਇਨ੍ਹਾਂ ਸਿਧਾਂਤਾਂ ਦੀ ਚਰਚਾ ਹੋਈ ਹੈ। ਇਸੇ ਭਾਗ ਵਿਚ ਜਪੁਜੀ ਦੇ ਰਹੱਸਵਾਦ ਤੇ ਵੀ ਇਕ ਅਧਿਆਇ ਹੈ ਕਿਉਂਕਿ ਸਾਰੇ ਟੀਕਾਕਾਰਾਂ ਨੇ ਜਪੁਜੀ ਨੂੰ ਧੁਰ ਤੋਂ ਆਈ ਬਾਣੀ ਜਾਂ ਰਹੱਸਵਾਦੀ ਰਚਨਾ ਸਵੀਕਾਰ ਕੀਤਾ ਹੈ।

ਇਸ ਤਰ੍ਹਾਂ ਇਹ ਖੋਜ-ਪ੍ਰਬੰਧ ਪਹਿਲਾ ਜਤਨ ਹੈ ਜਿਥੇ ਜਪੁਜੀ ਦੀ ਹੁਣ ਤਕ ਹੋਈ ਟੀਕਾਕਾਰੀ ਜਾਂ ਵਿਆਖਿਆਕਾਰੀ ਦਾ ਇਤਿਹਾਸ ਪੇਸ਼ ਹੋਇਆ ਹੈ। ਜਪੁਜੀ ਦੇ ਟੀਕਿਆਂ ਦੀਆਂ ਪਰੰਪਰਾਵਾਂ ਨਿਸਚਿਤ ਹੋਈਆਂ ਹਨ। ਜਪੁਜੀ ਦੇ ਡੇਢ ਸੌ ਟੀਕਿਆਂ ਦਾ ਵਰਗੀਕਰਣ ਉਸ ਦੀਆਂ ਪਰੰਪਰਾਵਾਂ ਅਨੁਸਾਰ ਕੀਤਾ ਹੈ। ਹਰ ਪਰੰਪਰਾ ਦੀਆਂ ਮੁਖ ਪ੍ਰਵਿਰਤੀਆਂ ਨਿਸਚਿਤ ਕੀਤੀਆਂ ਹਨ। ਹਰ ਪਰੰਪਰਾ ਦੇ ਪ੍ਰਮਾਣਿਕ ਟੀਕਿਆਂ ਦਾ ਮੁਲਾਂਕਣ ਕੀਤਾ ਹੈ। ਸਮੁੱਚੇ ਤੌਰ ਤੇ ਇਨ੍ਹਾਂ ਟੀਕਿਆਂ ਦਾ ਸੰਮਤੀ ਦਾ ਖੇਤਰ ਅਤੇ ਭਿੰਨਤਾ ਦਾ ਖੇਤਰ ਨਿਸਚਿਤ ਕੀਤਾ ਹੈ। ਇਸ ਤਰ੍ਹਾਂ ਜਪੁਜੀ ਦੇ ਪਿਛਲੇ ਪੰਜ ਸੌ ਸਾਲਾਂ ਵਿਚ ਹੋਏ ਸਾਰੇ ਅਧਿਐਨ ਨੂੰ ਉਸ ਦੇ ਇਤਿਹਾਸਕ ਸੰਦਰਭ ਵਿਚ ਲਿਆਂਦਾ ਹੈ ਅਤੇ ਉਸ ਅਧਿਐਨ ਦੇ ਮੁੱਖ ਸਿੱਟੇ — ਦਾਰਸ਼ਨਿਕ, ਸਾਹਿੱਤਕ, ਸਮਾਜਕ, ਸਭਿਆਚਾਰਕ — ਨਿਸਚਿਤ ਕੀਤੇ ਹਨ।

ਅੰਤ ਵਿਚ ਮੈਂ ਆਪਣੇ ਸਤਿਕਾਰਯੋਗ ਨਿਗਰਾਨ ਡਾ. ਸੁਰਿੰਦਰ ਸਿੰਘ ਕੋਹਲੀ ਦਾ ਆਭਾਰ ਪ੍ਰਗਟ ਕਰਦਾ ਹਾਂ ਜਿਨ੍ਹਾਂ ਦੀ ਹਮਦਰਦੀ ਭਰੀ, ਸੂਝ ਤੇ ਵਿਦਵਤਾ ਭਰਪੂਰ ਅਗਵਾਈ ਅਤੇ ਪ੍ਰੇਰਣਾ ਸਦਕਾ ਮੈਂ ਆਪਣੀ ਇਸ ਖੋਜ ਨੂੰ ਸਿਰੇ ਚਾੜ੍ਹ ਸਕਿਆ ਹਾਂ। ਮੈਂ ਉਨ੍ਹਾਂ ਵਿਦਵਾਨਾਂ ਦਾ ਵੀ ਰਿਣੀ ਹਾਂ ਜਿਨ੍ਹਾਂ ਦੀਆਂ ਕ੍ਰਿਤੀਆਂ ਤੋਂ ਮੈਂ ਆਪਣੀ ਖੋਜ ਲਈ ਸਹਾਇਤਾ ਲਈ ਹੈ ਅਤੇ ਜਿਨ੍ਹਾਂ ਦੇ ਨਿਰਣਿਆਂ ਨੂੰ ਮੈਂ ਆਪਣਾ ਪੱਖ ਪੂਰਣ ਲਈ ਵਰਤਿਆ ਹੈ। ਮੈਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦਾ ਵੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਖੋਜ-ਕਿਰਿਆ ਲਈ ਲੋੜੀਂਦੀਆਂ ਪੁਸਤਕਾਂ ਖਰੀਦਣ ਵਾਸਤੇ ਮੈਨੂੰ ਸਾਢੇ ਸੱਤ ਸੌ ਰੁਪਏ ਦੀ ਖੋਜ-ਗ੍ਰਾਂਟ ਦਿੱਤੀ।

ਸੁਰਿੰਦਰ ਸਿੰਘ

ਗੌਰਮਿੰਟ ਕਾਲਜ,
ਲੁਧਿਆਣਾ।

ਸੁਰਿੰਦਰ ਸਿੰਘ

ਭਾਗ ਪਹਿਲਾ

'ਜਪੁਜੀ' ਦੇ ਪੰਜਾਬੀ ਵਿਚ ਰਚੇ ਟੀਕਿਆਂ ਦਾ ਸੰਖੇਪ ਇਤਿਹਾਸ ਤੇ ਸਰਵੇਖਣ ... 8 – 114

ਅਧਿਆਇ 1. ਟੀਕੇ ਦੀ ਪਰਿਭਾਸ਼ਾ, ਪਰੰਪਰਾ ਤੇ ਵਿਕਾਸ ... 9 – 27

ਅਧਿਆਇ 2. ਗੁਰਬਾਣੀ ਵਿਚ 'ਜਪੁਜੀ' ਦੀ ਵਿਆਖਿਆ ...28 – 63

ਅਧਿਆਇ 3. ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ...64 – 92

ਅਧਿਆਇ 4. 'ਜਪੁਜੀ' ਦੇ ਹੁਣ ਤਕ ਲਿਖੇ ਗਏ ਟੀਕਿਆਂ ਦਾ ਸਰਵੇਖਣ ...93 – 114

# 1

## ਟੀਕੇ ਦੀ ਪਰਿਭਾਸ਼ਾ, ਪਰੰਪਰਾ ਤੇ ਵਿਕਾਸ

'ਜਪੁਜੀ' ਦੀ ਟੀਕਾਕਾਰੀ ਦਾ ਇਤਿਹਾਸ ਉਲੀਕਣ ਤੇ ਟੀਕਿਆਂ ਦਾ ਮੁਲਾਂਕਣ ਕਰਨ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਟੀਕਾ ਕੀ ਹੈ ਅਤੇ ਉਸ ਦੇ ਸਮਾਨਾਰਥਕ ਹੋਰ ਰੂਪਾਂ ਤੋਂ ਉਸ ਨੂੰ ਕਿਵੇਂ ਨਿਖੇੜਿਆ ਜਾ ਸਕਦਾ ਹੈ। ਟੀਕੇ ਦੇ ਸਮਾਨਾਰਥਕ ਸ਼ਬਦ ਭਾਸ਼੍ਯ, ਵ੍ਰਿਤੀ, ਟਿੱਪਣੀ, ਵਿਆਖਿਆ ਤੇ ਕੋਮੈਂਟ੍ਰੀ ਹਨ। ਅਸੀਂ ਹਰ ਇਕ ਦੇ ਖੇਤਰ ਤੇ ਸਰੂਪ ਨੂੰ ਇਥੇ ਨਿਸਚਿਤ ਕਰਦੇ ਹਾਂ।

### (ੳ) ਟੀਕੇ ਦੀ ਪਰੰਪਰਾ ਅਤੇ ਟੀਕੇ ਦੇ ਸਮਾਨਾਰਥਕ ਸ਼ਬਦ

ਟੀਕਾ –

ਸਾਧਾਰਣ ਤੌਰ ਤੇ 'ਟੀਕੇ' ਲਈ ਭਾਸ਼੍ਯ, ਟਿੱਪਣੀ, ਵ੍ਰਿਤੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। 'ਟੀਕੇ' ਤੋਂ ਭਾਵ ਐਸੀ ਰਚਨਾ ਹੈ ਜਿਸ ਵਿਚ ਕਿਸੇ ਸੰਸ੍ਰੁਟ ਗ੍ਰੰਥ ਦੇ ਅਰਥ, ਵਿਆਖਿਆ ਤੇ ਉਨ੍ਹਾਂ ਦਾ ਸਪਸ਼ਟੀਕਰਣ ਕੀਤਾ ਹੁੰਦਾ ਹੈ।[1] 'ਟੀਕੇ' ਸ਼ਬਦ ਦੀ ਬਣਾਵਟ ਤੋਂ ਵੀ ਪਤਾ ਲਗਦਾ ਹੈ ਕਿ ਵਿਸ਼ੇ ਦੇ ਅੰਦਰ ਪ੍ਰਵੇਸ਼ ਕਰਨਾ ਜਾਂ ਅਰਥਾਂ ਤਕ ਪੁੱਜਣਾ ਜਾਂ ਜਾਣਕਾਰੀ ਪ੍ਰਾਪਤ ਕਰਨਾ।[2]

---

1. ਵੇਖੋ ਡਾ: ਧੀਰੇਂਦਰ ਵਰਮਾ (ਸੰਪਾਦਿਤ), ਹਿੰਦੀ ਸਾਹਿਤ੍ਯ ਕੋਸ਼, ਪੰ:311, ਗਿਆਨ ਮੰਡਲ, ਕਬੀਰ ਚੌਰਾ, ਬਨਾਰਸ, ਸੰਵਤ 2015.
2. ਵਾਮਨ ਸ਼ਿਵ ਰਾਮ ਆਪਟੇ, ਸੰਸਕ੍ਰਿਤ ਹਿੰਦੀ ਕੋਸ਼, ਪੰ:413.

ਭਾਸ਼੍ਯ –

'ਭਾਸ਼੍ਯ' ਸ਼ਬਦ ਦੀ ਵਰਤੋਂ ਵੀ 'ਟੀਕੇ' ਦੇ ਅਰਥ ਵਿਚ ਕੀਤੀ ਜਾਂਦੀ ਹੈ। ਇਸ ਸ਼ਬਦ ਦੀ ਬਣਾਵਟ ਤੋਂ ਪਤਾ ਲਗਦਾ ਹੈ ਕਿ 'ਭਾਸ਼੍ਯ' ਦਾ ਮੁੱਖ ਅਰਥ ਹੈ ਬੋਲਣਾ, ਜਾਂ ਗੱਲਾਂ ਕਰਨੀਆਂ ਜਾਂ ਬੋਲਣ ਲਈ ਉਪਯੋਗੀ ਗੱਲਾਂ ਦਾ ਇਕ ਥਾਂ ਸੰਗ੍ਰਹਿ ਕਰਨਾ।[1] ਭਾਸ਼੍ਯ ਦੀ ਪਰੰਪਰਾ ਸੰਸਕ੍ਰਿਤ ਸਾਹਿੱਤ ਵਿਚ ਬਹੁਤ ਪੁਰਾਣੀ ਹੈ। 'ਰਿਗ ਵੇਦ' ਉਤੇ ਸਾਇਣ ਦਾ ਭਾਸ਼੍ਯ ਅਤੇ ਇਸ ਉਤੇ ਦਯਾਨੰਦ ਰਚਿਤ 'ਰਿਗ ਵੇਦ ਭਾਸ਼੍ਯ ਭੂਮਿਕਾ' ਆਦਿ ਪ੍ਰਸਿੱਧ ਰਚਨਾਵਾਂ ਹਨ ਪਰ 'ਪਾਣਿਨੀ ਦੇ ਸੂਤ੍ਰਾਂ' ਉਤੇ ਕੀਤਾ ਗਿਆ 'ਪਤੰਜਲੀ ਦਾ ਮਹਾਂਭਾਸ਼੍ਯ' ਵੀ ਬੜਾ ਮਹੱਤਵ-ਪੂਰਣ ਹੈ।[2] ਇਸ ਤੋਂ ਭਾਸ਼੍ਯ ਦੇ ਇਹ ਲੱਛਣ ਦਿੱਤੇ ਜਾ ਸਕਦੇ ਹਨ ਕਿ 'ਸੂਤ੍ਰਾਂ' ਦੇ ਅਨੁਸਾਰ ਅਰਥਾਂ ਦਾ ਬਿਆਨਣਾ ਪਰ ਨਾਲ ਹੀ ਆਪਣੀ ਰਾਇ ਦਾ ਵੀ ਪ੍ਰਗਟਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸੰਖੇਪ ਵਿਚ ਦੱਸੇ ਗਏ 'ਸੂਤ੍ਰ' ਜਾਂ 'ਵਾਕਾਂ' ਦਾ ਵਿਸਤਾਰ ਪੂਰਬਕ ਵਰਣਨ ਕਰਨਾ 'ਭਾਸ਼੍ਯ' ਮੰਨਿਆ ਜਾਂਦਾ ਹੈ।

ਵ੍ਰਿਤੀ –

'ਵ੍ਰਿਤੀ' ਸ਼ਬਦ ਦੀ ਵਰਤੋਂ ਵੀ 'ਟੀਕੇ' ਲਈ ਸੰਸਕ੍ਰਿਤ ਦੇ ਵਿਆਕਰਣ ਆਦਿ ਗ੍ਰੰਥਾਂ ਵਿਚ ਕੀਤੀ ਗਈ ਹੈ। ਪਾਣਿਨੀ ਦੇ ਹੀ ਸੂਤ੍ਰਾਂ ਉਤੇ 'ਕਾਸ਼ਿਕਾ ਵ੍ਰਿਤੀ' ਪ੍ਰਸਿੱਧ ਹੈ। ਇਸ ਵਿਚ ਸੂਤ੍ਰਾਂ ਦੇ ਪ੍ਰਯਾਇਵਾਚੀ ਸ਼ਬਦ ਰੱਖੇ ਜਾਂਦੇ ਹਨ ਅਤੇ ਅਰਥ ਦੀ ਵਿਆਖਿਆ ਕੀਤੀ ਜਾਂਦੀ ਹੈ।[3] ਕਦੇ ਕਦੇ 'ਟੀਕਾ ਜਾਂ ਭਾਸ਼੍ਯ' ਉਤੇ ਕੀਤੀ ਗਈ ਵਿਆਖਿਆ ਲਈ 'ਟਿੱਪਣੀ' ਸ਼ਬਦ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਜਿਵੇਂ ਕਿ 'ਪਤੰਜਲੀ ਦੇ ਮਹਾਂਭਾਸ਼੍ਯ' ਉਤੇ 'ਕਈਯਟ ਦੀ ਵਿਆਖਿਆ ਜਾਂ ਟੀਕਾ' ਬੜਾ ਪ੍ਰਸਿੱਧ ਹੈ ਤੇ ਅਗੋਂ 'ਕਈਯਟ ਦੇ ਭਾਸ਼੍ਯ' ਉਤੇ ਨਾਗੋਜੀ ਭੱਟ ਦਾ ਟੀਕਾ ਜਾਂ ਭਾਸ਼੍ਯ ਵੀ ਮਿਲਦੇ ਹਨ।

ਟਿੱਪਣੀ –

ਇਸੇ ਤਰ੍ਹਾਂ 'ਟਿੱਪਣੀ' ਸ਼ਬਦ ਦੀ ਵਰਤੋਂ ਵੀ 'ਟੀਕੇ' ਲਈ ਕੀਤੀ ਜਾਂਦੀ ਹੈ ਤੇ ਸਾਧਾਰਣ ਰੂਪ ਵਿਚ 'ਟੀਕੇ' ਤੇ 'ਟਿੱਪਣੀ' ਵਿਚ ਬਹੁਤਾ ਅੰਤਰ ਨਹੀਂ ਸਮਝਿਆ ਜਾਂਦਾ।[4]

---

1. ਰਾਜਾ ਰਾਧਾਕਾਂਤ ਦੇਵ, ਸ਼ਬਦ-ਕਲਪਦਰੁਮ, ਭਾਗ ਤੀਜਾ, ਪੰ:509, ਮੋਤੀ ਲਾਲ ਬਨਾਰਸੀ ਦਾਸ, ਦਿੱਲੀ, 1961.
2. ਡਾ: ਧੀਰੇਂਦਰ ਵਰਮਾ (ਸੰਪਾਦਿਤ), ਹਿੰਦੀ ਸਾਹਿਤਯ ਕੋਸ਼, ਪੰ:534.
3. ਰਾਜਾ ਰਾਧਾਕਾਂਤ ਦੇਵ, ਸ਼ਬਦ-ਕਲਪਦਰੁਮ, ਭਾਗ ਚੌਥਾ, ਪੰ:478.
4. ਵਾਮਨ ਸ਼ਿਵ ਰਾਮ ਆਪਟੇ, ਸੰਸਕ੍ਰਿਤ ਹਿੰਦੀ ਕੋਸ਼, ਪੰ:413.

ਪਰ 'ਭਾਸ਼' ਵਿਚ ਭਾਸ਼ਕਾਰ ਮੂਲ ਲੇਖਕ ਦੇ ਅਰਥਾਂ ਨੂੰ ਦਸਦੇ ਹੋਏ ਬੜੇ ਵਿਸਤਾਰ ਨਾਲ ਆਪਣੇ ਅਨੁਭਵਾਂ ਵਿਚੋਂ ਵੀ ਬਹੁਤ ਕੁਝ ਪ੍ਰਗਟਾਉਂਦਾ ਹੈ ਜਦੋਂ ਕਿ 'ਟੀਕੇ' ਵਿਚ ਵਿਸ਼ੇ ਦੀ ਉਲੰਘਣਾ ਨਾ ਕਰ ਕੇ ਕੇਵਲ ਮੂਲ ਲੇਖਕ ਦੇ ਅਰਥਾਂ ਦਾ ਸਪਸ਼ਟੀਕਰਣ ਕੀਤਾ ਜਾਂਦਾ ਹੈ। 'ਭਾਸ਼' ਵਿਚ ਵਿਆਖਿਆ ਕਰਨ ਵਾਲੇ ਦੇ ਆਪਣੇ ਵਿਅਕਤਿਤਵ ਦਾ ਝਲਕਾਰਾ ਮਿਲਦਾ ਹੈ ਤੇ ਉਸ ਦਾ ਕਰਤਾਰੀ ਅੰਸ਼ ਵੀ ਇਸ ਵਿਚ ਲਭਿਆ ਜਾ ਸਕਦਾ ਹੈ। 'ਟੀਕੇ' ਵਿਚ ਆਮ ਤੌਰ ਤੇ ਮੂਲ ਲੇਖਕ ਦੇ ਮੰਤਵ ਨੂੰ ਵਿਆਕਰਣ ਆਦਿ ਦੀ ਓਟ ਲੈਂਦਿਆਂ ਹੋਇਆ ਪ੍ਰਮਾਣੀਕਾਰੀ ਅਰਥ ਦੇ ਕੇ ਜਾਂ ਔਖੇ ਸ਼ਬਦਾਂ ਦੀ ਵਿਆਖਿਆ ਕਰ ਕੇ ਆਪਣੇ ਵਲੋਂ ਕੁਝ ਨਹੀਂ ਵਧਾਇਆ ਜਾਂਦਾ। ਕਿਤੇ ਕਿਤੇ ਅਭਿਵਿਅੰਜਨਾ ਆਦਿ ਗੂੜ੍ਹੇ ਅਰਥਾਂ ਨੂੰ ਪ੍ਰਗਟਾਉਣ ਲਈ ਵੀ ਇਸ਼ਾਰੇ ਦਿੱਤੇ ਜਾਂਦੇ ਹਨ।

ਸੰਖੇਪ ਵਿਚ ਕੀਤੇ ਗਏ ਟੀਕੇ ਨੂੰ 'ਟਿੱਪਣੀ' ਕਹਿੰਦੇ ਹਨ ਜਿਸ ਵਿਚ ਕੇਵਲ ਕਠਿਨ ਪਦਾਂ ਦੀ ਵਿਆਖਿਆ ਕੀਤੀ ਜਾਂਦੀ ਹੈ, ਜਦੋਂ ਕਿ 'ਟੀਕੇ' ਵਿਚ ਸਾਰੇ ਆਵੱਸ਼ਕ ਪਦਾਂ ਦੀ ਵਿਆਖਿਆ ਹੁੰਦੀ ਹੈ ਭਾਵੇਂ ਉਹ ਸੌਖੇ ਹੋਣ ਜਾਂ ਔਖੇ। ਆਮ ਤੌਰ ਤੇ 'ਟਿੱਪਣੀ' ਸ਼ਬਦ ਅੰਗ੍ਰੇਜ਼ੀ ਦੇ ਸ਼ਬਦ 'ਨੋਟ' ਦੇ ਅਰਥ ਵਿਚ ਵਰਤਿਆ ਜਾਂਦਾ ਹੈ। ਕਈ ਵਾਰੀ ਟੀਕਾ-ਟਿੱਪਣੀ ਸ਼ਬਦ ਦਾ ਜੁੱਟਵਾਂ ਪ੍ਰਯੋਗ ਵੀ ਕੀਤਾ ਜਾਂਦਾ ਹੈ ਜਿਸ ਦਾ ਅਰਥ ਆਲੋਚਨਾ ਹੁੰਦਾ ਹੈ। ਇਸ ਦੇ ਪ੍ਰਮਾਣੀਕਾਰੀ ਰੂਪ ਵਿਚ 'ਵਿਵ੍ਰਤੀ' ਤੇ 'ਵਿਆਖਿਆ' ਆਦਿ ਸ਼ਬਦਾਂ ਦੀ ਵਰਤੋਂ ਵੀ ਹੁੰਦੀ ਹੈ।

ਵਿਆਖਿਆ —

'ਵਿਆਖਿਆ' ਸ਼ਬਦ ਵੀ ਟਿੱਪਣੀ ਵਾਂਗ ਸੰਖੇਪ ਤੋਂ ਵਿਸਤਾਰ ਵਲ ਚਲਦਾ ਹੈ। ਟਿੱਪਣੀ ਇਕਾਂਗੀ ਤੇ ਸੰਖਿਪਤ ਹੁੰਦੀ ਹੈ ਜਿਵੇਂ ਕਿਸੇ ਇਕ ਜਾਂ ਦੋ ਔਖੇ ਸ਼ਬਦਾਂ ਦਾ ਸੁਪਸ਼ਟੀਕਰਣ 'ਟਿੱਪਣੀ' ਵਿਚ ਵਿਦਮਾਨ ਹੁੰਦਾ ਹੈ ਪਰ 'ਵਿਆਖਿਆ' ਵਿਚ ਪੂਰਾ ਵਿਸਤਾਰ ਨਾਲ ਕਿਸੇ ਸਲੋਕ ਦਾ ਸੰਪੂਰਣ ਰੂਪ ਵਿਚ ਸਪਸ਼ਟੀਕਰਣ ਹੁੰਦਾ ਹੈ। ਇਸ ਲਈ ਜਿਥੇ 'ਟਿੱਪਣੀ' ਇਕਾਂਗੀ ਤੇ ਸੰਖਿਪਤ ਹੁੰਦੀ ਹੈ, ਉਥੇ 'ਵਿਆਖਿਆ' ਵਿਚ ਵਿਸਤਾਰ ਤੇ ਬਹੁਪੱਖਤਾ ਹੁੰਦੀ ਹੈ। ਪਰੰਤੂ 'ਟੀਕਾ' ਤਾਂ ਟਿੱਪਣੀ ਤੇ ਵਿਆਖਿਆ ਦੋਹਾਂ ਤੋਂ ਵਧੇਰੇ ਵਿਸਤਾਰ ਨਾਲ ਅਰਥਾਂ ਦਾ ਸਪਸ਼ਟੀਕਰਣ ਕਰਦਾ ਹੈ। 'ਟਿੱਪਣੀ' 'ਟੀਕੇ' ਦਾ ਵੀ ਅਗੋਂ ਫਿਰ ਟੀਕਾ ਹੈ ਜਿਹੜਾ ਕਿ ਟੀਕੇ ਦੇ ਵੀ ਅਸਪਸ਼ਟ ਹਿੱਸਿਆਂ ਨੂੰ ਸਰਲ ਅਤੇ ਸਪਸ਼ਟ ਕਰਦਾ ਹੈ। ਕਈ ਵਾਰੀ ਟੀਕੇ ਦੇ ਵੀ ਗੁੰਝਲਦਾਰ ਅਤੇ ਜਟਿਲ ਹਿੱਸਿਆਂ ਉੱਤੇ ਸਪਸ਼ਟੀਕਰਣ ਲਈ 'ਟਿੱਪਣੀ' ਦੀ ਵਰਤੋਂ ਕੀਤੀ ਜਾਂਦੀ ਹੈ।

ਇਸ ਕਰਕੇ 'ਟਿੱਪਣੀ' ਦਾ ਖੇਤਰ ਛੋਟਾ ਹੁੰਦਾ ਹੈ ਅਤੇ 'ਟੀਕੇ' ਦਾ ਵਿਸਤਾਰ ਵਾਲਾ ਹੁੰਦਾ ਹੈ। ਟਿੱਪਣੀ ਜਿਥੇ ਸਲੋਕ ਦੇ ਅਸਪਸ਼ਟ ਭਾਗਾਂ ਦੀ ਹੋ ਸਕਦੀ ਹੈ, ਉਥੇ ਟੀਕੇ ਦੇ ਵੀ ਔਖੇ ਭਾਗਾਂ ਦੀ ਕੀਤੀ ਜਾਂਦੀ ਹੈ। ਇਸੇ ਕਰਕੇ ਕਿਹਾ ਗਿਆ ਹੈ ਕਿ 'ਟਿੱਪਣੀ' ਟੀਕੇ ਦਾ ਵੀ ਅਗੋਂ ਟੀਕਾ ਹੋ ਸਕਦੀ ਹੈ।

ਕੋਮੈਂਟ੍ਰੀ –

ਅੰਗ੍ਰੇਜ਼ੀ ਦੇ ਸ਼ਬਦ 'Commentary' ਦਾ ਪ੍ਰਯੋਗ ਵੀ 'ਟੀਕੇ' ਲਈ ਕੀਤਾ ਜਾਂਦਾ ਹੈ। ਜਿਸ ਦਾ ਅਰਥ ਸ਼ਬਦ-ਕੋਸ਼ਾਂ ਵਿਚ ਹੇਠ ਲਿਖੇ ਅਨੁਸਾਰ ਦਿੱਤਾ ਗਿਆ ਹੈ :-

(1) ਨੋਟ ਜਾਂ ਯਾਦ ਲਈ ਟਿੱਪਣੀਆਂ ਦਾ ਸੰਗ੍ਰਹਿ।

(2) ਕਿਸੇ ਸਾਹਿੱਤਕ ਵਿਸ਼ੇ (text or treatise) ਉਤੇ ਕ੍ਰਮਵਾਰ ਇਸ਼ਾਰੇ ਜਾਂ ਟਿੱਪਣੀ ਦੇਣਾ ਜਿਸ ਨਾਲ ਅਰਥਾਂ ਦਾ ਸਪਸ਼ਟੀਕਰਣ ਕੀਤਾ ਜਾ ਸਕੇ।

(3) 'comment' ਸ਼ਬਦ ਦੀ ਵਿਆਖਿਆ ਕਰਦਿਆਂ ਇਸ ਨੂੰ ਟਿੱਪਣੀ ਜਾਂ ਕਿਸੇ ਸਾਹਿੱਤਕ ਪੈਰੇ ਦੀ ਆਲੋਚਨਾ ਕਰਦਿਆਂ ਉਸ ਦਾ ਸਪਸ਼ਟੀਕਰਣ ਕਰਨਾ ਦਸਿਆ ਗਿਆ ਹੈ।[1]

'ਐਨਸਾਈਕਲੋਪੀਡੀਆ ਬ੍ਰਿਟੈਨੀਕਾ' ਅਨੁਸਾਰ ਸਿਮਰਨ-ਪੱਤਰ (ਯਾਦ ਪੱਤਰ) ਲਈ ਲਿਖੀ ਗਈ ਟਿੱਪਣੀ ਜਾਂ ਇਸ਼ਾਰਿਆਂ ਨੂੰ 'ਕੋਮੈਂਟ੍ਰੀ' ਸ਼ਬਦ ਦੇ ਅਰਥ ਵਿਚ ਵਰਤਿਆ ਗਿਆ ਹੈ। ਇਸ ਮੌਲਿਕ ਵਿਚਾਰ ਤੇ ਕੋਮੈਂਟ੍ਰੀ ਦੇ ਕਈ ਅਰਥ ਕੀਤੇ ਜਾ ਸਕਦੇ ਹਨ। ਵਿਸ਼ੇਸ਼ ਕਰਕੇ ਭਾਸ਼ਣ ਕਰਨ ਵਾਲੇ ਪ੍ਰਮਾਣ ਵਜੋਂ ਆਪਣੀ ਯਾਦ ਲਈ ਜਿਹੜੇ ਨੋਟਸ ਜਾਂ ਟਿੱਪਣੀਆਂ ਲਿਖਦੇ ਹਨ, ਉਨ੍ਹਾਂ ਨੂੰ ਵੀ ਕੋਮੈਂਟ੍ਰੀ ਕਿਹਾ ਜਾਂਦਾ ਹੈ। ਇਸ ਤੋਂ ਬਿਨਾਂ ਘਰੇਲੂ ਯਾਦਾਸ਼ਤ ਲਈ ਲਿਖੇ ਗਏ ਯਾਦ-ਪੱਤਰ ਨੂੰ ਵੀ ਕੋਮੈਂਟ੍ਰੀ ਕਿਹਾ ਗਿਆ ਹੈ। ਇਨ੍ਹਾਂ ਕੋਮੈਂਟ੍ਰੀਆਂ ਦਾ ਮੰਤਵ ਕਿਸੇ ਵਿਸ਼ੇਸ਼ ਪਰਿਵਾਰ ਦੇ ਯਸ਼ (glory) ਦੇਣ ਵਾਲੇ ਉਚੇ ਕੰਮਾਂ ਦਾ ਹਵਾਲਾ ਦੇਣਾ ਹੁੰਦਾ ਹੈ। ਇਸ ਤਰ੍ਹਾਂ ਹੀ ਕਿਸੇ ਵਿਅਕਤੀ ਦਾ ਡਾਇਰੀ ਆਦਿ ਦੇ ਰੂਪ ਵਿਚ ਘਟਨਾਵਾਂ ਦਾ ਲਿਖਣਾ ਵੀ 'ਕੋਮੈਂਟ੍ਰੀ' ਅਖਵਾਉਂਦਾ ਹੈ। ਇਸ ਵਿਆਖਿਆ ਨਾਲ ਕੋਮੈਂਟ੍ਰੀ ਦੀ ਹੱਦਬੰਦੀ ਵਿਚ ਰੋਜ਼ਨਾਮਚਿਆਂ ਦਾ ਲੇਖਾ ਵੀ ਆ ਜਾਂਦਾ ਹੈ। ਰੋਮ ਆਦਿ ਯੂਰਪੀ ਦੇਸ਼ਾਂ ਵਿਚ ਤੇ ਬਾਦਸ਼ਾਹ ਦੇ ਦਫ਼ਤਰੀ ਕੰਮਾਂ

---

1. The Oxford English Dictionary, Vol.II, P.676.

ਦੇ ਰਜਿਸਟਰ ਵਿਚ ਰਖੇ ਵੇਰਵੇ ਨੂੰ ਵੀ ਕੋਮੈਂਟ੍ਰੀ ਕਿਹਾ ਜਾਂਦਾ ਰਿਹਾ ਹੈ। ਫਿਰ ਵੀ ਕਚਹਿਰੀਆਂ ਦੇ ਫੈਜ਼ਲਨਾਮਿਆਂ ਦੇ ਰੂਪ ਵਿਚ 'ਕੋਮੈਂਟ੍ਰੀ' ਸ਼ਬਦ ਦੀ ਵਰਤੋਂ ਉਚਿਤ ਨਹੀਂ ਜਾਪਦੀ। ਕਿਸੇ ਟਿੱਪਣੀ ਯੋਗ ਗੱਲ ਨੂੰ ਹੀ ਜਿਵੇਂ ਆਮ ਕਰਕੇ ਯਾਦ ਲਈ ਲਿਖ ਲਿਆ ਜਾਂਦਾ ਹੈ, ਉਵੇਂ ਹੀ ਉਸ ਨੂੰ ਕੋਮੈਂਟ੍ਰੀ ਕਿਹਾ ਜਾ ਸਕਦਾ ਹੈ, ਜਿਵੇਂ ਕਿ ਪਾਦਰੀ ਆਪਣੀ ਲਿਖਤ ਭਾਵ ਧਾਰਮਿਕ ਮਤੇ 'ਜਿਸ ਵਿਚ ਧਰਮ ਅਨੁਸਾਰ ਰਾਜਿਆਂ ਦੇ ਕੰਮਾਂ ਦਾ ਵੇਰਵਾ ਹੁੰਦਾ ਸੀ, ਜਾਂ ਹੋਰ ਧਾਰਮਿਕ ਫੁਰਨਿਆਂ ਦਾ ਕੱਚਾ ਚਿੱਠਾ ਹੁੰਦਾ ਸੀ' ਨੂੰ 'ਕੋਮੈਂਟ੍ਰੀ' ਸ਼ਬਦ ਨਾਲ ਸੰਬੰਧਿਤ ਕਰਦੇ ਸਨ।[1]

'ਵਿਸ਼ਵਕੋਸ਼ ਅਮੈਰਿਕਾਨਾ' ਅਨੁਸਾਰ ਵੀ 'ਕੋਮੈਂਟ੍ਰੀ' ਸ਼ਬਦ ਦਾ ਅਰਥ 'ਯਾਦ-ਪੱਤਰ' ਰੂਪ ਵਿਚ ਮੰਨਿਆ ਗਿਆ ਹੈ, ਜਿਸ ਵਿਚ ਕਿਸੇ ਖਾਸ ਘਟਨਾ ਜਾਂ ਵਿਸ਼ੇਸ਼ ਵਰਤਾਰੇ ਦਾ ਵਰਣਨ ਹੁੰਦਾ ਹੈ, ਜਿਵੇਂ ਕਿ ਸੀਜ਼ਰ ਦੀਆਂ ਕੋਮੈਂਟ੍ਰੀਆਂ ਬਹੁਤ ਪ੍ਰਸਿੱਧ ਹਨ।[2]

ਇਸ ਤੋਂ ਬਿਨਾਂ 'ਕੋਮੈਂਟ੍ਰੀ' ਲਈ ਇਕ ਸ਼ਬਦ 'annotation' ਦੀ ਵਰਤੋਂ ਵੀ ਕੀਤੀ ਜਾਂਦੀ ਹੈ।[3] ਇਸ ਸ਼ਬਦ ਦਾ ਅਰਥ ਵੀ ਕਿਸੇ ਉਚੇ ਵਿਚਾਰ ਦੀ ਵਿਆਖਿਆ ਜਾਂ ਆਪਣੀ ਰਾਇ ਦੇ ਪ੍ਰਗਟਾਉਣ ਲਈ ਕ੍ਰਮਵਾਰ ਟਿੱਪਣੀਆਂ ਦੇਣੀਆਂ ਹੁੰਦਾ ਹੈ। ਕਈ ਵਾਰੀ ਇਹ ਟਿੱਪਣੀਆਂ ਅੰਤਰਮੁਖੀ ਤੇ ਕਈ ਵਾਰੀ ਬਾਹਰਮੁਖੀ ਹੁੰਦੀਆਂ ਹਨ। ਇਸ ਤਰ੍ਹਾਂ ਉਹ ਟਿੱਪਣੀਆਂ ਜਿਹੜੀਆਂ ਕਿ ਇਕ ਕ੍ਰਮਵਾਰ ਢੰਗ ਨਾਲ, ਵਿਸ਼ੇ ਨਾਲ ਜੁੜੀਆਂ ਹੁੰਦੀਆਂ ਹਨ, ਨੂੰ 'ਕੋਮੈਂਟ੍ਰੀ' ਜਾਂ 'ਐਨੋਟੇਸ਼ਨ' ਕਿਹਾ ਜਾਂਦਾ ਹੈ।[4]

### (ਅ) ਟੀਕੇ ਦਾ ਸਰੂਪ ਤੇ ਉਸ ਦੀ ਸੀਮਾ

ਟੀਕੇ ਦਾ ਸਰੂਪ ਨਿਰਧਾਰਿਤ ਕਰਨ ਤੋਂ ਪਹਿਲਾਂ ਇਹ ਆਵੱਸ਼ਕ ਹੈ ਕਿ ਅਸੀ ਭਾਸ਼, ਵ੍ਰਿਤੀ ਤੇ ਟਿੱਪਣੀ ਤੋਂ ਇਸ ਦੇ ਅੰਤਰ ਨੂੰ ਸਪਸ਼ਟ ਕਰੀਏ। ਸਾਧਾਰਣ ਰੂਪ ਵਿਚ ਤਾਂ ਭਾਸ਼,

---

1. Encyclopaedia Britannica, VolVI, P.107.

2. Encyclopaedia Americana Vol. VII, P.365 &
The New Gresham Encyclopaedia Vol.III, P.208.

3. Dr. Sir M. Monier Williams, A Dictionary of English and Sanskrit, P.110.

4. The Oxford English Dictionary Vol.I, P.341.

ਵ੍ਰਿਤੀ ਅਤੇ ਟਿੱਪਣੀ ਦਾ ਅਰਥ ਟੀਕਾ ਹੀ ਕੀਤਾ ਜਾਂਦਾ ਹੈ ਤੇ ਇਨ੍ਹਾਂ ਵਿਚ ਕੋਈ ਭੇਦ ਨਹੀਂ ਸਮਝਿਆ ਜਾਂਦਾ। ਪਰ ਜੇ ਇਨ੍ਹਾਂ ਦਾ ਥੋੜਾ ਜਿਹਾ ਵਿਸ਼ਲੇਸ਼ਣ ਕੀਤਾ ਜਾਏ ਤਾਂ ਇਨ੍ਹਾਂ ਵਿਚ ਕੁਝ ਅੰਤਰ ਵੇਖਿਆ ਜਾ ਸਕਦਾ ਹੈ। ਇਸੇ ਕਰਕੇ ਬਾਅਦ ਵਿਚ 'ਟੀਕੇ' ਸ਼ਬਦ ਵਿਚ ਹੀ ਸਾਰੇ ਸ਼ਬਦਾਂ ਦੇ ਅਰਥ ਇਕਮਿਕ ਹੋ ਗਏ। ਇਸ ਲਈ ਟੀਕੇ ਦੇ ਸਰੂਪ ਨੂੰ ਉਘਾੜਨ ਲਈ ਬਰੀਕੀ ਨਾਲ ਹੋਰ ਸ਼ਬਦਾਂ ਦੀ ਵਿਆਖਿਆ ਕਰਨੀ ਜ਼ਰੂਰੀ ਹੈ।

ਭਾਸ਼ ਦੀ ਸ਼ੈਲੀ ਵਿਚ ਪਹਿਲੇ ਵਿਆਖਿਆਨਾਤਮਕ ਸੂਤ੍ਰ ਹੁੰਦੇ ਹਨ। ਫਿਰ ਪਦਾਂ ਦਾ ਸੰਖੇਪ ਵਿਚ ਸੂਤ੍ਰਾਤਮਕ ਵਾਕਾਂ ਰਾਹੀਂ ਅਰਥ ਕੀਤਾ ਜਾਂਦਾ ਹੈ। ਉਸ ਤੋਂ ਪਿਛੋਂ ਉਨ੍ਹਾਂ ਵਾਕਾਂ ਦੇ ਪਦਾਂ ਉਤੇ ਵਿਸ਼ੇਸ਼ ਵਿਆਖਿਆਨ ਕੀਤਾ ਜਾਂਦਾ ਹੈ।ਇਓਂ 'ਸੂਤ੍ਰ' ਦੇ ਸਾਰੇ ਅੰਗਾਂ ਦੀ ਪ੍ਰਕ੍ਰਿਆ ਭਾਸ਼ ਵਿਚ ਪੂਰੀ ਹੋ ਜਾਂਦੀ ਹੈ। ਇਸੇ ਲਈ ਆਮ ਤੌਰ ਤੇ 'ਭਾਸ਼' ਦਾ ਅਰਥ ਕਿਸੇ ਵਿਆਖਿਆਨ ਰੂਪ ਤੇ ਲਿਆ ਜਾਂਦਾ ਹੈ। ਵਿਆਪਕ ਅਰਥ ਵਿਚ 'ਭਾਸ਼' ਦਾ ਅਰਥ 'ਵਿਆਖਿਆਨ' ਕਿਹਾ ਜਾ ਸਕਦਾ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਭਾਸ਼ ਨੂੰ ਜੇ ਵਿਸ਼ਿਸ਼ਟ ਸੂਤ੍ਰਾਤਮਕ ਸ਼ੈਲੀ ਮੰਨੀਏ, ਤਾਂ ਇਸ ਦਾ ਵਿਆਖਿਆਨ ਅਰਥ ਇਸ ਨੂੰ ਸੀਮਿਤ ਅਰਥ ਦੇ ਦੇਵੇਗਾ। ਇਕ ਪਾਸੇ ਤਾਂ ਭਾਸ਼ ਵਿਚ ਵਿਆਖਿਆਨ ਹੁੰਦਾ ਹੈ ਤੇ ਦੂਜੇ ਪਾਸੇ ਇਸ ਲਈ ਇਕ ਵਿਸ਼ੇਸ਼ ਸੂਤ੍ਰਾਤਮਕ ਸ਼ੈਲੀ ਦੀ ਲੋੜ ਆਵੱਸ਼ਕ ਸਮਝੀ ਗਈ ਹੈ। ਇਸ ਕਰਕੇ ਭਾਸ਼ ਵਿਚ ਸੰਖੇਪ ਸ਼ੈਲੀ ਵਿਚ ਵਿਆਖਿਆਨ ਵਿਦਮਾਨ ਹੁੰਦਾ ਸੀ। ਪਰ ਟੀਕਾ ਇਸ ਤੋਂ ਅਗੇ ਵਧ ਕੇ ਵਿਆਖਿਆਨ ਦੇ ਨਾਲ ਨਾਲ ਸ਼ੈਲੀ ਦੀ ਸੰਖਿਪਤਾ ਤੇ ਸੂਤ੍ਰਾਤਮਕਤਾ ਨੂੰ ਛੱਡ ਦੇਂਦਾ ਹੈ ਤੇ ਅਰਥਾਂ ਦਾ ਪ੍ਰਗਟਾ ਵਿਸਤਾਰ ਰੂਪ ਵਿਚ ਕਰਦਾ ਹੈ।

'ਭਾਸ਼' ਵਿਚ ਅੰਤਰਮੁਖੀ ਵਿਚਾਰ ਗ੍ਰਹਿਣ ਕੀਤੇ ਜਾਂਦੇ ਹਨ ਪਰ ਟੀਕੇ ਵਿਚ ਨਾਲ ਨਾਲ ਹੀ ਬਾਹਰਮੁਖੀ ਵਿਚਾਰਾਂ ਦਾ ਪ੍ਰਗਟਾ ਵਿਦਮਾਨ ਹੁੰਦਾ ਹੈ। 'ਭਾਸ਼' ਵਿਚ ਮੌਲਿਕ ਰਚਨਾ ਦੀ ਵਿਆਖਿਆ ਕਰਦਿਆਂ ਕਈ ਨਿਯਮਾਂ ਦੇ ਅਪਵਾਦ ਦੱਸੇ ਜਾਂਦੇ ਹਨ ਤੇ ਨਵੇਂ ਵਾਰਤਕ ਰੂਪ ਵਿਚ ਨਿਯਮ ਬਣਾਏ ਜਾਂਦੇ ਹੈਨ। ਪਰੰਤੂ 'ਟੀਕਾ' ਓਥੇ ਜਿਥੇ ਕਿਸੇ ਮੌਲਿਕ ਸੂਝ ਬੂਝ ਦਾ ਪਰੀਚੈ ਨਾ ਦੇ ਕੇ ਕੇਵਲ ਮੌਲਿਕ ਲੇਖਕ ਦੇ ਭਾਵਾਂ ਦਾ ਸਪਸ਼ਟੀਕਰਣ ਕਰਦਾ ਹੈ।

ਵ੍ਰਿਤੀ ਦੇ ਨਾਲ ਵੀ, ਟੀਕੇ ਦਾ ਅੰਤਰ ਕੀਤਾ ਜਾ ਸਕਦਾ ਹੈ। ਕਿਸੇ ਵੀ ਮੌਲਿਕ

ਰੂਪ ਉਤੇ — ਵਿਸ਼ੇਸ਼ ਕਰਕੇ ਸੂਤ੍ਰ ਰੂਪਾਂ ਉਤੇ — ਸੂਖਸ਼ਮ ਤੇ ਸੰਖਿਪਤ ਜੋ ਅਰਥ ਦਿੱਤੇ ਜਾਂਦੇ ਹਨ, ਉਨ੍ਹਾਂ ਨੂੰ 'ਵ੍ਰਿਤੀ' ਕਿਹਾ ਜਾਂਦਾ ਹੈ। ਆਮ ਤੌਰ ਤੇ ਵ੍ਰਿਤੀ, ਵਾਰਤਕ ਜਾਂ ਭਾਸ਼੍ਯ ਤੋਂ ਵੀ ਵਧੇਰੇ ਸੰਖਿਪਤ ਹੁੰਦੀ ਹੈ। ਪਰ ਬਾਅਦ ਵਿਚ 'ਵ੍ਰਿਤੀ' ਸ਼ਬਦ 'ਵਿਆਖਿਆ' ਦਾ ਵਾਚਕ ਬਣ ਗਿਆ । ਇਸ ਸ਼ਬਦ ਦੇ ਕਈ ਵਾਰੀ ਹੋਰ ਅਰਥ ਹੋ ਜਾਣ ਕਰਕੇ, ਇਸ ਦਾ 'ਸੰਖੇਪ ਵਿਚ ਟੀਕਾ' ਅਰਥ ਲੁਪਤ ਹੋ ਗਿਆ ਹੈ, ਜਿਵੇਂ ਕਿ 'ਵ੍ਰਿਤੀ' ਸ਼ਬਦ ਦੇ ਅਰਥ-ਰੂਪ ਵਿਚ ਕ੍ਰਿਤ, ਤਧਿੱਤ, ਸਮਾਸ, ਏਕਸ਼ੇਸ਼ — ਚਾਰ ਵ੍ਰਿਤੀਆਂ ਮੰਨੀਆਂ ਗਈਆਂ। ਕਾਵਿ ਸ਼ਾਸਤ੍ਰੀਆਂ ਨੇ ਵ੍ਰਿਤੀ ਦਾ ਅਰਥ ਸ਼ਬਦ-ਸ਼ਕਤੀਆਂ ਮੰਨ ਲਿਆ ਜਿਵੇਂ ਕਿ ਅਭਿਧਾ, ਲਕਸ਼ਣਾ ਅਤੇ ਵਿਅੰਜਨਾ। ਭਰਤਮੁਨੀ ਦੇ 'ਨਾਟ-ਸ਼ਾਸਤ੍ਰ' ਵਿਚ ਭਾਰਤੀ, ਸਾਤਵਤੀ, ਕੈਸ਼ਿਕਯ, ਆਰਭਟੀ — ਚਾਰ ਵ੍ਰਿਤੀਆਂ ਦਾ ਉਲੇਖ ਕੀਤਾ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਵ੍ਰਿਤੀ ਆਪਣੇ ਮੂਲ ਅਰਥ ਨੂੰ ਛੱਡ ਕੇ ਹੋਰ ਕਈ ਅਰਥਾਂ ਵਿਚ ਪ੍ਰਯੁਕਤ ਹੁੰਦੀ ਹੈ। ਇਸ ਦਾ ਮੂਲ ਅਰਥ ਤਾਂ ਇਹ ਸੀ ਕਿ ਇਕ ਅਰਥ ਦੇ ਵਿਚ ਨਵੇਂ ਅਰਥ ਨੂੰ ਪ੍ਰਗਟਾਉਣਾ । ਇਸ ਲਈ 'ਵ੍ਰਿਤੀ' ਇਹੋ ਜਿਹੀ ਗੂੜ੍ਹੀ ਸ਼ਬਦ ਰਚਨਾ ਨੂੰ ਕਹਿੰਦੇ ਸਨ ਜਿਹੜੀ ਕਿ ਅਰਥ ਵਿਚ ਵੀ ਨਵੇਂ ਅਰਥ ਲਭਦੀ ਸੀ ਤੇ ਸੰਖਿਪਤਤਾ ਇਸ ਦੀ ਇਕ ਪ੍ਰਮੁੱਖ ਸੂਰਤ ਸੀ। ਪਰ ਪਿਛੋਂ ਵ੍ਰਿਤੀ ਸ਼ਬਦ ਟੀਕੇ ਅਰਥ ਵਿਚ ਨਹੀਂ ਸੀ ਵਰਤਿਆ ਜਾਂਦਾ ਤੇ ਇਸ ਨੂੰ ਸ਼ਬਦ ਆਦਿ ਸ਼ਕਤੀਆਂ ਲਈ ਪ੍ਰਯੋਗ ਕੀਤਾ ਜਾਂਦਾ ਸੀ।

'ਟੀਕਾ' ਦਾ ਸਾਧਾਰਣ ਅਰਥ — ਵਿਆਖਿਆ ਰੂਪ, ਵਿਆਖਿਆ ਜਾਂ ਵਿਵ੍ਰਿਤੀ ਤੇ ਇਸ ਦਾ ਵਿਸ਼ੇਸ਼ ਅਰਥ ਹੈ — ਕਠਿਨ ਪਾਠਾਂ (Text) ਦੀ ਵਿਆਖਿਆ।[1] ਇਸ ਅਰਥ ਅਨੁਸਾਰ 'ਟੀਕਾ' ਵੀ ਵ੍ਰਿਤੀ ਦੇ ਵਾਂਗ ਹੀ ਸੰਖਿਪਤ ਹੋਣਾ ਚਾਹੀਦਾ ਹੈ ਕਿਉਂਕਿ ਇਸ ਵਿਚ ਔਖੇ ਪੈਰਿਆਂ ਦਾ ਸਪਸ਼ਟੀਕਰਣ ਕੀਤਾ ਜਾਂਦਾ ਹੈ । ਪਰੰਤੂ ਇਸ ਦੇ ਵਿਰੋਧੀ ਮੱਤ ਵਿਚ ਟੀਕੇ ਦਾ ਅਰਥ ਔਖੇ ਪੈਰਿਆਂ ਦੀ ਵਿਆਖਿਆ ਹੀ ਨਹੀਂ, ਸਗੋਂ ਸੌਖੇ ਜਾਂ ਔਖੇ ਸਾਰੇ ਪੈਰਿਆਂ ਦੀ ਲਗਾਤਾਰ ਵਿਆਖਿਆ ਸਮਝੀ ਜਾਂਦੀ ਹੈ। ਹੇਮ ਦਾ ਕਥਨ ਹੈ "सुगमानां विषमानां च निरन्तरं व्याख्या।"[2]

ਸੰਸਕ੍ਰਿਤ ਦੇ ਵਿਸ਼ਾਲ ਟੀਕਾ-ਸਾਹਿਤ ਵਿਚ ਸ਼ਾਇਦ ਹੀ ਕੋਈ ਟੀਕਾ ਅਜਿਹਾ ਹੋਵੇ ਜਿਸ ਵਿਚ ਹਰ ਸ਼ਬਦ ਦੇ ਉਤੇ ਵਿਆਖਿਆਨ ਹੋਵੇ । ਪਰ ਆਮ ਤੌਰ ਤੇ ਜਿਤਨੇ ਵੀ ਟੀਕੇ

---

1. ਡਾ:ਧੀਰੇਂਦਰ ਵਰਮਾ, ਹਿੰਦੀ ਸਾਹਿਤ੍ਯ ਕੋਸ਼, ਪੰ:311.
2. ਹਵਾਲਾ, ਓਹੀ , ਪੰ:311.

ਮਿਲਦੇ ਹਨ ਉਨ੍ਹਾਂ ਦੇ ਮੂਲ ਵਿਚ ਆਵੱਸ਼ਕ ਸਾਰੇ ਪਦਾਂ (ਸ਼ਬਦਾਂ) ਦੀ ਵਿਆਖਿਆ ਮਿਲਦੀ ਹੈ। ਇਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਦੋ ਚਾਰ ਟੀਕਿਆਂ ਵਿਚ ਸ਼ਾਇਦ ਔਖੇ ਸ਼ਬਦਾਂ ਦੀ ਵਿਆਖਿਆ ਸੰਖੇਪ ਵਿਚ ਪ੍ਰਸਤੁਤ ਕੀਤੀ ਗਈ ਹੋਵੇ ਪਰ ਆਮ ਤੌਰ ਤੇ ਸਾਰੇ 'ਟੀਕਾ-ਗ੍ਰੰਥਾਂ' ਵਿਚ ਅਰਥ ਲਈ ਆਵੱਸ਼ਕ ਪਦਾਂ ਦੀ ਵਿਆਖਿਆ ਜ਼ਰੂਰ ਦਿੱਤੀ ਜਾਂਦੀ ਹੈ ਭਾਵੇਂ ਉਹ ਸੁਖੈਨ ਹੋਣ ਜਾਂ ਕਠਿਨ।

ਸੰਸਕ੍ਰਿਤ ਸਾਹਿਤ ਵਿਚ ਤਾਂ ਇਹ ਟੀਕਾ-ਸਾਹਿਤ ਮੌਲਿਕ ਰਚਨਾਵਾਂ ਤੋਂ ਵੀ ਕਿਤੇ ਵਧੇਰੇ ਮਿਲਦਾ ਹੈ। ਇਸ ਦਾ ਇਕ ਇਹ ਵੀ ਕਾਰਣ ਹੋ ਸਕਦਾ ਹੈ ਕਿ ਮੌਲਿਕ ਚਿੰਤਨ ਦਾ ਅਭਾਵ ਹੋਵੇ ਤੇ ਸੋਚ ਦੀ ਧਾਰਾ ਕਿਸੇ ਉਘੇ ਮੌਲਿਕ ਗ੍ਰੰਥ ਨਾਲ ਜੁੜਦੀ ਹੋਵੇ। ਸੰਸਕ੍ਰਿਤ ਸਾਹਿਤ ਵਿਚ ਤਾਂ ਸੰਸਕ੍ਰਿਤ ਭਾਸ਼ਾ ਦੀ ਔਖਿਆਈ, ਸੂਤ੍ਰਾਂ ਦੀ ਹੋਂਦ ਤੇ ਸ਼ਾਸਤ੍ਰਾਂ ਦੀ ਗੰਭੀਰਤਾ ਦੇ ਕਾਰਣ ਟੀਕਿਆਂ ਦੀ ਹੋਂਦ ਜ਼ਰੂਰੀ ਹੋ ਗਈ ਸੀ।

ਟੀਕਿਆਂ ਦੇ ਸਰੂਪ ਦੀ ਪੂਰੀ ਜਾਣਕਾਰੀ ਲਈ ਟੀਕਿਆਂ ਦੀਆਂ ਕੁਝ ਵਿਸ਼ੇਸ਼ਤਾਵਾਂ ਦਾ ਵਰਣਨ ਕਰ ਦੇਣਾ ਵੀ ਬੜਾ ਜ਼ਰੂਰੀ ਹੈ ਜਿਨ੍ਹਾਂ ਵਿਚ ਸਮਰਥਾ, ਵਿਚਾਰਨਿਸ਼ਠਾ, ਵਿਸਤਾਰ ਭਰੀ ਵਾਕਫੀਅਤ ਤੇ ਪਰੰਪਰਾ ਦੀ ਪਿਛੋਕੜ ਦਾ ਗਿਆਨ ਆਦਿ ਜ਼ਰੂਰੀ ਹਨ। ਭਾਸ਼ਾ ਤੇ ਵਿਆਕਰਣ ਉਤੇ ਅਧਿਕਾਰ ਬਿਨਾਂ ਤਾਂ ਟੀਕਾਕਾਰ ਦਾ ਕੰਮ ਅਗੇ ਚਲਣਾ ਔਖਾ ਹੋ ਜਾਂਦਾ ਹੈ।

ਟੀਕੇ ਦਾ ਸਰੂਪ ਨਿਰਧਾਰਿਤ ਕਰਦਿਆਂ ਇਹ ਸਪਸ਼ਟ ਕਰਨਾ ਵੀ ਆਵੱਸ਼ਕ ਹੈ ਕਿ ਕੁਝ ਟੀਕੇ ਕੇਵਲ ਪਦ ਦੀ ਵਿਉਤਪੱਤੀ ਜਾਂ ਵਿਆਕਰਣ ਦੀ ਵਿਆਖਿਆ ਕਰ ਕੇ ਹੀ ਸੰਤੋਖ ਕਰ ਲੈਂਦੇ ਹਨ। ਇਸ ਤੋਂ ਕੇਵਲ ਸ਼ਾਬਦਿਕ ਅਰਥਾਂ ਦਾ ਹੀ ਪਤਾ ਲਗਦਾ ਹੈ। ਪਰ ਜਦੋਂ ਵਾਕਾਂ ਦਾ ਟੀਕਾ ਹੁੰਦਾ ਹੈ, ਓਦੋਂ ਦਾਰਸ਼ਨਿਕ ਭਾਵਾਂ ਦੀ ਵਿਆਖਿਆ ਹੁੰਦੀ ਹੈ। ਇਸ ਤੋ ਬਿਨਾਂ ਸਮੁੱਚੇ ਪ੍ਰਭਾਵ ਨੂੰ ਗ੍ਰਹਿਣ ਕਰਨ ਵਾਲੇ ਟੀਕੇ ਵਧੇਰੇ ਉਪਯੋਗੀ ਹੁੰਦੇ ਹਨ। ਟੀਕਿਆਂ ਦਾ ਸਰੂਪ ਕਈ ਵਾਰੀ ਸ਼ੈਲੀ ਦੇ ਆਧਾਰ ਉਤੇ ਵੀ ਨਿਰਧਾਰਿਤ ਹੁੰਦਾ ਹੈ। ਜਿਵੇਂ ਬੋਧਿਕ ਟੀਕੇ ਤਾਰਕਿਕ ਸ਼ੈਲੀ ਦੀ ਵਰਤੋਂ ਕਰਦੇ ਹਨ ਤੇ ਸ਼ਰਧਾ ਭਾਵ ਨਾਲ ਭਰੇ ਟੀਕਿਆਂ ਦੀ ਸ਼ੈਲੀ ਭਾਵਾਤਮਕ ਹੁੰਦੀ ਹੈ ਜਦੋਂ ਕਿ ਕਈ ਟੀਕਿਆਂ ਦੀ ਸ਼ੈਲੀ ਵਰਣਨਾਤਮਕ ਵੇਖੀ ਗਈ ਹੈ।

ਕਈ ਵਾਰ ਟੀਕੇ ਪੁਰਾਣੇ ਵਿਚਾਰਾਂ ਦੀ ਨਵੀਂ ਵਿਆਖਿਆ ਵੀ ਪ੍ਰਸਤੁਤ ਕਰਦੇ ਹਨ। ਇਹੋ ਜਿਹੀ ਵਿਆਖਿਆ ਟੀਕਿਆਂ ਵਿਚ ਨਵੀਂ ਜਾਨ ਪਾ ਦਿੰਦੀ ਹੈ ਤੇ ਟੀਕੇ ਨੂੰ ਕਰਤਾਰੀ ਕਲਾ ਦੀ ਪੱਧਰ ਤੇ ਪਹੁੰਚਾ ਦਿੰਦੀ ਹੈ ।

ਟੀਕੇ ਦੇ ਸਰੂਪ ਦੇ ਸਪਸ਼ਟੀਕਰਣ ਲਈ 'ਅਨੁਵਾਦ' ਤੇ 'ਟੀਕੇ' ਦਾ ਟਾਕਰਾ ਕਰਨਾ ਜ਼ਰੂਰੀ ਜਾਪਦਾ ਹੈ। 'ਅਨੁਵਾਦ' ਵਿਚ ਪਹਿਲੀ ਗੱਲ ਤਾਂ ਇਹ ਹੈ ਕਿ ਉਸ ਦਾ ਆਧਾਰ ਇਕ ਭਾਸ਼ਾ ਦਾ ਦੂਜੀ ਭਾਸ਼ਾ ਵਿਚ ਹੂ ਬ ਹੂ ਲਿਆਉਣਾ ਹੁੰਦਾ ਹੈ ਪਰ ਟੀਕਾ ਔਖਿਆਂ ਭਾਗਾਂ ਅਤੇ ਵਿਚਾਰਾਂ ਦੀ ਵਿਆਖਿਆ ਕਰਦਾ ਹੈ ਤੇ ਕਈ ਵਾਰੀ ਇਹ ਮੂਲ ਲੇਖਕ ਤੋਂ ਵਧੇਰੇ ਦੂਰ ਵੀ ਚਲਾ ਜਾਂਦਾ ਹੈ। ਇਸ ਤੋਂ ਛੁੱਟ ਅਨੁਵਾਦਕ 'ਅਨੁਵਾਦ' ਵਿਚ ਆਪਣੀ ਗੱਲ ਕੋਈ ਨਹੀਂ ਕਹਿ ਸਕਦਾ ਜਦੋਂ ਕਿ ਟੀਕਾਕਾਰ ਆਪਣੇ ਮੱਤ ਦਾ ਪੂਰਾ ਪ੍ਰਗਟਾ ਕਰਦਾ ਹੈ। ਇਸ ਲਈ 'ਅਨੁਵਾਦ' ਸੀਮਿਤ ਹੁੰਦਾ ਹੈ ਤੇ ਟੀਕਾ ਵਿਸਤਾਰਮਈ ਹੁੰਦਾ ਹੈ।

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਟੀਕਾ ਆਪਣੇ ਆਪ ਵਿਚ ਸੁਤੰਤਰ ਕਲਾ ਹੈ ਤੇ ਇਸ ਦੀ ਥਾਂ ਵਰਤੇ ਜਾਂਦੇ ਸਮਾਨਾਰਥਕ ਸ਼ਬਦਾਂ — ਭਾਸ਼, ਵ੍ਰਿਤੀ, ਟਿੱਪਣੀ ਤੇ ਅਨੁਵਾਦ ਆਦਿ ਤੋਂ ਭਿੰਨ ਹੈ।

## (ੲ) ਟੀਕਾਕਾਰੀ ਦੀ ਪਰੰਪਰਾ ਤੇ ਵਿਕਾਸ

ਟੀਕੇ ਲਿਖਣੇ ਭਾਰਤ ਦੀ ਇਕ ਪ੍ਰਸਿੱਧ ਪਰੰਪਰਾ ਹੈ। ਗੂੜ੍ਹ ਜਾਂ ਰਹੱਸਮਈ ਰਚਨਾਵਾਂ ਨੂੰ ਸਪਸ਼ਟ ਕਰਨ ਦੀਆਂ ਭਾਰਤੀ ਸਾਹਿੱਤ ਵਿਚ ਅਨੇਕ ਵਿਧੀਆਂ ਹਨ। 'ਰਿਗ ਵੇਦ' ਦੀਆਂ ਸ਼ਾਕਲ ਆਦਿ 101 ਸ਼ਾਖਾਵਾਂ ਦਾ ਉਲੇਖ ਮਿਲਦਾ ਹੈ। ਇਸੇ ਤਰ੍ਹਾਂ ਯਜੁਰ ਵੇਦ ਦੇ ਸ਼ੁਕਲ ਤੇ ਕ੍ਰਿਸ਼ਨ ਭੇਦ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਪੁਰਾਣੇ ਸਮੇਂ ਤੋਂ ਹੀ ਪੁਰਾਤਨ ਸਾਹਿੱਤ ਦੀ ਵਿਆਖਿਆ ਲਈ ਕਈ ਪਰੰਪਰਾਵਾਂ ਤੇ ਸ਼ਾਖਾਂ ਪ੍ਰਤਿਸ਼ਾਖਾਵਾਂ ਹਨ ਤੇ ਭਿੰਨ ਭਿੰਨ ਵਿਆਖਿਆਵਾਂ, ਟਿੱਪਣੀਆਂ ਤੇ ਟੀਕਿਆਂ ਦੀ ਪਰੰਪਰਾ ਓਦੋਂ ਤੋਂ ਹੀ ਚਲੀ ਆ ਰਹੀ ਹੈ।

'ਬ੍ਰਾਹਮਣ ਗ੍ਰੰਥ' ਜਿਹੜੇ ਕਿ ਚਾਰ ਵੇਦਾਂ ਦੀ ਅਗੇ ਵਿਆਖਿਆ ਹੈ, ਇਕ ਕਿਸਮ ਦੇ ਆਪਣੇ ਮੱਤ ਤੇ ਸ਼ਾਖਾ ਅਨੁਸਾਰ ਵੇਦ ਮੰਤਰਾਂ ਦੀ ਵਿਆਖਿਆ ਕਰਦੇ ਹਨ, ਜਿਵੇਂ ਕਿ ਐਤ੍ਰੇਈ ਬ੍ਰਾਹਮਣ ਤੇ ਕੌਸ਼ੀਤਕੀ ਬ੍ਰਾਹਮਣ ਰਿਗ ਵੇਦ ਦੀ ਸ਼ਾਕਲ ਸ਼ਾਖਾ ਦੀ, ਸਾਮਵੇਦ ਦਾ

ਪੰਚਵਿੰਸ਼ (ਸੜਵਿੰਸ਼) ਬ੍ਰਾਹਮਣ, ਯਜੁਰ ਵੇਦ ਦੇ ਸ਼ਤਪਥ ਬ੍ਰਾਹਮਣ (ਸ਼ੁਕਲ ਯਜੁਰਵੇਦ) ਤੇ ਤੈਤਰੀਯ (ਕ੍ਰਿਸ਼ਨ ਯਜੁਰਵੇਦ) ਬ੍ਰਾਹਮਣ ਗ੍ਰੰਥ ਹਨ ਅਤੇ ਅਥਰਵਵੇਦ ਦਾ ਗੋਪਥ ਬ੍ਰਾਹਮਣ ਗ੍ਰੰਥ ਹੈ। ਇਸ ਤੋਂ ਬਿਨਾਂ ਅਰਣਯਕ ਤੇ ਉਪਨਿਸ਼ਦ ਵੀ ਇਨ੍ਹਾਂ ਹੀ ਚਾਰ ਵੇਦਾਂ ਦੀਆਂ ਸ਼ਾਖਾਵਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ ਪ੍ਰਸਤੁਤ ਕਰਦੇ ਹਨ।

ਸੂਤ੍ਰ ਕਾਲ ਵਿਚ ਤਾਂ ਕਲਪ, ਸਿਕਸ਼ਾ, ਨਿਰੁਕਤ ਤੇ ਪਿੰਗਲ ਆਦਿ ਵੇਦਾਂਗ, ਵੇਦਾਂ ਦੀ ਵਿਆਖਿਆ ਲਈ ਬਹੁਤ ਮਹੱਤਵਪੂਰਣ ਹੋ ਜਾਂਦੇ ਹਨ ਅਤੇ ਇਨ੍ਹਾਂ ਨੂੰ ਪੜ੍ਹੇ ਬਿਨਾਂ ਵੇਦਾਂ ਦੀ ਵਿਆਖਿਆ ਸੰਭਵ ਨਹੀਂ ਮੰਨੀ ਜਾਂਦੀ। ਸੂਤ੍ਰ ਪਰੰਪਰਾ ਵਿਚ ਹੀ ਪਾਣਿਨੀ ਆਦਿ ਸੂਤ੍ਰਾਂ ਦੀ ਵਿਆਖਿਆ ਅਤੇ ਅਪਵਾਦ (Exceptions) ਨੂੰ ਦੱਸਣ ਲਈ ਪਤੰਜਲੀ ਦਾ ਭਾਸ਼੍ਯ, ਵਾਰਤਕ ਆਦਿ ਮਿਲਦੇ ਹਨ ਅਤੇ ਸੂਤ੍ਰਾਂ ਦੀ ਵਿਆਖਿਆ ਦੇ ਨਾਲ ਨਾਲ ਹੀ ਭਾਸ਼੍ਯ ਜਾਂ ਕੋਮੈਂਟ੍ਰੀ ਪੂਰਣ ਰੂਪ ਵਿਚ ਮਿਲਦੀ ਹੈ।

ਵੈਦਿਕ ਯੁਗ ਦੇ ਕਰਮਕਾਂਡ ਦੀ ਪ੍ਰਤਿਕ੍ਰਿਆ ਰੂਪ ਵਿਚ ਕ੍ਰਾਂਤੀ ਬੁੱਧ ਧਰਮ ਨੇ ਕੀਤੀ ਤੇ ਗਿਆਨ ਮਾਰਗ ਨੂੰ ਅਪਣਾਇਆ । ਇਸ ਤੋਂ ਮਗਰੋਂ ਇਕ ਹੋਰ ਪ੍ਰਤਿਕਰਮ ਹੋਇਆ ਹੈ ਤੇ ਗਿਆਨ ਦੀ ਥਾਂ ਭਗਤੀ ਮਾਰਗ ਨੇ ਲੈ ਲਈ । ਜਦੋਂ ਵੀ ਅਸੀਂ ਭਾਰਤੀ ਸਮਕਾਲੀ ਸਾਹਿੱਤ ਸੰਬੰਧੀ ਪੜ੍ਹਦੇ ਹਾਂ ਓਦੋਂ ਹੀ ਸਾਨੂੰ ਪਤਾ ਲਗਦਾ ਹੈ ਕਿ ਸਾਹਿੱਤ ਦੀ ਵਿਆਖਿਆ ਜਾਂ ਤੇ ਗਿਆਨ ਮਾਰਗੀ ਢੰਗ ਨਾਲ ਹੋਈ ਹੈ ਜਾਂ ਫਿਰ ਭਗਤੀ ਧਾਰਾ ਦੇ ਸਿਧਾਂਤ ਅਨੁਸਾਰ ਕੀਤੀ ਗਈ ਹੈ। ਅਜੋਕੇ ਯੁੱਗ ਵਿਚ ਬਾਲ ਗੰਗਾ ਧਰ ਤਿਲਕ ਨੇ ਗਿਆਨ ਯੋਗ ਤੇ ਭਗਤੀ ਯੋਗ ਦੇ ਦ੍ਰਿਸ਼ਟੀਕੋਣ ਦੀ ਕਰਮਯੋਗ ਦੇ ਦ੍ਰਿਸ਼ਟੀਕੋਣ ਨਾਲ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਤੋਂ ਛੁੱਟ ਟੀਕਿਆਂ ਵਿਚ ਪੁਰਾਣੇ ਵਾਦਾਂ ਉਤੇ ਨਵੇਂ ਵਿਚਾਰ ਦੇ ਕਾਰਣ ਉਨ੍ਹਾਂ ਵਾਦਾਂ ਵਿਚ ਨਵੀਆਂ ਦਿਸ਼ਾਵਾਂ ਦੇ ਵਿਕਾਸ ਅਤੇ ਨਵੇਂ ਪਰਚੋਲ ਦੇ ਸਿਧਾਂਤਾਂ ਕਰਕੇ ਟੀਕਿਆਂ ਦੀ ਪਰੰਪਰਾ ਦਾ ਵਧੇਰੇ ਵਿਕਾਸ ਹੋਇਆ ਹੈ। ਸੰਸਕ੍ਰਿਤ ਦੇ ਵਿਸ਼ਾਲ ਟੀਕਾ-ਸਾਹਿੱਤ ਦਾ ਵਰਣਨ ਕਰਨਾ ਬੜਾ ਔਖਾ ਹੈ। ਇਨ੍ਹਾਂ ਵਿਚ ਕੁਝ ਸਭ ਤੋਂ ਪ੍ਰਸਿੱਧ ਟੀਕਿਆਂ— 'ਨਿਆਏ ਵਾਰਤਕ' ਉਤੇ ਵਾਚਸਪਤੀ ਮਿਸ਼੍ਰ ਦਾ 'ਤਾਤਪਰਯ ਟੀਕਾ'; 'ਸਾਂਖਕਾਰਿਕਾ'

ਉੱਤੇ 'ਸਾਂਖ ਤੱਤਵਕੌਮਦੀ'; 'ਯੋਗ ਭਾਸ਼' ਉੱਤੇ ਤੱਤਵਵਿਸ਼ਾਰਦੀ; 'ਸ਼ੰਕਰ ਦੇ ਵੇਦਾਂਤ' ਉੱਤੇ 'ਭਾਮਤੀ ਆਨੰਦ ਨਯਾਏ ਨਿਰਣਯ ਟੀਕਾ'; 'ਵਿਆਕਰਣ ਮਹਾਂਭਾਸ਼' ਉੱਤੇ 'ਕਈਅਟ ਦਾ ਪ੍ਰਦੀਪ ਟੀਕਾ'; ਭੱਟੋ ਜੀ ਦੀਕਸ਼ਤ ਦੀ ਸਿਧਾਂਤ ਕੌਮਦੀ' ਉੱਤੇ 'ਤੱਤਵਬੋਧਨੀ ਟੀਕਾ' ਤੇ 'ਕਾਲੀਦਾਸ ਦੇ ਕਾਵਿਆਂ' ਉੱਤੇ 'ਮੱਲੀ ਨਾਥ ਦੇ ਟੀਕੇ' ਬੜੇ ਪ੍ਰਸਿੱਧ ਹਨ। 'ਮੰਮਟ ਦੇ ਕਾਵਿ-ਪ੍ਰਕਾਸ਼' ਉੱਤੇ 40 ਤੋਂ ਵਧ ਟੀਕੇ ਮਿਲਦੇ ਹਨ। ਨਾਟਕਾਂ ਦੇ ਟੀਕਿਆਂ ਉੱਤੇ 'ਰਾਘਵ ਭੱਟ' ਦਾ ਨਾਂ ਬੜਾ ਪ੍ਰਸਿੱਧ ਹੈ।

ਇਸ ਤੋਂ ਸਪਸ਼ਟ ਹੈ ਕਿ ਗਿਆਨ ਯੋਗ ਅਨੁਸਾਰ ਭਾਸ਼ ਅਤੇ ਵਿਆਖਿਆ ਦੀ ਪਰੰਪਰਾ ਸ਼ੰਕਰਾਚਾਰੀਆ ਦੇ ਅਦਵੈਤਵਾਦ (ਵੇਦਾਂਤ) ਤੋਂ ਪ੍ਰਭਾਵਿਤ ਹੈ। ਗਿਆਨ ਯੋਗ ਅਨੁਸਾਰ ਸੰਸਾਰ ਮਾਇਆ ਤੇ ਮਿਥਿਆ ਹੈ ਤੇ ਇਸ ਵਿਚ ਨਿਵਿਰਤੀ ਮਾਰਗ ਵਲ ਵਧੇਰੇ ਝੁਕਾ ਹੈ। ਪਰ ਇਸ ਤੋਂ ਪਿਛੋਂ ਭਗਤੀ ਯੋਗ ਅਨੁਸਾਰ ਅਦਵੈਤਵਾਦ ਦੀਆਂ ਲੀਹਾਂ ਉੱਤੇ ਚਲਦੇ ਹੋਏ ਵੀ ਸੰਸਾਰ ਨੂੰ ਮਿਥਿਆ ਨਹੀਂ ਮੰਨਿਆ ਗਿਆ ਤੇ ਇਹ ਦਲੀਲ ਦਿੱਤੀ ਗਈ ਕਿ ਈਸ਼ਵਰ ਰੂਪੀ ਕਾਰਣ ਜੇ ਸੱਚਾ ਹੈ ਤਾਂ ਇਹ ਸੰਸਾਰ ਸਰੂਪੀ ਕਾਰਜ ਕਿਵੇਂ ਮਿਥਿਆ ਜਾਂ ਝੂਠਾ ਹੋ ਸਕਦਾ ਹੈ? ਇਸ ਕਰਕੇ ਇਸ ਸੰਸਾਰ ਨੂੰ ਛੱਡੇ ਬਿਨਾਂ ਪ੍ਰਵਿਰਤੀ ਮਾਰਗ ਉੱਤੇ ਚਲਦਿਆਂ ਭਗਤੀ ਰਾਹੀਂ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜਿਸ ਉੱਤੇ ਵੀ ਈਸ਼ਵਰ ਦੀ ਮਿਹਰ, ਕਿਰਪਾ ਜਾਂ ਅਨੁਗ੍ਰਹਿ ਹੋਵੇਗਾ, ਉਹ ਗਿਆਨ ਆਦਿ ਸਾਰਿਆਂ ਹੀਆਂ ਵਿਚ ਪੂਰਣਤਾ ਨੂੰ ਪਰਾਪਤ ਕਰੇਗਾ।

ਮੱਧਕਾਲੀਨ ਭਗਤੀ ਧਾਰਾ ਦੇ ਸਾਰੇ ਸੰਪ੍ਰਦਾਵਾਂ ਦੀਆਂ ਰਚਨਾਵਾਂ ਉੱਤੇ ਆਪਣੇ ਆਪਣੇ ਦ੍ਰਿਸ਼ਟੀਕੋਣ ਦਾ ਪ੍ਰਭਾਵ ਮਿਲਦਾ ਹੈ। ਭਗਤੀ ਮਾਰਗ ਦੇ ਸਾਰੇ ਸੰਪ੍ਰਦਾਵਾਂ ਦੀ ਵਿਆਖਿਆ ਆਪਣੇ ਆਪਣੇ ਦ੍ਰਿਸ਼ਟੀਕੋਣ ਦੁਆਰਾ ਕੀਤੀ ਗਈ ਹੈ। ਇਨ੍ਹਾਂ ਵਿਆਖਿਆਵਾਂ ਵਿਚ ਦਾਰਸ਼ਨਿਕ ਦ੍ਰਿਸ਼ਟੀਕੋਣ ਨੂੰ ਹੀ ਭਾਵਾਤਮਕ ਪੱਧਰ ਉੱਤੇ ਸਨਮੁਖ ਕੀਤਾ ਗਿਆ ਹੈ। (ਕੁਝ ਭਗਤੀ ਮਾਰਗ ਦੇ ਸੰਪ੍ਰਦਾਵਾਂ ਵਿਚ 'ਬ੍ਰਿਹਤ ਤ੍ਰੈਈ' (ਭਾਗਵਤ, ਗੀਤਾ, ਬ੍ਰਹਮਸੂਤ੍ਰ) ਉੱਤੇ ਟੀਕਾ ਕਰਨਾ ਸੰਪ੍ਰਦਾਇ ਦੇ ਮੋਢੀ ਲਈ ਜ਼ਰੂਰੀ ਸਮਝਿਆ ਜਾਂਦਾ ਸੀ। ਕਿਸੇ ਵੀ ਸੰਪ੍ਰਦਾਇ ਦੇ ਆਗੂ ਨੂੰ ਨਵੀਂ ਸੰਪ੍ਰਦਾਇ ਚਲਾਣ ਵਾਲਾ ਨਹੀਂ ਸੀ ਮੰਨਿਆ ਜਾ ਸਕਦਾ, ਜਦ ਤਕ ਉਸ ਦੇ ਦ੍ਰਿਸ਼ਟੀਕੋਣ ਅਨੁਸਾਰ 'ਬ੍ਰਿਹਤ ਤ੍ਰੈਈ' ਉੱਤੇ ਉਹ ਟੀਕਾ ਪੂਰਾ ਨਹੀਂ ਸੀ ਕਰ ਲੈਂਦਾ। ਇਸ ਤਰ੍ਹਾਂ ਬ੍ਰਹਮ ਸੂਤ੍ਰ, ਗੀਤਾ ਤੇ ਸ੍ਰੀ ਮਦ ਭਾਗਵਤ — ਇਸ 'ਬ੍ਰਿਹਤ ਤ੍ਰੈਈ' ਉੱਤੇ ਕੀਤੇ ਗਏ ਟੀਕੇ ਨੂੰ ਜਦੋਂ ਤਕ ਵਿਦਵਾਨਾਂ ਦੀ ਮਾਨਤਾ ਨਹੀਂ ਸੀ ਮਿਲ ਜਾਂਦੀ, ਓਦੋਂ ਤਕ ਉਸ ਨੂੰ ਸੰਪ੍ਰਦਾਇ ਚਲਾਉਣ ਲਈ ਮੋਢੀ ਦੀ ਪਦਵੀ ਨਹੀਂ

ਸੀ ਦਿੱਤੀ ਜਾਂਦੀ। ਸਾਰੇ ਸੰਪ੍ਰਦਾਵਾਂ ਦੇ ਮੋਢੀ ਆਚਾਰੀਆਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਅਨੁਸਾਰ 'ਬ੍ਰਿਹਤ ਤ੍ਰੇਈ' ਉਤੇ ਵਿਸਤਾਰ ਨਾਲ ਟੀਕੇ ਲਿਖੇ ਹਨ। ਇਸ ਤੋਂ ਟੀਕੇ ਦੇ ਮਹੱਤਵ ਦਾ ਪਤਾ ਲਗਦਾ ਹੈ। 'ਗੀਤਾ' ਉਤੇ ਤਾਂ ਸੈਂਕੜੇ ਟੀਕੇ ਮਿਲਦੇ ਹਨ ਜਿਹੜਾ ਕਿ ਟੀਕਿਆਂ ਦਾ ਇਕ ਰੀਕਾਰਡ ਹੈ।

ਸੰਤ ਮੱਤ ਦੇ ਕਵੀ ਦੂਜਿਆਂ ਦੇ ਟਾਕਰੇ ਵਿਚ ਗਿਆਨ, ਗੁਰੂ, ਨਾਮ ਤੇ ਸਿਮਰਨ ਵਿਚ ਵਧੇਰੇ ਆਸਥਾ ਰਖਦੇ ਹਨ ਅਤੇ ਆਪਣੇ ਟੀਕਿਆਂ ਵਿਚ ਵੀ ਇਸੇ ਦ੍ਰਿਸ਼ਟੀਕੋਣ ਦਾ ਪ੍ਰਗਟਾ ਕਰਦੇ ਹਨ। ਉਨ੍ਹਾਂ ਦਾ ਰਹੱਸਵਾਦ ਗਿਆਨ ਅਤੇ ਭਗਤੀ ਦਾ ਸੁਮੇਲ ਹੈ ਜਦੋਂ ਕਿ ਸੂਫ਼ੀਆਂ ਦਾ ਰਹੱਸਵਾਦ ਵਧੇਰੇ ਪ੍ਰੇਮ ਨੂੰ ਪ੍ਰਦੀਪਤ ਕਰਦਾ ਹੈ ਕਿਉਂਕਿ ਗਿਆਨ ਵਿਚ ਤਰਕ ਹੁੰਦਾ ਹੈ। ਇਸ ਲਈ ਸੰਤ ਮੱਤ ਦੇ ਕਵੀ ਆਪਣੇ ਰਹੱਸਵਾਦ ਵਿਚ ਵੀ ਦਲੀਲ ਜਾਂ ਤਰਕ ਨੂੰ ਨਹੀਂ ਛਡਦੇ ਜਦੋਂ ਕਿ ਪ੍ਰੇਮ ਮਾਰਗੀ ਕਵੀ ਮਸਤਿਸ਼ਕ ਦਾ ਸਹਾਰਾ ਨਾ ਲੈ ਕੇ ਕੇਵਲ ਹਿਰਦੇ ਦਾ ਸਹਾਰਾ ਲੈਂਦੇ ਹਨ। ਉਦਾਹਰਣ ਵਜੋਂ ਨਿਰਾਕਾਰ ਨਿਰਲੇਪ ਤੇ ਨਿਰਗੁਣ ਈਸ਼ਵਰ ਦੇ ਨਾਲ, ਆਧਾਰ ਨਾ ਹੋਣ ਕਰਕੇ ਭਾਵਾਤਮਕ ਏਕਤਾ ਸੰਭਵ ਨਹੀਂ। ਪਰ ਸਗੁਣ ਤੇ ਸਾਕਾਰ ਵਿਚ ਕਿਸੇ ਮੂਰਤੀ ਆਦਿ ਪ੍ਰਤੀਕਾਂ ਨਾਲ ਭਾਵਾਤਮਕ ਏਕਤਾ ਸੰਭਵ ਹੈ। ਇਸ ਲਈ ਗਿਆਨ ਨੂੰ ਭਾਵਾਤਮਕ ਪੱਧਰ ਤੇ ਲਿਆਉਣ ਲਈ ਸਾਰੇ ਸੰਤ ਕਵੀ ਕੁਝ ਬਿੰਬਾਂ ਜਾਂ ਪ੍ਰਤੀਕਾਂ ਦਾ ਸਹਾਰਾ ਲੈਂਦੇ ਹਨ, ਕਿਉਂਕਿ ਪ੍ਰਭੂ ਨਾਲ ਏਕਤਾ ਦਾ ਆਨੰਦ ਕਥਨੀ ਤੇ ਸੋਚਣ ਦਾ ਵਿਸ਼ਾ ਨਹੀਂ ਹੋ ਸਕਦਾ। ਇਸ ਲਈ ਉਹ ਗੂੰਗੇ ਦੇ ਗੁੜ ਵਾਂਗ ਆਤਮਾ ਨੂੰ ਇਸਤ੍ਰੀ ਮੰਨ ਕੇ ਅਤੇ ਪਰਮਾਤਮਾ ਨੂੰ ਪਤੀ ਮੰਨ ਕੇ ਆਪਣੀ ਭਾਵਾਤਮਕ ਏਕਤਾ ਦੇ ਰਹੱਸ ਨੂੰ ਪ੍ਰਗਟਾਉਂਦੇ ਹਨ।

ਦੱਖਣ ਵਿਚ ਪ੍ਰਚਲਤ ਭਗਤੀ ਧਾਰਾ ਦਾ ਮੋਢੀ ਰਾਮਾਨੁਜ ਆਚਾਰੀਆ ਸੀ। ਇਸ ਦੇ ਪ੍ਰਮੁੱਖ ਸ਼ਿਸ਼ ਰਾਮਾਨੰਦ ਨੇ ਕਬੀਰ ਨੂੰ ਦੀਖਿਆ ਦਿੱਤੀ ਹੈ। ਪਰ ਕਬੀਰ ਦਾ ਰਾਮ ਤੇ ਸੰਤ ਮੱਤ ਦੇ ਹੋਰ ਕਵੀਆਂ ਦਾ ਰਾਮ ਅਵਤਾਰੀ ਰਾਮ ਨਾ ਹੋ ਕੇ ਘਟ ਘਟ ਵਿਚ ਰਮਿਆ ਹੋਇਆ ਪਰਮਾਤਮਾ ਦੇ ਅੰਸ਼ ਰੂਪ ਵਿਚ ਆਤਮਾ ਦਾ ਵਿਸਤਾਰ ਹੈ। ਇਸ ਤਰ੍ਹਾਂ ਪਰਮਾਤਮਾ ਹੀ ਆਤਮਾ ਰੂਪ ਵਿਚ ਰਮਿਆ ਰਾਮ ਹੈ। ਸੰਤ ਮੱਤ ਅਨੁਸਾਰ ਰਾਮ ਨਿਰਾਕਾਰ ਅਤੇ ਨਿਰਗੁਣ ਪ੍ਰਭੂ ਦਾ ਸੂਚਕ ਹੈ ਜਦੋਂ ਕਿ ਹੋਰ ਮੱਤਾਂ ਵਿਚ ਕਈ ਥਾਂ ਰਾਮ ਨੂੰ ਸਗੁਣ, ਅਵਤਾਰੀ ਮੰਨਿਆ ਹੈ। ਪਰ ਸਭ ਵਾਲਮੀਕ ਰਿਸ਼ੀ ਨੇ ਤਾਂ ਰਾਮ ਦਾ ਮਨੁੱਖੀ ਰੂਪ ਵਿਚ ਚਿਤ੍ਰਣ ਕੀਤਾ ਹੈ। ਇਸ ਤਰ੍ਹਾਂ ਸੰਤ

ਮੱਤ ਦਾ ਰਾਮ ਨਾ ਤਾਂ ਅਵਤਾਰੀ ਸਰੂਪ ਹੈ ਅਤੇ ਨਾ ਹੀ ਮਨੁੱਖ ਹੈ ਪਰ ਸਭ ਦੇ ਹਿਰਦੇ ਵਿਚ ਆਤਮਾ ਰੂਪ ਵਿਚ ਰਮਣ ਕਰਨ ਵਾਲਾ ਰਾਮ ਹੈ। ਤੁਲਸੀ ਦਾਸ ਆਦਿ ਕਵੀ ਅਵਤਾਰੀ ਰਾਮ ਦੇ ਸਾਕਾਰ ਰੂਪ ਦੇ ਉਪਾਸ਼ਕ ਹਨ। ਪਰ ਕਬੀਰ ਤੇ ਸੰਤ ਮੱਤ ਦੇ ਕਵੀ ਅਵਤਾਰਵਾਦ ਤੋਂ ਪਰ੍ਹੇ ਹਨ ਅਤੇ ਇਨ੍ਹਾਂ ਨੂੰ ਪਰਮਾਤਮਾ ਦਾ ਇਕ ਅੰਸ਼ ਸਮਝਦੇ ਹਨ। ਸੰਤ ਮੱਤ ਦੇ ਕਵੀ ਕੇਵਲ ਭਗਤੀ ਨੂੰ ਹੀ ਵੱਡਾ ਦਰਜਾ ਦਿੰਦੇ ਹਨ ਅਤੇ ਜਨਮ ਤੋਂ ਹੀ ਕੋਈ ਬ੍ਰਾਹਮਣ ਆਦਿ ਨੂੰ ਵੱਡਾ ਨਹੀਂ ਮੰਨਦੇ ਸਗੋਂ ਆਪਣੀ ਭਗਤੀ ਤੇ ਉੱਚੇ ਆਚਰਨ ਰਾਹੀਂ ਸਤਿਗੁਰ ਦੀ ਕਿਰਪਾ ਨਾਲ ਪ੍ਰਭੂ ਦੀ ਮਿਹਰ ਪ੍ਰਾਪਤ ਕਰਨ ਦਾ ਜਤਨ ਕਰਦੇ ਹਨ।

ਤੁਲਸੀ ਦਾਸ ਦਾ ਰਾਮ ਜੇ ਮਰਯਾਦਾ ਪੁਰਸ਼ੋਤਮ ਹੈ ਤਾਂ ਸੰਤ ਮੱਤ ਦੇ ਕਵੀ ਵੀ ਨਿਰਾਕਾਰ ਰੱਬ ਨੂੰ ਨਿਆਂਸ਼ੀਲ ਸਮਝਦੇ ਹਨ ਤੇ ਖਲਕਤ ਨੂੰ ਅਤਿਆਚਾਰਾਂ ਤੋਂ ਬਚਾਉਣ ਲਈ ਰੱਬ ਨੂੰ ਪੁਕਾਰਦੇ ਹਨ। ਉਦਾਹਰਣ ਵਜੋਂ ਗੁਰੂ ਨਾਨਕ ਦਾ ਕਥਨ ਹੈ :-

"ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ।"[1]

ਰਾਮ ਉਪਾਸ਼ਕ ਭਗਤੀ ਵਿਚ 'ਸੇਵਕ ਤੇ ਸੇਵੀ ਭਾਵ' ਨਾਲ ਭਗਤੀ ਕਰਦੇ ਹਨ ਜਦੋਂ ਕਿ ਸੰਤ ਮੱਤ ਦੇ ਕਵੀ ਵੀ ਕਈ ਥਾਂ ਸੇਵਕ-ਸੇਵਕਾਈ ਦੀ ਗੱਲ ਕਰਦੇ ਹਨ। ਜਦੋਂ ਵੀ ਵਿਆਪਕ ਰੂਪ ਵਿਚ ਰੱਬ ਦੇ ਵੱਡੇ ਵਿਰਾਟ ਰੂਪ ਨੂੰ ਉਭਾਰਿਆ ਜਾਂਦਾ ਹੈ, ਓਦੋਂ ਹੀ ਭਗਤ ਆਪਣੇ ਆਪ ਨੂੰ ਨਿਰਬਲ ਸਮਝ ਕੇ ਅਰਦਾਸ ਕਰਦਾ ਹੈ। ਇਸ ਢੰਗ ਦੇ ਟੀਕੇ ਰਾਮ-ਭਗਤਿ ਤੋਂ ਪ੍ਰਭਾਵਤ ਹਨ। ਇਸ ਤੋਂ ਬਾਅਦ ਕ੍ਰਿਸ਼ਨ ਸੰਪ੍ਰਦਾਇ ਦੇ ਸਾਰੇ ਆਚਾਰੀਆ 'ਕ੍ਰਿਸ਼ਨ ਕ੍ਰੀੜੀ' ਦੇ ਉੱਘੇ ਟੀਕਾਕਾਰ ਹਨ।

ਉਪਰੋਕਤ ਵਿਚਾਰਾਂ ਤੋਂ ਇਹ ਸਿਧ ਹੁੰਦਾ ਹੈ ਕਿ ਭਾਰਤ ਵਿਚ ਟੀਕਿਆਂ ਦੀ ਪਰੰਪਰਾ ਬਹੁਤ ਪੁਰਾਣੀ ਹੈ ਅਤੇ ਪ੍ਰਸਿਧ ਗ੍ਰੰਥਾਂ ਉੱਤੇ ਤਾਂ ਭਿੰਨ ਭਿੰਨ ਦ੍ਰਿਸ਼ਟੀਕੋਣਾਂ ਨਾਲ ਕਈ ਕਈ ਟੀਕੇ ਕੀਤੇ ਗਏ ਹਨ। ਇਸ ਪਰੰਪਰਾ ਵਿਚ ਕਈ ਦ੍ਰਿਸ਼ਟੀਕੋਣਾਂ ਤੋਂ ਪ੍ਰਭਾਵਤ ਟੀਕੇ ਮਿਲਦੇ ਹਨ ਜਿਨ੍ਹਾਂ ਵਿਚੋਂ ਹੇਠ ਲਿਖੇ ਟੀਕਾ-ਭੇਦ ਬੜੇ ਪ੍ਰਸਿੱਧ ਹਨ :-

1. ਆਦਿ ਗ੍ਰੰਥ, ਪੰ:360.

(1) ਗਿਆਨ ਦੇ ਦ੍ਰਿਸ਼ਟੀਕੋਣ ਤੋਂ ਕੀਤੇ ਗਏ ਟੀਕਿਆਂ ਨੂੰ ਗਿਆਨ ਮਾਰਗੀ ਟੀਕੇ ਕਿਹਾ ਜਾ ਸਕਦਾ ਹੈ। ਇਸ ਵਿਚ ਨਵਿਰਤੀ ਮਾਰਗ ਵਲ ਪ੍ਰੇਰਣਾ ਦਿੱਤੀ ਜਾਂਦੀ ਹੈ।

(2) ਜਿਨ੍ਹਾਂ ਟੀਕਿਆਂ ਵਿਚ ਕਵੀ ਦੀ ਭਾਵਨਾ ਜਾਂ ਭਗਤੀ ਦਾ ਪ੍ਰਗਟਾ ਹੋਇਆ ਹੈ ਉਨ੍ਹਾਂ ਟੀਕਿਆਂ ਨੂੰ ਭਗਤੀ ਮਾਰਗੀ ਟੀਕੇ ਕਹਿੰਦੇ ਹਨ।

(3) ਤਿਲਕ ਤੋਂ ਬਾਅਦ ਆਮ ਕਰਕੇ ਕਰਮ ਮਾਰਗੀ ਟੀਕੇ ਵੀ ਲਿਖਣ ਦੀ ਪਰੰਪਰਾ ਮਿਲਦੀ ਹੈ, ਜਿਨ੍ਹਾਂ ਵਿਚ ਪ੍ਰਵਿਰਤੀ ਮਾਰਗ ਪ੍ਰਗਟ ਹੈ।

(4) ਕੁਝ ਟੀਕੇ ਜਿਹੜੇ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਨਹੀਂ ਲਿਖੇ ਜਾਂਦੇ, ਉਨ੍ਹਾਂ ਵਿਚ ਕੇਵਲ ਕਵੀ ਜਾਂ ਲੇਖਕ ਦੇ ਭਾਵਾਂ ਨੂੰ ਨਿਰਪੇਖ ਰੂਪ ਵਿਚ ਪ੍ਰਗਟਾਇਆ ਜਾਂਦਾ ਹੈ ਅਤੇ ਇਹ ਟੀਕੇ ਕਵੀ ਦੇ ਮਤਲਬ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਇਨ੍ਹਾਂ ਵਿਚ ਅਰਥਾਂ ਦੀ ਖਿੱਚੋਤਾਣ ਨਹੀਂ ਹੁੰਦੀ।

## (ਸ) ਟੀਕਿਆਂ ਦਾ ਵਰਗੀਕਰਣ

ਜਿੰਨੇ ਵੀ ਟੀਕਾਕਾਰ ਹੋਏ ਹਨ ਉਹ ਵੱਖੋ ਵੱਖਰੇ ਪ੍ਰਗਟਾ ਦੇ ਢੰਗਾਂ ਨੂੰ ਅਪਣਾਂਦੇ ਰਹੇ ਹਨ। ਇਸ ਲਈ ਵਿਗਿਆਨਕ ਪੱਧਰ ਤੇ ਟੀਕਿਆਂ ਦਾ ਵਰਗੀਕਰਣ ਕਰਨਾ ਕੁਝ ਕਠਿਨ ਜਾਪਦਾ ਹੈ। ਪਰ ਇਹ ਜ਼ਰੂਰੀ ਹੈ ਕਿ ਅਸੀਂ ਕਈ ਦ੍ਰਿਸ਼ਟੀਕੋਣਾਂ ਤੋਂ ਟੀਕਿਆਂ ਦਾ ਵਰਗੀਕਰਣ ਕਰੀਏ। ਇਸ ਲਈ ਇਨ੍ਹਾਂ ਵਿਚੋਂ ਟੀਕਿਆਂ ਦੇ ਵਰਗੀਕਰਣ ਦੇ ਪਿਛੇ ਕਿਸ ਵਿਸ਼ੇਸ਼ ਦ੍ਰਿਸ਼ਟੀਕੋਣ ਵਿਦਮਾਨ ਹੈ। ਇਹ ਵਰਗੀਕਰਣ ਟੀਕਾਕਾਰ ਦੀ ਆਪਣੀ ਸ਼ਖਸੀਅਤ ਅਤੇ ਦ੍ਰਿਸ਼ਟੀਕੋਣ ਨੂੰ ਮੁੱਖ ਰਖ ਕੇ ਕੀਤਾ ਗਿਆ ਹੈ।

### (1) ਅੰਤਰ ਮੁਖੀ ਤੇ ਬਾਹਰਮੁਖੀ ਦ੍ਰਿਸ਼ਟੀਕੋਣ ਨਾਲ ਸੰਬੰਧਿਤ ਟੀਕੇ —

ਅੰਤਰਮੁਖੀ (Subjective) ਟੀਕੇ —

ਇਸ ਵਰਗ ਵਿਚ ਐਸੇ ਟੀਕੇ ਆਉਂਦੇ ਹਨ ਜਿਨ੍ਹਾਂ ਵਿਚ ਟੀਕਾਕਾਰ ਆਪਣਾ ਕੋਈ ਵਿਸ਼ੇਸ਼ ਦ੍ਰਿਸ਼ਟੀਕੋਣ ਪ੍ਰਚਾਰਣ ਲਈ ਕਿਸੇ ਗ੍ਰੰਥ ਨੂੰ ਆਧਾਰ ਬਣਾਂਦਾ ਤੇ ਟੀਕੇ ਦੀ ਰਚਨਾ

ਕਰਦਾ ਹੈ। ਇਹੋ ਜਿਹੇ ਟੀਕਿਆਂ ਦੀ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਹ ਟੀਕੇ ਆਪਣੇ ਆਪ ਵਿਚ ਹੀ ਮੌਲਿਕ ਰਚਨਾ ਸਿਧ ਹੁੰਦੇ ਹਨ। ਇਹੋ ਜਿਹੇ ਟੀਕਾਕਾਰ ਦੇ ਵਿਅਕਤਿਤਵ ਦੀ ਛਾਪ ਟੀਕੇ ਉਤੇ ਸਪਸ਼ਟ ਦਿਖਾਈ ਦਿੰਦੀ ਹੈ। ਇਨ੍ਹਾਂ ਅੰਤਰਮੁਖੀ ਟੀਕਿਆਂ ਵਿਚ ਵਿਚਾਰ-ਨਿਰੂਪਣ ਦੀ ਲੋੜ, ਡੂੰਘੇ ਜੀਵਨ ਅਨੁਭਵਾਂ ਦੀ ਲੋੜ ਅਤੇ ਸ਼ਾਸਤ੍ਰਾਂ ਦੇ ਪਿਛੋਕੜ ਦੀ ਚੰਗੀ ਜਾਣਕਾਰੀ ਆਵੱਸ਼ਕ ਸਮਝੀ ਜਾਂਦੀ ਹੈ। ਇਨ੍ਹਾਂ ਟੀਕਿਆਂ ਦੀ ਸ਼ੈਲੀ ਵੀ ਆਮ ਤੌਰ ਤੇ ਭਾਵ ਭਰੀ, ਓਜਸਵੀ ਅਤੇ ਸਾਰਥਕ ਸ਼ਬਦਾਂ ਦੀ ਵਰਤੋਂ ਨਾਲ ਬੜੀ ਓਜਪੂਰਣ ਤੇ ਕਾਵਿਮਈ ਹੋ ਜਾਂਦੀ ਹੈ। ਪਰੰਤੂ ਇਨ੍ਹਾਂ ਅੰਤਰਮੁਖੀ ਟੀਕਿਆਂ ਵਿਚ ਇਕ ਕਮਜ਼ੋਰੀ ਵੀ ਆ ਜਾਣ ਦੀ ਸੰਭਾਵਨਾ ਹੁੰਦੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਕਈ ਵਾਰੀ ਇਨ੍ਹਾਂ ਟੀਕਿਆਂ ਦੇ ਲੇਖਕ ਬੜੇ ਪੂਰਵਾਗ੍ਰਹੀ (Pregudiced) ਹੁੰਦੇ ਹਨ ਜਿਸ ਕਰਕੇ ਉਹ ਮੂਲ ਲੇਖਕ ਨਾਲ ਨਿਆਂ ਨਹੀਂ ਕਰ ਸਕਦੇ। ਦੂਜੇ ਪਾਸੇ ਕਈ ਵਾਰੀ ਧਾਰਮਿਕ ਜਾਂ ਸੰਪ੍ਰਦਾਇਕ ਸੰਕੀਰਣਤਾ ਕਰਕੇ ਇਹੋ ਜਿਹੇ ਅੰਤਰਮੁਖੀ ਟੀਕੇ ਮੂਲ ਲੇਖਕ ਉਤੇ ਜਾਣ ਬੁਝ ਕੇ ਆਪਣੇ ਭਾਵ ਲਦਦੇ ਹੋਏ ਅਤੇ ਮਨਮਾਨੀ ਵਿਆਖਿਆ ਕਰਦੇ ਹੋਏ ਨਜ਼ਰ ਆਉਂਦੇ ਹਨ। ਇਸ ਲਈ ਅਰਥ ਦਾ ਅਨਰਥ ਹੋ ਜਾਣਾ ਸੰਭਵ ਹੈ।

ਬਾਹਰਮੁਖੀ (Objective) ਟੀਕੇ –

ਆਮ ਤੌਰ ਤੇ ਬਾਹਰਮੁਖੀ ਦ੍ਰਿਸ਼ਟੀਕੋਣ ਰੱਖਣ ਵਾਲੇ ਟੀਕਾਕਾਰ ਬੜੇ ਸਫਲ ਮੰਨੇ ਗਏ ਹਨ ਕਿਉਂਕਿ ਉਹ ਆਪਣੇ ਵਲੋਂ ਕੋਈ ਵੀ ਵਾਧੂ ਗੱਲ, ਜਿਹੜੀ ਕਿ ਮੂਲ ਲੇਖਕ ਨਹੀਂ ਕਹਿੰਦਾ, ਨਹੀਂ ਅਪਣਾਂਦੇ। ਕੁਝ ਅੰਤਰਮੁਖੀ ਟੀਕਾਕਾਰ, ਜਿਹੜੇ ਕਿ ਆਪਣੇ ਸੁਤੰਤਰ ਵਿਚਾਰਾਂ ਨੂੰ, ਕਿਸੇ ਮੂਲ ਲੇਖਕ ਨੂੰ ਆਧਾਰ ਬਣਾ ਕੇ ਸਾਹਮਣੇ ਰਖਦੇ ਹਨ, ਉਹ ਜਾਂ ਤੇ ਪ੍ਰਚਾਰਵਾਦੀ ਜਾਂ ਸੰਕੀਰਣ ਸੰਪ੍ਰਦਾਇਕ ਸਿਧਾਂਤਾਂ ਦਾ ਜ਼ੋਰਦਾਰ ਪ੍ਰਤਿ-ਪਾਦਨ ਕਰਦੇ ਹਨ। ਪਰ ਦੂਜੇ ਪਾਸੇ ਬਾਹਰਮੁਖੀ ਦ੍ਰਿਸ਼ਟੀਕੋਣ ਰੱਖਣ ਵਾਲੇ ਟੀਕਾਕਾਰ ਪਾਠਕਾਂ ਦੀ ਵਧੇਰੇ ਸਹਾਇਤਾ ਕਰਦੇ ਹਨ। ਉਨ੍ਹਾਂ ਦਾ ਆਪਣਾ ਕੋਈ ਵਿਸ਼ੇਸ਼ ਮੱਤ ਨਹੀਂ ਹੁੰਦਾ। ਸੰਸਾਰ ਵਿਚ ਵਧੇਰੇ ਕਰਕੇ ਧਾਰਮਿਕ ਆਗੂਆਂ ਦੇ ਪ੍ਰਵਚਨਾਂ ਉਤੇ ਟੀਕੇ ਕੀਤੇ ਗਏ ਹਨ। ਇਹ ਧਾਰਮਿਕ ਆਗੂ ਬੜੀਆਂ ਉਚੀਆਂ ਨੂਰਾਨੀ ਅਤੇ ਰੱਬ ਨਾਲ ਸੰਬੰਧ ਸਥਾਪਿਤ ਕਰਨ ਵਾਲੀਆਂ ਸ਼ਖਸੀਅਤਾਂ ਹੋਈਆਂ ਹਨ। ਇਸ ਲਈ ਅੰਤਰਮੁਖੀ ਟੀਕਾਕਾਰ ਕੋਈ ਨਵੀਂ ਵਿਆਖਿਆ ਪ੍ਰਸਤੁਤ ਕਰ ਕੇ ਤਾਂ ਪ੍ਰਸਿੱਧ ਹੋ ਸਕਦਾ ਹੈ ਪਰ ਬਾਹਰਮੁਖੀ ਦ੍ਰਿਸ਼ਟੀਕੋਣ

ਵਾਲਾ ਟੀਕਾਕਾਰ ਲੋਕਾਂ ਨੂੰ ਉਸ ਮਹਾਨ ਸ਼ਖਸੀਅਤ ਦੇ ਵਿਚਾਰਾਂ ਤਕ ਪਹੁੰਚਾ ਕੇ ਜਸ ਤੇ ਪੁੰਨ ਖੱਟ ਲੈਂਦਾ ਹੈ। ਬਾਹਰਮੁਖੀ ਦ੍ਰਿਸ਼ਟੀਕੋਣ ਵਾਲੇ ਟੀਕਾਕਾਰ ਮੂਲ ਲੇਖਕ ਤੇ ਪਾਠਕਾਂ ਵਿਚ ਬਾਧਕ ਨਹੀਂ ਬਣਦੇ। ਉਨ੍ਹਾਂ ਦਾ ਮੰਤਵ ਆਪਣੇ ਵਿਅਕਤਿਤਵ ਨੂੰ ਪਾਸੇ ਰਖ ਕੇ ਮੂਲ ਲੇਖਕ ਨੂੰ ਸਮਝਣਾ ਅਤੇ ਪਾਠਕਾਂ ਤਕ ਉਸ ਨੂੰ ਪਹੁੰਚਾਉਣਾ ਹੁੰਦਾ ਹੈ। ਇਹੋ ਜਿਹੇ ਟੀਕਾਕਾਰ ਬੜੇ ਸ਼ਰਧਾਲੂ ਭਗਤ ਹੁੰਦੇ ਹਨ ਜਿਹੜੇ ਕਿ ਭਗਤੀ ਤੇ ਸ਼ਰਧਾ ਵਿਚ ਰੰਗੇ ਹੋਏ ਹੁੰਦੇ ਹਨ । ਪਰ ਬੌਧਿਕਤਾ ਉਨ੍ਹਾਂ ਉਤੇ ਹਾਵੀ ਨਹੀਂ ਹੁੰਦੀ। ਉਹ ਕਠਿਨ ਭਾਗਾਂ ਦੀ ਵਿਆਖਿਆ ਕਰਨ ਲਈ ਮੂਲ ਗ੍ਰੰਥਕਾਰ ਦੀ ਵਿਆਖਿਆ ਸੰਦਰਭ ਰੂਪਾਂ ਵਿਚ ਪ੍ਰਸਤੁਤ ਕਰਦੇ ਹਨ। ਇਸ ਤੋਂ ਛੁੱਟ ਉਪਯੋਗਿਤਾ ਦੇ ਆਧਾਰ ਤੇ ਹੇਠ ਲਿਖਿਆ ਵਰਗੀਕਰਣ ਕੀਤਾ ਜਾ ਸਕਦਾ ਹੈ।

## (2) ਪਦ, ਵਾਕ, ਪ੍ਰਸਾਰ —

### ਪਦ —

ਟੀਕਿਆਂ ਦਾ ਇਕ ਵਰਗੀਕਰਣ ਇਸ ਤਰ੍ਹਾਂ ਵੀ ਕੀਤਾ ਜਾ ਸਕਦਾ ਹੈ ਕਿ ਕੁਝ ਟੀਕੇ ਕੇਵਲ ਕਠਿਨ ਹੀ ਪਦਾਂ ਦੀ ਵਿਆਖਿਆ ਕਰਦੇ ਦਿਸਦੇ ਹਨ। ਇਹੋ ਜਿਹੇ ਟੀਕਾਕਾਰ ਜਿਹੜੇ ਕਿ ਕੁਝ ਪਦਾਂ ਦੀ ਵਿਆਖਿਆ ਕਰਕੇ ਕੰਮ ਚਲਾਉਂਦੇ ਹਨ, ਉਹ ਕਈ ਵਾਰੀ ਅਨੁਵਾਦ ਦੇ ਬੜਾ ਨੇੜੇ ਆ ਜਾਂਦੇ ਹਨ। ਆਮ ਤੌਰ ਤੇ ਪਦਾਂ ਦੀ ਵਿਆਖਿਆ ਕਰਦੇ ਹੋਏ ਉਸ ਵਿਚ ਪਦ ਦੇ ਵਿਆਕਰਣ ਦੀ ਵਿਉਤਪੱਤੀ ਜਾਂ ਵਿਸ਼ਲੇਸ਼ਣ ਮੌਜੂਦ ਹੁੰਦਾ ਹੈ। ਇਸ ਤਰ੍ਹਾਂ ਕਈ ਟੀਕਾਕਾਰ ਕੇਵਲ ਪਾਠਕਾਂ ਲਈ ਪਦਾਂ ਦੀ ਵਿਆਖਿਆ ਕਰ ਦੇਣਾ ਉਚਿਤ ਸਮਝਦੇ ਹਨ।

### ਵਾਕ —

ਕਈ ਟੀਕਾਕਾਰ ਪਦਾਂ ਦੀ ਵਿਆਖਿਆ ਦੀ ਸ਼ੈਲੀ ਨਾ ਅਪਣਾ ਕੇ ਪੂਰੇ ਵਾਕ ਦਾ ਸਰਲ ਵਾਰ ਅਰਥ ਕਰਦੇ ਹਨ, ਕਿਉਂਕਿ ਜਿਨ੍ਹਾਂ ਮੂਲ ਰੂਪਾਂ ਉਤੇ ਟੀਕੇ ਕੀਤੇ ਜਾਂਦੇ ਹਨ, ਉਹ ਵਧੇਰੇ ਕਰਕੇ ਧਾਰਮਿਕ ਆਗੂਆਂ ਦੇ ਕਾਵਿਮਈ ਉਦਗਾਰ ਹੁੰਦੇ ਹਨ। ਇਸ ਲਈ ਕੇਵਲ ਕਠਿਨ ਪਦਾਂ ਦੀ ਵਿਆਖਿਆ ਉਚਿਤ ਨਹੀਂ ਜਾਪਦੀ ਸਗੋਂ ਪੂਰੀ ਕਾਵਿ - ਪੰਗਤੀ ਦੀ ਵਿਆਖਿਆ ਵਧੇਰੇ ਉਪਯੋਗੀ ਹੁੰਦੀ ਹੈ। ਗੱਦ ਦਾ ਟੀਕਾ ਕਰਦਿਆਂ ਤਾਂ ਪਦਾਂ ਦੀ ਵਿਆਖਿਆ ਨਿਭ ਜਾਂਦੀ ਹੈ ਪਰ ਪਦ ਦਾ ਟੀਕਾ ਕਰਦਿਆਂ ਪੂਰੀ ਕਾਵਿ-ਪੰਗਤੀ ਜਾਂ ਵਾਕ ਦੀ ਵਿਆਖਿਆ ਹੀ ਉਚਿਤ ਜਾਪਦੀ ਹੈ। ਇਹ ਵੀ ਹੋ ਸਕਦਾ ਹੈ ਕਿ ਕਿਸੇ ਵਾਕ ਵਿਚ ਕੁਝ ਦਾਰਸ਼ਨਿਕ ਜਾਂ ਗੁੰਝਲਦਾਰ ਅਰਥ ਵਾਲੇ ਪਦ ਦੀ ਜ਼ਰਾ ਵਿਸਤਾਰ ਨਾਲ ਵਿਆਖਿਆ ਕੀਤੀ ਜਾਵੇ।

ਪ੍ਰਭਾਵ -

ਹਰ ਮੂਲ ਗ੍ਰੰਥ ਦਾ ਲੇਖਕ ਕਵੀ ਕੋਈ ਨਾ ਕੋਈ ਵਿਸ਼ੇਸ਼ ਪ੍ਰਭਾਵ ਪਾਠਕਾਂ ਤੇ ਪਾਉਣਾ ਚਾਹੁੰਦਾ ਹੈ। ਇਸ ਲਈ ਹਰ ਮੂਲ ਲੇਖਕ ਕੁਝ ਪਰਿਭਾਸ਼ਕ ਸ਼ਬਦਾਂ ਦੀ ਵਰਤੋਂ ਕਰਦਾ ਹੈ। ਪਰ ਸਮੇਂ ਨਾਲ ਉਨ੍ਹਾਂ ਪਰਿਭਾਸ਼ਕ ਸ਼ਬਦਾਂ ਦੇ ਅਰਥ ਤੇ ਭਾਵ ਬਦਲ ਜਾਂਦੇ ਹਨ। ਇਸ ਕਰਕੇ ਟੀਕਾਕਾਰ ਮੂਲ ਗ੍ਰੰਥਕਾਰ ਦੇ ਪ੍ਰਭਾਵ ਨੂੰ ਉਜਾਗਰ ਕਰਨ ਲਈ ਉਨ੍ਹਾਂ ਪਰਿਭਾਸ਼ਕ ਸ਼ਬਦਾਂ ਦੀ ਜਾਂ ਵਾਕਾਂ ਦੀ ਵਰਤੋਂ ਕਰਦਾ ਹੈ। ਇਸ ਤੋਂ ਇਹ ਸਿਧ ਹੁੰਦਾ ਹੈ ਕਿ ਕੁਝ ਟੀਕਾਕਾਰ ਭਾਵੇਂ ਪਦ ਜਾਂ ਵਾਕ ਦੀ ਵਿਆਖਿਆ ਵੀ ਕਰਨ ਪਰ ਉਨ੍ਹਾਂ ਦਾ ਮੰਤਵ ਮੂਲ ਗ੍ਰੰਥਕਾਰ ਦੇ ਪ੍ਰਭਾਵ ਨੂੰ ਸਥਿਰ ਰਖਣਾ ਹੁੰਦਾ ਹੈ। ਆਮ ਤੌਰ ਤੇ ਪ੍ਰਭਾਵ ਨੂੰ ਸਥਿਰ ਰਖਣ ਵਿਚ ਹੀ, ਕਿਸੇ ਸੁਚੱਜੇ ਟੀਕਾਕਾਰ ਦੀ ਸਫਲਤਾ ਮੰਨੀ ਜਾ ਸਕਦੀ ਹੈ। ਇਸ ਤੋਂ ਛੁੱਟ ਵਿਸ਼ੇ ਦੇ ਆਧਾਰ ਤੇ ਟੀਕਿਆਂ ਦਾ ਵਰਗੀਕਰਣ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ :-

(3) ਗਿਆਨ, ਭਗਤੀ, ਕਰਮ —

ਗਿਆਨ-ਪਰਕ ਟੀਕੇ –

ਦਾਰਸ਼ਨਿਕ ਪੱਧਰ ਦੇ ਮੂਲ ਗ੍ਰੰਥਾਂ ਲਈ ਵਿਸ਼ੇਸ਼ ਕਰਕੇ ਇਹੋ ਜਿਹੇ ਟੀਕੇ ਜਿਹੜੇ ਤਾਰਕਿਕ ਹੁੰਦੇ ਹਨ, ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਕਰਕੇ ਜਦੋਂ ਵੀ ਕਿਸੇ ਟੀਕੇ ਦਾ ਮੰਤਵ ਕਿਸੇ ਗਿਆਨਮਈ ਰੌਂ ਨੂੰ ਜਾਂ ਦਾਰਸ਼ਨਿਕ ਭਾਵ ਨੂੰ ਪ੍ਰਗਟਾਉਣਾ ਹੁੰਦਾ ਹੈ, ਓਦੋਂ ਇਹੋ ਜਿਹੇ ਟੀਕੇ ਦੇ ਪਿਛੋਕੜ ਵਿਚ ਬੌਧਿਕਤਾ ਪ੍ਰਧਾਨ ਹੁੰਦੀ ਹੈ। ਇਸ ਕਰਕੇ ਕਿਸੇ ਦਰਸ਼ਨ ਨੂੰ ਸਥਾਪਨ ਕਰਨ ਲਈ ਜਾਂ ਦਾਰਸ਼ਨਿਕ ਭਾਵ ਦੀ ਵਿਆਖਿਆ ਲਈ ਗਿਆਨ ਤੇ ਪ੍ਰਮਾਣਤ ਬੌਧਿਕ ਢੰਗ ਦੇ ਟੀਕਿਆਂ ਦੀ ਵਰਤੋਂ ਕੀਤੀ ਗਈ ਹੈ। ਟੀਕਿਆਂ ਵਿਚ ਮੁੱਖ ਤੌਰ ਤੇ ਕਿਸੇ ਰੌਂ ਨੂੰ ਸਿਧ ਕਰਨ ਲਈ ਜਾਂ ਤੇ ਕੋਈ ਤਾਰਕਿਕ ਆਧਾਰ ਬਣਾਏ ਜਾਂਦੇ ਹਨ ਜਾਂ ਫਿਰ ਪ੍ਰਸ਼ਨ ਦੇ ਰੂਪ ਵਿਚ ਪਹਿਲੇ ਸ਼ੰਕਾ ਕੀਤਾ ਜਾਂਦਾ ਹੈ ਤੇ ਫਿਰ ਉਸ ਦੇ ਸਮਾਧਾਨ ਉੱਤਰ ਰੂਪ ਵਿਚ ਦਿੱਤੇ ਜਾਂਦੇ ਹਨ। ਬੌਧਿਕ ਟੀਕਿਆਂ ਨੂੰ ਆਰੰਭ ਕਰਨ ਤੋਂ ਪਹਿਲਾਂ ਕਈ ਵਾਰੀ ਉਥਾਨਿਕਾ ਜਾਂ ਅਵਤਰਣਿਕਾ ਦੀ ਵਿੱਦਮਾਨਤਾ ਵੀ ਹੁੰਦੀ ਹੈ। ਜਦੋਂ ਵੀ ਇਹੋ ਜਿਹੀਆਂ ਭੂਮਿਕਾਵਾਂ ਟੀਕਾਕਾਰ ਪਹਿਲੇ ਲਿਖਦਾ ਹੈ, ਓਦੋਂ ਉਸ ਦਾ ਮੰਤਵ ਇਹ ਹੁੰਦਾ ਹੈ ਕਿ ਪਹਿਲੇ ਦਾਰਸ਼ਨਿਕ ਗੁੰਝਲ ਨੂੰ ਸਮਝਾ ਕੇ ਪਿਛੋਂ ਸਾਧਾਰਣ ਪਦ ਤੇ ਵਾਕ ਦਾ ਟੀਕਾ ਕਰ ਦਿੱਤਾ ਜਾਵੇ। ਕੁਝ ਟੀਕਾਕਾਰ ਤਾਂ ਕਿਸੇ ਦੋਹੇ ਜਾਂ ਕਬਿੱਤ ਰਾਹੀਂ ਪਹਿਲਾਂ ਹੀ ਸਾਰ ਜਾਂ ਨਿਚੋੜ ਰੂਪ ਵਿਚ ਸਾਰੇ ਭਾਵ ਨੂੰ ਅਵਤਰਣਿਕਾ ਰਾਹੀਂ ਪ੍ਰਗਟਾਉਂਦੇ ਹਨ। ਇਸ ਦੀ ਸ਼ੈਲੀ ਵੀ ਕੁਝ ਔਖੀ ਹੁੰਦੀ ਹੈ ਅਤੇ ਇਹੋ ਜਿਹੇ ਟੀਕੇ ਪਾਠਕਾਂ

ਦੀ ਬੌਧਿਕ ਪੱਧਰ ਨੂੰ ਅਵੱਸ਼ ਉੱਚਾ ਚੁੱਕਦੇ ਹਨ। ਪਰ ਆਮ ਆਦਮੀ ਦਾ ਝੁਕਾ ਬੌਧਿਕਤਾ ਦੇ ਭਾਰ ਹੇਠਾਂ ਦੱਬ ਕੇ ਤੇ ਰੌਚਿਕਤਾ ਨਾ ਹੋਣ ਕਰਕੇ ਇਕ ਪਾਸੇ ਚਲਾ ਜਾਂਦਾ ਹੈ। ਗਿਆਨ-ਪਰਕ ਟੀਕਿਆਂ ਵਿਚ ਆਮ ਤੌਰ ਤੇ ਬਾਹਰਮੁਖੀ ਅੰਸ਼ ਵਧੇਰੇ ਹੁੰਦੇ ਹਨ।

ਭਗਤੀ-ਪਰਕ ਟੀਕੇ —

ਭਾਵ ਤੇ ਭਗਤੀ ਉਤੇ ਆਧਾਰਿਤ ਟੀਕੇ ਬੜੇ ਕਾਵਿਮਈ ਤੇ ਰੌਚਿਕ ਹੁੰਦੇ ਹਨ । ਇਨ੍ਹਾਂ ਟੀਕਿਆਂ ਵਿਚ ਬੌਧਿਕਤਾ ਦਾ ਭਾਰ ਨਹੀਂ ਹੁੰਦਾ। ਭਗਤੀ-ਪਰਕ ਟੀਕਿਆਂ ਦੇ ਟੀਕਾਕਾਰ ਸਦਾ ਉਚੇ ਭਗਤ ਤੇ ਰੂਹਾਨੀ ਵਿਅਕਤੀ ਹੁੰਦੇ ਹਨ। ਇਨ੍ਹਾਂ ਵਿਚ ਵਿਅਕਤੀਗਤ ਅਨੁਭਵ ਬੜੇ ਤੀਬਰ ਹੁੰਦੇ ਹਨ। ਇਸੇ ਲਈ ਭਗਤੀ-ਪਰਕ ਟੀਕਿਆਂ ਵਿਚ ਅੰਤਰਮੁਖੀ ਭਾਵ ਵਧੇਰੇ ਹੁੰਦੇ ਹਨ। ਇਹ ਟੀਕੇ ਡੂੰਘੇ ਹਿਰਦੇ ਦੇ ਅਨੁਭਵਾਂ ਦੇ ਸੋਮਿਆਂ ਤੋਂ ਫੁੱਟਦੇ ਹਨ ਅਤੇ ਪੜ੍ਹਨ ਵਾਲੇ ਦੇ ਦਿਲ ਨੂੰ ਵੀ ਟੁੰਬਦੇ ਹਨ। ਪਰ ਇਹੋ ਜਿਹੇ ਟੀਕਾਕਾਰ ਕਈ ਵਾਰੀ ਅਰਥ ਦਾ ਅਨਰਥ ਕਰਨ ਕਰਕੇ ਜਾਂ ਸੰਪ੍ਰਦਾਇਕ ਸੰਕੀਰਣਤਾ ਜਾਂ ਅੰਧ ਸ਼ਰਧਾ ਹੋਣ ਕਾਰਣ ਬਹੁਤੇ ਮਹੱਤਵਪੂਰਣ ਨਹੀਂ ਹੋ ਸਕਦੇ।

ਕਰਮ-ਪਰਕ ਟੀਕੇ —

ਆਮ ਤੌਰ ਤੇ ਸੰਨਿਆਸੀ ਜਾਂ ਗਿਆਨੀ 'ਨਿਵਿਰਤੀ ਮਾਰਗ' ਤੇ ਚਲਣ ਦੀ ਪ੍ਰੇਰਣਾ ਗਿਆਨ-ਪਰਕ ਟੀਕਿਆਂ ਵਿਚ ਦਿੰਦੇ ਹਨ । ਪਰ ਬਾਲ ਗੰਗਾਧਰ ਤਿਲਕ ਦੀ ਕਰਮ-ਪਰਕ ਗੀਤਾ ਦੇ ਟੀਕੇ ਦੀ ਪ੍ਰਸਿੱਧੀ ਤੋਂ ਪਿਛੋਂ ਤਾਂ ਇਹੋ ਜਿਹੀਆਂ ਕਰਮ-ਪਰਕ ਵਿਆਖਿਆਵਾਂ, ਟੀਕਿਆਂ ਵਿਚ ਆਮ ਹੋਣ ਵਿਚ ਆਉਂਦੀਆਂ ਦਿਸਦੀਆਂ ਹਨ ਪਰ ਸਿਖ ਧਰਮ ਦੀ ਪ੍ਰਵਿਰਤੀ ਮਾਰਗ ਵਿਚ ਵਧੇਰੇ ਆਸਥਾ ਹੋਣ ਕਰਕੇ ਇਸ ਧਰਮ ਵਿਚ ਭਗਤੀ-ਪਰਕ ਟੀਕਿਆਂ ਦੀ ਭਰਮਾਰ ਹੁੰਦੇ ਹੋਏ ਵੀ ਕਰਮ ਨੂੰ ਕਿਤੇ ਵੀ ਨਜਿਠਿਆ ਨਹੀਂ ਗਿਆ ਜਾਂ ਇਸ ਤਰ੍ਹਾਂ ਕਹਿ ਲਓ ਕਿ ਸੰਸਾਰ ਨੂੰ ਛੱਡ ਕੇ ਸੰਨਿਆਸੀ ਬਣ ਕੇ ਰੱਬ ਦੀ ਭਾਲ ਲਈ ਨਹੀਂ ਪ੍ਰੇਰਿਆ ਗਿਆ। ਇਹ ਟੀਕਾਕਾਰ ਪਾਠਕਾਂ ਨੂੰ ਇਕ ਪਾਸੇ ਤਾਂ ਭਗਤੀ ਦਾ ਸ਼ਰਧਾ ਭਰਿਆ ਝਲਕਾਰਾ ਦਿੰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਚੰਗੇ ਆਚਰਨ ਤੇ ਕੰਮ ਕਾਜ ਜਾਂ ਵਿਹਾਰ ਵਿਚ ਸਾਦਗੀ ਆਦਿ ਗੁਣਾਂ ਦੀ ਪ੍ਰੇਰਣਾ ਦਿੰਦੇ ਹਨ।

ਸ਼ੈਲੀ ਦੇ ਆਧਾਰ ਤੇ ਟੀਕਿਆਂ ਦਾ ਨਿਮਨ ਲਿਖਤ ਵਰਗੀਕਰਣ ਵੀ ਬੜਾ ਉਪਯੋਗੀ ਦਿਸਦਾ ਹੈ :-

(1) ਤਾਰਕਿਕ ਸ਼ੈਲੀ — ਇਸ ਵਿਚ ਪ੍ਰਸ਼ਨ ਰੂਪ ਵਿਚ ਸ਼ੰਕਾ ਉਠਾ ਕੇ ਉਸ ਦਾ ਸਮਾਧਾਨ ਤਰਕ ਜਾਂ ਦਲੀਲ ਰਾਹੀਂ ਕੀਤਾ ਜਾਂਦਾ ਹੈ। ਇਹੋ ਜਿਹੇ ਟੀਕੇ ਵਿਚ ਉਥਾਨਿਕਾ ਤੇ ਅਵਤਰਣਿਕਾ ਹੋਣੀਆਂ ਵੀ ਜ਼ਰੂਰੀ ਹੁੰਦੀਆਂ ਹਨ।

(2) ਭਾਵਾਤਮਕ ਸ਼ੈਲੀ — ਕਈ ਟੀਕਾਕਾਰ ਭਾਵਾਤਮਕ ਸ਼ੈਲੀ ਵਿਚ ਆਪਣੇ ਟੀਕੇ ਲਿਖਦੇ ਹਨ।

(3) ਵਰਣਨਾਤਮਕ ਸ਼ੈਲੀ — ਇਸ ਵਿਚ ਵਿਸ਼ਿਆਂ ਦਾ ਵਰਣਨ ਤੇ ਟੀਕਾਕਾਰ ਦੇ ਆਪਣੇ ਗਿਆਨ ਦਾ ਵਰਣਨ ਵੀ ਵਿਦਮਾਨ ਹੁੰਦਾ ਹੈ।

ਅਸਲ ਵਿਚ ਜਿਤਨੇ ਟੀਕਾਕਾਰ ਹੁੰਦੇ ਹਨ, ਉਤਨੀਆਂ ਹੀ ਟੀਕਿਆਂ ਦੀਆਂ ਵੰਨਗੀਆਂ ਹੋ ਸਕਦੀਆਂ ਹਨ ਕਿਉਂਕਿ ਹਰ ਟੀਕਾਕਾਰ ਆਪਣੀ ਰੁਚੀ ਤੇ ਆਪਣੇ ਦ੍ਰਿਸ਼ਟੀਕੋਣ ਨੂੰ ਮੁਖ ਰਖ ਕੇ ਟੀਕਾ ਕਰਦਾ ਹੈ। ਇਸ ਲਈ ਵਰਗੀਕਰਣ ਜਾਂ ਤੇ ਟੀਕਾਕਾਰ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ ਜਿਵੇਂ ਅੰਤਰਮੁਖੀ ਤੇ ਬਾਹਰਮੁਖੀ ਵਰਗੀਕਰਣ ਕੀਤਾ ਗਿਆ ਹੈ ਜਾਂ ਫਿਰ ਵਿਸ਼ੇ ਦੇ ਆਧਾਰ ਤੇ ਜਾਂ ਸ਼ੈਲੀ ਦੇ ਆਧਾਰ ਤੇ ਵਰਗੀਕਰਣ ਕੀਤਾ ਜਾ ਸਕਦਾ ਹੈ । ਪਰ ਇਥੇ ਇਹ ਗੱਲ ਉਚੇਚੀ ਕਹਿਣੀ ਪੈਂਦੀ ਹੈ ਕਿ ਇਸ ਖੋਜ-ਪ੍ਰਬੰਧ ਵਿਚ ਕਿਸੇ ਇਕ ਵਰਗੀਕਰਣ ਨੂੰ ਨਾ ਅਪਣਾ ਕੇ ਸਾਰੇ ਵਰਗੀਕਰਣਾਂ ਤੋਂ ਲੋੜ ਅਨੁਸਾਰ ਸਹਾਇਤਾ ਲਈ ਹੈ।

●●●

2

## ਗੁਰਬਾਣੀ ਵਿਚ 'ਜਪੁਜੀ' ਦੀ ਵਿਆਖਿਆ

ਸਿਖ ਧਰਮ ਵਿਚ ਇਹ ਮੰਨਿਆਂ ਜਾਂਦਾ ਹੈ ਕਿ '੧ਓ' ਦਾ ਟੀਕਾ ਮੂਲ ਮੰਤਰ ਵਿਚ ਹੈ ਅਤੇ ਮੂਲ ਮੰਤਰ ਦਾ ਟੀਕਾ ਸਾਰੀ 'ਜਪੁ' ਬਾਣੀ ਹੈ। ਆਦਿ ਗ੍ਰੰਥ ਦੀ ਸਾਰੀ ਦੀ ਸਾਰੀ ਬਾਣੀ ਇਸ 'ਜਪੁ' ਬਾਣੀ ਦੀ ਵਿਆਖਿਆ ਅਥਵਾ ਮਹਾਂਭਾਸ਼੍ਯ ਹੈ । ਇਸ ਅਨੁਸਾਰ 'ਜਪੁਜੀ' ਦੇ ਮੁੱਢਲੇ ਵਿਆਖਿਆਕਾਰ ਗੁਰੂ ਨਾਨਕ ਦੇਵ ਤੇ ਦੂਜੇ ਗੁਰੂ ਸਾਹਿਬਾਨ ਸਨ।

'ਜਪੁਜੀ' ਗੁਰੂ ਨਾਨਕ ਦੇਵ ਦੀ ਉਤਕ੍ਰਿਸ਼ਟ ਰਚਨਾ ਹੈ। ਇਸ ਬਾਣੀ ਵਿਚ ਮਨੁੱਖੀ ਜੀਵਨ ਦਾ ਸਰਬੋਤਮ ਵਿਧਾਨ ਹੈ। ਇਸ ਵਿਚ ਸਾਡੇ ਜੀਵਨ ਦਾ ਅਸਲੀ ਮੰਤਵ ਤੇ ਉਸ ਨੂੰ ਪ੍ਰਾਪਤ ਕਰਨ ਦੇ ਸਾਧਨ ਦੱਸੇ ਹਨ। ਮਨ ਨੂੰ ਅਜਿਹੇ ਸੱਚੇ ਵਿਚ ਢਾਲਣ ਦਾ ਢੰਗ ਦਸਿਆ ਹੈ ਕਿ ਮਨੁੱਖ ਨੂੰ ਜੋ ਵੀ ਅਧਿਆਤਮਕ ਗੁੰਝਲਾਂ ਆ ਵਾਪਰਨ, ਉਨ੍ਹਾਂ ਦਾ ਸਹਿਜੇ ਹੀ ਸਮਾਧਾਨ ਕਰ ਸਕੇ। ਵਿਚਾਰਾਤਮਕ ਤੇ ਕਲਾਤਮਕ ਦੋਹਾਂ ਪੱਖਾਂ ਤੋਂ ਇਹ ਰਚਨਾ ਸਾਰੀ ਬਾਣੀ ਦੀ ਸਿਰਮੌਰ ਹੈ।

'ਜਪੁਜੀ' ਨੂੰ ਆਦਿ ਗ੍ਰੰਥ ਦਾ ਸਾਰ ਮੰਨਿਆ ਜਾਂਦਾ ਹੈ। ਇਸ ਰਚਨਾ ਦਾ ਬੀਜ 'ਮੂਲ ਮੰਤਰ' ਹੈ। ਵਿਨੋਬਾ ਭਾਵੇ ਅਨੁਸਾਰ "ਜਪੁਜੀ ਸੂਤ੍ਰਿਕ ਸ਼ੈਲੀ ਵਾਲਾ ਗ੍ਰੰਥ ਹੈ। 38 ਪਉੜੀਆਂ, ਆਰੰਭ ਦਾ ਮੂਲ ਮੰਤ੍ਰ ਅਤੇ ਅੰਤਿਮ ਸਲੋਕ ਮਿਲਾਕੇ ਬਿਲਕੁਲ ਥੋੜ੍ਹੇ ਆਕਾਰ ਵਿਚ,

ਧਰਮ ਦਾ ਸਾਰਾ ਸਾਰ ਰੱਖ ਦਿੱਤਾ ਗਿਆ ਹੈ। ਉਹ ਵੀ ਅਜਿਹੇ ਢੰਗ ਨਾਲ ਕਿ ਕੇਵਲ ਸ਼ਰਧਾ ਦੀ ਗੱਲ ਨਹੀਂ ਕੀਤੀ ਗਈ, ਸਗੋਂ ਕਾਫ਼ੀ ਵਿਆਪਕ ਦ੍ਰਿਸ਼ਟੀ ਤੋਂ ਸੋਚਿਆ ਗਿਆ ਹੈ। ਜਿਵੇਂ 'ਈਸ਼ਾਵਾਸਯ ਉਪਨਿਸ਼ਦ' ਵਿਚ 18 ਮੰਤ੍ਰਾਂ ਰਾਹੀਂ ਸਾਰੇ ਵੈਦਿਕ ਧਰਮ ਦਾ ਸਾਰ ਦਿੱਤਾ ਗਿਆ ਹੈ, ਤਿਵੇਂ ਹੀ ਗੁਰੂ ਨਾਨਕ ਦੇ ਦਾਰਸ਼ਨਿਕ, ਧਾਰਮਿਕ ਤੇ ਸਦਾਚਾਰਕ ਵਿਚਾਰਾਂ ਦਾ ਸਾਰ ਇਸ ਰਚਨਾ ਵਿਚ ਦਿੱਤਾ ਹੋਇਆ ਹੈ।"[1] ਇਸ ਬਾਣੀ ਦੇ ਪ੍ਰਕ੍ਰਿਤੀ ਚਿਤਰਨ ਵਿਚ ਬ੍ਰਹਿਮੰਡਿਕ ਵਿਸ਼ਾਲਤਾ ਹੈ। ਇਸ ਰਚਨਾ ਦਾ ਸਾਰਾ ਵਾਯੂ ਮੰਡਲ ਬੜਾ ਸੂਖਮ ਤੇ ਰਹੱਸਮਈ ਹੈ।

"ਜਪੁਜੀ ਵਿਚ ਸ਼ੈਲੀ ਇਤਨੀ ਸੰਜਮਮਈ ਹੈ ਤੇ ਵਿਚਾਰ ਇਤਨੇ ਗੰਭੀਰ ਤੇ ਸੂਖਮ ਹਨ ਕਿ ਇਸਦਾ ਸੰਤੋਖਜਨਕ ਟੀਕਾ ਅੱਜ ਤਕ ਕੋਈ ਨਹੀਂ ਲਿਖਿਆ ਜਾ ਸਕਿਆ, ਭਾਵੇਂ ਸਭ ਤੋਂ ਵੱਧ ਟੀਕੇ ਇਸ ਬਾਣੀ ਦੇ ਲਿਖੇ ਗਏ ਹਨ। ਇਸ ਬਾਣੀ ਵਿਚ ਹਰ ਭਾਰਤੀ ਧਰਮ ਤੇ ਸ਼ਾਸਤ੍ਰ ਦੇ ਸੰਕੇਤ ਹਨ: ਹਰ ਧਰਮ-ਦਰਸ਼ਨ ਦਾ ਸਾਰ ਦਿੱਤਾ ਹੈ ਤੇ ਬੋਲੀ ਸਰਲ ਹੁੰਦਿਆਂ ਵੀ ਰਹੱਸਮਈ ਹੈ।"[2] ਵਾਸਤਵ ਵਿਚ ਗੁਰੂ ਨਾਨਕ ਦੇ ਸਾਰੇ ਦਾਰਸ਼ਨਿਕ ਸਿਧਾਂਤ ਜਪੁਜੀ ਵਿਚ ਵਿਦਮਾਨ ਹਨ। ਇਸੇ ਕਰਕੇ ਇਸ ਬਾਣੀ ਦੀ ਗੁਰੂ ਨਾਨਕ ਦਰਸ਼ਨ ਵਿਚ ਵਿਸ਼ੇਸ਼ ਮਹੱਤਤਾ ਹੈ। ਇਥੋਂ ਤਕ ਕਿ ਸਿਖ ਮੱਤ ਦੇ ਮੂਲ ਸਿਧਾਂਤਾਂ ਦਾ ਆਧਾਰ ਵੀ 'ਜਪੁਜੀ' ਹੈ। ਸ਼ਾਇਦ ਇਸੇ ਲਈ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਇਸ ਬਾਣੀ ਨੂੰ ਆਰੰਭ ਵਿਚ ਰਖ ਕੇ ਇਸ ਦੀ ਮਹੱਤਤਾ ਨੂੰ ਪ੍ਰਗਟ ਕੀਤਾ ਹੈ। ਸਚੁ, ਕੂੜ, ਹੁਕਮ, ਭਾਣਾ, ਹਉਮੈ, ਸੰਗਿ, ਨਾਮ, ਮੋਖੁ ਦੁਆਰੁ, ਕਰਮੀ, ਨਦਰਿ, ਮਤਿ, ਗੁਰ, ਗੁਣ, ਭਗਤ, ਵਿਗਾਸੁ, ਸੁਣਿਐ, ਮੰਨੈ, ਭਾਉ, ਕਵਾਉ, ਕੁਦਰਤਿ, ਅਮੁਲ, ਖੰਡ, ਧਰਮ, ਗਿਆਨ, ਸਰਮ, ਕਰਮ, ਸਚਿ ਖੰਡਿ, ਸੋਦਰੁ, ਪੰਚ, ਸੁਰਤਿ, ਮਨ, ਬੁਧਿ, ਸਬਦ ਆਦਿ ਇਸ ਰਚਨਾ ਦੇ ਬੁਨਿਆਦੀ ਸਿਧਾਂਤਕ ਸ਼ਬਦ ਹਨ, ਜਿਨ੍ਹਾਂ ਦੀ ਵਿਆਖਿਆ ਗੁਰਬਾਣੀ ਵਿਚ ਹੋਈ ਹੈ।

'ਜਪੁਜੀ' ਦਾ ਕੇਂਦਰੀ ਵਿਸ਼ਾ 'ਸਚੁ ਸਰੂਪ ਬ੍ਰਹਮ' ਦੀ ਵਿਆਖਿਆ ਕਰਨਾ ਹੈ ਤੇ 'ਸਚਿਆਰ' ਜਾਂ 'ਪੂਰਣ ਪੁਰਸ਼' ਬਣਨ ਦੇ ਸਾਧਨ ਦਸਣਾ ਹੈ। ਹਰ ਲੰਮੀ ਬਾਣੀ ਵਿਚ ਵੀ ਇਹੋ ਦੋ ਗੱਲਾਂ ਮੁੱਖ ਰੂਪ ਵਿਚ ਦੱਸੀਆਂ ਗਈਆਂ ਹਨ। 'ਜਪੁਜੀ' ਵਿਚ ਸਰਬੋਤਮ ਮਨੁੱਖੀ ਅਵਸਥਾ ਨੂੰ 'ਸਚਿਆਰ' (ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ,), 'ਭਗਤ'

1. ਵਿਨੋਬਾ ਭਾਵੇ, ਜਪੁਜੀ, ਅਨੁਵਾਦਕ ਸੀਤਾ ਰਾਮ ਬਾਹਰੀ, ਪੰ:29, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.
2. ਡਾ: ਤਾਰਨ ਸਿੰਘ, ਗੁਰੂ ਨਾਨਕ: ਚਿੰਤਨ ਤੇ ਕਲਾ, ਪੰ:89, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1969.

(ਨਾਨਕ ਭਗਤਾ ਸਦਾ ਵਿਗਾਸੁ), 'ਪੰਚ' (ਪੰਚ ਪਰਵਾਣ ਪੰਚ ਪਰਧਾਨੁ) ਆਦਿ ਸ਼ਬਦਾਂ ਨਾਲ ਦਰਸਾਇਆ ਗਿਆ ਹੈ। 'ਅਨੰਦ ਸਾਹਿਬ' ਵਿਚ ਵੀ ਇਸ ਅਵਸਥਾ ਨੂੰ 'ਭਗਤ' ਕਿਹਾ ਗਿਆ ਹੈ :-

"ਭਗਤਾ ਕੀ ਚਾਲ ਨਿਰਾਲੀ
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ।"[1]

ਆਸਾ ਦੀ ਵਾਰ ਵਿਚ ਇਸੇ ਅਵਸਥਾ ਨੂੰ 'ਦੇਵਤਾ' ਮੰਨਿਆ ਗਿਆ ਹੈ :-

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।"[2]

ਇਸੇ ਅਵਸਥਾ ਨੂੰ 'ਜੀਵਨ ਮੁਕਤਿ' ਵੀ ਕਿਹਾ ਗਿਆ ਹੈ। ਭਾਵ ਇਹ ਹੈ ਕਿ ਸਾਰੀ ਗੁਰਬਾਣੀ ਵਿਚ ਮਨੁੱਖੀ ਸ਼ਖ਼ਸੀਅਤ ਦੀ ਇਸ ਅਵਸਥਾ ਨੂੰ ਪ੍ਰਾਪਤ ਕਰਨਾ ਆਦਰਸ਼ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਨੇ ਇਸ ਅਵਸਥਾ ਨੂੰ 'ਸਚਿਆਰ' ਲਿਖਿਆ ਹੈ। 'ਸਚਿਆਰ' ਸੱਚ ਸਰੂਪ ਹੋ ਜਾਣ ਦੀ ਅਵਸਥਾ ਹੈ ਤੇ 'ਸੱਚ' 'ਬ੍ਰਹਮ' ਦਾ ਸਰੂਪ ਹੈ।

ਸੋ ਬ੍ਰਹਮ ਦੇ ਸਰੂਪ (ਮੂਲ ਮੰਤਰ ਤੇ ਮੁੱਢਲਾ ਸਲੋਕ) ਤੋਂ ਆਰੰਭ ਕਰ ਕੇ 'ਜਪੁਜੀ' ਪੂਰਣ ਮਨੁੱਖ ਦੇ ਸਰੂਪ (ਅੰਤਲਾ ਸਲੋਕ) ਨਾਲ ਅੰਤ ਹੁੰਦੀ ਹੈ ਤੇ ਵਿਚਕਾਰਲੀਆਂ ਪਉੜੀਆਂ ਇਸ ਪੂਰਣਤਾ ਦੇ ਅਭਿਆਸ ਲਈ ਉਸ ਨੂੰ ਤਿਆਰ ਕਰਦੀਆਂ ਹਨ। 'ਸਚਿਆਰ' ਪੁਰਖ ਦਾ ਪੂਰਣ ਸਰੂਪ 'ਜਤੁ ਪਾਹਾਰਾ' ਵਾਲੀ ਪਉੜੀ ਵਿਚ ਦਿੱਤਾ ਹੈ ਤੇ ਇਹ ਪਦ ਕੀ ਹੈ ਤੇ ਇਸ ਤੇ ਕਿਵੇਂ ਪੁਜਿਆ ਜਾ ਸਕਦਾ ਹੈ ? ਇਸ ਦਾ ਵਿਸਤਾਰ ਬਾਕੀ ਪਉੜੀਆਂ ਹਨ। 'ਜਪੁਜੀ' ਦੀਆਂ ਪਹਿਲੀਆਂ ਪੰਦਰਾਂ ਪਉੜੀਆਂ ਵਿਚ ਸੱਚ ਦੀ ਖੋਜ, ਰੱਬੀ ਹੁਕਮ ਦੀ ਮਹੱਤਾ, ਪ੍ਰਭੂ ਦੀਆਂ ਸ਼ਕਤੀਆਂ, ਨਾਮ ਦੇ ਸੁਣਨ ਤੇ ਮੰਨਣ ਦੀ ਮਹੱਤਾ ਆਦਿ ਵਿਸ਼ੇ ਅਪਣਾਏ ਗਏ ਹਨ। ਅਗਲੀਆਂ ਚਾਰ ਪਉੜੀਆਂ ਵਿਚ ਰਚਨਾ ਦੀ ਬੇਅੰਤਤਾ ਦਾ ਵਰਣਨ ਹੈ। ਅੰਤਲੀਆਂ [illegible] ਪਉੜੀਆਂ ਵਿਚ

1. ਆਦਿ ਗ੍ਰੰਥ, ਪੰ:918.
2. ਉਹੀ , ਪੰ:462-63

ਪੂਰਣ ਸੁਖਸੀਅਤ ਦੇ ਵਿਕਾਸ ਲਈ ਨਾਮ ਦੇ ਅਭਿਆਸ ਦੁਆਰਾ ਜੋ ਗੁਣ ਸਾਧਕ ਵਿਚ ਪੈਦਾ ਹੁਏ ਹਨ ਜਾਂ ਹੋਣੇ ਚਾਹੀਦੇ ਹਨ ਉਨ੍ਹਾਂ ਦਾ ਵਰਣਨ ਹੈ।

"ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"

ਦੇ ਸਲੋਕ ਵਿਚ ਪਰਮਾਤਮਾ ਦੀ ਇਹ ਵਿਆਖਿਆ ਦਿੱਤੀ ਹੈ ਕਿ ਪਰਮਾਤਮਾ 'ਸਚਾਈ' ਹੈ ਤੇ 'ਸਚਾਈ' ਉਹ ਹੈ ਜੋ ਸਮੇਂ ਤੇ ਸਥਾਨ ਨਾਲ ਬਦਲਦੀ ਨਹੀਂ ਘਟੇ ਜੋ ਕਰਤਾ ਹੁੰਦੀ ਹੈ, ਕਿਰਤਮ ਨਹੀਂ ਹੁੰਦੀ। ਪ੍ਰਭੂ ਦਾ ਨਾਮ ਸਦਾ ਅਟੱਲ ਹੈ :-

"ਨਾਮ ਸਤਿ ਸਤਿ ਧਿਆਵਣਹਾਰ।"[1]

ਪ੍ਰਭੂ ਨੂੰ 'ਸਤਿ' ਕਹਿ ਕੇ ਫਿਰ 'ਸਤਿ ਸਰੂਪ' ਕਿਹਾ ਹੈ ਤੇ ਉਸ ਨੂੰ ਜਾਣ ਲੈਣ ਵਾਲੇ ਸਾਧਕ ਦੀ ਪ੍ਰਾਪਤੀ ਵੀ ਦੱਸੀ ਹੈ :-

"ਸਤਿ ਸਰੂਪ ਰਿਦੈ ਜਿਨਿ ਮਾਨਿਆ।
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ।"[2]

ਇਸ 'ਸਚੁ ਸਰੂਪ' ਦਾ ਪੂਰਾ ਵਰਣਨ 'ਜਪੁਜੀ' ਦੇ ਆਰੰਭ ਵਿਚ ਪਹਿਲਾਂ ਦਿੱਤੇ ਮੂਲ ਮੰਤਰ ਵਿਚ ਕੀਤਾ ਹੈ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

ਮੂਲ ਮੰਤਰ ਵਿਚ ਬ੍ਰਹਮ ਲਈ ਜਿੰਨੇ ਗੁਣਵਾਚਕ ਪਦ ਵਰਤੇ ਗਏ ਹਨ ਜਿਹੜੇ ਕਿ ਉਸ ਸਰਬ ਸ਼ਕਤੀਮਾਨ ਦੇ ਗੁਣਾਂ ਦੇ ਸੂਚਕ ਹਨ, ਉਨ੍ਹਾਂ ਦੀ ਵਿਆਖਿਆ ਗੁਰਬਾਣੀ ਵਿਚ ਹੋਈ ਹੈ :-

1. ਆਦਿ ਗ੍ਰੰਥ, ਪੰ:285.
2. ਉਹੀ, ਪੰ:285.

'ੴ' –

ਬ੍ਰਹਮ ਕੇਵਲ ਇਕੋ ਇਕ ਹੈ ਜੋ ਸਦਾ 'ਇਕਰਸ' ਰਹਿੰਦਾ ਹੈ। ਉਸ ਇਕ ਵਿਚ ਹੀ ਸਾਰੀਆਂ ਸ਼ਕਤੀਆਂ ਵਿੱਦਮਾਨ ਹਨ। ਉਤਪੱਤੀ ਲਈ ਸਾਰੀ ਸ਼ਕਤੀ ਪਰਮਾਤਮਾ ਵਿਚ ਹੈ :-

"ਏਕੋ ਏਕੁ ਆਪਿ ਇਕੁ ਏਕੈ ਹੈ ਸਗਲਾ ਪਾਸਾਰੇ।"[1]

ਸ੍ਰਿਸ਼ਟੀ ਨੂੰ ਉਪਾਵਣਹਾਰ ਪ੍ਰਭੂ ਦਾ ਸੂਚਕ 'ੴ' ਹੈ। ਇਸ 'ਓਅੰਕਾਰ' ਦੀ ਵਿਆਖਿਆ ਗੁਰੂ ਨਾਨਕ ਨੇ ਆਪ ਇਸ ਤਰ੍ਹਾਂ ਕੀਤੀ ਹੈ :-

"ਓਅੰਕਾਰਿ ਬ੍ਰਹਮਾ ਉਤਪਤਿ। ਓਅੰਕਾਰੁ ਕੀਆ ਜਿਨਿ ਚਿਤਿ।
ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ।
ਓਅੰਕਾਰਿ ਸਬਦਿ ਉਧਰੇ। ਓਅੰਕਾਰਿ ਗੁਰਮੁਖਿ ਤਰੇ।"[2]

'ਸਤਿਨਾਮੁ' –

ਬ੍ਰਹਮ ਦੀ ਹੋਂਦ 'ਸਤਿ' ਹੈ। ਜੇ ਅਸੀਂ ਉਸ ਦਾ ਕੋਈ ਨਾਂ ਰੱਖਣਾ ਹੈ ਤਾਂ ਉਹ 'ਸਤਿ' (Ever Existent Lord) ਹੈ। ਬ੍ਰਹਮ ਦੇ ਭਾਵੇਂ ਹੋਰ ਅਨੇਕ ਵਿਸ਼ੇਸ਼ਣ ਹਨ ਪਰ ਇਸ ਦਾ ਸਭ ਤੋਂ ਪ੍ਰਧਾਨ ਤੇ ਪੂਰਣ ਵਿਸ਼ੇਸ਼ਣ 'ਸਤਿ' ਹੀ ਹੈ :-

"ਆਪਿ ਸਤਿ ਕੀਆ ਸਭੁ ਸਤਿ
ਤਿਸੁ ਪ੍ਰਭ ਤੇ ਸਗਲੀ ਉਤਪਤਿ।"[3]

'ਕਰਤਾ ਪੁਰਖੁ' –

'ਜਪੁਜੀ' ਵਿਚ ਪ੍ਰਭੂ ਦਾ ਸਰੂਪ 'ਕਰਤਾ ਪੁਰਖੁ' ਹੈ। 'ਕਰਤਾ' ਉਹ ਹੈ ਜੋ ਕਿਸੇ ਕਿਰਿਆ ਦੁਆਰਾ ਆਪਣੀ ਸ਼ਕਤੀ ਦਾ ਸਬੂਤ ਦੇ ਸਕੇ; ਜੋ 'ਪੁਰਖੁ' ਹੋਵੇ ਅਰਥਾਤ

---

1. ਆਦਿ ਗ੍ਰੰਥ, ਪੰ:379.
2. ਓਹੀ, ਪੰ:929-30.
3 ਓਹੀ, ਪੰ:294.

ਉਸ ਸੱਤਾ ਦਾ ਆਪ ਕਾਰਣ ਹੋਵੇ, ਜਿਸ ਦੁਆਰਾ ਕਿ ਉਹ 'ਕਰਤਾ' ਹੋਣ ਦੀ ਹੈਸੀਅਤ ਰਖਦਾ ਹੈ। ਉਹ ਪੁਰਖ ਹੈ, ਕਰਤਾ ਹੋ ਕੇ ਆਪਣੀ ਕ੍ਰਿਤ ਵਿਚ ਵਿਆਪਕ ਹੈ :-

"ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ।"[1]

"ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।
ਤੂੰ ਜਾਣਹਿ ਜਿਨਿ ਉਪਾਈਐ ਸਭ ਖੇਲੁ ਤੁਮਾਣੀ।"[2]

'ਨਿਰਭਉ' –

ਉਹ ਆਪਣੇ ਵਰਗਾ ਆਪ ਹੀ ਹੈ। ਇਸ ਲਈ ਉਹ 'ਨਿਰਭਉ' ਹੈ ਤੇ ਉਸ ਨੂੰ ਕਿਸੇ ਦਾ ਡਰ ਨਹੀਂ :-

"ਸਗਲਿਆ ਭਉ ਲਿਖਿਆ ਸਿਰਿ ਲੇਖੁ।
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।"[3]

'ਨਿਰਵੈਰੁ' –

ਉਹ ਆਪਣੇ ਮੁਕਾਬਲੇ ਵਿਚ ਆਪਣੇ ਤੁਲ ਕਿਸੇ ਹੋਰ ਹਸਤੀ ਨੂੰ ਅਨੁਭਵ ਨਾ ਕਰਦਾ ਹੋਇਆ ਵਿਰੋਧ ਤੋਂ ਖਾਲੀ ਹੈ। ਇਸ ਲਈ ਉਹ 'ਨਿਰਵੈਰੁ' ਹੈ :-

"ਤੂੰ ਨਿਰਵੈਰੁ ਸੰਤ ਤੇਰੇ ਨਿਰਮਲ।
ਜਿਨ ਦੇਖੇ ਸਭ ਉਤਰਹਿ ਕਲਮਲ।"[4]

'ਅਕਾਲ ਮੂਰਤਿ' –

ਉਸ ਪ੍ਰਭੂ ਦੀ ਹਸਤੀ ਉਤੇ ਸਮਾਂ ਆਪਣਾ ਅਸਰ ਨਹੀਂ ਕਰ ਸਕਦਾ। 'ਅਕਾਲ ਮੂਰਤਿ'

---

1. ਆਦਿ ਗ੍ਰੰਥ, ਪੰ: 581
2. ਉਹੀ, ਪੰ: 138.
3. ਉਹੀ, ਪੰ: 464.
4. ਉਹੀ, ਪੰ: 108.

ਉਹ ਹੈ, ਜੋ ਹੈ ਤੇ ਸਦਾ ਹੋਵੇਗਾ, ਜਿਸ ਦਾ ਵਿਨਾਸ਼ ਕਾਲ ਨਹੀਂ ਕਰ ਸਕਦਾ :-

"ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ।
ਤੂ ਪੁਰਖੁ ਅਲੇਖ ਅਗੰਮ ਨਿਰਾਲਾ।"[1]

"ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ।
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।"[2]

'ਅਜੂਨੀ' --

ਬ੍ਰਹਮ ਮਨੁੱਖੀ ਜਾਂ ਹੋਰ ਕਿਸੇ ਰੂਪ ਵਿਚ ਅਵਤਾਰ ਨਹੀਂ ਲੈਂਦਾ ਅਰਥਾਤ ਉਹ ਆਵਾਗਵਨ ਤੋਂ ਮੁਕਤ ਹੈ :-

"ਤੂੰ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ।
ਤੇਰਾ ਰੂਪ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ।
ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ।"[3]

ਵੈਸ਼੍ਨਵ ਧਰਮ ਨਾਲੋਂ ਗੁਰੂ ਨਾਨਕ ਦਾ ਮੌਲਕ ਭੇਦ ਹੈ। ਜਿਥੇ ਵੈਸ਼੍ਨਵ ਧਰਮ ਵਿਚ ਬ੍ਰਹਮ ਨੂੰ ਕ੍ਰਿਸ਼ਨ ਦੇ ਰੂਪ ਵਿਚ ਅਵਤਾਰ ਮੰਨਦੇ ਹਨ, ਉਥੇ ਗੁਰੂ ਨਾਨਕ ਉਸ ਨੂੰ ਅਕਾਲ ਤੇ ਅਜੂਨੀ ਮੰਨਦੇ ਹਨ।

'ਸੈਭੰ' --

ਬ੍ਰਹਮ ਕਿਸੇ ਹੋਰ ਚੀਜ਼ ਵਿਚੋਂ ਜਨਮ ਨਹੀਂ ਲੈਂਦਾ, ਉਹ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋਇਆ ਹੈ ਅਰਥਾਤ 'ਸ੍ਵੰਭੂ' ਹੈ :-

"ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।"[4]

---

1. ਆਦਿ ਗ੍ਰੰਥ, ਪੰ: 1038.
2. ਓਹੀ, ਪੰ: 597.
3. ਓਹੀ ਪੰ: 1095.
4. ਓਹੀ, ਪੰ: 463.

'ਗੁਰ ਪ੍ਰਸਾਦਿ' —

ਉਪਰੋਕਤ ਗੁਣਾਂ ਵਾਲੇ ਬ੍ਰਹਮ ਦਾ ਗਿਆਨ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ :-

"ਨਦਰਿ ਕਰਹਿ ਜੇ ਆਪਣੀ ਤਾਂ ਨਦਰੀ ਸਤਿਗੁਰੁ ਪਾਇਆ।
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ।"[1]

"ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ।
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ।"[2]

ਮੂਲ ਮੰਤਰ ਤੋਂ ਪਿਛੋਂ 'ਜਪੁ' ਵਿਚ ਆਏ ਵਿਚਾਰਾਂ ਦੀ ਵਿਆਖਿਆ ਵੀ ਆਦਿ ਗ੍ਰੰਥ ਵਿਚ ਹੋਈ ਹੈ। ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ ਕਿ ਪਰਮਾਤਮਾ 'ਸਚੁ' ਹੈ ਤੇ ਮਨੁੱਖ ਦੇ ਸਨਮੁਖ ਜ਼ਰੂਰੀ ਮਸਲਾ 'ਸਚਿਆਰ' ਹੋਣਾ ਹੈ ਕਿਉਂਕਿ ਮਨੁੱਖ ਦੀ ਆਤਿ ਸੂਖੀ ਇੱਛਾ ਪੂਰਣਤਾ ਨੂੰ ਪ੍ਰਾਪਤ ਕਰਨਾ ਹੈ ਤੇ ਅਪੂਰਣਤਾ ਤੋਂ ਪੱਲਾ ਛੁਡਾਣਾ ਹੈ।

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ"।

'ਸਚਿਆਰ' ਦਾ ਮਤਲਬ ਕੀ ਹੈ? ਇਸ ਦੀ ਵਿਆਖਿਆ ਗੁਰਬਾਣੀ ਵਿਚ ਹੋਈ ਹੈ। ਗੁਰਬਾਣੀ ਵਿਚ 'ਸਚਿਆਰ' ਸ਼ਬਦ ਸਤਿਪੁਰਖ, ਸਤਿਗੁਰੂ ਅਤੇ ਸਿਖ, ਤਿੰਨਾਂ ਲਈ ਆਇਆ ਹੈ :-

"ਤੂੰ ਕਰਤਾ ਸਚਿਆਰੁ ਮੈਡਾ ਸਾਂਈ।"[3]

"ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ।"[4]

---

1. ਆਦਿ ਗ੍ਰੰਥ, ਪੰ: 465.
2. ਓਹੀ, ਪੰ: 28?
3. ਓਹੀ, ਪੰ: 11.
4. ਓਹੀ, ਪੰ: 593.

"ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ
ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ।"[1]

'ਸਚਿਆਰ' ਕਿਨ੍ਹਾਂ ਗੁਣਾਂ ਦਾ ਧਾਰਣੀ ਹੁੰਦਾ ਹੈ :-

"ਜਿਸ ਦੇ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ।
ਉਹ ਹਰਿ ਮਾਰਗਿ ਆਪ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ।"[2]

"ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ।
ਹਰਿ ਨਿਰਮਾਇਲੁ ਉਜਲੋ ਪਤਿ ਸਾਚੀ ਸਚੁ ਬੋਲੁ।"[3]

ਇਨ੍ਹਾਂ ਗੁਣਾਂ ਕਰਕੇ 'ਸਚਿਆਰ' ਆਵਾਗਵਨ ਤੋਂ ਮੁਕਤ ਹੋ ਜਾਂਦਾ ਹੈ :-

"ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ।
ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ।"[4]

ਸੱਚ ਸਰੂਪ ਅਕਾਲ ਪੁਰਖ ਸੱਚ ਦੁਆਰਾ ਮਿਲਦਾ ਹੈ, ਕੂੜ ਦੁਆਰਾ ਨਹੀਂ। 'ਕੂੜ ਦੀ ਪਾਲ' ਨੂੰ ਗੁਰਬਾਣੀ ਵਿਚ 'ਹਉਮੈ ਦੀ ਕੰਧ' ਕਿਹਾ ਹੈ ਜਿਸ ਨੇ ਜੀਵ ਅਤੇ ਉਸ ਸੱਚ ਸਰੂਪ ਦੇ ਵਿਚਕਾਰ ਵਿੱਥ ਪਾ ਰੱਖੀ ਹੈ :-

"ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ।"[5]

ਹਉਮੈ ਅਤੇ ਨਾਮ ਦਾ ਪਰਸਪਰ ਵਿਰੋਧ ਹੈ, ਇਨ੍ਹਾਂ ਦਾ ਨਿਵਾਸ ਇਕ ਥਾਂ ਨਹੀਂ ਹੋ ਸਕਦਾ। ਇਸੇ ਲਈ ਗੁਰਬਾਣੀ ਵਿਚ ਕਿਹਾ ਹੈ ਕਿ ਹੇ ਪ੍ਰਾਣੀ, ਪਹਿਲਾਂ ਕੂੜ ਕਬਾੜ ਨੂੰ ਛੱਡੋ, ਫਿਰ ਸੱਚੇ ਘਰ ਦੀ ਪ੍ਰਾਪਤੀ ਹੋਵੇਗੀ :-

---

1. ਆਦਿ ਗ੍ਰੰਥ, ਪੰ:305
2. ਉਹੀ, ਪੰ:140.
3. ਉਹੀ, ਪੰ:937.
4. ਉਹੀ, ਪੰ:419.
5. ਉਹੀ, ਪੰ:624.

"ਏਹੁ ਪ੍ਰਾਣੀ ਕੂੜ ਕਮਾਣਾ। ਕੂੜੁ ਮਾਰੇ ਕਾਲੁ ਉਗ੍ਰਾਹਾਣਾ।
ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਣੀ ਹੇ।"[1]

ਗੁਰੂ ਅਮਰਦਾਸ ਦਾ ਕਥਨ ਹੈ ਕਿ ਇਹ ਕੂੜ ਦੀ ਕੰਧ (ਪਰਦਾ) ਗੁਰੂ ਦੁਆਰਾ ਦੂਰ ਹੋ ਜਾਵੈ, ਤਾਂ ਹੀ ਸਦੀਵੀ ਸੁਖ ਮਿਲ ਸਕਦਾ ਹੈ :-

"ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ ਜੇ ਲੋਚੈ ਸਭੁ ਕੋਇ।
ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾਂ ਸਦਾ ਸੁਖੁ ਹੋਇ।"[2]

'ਕਿਵ ਸਚਿਆਰਾ ਹੋਈਐ' ਪ੍ਰਸ਼ਨ ਉਠਾਉਣ ਤੋਂ ਪਹਿਲਾਂ ਗੁਰੂ ਸਾਹਿਬ ਉਹ ਪਰੰਪਰਾਈ ਸਾਧਨ ਦਸਦੇ ਹਨ ਜੋ 'ਸਚਿਆਰ' ਬਣਨ ਲਈ ਭਾਰਤ ਵਿਚ ਵਰਤੇ ਜਾਂਦੇ ਹਨ। ਗੁਰੂ ਸਾਹਿਬ ਅਨੁਸਾਰ ਇਨ੍ਹਾਂ ਸਾਧਨਾਂ ਨਾਲ ਮਨ ਸੋਚ, ਚੁਪ ਤੇ ਤ੍ਰਿਸ਼ਨਾ ਤੋਂ ਮੁਕਤ ਨਹੀਂ ਹੁੰਦਾ, ਇਸ ਲਈ ਉਹ ਸਚਿਆਰ ਨਹੀਂ ਬਣ ਸਕਦਾ। 'ਸਚਿਆਰ' ਪਦ ਦੀ ਪ੍ਰਾਪਤੀ ਇਨ੍ਹਾਂ ਜੁਗਤੀਆਂ ਨਾਲ ਹੁੰਦੀ ਹੈ :-

"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।"[3]

— (ਪਉੜੀ- 1)

ਭਾਵ ਕੁਦਰਤ ਦੇ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਨਾ। ਇਸ ਤੁਕ ਵਿਚ ਆਏ ਸ਼ਬਦ 'ਹੁਕਮ' ਦੀ ਵਿਆਖਿਆ ਦੂਜੀ ਪਉੜੀ ਵਿਚ ਹੈ :-

"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।"

— (ਪਉੜੀ-2)

---

1. ਆਦਿ ਗ੍ਰੰਥ, ਪੰ:1025-26.
2. ਉਹੀ, ਪੰ: 490.
3. 'ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ' (ਆਦਿ ਗ੍ਰੰਥ, ਪੰ:199)

'ਸਚਿਆਰ' ਦੇ ਜੀਵਨ ਵਿਚ 'ਹੁਕਮ' ਸ਼ਾਇਦ ਉਹ ਹੀ ਤੱਤ ਹੈ ਜਿਸ ਨੂੰ ਆਤਮਾ ਦੀ 'ਆਵਾਜ਼'[1] ਕਿਹਾ ਜਾਂਦਾ ਹੈ। 'ਹੁਕਮ ਰਜ਼ਾ ਅਨੁਸਾਰ ਚਲਣਾ' ਆਤਮਾ ਦੀ ਆਵਾਜ਼ ਦੀ ਅਗਵਾਈ ਅਨੁਸਾਰ ਜੀਵਨ ਨੂੰ ਢਾਲਣਾ ਹੈ। 'ਹੁਕਮ' ਦੀ ਵਿਆਖਿਆ ਗੁਰਬਾਣੀ ਵਿਚ ਵੀ ਹੋਈ ਹੈ :-

"ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ।
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ।"[2]

"ਹੁਕਮੀ ਆਵੈ ਹੁਕਮੀ ਜਾਇ।
ਆਗੈ ਪਾਛੈ ਹੁਕਮਿ ਸਮਾਇ।"[3]

"ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ।
ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ।"[4]

ਗੁਰੂ ਨਾਨਕ ਦੇਵ ਨੇ ਪਹਿਲੀ ਪਉੜੀ ਵਿਚ 'ਹੁਕਮਿ ਰਜਾਈ ਚਲਣਾ' ਕਹਿ ਕੇ ਪ੍ਰਭੂ ਦੀ ਤੁਲਨਾ ਇਕ ਹਾਕਮ ਨਾਲ ਕੀਤੀ ਹੈ ਤੇ ਦੂਜੀ ਵਿਚ ਉਸ ਅਕਾਲ ਪੁਰਖ ਦੇ ਹੁਕਮ ਦੀ ਵਿਸ਼ਾਲਤਾ ਦਾ ਵਰਣਨ ਹੈ। ਜਿਸ ਮਨੁੱਖ ਨੂੰ 'ਹੁਕਮ' ਦੇ ਇਸ ਵਿਸ਼ਾਲ ਸਰੂਪ ਦਾ ਅਨੁਭਵ ਹੋ ਜਾਵੇਗਾ, ਉਹ ਆਪਣੇ ਆਪ ਨੂੰ ਵਿਸ਼ਵ ਦਾ ਇਕ ਅੰਗ ਪ੍ਰਤੀਤ ਕਰੇਗਾ ਤੇ ਸਵੈ-ਕੇਂਦਰਤ ਜਾਂ ਸਵਾਰਥ ਭਰੇ ਜੀਵਨ ਤੋਂ ਉੱਚਾ ਹੋ ਕੇ ਆਪਣੇ ਕਰਤੱਵ ਦੀ ਪਾਲਣਾ ਕਰੇਗਾ। ਦੂਜੀ ਪਉੜੀ ਦੀ ਅੰਤਲੀ ਤੁਕ ਵਿਚ ਇਹੋ ਹੀ ਦ੍ਰਿੜ੍ਹ ਕਰਵਾਇਆ ਹੈ :-

"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।"
— (ਪਉੜੀ-੨)

ਜੋ ਮਨੁੱਖ ਕਾਨੂੰਨ ਦੀ ਮਹਾਨਤਾ ਨੂੰ ਸਮਝ ਜਾਂਦਾ ਹੈ, ਉਹ ਆਪਣੇ ਆਪ ਨੂੰ ਉਸ ਦੇ ਅਧੀਨ ਕਰ ਲੈਂਦਾ ਹੈ ਤੇ ਆਪਹੁਦਰਾ ਨਹੀਂ ਰਹਿੰਦਾ, ਜਿਵੇਂ :-

1. Conscience.
2. ਆਦਿ ਗ੍ਰੰਥ, ਪੰ:55.
3. ਓਹੀ, ਪੰ:151.
4. ਓਹੀ, ਪੰ:523.

"ਹਉਮੈ ਵਿਚਿ ਪ੍ਰਭੁ ਕੋਇ ਨ ਪਾਏ।
ਮੂਲਹੁ ਭੁਲਾ ਜਨਮੁ ਗਵਾਏ।"[1]

"ਹਉ ਹਉ ਕਰਤ ਨਹੀ ਸਚੁ ਪਾਈਐ।
ਹਉਮੈ ਜਾਇ ਪਰਮਪਦੁ ਪਾਈਐ।"[2]

ਇਹ 'ਪਰਮ ਪਦ' ਹੀ 'ਸਚਿਆਰ ਪਦ' ਹੈ ਤੇ ਇਸ ਦੀ ਪ੍ਰਾਪਤੀ ਲਈ 'ਹਉਮੈ' ਦਾ ਤਿਆਗ ਕਰਨਾ ਆਵੱਸ਼ਕ ਹੈ। ਗੁਰੂ ਅਮਰਦਾਸ ਨੇ 'ਸਿਰੀ ਰਾਗ' ਵਿਚ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ :-

"ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ।
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ।"[3]

ਇਸ ਤੁਕ ਵਿਚ 'ਸਚਿਆਰ ਪਦ' 'ਹੁਕਮਿ ਰਜਾਈ' ਤੇ 'ਹਉਮੈ' ਆਦਿ ਸਿਧਾਂਤਕ ਸ਼ਬਦਾਂ ਦੀ ਵਿਆਖਿਆ ਧਿਆਨ ਯੋਗ ਹੈ। ਭਾਈ ਵੀਰ ਸਿੰਘ ਅਨੁਸਾਰ "ਹੁਕਮ ਮੰਨਣਾ ਉਹ ਅਵਸਥਾ ਹੈ ਜਿਸ ਵੇਲੇ ਪਰਮੇਸ਼ੁਰ ਦੇ ਹੁਕਮ ਨੂੰ ਹੁਕਮ ਮੰਨ ਕੇ ਉਸ ਪੁਰ ਜੀਵ ਟੁਰਦਾ ਹੈ। 'ਰਜ਼ਾ ਮੰਨਣੀ' ਉਹ ਹੈ ਕਿ ਸਾਈਂ ਦੀ ਖੁਸ਼ੀ ਨੂੰ ਪਛਾਣਦਾ ਤੇ ਪ੍ਰਸੰਨਤਾ ਵਿਚ ਆਉਂਦਾ ਹੈ। ਰਜ਼ਾ ਪੁਰ ਟੁਰਨ ਵਾਲੇ ਆਪਣੇ ਸੁਭਾਵ ਤੋਂ ਛੁਟ ਕੇ ਪਰਮੇਸ਼ੁਰ ਦੀ ਸੁਭਾਵ ਦੇ ਐਸੇ ਅਨੁਸਾਰੀ ਹੁੰਦੇ ਹਨ ਕਿ ਹੁਕਮੀ ਤੇ ਹੁਕਮ ਮੰਨਣ ਵਾਲੇ ਵਿਚ ਪੂਰਣ ਪ੍ਰਸੰਨਤਾ ਹੀ ਪ੍ਰਸੰਨਤਾ ਹੋ ਜਾਂਦੀ ਹੈ"।[4]

"ਤੇਰਾ ਕੀਆ ਮੀਠਾ ਲਾਗੈ।"[5]

ਜਪੁਜੀ ਵਿਚ 'ਰਜ਼ਾ' ਸੰਬੰਧੀ ਹੋਰ ਤੁਕਾਂ ਵੀ ਹਨ :-

"ਜੋ ਤੁਧੁ ਭਾਵੈ ਸਾਈ ਭਲੀ ਕਾਰ।"
—(ਪਉੜੀਆਂ 16-19)

1. ਆਦਿ ਗ੍ਰੰਥ, ਪੰ:664.
2. ਓਹੀ, ਪੰ:226.
3. ਓਹੀ, ਪੰ: 65.
4. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ:44, ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, 1959.
5 ਆਦਿ ਗ੍ਰੰਥ ਪੰ: 394.

"ਬੰਦਿ ਖਲਾਸੀ ਭਾਣੈ ਹੋਇ। ਹੋਰੁ ਆਖਿ ਨ ਸਕੈ ਕੋਇ।"
— (ਪਉੜੀ - 25)

"ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ।
ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ ਨਾਨਕ ਰਹਣੁ ਰਜਾਈ।"
— (ਪਉੜੀ - 27)

ਗੁਰਬਾਣੀ ਵਿਚ ਵੀ ਕਿਹਾ ਹੈ ਕਿ ਸਭ ਕੁਝ ਪਰਮਾਤਮਾ ਦੇ ਭਾਣੇ ਵਿਚ ਹੀ ਹੋ ਰਿਹਾ ਹੈ। ਉਸ ਦੀ ਰਜ਼ਾ ਅਨੁਸਾਰ ਹੀ ਜੀਵ ਆਵਾਗਵਨ ਵਿਚ ਆਉਂਦਾ ਹੈ ਤੇ ਬਖਸ਼ਿਆ ਵੀ ਜਾਂਦਾ ਹੈ :-

"ਜਹਿ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹਿ ਜਾਵਾ।
ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤ੍ਰੁ ਹਹਿ ਥਾਵਾ।"[1]

"ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ।
ਭਾਣੈ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ।"[2]

"ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ।
ਨਾ ਕੋ ਮੂਰਖੁ ਨਾ ਕੋ ਸਿਆਣਾ। ਵਰਤੈ ਸਭ ਕਿਛੁ ਤੇਰਾ ਭਾਣਾ।"[3]

ਪ੍ਰਭੂ ਦੇ ਹੁਕਮ ਜਾਂ ਰਜ਼ਾ ਅਨੁਸਾਰ ਹੀ ਤੱਤਾਂ ਅਤੇ ਜੀਵਾਂ ਦਾ ਸੰਜੋਗ ਅਤੇ ਵਿਜੋਗ ਹੁੰਦਾ ਹੈ। ਅਕਾਲ ਪੁਰਖ ਦੀ 'ਸੰਜੋਗ' ਸੱਤਾ ਤੇ 'ਵਿਜੋਗ' ਸੱਤਾ ਦੋਵੇਂ ਮਿਲ ਕੇ ਇਸ ਸੰਸਾਰ ਦੀ ਕਾਰ ਚਲਾ ਰਹੀਆਂ ਹਨ :-

"ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ।"
— (ਪਉੜੀ - 29)

---

1. ਆਦਿ ਗ੍ਰੰਥ, ਪੰ:993.
2. ਉਹੀ, ਪੰ:963.
3. ਉਹੀ, ਪੰ: 98.

ਗੁਰਬਾਣੀ ਵਿਚ ਇਸ ਦੀ ਵਿਆਖਿਆ ਹੋਈ ਹੈ :-

"ਸੰਜੋਗੁ ਵਿਜੋਗੁ ਧੁਰਹੁ ਹੀ ਹੂਆ। ਪੰਚ ਧਾਤੁ ਕਰਿ ਪੁਤਲਾ ਕੀਆ।
ਸਾਹੈ ਕੇ ਫੁਰਮਾਇਅੜੇ ਜੀ ਦੇਹੀ ਵਿਚਿ ਜੀਉ ਆਇ ਪਾਇਆ।"[1]

"ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ।
ਸ੍ਰਿਸਟਿ ਉਪਾਇ ਦੁਖਾ ਸੁਖ ਦੀਏ।"[2]

ਸੋ ਪਹਿਲੀ, ਦੂਜੀ ਤੇ ਤੀਜੀ ਪਉੜੀਆਂ ਵਿਚ 'ਹੁਕਮ' ਦਾ ਸੰਕਲਪ ਪਰਮਾਤਮਾ ਦਾ ਸ਼ਕਤੀ ਸਰੂਪ ਪੇਸ਼ ਕਰਦਾ ਹੈ। ਹੁਕਮ ਜਾਂ ਸੱਚ ਨੂੰ ਪੂਰੀ ਤਰ੍ਹਾਂ ਬਿਆਨ ਕਰ ਸਕਣਾ ਸੰਭਵ ਨਹੀਂ ਹੈ ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਬ੍ਰਹਮੰਡ ਦਾ ਸਾਰਾ ਪਰਵਾਹ ਨੇਮਾਂ ਦਾ ਅਨੁਸਾਰੀ ਹੈ। ਇਥੋਂ ਤਕ ਭੂਮਿਕਾ ਬੰਨ੍ਹ ਕੇ ਚੌਥੀ ਪਉੜੀ ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ 'ਨਾਮ' ਹੀ ਇਕ ਐਸਾ ਸਾਧਨ ਹੈ ਜੋ ਉਸ ਪ੍ਰਭੂ ਤਕ ਸਾਡੀ ਪਹੁੰਚ ਕਰਾ ਸਕਦਾ ਹੈ :-

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।"

—(ਪਉੜੀ-4)

'ਸੱਚੇ ਨਾਮ' ਨਾਲ 'ਵਡਿਆਈ ਵੀਚਾਰੁ' ਲਿਖਣ ਦਾ ਮਤਲਬ ਨਾਮ ਦੀ ਪਰਿਭਾਸ਼ਾ ਦੇਣਾ ਹੈ। ਨਾਮ ਜਪਣ ਦਾ ਵਾਸਤਵਿਕ ਰੂਪ ਪ੍ਰਭੂ ਦੇ ਗੁਣਾਂ ਨੂੰ ਹਿਰਦੇ ਵਿਚ ਵਸਾਉਣਾ ਹੈ ਅਤੇ ਇਸ ਲਈ 'ਅੰਮ੍ਰਿਤ ਵੇਲਾ' ਮੁਨਾਸਬ ਦਸਿਆ ਹੈ, ਜਦੋਂ ਕਿ ਮਨੁੱਖ ਦਾ ਮਨ ਆਮ ਕਰਕੇ ਸੰਸਾਰ ਦੇ ਝਮੇਲਿਆਂ ਤੋਂ ਵਿਹਲਾ ਹੁੰਦਾ ਹੈ।

ਗੁਰਬਾਣੀ ਵਿਚ 'ਅੰਮ੍ਰਿਤ ਵੇਲੇ' ਨੂੰ ਪੂਰਨ ਖਿੜਾਉ ਦਾ ਸਮਾਂ ਕਿਹਾ ਹੈ ਤੇ 'ਨਾਮ' ਦੀ ਮਹਿਮਾ ਅਨੂਠੀ ਦੱਸੀ ਹੈ :-

"ਚਉਥੈ ਪਹਿਰ 'ਸਬਾਹ'[3] ਕੈ ਸੁਰਤਿਆ ਉਪਜੈ ਚਾਉ।
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।"[4]

---

1. ਆਦਿ ਗ੍ਰੰਥ, ਪੰ:1007.
2. ਓਹੀ, ਪੰ:1032.
3. 'ਅੰਮ੍ਰਿਤ ਵੇਲੇ'
4. ਆਦਿ ਗ੍ਰੰਥ, ਪੰ:146.

"ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ।
ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ।"[1]

"ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤਿ ਹਰਿ ਨਾਉ।
ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ।
ਜਨਮ ਮਰਨ ਭੈ ਕਟੀਅਹਿ ਨਿਹਚਲ ਸਚੁ ਥਾਉ।"[2]

'ਜਪੁਜੀ' ਦੀ 20ਵੀਂ ਪਉੜੀ ਵਿਚ ਵੀ ਇਸੇ ਦੀ ਵਿਆਖਿਆ ਹੈ ਕਿ ਜਦੋਂ ਬੁੱਧੀ ਪਾਪਾਂ ਦੀ ਸੰਗਤ ਕਰਕੇ ਮਲੀਨ ਹੋ ਜਾਂਦੀ ਹੈ ਤਾਂ ਉਹ ਵੀ ਨਾਮ ਦੀ ਰੰਗਣ ਵਿਚ ਰੰਗੀਜ ਕੇ ਧੋਤੀ ਜਾਂਦੀ ਹੈ :-

"ਭਰੀਐ ਮਤਿ ਪਾਪਾ ਕੈ ਸੰਗਿ।
ਓਹੁ ਧੋਪੈ ਨਾਵੈ ਕੈ ਰੰਗਿ।
—(ਪਉੜੀ-20)

ਭਾਵ 'ਨਾਮ' ਮਹਾਨ ਹੈ ਤੇ ਬੁਰਾ ਮਨੁੱਖ ਵੀ ਇਸ ਦੀ ਬਰਕਤ ਨਾਲ 'ਸਚਿਆਰ' ਹੋ ਸਕਦਾ ਹੈ। ਨਾਮ ਦੁਆਰਾ ਮਨੁੱਖ ਦੈਵੀ ਮਿਹਰ (ਨਦਰਿ) ਦਾ ਪਾਤਰ ਬਣਦਾ ਹੈ ਤੇ ਇਸ ਨਾਲ ਉਹ ਮੁਕਤੀ ਦਾ ਹਕਦਾਰ ਬਣ ਜਾਂਦਾ ਹੈ :-

"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ।"
—(ਪਉੜੀ-4)

ਕਰਮਾਂ ਨਾਲ ਸਰੀਰ ਰੂਪੀ ਕਪੜਾ ਅਰਥਾਤ ਮਨੁੱਖਾ ਦੇਹੀ ਮਿਲਦੀ ਹੈ ਪਰ ਮੁਕਤੀ ਦਾ ਦਰਵਾਜ਼ਾ ਵਾਹਿਗੁਰੂ ਦੀ ਮਿਹਰ ਨਾਲ ਪ੍ਰਾਪਤ ਹੁੰਦਾ ਹੈ। ਇਸ ਤੁਕ ਵਿਚ 'ਕਰਮੀ', 'ਨਦਰੀ' ਤੇ 'ਮੋਖੁ ਦੁਆਰੁ' ਤਿੰਨ ਸਿਧਾਂਤਕ ਸ਼ਬਦ ਆਏ ਹਨ। ਗੁਰੂ ਸਾਹਿਬ ਨੇ ਇਥੇ 'ਮੋਖੁ ਦੁਆਰੁ' ਦਾ ਆਪਣਾ ਸੰਕਲਪ ਦਸਿਆ ਹੈ। ਮੁਕਤ ਹੋਏ ਮਨੁੱਖ ਨੂੰ ਇਹ ਅਨੁਭਵ ਹੋ ਜਾਂਦਾ ਹੈ ਕਿ ਸੱਚ ਸਰੂਪ

1. ਆਦਿ ਗ੍ਰੰਥ, ਪੰ:659.
2. ਉਹੀ, ਪੰ:707.

ਪਰਮਾਤਮਾ ਹਰ ਥਾਂ ਵਿਆਪਕ ਹੈ। ਆਮ ਕਰਕੇ 'ਮੁਕਤੀ' ਦੇ ਅਰਥ ਆਵਾਗਵਨ ਤੇ ਇਸ ਦੇ ਦੁਖਾਂ ਤੋਂ ਛੁਟਕਾਰੇ ਦੇ ਲਏ ਜਾਂਦੇ ਹਨ, ਪਰ ਇਸ ਦਾ ਸਕਾਰਾਤਮਕ ਪੱਖ ਈਸ਼ਵਰ ਨਾਲ ਇਕਮਿਕ ਹੋਣਾ ਹੈ। ਨਾਮ ਜਪਣ ਵਾਲਾ ਉਸ ਦੇ ਗੁਣਾਂ ਨੂੰ ਆਪਣੇ ਅੰਦਰ ਅਨੁਭਵ ਕਰਕੇ ਹੌਲੀ ਹੌਲੀ ਉਸ ਦੇ ਨੇੜੇ ਹੁੰਦਾ ਜਾਂਦਾ ਹੈ ਤੇ ਅੰਤ ਵਿਚ ਉਸ ਦੀ ਮਿਹਰ ਦੁਆਰਾ ਉਸ ਨਾਲ ਅਭੇਦ ਹੋ ਕੇ 'ਸਚਿਆਰਾ' ਅਖਵਾਉਣ ਦਾ ਅਧਿਕਾਰੀ ਹੋ ਜਾਂਦਾ ਹੈ। ਇਹੀ ਮੁਕਤੀ ਹੈ। ਇਸ ਦੀ ਵਿਆਖਿਆ ਗੁਰਬਾਣੀ ਵਿਚ ਵੇਖੋ :-

"ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ।"[1]

"ਗੁਰ ਕੈ ਸਬਦ ਜੋ ਮਰਿ ਜੀਵੈ।ਸੋ ਪਾਏ ਮੋਖ ਦੁਆਰੁ।"[2]

"ਮਤੁ ਕੋ ਜਾਣੈ ਜਾਇ ਅਗੈ ਪਾਇਸੀ।
ਜੇਹੇ ਕਰਮ ਕਮਾਇ ਤੇਹਾ ਹੋਇਸੀ।"[3]

"ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ।
ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ।"[4]

"ਜੈਸੀ ਨਦਰਿ ਕਰੇ ਤੈਸਾ ਹੋਇ।
ਵਿਣੁ ਨਦਰੀ ਨਾਨਕ ਨਹੀ ਕੋਇ।"[5]

'ਜਪੁਜੀ' ਦੀਆਂ ਹੋਰ ਪਉੜੀਆਂ ਵਿਚ ਵੀ ਇਨ੍ਹਾਂ ਦੀ ਵਿਆਖਿਆ ਹੋਈ ਹੈ :-

"ਮੰਨੈ ਪਾਵਹਿ ਮੋਖੁ ਦੁਆਰੁ।"

—(ਪਉੜੀ-15)

---

1. ਆਦਿ ਗ੍ਰੰਥ, ਪੰ:1276.
2. ਓਹੀ, ਪੰ: 942.
3. ਓਹੀ, ਪੰ: 730.
4. ਓਹੀ, ਪੰ:1242.
5. ਓਹੀ, ਪੰ: 661.

"ਕਰਮੀ ਕਰਮੀ ਹੋਇ ਵੀਚਾਰੁ ਸਚਾ ਆਪਿ ਸਚਾ ਦਰਬਾਰੁ।"

— (ਪਉੜੀ-34)

"ਜਿਨ ਕਉ ਨਦਰਿ ਕਰਮੁ ਤਿਨ ਕਾਰ।

ਨਾਨਕ ਨਦਰੀ ਨਦਰਿ ਨਿਹਾਲ।"

— (ਪਉੜੀ-38)

ਪੰਜਵੀਂ, ਛੇਵੀਂ ਤੇ ਸੱਤਵੀਂ, ਤਿੰਨ ਪਉੜੀਆਂ ਵਿਚ ਮਿਹਰ ਨੂੰ ਮੰਤਵ ਬਣਾਉਣ ਵਾਲੇ ਨਾਮ ਤੇ ਮਿਹਰ ਦੀ ਤੁਲਨਾ ਹੋਰ ਪ੍ਰਚਲਤ ਧਾਰਮਿਕ ਸਾਧਨਾਂ ਨਾਲ ਕੀਤੀ ਹੈ। ਭਾਰਤ ਵਿਚ ਦੇਵ-ਪੂਜਾ, ਤੀਰਥ ਯਾਤਰਾ ਤੇ ਯੋਗ ਅਭਿਆਸ ਵਰਗੇ ਸਾਧਨ ਮੁਕਤੀ ਦੀ ਪ੍ਰਾਪਤੀ ਲਈ ਵਰਤੇ ਜਾਂਦੇ ਸਨ ਪਰ ਮੁਕਤੀ ਤੋਂ ਛੁੱਟ ਇਨ੍ਹਾਂ ਤੋਂ ਹੋਰ ਵੀ ਕਈ ਪ੍ਰਾਪਤੀਆਂ ਦੀ ਆਸ ਕੀਤੀ ਜਾਂਦੀ ਸੀ। ਦੇਵ-ਪੂਜਾ ਰਾਹੀਂ ਦੁੱਧ ਪੁੱਤ ਦੀ, ਤੀਰਥ ਯਾਤਰਾ ਰਾਹੀਂ ਪਾਪ ਧੋਣ ਦੀ ਤੇ ਯੋਗ ਅਭਿਆਸ ਰਾਹੀਂ ਮਾਨਸਿਕ ਸ਼ਕਤੀਆਂ ਤੇ ਲੰਮੀ ਜੀਵਨ ਦੀ। ਪਦਾਰਥਕ, ਮਾਨਸਿਕ ਤੇ ਨੈਤਿਕ ਅਨੇਕਾਂ ਗੁਣਾਂ ਦੇ ਚਾਹਵਾਨ ਧਰਮ ਦਾ ਲੜ ਫੜਦੇ ਸਨ ਪਰੰਤੂ 'ਜਪੁਜੀ' ਵਿਚ ਗੁਰੂ ਨਾਨਕ ਨੇ ਮੁਕਤੀ ਤੇ ਹੋਰ ਉਪਰ ਦੱਸੇ ਗੁਣਾਂ ਦੇ ਚਾਹਵਾਨ ਨੂੰ ਨਾਮ ਦਾ ਲੜ ਫੜਨ ਦਾ ਉਪਦੇਸ਼ ਦਿਤਾ ਹੈ। ਨਾਮ ਜਪਣ ਦੇ ਅੰਤਿਮ ਉਦੇਸ਼ ਦਾ ਵਾਸਤਵਿਕ ਰੂਪ ਤਾਂ ਸੱਚ ਨਾਲ ਮਨੁੱਖ ਦੀ ਅਭੇਦਤਾ ਹੈ ਜਿਸ ਨੂੰ ਗੁਰੂ ਨਾਨਕ ਨੇ ਸਚਿਆਰ ਹੋਣਾ ਕਿਹਾ ਹੈ। ਉਨ੍ਹਾਂ ਅਨੁਸਾਰ ਗੁਰੂ ਦੀ ਬਾਣੀ ਹੀ ਉਹ ਮਹਾਨ ਤੀਰਥ ਹੈ ਜਿਸ ਤੇ ਇਸ਼ਨਾਨ ਕਰਨ ਨਾਲ ਮਤਿ ਉੱਜਲ ਹੁੰਦੀ ਹੈ :-

"ਮਤਿ ਵਿਚਿ ਰਤਨ ਜਵਾਹਰ ਮਾਣਿਕ

ਜੇ ਇਕ ਗੁਰ ਕੀ ਸਿਖ ਸੁਣੀ।"

— (ਪਉੜੀ-6)

ਰਤਨ, ਜਵਾਹਰ, ਮਾਣਿਕ, ਬਹੁ-ਮੁੱਲੀਆਂ ਵਸਤਾਂ ਹਨ ਤੇ ਚਿੰਨ੍ਹ ਰੂਪ ਵਿਚ ਜੀਵਨ ਦੇ ਉਚੇਰੇ ਗੁਣਾਂ ਦੀਆਂ ਲਖਾਇਕ ਹਨ। ਆਮ ਕਰਕੇ ਇਨ੍ਹਾਂ ਨੂੰ ਸਤ, ਸੰਤੋਖ, ਦਇਆ ਆਦਿ ਸਦਾਚਾਰਕ ਗੁਣਾਂ ਦੀਆਂ ਪ੍ਰਤੀਕ ਮੰਨਿਆ ਜਾਂਦਾ ਹੈ। ਇਥੇ ਇਨ੍ਹਾਂ ਦਾ ਭਾਵ 'ਉੱਜਲ ਨਿਰਮਲ ਵਿਚਾਰਾਂ ਨੂੰ ਧਾਰਣ ਕਰਨਾ' ਹੈ। ਉੱਜਲ ਮਤਿ ਇਹ ਹੈ ਕਿ ਕੇਵਲ ਸਚਾਈ ਹੀ ਮਨੁੱਖ ਦੀ ਰਖਿਆ ਕਰਨ ਵਾਲੀ ਹੈ ਤੇ ਉਸ ਨੂੰ ਪੂਰਣਤਾ ਤਕ ਪਹੁੰਚਾਣ ਵਾਲੀ ਹੈ। ਗੁਰਬਾਣੀ ਵਿਚ ਇਸ ਦੀ ਵਿਆਖਿਆ ਇਸ ਤਰ੍ਹਾਂ ਹੋਈ ਹੈ :-

"ਬਿਬੇਕ ਬੁਧਿ ਸਤਿਗੁਰ ਤੇ ਪਾਈ।
ਗੁਰ ਗਿਆਨੁ ਗੁਰੂ ਪ੍ਰਭ ਕੇਰਾ।"[1]

"ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ।
ਵਡੈ ਭਾਗਿ ਸਾਧੂ ਸੰਗੁ ਪਾਵੈ।"[2]

ਇਨ੍ਹਾਂ ਪ੍ਰਮਾਣਾਂ ਵਿਚ 'ਮਤਿ ਵਿਚਿ ਰਤਨ ਜਵਾਹਰ ਮਾਣਿਕ' ਨੂੰ 'ਬਿਬੇਕ ਬੁਧਿ' ਅਤੇ 'ਗੁਰੂ' ਨੂੰ 'ਸਾਧੂ' ਕਿਹਾ ਗਿਆ ਹੈ।

ਮਨੁੱਖ ਦੀ ਮਹਾਨਤਾ ਕੇਵਲ ਇਸ ਵਿਚ ਹੀ ਹੈ ਕਿ ਉਹ ਪੂਰਣਤਾ ਨੂੰ ਪ੍ਰਾਪਤ ਕਰੇ ਤੇ ਇਸ ਦੀ ਪ੍ਰਾਪਤੀ ਦਾ ਸਾਧਨ ਮਨੁੱਖ ਦੇ ਸਦਾਚਾਰਕ ਗੁਣ ਹਨ। ਇਹ ਗੁਣ ਕੇਵਲ ਸਚਾਈ ਦਾ ਧਾਰਣੀ ਹੋਣ ਨਾਲ ਹੀ ਪ੍ਰਾਪਤ ਹੋ ਸਕਦੇ ਹਨ। ਗੁਰੂ ਨਾਨਕ ਪਰਮਾਤਮਾ ਨੂੰ ਸਭ ਗੁਣਾਂ ਦਾ ਸਰੋਤ ਕਹਿ ਕੇ ਮਨੁੱਖ ਨੂੰ ਭੇਖੀ ਜੋਗੀਆਂ, ਕਰਮ ਕਾਂਡੀ ਤੀਰਥ ਯਾਤਰੀਆਂ ਤੇ ਮੂਰਤੀ ਪੂਜਾ ਦੇ ਭਰਮ ਜਾਲ ਤੋਂ ਮੁਕਤ ਕਰਾਉਣਾ ਚਾਹੁੰਦੇ ਹਨ। ਧਾਰਮਿਕ ਆਗੂਆਂ ਦੀਆਂ ਇਹ ਸ੍ਰੇਣੀਆਂ ਮਨੁੱਖ ਨੂੰ ਸੱਚ ਦੇ ਰਾਹ ਤੋਂ ਭਰਮਾਉਂਦੀਆਂ ਹਨ। ਗੁਰੂ ਸਾਹਿਬ ਦਸਦੇ ਹਨ ਕਿ ਨਾਮ ਜਪਣ ਦੁਆਰਾ ਮਨੁੱਖ 'ਜੋਗੀ' ਬਣ ਜਾਂਦਾ ਹੈ। 'ਜੋਗੀ' ਦਾ ਭਾਵ ਹੈ ਪ੍ਰਭੂ ਨਾਲ ਜੁੜਿਆ ਹੋਇਆ। ਜੋਗੀ ਉਹ ਬਣਦਾ ਹੈ ਜਿਸ ਵਿਚ 'ਸਚਿਆਰ' ਦੇ ਗੁਣ ਹੋਣ। ਇਨ੍ਹਾਂ ਗੁਣਾਂ ਦਾ ਵਰਣਨ 'ਜਪੁਜੀ' ਦੀ 28ਵੀਂ, 29ਵੀਂ ਤੇ 38ਵੀਂ ਪਉੜੀਆਂ ਵਿਚ ਹੋਇਆ ਹੈ। ਉਹ ਗੁਣ ਹਨ - ਸੰਤੋਖ, ਸਰਮੁ, ਧਿਆਨ, ਪਰਤੀਤਿ, ਗਿਆਨ, ਦਇਆ, ਜਤੁ, ਧੀਰਜੁ, ਤੇ ਭਾਉ ਆਦਿ। ਉਸ ਅਕਾਲ ਪੁਰਖ ਵਿਚ ਇਹ ਸਮਰਥਾ ਹੈ ਕਿ ਉਹ ਗੁਣਹੀਣ ਮਨੁੱਖ ਵਿਚ ਇਹ ਗੁਣ ਪੈਦਾ ਕਰ ਦੇਂਦਾ ਹੈ ਤੇ ਗੁਣੀ ਮਨੁੱਖਾਂ ਨੂੰ ਵੀ ਹੋਰ ਗੁਣ ਓਹੀ ਬਖਸ਼ਦਾ ਹੈ ਪਰੰਤੂ ਇਸ ਸੰਸਾਰ ਵਿਚ ਕੋਈ ਅਜਿਹਾ ਨਜ਼ਰ ਨਹੀਂ ਆਉਂਦਾ ਜਿਹੜਾ ਉਸ ਵਾਹਿਗੁਰੂ ਨੂੰ ਗੁਣ ਦੇਣ ਦੇ ਸਮਰਥ ਹੋਵੇ :-

"ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣ ਦੇ।
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣ ਕੋਇ ਕਰੇ।"

—(ਪਉੜੀ-7)

---

1. ਆਦਿ ਗ੍ਰੰਥ, ਪੰ:711.
2. ਓਹੀ, ਪੰ:189.

21ਵੀਂ ਪਉੜੀ ਵਿਚ ਤਾਂ ਗੁਰੂ ਸਾਹਿਬ ਨੇ ਇਥੋਂ ਤਕ ਕਹਿ ਦਿੱਤਾ ਹੈ ਕਿ, ਹੇ ਅਕਾਲ ਪੁਰਖ, ਸਾਰੇ ਗੁਣ ਤੇਰੇ ਦਿੱਤੇ ਮਿਲਦੇ ਹਨ, ਮੇਰੇ ਵਿਚ ਆਪੂੰ ਕੋਈ ਗੁਣ ਨਹੀਂ ਹੈ ਅਤੇ ਇਨ੍ਹਾਂ ਗੁਣਾਂ ਨੂੰ ਧਾਰਣ ਕੀਤੇ ਬਿਨਾ ਮੈਥੋਂ ਤੇਰੀ ਭਗਤੀ ਨਹੀਂ ਹੋ ਸਕਦੀ :-

"ਸਭਿ ਗੁਣ ਤੇਰੇ ਮੈ ਨਾਹੀ ਕੋਇ।
ਵਿਣੁ ਗੁਣ ਕੀਤੇ ਭਗਤਿ ਨ ਹੋਇ।"
—(ਪਉੜੀ-21)

ਇਸ ਦੀ ਵਿਆਖਿਆ ਗੁਰਬਾਣੀ ਵਿਚ ਹੋਈ ਹੈ :-

"ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।
ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ।"[1]

"ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ।
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ।"[2]

"ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ। ਪੂਰੇ ਗੁਰ ਕੈ ਸਬਦਿ ਸਮਾਹਿ।੧।ਰਹਾਉ।
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ। ਅੰਮ੍ਰਿਤ ਸਬਦਿ ਨਾਮੁ ਵਖਾਣੈ।
ਸਾਚੀ ਬਾਣੀ ਸੂਚਾ ਹੋਇ। ਗੁਣ ਤੇ ਨਾਮੁ ਪਰਾਪਤਿ ਹੋਇ।"[3]

'ਗੁਣ' ਹੀ ਮਨੁੱਖ ਨੂੰ ਸਚਿਆਰ ਬਣਾਉਂਦੇ ਹਨ ਅਤੇ ਇਨ੍ਹਾਂ ਗੁਣਾਂ ਦੀ ਦਾਤ ਪੂਰੇ ਗੁਰੂ ਤੋਂ ਮਿਲਦੀ ਹੈ। ਗੁਰੂ ਦੀ ਸਿਖਿਆ ਸੁਣਨ ਤੇ ਮੰਨਣ ਨਾਲ ਮਨੁੱਖ ਸਚਿਆਰ ਹੋ ਜਾਂਦਾ ਹੈ। ਉਸ ਪਦਵੀ ਨੂੰ 'ਸੁਣਣ' ਦੀਆਂ ਪਉੜੀਆਂ ਵਿਚ 'ਭਗਤ' ਕਿਹਾ ਹੈ :-

1. ਆਦਿ ਗ੍ਰੰਥ, ਪੰ:17-18.
2. ਉਹੀ, ਪੰ: 379.
3. ਉਹੀ, ਪੰ: 361.

"ਨਾਨਕ ਭਗਤਾ ਸਦਾ ਵਿਗਾਸੁ।
ਸੁਣਿਐ ਦੂਖ ਪਾਪ ਕਾ ਨਾਸੁ।"

'ਵਿਗਾਸ' ਸ਼ਬਦ ਦਾ ਅਰਥ ਹੈ —'ਖੁਸ਼ੀ' ਜਾਂ 'ਖੇੜਾ'। ਭਗਤ ਦਾ ਜੀਵਨ ਅਨੰਦ ਭਰਪੂਰ ਹੁੰਦਾ ਹੈ। ਉਸ ਨੂੰ ਪਾਪ ਨਸ਼ਟ ਕਰ ਲੈਣ ਦੀ ਅਤੇ ਦੁਖ ਦੂਰ ਕਰ ਲੈਣ ਦੀ ਜਾਚ ਆ ਜਾਂਦੀ ਹੈ। ਇਹ ਗੱਲ ਸੁਣਨ ਦੀਆਂ ਚੌਹਾਂ ਪਉੜੀਆਂ ਵਿਚ ਦੁਹਰਾਈ ਗਈ ਹੈ ਜਿਸ ਤੋਂ ਭਾਵ ਇਹ ਹੈ ਕਿ ਇਹ ਗੱਲ ਗੁਰੂ ਜੀ, ਮੁੱਖ ਦੱਸ ਰਹੇ ਹਨ। 'ਭਗਤ' ਤੇ 'ਵਿਗਾਸ ਅਵਸਥਾ' ਦਾ ਸੰਬੰਧ ਅਟੁੱਟ ਹੈ। ਖੰਡਾਂ ਵਾਲੀਆਂ ਪਉੜੀਆਂ ਵਿਚ ਵੀ 'ਭਗਤ' ਦੀ ਇਹੋ ਅਵਸਥਾ ਦੱਸੀ ਹੈ। ਪਉੜੀ-37 ਵਿਚ ਭਗਤ ਦਾ ਨਿਵਾਸ 'ਕਰਮ ਖੰਡ' ਵਿਚ ਤੇ ਉਸ ਨੂੰ 'ਅਨੰਦ' ਵਿਚ ਤੇ 'ਸਚ ਮਨਿ' ਵਸਿਆ ਸੋਇ' ਦਰਸਾਇਆ ਹੈ :-

"ਤਿਥੈ ਭਗਤ ਵਸਹਿ ਕੇ ਲੋਅ।
ਕਰਹਿ ਅਨੰਦੁ ਸਚਾ ਮਨਿ ਸੋਇ।"
— (ਪਉੜੀ-37)

'ਸਦੀਵੀ ਖੇੜਾ' ਭਗਤ ਦੀ ਦਸ਼ਾ ਹੈ ਤੇ ਨਾਮ ਜਪਣ ਵਾਲੇ ਦੇ ਹਿਰਦੇ ਵਿਚ ਇਸ ਦੇ ਸੋਮੇ ਫੁਟਦੇ ਹਨ ਤੇ ਹਰ ਸਮੇਂ ਅੰਮ੍ਰਿਤ ਦੀ ਬਰਖਾ ਹੁੰਦੀ ਰਹਿੰਦੀ ਹੈ। ਇਸ ਦੀ ਵਿਆਖਿਆ ਗੁਰਬਾਣੀ ਵਿਚ ਇਸ ਤਰ੍ਹਾਂ ਹੋਈ ਹੈ :-

"ਭਗਤਾ ਮੁਖਿ ਅੰਮ੍ਰਿਤੁ ਹੈ ਬਾਣੀ। ਗੁਰਮੁਖਿ ਹਰਿਨਾਮੁ ਆਖਿ ਵਖਾਣੀ।
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ।"[1]

"ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ।"[2]

"ਜਿਨ ਮਨਿ ਵੁਠਾ ਆਪਿ ਪੂਰੇ ਭਗਤ ਸੇ।"[3]

ਗੁਰੂ ਅਰਜਨ ਸਾਹਿਬ ਅਜਿਹੇ ਸਤਿਗੁਰੂ ਤੋਂ ਕੁਰਬਾਨ ਜਾਂਦੇ ਹਨ ਜਿਸ ਨੇ ਇਹ ਖੇਲ ਵਿਖਾਲਿਆ ਹੈ ਕਿ ਸਾਰਾ ਸੰਸਾਰ ਮਾਇਆ ਦੀ ਕੂੜਵੀਂ ਅਗ ਨਾਲ ਸੜ ਰਿਹਾ ਹੈ ਪਰ ਭਗਤਾਂ

1. ਆਦਿ ਗ੍ਰੰਥ, ਪੰ: 1069-70.
2. ਓਹੀ, ਪੰ: 373.
3. ਓਹੀ, ਪੰ: 397.

ਨੂੰ ਮਾਇਆ ਵੀ ਚੰਬੜ ਨਹੀਂ ਸਕਦੀ :-

"ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ।
ਗੂੜੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ।"[1]

'ਮਨਨ' ਦੀਆਂ ਪਉੜੀਆਂ ਵਿਚ ਉਸੇ ਸਚਿਆਰ ਨੂੰ ਨਾਮ ਦੇ ਮੰਨਣ ਵਾਲਾ ਕਿਹਾ ਹੈ। ਇਨ੍ਹਾਂ ਪਉੜੀਆਂ ਦੀਆਂ ਅੰਤਲੀਆਂ ਤੁਕਾਂ ਵਿਚ 'ਮੰਨੈ' ਦਾ ਸੰਬੰਧ ਨਾਮ ਨਾਲ ਜੋੜਿਆ ਹੈ। ਭਾਈ ਵੀਰ ਸਿੰਘ ਅਨੁਸਾਰ "ਵੇਦਾਂਤ ਵਿਚ ਮੰਨਣ ਦਾ ਅਰਥ ਹੈ ਸੁਣੇ ਹੋਏ ਸ਼ਾਸਤ੍ਰ ਵਾਕਾਂ ਦਾ ਵਾਰ ਵਾਰ ਵਿਚਾਰ ਕਰਨਾ ਜਾਂ ਪ੍ਰਸ਼ਨੋਤਰ ਕਿ ਸ਼ੰਕਾ ਸਮਾਧਾਨ ਦੁਆਰਾ ਨਿਸ਼ਚਯ ਕਰਨਾ ਪਰ ਇਨ੍ਹਾਂ ਪਉੜੀਆਂ ਵਿਚ 'ਮੰਨੈ' ਦਾ ਭਾਵ 'ਈਸ਼੍ਵਰ ਦੇ ਨਾਮ ਦਾ ਮਨਨ' ਹੈ। ਇਹ ਗੱਲ ਇਨ੍ਹਾਂ ਪਉੜੀਆਂ ਵਿਚ ਸਪਸ਼ਟ ਹੋ ਜਾਂਦੀ ਹੈ,"[2] ਯਥਾ -

"ਐਸਾ ਨਾਮੁ ਨਿਰੰਜਨੁ ਹੋਇ। ਜੇ ਕੋ ਮੰਨਿ ਜਾਣੈ ਮਨਿ ਕੋਇ।"

ਜਪੁਜੀ ਵਿਚ ਕਿਉਂਕਿ ਸੁਣਨ ਤੇ ਮਨਨ ਦੀਆਂ ਕਿਰਿਆਵਾਂ ਨਾਲ ਨਾਲ ਆਈਆਂ ਹਨ, ਇਸ ਲਈ ਸੁਣਨ ਦਾ ਸੰਬੰਧ ਵੀ ਮਨਨ ਦੀ ਤਰ੍ਹਾਂ ਨਾਮ ਨਾਲ ਹੀ ਹੈ। ਇਨ੍ਹਾਂ ਪਉੜੀਆਂ ਤੋਂ 'ਸੁਣਿਐ' ਦੇ ਅਰਥ ਇਹ ਸਿਧ ਹੁੰਦੇ ਹਨ ਕਿ ਨਾਮ ਜਪਣ ਵਾਲਾ ਸਾਧਕ ਪਹਿਲੋਂ ਗੁਰੂ ਤੋਂ ਇਹ ਗੱਲ ਸੁਣ ਕੇ, ਕਿ ਪਰਮਾਤਮਾ ਸਭ ਗੁਣਾਂ ਦਾ ਸਰੋਤ ਹੈ, ਉਸ ਵਲ ਝੁਕਦਾ ਹੈ। ਗੁਰਬਾਣੀ ਵਿਚ ਵੀ ਕਿਹਾ ਹੈ ਕਿ ਪਹਿਲਾਂ ਗੁਰ-ਮੰਤਰ ਅਥਵਾ ਗੁਰ-ਉਪਦੇਸ਼ ਕੰਨਾਂ ਦੁਆਰਾ ਸਾਧਕ ਦੇ ਅੰਦਰ ਪ੍ਰਵੇਸ਼ ਕਰਦਾ ਹੈ :-

"ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ।"[3]

ਇਸ ਤੋਂ ਉਪਰੰਤ ਕੰਨਾਂ ਦੁਆਰਾ ਸੁਣੇ ਅੰਮ੍ਰਿਤ ਰੂਪੀ ਨਾਮ ਦਾ ਅਭਿਆਸ ਕੀਤਾ ਜਾਂਦਾ ਹੈ। ਇਸ ਅਭਿਆਸ ਦੁਆਰਾ ਜੋ ਆਚਰਣ ਬਣਦਾ ਹੈ ਉਸ ਦਾ ਵਰਣਨ 'ਮੰਨੈ' ਦੀਆਂ ਪਉੜੀਆਂ ਵਿਚ ਕੀਤਾ ਹੈ। ਗੁਰਬਾਣੀ ਵਿਚ ਤੇ ਵਿਸ਼ੇਸ਼ ਕਰਕੇ ਸਾਰੰਗ ਦੀ ਵਾਰ ਵਿਚ 'ਸੁਣੈ' ਤੇ 'ਮੰਨੈ' ਵਾਲੀਆਂ ਪਉੜੀਆਂ ਵਿਚ ਆਏ ਵਿਚਾਰਾਂ ਦੀ ਵਿਆਖਿਆ ਹੋਈ ਹੈ :-

---

1. ਆਦਿ ਗ੍ਰੰਥ, ਪੰ: 673.
2. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ:79.
3. ਆਦਿ ਗ੍ਰੰਥ, ਪੰ:1302.

(ੳ) "ਸੁਣਿਐ ਸਿਧ ਪੀਰ ਸੁਰਿ ਨਾਥ।" — (ਪਉੜੀ-8)

"ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ।"[1]

(ਅ) "ਸੁਣਿਐ ਪੋਹਿ ਨ ਸਕੈ ਕਾਲੁ।" — (ਪਉੜੀ-8)

"ਨਾਮੁ ਸੁਣਤ ਜਮੁ ਦੂਰਹੁ ਭਾਗੈ।"[2]

(ੲ) "ਸੁਣਿਐ ਮੁਖਿ ਸਾਲਾਹਣ ਮੰਦੁ।" — (ਪਉੜੀ-9)

"ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ।"[3]

(ਸ) "ਸੁਣਿਐ ਸਤੁ ਸੰਤੋਖੁ ਗਿਆਨੁ।" — (ਪਉੜੀ-10)

"ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ।"[4]

(ਹ) "ਸੁਣਿਐ ਲਾਗੈ ਸਹਜਿ ਧਿਆਨੁ।" — (ਪਉੜੀ-10)

"ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ।"[5]

(ਕ) "ਸੁਣਿਐ ਅੰਧੇ ਪਾਵਹਿ ਰਾਹੁ।" — (ਪਉੜੀ-11)

"ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ।"[6]

(ਖ) "ਸੁਣਿਐ ਦੂਖ ਪਾਪ ਕਾ ਨਾਸੁ।" — (ਪਉੜੀ-10-11)

"ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ।

- - - - - -

"ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ।"[7]

---

1. ਆਦਿ ਗ੍ਰੰਥ, ਪੰ:1240.
2. ਓਹੀ, ਪੰ:1150.
3. ਓਹੀ, ਪੰ:1240.

4,5,6,7. ਓਹੀ, ਪੰ:1240.

(ਗ) "ਮੰਨੈ ਸੁਰਤਿ ਹੋਵੈ ਮਨਿ ਬੁਧਿ।" – (ਪਉੜੀ-13)

"ਨਾਇ ਮੰਨਿਐ ਸੁਰਤਿ ਉਪਜੈ ਨਾਮੇ ਮਤਿ ਹੋਈ।"[1]

(ਘ) "ਮੰਨੈ ਮੁਹਿ ਚੋਟਾ ਨਾ ਖਾਇ।" – (ਪਉੜੀ-13)

"ਨਾਵਹੁ ਭੁਲੀ ਚੋਟਾ ਖਾਏ।"[2]

(ਙ) "ਮੰਨੈ ਜਮ ਕੈ ਸਾਥਿ ਨ ਜਾਇ।" –(ਪਉੜੀ-13)

"ਹਰਿ ਕੂਟ ਗਮਤ ਨਾਹੀ ਜਮ ਪੰਥ।"[3]

(ਚ) "ਮੰਨੈ ਮਾਰਗਿ ਠਾਕ ਨ ਪਾਇ।" – (ਪਉੜੀ-14)

"ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ।"[4]

(ਛ) "ਮੰਨੈ ਪਤਿ ਸਿਉ ਪਰਗਟੁ ਜਾਇ।" – (ਪਉੜੀ-14)

"ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ।"[5]

"ਨਾਨਕ ਨਾਮਿ ਰਤੇ ਪਤਿ ਹੋਇ।"[6]

(ਜ) "ਮੰਨੈ ਪਾਵਹਿ ਮੋਖੁ ਦੁਆਰੁ।" –(ਪਉੜੀ-15)

"ਨਾਇ ਮੰਨਿਐ ਸਾਂਤਿ ਉਪਜੈ ਹਰਿ ਮੰਨਿ ਵਸਾਇਆ।"[7]

"ਗੁਰਮਤਿ ਮਾਨਿਆ ਮੋਖ ਦੁਆਰੁ।"[8]

---

1. ਆਦਿ ਗ੍ਰੰਥ, ਪੰ:1242.
2. ਉਹੀ, ਪੰ:1025.
3. ਉਹੀ, ਪੰ:867.
4. ਉਹੀ, ਪੰ:1241.
5. ਉਹੀ, ਪੰ:1241.
6. ਉਹੀ, ਪੰ:931.
7. ਉਹੀ, ਪੰ:1242.
8. ਉਹੀ, ਪੰ: 833.

(ਝ) "ਮੰਨੈ ਪਰਵਾਰੈ ਸਾਧਾਰੁ।" —(ਪਉੜੀ-15)

"ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ।"[1]

(ਞ) "ਮੰਨੈ ਨਾਨਕ ਭਵਹਿ ਨ ਭਿਖ।" — (ਪਉੜੀ-15)

"ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ।"[2]

ਇਸ ਤੋਂ ਅਗਲੀ ਅਵਸਥਾ ਜਪੁਜੀ ਵਿਚ 'ਮਨਿ ਕੀਤਾ ਭਾਉ' ਦੀ ਹੈ ਅਰਥਾਤ ਪ੍ਰਭੂ ਲਈ ਮਨ ਵਿਚ ਪ੍ਰੇਮ ਭਾਵ ਪੈਦਾ ਕਰਨਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਦਾ ਬੜਾ ਮਹੱਤਵ ਦਸਿਆ ਹੈ ਕਿ ਜਿਸ ਨੇ ਪ੍ਰਭੂ ਦਾ ਨਾਮ ਸੁਣਿਆ, ਮੰਨਿਆ ਤੇ ਫਿਰ ਮਨ ਵਿਚ ਦਾਤੇ ਨਾਲ ਪ੍ਰੇਮ ਕੀਤਾ, ਉਸ ਨੇ ਆਪਣੇ 'ਅੰਦਰ ਪ੍ਰਾਪਤ ਤੀਰਥ' ਉਤੇ ਚੰਗੀ ਤਰ੍ਹਾਂ ਇਸ਼ਨਾਨ ਕਰ ਲਿਆ ਹੈ ਭਾਵ ਉਸ ਦੇ ਮਨ ਦੀ ਮੈਲ ਤੇ ਬੁੱਧੀ ਦੀ ਅਪਵਿੱਤਰਤਾ ਦੂਰ ਹੋ ਗਈ ਹੈ :-

"ਸੁਣਿਆ ਮੰਨਿਆ ਮਨਿ ਕੀਤਾ ਭਾਉ।
ਅੰਤਰਗਤਿ ਤੀਰਥਿ ਮਲਿ ਨਾਉ।"
—(ਪਉੜੀ-21)

ਗੁਰਬਾਣੀ ਵਿਚ ਵੀ 'ਮਨਿ ਕੀਤਾ ਭਾਉ' ਅਥਵਾ 'ਅੰਤਰਿ ਪ੍ਰੀਤਿ' ਦੀ ਵਿਸ਼ੇਸ਼ ਮਹੱਤਾ ਹੈ। ਜਦੋਂ ਸਾਧਕ ਦੇ ਮਨ ਅੰਦਰ ਹਰੀ ਨਾਲ ਸੱਚੀ ਪ੍ਰੀਤੀ ਲਗ ਜਾਂਦੀ ਹੈ ਤਾਂ ਜੋ ਕੁਝ ਭੀ ਉਹ ਸਾਧਕ ਕਰਦਾ ਹੈ ਹਰੀ ਨੂੰ ਚੰਗਾ ਲਗਦਾ ਹੈ :-

"ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿ ਆਈ। (ਭਾਉ)
ਤਬ ਜੋ ਕਿਛੁ ਕਰੇ ਸੁ ਮੇਰੇ ਹਰਿ ਪ੍ਰਭ ਭਾਈ।"[3]

"ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ।
ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ।"[4]

---

1. ਆਦਿ ਗ੍ਰੰਥ, ਪੰ:1241.
2. ਉਹੀ, ਪੰ:1241.
3. ਉਹੀ, ਪੰ: 494.
4. ਉਹੀ, ਪੰ: 788.

16 ਤੋਂ 27 ਤਕ ਦੀਆਂ ਪਉੜੀਆਂ ਵਿਚ ਦਸਿਆ ਹੈ ਕਿ ਨਾਮ ਮਹਾਨ ਹੈ ਤੇ ਮਨੁੱਖ ਨੂੰ 'ਸਚਿਆਰ' ਬਣਾ ਸਕਦਾ ਹੈ। ਪਰੰਤੂ ਪਰਮਾਤਮਾ ਤੇ ਉਸ ਦੀ ਰਚਨਾ ਸੰਬੰਧੀ ਗਿਆਨ ਪ੍ਰਾਪਤ ਹੋ ਸਕਣਾ ਸੰਭਵ ਨਹੀਂ ਹੈ। ਉਹ ਆਪ ਬੇਅੰਤ ਹੈ ਤੇ ਉਸ ਦੀ ਰਚਨਾ ਵੀ ਬੇਅੰਤ ਹੈ। ਇਸ ਸ੍ਰਿਸ਼ਟੀ ਦਾ ਪਸਾਰਾ ਉਸ ਦੇ ਇਕੋ ਹੁਕਮ ਤੋਂ ਹੋਇਆ ਹੈ :-

"ਕੀਤਾ ਪਸਾਉ ਏਕੋ ਕਵਾਉ। ਤਿਸਤੇ ਹੋਏ ਲਖ ਦਰੀਆਉ।"
— (ਪਉੜੀ-16)

ਗੁਰਬਾਣੀ ਵਿਚ ਇਸ ਦੀ ਵਿਆਖਿਆ ਹੋਈ ਹੈ :-

"ਓਅੰਕਾਰਿ ਉਤਪਾਤੀ। ਕੀਆ ਦਿਨਸੁ ਸਭ ਰਾਤੀ।
ਵਣ ਤ੍ਰਿਣੁ ਤ੍ਰਿਭਵਣ ਪਾਣੀ। ਚਾਰਿ ਬੇਦ ਚਾਰੇ ਖਾਣੀ।
ਖੰਡ ਦੀਪ ਸਭਿ ਲੋਆ। ਏਕ ਕਵਾਵੈ ਤੇ ਸਭਿ ਹੋਆ।"[1]

ਉਸ ਪ੍ਰਭੂ ਦੇ ਬੇਅੰਤ ਪਸਾਰੇ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਹ ਸਭ ਕੁਝ 'ਅਸੰਖ' ਹੈ ਭਾਵ ਗਿਣਤੀ ਵਿਚ ਨਹੀਂ। ਕਿਸੇ ਜੀਵ ਵਿਚ ਸਮਰਥਾ ਨਹੀਂ ਕਿ ਉਹ ਕੁਦਰਤਿ ਦੇ ਇਸ ਪਸਾਰੇ ਦਾ ਵਿਚਾਰ ਪੂਰੀ ਤਰ੍ਹਾਂ ਕਰ ਸਕੇ, ਉਹ ਤਾਂ ਇਸ ਦੀ ਵਡਿਆਈ ਵੇਖ ਕੇ ਬਲਿਹਾਰ ਹੀ ਜਾ ਸਕਦਾ ਹੈ :-

"ਕੁਦਰਤਿ ਕਵਣ ਕਹਾ ਵੀਚਾਰੁ।
ਵਾਰਿਆ ਨ ਜਾਵਾ ਏਕ ਵਾਰ।"
— (ਪਉੜੀਆਂ - 16, 17, 19)

ਗੁਰਬਾਣੀ ਵਿਚ ਵੀ ਕਿਹਾ ਹੈ :-

"ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ
ਤੇਰੀ ਕੁਦਰਤਿ ਕਉਨੁ ਬੀਚਾਰੇ।"[2]

---

1. ਆਦਿ ਗ੍ਰੰਥ, ਪੰ:1003.
2. ਉਹੀ, ਪੰ: 670.

"ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ।
ਜਿਸਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ।"[1]

ਸਾਰੇ ਪਸਾਰੇ ਨੂੰ ਵਿਚਾਰਨ ਨਾਲ ਸਾਧਕ ਦੇ ਮੂਹਿ 'ਅੰਤ ਨ', 'ਬਹੁਤਾ', 'ਅਮੁਲ' ਦੇ ਵਿਸਮਾਦੀ ਸ਼ਬਦ ਨਿਕਲਦੇ ਹਨ। ਉਹ ਅਮੁਲ ਹੀ ਅਮੁਲ ਹੈ, ਉਸ ਦਾ ਸੰਪੂਰਣ ਵਰਣਨ ਨਹੀਂ ਹੋ ਸਕਦਾ :-

"<u>ਅਮੁਲੋ ਅਮੁਲੁ</u> ਆਖਿਆ ਨ ਜਾਇ।"
— (ਪਉੜੀ-26)

ਗੁਰਬਾਣੀ ਵਿਚ ਇਸ ਦੀ ਵਿਆਖਿਆ ਹੋਈ ਹੈ :-

"ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ।"[2]

"ਆਖਿ ਥਕੇ ਕੀਮਤਿ ਨਹੀ ਪਾਈ।"[3]

ਉਸ ਪ੍ਰਭੂ ਦੀ ਮਹਾਨਤਾ ਦਾ ਕੇਵਲ ਗਾਇਨ ਹੀ ਕੀਤਾ ਜਾਸਕਦਾ ਹੈ। ਉਸ ਦੀ ਮਹਾਨਤਾ ਇਹ ਹੈ :-

"ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ।
ਹੈ ਭੀ ਹੋਸੀ ਜਾਇ ਨਾ ਜਾਸੀ ਰਚਨਾ ਜਿਨਿ ਰਚਾਈ।
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ।
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ।
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ।"
— (ਪਉੜੀ-27)

ਜਿਹੜਾ ਵਿਸ਼ਾ ਜਪੁਜੀ ਦੀ ਦੂਜੀ ਪਉੜੀ ਵਿਚ ਸਿਧਾਂਤ ਦੇ ਰੂਪ ਵਿਚ ਨਿਰੂਪਣ ਹੋਇਆ ਲਭਦਾ ਸੀ, ਉਹ ਹੁਣ ਇਕ ਚਿਤ੍ਰ ਰਾਹੀਂ ਸਾਡੇ ਸਾਹਮਣੇ ਆਇਆ ਹੈ। 'ਹੁਕਮੀ

1. ਆਦਿ ਗ੍ਰੰਥ, ਪੰ:1185.
2. ਉਹੀ, ਪੰ: 921.
3. ਉਹੀ, ਪੰ: 349.

ਅੰਦਰਿ ਸਭੁ ਕੋ' ਦਾ ਅਨੁਭਵ ਇਸ ਪਉੜੀ ਦਾ ਵੀ ਕੇਂਦਰ ਹੈ। ਗੁਰੂ ਸਾਹਿਬ ਆਪ 'ਨਾਨਕ ਰਹਣੁ ਰਜਾਈ' ਕਹਿੰਦੇ ਹੋਏ ਭਾਣਾ ਮੰਨਣ ਵਿਚ ਵਿਸ਼ਵਾਸ ਪ੍ਰਗਟ ਕਰਦੇ ਹਨ ਤੇ ਰੱਬੀ ਦਰਬਾਰ ਦੀ ਝਾਕੀ ਦੇ ਆਨੰਦ ਵਿਚ ਮਸਤ ਹੋਏ ਸਾਧਕ ਨੂੰ ਵੀ ਸੁਝਾ ਦਿੰਦੇ ਹਨ ਕਿ ਇਤਨੇ ਸੁਕਰੀ-ਕੁਾਲੀ ਹਾਕਮ ਦੇ ਘੱਲੇ ਸਿਰ ਠਿਕਾਣਾ ਹੀ ਰਿਹਾ ਹੈ। ਗੁਰਬਾਣੀ ਵਿਚ ਇਸ ਦੀ ਵਿਆਖਿਆ ਇਵੇਂ ਹੋਈ ਹੈ :-

"ਬਾਬਾ ਅਲਹੁ ਅਗਮ ਅਪਾਰੁ।
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ। ਰਹਾਉ।
ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ।
- - - - - -
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।
ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ।
ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ।
ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ।
ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ।
ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ।
ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ।
ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ।"[1]

ਜਪੁਜੀ ਦੀਆਂ ਅੰਤਲੀਆਂ ਪਉੜੀਆਂ ਵਿਚ ਸਾਧਕ ਦੀ ਆਤਮਕ ਪ੍ਰਗਤੀ ਲਈ ਪੰਜ ਪੜਾ — ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ ਦੱਸੇ ਹਨ। ਵੈਸੇ ਤਾਂ ਹਰ ਧਰਮ ਵਿਚ ਆਤਮਕ ਉੱਨਤੀ ਦੇ ਮਜ਼ਮੂਨ ਸੰਬੰਧੀ ਲਿਖਿਆ ਗਿਆ ਹੈ, ਜਿਵੇਂ ਸੂਫੀਆਂ ਵਿਚ 'ਮੁਕਾਮਾਤ ਤੇ ਅਹਿਵਾਲ ਦੀ ਚਰਚਾ' ਅਤੇ ਵੇਦਾਂਤੀਆਂ ਵਿਚ 'ਭੂਮਿਕਾਵਾਂ ਦਾ ਵਰਣਨ' ਹੈ। ਗੁਰੂ ਨਾਨਕ ਦੀ ਬਾਣੀ ਵਿਚ ਸ੍ਰੇਣੀ-ਬਧ ਰੂਪ ਵਿਚ ਖੰਡਾਂ ਦਾ ਵਰਣਨ ਹੋਰ ਕਿਧਰੇ ਨਹੀਂ ਹੋਇਆ ਪਰੰਤੂ ਇਨ੍ਹਾਂ ਖੰਡਾਂ ਵਿਚ ਵਰਤੇ ਗਏ ਸਿਧਾਂਤਕ ਸ਼ਬਦਾਂ — ਧਰਮ, ਗਿਆਨ, ਸੁਰਮ, ਕਰਮ, ਸਚਖੰਡ ਆਦਿ ਦੀ ਵਿਆਖਿਆ ਗੁਰਬਾਣੀ ਵਿਚ ਹੋਈ ਹੈ। ਕੇਵਲ

1. ਆਦਿ ਗ੍ਰੰਥ, ਪੰ:53.

ਜਪੁਜੀ ਹੀ ਇਕੋ ਇਕ ਬਾਣੀ ਹੈ ਜਿਸ ਵਿਚ ਇਸ ਪੰਧ ਨੂੰ ਪੰਜ ਭਾਗਾਂ ਵਿਚ ਵੰਡ ਕੇ ਹਰ ਭਾਗ ਦਾ ਨਾਮਕਰਣ ਕੀਤਾ ਹੈ। ਇਨ੍ਹਾਂ ਖੰਡਾਂ ਦਾ ਵਰਣਨ ਜਪੁਜੀ ਦੀ ਵਿਸ਼ੇਸ਼ਤਾ ਹੈ।

ਗਰੀਨਲੀਸ ਅਨੁਸਾਰ "ਗੁਰੂ ਦੀ ਸਹਾਇਤਾ ਨਾਲ ਇਸ ਆਤਮਿਕ ਪੌੜੀ ਦੇ ਪੰਜ ਡੰਡਿਆਂ ਤੇ ਚੜ੍ਹਦੀ ਆਤਮਾ ਆਪਣੇ ਅਸਲ ਘਰ ਜਾ ਪੁੱਜਦੀ ਹੈ। ਇਸ ਸੰਸਾਰ ਵਿਚ ਇਮਾਨਦਾਰੀ ਤੇ ਬਹਾਦਰੀ ਨਾਲ ਨਿਭਾਇਆ ਫ਼ਰਜ਼ ਸੱਚੇ ਗਿਆਨ ਦੀ ਪ੍ਰਾਪਤੀ ਕਰਾਉਂਦਾ ਹੈ ਜੋ ਉਸ ਨੂੰ ਦੁਨਿਆਂ ਦੇ ਕੰਮ ਆਉਣ ਦੀ ਜਾਚ ਦਸਦਾ ਹੈ। ਇਸ ਢੰਗ ਨਾਲ ਉਹ ਗੁਰੂ ਦੀ ਕਿਰਪਾ ਦਾ ਪਾਤਰ ਬਣਦਾ ਹੈ ਜੋ ਉਸ ਨੂੰ ਉਸ 'ਪਰਮ ਸੱਚ' ਨਾਲ ਅਭੇਦ ਕਰਾ ਦਿੰਦਾ ਹੈ ਭਾਵ 'ਸਚਿਆਰ ਪਦ' ਦੀ ਪ੍ਰਾਪਤੀ ਕਰਾ ਦਿੰਦਾ ਹੈ।

ਆਤਮਕ ਪੰਧ ਦਾ ਪਹਿਲਾ ਪੜਾ 'ਧਰਮ ਖੰਡ' ਹੈ ਜਿਸ ਵਿਚ ਸਾਧਕ ਨੂੰ ਆਪਣੇ ਕਰਤੱਵ ਦੀ ਪਛਾਣ ਹੁੰਦੀ ਹੈ। ਇਸ ਵਿਚ ਧਰਤੀ ਨੂੰ ਜੀਵਾਂ ਦੇ ਰਹਿਣ ਦੀ ਥਾਂ ਤੇ ਇਥੇ ਵਸਦੇ ਜੀਵਾਂ ਨੂੰ 'ਕਰਮ ਕਰਣਹਾਰ' ਦਸਿਆ ਹੈ। ਇਥੇ ਜੀਆਂ ਦੇ ਕੀਤੇ ਕਰਮਾਂ ਨੂੰ ਵਾਚਿਆ ਜਾਂਦਾ ਹੈ। ਨਾਮ ਸੁਣਨ ਤੇ ਮੰਨਣ ਵਾਲੇ 'ਪੰਚ' ਉਸ ਦੇ ਦਰਬਾਰ ਵਿਚ ਸੋਭਾ ਪਾਉਂਦੇ ਹਨ :-

"ਰਾਤੀ ਰੁਤੀ ਥਿਤੀ ਵਾਰ।
ਪਵਣ ਪਾਣੀ ਅਗਨੀ ਪਾਤਾਲ।
ਤਿਸੁ ਵਿਚ ਧਰਤੀ ਥਾਪਿ ਰਖੀ ਧਰਮਸਾਲ।
ਤਿਸੁ ਵਿਚ ਜੀਅ ਜੁਗਤਿ ਕੇ ਰੰਗ।
ਤਿਨ ਕੇ ਨਾਮ ਅਨੇਕ ਅਨੰਤ।
ਕਰਮੀ ਕਰਮੀ ਹੋਇ ਵੀਚਾਰੁ।
ਸਚਾ ਆਪਿ ਸਚਾ ਦਰਬਾਰੁ।
ਤਿਥੈ ਸੋਹਨਿ ਪੰਚ ਪਰਵਾਣੁ।
ਨਦਰੀ ਕਰਮਿ ਪਵੈ ਨੀਸਾਣੁ।
ਕਚ ਪਕਾਈ ਓਥੈ ਪਾਇ।
ਨਾਨਕ ਗਇਆ ਜਾਪੈ ਜਾਇ।"

— (ਪਉੜੀ-34)

---

1. Duncun Greenlees, The Gospel of the Guru Granth Sahib, Pz.262, The Theosophical Publishing House, Adyar Madra, 1968.

ਜਪੁਜੀ ਦੀ 16ਵੀਂ ਪਉੜੀ ਵਿਚ ਵੀ 'ਪੰਚਾਂ' ਨੂੰ ਪ੍ਰਧਾਨ ਤੇ ਵਾਹਿਗੁਰੂ ਦੇ ਦਰਬਾਰ ਵਿਚ ਆਦਰ ਪਾਉਂਦੇ ਦਸਿਆ ਹੈ। 'ਪੰਚ' ਸ਼ਬਦ ਦੀ ਪਰਿਭਾਸ਼ਾ ਗੁਰਬਾਣੀ ਵਿਚ ਇਸ ਤਰ੍ਹਾਂ ਹੋਈ ਹੈ :-

"ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ।"[1]

"ਜੋ ਜੀਵਨ ਮਰਨਾ ਜਾਨੈ। ਸੋ ਪੰਚ ਸੈਲ ਸੁਖ ਮਾਨੈ।"[2]

'ਧਰਮ ਖੰਡ' ਮਨੁੱਖ ਵਿਚ ਜ਼ਿੰਮੇਵਾਰੀ ਨੂੰ ਵਧਾਉਂਦਾ ਹੈ ਅਤੇ ਕਰਮ ਨਿਯਮ ਵਿਚ ਵਿਸ਼ਵਾਸ ਉਪਜਾਂਦਾ ਹੈ। ਇਸ ਦਾ ਸਭ ਤੋਂ ਪ੍ਰਤੱਖ ਪ੍ਰਭਾਵ ਸਦਾਚਾਰਕ ਸੁੰਦਰਤਾ ਹੈ। ਇਸ ਵਿਚ ਬ੍ਰਹਮ ਦਾ ਸਰੂਪ 'ਧਰਮਰਾਜ' ਹੈ ਜੋ ਸਭ ਨੂੰ ਕਰਮਾਂ ਅਨੁਸਾਰ ਫਲ ਭੁਗਤਾ ਰਿਹਾ ਹੈ। ਗੁਰਬਾਣੀ ਵਿਚ ਵੀ ਕਿਹਾ ਗਿਆ ਹੈ :-

"ਕਰਮ ਧਰਤੀ ਸਰੀਰੁ ਕਲਿਜੁਗ ਵਿਚਿ
ਜੇਹਾ ਕੋ ਬੀਜੇ ਤੇਹਾ ਕੋ ਖਾਏ।"[3]

"ਸਰਬ ਧਰਮ ਮਹਿ ਸ੍ਰੇਸਟ ਧਰਮੁ।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।"[4]

'ਧਰਮ ਖੰਡ' ਵਿਚ ਕੀਤੇ ਸ਼ੁਭ ਕਰਮਾਂ ਦੀ ਕਮਾਈ ਤੋਂ ਉਪਰੰਤ ਸਾਧਕ ਦੀ ਸੁਰਤੀ ਗਿਆਨ ਮੰਡਲ ਵਿਚ ਉਡਾਰੀਆਂ ਲਾਉਂਦੀ ਹੈ। ਇਹ ਆਤਮਕ ਉਨਤੀ ਦਾ ਦੂਜਾ ਪੜਾ ਹੈ, ਜਿਸ ਨੂੰ 'ਗਿਆਨ ਖੰਡ' ਕਿਹਾ ਹੈ। ਇਸ ਅਵਸਥਾ ਵਿਚ ਸਾਧਕ ਨੂੰ ਕੁਦਰਤ ਦੇ ਵਿਸ਼ਾਲ ਪਸਾਰੇ ਦਾ ਗਿਆਨ ਹੁੰਦਾ ਹੈ ਜਿਸਦਾ ਵੇਰਵਾ 35ਵੀਂ ਪਉੜੀ ਵਿਚ ਹੈ। ਇਸ ਪੱਖ ਵਿਚ ਪੂਰਣ ਹੋਣ ਨਾਲ ਸਾਧਕ ਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ :-

"ਗਿਆਨ ਖੰਡ ਮਹਿ ਗਿਆਨੁ ਪਰਚੰਡੁ।
ਤਿਥੈ ਨਾਦ ਬਿਨੋਦ ਕੋਡ ਅਨੰਦੁ।"
— (ਪਉੜੀ-36)

---

1. ਆਦਿ ਗ੍ਰੰਥ, ਪੰ:297.
2. ਵਹੀ, ਪੰ:655.
3. ਵਹੀ, ਪੰ:308.
4. ਵਹੀ, ਪੰ:266.

ਗੁਰਬਾਣੀ ਵਿਚ ਵੀ 'ਗਿਆਨ' ਨੂੰ 'ਪ੍ਰਚੰਡ' ਕਿਹਾ ਹੈ ਜਿਸ ਨਾਲ ਅਗਿਆਨ ਰੂਪੀ ਅਨ੍ਹੇਰਾ ਦੂਰ ਹੋ ਜਾਂਦਾ ਹੈ :-

"ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ।
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ।"[1]

"ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ।
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ।"[2]

ਆਤਮਕ ਪਾਂਧੀ ਲਈ ਤੀਜਾ ਪੜਾ 'ਸਰਮ ਖੰਡ' ਹੈ। ਇਥੇ ਮਨੁੱਖ ਲਈ ਕੋਈ ਕਰਮ, ਵਿਚਾਰ ਜਾਂ ਭਾਵ ਸੰਭਵ ਨਹੀਂ ਰਹਿ ਜਾਂਦਾ। ਇਸ ਦਾ ਕਾਰਣ ਕੁਸ ਵਿਚ ਹੁਕਮ ਦੇ ਵਧਦੇ ਵਿਸ਼ਵਾਸ ਹੇਠ ਹਉਮੈ ਦਾ ਕਮਜ਼ੋਰ ਹੁੰਦੇ ਜਾਣਾ ਹੈ ਪਰੰਤੂ ਹਉਮੈ ਦਾ ਨਾਸ਼ ਬੜਾ ਔਖਾ ਕਰਮ ਹੈ। ਇਸ ਲਈ ਇਸ ਖੰਡ ਨੂੰ 'ਕਠਿਨ ਘਾਲ' ਜਾਂ 'ਸ੍ਰਮ' ਦਾ ਖੰਡ ਕਿਹਾ ਹੈ। ਇਸ ਮੰਜ਼ਲ ਵਿਚ ਸਾਧਕ ਦੀ ਸੁਰਤਿ (ਧਿਆਨ ਸ਼ਕਤੀ), ਮਤਿ (ਸਮਝ ਸ਼ਕਤੀ), ਮਨਿ (ਸੰਕਲਪ ਵਿਕਲਪ ਦਾ ਰੂਪ) ਤੇ ਬੁਧਿ (ਬਿਬੇਕ ਸ਼ਕਤੀ) ਅਜਿਹੇ ਸਾਂਚੇ ਵਿਚ ਢਾਲੇ ਜਾਂਦੇ ਹਨ ਕਿ ਉਨ੍ਹਾਂ ਉਤੇ ਅਨੂਪਮ ਰੰਗ ਚੜ੍ਹ ਜਾਂਦਾ ਹੈ। ਇਸ ਅਨੂਪਮ ਸੁੰਦਰਤਾ ਅਥਵਾ ਵਿਸਮਾਦੀ ਅਨੰਦ ਨੂੰ ਕੌਣ ਕਥਨ ਕਰੇ :-

"ਸਰਮ ਖੰਡ ਕੀ ਬਾਣੀ ਰੂਪੁ।
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।
ਤਾ ਕੀਆ ਗਲਾ ਕਥੀਆ ਨਾ ਜਾਹਿ।
ਜੇ ਕੋ ਕਹੈ ਪਿਛੈ ਪਛੁਤਾਇ।
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।"

— (ਪਉੜੀ-36)

ਗੁਰਬਾਣੀ ਵਿਚ ਵੀ ਕਿਹਾ ਗਿਆ ਹੈ ਕਿ ਸੱਚ ਤੇ ਸਰਮ (ਉੱਦਮ) ਤੋਂ ਬਿਨਾਂ ਪ੍ਰਭੂ ਦੇ ਹਜ਼ੂਰ ਕੋਈ ਕਦਰ ਨਹੀਂ ਹੋਵੇਗੀ :-

---

1. ਆਦਿ ਗ੍ਰੰਥ, ਪੰ:774.
2. ਆਦਿ ਗ੍ਰੰਥ, ਪੰ: 29.

"ਸਚ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ।"[1]

ਉਪਰਲੀ ਪਉੜੀ ਵਿਚ ਆਏ ਸਿਧਾਂਤਕ ਸ਼ਬਦਾਂ – ਸੁਰਤਿ, ਮਤਿ,[2] ਮਨਿ, ਬੁਧਿ ਦੀ ਵਿਆਖਿਆ ਗੁਰਬਾਣੀ ਵਿਚ ਹੋਈ ਹੈ :-

"ਸਾਕਤ ਨਰਿ ਸਬਦਿ ਸੁਰਤਿ ਕਿਉ ਪਾਈਐ।
ਸਬਦੁ ਸੁਰਤਿ ਬਿਨੁ ਆਈਐ ਜਾਈਐ।"[3]

"ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ।
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ।"[4]

"ਵਿਣੁ ਮਨੁ ਮਾਰੇ ਕੋਇ ਨਾ ਸਿਝਈ ਵੇਖਹੁ ਕੋ ਲਿਵ ਲਾਇ।
ਭੇਖਧਾਰੀ ਤੀਰਥੀ ਭਵਿ ਥਕੇ ਨ ਏਹੁ ਮਨੁ ਮਾਰਿਆ ਜਾਇ।
ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ।
ਨਾਨਕ ਇਸ ਮਨੁ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ।"[5]

ਆਤਮਕ ਵਿਕਾਸ ਦਾ ਚੌਥਾ ਪੜਾ 'ਕਰਮ ਖੰਡ' ਹੈ। ਧਰਮ ਖੰਡ ਵਿਚ ਸਾਧਕ ਨੇ ਸ੍ਰਿਸ਼ਟੀ ਦੇ ਨਿਯਮ ਨੂੰ ਅਨੁਭਵ ਕੀਤਾ ਸੀ, ਗਿਆਨ ਖੰਡ ਵਿਚ ਇਸ ਦੀ ਬੇਅੰਤਤਾ ਨੂੰ, ਸਰਮ ਖੰਡ ਵਿਚ ਇਸ ਦੀ ਸੁੰਦਰਤਾ ਨੂੰ ਅਤੇ 'ਕਰਮ ਖੰਡ' ਵਿਚ ਉਹ ਸ੍ਰਿਸ਼ਟੀ ਦੇ ਮਹਾਂਪੁਰਸ਼ਾਂ ਨਾਲ ਆਪਣੀ ਸਾਂਝ ਪ੍ਰਤੀਤ ਕਰਦਾ ਹੈ। ਇਨ੍ਹਾਂ ਮਹਾਂਪੁਰਸ਼ਾਂ ਨੂੰ ਹੀ 37ਵੀਂ ਪਉੜੀ ਵਿਚ 'ਜੋਧ ਮਹਾਬਲ ਸੂਰ' ਤੇ 'ਭਗਤ' ਆਦਿ ਨਾਂ ਦਿੱਤੇ ਹਨ ਜਿਹੜੇ ਕਿ ਆਨੰਦਮਈ ਜਾਂ ਵਿਸਮਾਦਕ ਅਵਸਥਾ ਵਿਚ ਵਿਚਰਦੇ ਹਨ। ਇਥੋ ਦੇ ਸੁੰਦਰ ਰੂਪ ਕਥਨ ਤੋ ਰਹਿਤ ਹਨ। ਇਸ ਅਵਸਥਾ ਦੀ ਪ੍ਰਾਪਤੀ ਦੀ ਇਕੋ ਇਕ ਜੁਗਤੀ ਹੈ ਕਿ ਸਾਧਕ ਗੁਰੂ ਦੇ ਉਪਦੇਸ਼ ਦੀ ਕਮਾਈ ਕਰਦਾ ਰਹੇ :-

---

1. ਆਦਿ ਗ੍ਰੰਥ, ਪੰ:1245.
2. 'ਮਤਿ' ਦੀ ਵਿਆਖਿਆ ਪਹਿਲਾਂ ਹੋ ਚੁਕੀ ਹੈ, ਵੇਖੋ ਪੰ: 44-45.
3. ਆਦਿ ਗ੍ਰੰਥ, ਪੰ:1042.
4. ਓਹੀ, ਪੰ: 641.
5. ਓਹੀ, ਪੰ: 650.

"ਗੁਰ ਕੀ ਪਉੜੀ ਜਾਇ ਚੜੈ ਕਰਮਿ ਪਰਾਪਤਿ ਹੋਈ।"[1]

ਇਹ ਬਖਸ਼ਿਸ਼ ਦਾ ਖੰਡ ਹੈ। ਭਾਈ ਵੀਰ ਸਿੰਘ ਅਨੁਸਾਰ "ਕਰਮ ਦਾ ਅਰਥ ਹੈ, ਬਖਸ਼ਿਸ਼-ਫਜ਼ਲ। ਕਰਮ ਦਾ ਨਿਸ਼ਾਨ ਜਿਨ੍ਹਾਂ ਨੂੰ ਪਿਆ ਇਹ ਉਨ੍ਹਾਂ ਦਾ ਖੰਡ ਹੈ। ਜਿਨ੍ਹਾਂ ਨੂੰ ਨਿਸ਼ਾਨ ਪਿਆ ਹੈ ਉਹ ਕਾਲ ਚਕਰੋਂ ਉਪਰ ਹੋ ਗਏ"[2]:-

"ਬਖਸਿ ਲੀਏ ਨਾਹੀ ਜਮ ਕਾਣੇ।"[3]

"ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ।"[4]

ਆਤਮਕ ਵਿਕਾਸ ਦਾ ਪੰਜਵਾਂ ਤੇ ਅੰਤਲਾ ਪੜਾ 'ਸਚ ਖੰਡ' ਹੈ। ਇਸ ਨੂੰ ਨਿਰੰਕਾਰ ਦਾ ਨਿਵਾਸ-ਅਸਥਾਨ ਦਸਿਆ ਹੈ ਜਿਥੇ ਬਹਿ ਕੇ ਉਹ ਸ੍ਰਿਸ਼ਟੀ ਦੀ ਸੰਭਾਲ ਕਰਦਾ ਹੈ :-

"ਸਚਖੰਡਿ ਵਸੈ ਨਿਰੰਕਾਰੁ।
ਕਰਿ ਕਰਿ ਵੇਖੈ ਨਦਰਿ ਨਿਹਾਲ।"
— (ਪਉੜੀ-37)

ਸੁਖਮਨੀ ਵਿਚ ਗੁਰੂ ਅਰਜਨ ਸਾਹਿਬ ਨੇ ਪ੍ਰਭੂ ਦੇ ਇਸ ਟਿਕਾਣੇ ਨੂੰ 'ਸਤਿ ਅਸਥਾਨ' ਕਿਹਾ ਹੈ :-

"ਪ੍ਰਭੁ ਸਤਿ ਜਾ ਕਾ ਸਤਿ ਅਸਥਾਨੁ।"[5]

ਜਪੁਜੀ ਦੀ 27ਵੀਂ ਪਉੜੀ ਵਿਚ ਜੋ ਪ੍ਰਸ਼ਨ ਉਠਾਇਆ ਗਿਆ ਸੀ, 'ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ'? ਉਸ ਦਾ ਉਤਰ 37ਵੀਂ ਪਉੜੀ ਵਿਚ ਦਿੱਤਾ ਹੈ ਕਿ ਉਸ ਦਰੁ ਘਰੁ, ਜਿਸ ਨੂੰ 24ਵੀਂ ਪਉੜੀ ਵਿਚ 'ਊਚਾ ਥਾਉ' ਕਿਹਾ ਹੈ ਦਾ ਨਾਂ 'ਸਚਖੰਡਿ' ਹੈ, ਜਿਥੇ ਉਹ ਆਪ ਵਸਦਾ ਹੈ ਤੇ ਸਾਰੇ ਜੀਆਂ ਨੂੰ ਸੰਭਾਲਦਾ ਹੈ। ਗੁਰਬਾਣੀ ਵਿਚ ਵੀ ਕਿਹਾ ਹੈ :-

---

1. ਆਦਿ ਗ੍ਰੰਥ, ਪੰ:1416.
2. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ:167.
3. ਆਦਿ ਗ੍ਰੰਥ, ਪੰ:1190.
4. ਓਹੀ, ਪੰ: 56.
5. ਓਹੀ, ਪੰ: 284.

"ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ।"[1]

ਜਪੁਜੀ ਵਿਚ 'ਸਚਖੰਡ' ਵਿਚ ਵੀ ਖੰਡ, ਮੰਡਲ, ਬ੍ਰਹਮੰਡ ਦੱਸੇ ਹਨ (ਜਿਥੇ ਉਹ ਨਿਰੰਕਾਰ ਵਸਦਾ ਹੈ) :-

"ਤਿਥੈ ਖੰਡ ਮੰਡਲ ਵਰਭੰਡ।"
— (ਪਉੜੀ-37)

ਗੁਰਬਾਣੀ ਵਿਚ ਵੀ ਕਿਹਾ ਹੈ ਕਿ ਜੋ ਖੰਡ ਬ੍ਰਹਮੰਡ ਆਦਿ ਸਾਰੇ ਸੰਸਾਰ ਵਿਚ ਹੈ, ਉਸ ਨੂੰ ਜਾਣੇ :-

"ਜੋ ਬ੍ਰਹਮੰਡਿ ਖੰਡਿ ਸੋ ਜਾਣਹੁ।"[2]

ਉਹ ਸੁਆਮੀ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਵਿਚ ਜਲਾਂ ਥਲਾਂ ਵਿਚ ਹਰ ਥਾਂ ਹੀ ਵਿਆਪਕ ਹੈ :-

"ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ।
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ।"[3]

ਪੈਂਗਲ ਉਪਨਿਸ਼ਦ ਵਿਚ ਸਚਿਖੰਡ ਅਵਸਥਾ ਵਰਗਾ ਹੀ ਵਰਣਨ ਹੈ :-

"ਉਸ ਨੂੰ ਦੁੱਧ ਦੀ ਕੀ ਲੋੜ ਹੈ ਜਿਸ ਨੇ ਅੰਮ੍ਰਿਤ ਚੱਖ ਲਿਆ ਹੋਵੇ, ਉਸ ਨੂੰ ਵੇਦ ਗਿਆਨ ਦੀ ਕੀ ਲੋੜ ਹੈ ਜਿਸ ਨੇ ਪਰਮਾਤਮਾ ਨੂੰ ਪਾ ਲਿਆ ਹੈ। ਜਿਸ ਯੋਗੀ ਨੇ ਬ੍ਰਹਮ ਗਿਆਨ ਦਾ ਅੰਮ੍ਰਿਤ ਪੀ ਲਿਆ ਉਸ ਲਈ ਹੋਰ ਕੀ ਹੈ ਜੁ ਪ੍ਰਾਪਤ ਨਹੀਂ ਹੋਇਆ। ਜੇ ਕੋਈ ਹੋਰ ਪ੍ਰਾਪਤ ਕਰਨ ਵਾਲਾ ਹੈ ਤਾਂ ਉਸ ਨੂੰ ਸਤਿ ਦਾ ਗਿਆਨ ਹੀ ਨਹੀਂ ਹੋਇਆ।"[4] ਗੁਰਬਾਣੀ ਵਿਚ ਗੁਰੂ ਅਰਜਨ ਦੇਵ ਨੇ 'ਸਚਖੰਡ' ਨੂੰ ਨਿਹਚਲੁ ਥਾਨੁ' ਅਤੇ ਇਸੇ ਨੂੰ ਭਗਤ ਰਵਿਦਾਸ ਨੇ 'ਬੇਗਮਪੁਰਾ' ਵੀ ਕਿਹਾ ਹੈ :-

"ਸਹਜ ਸਿਫਤਿ ਭਗਤਿ ਤਤੁ ਗਿਆਨਾ। ਸਦਾ ਅਨੰਦੁ ਨਿਹਚਲੁ ਸਚੁ ਥਾਨਾ।
ਤਹਾ ਸੰਗਤਿ ਸਾਧ ਗੁਣ ਰਸੈ। ਅਨਭਉ ਨਗਰੁ ਤਹਾ ਸਦਾ ਵਸੈ।
ਤਹ ਭਉ ਭਰਮਾ ਸੋਗੁ ਨ ਚਿੰਤਾ। ਆਵਣੁ ਜਾਵਣੁ ਮਿਰਤੁ ਨ ਹੋਤਾ।

---

1. ਆਦਿ ਗ੍ਰੰਥ, ਪੰ:18.
2. ਉਹੀ, ਪੰ:1041.
3. ਉਹੀ, ਪੰ:296.
4. ਪੈਂਗਲ ਉਪਨਿਸ਼ਦ(4.9), ਹਵਾਲਾ, ਡਾ:ਦਲੀਪ ਸਿੰਘ ਦੀਪ, ਜਪੁਜੀ; ਇਕ ਤੁਲਨਾਤਮਕ ਅਧਿਐਨ, ਪੰ:115-16, ਪੰਜਾਬੀ ਬੁਕ ਸਟੋਰ, ਦਰਿਆ ਗੰਜ, ਨਵੀਂ ਦਿੱਲੀ, 1969.

ਤਹ ਸਦਾ ਅਨੰਦ ਅਨਹਤ ਆਖਾਰੇ। ਭਗਤ ਵਸਹਿ ਕੀਰਤਨ ਆਧਾਰੇ।
ਪਾਰਬ੍ਰਹਮ ਕਾ ਅੰਤੁ ਨ ਪਾਰੁ। ਕਉਣੁ ਕਰੈ ਤਾ ਕਾ ਬੀਚਾਰੁ।
ਕਹੁ ਨਾਨਕ ਜਿਸ ਕਿਰਪਾ ਕਰੈ। ਨਿਹਚਲ ਥਾਨੁ ਸਾਧ ਸੰਗਿ ਤਰੈ।"[1]

"ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹੁ ਨਹੀ ਤਿਹਿ ਠਾਉ।
ਨਾ ਤਸਵੀਸ ਖਿਰਾਜੁ ਨਾ ਮਾਲੁ। ਖਉਫੁ ਨ ਖਤਾ ਨ ਤਰਸੁ ਜਵਾਲੁ।
ਅਬ ਮੋਹਿ ਖੂਬ ਵਤਨ ਗਹ ਪਾਈ। ਊਹਾਂ ਖੈਰਿ ਸਦਾ ਮੇਰੇ ਭਾਈ। ਰਹਾਉ।
ਕਾਇਮੁ ਦਾਇਮੁ ਸਦਾ ਪਾਤਿਸਾਹੀ। ਦੋਮ ਨ ਸੇਮ ਏਕ ਸੋ ਆਹੀ।
ਆਬਾਦਾਨੁ ਸਦਾ ਮਸਹੂਰ। ਊਹਾਂ ਗਨੀ ਬਸਹਿ ਮਾਮੂਰ।
ਤਿਉ ਤਿਉ ਸੈਲ ਕਰਹਿ ਜਿਉ ਭਾਵੈ। ਮਹਰਮ ਮਹਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸ ਚਮਾਰਾ। ਜੋ ਹਮ ਸਹਰੀ ਸੁ ਮੀਤੁ ਹਮਾਰਾ।"[2]

ਜਪੁਜੀ ਦੀ ਅੰਤਲੀ ਪਉੜੀ ਵਿਚ 'ਸਚਖੰਡਿ' ਤਕ ਪਹੁੰਚਣ ਜਾਂ 'ਸਚਿਆਰ' ਪਦਵੀ ਪ੍ਰਾਪਤ ਕਰਨ ਦੇ ਸਾਧਨ ਸੰਖੇਪ ਵਿਚ ਵਰਣਨ ਕੀਤੇ ਹਨ। ਇਹ ਪਦਵੀ ਜਤ, ਧੀਰਜ, ਮਤ, ਵੇਦ (ਗਿਆਨ), ਭਉ (ਰਬ ਦਾ ਡਰ), ਤਪ, ਭਾਉ (ਪ੍ਰੇਮ) ਤੇ ਅੰਮ੍ਰਿਤ (ਪ੍ਰਭੂ ਦਾ ਅਮਰ ਕਰਨ ਵਾਲਾ ਨਾਮ) ਦੇ ਸਾਧਨਾਂ ਨਾਲ ਪ੍ਰਾਪਤ ਹੁੰਦੀ ਹੈ। ਇਹੋ ਜਿਹੀ ਸੱਚੀ ਟਕਸਾਲ ਵਿਚ ਗੁਰੂ ਦਾ ਸ਼ਬਦ ਘੜਿਆ ਜਾ ਸਕਦਾ ਹੈ। ਭਾਵ ਜਿਸ ਉਚੀ ਆਤਮਕ ਅਵਸਥਾ ਵਿਚ ਕੋਈ ਸ਼ਬਦ ਗੁਰੂ ਨੇ ਉਚਾਰਿਆ ਹੈ, ਸਾਧਕ ਨੂੰ ਵੀ ਉਹ ਸ਼ਬਦ ਉਸੀ ਅਵਸਥਾ ਵਿਚ ਲੈ ਜਾਂਦਾ ਹੈ ਤੇ ਇਸ ਤਰ੍ਹਾਂ 'ਕੂੜ ਦੀ ਪਾਲ' ਟੁੱਟ ਜਾਂਦੀ ਹੈ :-

"ਜਤੁ ਪਾਹਾਰਾ ਧੀਰਜੁ ਸੁਨਿਆਰੁ।
ਅਹਰਣਿ ਮਤਿ ਵੇਦੁ ਹਥੀਆਰੁ।
ਭਉ ਖਲਾ ਅਗਨਿ ਤਪ ਤਾਉ।
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।
ਘੜੀਐ ਸਬਦੁ ਸਚੀ ਟਕਸਾਲ।"
— (ਪਉੜੀ-38)

---

1. ਆਦਿ ਗ੍ਰੰਥ, ਪੰ:237.
2. ਓਹੀ, ਪੰ:345.

ਗੁਰਬਾਣੀ ਵਿਚ 'ਸ਼ਬਦ' ਨੂੰ ਸ੍ਰੇਸ਼ਟ ਕਰਣੀ ਕਿਹਾ ਹੈ ਅਤੇ ਇਸ ਸ਼ਬਦ ਤੋਂ ਬਿਨਾਂ ਹੋਰ ਸਭ ਅਨ੍ਹੇਰਾ ਹੈ। ਇਸ ਸ਼ਬਦ ਨੂੰ ਹਿਰਦੇ ਵਿਚ ਟਿਕਾਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਹੀ ਮੁਕਤੀ ਪ੍ਰਾਪਤ ਹੁੰਦੀ ਹੈ :-

"ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ।
ਬਿਨੁ ਸਬਦੈ ਹੋਰ ਮੋਹ ਗੁਬਾਰੁ।
ਸਬਦੇ ਨਾਮੁ ਰਖੈ ਉਰਿ ਧਾਰਿ।
ਸਬਦੇ ਗਤਿ ਮਤਿ ਮੋਖ ਦੁਆਰੁ।"[1]

"ਸਬਦਿ ਮਰੈ ਸੋਈ ਜਨੁ ਸਿਝੈ
ਬਿਨੁ ਸਬਦੈ ਮੁਕਤਿ ਨ ਹੋਈ।"[2]

ਆਤਮਕ ਜੀਵਨ ਦੀ ਸਾਰੀ ਕਾਰ ਸਮੁੱਚੇ ਤੌਰ ਤੇ ਮਿਹਰ ਉਤੇ ਨਿਰਭਰ ਹੈ। ਗੁਰੂ ਨਾਨਕ ਅਨੁਸਾਰ ਪ੍ਰਭੂ ਦੀ ਸਦੀਵੀ ਮਿਹਰ ਨਾਲ ਕਿੰਨੇ ਹੀ ਭਗਤ-ਜਨ ਨਿਹਾਲ ਹੋ ਗਏ ਹਨ :-

"ਜਿਨ ਕਉ ਨਦਰਿ ਕਰਮੁ ਤਿਨ ਕਾਰ।
ਨਾਨਕ ਨਦਰੀ ਨਦਰਿ ਨਿਹਾਲ।"
-- (ਪਉੜੀ-38)

ਗੁਰਬਾਣੀ ਵਿਚ ਇਸ ਦੀ ਵਿਆਖਿਆ ਹੋਈ ਹੈ :-

"ਨਦਰਿ ਕਰੇ ਤਾ ਮੇਲਿ ਮਿਲਾਏ।
ਗੁਣ ਸੰਗ੍ਰਹਿ ਅਉਗੁਣ ਸਬਦਿ ਜਲਾਏ।
ਗੁਰਮੁਖਿ ਨਾਮੁ ਪਦਾਰਥੁ ਪਾਏ।"[3]

1. ਆਦਿ ਗ੍ਰੰਥ, ਪੰ:1342.
2. ਓਹੀ, ਪੰ:1416.
3. ਓਹੀ, ਪੰ: 222

254086

ਅੰਤਿਮ ਸਲੋਕ ਵਿਚ 'ਕਰਮ' ਦੀ ਮਹੱਤਾ ਦੱਸੀ ਹੈ। ਮਨੁੱਖ ਦੇ ਚੰਗੇ ਮੰਦੇ ਕਰਮ ਉਸ ਨੂੰ ਉੱਚਾ ਜਾਂ ਨੀਵਾਂ ਬਣਾਂਦੇ ਹਨ। ਚੰਗੇ ਕਰਮਾਂ ਵਾਲੇ 'ਸਚਿਆਰ ਪਦ' ਨੂੰ ਪ੍ਰਾਪਤ ਕਰਦੇ ਹਨ ਤੇ ਆਵਾਗਵਣ ਦੇ ਚੱਕਰ ਤੋਂ ਮੁਕਤ ਹੁੰਦੇ ਹਨ :-

"ਚੰਗਿਆਈਆਂ ਬੁਰਿਆਈਆਂ ਵਾਚੈ ਧਰਮੁ ਹਦੂਰਿ।
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।"
— (ਸਲੋਕ)

ਗੁਰਬਾਣੀ ਵਿਚ ਇਸ ਦੀ ਵਿਆਖਿਆ ਹੋਈ ਹੈ :-

"ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ।"[1]

ਸੋ ਜਪੁਜੀ ਵਿਸ਼ੇ ਅਨੁਸਾਰ ਬਹੁ-ਪੱਖੀ ਰਚਨਾ ਹੁੰਦੇ ਹੋਏ ਆਪਣੇ ਕੇਂਦਰੀ ਮਜ਼ਮੂਨ "ਮਨੁੱਖ ਸਚਿਆਰ ਕਿਵੇਂ ਹੋਏ ਜਾਂ ਪੂਰਣਤਾ ਪ੍ਰਾਪਤ ਕਿਵੇਂ ਕਰੇ"? ਤੇ ਸਥਿਰ ਹੈ। ਉਸ ਦਾ ਉੱਤਰ ਸਪਸ਼ਟ ਹੈ ਕਿ ਪ੍ਰਭੂ ਦੀ ਰਜ਼ਾ ਵਿਚ ਚਲਣ ਨਾਲ ਮਨੁੱਖ 'ਸਚਿਆਰ' ਬਣ ਸਕਦਾ ਹੈ। ਇਸੇ ਦੀ ਵਿਆਖਿਆ ਪਹਿਲਾਂ 'ਜਪੁਜੀ' ਵਿਚ ਹੋਈ ਹੈ ਅਤੇ ਫਿਰ ਜਪੁਜੀ ਵਿਚ ਆਏ ਵਿਚਾਰਾਂ ਤੇ ਸਿਧਾਂਤਕ ਸ਼ਬਦਾਂ ਦੀ ਵਿਆਖਿਆ ਥਾਂ ਥਾਂ ਤੇ ਸਮੁੱਚੀ ਗੁਰਬਾਣੀ ਵਿਚ ਹੋਈ ਹੈ।

---

1. ਆਦਿ ਗ੍ਰੰਥ, ਪੰ:1383.

3

## ਗੁਰਬਾਣੀ ਦੀਆਂ ਵਿਆਖਿਆ ਪ੍ਣਾਲੀਆਂ

ਗੁਰਬਾਣੀ ਦੀ ਟੀਕਾਕਾਰੀ ਦਾ ਆਰੰਭ 'ਜਪੁਜੀ' ਦੇ ਟੀਕੇ ਨਾਲ ਹੀ ਹੋਇਆ। ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਨ੍ਹਾਂ ਦੇ ਅਨੁਯਾਈਆਂ ਵਿਚ ਉਨ੍ਹਾਂ ਦੀ ਬਾਣੀ ਦੇ ਪਰਮਾਰਥ ਜਾਣਨ ਦੀ ਲੋੜ ਆਮ ਚਲ ਪਈ। ਇਸ ਦੇ ਸਿੱਟੇ ਵਜੋਂ ਇਕ ਤਾਂ ਜਨਮ ਸਾਖੀਆਂ ਲਿਖੀਆਂ ਗਈਆਂ ਤੇ ਦੂਜੇ 'ਜਪੁ' ਬਾਣੀ ਦੇ ਟੀਕੇ ਹੋਂਦ ਵਿਚ ਆਏ। ਇਹ ਕਹਿਣਾ ਭੀ ਠੀਕ ਹੋਵੇਗਾ ਕਿ ਆਦਿ ਗੁਰੂ ਜੀ ਨੇ ਆਪਣੇ ਸਿਧਾਂਤਾਂ ਦੇ ਪ੍ਰਚਾਰ ਲਈ ਸੰਗਤਾਂ (ਵਡੀ ਸੰਗਤ, ਛੋਟੀ ਸੰਗਤ) ਥਾਪੀਆਂ ਤੇ ਉਨ੍ਹਾਂ ਦੇ ਮੁਖੀ ਨਿਸ਼ਚਿਤ ਕੀਤੇ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਆਪਣੀ ਗੁਰਿਆਈ ਸਮੇਂ ਧਰਮ ਪ੍ਰਚਾਰ ਲਈ ਬਾਈ ਮੰਜੀਆਂ (ਉਪਦੇਸ਼ਕ ਗੱਦੀਆਂ) ਦੀ ਸਥਾਪਨਾ ਕੀਤੀ।[1] ਇਨ੍ਹਾਂ ਰਾਹੀਂ ਗੁਰਬਾਣੀ ਦੇ ਸਿਧਾਂਤਾਂ ਦਾ ਪ੍ਰਚਾਰ ਹੁੰਦਾ ਰਿਹਾ। ਇਨ੍ਹਾਂ ਰਾਹੀਂ ਹੀ ਗੁਰੂ ਅਰਜਨ ਦੇਵ ਨੇ ਸਾਰੀ ਭਗਤ ਬਾਣੀ ਦਾ ਸੰਗ੍ਰਹਿ ਕਰਵਾਇਆ। ਇਸ ਤੋਂ ਉਪਰੰਤ ਗੁਰੂ ਅਰਜਨ ਸਾਹਿਬ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ, ਜਿਸ ਨੂੰ ਭਾਈ ਗੁਰਦਾਸ ਜੀ ਨੇ ਗੁਰਮੁਖੀ ਅਖਰਾਂ ਵਿਚ ਅੰਕਿਤ ਕੀਤਾ। ਇਸੇ ਸਮੇਂ ਹੀ ਸਿਖ ਸੰਗਤਾਂ, ਸਮਾਗਮਾਂ ਅਥਵਾ ਦੀਵਾਨਾਂ ਵਿਚ ਗੁਰਬਾਣੀ ਦੇ ਕਿਸੇ ਨਾ ਕਿਸੇ ਸ਼ਬਦ ਸੰਬੰਧੀ ਵਿਚਾਰ ਵਟਾਂਦਰੇ ਹੋਣੇ ਆਰੰਭ ਹੋ ਗਏ। ਇਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਗੁਰਬਾਣੀ ਦੇ ਟੀਕੇ ਰਚਣ ਦਾ ਮੁੱਢ ਬੱਝਾ। ਇਨ੍ਹਾਂ ਵਿਚੋਂ ਪਹਿਲੇ ਟੀਕਾਕਾਰ ਭਾਈ ਗੁਰਦਾਸ ਹੀ ਹੋਏ ਹਨ। ਭਾਈ ਗੁਰਦਾਸ ਨੇ ਪੰਜਾਬੀ

---

1. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰ:634.

ਬਿਤ ਵਾਰਾਂ ਤੇ ਛੁੱਟ ਹੋਰ ਕੁਝ ਨਹੀਂ ਲਿਖਿਆ। ਉਹ ਇਕ ਨਿਰਸੰਦੇਹ ਵਿਦਵਾਨ ਸਨ ਤੇ ਬਹੁਤ ਸਾਰੀਆਂ ਬੋਲੀਆਂ ਦੇ ਗਿਆਤਾ ਸਨ। ਉਨ੍ਹਾਂ ਦਾ ਅਧਿਐਨ ਬੜਾ ਡੂੰਘਾ ਤੇ ਵਾਕਫੀਅਤ ਦਾ ਖੇਤਰ ਬੜਾ ਵਿਸ਼ਾਲ ਸੀ।

ਭਾਈ ਗੁਰਦਾਸ ਨੇ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਕਰ ਕੇ ਪੰਜਾਬੀ ਵਿਚ ਵਿਆਖਿਆਮਈ ਕਾਵਿ ਨੂੰ ਜਨਮ ਦਿੱਤਾ। ਗੁਰੂ ਕਵੀਆਂ ਦੇ ਰਹੱਸਮਈ ਅਨੁਭਵ ਨੂੰ ਆਪ ਨੇ ਰਸਾਤਮਕ ਦ੍ਰਿਸ਼ਟਾਂਤਮਈ ਢੰਗ ਵਿਚ ਪੇਸ਼ ਕੀਤਾ। ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਭਿੰਨ ਭਿੰਨ ਸ਼ਬਦਾਂ ਨੂੰ ਲੈ ਕੇ ਨਹੀਂ ਕੀਤੀ, ਸਗੋਂ ਗੁਰਬਾਣੀ ਦੇ ਵਿਚਾਰਾਂ ਦਾ ਵਿਸ਼ਲੇਸ਼ਨ ਸਮੁੱਚੇ ਰੂਪ ਵਿਚ ਕੀਤਾ ਹੈ।

ਆਪਣੇ ਵਿਚਾਰਾਂ ਦੇ ਪ੍ਰਗਟ ਕਰਨ ਲਈ ਭਾਈ ਗੁਰਦਾਸ ਜੀ ਨੂੰ ਸ਼ਬਦਾਂ ਦੀ ਕਦੀ ਥੁੜ ਪ੍ਰਤੀਤ ਨਹੀਂ ਹੋਈ। ਉਨ੍ਹਾਂ ਦਾ ਭਾਸ਼ਾ ਸੰਬੰਧੀ ਗਿਆਨ ਬੜਾ ਵਿਸ਼ਾਲ ਅਤੇ ਅਧਿਕਾਰ-ਪੂਰਣ ਸੀ। ਉਨ੍ਹਾਂ ਦੀਆਂ ਵਾਰਾਂ ਵਿਚ ਸ਼ਬਦ-ਸੰਜਮ ਬੜਾ ਹੈ। ਉਨ੍ਹਾਂ ਦੀਆਂ ਵਾਰਾਂ ਦਾ ਪਾਠ ਕਰਦਿਆਂ ਇਸ ਤਰ੍ਹਾਂ ਅਨੁਭਵ ਹੁੰਦਾ ਹੈ ਕਿ ਕਿਸੇ ਤੁਕ ਨੂੰ ਉਸ ਤੋਂ ਵਧੇਰੇ ਸੰਕੁਚਵੀਂ ਬੋਲੀ ਵਿਚ ਪ੍ਰਗਟ ਕਰਨਾ ਅਸੰਭਵ ਹੈ। ਕਿਸੇ ਪਰਮ ਸਚਾਈ ਨੂੰ ਅਜਿਹੇ ਢੰਗ ਨਾਲ ਕਹਿਣਾ ਕਿ ਉਹ ਆਪ-ਮੁਹਾਰੇ ਹੀ ਪੜ੍ਹਦੇ ਸੁਣਦੇ ਦੇ ਮੂੰਹ ਤੇ ਚੜ੍ਹ ਜਾਏ — ਇਹ ਅਦਭੁਤ ਸ਼ਕਤੀ ਭਾਈ ਗੁਰਦਾਸ ਵਿਚ ਮੌਲਿਕ ਸੀ। ਉਨ੍ਹਾਂ ਦੀਆਂ ਸੈਂਕੜੇ ਤੁਕਾਂ ਅਖਾਣ ਬਣ ਕੇ ਆਮ ਲੋਕਾਂ ਵਿਚ ਪ੍ਰਸਿੱਧ ਹੋ ਚੁਕੀਆਂ ਹਨ।

ਭਾਈ ਗੁਰਦਾਸ ਦੀ ਰਚਨਾ ਦਾ ਵਿਸ਼ਾ ਗੁਰਮਤਿ ਦੀ ਵਿਆਖਿਆ ਹੈ। ਗੁਰਮਤਿ ਦੇ ਬੁਨਿਆਦੀ ਤੱਤਾਂ ਨੂੰ ਉਹ ਮੁੜ ਮੁੜ ਪੇਸ਼ ਕਰਦੇ ਹਨ। ਪਰ ਹਰ ਵਾਰ ਇਕ ਨਵੇਂ ਰੰਗ ਵਿਚ, ਨਵੀਆਂ ਉਪਮਾਵਾਂ ਦੁਆਰਾ ਤੇ ਨਵੀਂ ਸ਼ੈਲੀ ਵਿਚ। ਇਸ ਵਿਚ ਹੀ ਉਨ੍ਹਾਂ ਦਾ ਕਮਾਲ ਹੈ। ਇਹੀ ਕਾਰਣ ਹੈ ਕਿ ਇਕੋ ਗੱਲ ਮੁੜ ਮੁੜ ਕਹਿਣ ਵਿਚ ਵੀ ਰੁੱਖਾ-ਪਨ ਨਹੀਂ ਆਉਣ ਦਿੰਦੇ। ਉਨ੍ਹਾਂ ਨੇ ਆਪਣੀਆਂ ਵਾਰਾਂ ਵਿਚ 'ਜਪੁਜੀ' ਦੀਆਂ ਕੁਝ ਪਉੜੀਆਂ ਅਥਵਾ ਤੁਕਾਂ ਦਾ ਟੀਕਾ ਕੀਤਾ ਹੈ :-

'੧ੴ' —

"ਗੁਰਮੁਖ ਏਕੰਕਾਰ ਆਪ ਉਪਾਇਆ।
ਓਅੰਕਾਰ ਆਕਾਰ ਪਰਗਟੀ ਆਇਆ।
ਪੰਜ ਤਤ ਵਿਸਥਾਰ ਚਲਿਤ ਰਚਾਇਆ।
ਖਾਣੀ ਬਾਣੀ ਚਾਰ ਜਗਤ ਉਪਾਇਆ।"[1]

"ਨਿਰੰਕਾਰ ਆਕਾਰ ਹੋਇ ਏਕੰਕਾਰੁ ਅਪਾਰੁ ਸਦਾਇਆ।
ਏਕੰਕਾਰਹੁ ਸਬਦ ਧੁਨਿ ਓਅੰਕਾਰ ਆਕਾਰੁ ਬਣਾਇਆ।"[2]

ਇਨ੍ਹਾਂ ਤੁਕਾਂ ਵਿਚ ਵਿਆਖਿਆ ਇਹ ਹੋਈ ਹੈ ਕਿ ਜੋ ਨਿਰਾਕਾਰ ਅਲੱਖ ਪ੍ਰਭੂ ਸੀ, ਉਸ ਨੇ 'ਏਕੰਕਾਰ' ਹੋ ਕੇ ਆਪਣੇ ਆਪ ਨੂੰ ਉਪਾਇਆ ਤੇ ਫੇਰ ਓਅੰਕਾਰੀ ਲੀਲਾ ਰਚੀ, ਜਿਸ ਤੋਂ ਆਕਾਰ ਵਾਲੀ ਸ੍ਰਿਸ਼ਟੀ, ਤ੍ਰਿਗੁਣਾਂ ਵਾਲੀ ਤੇ ਪੰਜ ਤੱਤਾਂ ਵਾਲੀ ਰਚੀ ਗਈ।

'ਸਤਿਨਾਮੁ' —

"ਸਤਿ ਰੂਪ ਸਤਿਨਾਮੁ ਕਰਿ, ਸਤਿਗੁਰ ਨਾਨਕ ਦੇਉ ਜਪਾਇਆ।"[3]

ਉਹ ਪ੍ਰਭੂ ਸਦਾ ਸਤਿ ਹੈ, ਇਸ ਕਰਕੇ ਉਸ ਦਾ ਨਾਮ ਭੀ ਸਤਿ ਹੈ ਅਤੇ ਉਸ ਦਾ 'ਸਤਿਨਾਮੁ' ਆਦਿ ਜਾਪ ਜਗਤ ਕੋਲੋਂ ਜਪਵਾਇਆ ਹੈ।

'ਕਰਤਾ ਪੁਰਖੁ' —

"ਸਤਿਨਾਮੁ ਕਰਤਾ ਪੁਰਖ ਸਤਿ ਸਰੂਪ ਨ ਕਦੀ ਹੀ ਊਰਾ।"[4]

ਉਹ 'ਸਤਿਨਾਮੁ' (Ever Existent Lord) ਹੀ ਕਰਤਾ ਪੁਰਖ ਤੇ ਸਤਿ ਸਰੂਪ ਹੈ ਜੋ ਸਦਾ ਪੂਰਣ ਹੈ। ਉਹ 'ਕਰਤਾ ਪੁਰਖ' ਕਰਨ ਕਾਰਣ ਤੇ ਵੱਡੇ ਧਰਮ ਵਾਲਾ ਹੈ।-

"ਕਰਤਾ ਪੁਰਖ ਵਖਾਣੀਐ ਕਾਰਨ ਕਰਨ ਬਿਰਦ ਬਿਰਦਾਧਾ।"[5]

---

1. ਭਾਈ ਗੁਰਦਾਸ, ਵਾਰ 19-1.
2. ਓਹੀ, ਵਾਰ 26-2.
3. ਓਹੀ, ਵਾਰ 24-1.
4. ਓਹੀ, ਵਾਰ 40-1.
5. ਓਹੀ, ਵਾਰ 24-1.

ਉਹ ਪਰਮਾਤਮਾ ਰਚਨਹਾਰਾ ਹੈ, ਜੋ ਸ੍ਰਿਸ਼ਟੀ ਨੂੰ ਰਚ ਕੇ ਆਪ ਕਰਤਾ ਹੈ ਤੇ ਆਪਣੀ ਕਿਰਤ ਵਿਚ ਵਿਆਪਕ ਹੈ। ਪਰ ਜੀਵ 'ਕਰਤਾ ਪੁਰਖ' ਨੂੰ ਯਾਦ ਨਹੀਂ ਕਰਦਾ ਤੇ ਉਸ ਦੇ ਪੈਦਾ ਕੀਤੇ ਹੋਏ ਜੀਵਾਂ ਨੂੰ ਕਰਤਾ ਕਰਕੇ ਜਾਣਦਾ ਹੈ, ਭਾਵ- 'ਦਾਤਿ ਪਿਆਰੀ ਵਿਸਰਿਆ ਦਾਤਾਰਾ'[1]:-

"ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰ ਜਾਣੈ।"[2]

'ਅਕਾਲ ਮੂਰਤਿ, ਅਜੂਨੀ, ਸੈਭੰ' —

"ਅਕਾਲ ਮੂਰਤਿ ਪੁਰਖ ਸੋਇ, ਨਾਉ ਅਜੂਨੀ ਸੈਭੰ ਭਾਇਆ।"[3]

'ਅਕਾਲ' ਨਿਰਗੁਣ ਸ਼ਕਤੀ ਦਾ ਸੂਚਕ ਹੈ, ਪਰ 'ਮੂਰਤਿ' ਕਿਸੇ ਪ੍ਰਤੱਖ ਪ੍ਰਗਟ ਸਰੂਪ ਦੀ ਸੂਚਕ ਹੈ। ਭਾਵ 'ਮੂਰਤਿ' ਸਥਿਰਤਾ ਦੀ ਲਖਾਇਕ ਹੈ ਤੇ ਸਰਗੁਣ ਹੈ। 'ਅਜੂਨੀ' ਨਿਰਗੁਣ ਅਵਸਥਾ ਨੂੰ ਦ੍ਰਿੜ੍ਹ ਕਰਾਂਦਾ ਹੈ, ਜਿਸ ਦਾ ਜਨਮ ਨਹੀਂ ਹੁੰਦਾ, ਪਰ 'ਸੈਭੰ' ਉਸ ਦਾ ਸ੍ਵੈ ਪ੍ਰਕਾਸ਼ ਸਰੂਪ ਹੋਣ ਦਾ ਲਖਾਇਕ ਹੈ।

"ਹੁਕਮੀ ਬੰਦਾ ਹੋਇ ਕੈ ਸਾਹਿਬ ਦੇ ਹੁਕਮੈ ਵਿਚ ਰਹਿਣਾ।
ਹੁਕਮੈ ਅੰਦਰ ਸਭ ਕੋ ਸਭਨਾ ਆਵਣਾ ਹੈ ਸਹਿਣਾ।"[4]

ਸਾਰਾ ਸੰਸਾਰ ਉਸ ਪ੍ਰਭੂ ਦੇ ਹੁਕਮ ਵਿਚ ਚਲ ਰਿਹਾ ਹੈ ਅਤੇ ਕੋਈ ਜੀਵ ਵੀ ਉਸ ਦੇ ਹੁਕਮ ਤੋਂ ਆਕੀ ਨਹੀਂ ਹੋ ਸਕਦਾ ਭਾਵ ਹਰ ਇਕ ਜੀਵ ਨੂੰ ਉਸ ਦੇ ਭਾਣੇ ਦਾ ਉਬਾਲ ਸਹਿਣਾ ਹੀ ਪੈਂਦਾ ਹੈ।

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ" —(ਪਉੜੀ-4)

"ਕੁਰਬਾਣੀ ਤਿਨ ਗੁਰਸਿਖਾਂ ਪਿਛਲ ਰਾਤੀ ਉਠ ਬਹੰਦੇ।
ਕੁਰਬਾਣੀ ਤਿਨ ਗੁਰਸਿਖਾਂ ਇਕ ਮਨ ਹੋ ਗੁਰ ਜਾਪ ਜਪੰਦੇ।"[5]

---

1. ਆਦਿ ਗ੍ਰੰਥ, ਪੰ:676.
2. ਭਾਈ ਗੁਰਦਾਸ, ਵਾਰ 15-7.
3. ਓਹੀ, ਵਾਰ 39-1.
4. ਓਹੀ, ਵਾਰ 18-22.
5. ਓਹੀ, ਵਾਰ 12-2.

ਇਥੇ ਵਿਆਖਿਆ 'ਅੰਮ੍ਰਿਤ ਵੇਲਾ' ਤੇ 'ਵਡਿਆਈ ਵੀਚਾਰੁ' ਦੀ ਕੀਤੀ ਗਈ ਹੈ। 'ਅੰਮ੍ਰਿਤ ਵੇਲੇ' ਲਈ ਭਾਈ ਗੁਰਦਾਸ ਨੇ 'ਪਿਛਲ ਰਾਤੀ' ਪਦ ਵਰਤਿਆ ਹੈ ਅਤੇ 'ਵਡਿਆਈ ਵੀਚਾਰੁ' ਲਈ 'ਇਕ ਮਨ ਹੋ ਗੁਰ ਜਾਪ ਜਪੰਦੇ' ਵਰਤਿਆ ਹੈ। ਭਾਵ ਗੁਰਬਾਣੀ ਦਾ ਪਾਠ ਤੇ ਵਿਚਾਰ, ਜਿਸ ਵਿਚ ਪਰਮੇਸ਼ੁਰ ਦੀ ਅਮਿਤ ਵਡਿਆਈ ਦਾ ਵਰਣਨ ਹੈ।

"ਮੰਨੈ ਤਰੈ ਤਾਰੇ ਗੁਰਸਿਖ" —(ਪਉੜੀ-15)

"ਬਲਿਹਾਰੀ ਤਿਨ ਗੁਰਸਿਖਾਂ ਆਪ ਤਰੈ ਤਾਰਨਿ ਸਰਿਸਟਾ।"[1]

ਗੁਰਸਿਖ ਦਾ ਕਰਤੱਵ ਆਪ ਨਿਹਾਲ ਹੋਣਾ ਅਥਵਾ ਨਾਮ ਜਪ ਕੇ ਤਰਨਾ ਹੈ ਤੇ ਹੋਰ ਜੀਵਾਂ ਨੂੰ ਉਸ ਅਵਸਥਾ ਤਕ ਪਹੁੰਚਾਣਾ ਹੈ।

"ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰੀਆਉ।" —(ਪਉੜੀ-16)

"ਇਕ ਕਵਾਉ ਪਸਾਉ ਕਰਿ ਓਅੰਕਾਰ ਸੁਣਾਇਆ।
ਓਅੰਕਾਰ ਅਕਾਰ ਲਖ ਬ੍ਰਹਮੰਡ ਬਣਾਇਆ।
ਪੰਜ ਤੱਤ ਉਤਪਤਿ ਲਖ ਤ੍ਰੈ ਲੋਅ ਸੁਹਾਇਆ।
ਜਲ ਥਲ ਗਿਰ ਤਰਵਰ ਸੁਫਲ ਦਰੀਆਉ ਚਲਾਇਆ।"[2]

"ਇਕ ਕਵਾਉ ਪਸਾਉ ਕਰ ਕੁਦਰਤ ਅੰਦਰ ਕੀਆ ਪਸਾਰਾ।"[3]

ਇਸ ਵਿਚ ਇਹ ਸੰਕੇਤ ਹੈ ਕਿ ਦ੍ਰਿਸ਼ਟਮਾਨ ਸਾਮਗ੍ਰੀ ਉਸ ਪ੍ਰਭੂ ਦੇ ਹੁਕਮ ਨਾਲ ਉਤਪੰਨ ਹੋ ਗਈ, ਉਸ ਤੋਂ ਉਪਰੰਤ ਫਿਰ ਕਈ ਪ੍ਰਕਾਰ ਦੀਆਂ ਖਾਣੀਆਂ ਬਾਣੀਆਂ ਆਦਿ ਜੀਆ ਜੰਤ ਉਪਜ ਪਏ।

"ਪੰਚ ਪਰਵਾਣ ਪੰਚ ਪਰਧਾਨੁ" —(ਪਉੜੀ-16)

"ਸਤ ਸੰਤੋਖ ਦਇਆ ਧਰਮ ਅਰਥ ਸੁ ਗ੍ਰੰਥ ਪੰਚ ਪਰਵਾਣਾ।"[4]

---

1. ਭਾਈ ਗੁਰਦਾਸ, ਵਾਰ 12-1.
2. ਉਹੀ, ਵਾਰ 13-11.
3. ਉਹੀ, ਵਾਰ 8-1.
4. ਉਹੀ, ਵਾਰ 7-5.

ਸਤ, ਸੰਤੋਖ, ਦਇਆ, ਧਰਮ (ਵਿਚਾਰ)ਨੂੰ ਧਾਰ ਕੇ, ਗੁਰੂ ਗ੍ਰੰਥ ਸਾਹਿਬ ਦੇ ਯਥਾਰਥ ਅਰਥ ਦੇ ਸਿਧਾਂਤ ਨੂੰ ਧਾਰ ਕੇ ਪੰਚ (ਸੰਤ) ਪਰਮਾਣੀਕ ਹੋਏ ਹਨ। ਜੋ ਗੁਰੂ ਨੂੰ ਸਨਮੁਖ ਹੋ ਕੇ ਮਿਲਦੇ ਹਨ ਉਹ ਪੰਚ ਹੁੰਦੇ ਹਨ ਤੇ ਉਨ੍ਹਾਂ ਪੰਚਾਂ (ਸੰਤਾਂ) ਦੇ ਧਰਮ ਨੂੰ ਧਾਰਣ ਵਾਲਾ ਪਰਮੇਸ਼ਰ ਦੇ ਪਾਸ ਜਾਂਦਾ ਹੈ। ਗੁਰਮੁਖਾਂ ਦਾ ਮਿਲਣਾ ਹੀ ਪ੍ਰਵਾਣ ਹੈ ਕਿਉਂਕਿ ਪੰਚਾਂ ਦਾ ਮੇਲੀ ਸਾਧ ਸੰਗਤਿ ਰੂਪੀ ਸਚਖੰਡ ਵਿਚ ਆਨੰਦ ਮਾਣਦਾ ਹੈ :-

"ਸਨਮੁਖਿ ਮਿਲ ਪੰਚ ਆਖੀਅਨਿ ਬਿਰਦ ਪੰਚ ਪ੍ਰਮੇਸ਼ਰ ਪਾਸੀ।
ਗੁਰਮੁਖਿ ਮਿਲ ਪ੍ਰਵਾਣ ਪੰਚ ਸਾਧ ਸੰਗਤਿ ਸਚਖੰਡ ਬਿਲਾਸੀ।"[1]

"ਕੁਦਰਤਿ ਕਵਣ ਕਹਾ ਵੀਚਾਰੁ। ਵਾਰਿਆ ਨਾ ਜਾਵਾ ਏਕ ਵਾਰ।" -(ਪਉੜੀ-16)

"ਕੁਦਰਤ ਅਗਮ ਅਥਾਹ ਅੰਤ ਨ ਪਾਈਐ।
ਕਾਦਰ ਬੇਪਰਵਾਹ ਕਿਨ ਪਰਚਾਈਐ।
ਕੇਵਡ ਹੈ ਦਰਗਾਹ ਆਖ ਸੁਣਾਈਐ।
ਕੋਇ ਨ ਦੱਸੈ ਰਾਹ ਕਿਤ ਬਿਧ ਜਾਈਐ।
ਕੇਵਡ ਸਿਫਤ ਸਲਾਹ ਕਿਉ ਕਰ ਧਿਆਈਐ।
ਅਬਗਤਿ ਗਤਿ ਅਸਗਾਹ ਨ ਅਲਖ ਲਖਾਈਐ।"[2]

ਕਿਸੇ ਜੀਵ ਵਿਚ ਸਮਰਥਾ ਨਹੀਂ ਕਿ ਉਹ ਇਸ ਪਸਾਰੇ ਦਾ ਵਿਚਾਰ ਪੂਰਣ ਭਾਂਤ ਕਰ ਸਕੇ। ਉਹ ਵਾਹਿਗੁਰੂ ਬੇ-ਅੰਤ ਹੈ ਤੇ ਉਸ ਦੀ ਗਤੀ ਅਸਗਾਹ ਹੈ।

"ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ।
ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ।" -(ਪਉੜੀ-21)

"ਓਅੰਕਾਰ ਅਕਾਰ ਕਰ ਥਿੱਤ ਨ ਵਾਰ ਨ ਮਾਹੁ ਜਣਾਇਆ।
ਨਿਰੰਕਾਰ ਅਕਾਰ ਵਿਣ ਏਕੰਕਾਰ ਨ ਅਲਖ ਲਖਾਇਆ।
ਆਪੇ ਆਪ ਉਪਾਇਕੇ ਆਪੇ ਆਪਣਾ ਨਾਉ ਧਰਾਇਆ।
ਆਦਿ ਪੁਰਖ ਆਦੇਸ ਹੈ ਹੈ ਭੀ ਹੋਸੀ ਹੋਦਾ ਆਇਆ।
ਆਦਿ ਨ ਅੰਤ ਬਿਅੰਤ ਹੈ ਆਪੇ ਆਪ ਨ ਆਪ ਗਣਾਇਆ।
ਆਪੇ ਆਪ ਉਪਾਇ ਸਮਾਇਆ।"[3]

1. ਭਾਈ ਗੁਰਦਾਸ, ਵਾਰ- 39-17.
2. ਓਹੀ, ਵਾਰ 21-19.
3. ਓਹੀ, ਵਾਰ 18-7.

ਜਦੋਂ ਜਗਤ ਬਣਿਆ ਸੀ, ਓਦੋਂ ਕਿਹੜੀ ਥਿਤ ਸੀ, ਕਿਹੜਾ ਵਾਰ ਸੀ, ਇਸ ਨੂੰ ਕੋਈ ਵੀ ਨਹੀਂ ਜਾਣਦਾ। ਅਸਲੀਅਤ ਇਹ ਹੈ ਕਿ ਕੇਵਲ ਪਰਮਾਤਮਾ ਨੂੰ ਹੀ ਪਤਾ ਹੈ ਕਿ ਉਸ ਨੇ ਕਦੋਂ ਸ੍ਰਿਸ਼ਟੀ ਦੀ ਰਚਨਾ ਕੀਤੀ।

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।"
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।" — (ਪਉੜੀ-22)

"ਓੜਕ ਓੜਕ ਭਾਲ ਨ ਓੜਕ ਪਾਇਆ।
ਓੜਕ ਭਾਲਣ ਗਏ ਸਿ ਫੇਰ ਨ ਆਇਆ।"[1]

ਵਾਹਿਗੁਰੂ ਦੀ ਰਚਨਾ ਦਾ ਪਸਾਰਾ ਬੇਅੰਤ ਹੈ। ਅਨੇਕ ਲੋਕਾਂ ਨੇ ਪਸਾਰੇ ਦਾ ਓੜਕ ਲੱਭਣ ਦਾ ਜਤਨ ਕੀਤਾ ਹੈ। ਉਹ ਆਪ ਖਤਮ ਹੋ ਗਏ ਹਨ, ਪਰ ਪਸਾਰੇ ਦਾ ਲੇਖਾ ਖਤਮ ਨਹੀਂ ਹੋਇਆ।

"ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।" — (ਪਉੜੀ-27)

"ਪਰਵਦਗਾਰ ਸਲਾਹੀਐ ਸਿਰਠਿ ਉਪਾਈ ਰੰਗ ਬਿਰੰਗੀ।"[2]

ਉਸ ਪਰਵਦਗਾਰ ਨੇ ਹੀ ਮਾਇਆ ਪੈਦਾ ਕੀਤੀ ਹੈ, ਜਿਸ ਦੁਆਰਾ ਅਨੇਕ ਰੰਗਾਂ ਰੂਪਾਂ ਅਤੇ ਜਿਨਸਾਂ ਦੀ ਰਚਨਾ ਕਰੀ ਹੈ। ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਦੇ ਅਲੰਕਾਰਾਂ ਨੂੰ ਆਪਣੇ ਰੰਗ ਵਿਚ ਹੀ ਗੁੰਦਿਆਂ ਹੈ, ਜਿਵੇਂ :-

"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।" — (ਪਉੜੀ-28)

"ਮੁੰਦ੍ਰਾ ਗੁਰ ਉਪਦੇਸ ਮੰਤ੍ਰ ਸੁਣਾਇਆ।
ਖਿੰਥਾ ਖਿਮਾ ਸਿਵਾਇ ਝੋਲੀ ਪਤਿ ਮਾਇਆ।
ਪੈਰੀਂ ਪੈ ਪਾਖਾਕ ਬਿਭੂਤ ਬਣਾਇਆ।

1. ਭਾਈ ਗੁਰਦਾਸ, ਵਾਰ 22-3.
2. ਉਹੀ, ਵਾਰ 18-10.

ਪਿਰਮ ਪਿਆਲਾ ਪੌਣ ਭੋਜਨ ਭਾਇਆ।
ਡੰਡਾ ਗਿਆਨ ਵੀਚਾਰ ਦੂਤ ਸਿਧਾਇਆ।
ਸਹਜ ਗੁਫਾ ਸਤਿਸੰਗਿ ਸਮਾਧ ਸਮਾਇਆ।"[1]

ਜਿਸ ਤਰ੍ਹਾਂ ਗੁਰੂ ਨਾਨਕ ਨੇ ਜੋਗ ਮੱਤ ਦੇ ਬਾਹਰਲੇ ਚਿੰਨ੍ਹਾਂ ਦਾ ਖੰਡਨ ਕੀਤਾ ਹੈ ਤੇ ਉਨ੍ਹਾਂ ਦੀ ਥਾਂ ਉਹ ਗੁਣ ਦੱਸੇ ਹਨ ਜਿਨ੍ਹਾਂ ਤੋਂ ਜੋਗੀ ਸਖਣੇ ਸਨ, ਉਸੇ ਤਰ੍ਹਾਂ ਭਾਈ ਗੁਰਦਾਸ ਨੇ ਇਥੇ ਜੋਗ ਦੀ ਪ੍ਰਕਿਰਤ ਦੱਸੀ ਹੈ। ਜੋਗੀਆਂ ਦੇ ਭੇਖ ਦੇ ਚਿੰਨ੍ਹਾਂ ਨੂੰ ਮਨੁੱਖੀ ਸ਼ਖਸੀਅਤ ਦੇ ਗੁਣਾਂ ਨਾਲ ਤੁਲਨਾ ਦਿੱਤੀ ਹੈ ਅਤੇ ਦੱਸਿਆ ਹੈ ਕਿ ਹਰ ਚਿੰਨ੍ਹ ਕਿਸੇ ਸਦਾਚਾਰਕ ਗੁਣ ਦਾ ਲਖਾਇਕ ਹੈ। ਭਾਵ ਪੂਰਣ ਜੋਗੀ ਉਹ ਹਨ, ਜਿਨ੍ਹਾਂ ਨੇ ਗੁਰ ਉਪਦੇਸ਼ ਅਨੁਸਾਰ ਆਪਣੇ ਮਨ ਨੂੰ ਵਸ ਕਰ ਲਿਆ ਹੈ।

"ਮਨਿ ਜੀਤੈ ਜਗੁ ਜੀਤੁ" — (ਪਉੜੀ-28)

"ਮਨ ਜਿਤੇ ਜਗ ਜਿਣ ਲਇਆ ਅਸ਼ਟ ਧਾਤ ਇਕ ਧਾਤ ਕਰਾਇਆ।"[2]

ਮਨ ਨੂੰ ਜਿੱਤ ਲੈਣ ਨਾਲ ਜਗ ਨੂੰ ਜਿੱਤ ਲਈਦਾ ਹੈ। ਭਾਵ ਮਨ ਦੀ ਜਿੱਤ ਨਾਲ ਜਗਤ ਦੀ ਮਾਇਆ ਰੂਪੀ ਖਿੱਚ ਪਰਮਾਤਮਾ ਤੋਂ ਵਿਛੋੜ ਨਹੀਂ ਸਕਦੀ।

"ਸਚਿ ਖੰਡਿ ਵਸੈ ਨਿਰੰਕਾਰੁ" — (ਪਉੜੀ-37)

"ਸਾਧ ਸੰਗਤ ਸਚ ਖੰਡ ਵਿਚ ਸਤਿਗੁਰ ਪੁਰਖ ਵਸੈ ਨਿਰੰਕਾਰਾ।"[3]

"ਸਾਧ ਸੰਗਤਿ ਸਚ ਖੰਡ ਹੈ ਨਿਰੰਕਾਰ ਗੁਰੁ ਸਬਦੁ ਵਸਾਇਆ।"[4]

ਇਸ ਵਿਚ ਦੱਸਿਆ ਇਹ ਹੈ ਕਿ ਸਾਧ ਸੰਗਤ ਹੀ ਸਚ ਖੰਡ ਹੈ ਤੇ ਨਿਰੰਕਾਰ ਰੂਪ ਗੁਰੂ ਨੇ ਆਪਣੇ ਉਪਦੇਸ਼ ਨਾਲ ਇਸ ਨੂੰ ਵਸਾਇਆ ਹੈ।

---

1. ਭਾਈ ਗੁਰਦਾਸ, ਵਾਰ 2[illegible]-16.
2. ਓਹੀ, ਵਾਰ 29-2.
3. ਓਹੀ, ਵਾਰ 6-4.
4. ਓਹੀ, ਵਾਰ 39-13.

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।" –(ਸਲੋਕ)

"ਪਉਣ ਗੁਰੂ ਗੁਰ ਸਬਦ ਹੈ ਵਾਹਿਗੁਰੂ ਗੁਰ ਸਬਦ ਸੁਣਾਇਆ।
ਪਾਣੀ ਪਿਤਾ ਪਵਿਤ੍ਰ ਕਰ ਗੁਰਮੁਖ ਪੰਥ ਨਿਵਾਣ ਚਲਾਇਆ।
ਧਰਤੀ ਮਾਤ ਮਹਤ ਕਰ ਓਤ ਪੋਤ ਸੰਜੋਗ ਬਣਾਇਆ।
ਦਾਈ ਦਾਇਆ ਰਾਤ ਦਿਹੁ ਬਾਲ ਸੁਭਾਇ ਜਗਤ ਖਿਲਾਇਆ।"[1]

(ਜਿਹੜਾ) ਵਾਹਿਗੁਰੂ ਦਾ ਗੁਰਾਂ ਨੇ ਸ਼ਬਦ ਸੁਣਾਇਆ ਹੈ, ਉਸ ਗੁਰ ਸ਼ਬਦ ਦਾ ਪੌਣ ਹੀ ਗੁਰੂ ਹੈ। ਜਿਵੇਂ ਪਾਣੀ ਜੀਵ ਨੂੰ ਪਵਿੱਤਰ ਕਰਦਾ ਹੈ ਤੇ ਆਪ ਨਿਵਾਣ ਵਲ ਜਾਂਦਾ ਹੈ ਤਿਵੇਂ ਗੁਰਮੁਖਾਂ ਨੇ ਆਪਣਾ ਪੰਥ ਨੀਵੇਂ (ਗਰੀਬੀ ਵਿਚ) ਤੋਰਿਆ ਹੈ। ਧਰਤੀ ਜਗਤ ਦੀ ਮਾਤਾ ਹੈ। ਇਸ ਨੂੰ ਮਾਤਾ ਦੀ ਮਹੱਤਾ ਇਸ ਲਈ ਦਿੱਤੀ ਗਈ ਹੈ ਕਿਉਂਕਿ ਜਿਵੇਂ ਧਰਤੀ ਵਿਚ ਸਹਿਨਸ਼ੀਲਤਾ ਦਾ ਗੁਣ ਹੈ ਤਿਵੇਂ ਮਾਤਾ ਵਿਚ ਹੈ। ਰਾਤ ਦਾਈ ਹੈ ਅਤੇ ਦਿਨ ਦਾਇਆ ਹੈ। ਇਹ ਦੋਵੇਂ ਜੀਆਂ ਨੂੰ ਖਿਡਾਉਂਦੇ ਹਨ; ਰਾਤ ਸੁਆਉਂਦੀ ਹੈ ਅਤੇ ਦਿਨ ਸੰਸਾਰਕ ਖੇਡਾਂ ਵਿਚ ਪਰਚਾਉਂਦਾ ਹੈ।

ਉਪਰੋਕਤ ਪ੍ਰਮਾਣਾਂ ਦੇ ਆਧਾਰ ਤੇ ਇਹ ਸਿਧ ਹੁੰਦਾ ਹੈ ਕਿ ਭਾਈ ਗੁਰਦਾਸ ਨੇ 'ਜਪੁਜੀ' ਦੀ ਵਿਆਖਿਆ ਆਪਣੀਆਂ ਵਾਰਾਂ ਵਿਚ ਕੀਤੀ ਹੈ। ਇਸ ਲਈ ਗੁਰੂ ਸਾਹਿਬਾਨ ਤੋਂ ਬਾਅਦ ਉਹ ਹੀ 'ਗੁਰਬਾਣੀ' ਦੇ ਪਹਿਲੇ ਟੀਕਾਕਾਰ ਹੋਏ ਹਨ। ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਇਕ ਇਕ ਬਾਣੀ ਜਾਂ ਸ਼ਬਦ ਲੈ ਕੇ ਨਹੀਂ ਕੀਤੀ, ਸਗੋਂ ਗੁਰਬਾਣੀ ਵਿਚ ਆਏ ਵਿਚਾਰਾਂ ਦੀ ਵਿਆਖਿਆ ਕੀਤੀ ਹੈ। ਵਿਆਖਿਆ ਦੀ ਇਸ ਪ੍ਰਣਾਲੀ ਨੂੰ ਗੁਰੂ-ਘਰ ਦੀ ਪ੍ਰਵਾਨਗੀ ਪ੍ਰਾਪਤ ਸੀ। ਕਿਤੇ ਕਿਤੇ ਗੁਰਬਾਣੀ ਦੇ ਸ਼ਬਦ ਨੂੰ ਭਾਈ ਜੀ ਨੇ ਆਪਣੇ ਸ਼ਬਦਾਂ ਵਿਚ ਉਲਥਾਇਆ ਹੈ, ਜਿਵੇਂ :-

"ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ।
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ।
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ।
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ।
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ।"[2]

1. ਭਾਈ ਗੁਰਦਾਸ, ਵਾਰ 6-5.
2. ਆਦਿ ਗ੍ਰੰਥ, ਪੰ: 147.

"ਜਗਮਤੁ ਪਹਿਰੇ ਅਗਨਿ ਦੇ ਤਰਕ ਗਿਆਨੇ ਮੰਦਿਰ ਛਾਈ।
ਕਰੇ ਰਸੋਈ ਸਾਰ ਦੀ ਸਗਲੀ ਧਰਤੀ ਨਥ ਚਲਾਈ।
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹਚੀ ਜਾਈ।
ਤੇਤੀ ਧਰਤਿ ਅਕਾਸੁ ਦੋਇ ਪਿਛੈ ਥਾਵੈ ਟੇਕ ਰਹਾਈ।
ਏਹ ਤਨ ਰਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ।"[1]

ਭਾਈ ਗੁਰਦਾਸ ਦੀ ਵਿਆਖਿਆ ਪ੍ਰਣਾਲੀ ਤੋਂ ਬਾਅਦ ਗੁਰਬਾਣੀ ਵਿਚ ਨਿਮਨ ਲਿਖਤ ਵਿਆਖਿਆ ਪ੍ਰਣਾਲੀਆਂ ਪ੍ਰਸਿੱਧ ਹਨ :-

(ੳ) ਮਿਹਰਬਾਨ (ਮੀਣਾ) ਸੰਪ੍ਰਦਾਇ।
(ਅ) ਉਦਾਸੀ ਸੰਪ੍ਰਦਾਇ।
(ੲ) ਨਿਰਮਲਾ ਸੰਪ੍ਰਦਾਇ।
(ਸ) ਗਿਆਨੀ ਸੰਪ੍ਰਦਾਇ।
(ਹ) ਸੇਵਾ ਪੰਥੀ ਸੰਪ੍ਰਦਾਇ।
(ਕ) ਆਧੁਨਿਕ ਵਿਦਵਾਨ ਪ੍ਰਣਾਲੀ।

(ੳ) "ਮਿਹਰਬਾਨ (ਮੀਣਾ) ਸੰਪ੍ਰਦਾਇ"

ਗੁਰਬਾਣੀ ਦੀ ਵਿਆਖਿਆ ਪ੍ਰਣਾਲੀ ਵਿਚ 'ਸੋਢੀ ਮਿਹਰਬਾਨ'[2] ਦਾ ਨਾਂ ਬੜਾ ਉਘਾ ਹੈ। 'ਜਪੁਜੀ' ਦਾ ਪੂਰੀ ਬਾਣੀ ਦੇ ਰੂਪ ਵਿਚ ਲਿਖਿਆ ਸਭ ਤੋਂ ਪਹਿਲਾ ਟੀਕਾ 'ਮਿਹਰਬਾਨ ਸੰਪ੍ਰਦਾਇ' ਦਾ ਹੀ ਮਿਲਦਾ ਹੈ। ਸੋਢੀ ਮਿਹਰਬਾਨ ਨੇ ਗੁਰਬਾਣੀ ਦੀ ਵਿਆਖਿਆ ਕਰਦਿਆਂ ਅਤੇ

---

1. ਭਾਈ ਗੁਰਦਾਸ, ਵਾਰ 1-43.
2. ਸੋਢੀ ਮਿਹਰਬਾਨ ਗੁਰੂ ਰਾਮਦਾਸ ਦਾ ਪੋਤਰਾ ਸੀ ਤੇ ਗੁਰੂ ਅਰਜਨ ਦੇਵ ਦੇ ਵੱਡੇ ਭਰਾ ਪ੍ਰਿਥੀ ਚੰਦ(ਮੀਣਾ) ਦਾ ਪੁੱਤਰ ਸੀ। ਇਸ ਦਾ ਅਸਲ ਨਾਂ ਮਨੋਹਰ ਦਾਸ ਸੀ। ਇਸ ਦਾ ਜਨਮ 1581 ਈ: ਵਿਚ ਹੋਇਆ ਤੇ ਦਿਹਾਂਤ 1640 ਈ: ਵਿਚ ਹੋਇਆ। ਇਹ ਸੁਕਦੇਵ ਦੇ ਅਵਤਾਰ ਮੰਨੇ ਜਾਂਦੇ ਸਨ ਤੇ ਸਮਾਰਤ(ਸਿਮ੍ਰਿਤੀਆਂ ਦੇ ਪਿਛੇ ਚਲਣ ਵਾਲੇ) ਧਰਮ ਦੇ ਅਨੁਯਾਈ ਸਨ। ਵੇਦਾਂ ਦੇ ਧਰਮ ਦਾ ਪਾਲਣ, ਤਿਲਕ ਲਾਣਾ, ਪੋਥੀ ਦੀ ਪੂਜਾ ਕਰਨੀ ਆਦਿ ਇਨ੍ਹਾਂ ਦੇ ਦੈਨਿਕ ਕੰਮ ਸਨ। (ਗੋਵਿੰਦ,ਨਾਥ ਰਾਜਗੁਰੂ,ਗੁਰਮੁਖੀ ਲਿਪੀ ਮੇਂ ਹਿੰਦੀ ਕਾਵਿ, ਪੰ:17,ਰਾਮਕਮਲ ਪ੍ਰਕਾਸ਼ਨ, ਦਿੱਲੀ,1969)

ਪੁਰਾਣਾਂ ਦੇ ਪਿਛੋਕੜ ਵਿਚ ਕੀਤੀ ਹੈ। ਉਨ੍ਹਾਂ ਬਾਰੇ ਪ੍ਰਸਿੱਧ ਹੈ ਕਿ ਉਹ ਤ੍ਰਿਕਾਲ-ਦਰਸ਼ੀ ਸਨ ਅਤੇ ਪ੍ਰੇਮ ਤੇ ਨੇਮ ਦੋਵੇਂ ਗੱਲਾਂ ਉਨ੍ਹਾਂ ਵਿਚ ਵਿੱਦਮਾਨ ਸਨ। ਉਹ ਗੁਰਬਾਣੀ ਦੇ ਅਦੁੱਤੀ ਵਿਆਖਿਆ-ਕਾਰ ਮੰਨੇ ਜਾਂਦੇ ਸਨ।

ਸੋਢੀ ਮਿਹਰਬਾਨ ਦੀ ਵਿਆਖਿਆ ਪ੍ਰਣਾਲੀ ਨਾਲ ਤਿੰਨ ਪੋਥੀਆਂ ਦਾ ਸੰਬੰਧ ਹੈ :-

ਪੋਥੀ ਸਚ ਖੰਡ, ਪੋਥੀ ਹਰਿ ਜੀ ਅਤੇ ਪੋਥੀ ਚਤੁਰਭੁਜ।

ਭਾਵੇਂ ਤਿੰਨਾਂ ਹੀ ਪੋਥੀਆਂ ਨੂੰ ਲਿਖਣ ਵਾਲਾ ਪੰਡਤ ਕੇਸੋ ਦਾਸ ਹੈ, ਪਰ ਪਹਿਲੀ ਪੋਥੀ ਨੂੰ ਸ੍ਰੀ ਮਿਹਰਬਾਨ ਨੇ ਲਿਖਵਾਇਆ ਅਤੇ ਦੂਜੀ ਤੇ ਤੀਜੀ ਪੋਥੀ ਨੂੰ ਮਿਹਰਬਾਨ ਦੇ ਦਿਹਾਂਤ ਪਿਛੋਂ ਉਨ੍ਹਾਂ ਦੇ ਹੁਕਮ ਅਨੁਸਾਰ ਉਨ੍ਹਾਂ ਦੇ ਦੋ ਪੁੱਤਰਾਂ ਹਰਿ ਜੀ ਤੇ ਚਤੁਰਭੁਜ ਨੇ।[1] ਇਨ੍ਹਾਂ ਤਿੰਨਾਂ ਪੋਥੀਆਂ ਦਾ ਮਜ਼ਮੂਨ ਇਕੋ ਹੀ ਹੈ - "ਗੁਰੂ ਨਾਨਕ ਦੇਵ ਦਾ ਜੀਵਨ ਬਿਰਤਾਂਤ ਤੇ ਉਨ੍ਹਾਂ ਦੀ ਬਾਣੀ ਦੀ ਵਿਆਖਿਆ।" ਇਸ ਲਈ ਦੂਜੀਆਂ ਦੋਵੇਂ ਪੋਥੀਆਂ ਵੀ ਮਿਹਰਬਾਨ ਦੀਆਂ ਪੋਥੀਆਂ ਕਰਕੇ ਹੀ ਪ੍ਰਸਿੱਧ ਹਨ।[2]

ਸ੍ਰੀ ਮਿਹਰਬਾਨ ਦੀ ਸੰਪ੍ਰਦਾਇ ਵਿਚ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਦੇ ਚਲਾਏ 'ਦਿਵਾਨੇ ਭੇਖ'[3] ਵਿਚ ਹੁਣ ਤਕ ਧਰਮ ਪੁਸਤਕ ਇਹੋ ਹੀ ਮੰਨੀ ਜਾਂਦੀ ਹੈ। ਸ੍ਰੀ ਮਿਹਰਬਾਨ ਦੇ ਸਪੁੱਤਰ ਹਰਿ ਜੀ ਦੇ ਕਥਨ ਅਨੁਸਾਰ ਮਿਹਰਬਾਨ ਜੀ ਦੀ ਰਚਨਾ ਵਿਆਖਿਆਤਮਕ ਹੈ। "ਜਿਵੇਂ ਵਿਆਸ ਰਿਸ਼ੀ ਨੇ ਵੇਦਾਂਤ ਸੂਤਰ ਰਚ ਕੇ ਵੇਦਾਂ ਨੂੰ ਸੁਖੈਨ ਕੀਤਾ ਹੈ ਤਿਵੇਂ ਹੀ ਮਿਹਰਬਾਨ ਨੇ ਆਦਿ ਗ੍ਰੰਥ ਵਿਚ ਆਈ ਬਾਣੀ ਦੀ ਵਿਆਖਿਆ ਕਰ ਕੇ ਰਿਸ਼ੀ ਵਿਆਸ ਵਾਲਾ ਕੰਮ ਕੀਤਾ ਹੈ।"[4]

ਮਿਹਰਬਾਨ ਦੀਆਂ ਪੋਥੀਆਂ ਦੇ ਅਧਿਐਨ ਤੋਂ ਪ੍ਰਗਟ ਹੁੰਦਾ ਹੈ ਕਿ ਮੀਣਿਆਂ ਨੇ ਆਪਣੀ ਬਾਣੀ ਰਚ ਕੇ ਹਰੇਕ ਸ਼ਬਦ ਦਾ ਅੰਤ 'ਨਾਨਕ ਦਾਸ' ਜਾਂ 'ਦਾਸ ਨਾਨਕ' ਅਤੇ ਕਿਤੇ ਕਿਤੇ 'ਜਨ ਨਾਨਕ' ਨਾਲ ਕੀਤਾ ਤਾਂ ਜੁ ਇਹ ਭੁਲੇਖਾ ਪੈ ਜਾਵੇ ਕਿ ਇਹ ਭੀ ਗੁਰਬਾਣੀ ਹੀ ਹੈ।

---

1. ਵੇਖੋ ਜ਼ਿਕਰ Appendix XXII, J.D. Cunningham, History of the Sikhs, P.378. Oxford University Press, 1918.
2. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੋਢੀ ਹਰਿ ਜੀ, ਪੰ:19, ਸਿਖ ਹਿਸਟਰੀ ਰੀਸਰਚ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ, 1969.
3. ਭਾਈ ਕਾਨ੍ਹ ਸਿੰਘ ਨਾਭਾ - ਮਹਾਨ ਕੋਸ਼, ਸ਼ਬਦ 'ਦਿਵਾਨੇ', ਪੰ:476.
4. ਗੋਵਿੰਦ ਨਾਥ ਰਾਜਗੁਰੂ, ਗੁਰਮੁਖੀ ਲਿਪੀ ਮੇਂ ਹਿੰਦੀ ਗੱਦ, ਪੰ:17.

ਉਨ੍ਹਾਂ ਵਲੋਂ ਗੁਰੂ-ਘਰ ਦਾ ਵਿਰੋਧ ਕਈ ਢੰਗਾਂ ਨਾਲ ਕਰਨਾ ਤਾਂ ਮੁੱਖ ਉਦੇਸ਼ ਸੀ ਤੇ ਨਕਲੀ ਬਾਣੀ ਰਚ ਕੇ ਸਿੱਖਾਂ ਵਿਚ ਭੁਲੇਖੇ ਪਾਣੇ ਇਸ ਮੰਤਵ ਦੀ ਸਿੱਧੀ ਲਈ ਇਕ ਮੁੱਖ ਸਾਧਨ ਸੀ। ਉਦਾਹਰਣ ਵਜੋਂ ਕੁਝ ਕੁ ਗੁਰਬਾਣੀ ਦੀਆਂ ਤੁਕਾਂ ਅਤੇ ਉਨ੍ਹਾਂ ਦੇ ਟਾਕਰੇ ਉਤੇ ਮਿਹਰਬਾਨ ਦੀਆਂ ਰਚਿਤ ਤੁਕਾਂ ਦਿੱਤੀਆਂ ਜਾਂਦੀਆਂ ਹਨ :-

ਗੁਰਬਾਣੀ –

"ਕਰਿ ਕਿਰਪਾ ਅੰਤਰ ਜਾਮੀ। ਦਾਸ ਨਾਨਕ ਸਰਣਿ ਸੁਆਮੀ।"[1]

"ਦਾਸੁ ਦਾਸ ਦਾਸ ਕੋ ਕਰੀਅਹੁ ਜਨ ਨਾਨਕ ਹਰਿ ਸਰਣਾਈ।"[2]

"ਨਾਨਕ ਦਾਸੁ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ।"[3]

ਮਿਹਰਬਾਨ –

"ਦਾਸ ਨਾਨਕ ਏਹੋ ਸਿਮਰੀਐ ਅਵਰ ਛਾਡਹਿ ਬਿਉਹਾਰਿ।"[4]

"ਨਵ ਖੰਡ ਕਉ ਢੂਢਤ ਫਿਰੈ, ਘਟ ਭੀਤਰਿ ਪੁਰਖੁ ਸੁਜਾਣੁ।
ਜਨ ਨਾਨਕ ਜਿਨ੍ਹੀ ਜਾਣਿਆ ਥਾਇ ਤੇ ਪਰਵਾਣੁ।"[5]

"ਨਾਨਕ ਦਾਸੁ ਹਰਿ ਭਜਨ ਬਿਨੁ ਕਿਵ ਕਰਿ ਮਿਲਹਿ ਗੁਪਾਲ।"[6]

ਜਿਥੇ ਮੀਣਿਆਂ ਨੇ ਨਕਲੀ ਬਾਣੀ ਰਚੀ ਤੇ ਅੰਤਲੀਆਂ ਤੁਕਾਂ ਵਿਚ 'ਨਾਨਕ' ਸ਼ਬਦ ਦਾ ਪ੍ਰਯੋਗ ਕੀਤਾ ਤਾਂ ਜੁ ਬਾਣੀ ਅਸਲੀ ਹੀ ਜਾਪੇ ਉਥੇ ਗੁਰਬਾਣੀ ਦੇ ਪਰਮਾਰਥ ਭੀ ਰਚੇ।[7] ਇਹ

---

1. ਆਦਿ ਗ੍ਰੰਥ, ਪੰ:623.
2. ਉਹੀ, ਪੰ:402.
3. ਉਹੀ, ਪੰ:713.
4. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੋਥੀ ਪਹਿਲੀ, ਪੰ:71, ਸਿਖ ਹਿਸਟਰੀ ਰੀਸਰਚ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, 1962.
5. ਉਹੀ, ਪੋਥੀ ਦੂਜੀ, ਪੰ:398.
6. ਉਹੀ, ਪੋਥੀ ਪਹਿਲੀ, ਪੰ:22.
7. ਗੋਸਟਿ ਗੁਰੂ ਮਿਹਰਬਾਨ, ਪੰ:349-50, "ਬਾਣੀ ਦਾ ਅਰਥ ਗੁਰੂ ਬਾਬੇ ਜੀ ਵਰਨਿ ਕਰਿ ਕਰਿ ਹੋਆ। ਜੁ ਕਿਛੁ ਵੇਦ ਪੁਰਾਣ ਕੀ ਬਾਤ ਥੀ ਸੁ ਸਭ ਬਾਣੀ ਕੇ ਅਰਥ ਮਹਿ ਪਰਗਟ ਕਰਿ ਦਿਖਲਾਈ। ਅਰ ਸਭਨਾਂ ਗੁਰਾਂ ਕੇ ਸਭਨਾਂ ਭਗਤਾਂ ਕੇ ਸਬਦ ਜਿ ਜਿਤੁ ਪਰਥਾਇ ਭਏ, ਸੁ ਸਭ ਕਹਿ ਸਮਝਾਇਆ।" (ਹਵਾਲਾ ਗੋਵਿੰਦ ਨਾਥ ਰਾਜਗੁਰੂ, ਗੁਰਮੁਖੀ ਲਿਪੀ ਮੇਂ ਹਿੰਦੀ ਕਾਵਿ, ਪੰ:18)

ਕਹਿਣਾ ਅਤਿ ਕਥਨੀ ਨਹੀਂ ਹੋਵੇਗਾ ਕਿ ਇਤਨੇ ਵੱਡੇ ਆਕਾਰ ਵਿਚ ਗੁਰਬਾਣੀ ਦੀ ਵਿਆਖਿਆ ਇਸ ਤੋਂ ਪਹਿਲਾਂ ਨਹੀਂ ਹੋਈ। ਪੁਰਾਤਨ ਜਨਮ ਸਾਖੀ ਵਿਚ ਗੁਰੂ ਵਿਅਕਤੀਆਂ ਦੇ ਕੁਝ ਸ਼ਬਦ ਮਿਲਦੇ ਹਨ ਤੇ ਕਿਧਰੇ ਕਿਧਰੇ ਉਨ੍ਹਾਂ ਦਾ ਭਾਵ ਅਰਥ ਵੀ ਕੀਤਾ ਗਿਆ ਹੈ, ਪਰ ਮੀਣਿਆਂ ਨੇ ਭਾਵੇਂ ਆਪ ਗੁਰਬਾਣੀ ਦੇ ਟਾਕਰੇ ਤੇ ਬਾਣੀ ਰਚੀ ਤੇ ਗੁਰੂਆਂ ਦੇ ਟਾਕਰੇ ਤੇ ਗੁਰੂ ਵੀ ਬਣਨ ਦੇ ਜਤਨ ਕੀਤੇ, ਪਰ ਜੋ ਨੀਹਾਂ ਬਾਣੀ ਦੀ ਵਿਆਖਿਆ ਦੀਆਂ ਪਾਈਆਂ, ਉਨ੍ਹਾਂ ਨੂੰ ਹੀ ਅਗੇ ਤੋਰਿਆ ਗਿਆ। ਇਸ ਪਰੰਪਰਾ ਸਦਕਾ ਹੀ ਬਾਅਦ ਵਿਚ ਹੋਰ ਟੀਕਾਕਾਰ ਤੇ ਕਥਾਕਾਰ ਬਣੇ।

ਡਾ। ਤਾਰਨ ਸਿੰਘ ਅਨੁਸਾਰ "ਮਿਹਰਬਾਨ ਦੇ ਪਿਤਾ ਪ੍ਰਿਥੀ ਚੰਦ ਦੀ ਗੁਰੂ ਅਰਜਨ ਦੇਵ ਨਾਲ ਵਿਰੋਧਤਾ ਦਾ ਉਸ ਦੀ ਟੀਕਾਕਾਰੀ ਉਤੇ ਕੋਈ ਬੁਰਾ ਪ੍ਰਭਾਵ ਨਹੀਂ ਪਿਆ ਕਿਉਂਕਿ ਮਿਹਰਬਾਨ ਹਰਿ ਜੀ ਤੇ ਚਤਰਭੁਜ – ਤਿੰਨੇ ਹੀ ਨਿਰੋਲ ਤੇ ਸ਼ੁੱਧ ਰੂਪ ਵਿਚ ਕੇਵਲ ਗੁਰਬਾਣੀ ਦੀ ਵਿਆਖਿਆ ਵਿਚ ਨਹੀਂ ਘੁਸੇੜਦੇ, ਜਿਸ ਪਾਸੇ ਬਾਣੀ ਰਸਤਾ ਦਿੰਦੀ ਹੈ ਉਧਰ ਤੁਰਦੇ ਹਨ। ਕੇਵਲ ਪ੍ਰਥਮ ਗੁਰੂ ਜੀ ਦੀ ਬਾਣੀ ਦੀ ਪੂਰਣ ਇਮਾਨਦਾਰੀ ਨਾਲ ਵਿਆਖਿਆ ਕਰਦੇ ਹਨ।"[1]

ਮਿਹਰਬਾਨ ਦੀਆਂ ਰਚਨਾਵਾਂ ਵਿਚੋਂ 'ਸਚਖੰਡ ਪੋਥੀ' ਬੜੀ ਪ੍ਰਸਿੱਧ ਹੈ। 'ਸਚ ਖੰਡ' ਸਿਖ ਪੰਥ ਵਿਚ ਬ੍ਰਹਮ ਲੋਕ ਸਮਝਿਆ ਜਾਂਦਾ ਹੈ। ਇਸ ਪੋਥੀ ਅਨੁਸਾਰ 'ਜਪੁ' ਰਚਨ ਤੋਂ ਪਹਿਲਾਂ ਪਾਰਬ੍ਰਹਮ ਨੇ ਗੁਰੂ ਨਾਨਕ ਦੇਵ ਨੂੰ ਸਚ ਖੰਡ ਵਿਚ ਬੁਲਾਇਆ ਸੀ ਅਤੇ ਆਪਣੀ ਉਸਤਤਿ ਕਰਨ ਜਾਂ ਸਿਫ਼ਤਾਂ ਗਾਉਣ ਦੀ ਪ੍ਰੇਰਣਾ ਦਿੱਤੀ ਸੀ।[2]

ਮਿਹਰਬਾਨ ਨੇ ਸਾਰੀਆਂ ਬਾਣੀਆਂ ਸੰਬੰਧੀ ਪਹਿਲੇ ਕਿਉਂ, ਕਦੋਂ ਤੇ ਕਿਵੇਂ ਇਨ੍ਹਾਂ ਤਿੰਨ ਪ੍ਰਸ਼ਨਾਂ ਨੂੰ ਉਠਾਇਆ ਹੈ ਤੇ ਉਸ ਤੋਂ ਪਿਛੋਂ ਇਕ ਚੰਗੇ ਟੀਕਾਕਾਰ ਵਾਂਗ ਉਨ੍ਹਾਂ ਦੇ ਸਮਾਧਾਨ ਕਰਨ

1. ਡਾਕਟਰ ਤਾਰਨ ਸਿੰਘ, ਸ੍ਰੀ ਹਰਿ ਜੀ ਅਤੇ ਸ੍ਰੀ ਚਤੁਰਭੁਜ ਜੀ ਦੇ ਰਚੇ ਪਰਮਾਰਥ,-(ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਦੂਜੀ, ਪੰ:43)
2. "ਤਬ ਏਕ ਦਿਨਿ ਗੁਰੂ ਬਾਬਾ ਨਾਨਕ ਜੀ ਪੰਜਾਬ ਦੀ ਧਰਤੀ ਨਗਰਿ ਕਰਤਾਰ ਪੁਰਿ ਬੈਠਾ ਥਾ ਅਰੁ ਦਰਗਾਹ ਪਰਮੇਸਰ ਕੀ ਬੁਲਾਇਆ। ਤਬ ਫੇਰਿ ਹੁਕਮ ਪਰਮੇਸੁਰ ਕਾ ਲੈ ਕੈ ਇਸੁ ਜਹਾਨੁ ਵਿਚਿ ਆਇਆ। ਤਬ ਇਕਸੁ ਅੰਗਦ ਸਿਖ ਨੋ ਬੁਲਾਇ ਕਰਿ, ਗੁਰੂ ਬਾਬੇ ਨਾਨਕ ਜੀ ਕਹਿਆ ਕਿ 'ਪੁਰਖਾ ਅੰਗਦਾ ਸ੍ਰੀ ਪਾਰਬ੍ਰਹਮ ਕੀ ਆਗਿਆ ਹੋਈ ਹੈ, ਜਿ ਮੇਰੀ ਸਿਫਤਿ ਕਰਣੀ; ਅਰੁ ਲੋਕਾਂ ਤੇ ਭੀ ਕਰਵਾਣੀ, ਪੁਰਖਾ ਅੰਗਦਾ, ਇਕ ਐਸੀ ਸਿਫਤਿ ਪਰਮੇਸੁਰ ਕੀ ਕਰੀਐ ਜਿਸ ਕਾ ਇਕੁ ਜਪੁ ਹੋਇ। ਐਸੀ ਸਿਫਤਿ ਕਾ ਜੋੜੁ ਜੋੜੀਐ ਪੁਰਖਾ। ਸ੍ਰੀ ਪਾਰਬ੍ਰਹਮ ਕਾ ਹੁਕਮ ਹੈ ਜਿ ਸਿਫਤਿ ਮੇਰੀ ਕਰਣੀ, ਪ੍ਰਿਥਮੀ ਮੇਰੇ ਨਾਇ ਲਾਵਣੀ।" (ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਦੂਜੀ, ਪੰ:248)

ਨਈ ਵਿਆਖਿਆ ਕੀਤੀ ਹੈ। ਆਮ ਤੌਰ ਤੇ ਮਿਹਰਬਾਨ ਹਰ ਬਾਣੀ ਦੀ ਇਕ ਘਟਨਾਤਮਕ ਉਥਾਨਿਕਾ ਪੇਸ਼ ਕਰਦਾ ਹੈ। ਇਸ ਉਥਾਨਿਕਾ ਵਿਚ ਬਾਣੀ ਉਚਾਰਣ ਤੋਂ ਪਹਿਲਾਂ ਜਿਹੜੇ ਕਾਰਣ ਜਾਂ ਪ੍ਰਸ-ਥਿਤੀਆਂ ਮੌਜੂਦ ਸਨ, ਉਨ੍ਹਾਂ ਦੀ ਵਿਸਥਾਰ ਨਾਲ ਵਿਆਖਿਆ ਕੀਤੀ ਗਈ ਹੈ। ਇਸ ਵਿਆਖਿਆ ਦੇ ਕਾਰਣ ਬਾਣੀ ਨੂੰ ਸਮਾਜਕ ਤੇ ਇਤਿਹਾਸਕ ਪਿਛੋਕੜ ਮਿਲ ਗਈ ਹੈ ਅਤੇ ਘਟਨਾਵਾਂ ਵਿਸ਼ਵਾਸ਼ ਪੈਦਾ ਕਰਦੀਆਂ ਹਨ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਮਿਹਰਬਾਨ ਵਿਚ ਕਵੀ ਦੇ ਅੰਦਰਲੇ ਤੇ ਬਾਹਰਲੇ ਪਿਛੋਕੜ ਨੂੰ ਸਮਝਣ ਦੀ ਇਕ ਅਦਭੁਤ ਪ੍ਰਤਿਭਾ ਮੌਜੂਦ ਹੈ। ਹਾਲਾਂ ਕਿ ਇਸ ਪ੍ਰੇਰਣਾ ਦੀ ਇਤਿਹਾਸਕ ਪਿਛੋਕੜ ਨੂੰ ਸੌ ਸਵਾ ਸੌ ਸਾਲ ਪਿਛੋਂ ਖੋਜਣ ਦੀ ਪ੍ਰਵਿਰਤੀ ਸੰਤੁਸ਼ਟਜਨਕ ਨਹੀਂ, ਕਿਉਂਕਿ ਸਾਹਿਤ ਦੀ ਸਿਰਜਣਾ ਕੋਈ ਯਾਂਤ੍ਰਿਕ ਕਿਰਿਆ ਨਹੀਂ ਹੈ। ਇਸ ਤੋਂ ਛੁੱਟ ਨਾ ਹੀ ਕੋਈ ਪ੍ਰਮਾਣਿਕ ਸੂਚਨਾ ਚਾਹੇ ਉਹ ਅੰਦਰਲੀ ਜਾਂ ਬਾਹਰਲੀ ਪਿਛੋਕੜ ਹੋਵੇ ਇਤਨੇ ਚਿਰ ਮਗਰੋਂ ਦੇਣੀ ਕੋਈ ਸਾਰਥਕ ਹੈ। ਇਸ ਵਿਚ ਕਲਪਣਾ ਦਾ ਕੁਝ ਨਾ ਕੁਝ ਪੁੱਠ ਮਿਲਿਆ ਹੁੰਦਾ ਹੈ ਜਿਸ ਕਰਕੇ ਤੱਥਾਂ ਦੀ ਪ੍ਰਮਾਣਿਕ ਵਿਆਖਿਆ ਸੰਭਵ ਨਹੀਂ ਹੁੰਦੀ।

'ਜਪੁਜੀ'[1] ਸਿਧਿ ਗੋਸਟਿ ਤੇ ਆਸਾ ਦੀ ਵਾਰ ਆਦਿ ਦੇ ਟੀਕੇ ਲਿਖਣ ਵਿਚ ਪਹਿਲ ਸੋਢੀ ਮਿਹਰਬਾਨ ਨੇ ਹੀ ਕੀਤੀ ਸੀ। ਜਿਨ੍ਹਾਂ ਤੋਂ ਪਿਛੋਂ ਇਨ੍ਹਾਂ ਦੇ ਵੰਸ਼ਜ ਹਰਿ ਜੀ ਤੇ ਚਤੁਰਭੁਜ ਆਦਿ ਨੇ ਟੀਕਾਕਾਰੀ ਦੇ ਕੰਮ ਨੂੰ ਚਲਦਾ ਰਖਿਆ।

ਸੋਢੀ ਮਿਹਰਬਾਨ ਵਾਲੀ ਜਨਮ ਸਾਖੀ ਜਿਸ ਵਿਚ 'ਜਪੁ' ਬਾਣੀ ਦੀ ਵਿਆਖਿਆ ਹੈ 1650 ਈ: ਦੇ ਨੇੜੇ ਲਿਖੀ ਗਈ।[2] ਇਸ ਦਾ ਉਤਾਰਾ 1828 ਈ: ਵਿਚ ਹੋਇਆ।[3] ਇਸ ਟੀਕੇ ਦੀ ਇਤਿਹਾਸਕ ਮਹੱਤਤਾ ਇਹ ਹੈ ਕਿ ਇਹ 'ਜਪੁਜੀ' ਦਾ ਪਹਿਲਾ ਉਪਲਬਧ ਟੀਕਾ ਹੈ। ਦੂਜੇ ਇਹ ਗੁਰੂ ਨਾਨਕ ਦੇਵ ਦੇ ਜੋਤੀ ਜੋਤ ਸਮਾਉਣ ਤੋਂ 111 ਵਰ੍ਹੇ ਪਿਛੋਂ ਦੀ

1. 'ਜਪੁਜੀ' ਦਾ ਟੀਕਾ ਵਾਸਤਵ ਵਿਚ 'ਹਰਿ ਜੀ' ਦਾ ਕੀਤਾ ਹੋਇਆ ਹੈ ਪਰ ਇਹ ਪ੍ਰਸਿੱਧ ਮਿਹਰਬਾਨ ਦੇ ਨਾਂ ਨਾਲ ਹੀ ਹੈ। ਇਸ ਲਈ ਇਸ ਨੂੰ 'ਮਿਹਰਬਾਨ ਦਾ ਟੀਕਾ' ਹੀ ਕਿਹਾ ਜਾਂਦਾ ਹੈ। (ਵੇਖੋ ਪੋਥੀਆਂ ਮਿਹਰਬਾਨ ਦੀਆਂ - ਖਾਲਸਾ ਕਾਲਜ, ਅੰਮ੍ਰਿਤਸਰ)
2. ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ, ਨੰ:693, "ਇਕ ਹਥ ਲਿਖਤ ਸੋਢੀ ਮਿਹਰਬਾਨ ਰਚਿਤ ਹੈ ਜਿਸ ਦਾ ਨਾਂ 'ਪਰਮਾਰਥ ਜਪੁਜੀ' ਹੈ, ਉਸ ਉਤੇ ਸੰਮਤ 1707 ਲਿਖਿਆ ਹੈ।
3. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, ਪੰ:9, ਤੇ ਸੈਂਚੀ ਦੂਜੀ, ਪੰ:12.

ਰਚਨਾ ਹੈ ਜਦੋਂ ਕਿ ਗੁਰੂ ਨਾਨਕ ਦੇ ਹੋਰ ਅਨੁਆਈ ਵੀ ਪ੍ਰਚਾਰ ਕਰਦੇ ਸਨ। ਇਹ ਟੀਕਾ ਉਸ ਸਮੇਂ ਦੀ ਸ਼ੈਲੀ, ਵਿਆਖਿਆ-ਢੰਗ, ਬੋਲੀ ਅਤੇ ਪਿਛੋਕੜ ਉਤੇ ਪ੍ਰਕਾਸ਼ ਪਾਉਂਦਾ ਹੈ।

ਸੋਢੀ ਮਿਹਰਬਾਨ ਸੰਪ੍ਰਦਾਇ ਦੇ ਇਸ 'ਜਪੁਜੀ' ਦੇ ਟੀਕੇ ਦੀਆਂ ਕੁਝ ਇਕ ਵਿਸ਼ੇਸ਼ਤਾਵਾਂ ਇਹ ਕਹੀਆਂ ਜਾ ਸਕਦੀਆਂ ਹਨ :-

(1) ਟੀਕਾ ਗੋਸ਼ਟੀ ਦੇ ਰੂਪ ਵਿਚ ਵਰਣਨ ਕੀਤਾ ਜਾਂਦਾ ਸੀ।

(2) ਬਾਣੀ ਦੇ ਪਰਮਾਰਥ ਅਥਵਾ ਉਸ ਦਾ ਮਹਾਤਮ ਦਸਿਆ ਜਾਂਦਾ ਸੀ।

(3) ਟੀਕਿਆਂ ਵਿਚ ਔਖੇ ਵਾਕ ਸ਼ਬਦੀ ਅਰਥ ਕਰਨ ਜਾਂ ਉਨ੍ਹਾਂ ਦੇ ਵਖਰੇ ਵਖਰੇ ਭਾਵ ਅਰਥ ਲਿਖਣ ਦੀ ਪਰਿਪਾਟੀ ਨਹੀਂ ਸੀ ਕੇਵਲ ਸਮੁੱਚਾ ਭਾਵ-ਅਰਥ ਹੀ ਦੇ ਦਿੱਤਾ ਜਾਂਦਾ ਸੀ ਅਤੇ ਉਸ ਵਿਚ ਆਏ ਇਤਿਹਾਸ ਤੇ ਪੌਰਾਣਿਕ ਹਵਾਲਿਆਂ ਨੂੰ ਕਥਾਵਾਂ ਰਾਹੀਂ ਬਿਆਨ ਕਰ ਦਿੱਤਾ ਜਾਂਦਾ ਸੀ।

(4) ਟੀਕਿਆਂ ਅਥਵਾ ਪਰਮਾਰਥਾਂ ਨੂੰ ਰੌਚਿਕ ਬਣਾਉਣ ਲਈ ਕਿਧਰੇ ਕਿਧਰੇ ਬਾਣੀ ਨਾਲ ਢੁੱਕਦੀ ਕੋਈ ਸਾਖੀ ਜਾਂ ਕਹਾਣੀ ਘੜ ਲਈ ਜਾਂਦੀ ਸੀ ਅਤੇ ਸਿੱਟੇ ਵਜੋਂ ਕਈ ਵਾਰੀ ਵਿਆਖਿਆ ਮੂਲ ਬਾਣੀ ਨਾਲੋਂ ਧੁੰਧਲੀ ਜਾਂ ਅਸਪਸ਼ਟ ਹੋ ਜਾਂਦੀ ਸੀ।

(5) ਟੀਕੇ ਦੇ ਸਲੋਕਾਂ ਵਿਚ 'ਨਾਨਕ ਦਾਸ' ਜਾਂ 'ਜਨ ਨਾਨਕ' ਦਾ ਪ੍ਰਯੋਗ ਥਾਂ ਥਾਂ ਮਿਲਦਾ ਹੈ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮਿਹਰਬਾਨ ਨੇ ਆਪਣਾ ਉਪਨਾਮ ਇਹ ਰਖਿਆ ਹੋਇਆ ਸੀ।

ਜੀ.ਬੀ.ਸਿੰਘ ਨੇ ਆਪਣੀ ਪੁਸਤਕ 'ਪ੍ਰਾਚੀਨ ਬੀੜਾਂ' ਵਿਚ ਕੁਝ ਕੁ ਅਜਿਹੀਆਂ ਬੀੜਾਂ ਦੇ ਹਵਾਲੇ ਦਿੱਤੇ ਹਨ ਜਿਨ੍ਹਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਮਿਹਰਬਾਨ ਨੇ ਨੇ ਮਹਲਾ '੧' ਤੇ '6' ਵਿਚ ਤੇ ਉਸ ਦੀ ਸੰਤਾਨ ਨੇ ਮਹਲਾ '7' ਤੇ '8' ਦੇ ਸਿਰਲੇਖਾਂ ਹੇਠ ਬਾਣੀ ਰਚੀ। ਇਸ ਕਾਰਣ ਸਿੱਖਾਂ ਵਿਚ ਇਨ੍ਹਾਂ ਪ੍ਰਤੀ ਅਸ਼ਰਧਾ ਪੈਦਾ ਹੋ ਗਈ, ਜਿਸ ਕਰਕੇ ਇਹ ਸੰਪ੍ਰਦਾਇ ਅਗੇ ਨਾ ਚਲ ਸਕੀ ਅਤੇ ਮਿਹਰਬਾਨ ਦੀ ਸੰਤਾਨ ਤਕ ਹੀ ਸੀਮਿਤ ਰਹਿ ਗਈ।

## (ਅ) "ਉਦਾਸੀ ਸੰਪ੍ਰਦਾਇ"

ਗੁਰਬਾਣੀ ਦੀ ਟੀਕਾਕਾਰੀ ਦੇ ਇਤਿਹਾਸ ਵਿਚ ਅਗਲੀ ਸੰਪ੍ਰਦਾਇ 'ਉਦਾਸੀ ਸੰਪ੍ਰਦਾਇ' ਹੈ। 'ਉਦਾਸੀ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਉਦਾਸ' ਤੋਂ ਨਿਕਲਿਆ ਹੈ ਤੇ ਇਸ ਦਾ ਅਰਥ ਹੈ: ਉਪਰਾਮਤਾ ਜਾਂ ਵਿਰਕਤਤਾ। ਇਕ ਪਰਿਭਾਸ਼ਾ ਅਨੁਸਾਰ "ਉਦਾਸੀਨ ਉਹ ਪੁਰਸ਼ ਹੈ ਜੋ ਸਵਾਰਥ ਛੋੜ ਕੇ ਲੋਕ ਕਲਿਆਣ ਦੀ ਭਾਵਨਾ ਨਾਲ ਸੰਪੂਰਣ ਰਾਗ-ਦਵੇਸ਼ ਤੋਂ ਪਰ੍ਹੇ ਹੋ ਕੇ ਸਭ ਨੂੰ ਆਤਮ ਸਰੂਪ, ਪਰਮਾਤਮਾ ਸਰੂਪ ਤੇ ਬ੍ਰਹਮ ਮੰਨਦਾ ਹੋਵੇ।"[1]

ਭਾਈ ਕਾਨ੍ਹ ਸਿੰਘ ਅਨੁਸਾਰ 'ਉਦਾਸੀ ਸਿਖ ਕੌਮ ਦਾ ਇਕ ਅੰਗ ਹਨ। ਇਹ ਪੰਥ ਬਾਬਾ ਸ੍ਰੀ ਚੰਦ ਤੋਂ ਚਲਿਆ ਜੋ ਕਿ ਗੁਰੂ ਨਾਨਕ ਦੇਵ ਦੇ ਵੱਡੇ ਸਪੁੱਤਰ ਸਨ। ਬਾਬਾ ਗੁਰਦਿੱਤਾ ਜੀ ਇਨ੍ਹਾਂ ਦੇ ਪਹਿਲੇ ਚੇਲੇ ਬਣੇ। ਅਗੇ ਇਨ੍ਹਾਂ ਦੇ ਚਾਰ ਸੇਵਕ – ਬਾਲੂ ਹਸਨਾ, ਅਲਮਸਤ, ਫੂਲ ਸ਼ਾਹ ਅਤੇ ਗੋਵਿੰਦ ਜੀ, ਕਰਨੀ ਵਾਲੇ ਸਾਧ ਹੋਏ, ਜਿਨ੍ਹਾਂ ਦੇ ਨਾਂ ਤੇ ਚਾਰ ਧੂਏ ਉਦਾਸੀਆਂ ਦੇ ਪ੍ਰਸਿੱਧ ਹਨ।[2] 'ਐਨਸਾਈਕਲੋਪੀਡੀਆ' ਦਾ ਕਰਤਾ ਵੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ।[3]

ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭੀ 'ਉਦਾਸੀ' ਸ਼ਬਦ ਦੀ ਵਰਤੋਂ ਕੀਤੀ ਗਈ ਹੈ :-

"ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ।"[4]

"ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।"[5]

ਗੁਰੂ ਨਾਨਕ ਦੀਆਂ ਜਗਤ ਫੇਰੀਆਂ ਲਈ ਵੀ 'ਉਦਾਸੀ' ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਜਿਵੇਂ :-

---

1. ਪੰਡਤ ਸੀਤਾ ਰਾਮ ਚਤੁਰਵੇਦੀ, ਭਾਰਤ ਕੇ ਉਦਾਸੀਨ ਸੰਤ, ਪੰ:42, 2024 ਬਿਕ੍ਰਮੀ।
2. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਜਿਲਦ 1, ਪੰ:27.
3. The Udasis are the principal religious order of the Sikhs. They are probably the oldest of the Sikh orders, but ascribe their foundation to Shri Chand, Nanak's eldest son. (Encyclopaedia of Religion and Ethics Vol. XII, P. 504).
4. ਆਦਿ ਗ੍ਰੰਥ, ਪੰ:952.
5. ਭਾਈ ਗੁਰਦਾਸ, ਵਾਰ 1-24.

"ਸ੍ਰੀ ਸਤਿਗੁਰ ਪ੍ਰਸਾਦਿ। ਪ੍ਰਿਥਮੇ ਉਦਾਸੀ ਕੀਤੀ ਪੂਰਬ ਕੀ। ਤਿਤੁ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ। ਤਦਹੁੰ ਪਉਣੁ ਅਹਾਰੁ ਕੀਆ। ਪਹਿਰਾਵਾ ਬਾਬੇ ਕਾ – ਇਕੁ ਬਸਤਰੁ ਅੰਬੋਆ, ਇਕੁ ਬਸਤਰ ਚਿਟਾ। ਇਕੁ ਪੈਰਿ ਜੁਤੀ ਇਕ ਪੈਰਿ ਖਉਸ, ਗਲਿ ਖਫ਼ਨੀ, ਸਿਰਿ ਟੋਪੀ ਕਲੰਦਰੀ, ਮਾਲਾ ਹਡਾਂ ਕੀ, ਮਥੈ ਤਿਲਕੁ ਕੇਸਰ ਕਾ।"[1]

"ਦੁਤੀਆ ਉਦਾਸੀ ਕੀਤੀ ਦਖਣ ਕੀ। ਅਹਾਰੁ ਤਲੀ ਭਰਿ ਰੇਤ ਕੀ ਕਰਹਿ। ਤਦਹੁੰ ਪੈਰੀ ਖੜਾਵਾਂ ਕਾਠ ਕੀਆਂ। ਹਥਿ ਆਸਾ।"[2]

ਉਦਾਸੀਆਂ ਦਾ ਪਹਿਰਾਵਾ ਮਜੀਠੀ ਚੋਲਾ, ਗਲ ਕਾਲੀ ਸੇਲ੍ਹੀ, ਹਥ ਤੂੰਬਾ ਤੇ ਸਿਰ ਉੱਚੀ ਟੋਪੀ ਹੁੰਦਾ ਹੈ। ਪਹਿਲਾਂ ਇਸ ਮੱਤ ਦੇ ਸਾਧੂ ਕੇਸ ਤੇ ਦਾਹੜੀ ਨਹੀਂ ਮਨਾਉਂਦੇ ਸਨ; ਪਰ ਹੁਣ ਬਹੁਤੇ ਜਟਾਧਾਰੀ, ਮੁੰਡਿਤ, ਭਸਮਧਾਰੀ, ਨੰਗੇ ਅਤੇ ਗੇਰੂ ਰੰਗੇ ਬਸਤਰ ਪਹਿਨਦੇ ਵੇਖੀਦੇ ਹਨ। ਕਈ ਉਦਾਸੀ ਕੇਸ ਨਹੀਂ ਰਖਦੇ ਸਨ, ਇਸ ਲਈ ਸਿੱਖਾਂ ਉਤੇ ਘੋਰ ਅਤਿਆਚਾਰ ਹੋਣ ਸਮੇਂ ਮੁਸਲਮਾਨਾਂ ਦੇ ਜਬਰ ਤੋਂ ਬਚ ਗਏ ਅਤੇ 'ਸਿਖ ਗੁਰਦੁਆਰਿਆਂ' ਦੇ ਰਖਵਾਲੇ ਬਣ ਗਏ। ਇਹ ਸਿਖ ਧਰਮ ਦੇ ਪ੍ਰਚਾਰਕ ਸਨ ਤੇ ਸਿਖ ਇਤਿਹਾਸ ਦੇ ਅਤਿ ਦੁਖਦਾਈ ਸਮੇਂ ਵੀ ਇਨ੍ਹਾਂ ਨੇ ਸਿਖ ਧਰਮ ਦਾ ਝੰਡਾ ਉੱਚਾ ਰਖਿਆ।[3] ਅਸਲ ਵਿਚ 'ਉਦਾਸੀ' ਇਕ ਤਰ੍ਹਾਂ ਦੇ ਸਿਖ ਭਿਖਸ਼ੂ ਸਨ, ਜੋ ਨਾ ਕੇਵਲ ਥਾਂ ਥਾਂ ਤੇ ਜਾ ਕੇ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂਆਂ ਨੂੰ ਜਥੇਬੰਦ ਕਰਦੇ ਸਨ, ਸਗੋਂ ਗੁਰੂ ਜੀ ਦੀ ਬਾਣੀ ਅਤੇ ਸਿਧਾਂਤਾਂ ਦੀ ਵਿਆਖਿਆ ਵੀ ਕਰਦੇ ਸਨ। ਇਹ ਗ੍ਰਿਹਸਤੀ ਨਹੀਂ ਸਨ ਅਤੇ ਉਦਾਸ ਬਿਰਤੀ ਨੂੰ ਮੁਕਤੀ ਦਾ ਮਾਰਗ ਸਮਝਦੇ ਸਨ। ਗੁਰਧਾਮਾਂ ਦੀ ਸਥਾਪਨਾ ਕਰਨਾ ਇਨ੍ਹਾਂ ਦਾ ਵਿਸ਼ੇਸ਼ ਉਦੇਸ਼ ਸੀ।

ਉਦਾਸੀ ਸੰਪ੍ਰਦਾਇ ਦਾ ਪ੍ਰਮੁੱਖ ਵਿਦਵਾਨ ਟੀਕਾਕਾਰ 'ਸੁਆਮੀ ਆਨੰਦ ਘਨ'[4] ਸੀ ਜਿਸ ਨੇ

---

1. ਭਾਈ ਵੀਰ ਸਿੰਘ, ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸਾਖੀ ਸੋਲ੍ਹਵੀਂ, ਪੰ:59, 1971.
2. ਓਹੀ, ਸਾਖੀ ਬਤਾਲੀਵੀਂ, ਪੰ:149.
3. C H. Loehlin, The Sikhs and their scriptures, P.69.
4. ਸੁਆਮੀ ਆਨੰਦਘਨ ਡੇਹਰਾ ਬਾਬਾ ਨਾਨਕ ਦੇ ਉਦਾਸੀਨ ਸੰਪ੍ਰਦਾਇ ਦੇ ਵਿਧੀ ਪੂਰਬਕ ਸੰਪ੍ਰਦਾਈ ਉਤ੍ਰਾਧਿਕਾਰੀ ਸਾਧੂ ਸਨ। ਉਹ ਕਵੀ, ਕਾਵਿ ਤੇ ਅਲੰਕਾਰ ਸ਼ਾਸਤ੍ਰ ਦੇ ਗਿਆਤਾ, ਪੁਰਾਣ ਵੇਤਾ, ਸੰਪ੍ਰਦਾਇ ਪੰਡਤ, ਉਦਾਸੀਨ ਸਾਧੂ ਤੇ ਮਹੰਤ ਸਨ। 'ਜਪੁ' ਟੀਕਾ ਦੀ ਪੁਸ਼ਪਿਕਾ ਤੋਂ ਆਨੰਦਘਨ ਦੇ ਵੰਸ਼ ਦਾ ਕੁਝ ਪਤਾ ਲਗਦਾ ਹੈ ਕਿ ਉਹ ਸ੍ਰੀ ਗੁਰੂ ਰਾਮ ਦਿਆਲ ਦੇ ਸ਼ਿਸ਼ ਸਨ। ਉਨ੍ਹਾਂ ਦੀ ਕੋਈ ਮੌਲਿਕ ਅਥਵਾ ਸੁਤੰਤਰ ਰਚਨਾ ਉਪਲਬਧ ਨਹੀਂ ਹੈ। ਉਹ ਕੇਵਲ ਗੁਰਬਾਣੀ ਦੇ ਟੀਕਾਕਾਰ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ। ਉਨ੍ਹਾਂ ਨੇ ਕੁਲ 5 ਟੀਕਿਆਂ ਦੀ ਰਚਨਾ ਕੀਤੀ। ਜਪੁਜੀ ਦਾ ਟੀਕਾ ਉਨ੍ਹਾਂ ਨੇ 1852 ਬਿਕ੍ਰਮੀ ਵਿਚ ਲਿਖਿਆ।

'ਜਪੁਜੀ' ਦਾ ਟੀਕਾ ਰਚਿਆ। ਇਸ ਸੰਪ੍ਰਦਾਇ ਦੇ ਹੋਰ ਵਿਦਵਾਨ ਸਾਧੂਆਂ ਨੇ ਗੁਰਬਾਣੀ ਦੇ ਟੀਕੇ ਵੀ ਰਚੇ ਹੋਣ ਗੇ ਪਰ ਉਹ ਉਪਲਬਧ ਨਹੀਂ। ਅਨੰਦ ਘਨ ਦੀ ਸ਼ੈਲੀ ਗੁਰੂ ਜੀ ਦੇ ਸਿਧਾਂਤਾਂ ਸੰਬੰਧੀ, ਭਗਤੀ ਭਾਵਨਾ ਰਖਦੀ ਹੋਈ ਵੀ ਖੁਸ਼ਕ ਹੈ। ਆਪ ਨੇ 'ਜਪੁ' ਬਾਣੀ ਨੂੰ ਪੌਰਾਣਿਕ ਤੁਲਨਾਤਮਕ ਪੱਖ ਨਾਲ ਪ੍ਰਤੀਪਾਦਨ ਕੀਤਾ ਹੈ।

ਉਦਾਸੀ ਸੰਪ੍ਰਦਾਇਕ 'ਜਪੁਜੀ' ਦੇ ਟੀਕਿਆਂ ਦੀਆਂ ਵਿਸ਼ੇਸ਼ਤਾਵਾਂ ਇਹ ਕਹੀਆਂ ਜਾ ਸਕਦੀਆਂ ਹਨ :-

(1) ਆਪਣਾ ਧਰਮ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਨੂੰ[1] ਹੀ ਮੰਨਦੇ ਹਨ ਤੇ ਦਸਾਂ ਗੁਰੂ ਸਾਹਿਬਾਨ ਵਿਚ ਵਿਸ਼ਵਾਸ ਰਖਦੇ ਹਨ।

(2) ਗੁਰਬਾਣੀ ਦੀ ਵਿਆਖਿਆ ਵੇਦਾਂਤ ਤੇ ਆਧਾਰਿਤ ਹੁੰਦੀ ਹੈ।

(3) ਪੌਰਾਣਿਕ ਹਵਾਲਿਆਂ ਦੀ ਆਮ ਵਰਤੋਂ ਕੀਤੀ ਹੈ।

(4) ਟੀਕਿਆਂ ਵਿਚ ਵਿਸਤਾਰ ਬਹੁਤ ਕੀਤਾ ਹੈ ਤੇ ਕਈ ਥਾਵਾਂ ਤੇ ਅਰਥਾਂ ਦਾ ਅਨਰਥ ਵੀ ਕੀਤਾ ਹੈ, ਜਿਵੇ -[2] 'ਜਪੁਜੀ' ਦੀ 25ਵੀਂ ਪਉੜੀ ਦੀ 'ਆਖਹਿ ਸਿ ਭਿ ਕੇਈ ਕੇਇ' ਦਾ ਅਰਥ।

(5) ਇਨ੍ਹਾਂ ਦਾ ਗੁਰਮੰਤਰ 'ਸਤਿਨਾਮੁ' ਹੈ।

(6) ਹਰਿ ਕੀਰਤ ਤੇ ਧਰਮ ਵਿਚਾਰ ਕਰਨ ਲਈ ਮਿਲ ਬੈਠਣ ਵਾਲੀ ਥਾਂ ਗੁਰਦੁਆਰਾ ਜਾਂ ਧਰਮਸਾਲ ਮੰਨਦੇ ਹਨ।

## (ੲ) "ਨਿਰਮਲਾ ਸੰਪ੍ਰਦਾਇ"

ਪਹਿਲੇ ਆਲੋਚਕ, ਤੁਲਨਾਤਮਕ ਅਧਿਐਨ ਕਰਤਾ ਅਤੇ ਗੁਰੂ ਗੋਬਿੰਦ ਸਿੰਘ ਦੇ ਆਸ਼ੇ ਅਨੁਸਾਰ ਧਰਮ ਤੇ ਖ਼ਾਲਸਾ ਪੰਥ ਦੇ ਪ੍ਰਚਾਰਕ 'ਨਿਰਮਲੇ' ਸਨ। ਗੁਰੂ ਗੋਬਿੰਦ ਸਿੰਘ ਨੇ ਗੁਰਬਾਣੀ ਪ੍ਰਚਾਰ ਤੇ ਦਾਰਸ਼ਨਿਕ ਪ੍ਰਚਾਰ ਲਈ ਦੋ ਉਪਰਾਲੇ ਕੀਤੇ। "ਪਹਿਲਾ ਗੁਰਬਾਣੀ ਦੇ ਟਕਸਾਲੀ ਅਰਥਾਂ ਲਈ 'ਗਿਆਨੀ ਸੰਪ੍ਰਦਾਇ' ਦੀ ਸਥਾਪਨਾ, ਜਿਸ ਦਾ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਅਤੇ ਦੂਜਾ ਸਿੱਖਾਂ ਵਿਚ ਧਾਰਮਿਕ ਤੇ ਦਾਰਸ਼ਨਿਕ ਖੋਜੀ ਪੰਡਤਾਂ ਦੀ ਸੰਪ੍ਰਦਾਇ,

---

1. Encyclopaedia of Religion and Ethics Vol. XII, P. 504.
2. ਗੁਰਬਾਣੀ ਟੀਕੇ 'ਅਨੰਦ ਘਨ' — ਭਾਸ਼ਾ ਵਿਭਾਗ, ਪੰ:186.

ਨਿਰਮਲਿਆਂ ਦੇ ਰੂਪ ਵਿਚ ਸਥਾਪਨ ਕਰਨਾ ਸੀ। ਇਹ ਦੋਵੇਂ ਉਪਰਾਲੇ ਸਿਖ ਇਤਿਹਾਸ ਵਿਚ ਇਕ ਵੱਡੀ ਸਾਹਿਤਕ ਲਹਿਰ ਦੀਆਂ ਦੋ ਮੁਖਾਂ ਹਨ।

ਭਾਈ ਕਾਨ੍ਹ ਸਿੰਘ ਨੇ 'ਨਿਰਮਲਾ' ਸ਼ਬਦ ਦੇ ਇਹ ਅਰਥ ਕੀਤੇ ਹਨ :-

(1) ਮੈਲ ਤੋਂ ਬਿਨਾਂ।

"ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨਾ ਹੋਇ।[1]

(2) ਸੰਗਯਾ - ਨਿਰਮਲ ਧਰਮ (ਖਾਲਸ ਧਰਮ) ਧਾਰਨ ਵਾਲਾ - ਗੁਰੂ ਨਾਨਕ ਦਾ ਸਿਖ।

"ਸਬਦਿ ਰਤੇ ਸੇ ਨਿਰਮਲੇ।"[2]

(3) ਗੁਰੂ ਗੋਬਿੰਦ ਸਿੰਘ ਨੇ ਪੰਜ ਸਿੰਘਾਂ (ਰਾਮਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਤੇ ਸੋਭਾ ਸਿੰਘ) ਨੂੰ ਬ੍ਰਹਮਚਾਰੀ ਦੇ ਭੇਸ ਵਿਚ ਸੰਸਕ੍ਰਿਤ ਵਿਦਿਆ ਪੜ੍ਹਨ ਲਈ ਕਾਸ਼ੀ ਭੇਜਿਆ ਸੀ। ਉਨ੍ਹਾਂ ਦੀ ਨਿਰਮਲੇ ਸੰਗਯਾ ਹੋਈ। ਇਨ੍ਹਾਂ ਪੰਜਾਂ ਦੇ ਚਾਟੜੇ, ਜੋ ਨਿਰਮਲ ਵਸਤ੍ਰ ਪਹਿਰ ਸ਼ਾਂਤ ਚਿਤ ਰਹਿ ਕੇ ਵਿਦਿਆ ਅਰ ਨਾਮ ਦਾ ਅਭਿਆਸ ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ। ਉਹ ਸਭ 'ਨਿਰਮਲੇ' ਸਦੇ ਜਾਂਦੇ ਹਨ। ਸਿਖ ਕੌਮ ਵਿਚ ਨਿਰਮਲੇ ਸਾਧੂ ਵਿਦਿਆ ਦੇ ਪ੍ਰੇਮੀ ਅਰ ਵਿਚਾਰਵਾਨ ਹਨ।[3] ਉਪਰੋਕਤ ਪੰਜ ਸਿੰਘਾਂ ਨੂੰ ਗੁਰੂ ਜੀ ਨੇ ਕਾਸ਼ੀ ਭੇਜਣ ਤੋਂ ਪਹਿਲਾਂ ਭਗਵੇ ਕਪੜੇ ਪੁਆ ਦਿੱਤੇ ਤਾਂ ਜੁ ਪੰਡਤ ਲੋਕ ਇਨ੍ਹਾਂ ਨੂੰ ਸੰਨਿਆਸੀ ਸਮਝਣ ਤੇ ਇਨ੍ਹਾਂ ਤੋਂ ਘ੍ਰਿਣਾ ਨਾ ਕਰਨ।[4]

ਇਸ ਸੰਪ੍ਰਦਾਇ ਨੇ ਵਿਸ਼ੇਸ਼ ਕਰਕੇ ਸੰਸਕ੍ਰਿਤ ਦੇ ਵਿਦਵਾਨ ਹੀ ਪੈਦਾ ਕੀਤੇ। ਸ਼ੰਕਰਾਚਾਰਜ ਵਾਂਗ ਇਹ ਸਭ ਵੇਦਾਂਤੀ ਸਨ, ਭਾਵੇਂ ਉਸ ਵਾਂਗ ਸਨਾਤਨੀ ਮੂਰਤੀਆਂ ਦੀ ਪੂਜਾ ਤੇ ਜਾਤ ਪਾਤ ਦੀ

---

1. ਆਦਿ ਗ੍ਰੰਥ, ਪੰ:790.
2. ਉਹੀ, ਪੰ: 27.
3. ਮਹਾਨ ਕੋਸ਼, ਪੰ:534.
4. ਮਹੰਤ ਗਣੇਸ਼ਾ ਸਿੰਘ, ਇਤਿਹਾਸ ਨਿਰਮਲ ਭੇਖ, ਪੰ:40.

ਉਦੇਸ਼ ਵਿਚ ਇਹ ਨਹੀਂ ਸਨ। ਸਗੋਂ ਸਿਖੀ ਦੀ ਭਗਤੀ ਭਾਵਨਾ ਵਿਚ ਰੰਗੇ ਹੋਏ ਸਨ, ਕਿਉਂਕਿ ਪੁਰਾਤਨ ਦਾਰਸ਼ਨਿਕ ਵਿਚਾਰ ਨੇ ਇਨ੍ਹਾਂ ਦੇ ਦਿਲ ਦਿਮਾਗ ਉਤੇ ਕਾਫੀ ਪ੍ਰਭਾਵ ਪਾਇਆ ਹੋਇਆ ਸੀ। ਇਸ ਲਈ ਇਨ੍ਹਾਂ ਦੇ ਵਿਚਾਰ ਤੇ ਰਚਨਾ ਨਿਰੋਲ ਸਿਖੀ ਮਾਰਗ ਨੂੰ ਨਹੀਂ ਦਰਸਾਏ। ਆਰੰਭ ਤੋਂ ਹੀ ਇਹ ਵੇਦਾਂਤੀ ਵਿਚਾਰਾਂ ਦੇ ਪ੍ਰਚਾਰ ਤੇ ਸਿਖੀ ਧਰਮ ਨੂੰ ਵੀ ਉਸੇ ਪੁਰਾਣੇ ਦਾਰਸ਼ਨਿਕ ਰੂਪ ਵਿਚ ਪ੍ਰਗਟਾਉਣ ਦਾ ਜਤਨ ਕਰਦੇ ਰਹੇ ਹਨ। ਆਪਣੀ ਵਿਦਵਤਾ ਦੇ ਬਲ ਨਾਲ ਉਨ੍ਹਾਂ ਨੇ ਵਡੇ ਗ੍ਰੰਥ ਰਚੇ। ਇਹ ਗ੍ਰੰਥ ਕੇਵਲ ਧਾਰਮਿਕ ਹੀ ਨਹੀਂ ਸਨ, ਸਗੋਂ ਕਈ ਵਿਸ਼ਿਆਂ ਉਤੇ ਇਨ੍ਹਾਂ ਲਿਖਿਆ ਜਿਹਾ ਕਿ ਜੋਤਸ਼, ਹਿਕਮਤ ਆਦਿ।[1]

ਸਿਧਾਂਤਕ ਪੱਖ ਤੋਂ 'ਨਿਰਮਲ ਸੰਪ੍ਰਦਾਇ' ਦਾ ਖਾਲਸਾ ਪੰਥ ਤੋਂ ਕੋਈ ਭਿੰਨ ਭੇਦ ਨਹੀਂ ਪਰ ਸੰਸਕ੍ਰਿਤ ਵਿਦਿਆ ਤੇ ਪੌਰਾਣਿਕ ਗ੍ਰੰਥਾਂ ਦੇ ਬਹੁਤੇ ਅਧਿਐਨ ਕਰ ਕੇ ਇਨ੍ਹਾਂ ਵਿਚ ਹੌਲੀ ਹੌਲੀ ਕੁਝ ਅਜਿਹੀਆਂ ਸਨਾਤਨੀ ਰਸਮਾਂ ਰੀਤਾਂ ਪ੍ਰਵੇਸ਼ ਕਰ ਗਈਆਂ ਹਨ, ਜਿਹੜੀਆਂ ਕਿ ਸਿਖੀ ਮਰਯਾਦਾ ਦੇ ਅਨੁਕੂਲ ਨਹੀਂ।[2]

ਇਸ ਸੰਪ੍ਰਦਾਇ ਦੇ 'ਜਪੁਜੀ' ਦੇ ਟੀਕਿਆਂ ਦੀਆਂ ਕੁਝ ਕੁ ਵਿਸ਼ੇਸ਼ਤਾਵਾਂ ਇਹ ਹਨ:-

(1) ਇਹ ਗੁਰਬਾਣੀ ਦੀ ਵਿਆਖਿਆ ਵੇਦਾਂਤ ਅਨੁਸਾਰ ਕਰਦੇ ਹਨ।

(2) ਇਹ ਤੁਕ ਦੇ ਬਹੁਤੇ ਅਰਥ ਕਰਦੇ ਹਨ ਪਰੰਤੂ ਅੰਤ ਵਿਚ ਢੁੱਕਵੇਂ ਅਰਥ ਜ਼ਰੂਰ ਦਿੰਦੇ ਹਨ।

(3) ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਨੂੰ ਮੰਨਦੇ ਹਨ।

(4) ਸ਼ਾਮ ਵੇਲੇ ਧੂਪ ਦੀਪ ਆਦਿ ਨਾਲ ਗੁਰੂ ਜੀ ਦੀ ਪੂਜਾ ਤੇ ਆਰਤੀ ਆਦਿ ਕਰਦੇ ਹਨ। ਗੁਰਦੁਆਰੇ ਤੇ ਮੱਠਾਂ, ਸਾਧਾਂ ਦੀਆਂ ਸਮਾਧਾਂ ਉਤੇ ਧੂਪ ਦੀਪ ਤੇ ਫੁੱਲ ਚੜ੍ਹਾਣਾ ਜ਼ਰੂਰੀ ਸਮਝਦੇ ਹਨ।

(5) ਗੁਰੂ ਗ੍ਰੰਥ ਸਾਹਿਬ ਨੂੰ ਸਰਬੋਤਮ ਮੰਨਦੇ ਹੋਏ ਭੀ ਪੁਰਾਣ ਆਦਿ ਸ਼ਾਸਤ੍ਰਾਂ ਦਾ ਸਤਿਕਾਰ ਕਰਦੇ ਹਨ।

---

1. Dr. Mohan Singh, History of Punjabi Literature, P.80, University of Panjab, Lahore, 1932.
2. ਡਾ:ਹਰਿਭਜਨ ਸਿੰਘ, ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਕਾਵਿ, ਪੰ:164, ਭਾਰਤੀ ਮੰਦਿਰ, ਦਿਲੀ, 1963.

'ਨਿਰਮਲਾ ਸ਼ਾਖਾ' ਦੇ 'ਜਪੁਜੀ' ਦੇ ਉੱਘੇ ਟੀਕਾਕਾਰਾਂ ਵਿਚੋਂ 'ਭਾਈ ਸੰਤੋਖ ਸਿੰਘ'[1] 'ਪੰਡਤ ਤਾਰਾ ਸਿੰਘ ਨਰੋਤਮ'[2] 'ਸੰਤ ਗੁਲਾਬ ਸਿੰਘ ਤੇ ਗਿਆਨੀ ਗਿਆਨ ਸਿੰਘ' ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਟੀਕਿਆਂ ਨੂੰ ਵੇਦਾਂਤ ਦੀ ਪੁੱਠ ਚੜ੍ਹੀ ਹੋਈ ਹੈ। ਇਨ੍ਹਾਂ ਨੇ ਬੁੱਤ ਪੂਜਾ ਤੇ ਮੂਰਤੀ ਪੂਜਾ ਦਾ ਖੰਡਨ ਕੀਤਾ ਹੈ।

## (ਸ) "ਗਿਆਨੀ ਸੰਪ੍ਰਦਾਇ"

'ਜਪੁ' ਬਾਣੀ ਦੀ ਟੀਕਾਕਾਰੀ ਦੇ ਪ੍ਰਸੰਗ ਵਿਚ ਅਗਲੀ ਸ਼ਾਖਾ 'ਗਿਆਨੀ ਸੰਪ੍ਰਦਾਇ' ਹੈ ਜਿਸ ਦੇ ਮੋਢੀ ਭਾਈ ਮਨੀ ਸਿੰਘ ਸਨ। ਉਹ ਆਪਣੇ ਸਮੇਂ ਦੀ ਇਕ ਪਰਮ ਸਤਿਕਾਰ ਯੋਗ ਸ਼ਖਸੀਅਤ ਸਨ, ਜੋ ਕਿ ਗਿਆਨ ਦੇ ਭੰਡਾਰ ਤੇ ਗੁਰੂ-ਘਰ ਦੇ ਵਰੋਸਾਏ ਹੋਏ ਸਿਖ ਸਨ।

ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਆਖਿਆਕਾਰੀ ਤੇ ਟੀਕਾਕਾਰੀ ਦੀ 'ਗਿਆਨੀ ਸੰਪ੍ਰਦਾਇ' ਚਲੀ, ਜਿਸ ਦਾ ਕੰਮ ਗੁਰਬਾਣੀ ਤੇ ਗੁਰ ਇਤਿਹਾਸ ਸੰਬੰਧੀ ਅਧਿਐਨ ਕਰਨਾ ਸੀ। 'ਗਿਆਨੀ' ਦੇ ਸ਼ਬਦੀ ਉਂਜ ਅਰਥ ਹਨ, ਜਾਣਨ ਵਾਲਾ ਜਾਂ ਗਿਆਤਾ। ਦੂਜੇ ਸ਼ਬਦਾਂ ਵਿਚ 'ਗਿਆਨੀ' ਸ਼ਬਦ

1. ਮਹਾਂਕਵੀ ਸੰਤੋਖ ਸਿੰਘ ਦਾ ਜਨਮ 1787ਈ: ਵਿਚ ਹੋਇਆ। ਇਨ੍ਹਾਂ ਦੇ ਪਿਤਾ ਸ: ਦੇਵਾ ਸਿੰਘ ਵੀ ਚੰਗੇ ਗੁਰਸਿਖ ਤੇ ਪੰਡਤ ਸਨ। ਨਿਤਨੇਮ ਤੇ ਕੀਰਤਨ ਦੀ ਲਗਨ ਦਾ ਸਦਕਾ, ਪਿਤਾ ਨੇ, ਸ੍ਰੀ ਹਰਿਮੰਦਰ ਸਾਹਿਬ ਦੇ ਟਕਸਾਲੀ ਬੁੰਗੇ ਵਿਚ ਵਿਦਿਆ ਪੜ੍ਹਨ ਲਈ ਦਾਖਲ ਕਰਵਾ ਦਿੱਤਾ। ਇਸ ਤਰ੍ਹਾਂ ਅੰਮ੍ਰਿਤਸਰ ਵਿਚ ਰਹਿ ਕੇ ਆਪ ਨੇ ਨਿਰਮਲੇ ਸਾਧੂਆਂ ਕੋਲੋਂ ਸੰਸਕ੍ਰਿਤ ਤੇ ਵੇਦਾਂਤ ਦੀ ਸਿਖਿਆ ਪ੍ਰਾਪਤ ਕੀਤੀ ਤੇ ਗਿਆਨੀਆਂ ਅਤੇ ਉਦਾਸੀਆਂ ਨਾਲ ਵੀ ਸੰਬੰਧ ਰੱਖੇ। ਪਰ ਮੁੱਖ ਰੂਪ ਵਿਚ ਆਪ ਨੇ ਗੁਰਬਾਣੀ ਦੇ ਅਰਥ ਬੋਧ ਤੇ ਗੁਰਮਤਿ ਵਿਦਿਆ, ਗਿਆਨੀ ਸੰਤ ਸਿੰਘ ਜੀ ਤੋਂ ਪ੍ਰਾਪਤ ਕੀਤੀ। 1808ਈ: ਵਿਚ ਆਪ ਕਾਂਸ਼ੀ ਗਏ ਜਿਥੇ ਕਾਵਿ-ਰਚਨਾ ਤੇ ਉੱਚ ਗੁਣਾਂ ਦੇ ਚਮਤ-ਕਾਰ ਵਿਖਾ ਕੇ ਪੰਡਤਾਂ ਨੂੰ ਚਕ੍ਰਿਤ ਕਰ ਦਿੱਤਾ ਤੇ ਇਸ ਦੇ ਬਦਲੇ ਵਿਚ ਉਨ੍ਹਾਂ ਤੋਂ ਅਨੇਕ ਗੁਣ ਪ੍ਰਾਪਤ ਕੀਤੇ। ਉਥੋਂ ਦੇ ਸਾਧੂਆਂ, ਦਰਸ਼ਨਕਾਰਾਂ ਤੇ ਭਿੰਨ ਭਿੰਨ ਸੰਪ੍ਰਦਾਵਾਂ ਦੇ ਤਰੀਕਿਆਂ ਨੂੰ ਵੇਖ ਕੇ ਅਨੁਭਵ ਕੀਤਾ ਕਿ ਗੁਰਮਤਿ ਦੇ ਪ੍ਰਚਾਰ ਦੀ ਬੜੀ ਲੋੜ ਹੈ। 1813ਈ: ਵਿਚ ਰਿਆਸਤ ਬੂੜੀਏ ਦੇ ਰਾਜ-ਕਵੀ ਨੀਯਤ ਹੋਏ ਜਿਥੇ ਆਪ ਨੇ ਬੜਾ ਮਾਨ ਤੇ ਸਤਿਕਾਰ ਪ੍ਰਾਪਤ ਕੀਤਾ। 'ਗਰਬ ਗੰਜਨੀ ਟੀਕਾ' ਇਨ੍ਹਾਂ ਦੀ ਪ੍ਰਮੁੱਖ ਰਚਨਾ ਹੈ।
2. 'ਨਰੋਤਮ' ਦਾ ਜਨਮ 1822ਈ: ਵਿਚ ਹੋਇਆ। ਪੰਜਾਬ ਦੇ ਪ੍ਰਸਿੱਧ ਸੰਤ ਗੁਲਾਬ ਸਿੰਘ ਨਿਰਮਲਾ ਤੋਂ ਆਪ ਨੇ ਸਿਖਿਆ ਪ੍ਰਾਪਤ ਕੀਤੀ। ਗੁਰਬਾਣੀ ਸੰਬੰਧੀ ਮਿਲਦੇ, ਸਦੀਆਂ ਤੋਂ ਲਿਖੇ ਗਏ ਟੀਕਿਆਂ ਤੋਂ ਆਪ ਭਲੀ ਪ੍ਰਕਾਰ ਜਾਣੂ ਸਨ। ਜਿਥੇ ਉਹ ਕਈ ਅਰਥ ਕਰਦੇ ਹਨ, ਉਥੇ ਹੋਰ ਵੀ ਅਰਥ ਦੇਣਾ ਇਸ ਪਰੰਪਰਾ ਦਾ ਸਿੱਟਾ ਹਨ।

ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ, ਜੋ ਵਿਦਵਾਨ ਹੋਵੇ। ਗਿਆਨੀਆਂ ਦੀ ਲੜੀ 'ਭਾਈ ਮਨੀ ਸਿੰਘ'[1] ਤੋਂ ਚਲਦੀ ਹੈ। ਉਨ੍ਹਾਂ ਨੇ ਗੁਰਬਾਣੀ ਦੇ ਅਰਥ ਤੇ ਵਿਆਖਿਆ ਗੁਰੂ ਗੋਬਿੰਦ ਸਿੰਘ ਦੇ ਮੁਖਾਰਬਿੰਦ ਤੋਂ ਆਪ ਸੁਣੀ। ਇਥੋਂ ਹੀ ਭਾਈ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦੀ ਕਥਾ ਦੇ ਮਾਧਿਅਮ ਰਾਹੀਂ ਸਿਖ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਤੋਂ ਜਾਣੂ ਕਰਾਉਣ ਦੀ ਪ੍ਰੇਰਣਾ ਮਿਲੀ। ਉਨ੍ਹਾਂ ਦੀ ਵਿਦਵਤਾ ਤੇ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ 'ਗਿਆਨੀ' ਦੀ ਪਦਵੀ ਪ੍ਰਦਾਨ ਕੀਤੀ। ਜੋ ਪਦਵੀ ਭਾਈ ਗੁਰਦਾਸ ਨੇ ਗੁਰੂ ਅਰਜਨ ਦੇਵ ਦੀ ਆਗਿਆ ਨਾਲ 'ਆਦਿ ਗ੍ਰੰਥ' ਦੀ ਬੀੜ ਤਿਆਰ ਕਰ ਕੇ ਪ੍ਰਾਪਤ ਕੀਤੀ, ਉਹੋ ਹੀ ਪਦਵੀ ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ ਹੁਕਮ ਨਾਲ 'ਦਮਦਮੀ ਬੀੜ' ਤਿਆਰ ਕਰ ਕੇ ਪ੍ਰਾਪਤ ਕੀਤੀ। ਉਨ੍ਹਾਂ ਕੋਲੋਂ ਗੁਰਬਾਣੀ ਪੜ੍ਹਨ ਤੇ ਅੱਗੋਂ ਪੜ੍ਹਾਉਣ ਵਾਲੇ ਵੀ ਗਿਆਨੀ ਅਖਵਾਏ ਤੇ ਇਸ ਤਰ੍ਹਾਂ ਹੌਲੀ ਹੌਲੀ ਇਨ੍ਹਾਂ ਵਿਦਵਾਨਾਂ ਦੀ ਇਕ 'ਗਿਆਨੀ ਸੰਪ੍ਰਦਾਇ' ਚਲ ਪਈ।

ਇਹ ਵਿਆਖਿਆ ਪ੍ਰਣਾਲੀ ਭਾਈ ਮਨੀ ਸਿੰਘ ਤੋਂ ਚਲੀ ਸੀ ਤੇ ਉਸ ਤੋਂ ਫਿਰ ਅੱਗੇ ਸੀਨਾ-ਬਸੀਨਾ ਹੁਣ ਤਕ ਚਲੀ ਆ ਰਹੀ ਹੈ। ਇਨ੍ਹਾਂ ਗਿਆਨੀਆਂ ਦੀਆਂ ਕਈ ਪੀੜ੍ਹੀਆਂ ਬਣ ਗਈਆਂ ਹਨ, ਪਰ ਇਨ੍ਹਾਂ ਦੇ ਵੱਡੇ ਹੈਡ-ਕੁਆਰਟਰ ਦੋ ਹੀ ਹਨ :- ਅੰਮ੍ਰਿਤਸਰ ਅਤੇ ਦਮਦਮਾ ਸਾਹਿਬ (ਗੁਰੂ ਕੀ ਕਾਂਸ਼ੀ)। ਇਨ੍ਹਾਂ ਵਿਚੋਂ ਅੰਮ੍ਰਿਤਸਰ ਵਾਲੀ ਇਕ ਪੀੜ੍ਹੀ ਦੀ ਬੰਸਾਵਲੀ ਡਾ: ਸ਼ੇਰ ਸਿੰਘ ਨੇ ਦਿੱਤੀ ਹੈ।[2]

ਗਿਆਨੀ ਸੰਪ੍ਰਦਾਇ ਦੀ ਇਕ ਬੰਸਾਵਲੀ ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੀ ਇਕ ਹਥ ਲਿਖਤ ਅਨੁਸਾਰ ਇਸ ਪ੍ਰਕਾਰ ਹੈ - "ਸ਼ਬਦ ਅਰਥ ਦਸਵੀਂ ਪਾਤਸ਼ਾਹੀ ਤੇ ਭਾਈ ਮਨੀ ਸਿੰਘ ਨੇ ਪੜ੍ਹੇ, ਤਿਨਾਂ ਤੇ ਭਾਈ ਦੀਵਾਨ ਸਿੰਘ ਨੇ ਤਿਨਾਂ ਤੇ ਭਾਈ ਗੁਰਦਿਆਲ ਸਿੰਘ ਨੇ, ਤਿਨਾਂ ਤੇ ਭਾਈ ਅਮਰ ਸਿੰਘ ਨੇ, ਤਿਨਾਂ ਤੇ ਭਾਈ ਗੁਰਬਖਸ਼ ਸਿੰਘ ਨੇ, ਤਿਨ ਤੇ ਭਾਈ ਅਮਰ ਸਿੰਘ ਨੇ,

---

1. ਕਰਤਾ ਸ਼ਹੀਦ ਬਿਲਾਸ ਨੇ ਭਾਈ ਮਨੀ ਸਿੰਘ ਦਾ ਸਮਾਂ 1644 ਤੋਂ 1734 ਈ: ਤਕ ਦਾ ਦਸਿਆ ਹੈ। ਇਨ੍ਹਾਂ ਦੇ ਨਾਂ ਥਲੇ ਮਿਲਦੀਆਂ ਵਾਰਤਕ ਰਚਨਾਵਾਂ ਵਿਚੋਂ ਗਿਆਨ ਰਤਨਾਵਲੀ ਤੇ ਭਗਤ ਰਤਨਾਵਲੀ ਬਹੁਤ ਪ੍ਰਸਿੱਧ ਹਨ। ਗਿਆਨ ਰਤਨਾਵਲੀ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਬਹੁਤ ਸਾਰੀਆਂ ਸਾਖੀਆਂ ਹਨ ਤੇ ਜਪੁ ਬਾਣੀ ਦਾ ਟੀਕਾ ਹੈ।

2. Dr. Sher Singh, Philosophy of Sikhism, P.18, Sterling Publishers (P) Ltd; Jullundur, Delhi, 1966.

ਤਿਨ ਤੇ ਭਾਈ ਸੂਰਤ ਸਿੰਘ ਨੇ, ਤਿਨ ਤੇ ਭਾਈ ਗੌਨ ਸਿੰਘ ਨੇ, ਤਿਨਾਂ ਤੇ ਭਾਈ ਰਾਮ ਸਿੰਘ, ਤੇ ਭਾਈ ਚੰਦਾ ਸਿੰਘ ਨੇ, ਤਿਨਾਂ ਤੇ ਭਾਈ ਦਰਿਆ ਸਿੰਘ।[1] ਇਹ ਬੰਸਾਵਲੀ ਡਾ: ਸ਼ੇਰ ਸਿੰਘ ਵਾਲੀ ਬੰਸਾਵਲੀ ਨਾਲ ਸਿਵਾਏ ਕੁਝ ਅੰਤਰ ਦੇ ਕਾਫ਼ੀ ਮਿਲਦੀ ਹੈ।

ਇਸ ਸੰਪ੍ਰਦਾਇ ਦੇ ਅਨੁਯਾਈ ਬਾਕਾਇਦਾ ਅਰਥ ਪੜ੍ਹਦੇ ਰਹਿੰਦੇ ਹਨ; ਵਿਦਵਾਨ ਗਿਆਨੀ ਕਥਾ ਕਰਦੇ ਹਨ ਤੇ ਉਨ੍ਹਾਂ ਦੇ ਸ਼ਿਸ਼ ਨਾਲ ਦੇ ਨਾਲ ਅਰਥ ਲਿਖਦੇ ਰਹਿੰਦੇ ਹਨ। ਇਹ ਰਿਵਾਜ ਅਜ ਤਕ ਗਿਆਨੀ ਸੰਪ੍ਰਦਾਇ ਵਿਚ ਪ੍ਰਚਲਤ ਹੈ।[2] 'ਸ਼ਹੀਦ ਬਿਲਾਸ' ਅਨੁਸਾਰ ਭਾਈ ਮਨੀ ਸਿੰਘ ਦੀ ਵਿਦਵਤਾ ਤੇ ਗਿਆਨ ਸਦਕਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਉਪਰੰਤ ਅੰਮ੍ਰਿਤਸਰ ਦੇ ਸਿੱਖਾਂ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ ਹੋਇਆਂ ਭਾਈ ਸਾਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਤੇ ਅਕਾਲ ਬੁੰਗੇ ਦਾ ਜੱਥੇਦਾਰ ਨਿਯੁਕਤ ਕਰਕੇ ਭੇਜਿਆ।

ਗੁਰਬਾਣੀ-ਵਿਆਖਿਆ ਦੀ ਇਸ ਸ਼ਾਖਾ ਨੂੰ ਗੁਰੂ-ਘਰ ਦੀ ਪ੍ਰਵਾਨਗੀ ਪ੍ਰਾਪਤ ਸੀ। ਇਸ ਸ਼ਾਖਾ ਦਾ ਵਾਸਤਵਿਕ ਉਥਾਨ ਭਾਈ ਮਨੀ ਸਿੰਘ ਦੇ ਟੀਕਿਆਂ ਦੁਆਰਾ ਹੋਇਆ ਅਤੇ ਅਗੇ ਚਲ ਕੇ ਇਹ ਸ਼ਾਖਾ 'ਗਿਆਨੀ ਸੰਪ੍ਰਦਾਇ' ਅਖਵਾਈ। ਇਹ ਹੁਣ ਤਕ ਵੀ ਕਾਇਮ ਹੈ।[3] ਆਮ ਤੌਰ ਤੇ ਇਨ੍ਹਾਂ ਦੀਆਂ ਪੁਸਤਕਾਂ, ਗੁਰਬਾਣੀ ਦੇ ਅਰਥਾਂ ਜਾਂ ਟੀਕਾ ਟਿੱਪਣੀਆਂ ਦੇ ਰੂਪ ਵਿਚ ਹੀ ਹੁੰਦੀਆਂ ਹਨ।

'ਗਿਆਨੀ ਸੰਪ੍ਰਦਾਇ' ਦੇ ਮੋਢੀ ਭਾਈ ਮਨੀ ਸਿੰਘ ਦਾ 'ਜਪੁ' ਟੀਕਾ ਮਿਲਦਾ ਹੈ। ਇਸੇ ਪ੍ਰਸੰਗ ਵਿਚ ਰਿਆਸਤ ਫ਼ਰੀਦਕੋਟ ਦੇ ਰਾਜਾ ਬਿਕ੍ਰਮ ਸਿੰਘ[4] ਦੇ ਉਦਮ ਨਾਲ ਕੁਝ ਕੁ ਗਿਆਨੀਆਂ ਨੇ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕੀਤਾ, ਜਿਸ ਦੇ ਆਰੰਭ ਵਿਚ 'ਜਪੁਜੀ' ਦਾ ਟੀਕਾ ਹੈ। ਇਸੇ ਲੜੀ ਵਿਚ ਭਾਈ ਵੀਰ ਸਿੰਘ ਦਾ ਟੀਕਾ 'ਸੰਥਿਆ ਪੋਥੀਆਂ' ਵੀ ਵਰਣਨ ਯੋਗ ਹੈ।

---

1. ਵੇਖੋ ਹਥ ਲਿਖਤ ਨੰਬਰ 7090.
2. ਡਾ: ਤਰਲੋਚਨ ਸਿੰਘ ਬੇਦੀ, ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ, ਪੰ: 301, ਬ੍ਰਿਜਿੰਦਰਾ ਕਾਲਜ, ਫਰੀਦਕੋਟ, 1972.
3. ਡਾ: ਰਤਨ ਸਿੰਘ ਜੱਗੀ, ਗੁਰਬਾਣੀ ਟੀਕੇ, ਪੰ: 3, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.
4. ਸਮਾਂ - 1842 ਤੋਂ 1898 ਈ: ਤਕ.

ਸੰਪ੍ਰਦਾਇਕ ਟੀਕਿਆਂ ਦੀਆਂ ਕੁਝ ਵਿਸ਼ੇਸ਼ਤਾਵਾਂ ਇਉਂ ਕਹੀਆਂ ਜਾ ਸਕਦੀਆਂ ਹਨ:-

(1) ਇਕ ਤੁਕ ਦੇ ਬਹੁਤੇ ਅਰਥ ਕਰਦੇ ਹਨ।

(2) ਇਕ ਅਰਥ ਨੂੰ ਮੁੱਖ ਤੇ ਬਾਕੀਆਂ ਨੂੰ ਗੌਣ ਮੰਨਦੇ ਹਨ।

(3) ਅਰਥ ਕਰਦਿਆਂ ਪੌਰਾਣਿਕ ਕਥਾ ਕਹਾਣੀਆਂ ਦੇ ਹਵਾਲੇ ਦਿੰਦੇ ਹਨ।

(4) ਇਹ ਪਰੰਪਰਾ ਦਾ ਪਾਲਣ ਕਰਦੇ ਹਨ ਅਤੇ ਸੰਪ੍ਰਦਾਇਕ ਅਰਥਾਂ ਤੋਂ ਇਧਰ ਉਧਰ ਨਹੀਂ ਜਾਂਦੇ।

(5) ਅਰਥਾਂ ਨੂੰ ਵਧੇਰੇ ਸਪਸ਼ਟ ਕਰਨ ਲਈ ਇਹ 'ਪ੍ਰਸ਼ਨੋਤਰੀ ਢੰਗ' ਨੂੰ ਅਪਣਾਉਂਦੇ ਹਨ।

(ਹ) ਸੇਵਾ ਪੰਥੀ ਸੰਪ੍ਰਦਾਇ

ਇਕ ਸੰਪ੍ਰਦਾਇ 'ਸੇਵਾ ਪੰਥੀਆਂ' ਦੀ ਹੈ, ਜਿਸ ਦੀ ਵਿਚਾਰਧਾਰਾ ਗਿਆਨੀ ਸੰਪ੍ਰਦਾਇ ਨਾਲ ਮਿਲਦੀ ਹੈ। ਇਹ ਸਿਖ ਮੱਤ ਦੀ ਹੀ ਇਕ ਸੰਪ੍ਰਦਾਇ ਹੈ, ਜਿਸ ਦੇ ਸੰਚਾਲਕ ਭਾਈ ਕਨ੍ਹਈਆ ਜੀ ਸਨ, ਜੋ ਕਿ ਗੁਰੂ ਗੋਬਿੰਦ ਸਿੰਘ ਦੇ ਮੁਗਲਾਂ ਨਾਲ ਯੁੱਧ ਸਮੇਂ ਹਿੰਦੂ, ਸਿਖ ਤੇ ਮੁਸਲਮਾਨ ਫਟੜਾਂ ਨੂੰ ਇਕ ਸਮਾਨ ਸਮਝ ਕੇ ਸੇਵਾ ਕਰਦੇ ਰਹੇ ਸਨ।

ਸੇਵਾ ਪੰਥੀ ਗੁਰੂ ਸਾਹਿਬਾਨ ਵਿਚ ਪੂਰੀ ਸ਼ਰਧਾ ਰਖਦੇ ਹਨ ਅਤੇ ਆਪਣਾ ਇਸ਼ਟ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ, ਭਾਵੇਂ ਆਤਮਕ ਗਿਆਨ ਲਈ ਗੀਤਾ ਤੇ ਰਾਮਾਇਣ ਆਦਿ ਵੀ ਪੜ੍ਹਦੇ ਹਨ। ਸੇਵਾ, ਸਿਮਰਨ, ਕਥਾ ਕੀਰਤਨ ਅਤੇ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਖਾਣਾ, ਇਨ੍ਹਾਂ ਦੇ ਵਿਸ਼ੇਸ਼ ਕਰਤੱਵ ਹਨ। ਅੰਮ੍ਰਿਤਸਰ ਵਿਚ ਸੰਤੋ ਵਾਲੀ ਗਲੀ ਨੂੰ ਅਜ ਤਕ ਕਥਾ ਦਾ ਇਕ ਮੁੱਖ ਅਸਥਾਨ ਮੰਨਿਆ ਜਾਂਦਾ ਹੈ। ਇਹ ਡੇਰਾ ਸੰਪ੍ਰਦਾਈ ਅਰਥਾਂ ਦੀ ਟਕਸਾਲ ਸਮਝਿਆ ਜਾਂਦਾ ਹੈ। ਸੰਤ ਅਮੀਰ ਸਿੰਘ (1870 ਤੋਂ 1954ਈ:) ਇਸ ਡੇਰੇ ਦੇ ਉਘੇ ਕਥਾਕਾਰ ਹੋਏ ਹਨ। ਉਨ੍ਹਾਂ ਦੇ ਅਨੁਯਾਈ ਅਜ ਤਕ ਉਨ੍ਹਾਂ ਦੀਆਂ ਪਾਈਆਂ ਲੀਹਾਂ ਤੇ ਚਲ ਰਹੇ ਹਨ।

ਕਿਹਾ ਜਾਂਦਾ ਹੈ ਕਿ ਭਾਈ ਰਾਮ ਕਿਸ਼ਨ (1789 ਤੋਂ 1888ਈ:) ਸੇਵਾ ਪੰਥੀ ਨੇ 'ਜਪੁ' ਜੀ ਦਾ ਟੀਕਾ ਲਿਖਿਆ ਸੀ, ਪਰ ਪੂਰਾ ਜਤਨ ਕਰਨ ਤੇ ਭੀ ਉਨ੍ਹਾਂ ਦਾ ਕੋਈ

ਪ੍ਰਮਾਣਿਕ ਟੀਕਾ ਅਜ ਤਕ ਮਿਲ ਨਹੀਂ ਸਕਿਆ। ਹਾਂ, ਕੁਝ ਇਕ 'ਪੁਸਤਕਾਲਿਆਂ'[1] ਵਿਚ ਇਨ੍ਹਾਂ ਦੇ ਨਾਂ ਹੇਠ ਪ੍ਰਚਲਤ ਹਥ ਲਿਖਤੀ ਟੀਕੇ ਮਿਲਦੇ ਹਨ, ਜੋ ਕਿ ਅਸਲ ਵਿਚ ਇਨ੍ਹਾਂ ਦੀ ਰਚਨਾ ਨਹੀਂ।

ਇਹ ਭੁਲੇਖਾ ਇਸ ਕਰਕੇ ਪਿਆ ਹੈ ਕਿ ਇਨ੍ਹਾਂ ਟੀਕਿਆਂ ਦੇ ਆਰੰਭ ਵਿਚ ਰਾਮ-ਕ੍ਰਿਸ਼ਨ ਲਿਖਿਆ ਹੋਇਆ ਮਿਲਦਾ ਹੈ। ਇਨ੍ਹਾਂ ਵਿਚ ਆਰੰਭਕ ਦੋਹਰਾ ਇਸ ਤਰ੍ਹਾਂ ਹੈ :-

ੴ ਸਤਿਗੁਰ ਪ੍ਰਸਾਦਿ। ਦੋਹਰਾ।
'ਸ੍ਰੀ ਗੁਰ ਨਾਨਕ ਚਰਨਿ ਰਜ ਰਾਮ ਕ੍ਰਿਸ਼ਨ ਉਰਧਾਰ।
ਜਪ ਪਰਮਾਰਥੁ ਅਬ ਕਹਉਂ ਜਥਾ ਬੁਧ ਅਨੁਸਾਰ।'

ਇਸ ਦੋਹਰੇ ਵਿਚ ਟੀਕਾਕਾਰ ਨੇ ਆਪਣੇ ਆਪ ਨੂੰ ਗੁਰੂ ਨਾਨਕ ਦੇ ਚਰਨਾਂ ਦੀ ਧੂੜੀ ਕਹਿ ਕੇ ਫਿਰ 'ਰਾਮ ਤੇ ਕ੍ਰਿਸ਼ਨ' ਨੂੰ ਧਿਆਇਆ ਹੈ, ਪਰੰਤੂ ਇਹ ਟੀਕਾਕਾਰ ਦਾ ਨਾਂ ਨਹੀਂ। ਇਸ ਦੀ ਪੁਸ਼ਟੀ ਵਿਚ ਹੋਰ ਕਾਰਣ ਇਹ ਦਿਤੇ ਜਾ ਸਕਦੇ ਹਨ :-

(1) ਕਦੇ ਵੀ ਕੋਈ ਟੀਕਾਕਾਰ ਟੀਕੇ ਦੇ ਆਰੰਭ ਵਿਚ ਆਪਣਾ ਨਾਂ ਨਹੀਂ ਦਿੰਦਾ ਤੇ ਉਹ ਉਸ ਦੇ ਮੰਗਲਾਚਰਣ ਵਿਚ ਆਪਣੇ ਇਸ਼ਟ ਦੀ ਅਰਾਧਨਾ ਕਰਦਾ ਹੈ।

(2) ਟੀਕੇ ਦੇ ਅਧਿਅਨ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਟੀਕਾ ਕਿਸੇ ਉਦਾਸੀ ਸਿਖ ਦਾ ਲਿਖਿਆ ਹੋਇਆ ਹੈ ਕਿਉਂਕਿ ਇਸ ਵਿਚ ਉਦਾਸੀ ਭੇਖ ਅਤੇ ਉਦਾਸੀ ਸੰਪ੍ਰਦਾਇ ਦਾ ਵਰਣਨ ਹੈ।[2]

---

1. (ੳ) ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਹਥ ਲਿਖਤ ਨੰਬਰ 3396, (ਜਪੁਜੀ)
   (ਅ) ਪੰਜਾਬ ਯੂਨੀਵਰਸਿਟੀ, ਲਾਇਬ੍ਰੇਰੀ, ਚੰਡੀਗੜ੍ਹ, ਹਥ ਲਿਖਤ ਨੰਬਰ 1390, (ਜਪੁਜੀ)
   (ੲ) ਪੁਸਤਕਾਲਾ ਪ੍ਰੋਫੈਸਰ ਪ੍ਰੀਤਮ ਸਿੰਘ, ਹਥ ਲਿਖਤ ਨੰਬਰ 142, (ਜਪੁਜੀ)
2. ਸਿਖ ਰੈਫਰੈਂਸ ਲਾਇਬ੍ਰੇਰੀ ਹਥ ਲਿਖਤ ਨੰ: 3396, ਜਪੁਜੀ ਟੀਕਾ, ਪੰ: 1[illegible]7-188.

"ਗੋਪ ਕਥਾ ਕੁਛ ਜਾਇ ਨ ਕਹੀ। ਤਬ ਟੋਪੀ ਸੇਲੀ ਖਫਨੀ ਧਰੀ।
ਅਬ ਚੰਦ ਕੁਪੀਨ ਸਵਾਰੀ। ਔਰ ਜਹਾ ਤਕ ਭੇਖ ਬਨਾਇ।
ਸ੍ਰੀ ਚੰਦ ਸੈ ਮਾਤ੍ਰਾ ਪਾਇਆ।
ਆਪਸ ਸੇਵਕ ਕਰ ਪ੍ਰਣਾਮਾ। ਤਬ ਆਏ ਅਪਨੇ ਨਿਜ ਧਾਮਾ।
ਸ੍ਰੀ ਹਰ ਗੋਬਿੰਦ ਦੇਖਤ ਉਠ ਖੜੇ। ਸ੍ਰੀ ਬਾਬਾ ਜੀ ਕਹਿ ਉਚਰੇ।
ਜੋ ਆਗਿਆ ਹੋਇ ਸੋਈ ਅਬ ਧਰੀ, ਅਬ ਗੋਪ ਕਥਾ ਜਿਉਂ ਤਿਰਹੀ।
ਬਿਦਾ ਹੋਇ ਸ੍ਰੀ ਬਾਬਾ ਆਏ। ਜਾਇ ਪਰਬਤ ਪਰ ਆਸਨ ਲਾਏ।
ਚੇਲੇ ਚਾਰ ਤਹਾ ਸੇ ਕਰੇ। ਸਭੈ ਸਿਧ ਆਪੈ ਅਨੁਸਰੇ।
ਪ੍ਰਿਥਮ ਅਲਮਸਤ ਸੈ ਜੋਗ ਕੁਲਾ। ਬਾਲੂ ਹਸਨਾ ਮਹਾ ਅਮੁਲਾ।
ਫੂਲ ਪ੍ਰਗਟ ਹੈ ਗੋਇੰਦ ਜੀਤਾਰਾ। ਅਬ ਚਾਰੋ ਕਰ ਪੰਥ ਬਿਸਥਾਰਾ।
ਮੁਕਤਿ ਹੇਤ ਪੰਥ ਪ੍ਰਗਟਾਇਆ। ਸਾਧਨ ਭਗਤ ਗਿਆਨ ਦ੍ਰਿੜਾਇਆ।
ਸੋ ਧਾਮ ਪ੍ਰਪਰ ਪੰਥ ਚਲਾਇ। ਸ੍ਰੀ ਹਰਿ ਗੋਬਿੰਦ ਜੀ।"

(3) ਟੀਕੇ ਦੇ ਅੰਤ ਵਿਚ ਟੀਕਾਕਾਰ ਆਪਣੇ ਆਪ ਨੂੰ ਗੁਰ ਸੇਵਾਦਾਸ ਦਾ ਸਿਖ ਕਹਿੰਦਾ ਹੈ ਅਤੇ ਸੇਵਾਦਾਸ ਇਕ ਉਘਾ ਉਦਾਸੀ ਹੋਇਆ ਹੈ, ਜੋ ਕਿ ਬਾਬਾ ਬਾਲੂ ਹਸਨਾ ਦਾ ਚੇਲਾ ਸੀ।[1]

ਅੰਤ ਵਿਚ ਸ਼ਬਦ ਇਹ ਲਿਖੇ ਹਨ:-

'ਸ੍ਰੀ ਗੁਰੂ ਸੇਵਾ ਦਾਸ ਸਿਖ ਰਾਮ ਕ੍ਰਿਸ਼ਨ ਉਰਧਾਰਾ।
ਜਪ ਪਰਮਾਰਥ ਅਰ ਕਹਿਓ ਮਧਾ ਬੁਧ ਅਨੁਸਾਰਾ।
ਇਤਿ ਸ੍ਰੀ ਜਪੁ ਪਰਮਾਰਥ ਸੰਪੂਰਣ ਸੁਭ ਮਸਤਾ।'

ਇਥੇ ਇਹ ਦਸਣਾ ਭੀ ਯੋਗ ਹੋਵੇਗਾ ਕਿ ਵਿਚਾਰ ਅਧੀਨ ਟੀਕੇ ਦਾ ਲਿਖਾਰੀ 'ਰਾਮ ਕ੍ਰਿਸ਼ਨ' ਨੂੰ ਮੰਨਣ ਵਾਲੇ ਵਿਦਵਾਨ ਇਹ ਦਲੀਲ ਦਿੰਦੇ ਹਨ ਕਿ ਜੇ ਇਸ ਟੀਕੇ ਵਿਚ ਸ਼ੈਭਉਤ ਰਾਮ ਤੇ ਕ੍ਰਿਸ਼ਨ ਨੂੰ ਕੀਤੀ ਹੁੰਦੀ ਤਾਂ 'ਰਾਮ ਕ੍ਰਿਸ਼ਨ' ਇਕੱਠਾ ਨਹੀਂ ਸੀ ਆ ਸਕਦਾ, ਜਦੋਂ ਦੋ ਅਵਤਾਰ ਹੋਣ ਕਰਕੇ ਵਖੋ ਵਖਰੇ ਨਾਂ ਹੁੰਦੇ ਪਰੰਤੂ ਰਾਮ ਕ੍ਰਿਸ਼ਨ ਨੂੰ ਇਕੱਠਿਆਂ ਹੋਰ ਟੀਕਿਆਂ ਵਿਚ ਵੀ ਵਿਆਖਿਆ ਕਿਆ ਹੈ।[2] ਇਸ ਕਰਕੇ ਇਹ ਦਲੀਲ ਵੀ ਇਸ ਟੀਕੇ ਨੂੰ ਰਾਮ ਕ੍ਰਿਸ਼ਨ ਦੀ ਰਚਨਾ ਸਿਧ ਨਹੀਂ ਕਰਦੀ।

ਇਹ ਠੀਕ ਹੈ ਕਿ ਭਾਈ ਰਾਮ ਕ੍ਰਿਸ਼ਨ ਇਕ ਪ੍ਰਸਿੱਧ ਸੇਵਾ ਪੰਥੀ ਹੋਇਆ ਹੈ, ਪਰ ਉਸ ਨੇ ਕੋਈ 'ਜਪੁ' ਬਾਣੀ ਦਾ ਟੀਕਾ ਨਹੀਂ ਲਿਖਿਆ ਅਤੇ ਇਹ ਅਖੌਤੀ ਰਾਮ ਕ੍ਰਿਸ਼ਨ ਦਾ ਟੀਕਾ ਜੋ ਨਿਸਚੇ ਕਿਸੇ ਉਦਾਸੀ ਸਿਖ ਦਾ ਲਿਖਿਆ ਹੋਇਆ ਹੈ।

(ਬ) "ਆਧੁਨਿਕ ਵਿਦਵਾਨ ਪ੍ਰਣਾਲੀ"

ਉਪਰ ਅਸਾਂ ਭਿੰਨ ਭਿੰਨ ਸੰਪ੍ਰਦਾਵਾਂ ਦੇ ਪ੍ਰਭਾਵਾਂ ਅਧੀਨ ਲਿਖੇ ਗਏ 'ਜਪੁਜੀ' ਦੇ ਟੀਕਿਆਂ ਦਾ ਵਰਣਨ ਕੀਤਾ ਹੈ। 19ਵੀਂ ਸਦੀ ਦੇ ਅੰਤ ਵਿਚ ਪੱਛਮੀ ਸਭਿਅਤਾ ਤੇ ਅੰਗ੍ਰੇਜ਼ੀ ਵਿਦਿਆ ਦੇ ਪ੍ਰਭਾਵ ਦੇ ਪ੍ਰਤਿਕਰਮ ਵਜੋਂ ਸਿੱਖਾਂ ਵਿਚ ਇਕ ਨਵੀਂ ਲਹਿਰ ਚਲੀ, ਜਿਸ ਦਾ ਨਾਂ,

1. ਰਣਧੀਰ ਸਿੰਘ, ਉਦਾਸੀ ਸਿੱਖਾਂ ਦੀ ਵਿਥਿਆ, ਪੰ:136, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959.
2. ਵੇਖੋ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸਖੀ ਪਹਿਲੀ, ਪੰ:31,35.

'ਸਿੰਘ ਸਭਾ ਲਹਿਰ' ਸੀ। ਦੇਸ ਵਿਚ ਲੋਕਾਂ ਵਲੋਂ ਕੋਈ ਲਹਿਰ ਚਲੇ, ਚਾਹੇ ਸਮਾਜਕ ਹੋਵੇ ਤੇ ਚਾਹੇ ਰਾਜਸੀ, ਸਾਹਿਤ ਉਤੇ ਉਸ ਦਾ ਪ੍ਰਭਾਵ ਅਵੱਸ਼ ਹੁੰਦਾ ਹੈ। ਸਿੰਘ ਸਭਾ ਲਹਿਰ ਦਾ ਵੀ ਜਿਹੜੀ ਕਿ ਸਮਾਜਕ ਤੇ ਧਾਰਮਿਕ ਦੋਹਾਂ ਲਹਿਰਾਂ ਦਾ ਮਿਲਗੋਭਾ ਜਿਹਾ ਸੀ ਪੰਜਾਬੀ ਸਾਹਿਤ ਤੇ ਬੜਾ ਪ੍ਰਭਾਵ ਪਿਆ।

ਗੁਰਬਾਣੀ ਬਾਰੇ ਖੋਜ, ਇਸ ਦੇ ਅਸਲੀ ਭਾਵ ਸਮਝਣ ਲਈ ਤੇ ਬਾਣੀ ਬਾਰੇ ਪਾਏ ਜਾਂਦੇ ਭੁਲੇਖਿਆਂ ਨੂੰ ਦੂਰ ਕਰਨ ਲਈ "ਗੁਰਮਤਿ ਗ੍ਰੰਥ ਪ੍ਰਚਾਰ ਕਮੇਟੀ" ਬਣਾਈ ਗਈ। ਸਿੰਘ ਸਭਾ ਲਹਿਰ ਵੱਲੋਂ ਹੀ 'ਸਿਖ ਰੀਸਰਚ ਸੁਸਾਇਟੀ' ਤੇ ਅੰਮ੍ਰਿਤਸਰ ਖਾਲਸਾ ਕਾਲਜ ਵਿਚ 'ਸਿਖ ਹਿਸਟੋਰੀਕਲ ਰੀਸਰਚ ਸੁਸਾਇਟੀ' ਬਣਾਈ ਗਈ। ਜਿਨ੍ਹਾਂ ਨੇ ਪੰਜਾਬੀ ਸਾਹਿਤ ਤੇ ਸਿਖ ਇਤਿਹਾਸ ਦੀ ਖੋਜ ਵਿਚ ਨਿੱਗਰ ਹਿੱਸਾ ਪਾਇਆ। ਖੋਜੀਆਂ ਅਤੇ ਵਿਦਵਾਨਾਂ ਵਿਚੋਂ ਮਹਾਨ ਪਦਵੀ ਭਾਈ ਕਾਨ੍ਹ ਸਿੰਘ ਨਾਭਾ ਦੀ ਹੈ, ਜਿਨ੍ਹਾਂ ਨੇ ਗੁਰਮਤਿ ਸੁਧਾਕਰ, ਗੁਰਮਤਿ ਪ੍ਰਭਾਕਰ, ਗੁਰਸ਼ਬਦ ਰਤਨਾਕਰ ਤੇ ਗੁਰਛੰਦ ਦਿਵਾਕਰ ਆਦਿ ਰਚਨਾਵਾਂ ਕਰ ਕੇ ਸਿਖ ਧਰਮ ਦੀ ਖੋਜ ਵਿਚ ਮਹਾਨ ਹਿੱਸਾ ਪਾਇਆ ਤੇ ਨਵੀਆਂ ਲੀਹਾਂ ਉਸਾਰੀਆਂ। ਇਸੇ ਲੜੀ ਵਿਚ ਪ੍ਰਿੰ: ਤੇਜਾ ਸਿੰਘ ਨੇ ਆਦਿ ਗ੍ਰੰਥ ਦਾ 'ਸ਼ਬਦਾਰਥ', ਪ੍ਰੋ: ਸਾਹਿਬ ਸਿੰਘ ਨੇ 'ਗੁਰਬਾਣੀ ਵਿਆਕਰਣ' ਤੇ ਭਾਈ ਜੋਧ ਸਿੰਘ ਨੇ 'ਗੁਰਮਤਿ ਨਿਰਣਯ' ਲਿਖ ਕੇ ਵਿਸ਼ੇਸ਼ ਹਿੱਸਾ ਪਾਇਆ।

ਨਵੀਨ ਕਾਲ ਵਿਚ 'ਜਪੁਜੀ' ਦੇ ਟੀਕੇ ਬਹੁਤ ਲਿਖੇ ਗਏ। ਇਸ ਤੋਂ ਪਹਿਲਾਂ ਲਿਖੇ ਗਏ ਟੀਕਿਆਂ ਵਿਚ ਵਿਆਖਿਆ ਦਾ ਢੰਗ ਕੁਝ ਅਜਿਹਾ ਸੀ ਕਿ ਕਈ ਵਾਰੀ ਟੀਕਾ ਮੌਲਿਕ ਰਚਨਾ ਨਾਲੋਂ ਵੀ ਔਖਾ ਹੋ ਜਾਂਦਾ ਸੀ, ਪਰ ਹੁਣ ਟੀਕੇ ਵਿਗਿਆਨਕ ਦ੍ਰਿਸ਼ਟੀ ਤੋਂ ਕੀਤੇ ਜਾਣ ਲੱਗੇ ਜੋ ਕਿ ਆਧੁਨਿਕ ਪਾਠਕਾਂ ਦੀ ਬੌਧਿਕਤਾ ਨੂੰ ਵੀ ਸੰਤੁਸ਼ਟ ਕਰਦੇ ਸਨ। ਇਹ ਟੀਕੇ ਪਹਿਲਾਂ ਸੰਤ ਭਾਖਾ ਜਾਂ ਬ੍ਰਿਜ ਭਾਸ਼ਾ ਵਿਚ ਲਿਖੇ ਜਾਂਦੇ ਸਨ ਪਰ ਹੁਣ ਠੇਠ ਪੰਜਾਬੀ ਵਿਚ ਲਿਖੇ ਜਾਣ ਲੱਗੇ। ਭਾਵੇਂ ਪੁਰਾਣੇ ਢੰਗ ਦੇ ਲਿਖੇ ਟੀਕੇ ਇਸ ਕਾਲ ਵਿਚ ਵੀ ਮਿਲਦੇ ਹਨ। ਜਿਵੇਂ ਸੰਤ ਆਤਮਾ ਸਿੰਘ ਗਿਆਨੀ ਦੇ ਸਾਖੀ ਪਰਮਾਣ ਵਿਚ ਜਪੁਜੀ ਦੀਆਂ ਕੁਝ ਚੋਣਵੀਆਂ ਤੁਕਾਂ ਦੀ ਸਾਖੀਆਂ ਤੇ ਕਹਾਣੀਆਂ ਦੁਆਰਾ ਵਿਆਖਿਆ ਕੀਤੀ ਹੈ। ਇਸੇ ਤਰ੍ਹਾਂ ਕਰਤਾਰ ਸਿੰਘ 'ਦੱਤ' ਨਾਮ ਗਿਆਨੀ ਦੇ 'ਜਪੁਜੀ ਸਟੀਕ' ਵਿਚ ਜਪੁਜੀ ਦੇ ਕੁਝ ਵਿਸ਼ਿਆਂ ਦਾ ਵਿਸਤਾਰ ਕੀਤਾ ਗਿਆ ਹੈ। ਗਿਆਨੀ ਲਾਲ ਸਿੰਘ ਸੰਗਰੂਰ ਦੀ ਕ੍ਰਿਤ 'ਗੁਰਮਤਿ ਮਾਰਤੰਡ' ਅਤੇ ਸੋਢੀ ਹਜ਼ਾਰਾ ਸਿੰਘ ਦੀ ਰਚਨਾ 'ਜਪੁ ਵੀਚਾਰੁ' ਇਸ ਪੱਖ ਤੋਂ ਮਹਾਨਤਾ ਦੀਆਂ ਲਖਾਇਕ ਹਨ। 'ਗੁਰਮਤਿ ਮਾਰਤੰਡ' ਵਿਚ

ਜਪੁਜੀ ਦੇ ਸ਼ਬਦਾਂ ਦਾ ਪਿਛੋਕੜ ਦਸਿਆ ਗਿਆ ਹੈ ਤੇ 'ਜਪੁ ਨੀਸਾਣੁ' ਵਿਚ ਇਤਿਹਾਸਕ, ਵਿਆਕਰਣਕ ਤੇ ਵਿਆਖਿਆਮਈ ਦ੍ਰਿਸ਼ਟੀ ਤੋਂ ਦਿੱਤੇ ਵਿਚਾਰ ਜਪੁਜੀ ਦੇ ਭਾਵਾਂ ਨੂੰ ਸਮਝਣ ਵਿਚ ਬਹੁਤ ਸਹਾਇਤਾ ਕਰਦੇ ਹਨ।

ਨਵੀਨ ਟੀਕਾਕਾਰਾਂ ਨੇ 'ਜਪੁ' ਬਾਣੀ ਵਿਚ ਦਿੱਤੀਆਂ ਸਮੱਸਿਆਵਾਂ ਦਾ ਵਿਗਿਆਨਕ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ। ਉਹ ਬਾਣੀ ਦਾ ਵੇਦ ਨਾਲ ਸੰਬੰਧ ਨਹੀਂ ਮੰਨਦੇ ਅਤੇ ਆਦਿ ਗ੍ਰੰਥ ਨੂੰ ਇਕ ਮੌਲਿਕ ਰਚਨਾ ਸਮਝਦੇ ਹਨ। ਇਨ੍ਹਾਂ ਨੇ ਭਾਵ ਪ੍ਰਗਟਾ ਵਿਚ ਤਰਕ ਤੇ ਵਿਆਕਰਣ ਦਾ ਵਿਸ਼ੇਸ਼ ਖਿਆਲ ਰਖਿਆ ਹੈ। ਇਨ੍ਹਾਂ ਦੀ ਸ਼ੈਲੀ ਆਲੋਚਨਾਤਮਕ ਹੈ ਤੇ ਇਨ੍ਹਾਂ ਦਿਆਂ ਟੀਕਿਆਂ ਵਿਚ ਉਪਲਾਪਣ ਨਹੀਂ ਜਿਵੇਂ ਕਿ ਕਈ ਪੁਰਾਣੇ ਟੀਕਿਆਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹੇ ਟੀਕਾਕਾਰਾਂ ਵਿਚੋਂ ਪ੍ਰਮੁੱਖ ਭਾਈ ਵੀਰ ਸਿੰਘ, ਡਾ: ਭਾਈ ਜੋਧ ਸਿੰਘ ਡਾ: ਮੋਹਨ ਸਿੰਘ ਦੀਵਾਨਾ, ਪ੍ਰਿੰ: ਤੇਜਾ ਸਿੰਘ ਤੇ ਪ੍ਰੋ: ਸਾਹਿਬ ਸਿੰਘ ਹਨ।

ਭਾਈ ਵੀਰ ਸਿੰਘ ਨੇ 'ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪਹਿਲੀ ਪੋਥੀ ਵਿਚ 'ਜਪੁਜੀ' ਦਾ ਟੀਕਾ ਲਿਖਿਆ, ਜਿਸ ਨੂੰ ਪ੍ਰਮਾਣਿਕ ਟੀਕਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਭਾਈ ਸਾਹਿਬ ਗੁਰਮਤਿ ਦੇ ਮਹਾਨ ਖੋਜੀ ਤੇ ਵਿਆਖਿਆਕਾਰ ਹੋਏ ਹਨ, ਜਿਨ੍ਹਾਂ ਦੀ ਗੁਰਬਾਣੀ ਸੰਬੰਧੀ ਖੋਜ ਬੜੀ ਪ੍ਰਮਾਣਿਕ ਮੰਨੀ ਜਾਂਦੀ ਹੈ।

ਭਾਈ ਜੋਧ ਸਿੰਘ ਨੇ 'ਜਪੁਜੀ ਸਟੀਕ' ਨੂੰ ਇਕ ਜਗਿਆਸੂ ਦੇ ਪ੍ਰਸ਼ਨਾਂ ਤੇ ਉਸ ਦੇ ਉੱਤਰਾਂ ਦੇ ਰੂਪ ਵਿਚ ਲਿਖਿਆ ਹੈ, ਪਰ ਇਹ ਮਨੋਰਥ ਕੇਵਲ ਅਰਥ ਸਪਸ਼ਟ ਕਰਨ ਨਹੀਂ ਹੈ। ਇਹ ਆਪਣੇ ਆਪ ਵਿਚ ਇਕ ਨਵੇਂ ਢੰਗ ਦਾ ਟੀਕਾ ਹੈ, ਜੋ ਕਿ ਗੁਰਬਾਣੀ ਦੇ ਵਿਦਿਆਰਥੀ ਨਵੀਂ ਸੇਧ ਅਗਵਾਈ ਦਿੰਦਾ ਹੈ।

ਡਾ: ਮੋਹਨ ਸਿੰਘ ਨੇ ਆਪਣੀ ਪੁਸਤਕ 'ਪੰਜਾਬੀ ਭਾਖਾ ਵਿਗਿਆਨ ਤੇ ਗੁਰਮਤਿ ਗਿਆਨ' ਵਿਚ 'ਜਪੁਜੀ' ਦਾ ਟੀਕਾ ਕੀਤਾ ਹੈ। ਡਾ: ਸਾਹਿਬ ਪੰਜਾਬੀ ਭਾਖਾ ਦੇ ਮਹਾਨ ਖੋਜੀ ਹਨ। ਉਨ੍ਹਾਂ ਨੇ ਕਈ ਹੋਰ ਟੀਕਿਆਂ ਦਾ ਖੰਡਨ ਮੰਡਨ ਕੀਤਾ ਹੈ।

ਪ੍ਰਿੰਸੀਪਲ ਤੇਜਾ ਸਿੰਘ ਦਾ ਗੁਰਬਾਣੀ ਦਾ ਅਧਿਐਨ ਬੜਾ ਵਿਸ਼ਾਲ ਹੈ ਤੇ 'ਸ਼ਬਦਾਰਥ' (ਚਾਰ ਜਿਲਦਾਂ) ਉਨ੍ਹਾਂ ਦੀ ਮਹਾਨ ਦੇਣ ਹੈ। ਗੁਰਬਾਣੀ ਵਿਆਕਰਣ ਦੇ ਵੀ ਉਹ ਪੰਡਤ ਹਨ ਅਤੇ ਉਨ੍ਹਾਂ ਨੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ 'ਜਪੁ' ਬਾਣੀ ਵਿਚੋਂ ਉਠਦੇ ਪ੍ਰਸ਼ਨਾਂ ਦਾ ਨਿਰਣਾਜਨਕ ਉੱਤਰ ਦਿੱਤਾ ਹੈ। ਉਨ੍ਹਾਂ ਦੀ ਜਪੁਜੀ ਸਟੀਕ ਵੀ ਇਕ ਉੱਤਮ ਰਚਨਾ ਹੈ।

ਪ੍ਰੋ: ਸਾਹਿਬ ਸਿੰਘ ਦੀ 'ਜਪੁਜੀ ਸਾਹਿਬ ਸਟੀਕ' ਇਸ ਲਈ ਪ੍ਰਸਿੱਧ ਹੈ ਕਿ ਉਨ੍ਹਾਂ ਨੇ ਅਰਥ ਕਰਨ ਲਗਿਆਂ ਵਿਆਕਰਣ ਨੂੰ ਮੁੱਖ ਮੰਨਿਆ ਹੈ। ਉਹ ਗੁਰਬਾਣੀ ਦੇ ਮਹਾਨ ਖੋਜੀ ਹਨ। 'ਜਪੁ' ਬਾਣੀ ਦੇ ਅਰਥ ਬੜੇ ਸੰਖੇਪ ਤੇ ਸਪਸ਼ਟ ਰੂਪ ਵਿਚ ਕੀਤੇ ਹਨ, ਜਿਸ ਕਰਕੇ ਇਨ੍ਹਾਂ ਦਾ ਟੀਕਾ ਸਭ ਤੋਂ ਵਧ ਗਿਣਤੀ ਵਿਚ ਛਪਿਆ ਹੈ।

4

## 'ਜਪੁਜੀ' ਦੇ ਹੁਣ ਤਕ ਲਿਖੇ ਗਏ ਟੀਕਿਆਂ ਦਾ ਸਰਵੇਖਣ

ਪੰਜਾਬੀ ਵਿਚ ਸਭ ਤੋਂ ਪਹਿਲਾ ਟੀਕਾਕਾਰ ਭਾਈ ਗੁਰਦਾਸ ਨੂੰ ਮੰਨਿਆ ਜਾਂਦਾ ਹੈ, ਜਿਸ ਨੇ 'ਜਪੁਜੀ' ਦੇ ਸਿਧਾਂਤਾਂ ਦੀ ਵਿਆਖਿਆ ਆਪਣੀਆਂ ਵਾਰਾਂ ਵਿਚ ਕੀਤੀ ਹੈ। 'ਜਪੁਜੀ' ਦੇ ਹੁਣ ਤਕ ਲਿਖੇ ਗਏ ਟੀਕਿਆਂ ਦਾ ਵੇਰਵਾ ਇਸ ਪ੍ਰਕਾਰ ਹੈ :-

### (ੳ) 'ਮਿਹਰਬਾਨ ਸੰਪ੍ਰਦਾਇ' ਦੇ ਟੀਕੇ

'ਜਪੁਜੀ' ਦਾ ਪੂਰੇ ਰੂਪ ਵਿਚ ਪਹਿਲਾ ਟੀਕਾ ਸੋਢੀ ਮਿਹਰਬਾਨ ਦਾ ਕਿਹਾ ਜਾਂਦਾ ਹੈ। ਪਰ ਵਾਸਤਵ ਵਿਚ ਇਹ ਟੀਕਾ ਉਸ ਦੇ ਪੁੱਤਰ 'ਹਰਿ ਜੀ' ਦਾ ਹੈ।[1] ਪੋਥੀ ਹਰਿ ਜੀ ਸੰਮਤ 1707 (1650 ਈ:) ਵਿਚ ਗੁਰੂ ਹਰਿ ਰਾਇ ਦੇ ਸਮੇਂ ਲਿਖੀ ਗਈ ਤੇ ਉਸ ਦਾ ਇਕ ਉਤਾਰਾ 1780 ਈ: ਵਿਚ ਹੋਇਆ। ਇਸ ਤੋਂ ਫਿਰ ਉਤਾਰਾ 1827 ਈ: ਵਿਚ ਹੋਇਆ।[2] ਇਹ ਪੋਥੀ ਭਾਈ ਗੰਗੂ ਦਾਸ ਬ੍ਰਾਹਮਣ ਦੀ ਅਖਰੀਂ ਲਿਖੀ ਗਈ।[3] ਇਸ ਲਈ ਇਸ ਟੀਕੇ ਨੂੰ ਮਿਹਰਬਾਨ ਸੰਪ੍ਰਦਾਇ ਦਾ ਹੋਣ ਕਰਕੇ 'ਮਿਹਰਬਾਨ ਦਾ ਟੀਕਾ' ਕਹਿਣਾ ਵਧੇਰੇ ਠੀਕ ਹੋਵੇਗਾ।

ਇਸ ਟੀਕੇ ਦੇ ਅਧਿਐਨ ਤੋਂ ਇਸ ਤਰ੍ਹਾਂ ਜਾਪਦਾ ਹੈ ਕਿ ਟੀਕਾਕਾਰ ਦੇ ਮਨ ਵਿਚ ਮੁੱਖ ਮੰਤਵ ਗੁਰੂ ਨਾਨਕ ਬਾਣੀ ਦੀ ਵਿਆਖਿਆ ਅਤੇ ਉਸ ਦਾ ਪਰਮਾਰਥ ਉਜਾਗਰ ਕਰਨਾ ਹੈ। ਸਾਰਾ

---

1. ਵੇਖੋ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੋਥੀ ਦੂਜੀ, 1969.
2. ਉਹੀ, ਪੰ:73. (ਲੇਖਕ ਡਾ: ਕਿਰਪਾਲ ਸਿੰਘ)
3. ਉਹੀ, ਪੰ:26. (ਭੂਮਿਕਾ — ਡਾ: ਬਲਬੀਰ ਸਿੰਘ)

ਟੀਕਾ ਗੋਸਟੀ ਦੇ ਰੂਪ ਵਿਚ ਹੈ। ਇਸ 'ਖੋਜ-ਪ੍ਰਬੰਧ' ਵਿਚ 'ਜਪੁ' ਟੀਕੇ ਦਾ ਆਧਾਰ, ਖਾਲਸਾ ਕਾਲਜ ਅੰਮ੍ਰਿਤਸਰ ਦੇ ਸਿਖ ਇਤਿਹਾਸ ਖੋਜ ਵਿਭਾਗ ਵਲੋਂ 1969 ਈ: ਵਿਚ ਛਪੀ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਪੋਥੀ ਦੂਜੀ, ਨੂੰ ਬਣਾਇਆ ਗਿਆ ਹੈ।

ਸੋਢੀ ਮਿਹਰਬਾਨ ਦੀ ਵਿਆਖਿਆ ਪ੍ਰਣਾਲੀ ਦੇ ਹੋਰ ਟੀਕੇ ਜੋ ਉਪਲਬਧ ਹੁੰਦੇ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ ਪਰੰਤੂ ਇਹ ਟੀਕੇ ਮੂਲ ਟੀਕੇ ਦੀ ਨਕਲ ਹੀ ਪ੍ਰਤੀਤ ਹੁੰਦੇ ਹਨ :-

ਹਥ ਲਿਖਤਾਂ -

(1) ਜਪੁਜੀ ਟੀਕਾ - ਮਿਤ੍ਰ ਨਾਥ ਬ੍ਰਾਹਮਣ ਲਿਖਤ[1] - 1701 ਈ:
(2) ਜਪੁ ਪਰਮਾਰਥ - ਅਗਿਆਤ[2] - 1791 ਈ: (ਸੰਮਤ 1848)
(3) ਜਪੁ ਅਰਥਾਂ ਨਾਲ ਗੁਰੂ ਬਾਬੇ ਨਾਨਕ ਜੀ ਕਾ - ਅਗਿਆਤ[3]

---

1. ਵੇਖੋ 'ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ', ਪੰ:8. ਡਾ: ਮੋਹਨ ਸਿੰਘ ਨੇ ਇਸ ਟੀਕੇ ਨੂੰ ਜਪੁਜੀ ਦਾ ਸਭ ਤੋਂ ਪੁਰਾਣਾ ਟੀਕਾ ਮੰਨਿਆ ਹੈ। ਪਰ ਇਹ ਠੀਕ ਨਹੀਂ। ਸੋਢੀ ਮਿਹਰਬਾਨ ਵਾਲਾ ਮਿਲਿਆ ਟੀਕਾ ਇਸ ਤੋਂ ਪੁਰਾਣਾ ਹੈ।
2. ਪੁਸਤਕਾਲਾ ਪ੍ਰਿੰ: ਪ੍ਰੀਤਮ ਸਿੰਘ, ਨੰ:233. - - ਇਸ ਟੀਕੇ ਉਤੇ ਲੇਖਕ ਦਾ ਨਾਂ ਨਹੀਂ ਲਿਖਿਆ ਪਰ ਟੀਕਾ ਮਿਹਰਬਾਨ ਨਾਲ ਮਿਲਦਾ ਹੈ ਤੇ ਅੰਤ ਵਿਚ 'ਦਾਸ ਨਾਨਕ' ਲਿਖਿਆ ਹੈ। ਵੇਖੋ ਪੰ:183.

    ਸਲੋਕ । ਏਹੁ ਜਪੁ ਕਰਤੇ ਪੁਰਖ ਕਾ ਸਰ ਨਾਨਕ ਕੀਆ ਬਖਾਣ।
    ਜਗਤ ਉਧਾਰਣ ਕਾਰਣੇ ਧੁਰੋ ਹੋਆ ਫੁਰਮਾਨੁ।
    ਅੰਮ੍ਰਿਤ ਵੇਲਾ ਸਚੁ ਨਾਮ ਜਪ ਜਪੀਐ ਕਰਿ ਇਸਨਾਨੁ।
    ਚਿਤ ਕਰਿ ਜਪ ਕਉ ਜੋ ਪੜੈ ਦਰਗਹਿ ਪਾਵੈ ਮਾਣੁ।
    ਜਨਮ ਮਰਣ ਭਉ ਕਟੀਐ ਜਪ ਸਿਉ ਲਾਵੈ ਧਿਆਨੁ।
    ਜਿਉ ਜਿਉ ਜਪ ਕਉ ਪੜੈ ਅਉਸਰ ਜਿਵੈ ਨਿਦਾਨ।
    ਜੋਈ ਮਨਸਾ ਮਨ ਮੈ ਧਰੈ ਪੂਰਣ ਕਰੈ ਭਗਵਾਨ।
    ਅਹਿਨਿਸ ਜਪੁ ਜਪਤਾ ਰਹੈ। ਦਾਸ ਨਾਨਕ ਦੀਜੈ ਦਾਨੁ।

3. ਓਹੀ, ਨੰਬਰ 401 - - - ਇਸ ਟੀਕੇ ਉਤੇ ਲੇਖਕ ਦਾ ਨਾਂ ਤੇ ਮਿਤੀ ਨਹੀਂ ਦਿਤੇ ਗਏ। ਪਰ ਟੀਕਾ ਤੇ ਲਿਖਾਈ ਉਪਰਲੇ ਟੀਕੇ ਨਾਲ ਮਿਲਦੇ ਹਨ। ਅੰਤਲਾ ਸਲੋਕ ਹੂ ਬ ਹੂ ਮਿਲਦਾ ਹੈ। ਅਨੁਮਾਨ ਹੈ ਕਿ ਰਚਨਾ ਕਾਲ ਓਹੋ ਹੀ ਹੋਵੇਗਾ।

(4) ਜਪੁ ਪਰਮਾਰਥ – ਗੁਰਮੁਖ ਸਿੰਘ[1] – 1821 ਈ:(ਸੰਮਤ 1878)

(5) ਜਪੁ ਪਰਮਾਰਥ – ਪੋਥੀ ਹਰਿ ਜੀ[2] 1828 ਈ: (ਸੰਮਤ 1885)

(6) ਭਗਤ ਰਤਨਾਵਲੀ – ਭਾਈ ਮਨੀ ਸਿੰਘ[3] – 1838 ਈ:(ਸੰਮਤ 1895)
(ਜਪੁ ਪਰਮਾਰਥ – ਮਿਹਰਬਾਨ)

(7) ਨਾਮ ਮੰਜਰੀ ਜਪੁ ਪਰਮਾਰਥ – ਮਿਹਰਬਾਨ ਸੋਢੀ[4] (ਲਿਖਾਰੀ – ਸ੍ਰੀ ਚਰਨ ਦਾਸ ਜੀ)

---

1. ਪੁਸਤਕਾਲਾ ਪ੍ਰਿੰ:ਪ੍ਰੀਤਮ ਸਿੰਘ, ਨੰ:161 - - - ਟੀਕਾ ਮਿਹਰਬਾਨ ਨਾਲ ਮਿਲਦਾ ਹੈ। ਟੀਕੇ ਦੇ ਅੰਤ ਵਿਚ ਲਿਖਿਆ ਹੈ:-"ਜਪੁ ਬਾਬੇ ਨਾਨਕ ਕੀਤਾ। ਉਸਤਤਿ ਪਰਮੇਸਰ ਜੀ ਕੀ ਸੰਪੂਰਣ ਹੋਈ। ਜੋ ਕੋਈ ਜਪੁ ਪੜੈ ਸੁਣੈ ਸਿਖੈ ਤਿਸ ਦੀ ਪ੍ਰਮਗਤ ਹੋਵੈ। ਨਿਰਭਉ ਪਦਵੀ ਪਾਵੈ। ਨਿਰੰਜਨ ਜਾਇ ਸਮਾਵੈ। ਭੁਲ ਚੁਕ ਬਖਸਣੀ"।
2. ਇਹ 'ਜਪੁ' ਪਰਮਾਰਥ' ਖਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ ਦੇ ਸਿਖ ਹਿਸਟਰੀ ਰੀਸਰਚ ਵਿਭਾਗ ਵਿਚ ਪਿਆ ਹੈ।
3. ਪੁਸਤਕਾਲਾ – ਪ੍ਰਿੰ:ਪ੍ਰੀਤਮ ਸਿੰਘ, ਨੰ:342. - - - 'ਭਗਤ ਰਤਨਾਵਲੀ' ਦੇ ਪੰ:234 ਤੋਂ 281 ਤਕ ਮਿਹਰਬਾਨ ਦਾ ਜਪੁਜੀ ਦਾ ਟੀਕਾ ਦਿੱਤਾ ਹੋਇਆ ਹੈ।
4. ਪੁਸਤਕਾਲਾ – ਪ੍ਰਿੰ:ਪ੍ਰੀਤਮ ਸਿੰਘ, ਨੰ:82, ਇਹ ਟੀਕਾ ਵੀ ਮਿਹਰਬਾਨ ਦੇ ਟੀਕੇ ਨਾਲ ਮਿਲਦਾ ਹੈ। ਪੁਰਾਤਨ ਲਿਖਾਰੀ ਆਮ ਕਰਕੇ ਆਪਣੀਆਂ ਲਿਖਤਾਂ ਵਿਚ ਆਪਣਾ ਨਾਂ ਦੇਣ ਦੀ ਥਾਂ ਆਪਣੇ ਗੁਰੂ ਦਾ ਨਾਂ ਦੇਣਾ ਵਧੇਰੇ ਠੀਕ ਸਮਝਦੇ ਸਨ। ਅੰਤਲਾ ਸਲੋਕ ਇਸ ਤਰ੍ਹਾਂ ਹੈ :-

   "ਇਹ ਜਪੁ ਕਰਤੇ ਪੁਰਖ ਕਾ ਸਚੁ ਨਾਨਕ ਕੀਆ ਬਖਾਨੁ।
   ਜੋ ਪੜੈ ਸੁਣੈ ਚਿਤ ਲਾਇ ਕੈ ਦਰਗਹ ਹੋਵੈ ਪਰਵਾਨੁ।
   ਇਹੈ ਸੁਖ ਆਗੈ ਪਰਮਗਤਿ ਪਾਵੈ। ਜਿਹ ਕੇਵਲ ਪੜੈ ਸਰਬ ਕੁਲੀ ਕਾ ਉਧਾਰ ਹੋਇ
   ਜੋ ਇਸ ਜਪ ਬਾਬੇ ਨਾਨਕ ਜੀ ਦੇ ਨੂੰ ਪੜ੍ਹੈ ਪਰਮੇਸਰ ਦੀ ਉਸਤਤਿ ਖੋਜੀ ਹੈ ਸਖਿਆ
   ਜੀਵਦਿਆਂ ਕੀ ਗਤਿ ਹੋਇ। ਅਦਬ ਨਾਲ ਪੜ੍ਹਣਾ। ਵਾਹਗੁਰੂ ਜਪ ਸੰਪੂਰਨ ਹੋਆ।"
   (ਪੰ:50)

(8) ਜਪੁ ਪਰਮਾਰਥ — ਅਗਿਆਤ[1]

(9) ਜਪੁ ਪਰਮਾਰਥ — ਅਗਿਆਤ[2]

(10) ਟੀਕਾ ਜਪੁਜੀ — ਅਗਿਆਤ[3]

(11) ਜਪੁ ਟੀਕਾ — ਨਿਜਾ ਨੰਦ[4]

( 2) ਜਪੁਜੀ ਸਟੀਕ (ਜਫਰਨਾਮਾ ਸਟੀਕ ਆਦਿ ਸਮੇਤ) — ਸੋਢੀ ਮਿਹਰਬਾਨ[5]

(13) ਜਪੁ ਪਰਮਾਰਥ — ਗ੍ਰਿਦ ਸਿੰਘ ਜੱਟ (ਲਿਖਾਰੀ)[6]

(44) ਜਪੁ ਪਰਮਾਰਥ — ਮਿਹਰਬਾਨ ਸੋਢੀ (ਸੰਮਤ 1766 ਬਿ:)[7]

(15) ਜਨਮ ਸਾਖੀ ਗੁਰੂ ਨਾਨਕ ਦੀ (ਜਪੁ ਪਰਮਾਰਥ) — ਮਿਹਰਬਾਨ ਸੋਢੀ (ਸੰਮਤ 1811 ਬਿ:)[8]

---

1. ਪੁਸਤਕਾਲਾ, ਪ੍ਰਿੰ: ਪ੍ਰੀਤਮ ਸਿੰਘ, ਨੰ:189 - - - ਮਿਹਰਬਾਨ ਸੰਪ੍ਰਦਾਇ ਦਾ ਲਿਖਾਰੀ ਲਗਦਾ ਹੈ - ਅੰਤ ਵਿਚ 'ਦਾਸ ਨਾਨਕ' ਵੀ ਲਿਖਿਆ ਹੈ। ਇਸ ਟੀਕੇ ਵਿਚ ਅੰਤਿਮ ਸਲੋਕ ਇਸ ਤਰ੍ਹਾਂ ਲਿਖਿਆ ਮਿਲਦਾ ਹੈ :-

   "ਜਤ ਧੀਰਜੁ ਮਤਿ ਵੇਦ ਕਰਿ ਭਉ ਭੈਣ ਕਰਿ ਸਾਥਿ।
   ਤਿਸ ਵਿਚ ਅੰਮ੍ਰਿਤੁ ਧਾਰ ਹੈ ਸਚਾ ਨਾਮੁ ਅਪਾਰ।
   ਜਿਸ ਜਰਿ ਕਰਮੁ ਤਿਨ ਨਾ ਰਹੈ ਸਿਫਤਿ ਸਬਦੁ ਵੀਚਾਰੁ।
   <u>ਦਾਸੁ ਨਾਨਕ</u> ਗੁਰਮੁਖਿ ਪਾਈਐ ਸਚੀ ਭਗਤਿ ਭੰਡਾਰ।" (ਪੰ:200)

2. ਉਹੀ, ਨੰ:66, ਟੀਕਾ ਮਿਹਰਬਾਨ ਨਾਲ ਮਿਲਦਾ ਹੈ। (ਪੰ:92-168)
3. ਉਹੀ, ਨੰ:384, ਟੀਕਾ ਮਿਹਰਬਾਨ ਨਾਲ ਮਿਲਦਾ ਹੈ। (ਪੰ:191-225)
4. ਉਹੀ, ਨੰ:142, ਟੀਕਾ ਮਿਹਰਬਾਨ ਨਾਲ ਮਿਲਦਾ ਹੈ। (ਪੰ:1-128)
5. ਪੁਸਤਕਾਲਾ ਭਾਸ਼ਾ ਵਿਭਾਗ, ਪਟਿਆਲਾ, ਹਥ ਲਿਖਤ ਨੰ:346, ਟੀਕਾ ਮਿਹਰਬਾਨ ਨਾਲ ਮਿਲਦਾ ਹੈ।
6. ਉਹੀ, ਹਥ ਲਿਖਤ ਨੰ:43, ਟੀਕਾ ਮਿਹਰਬਾਨ ਨਾਲ ਮਿਲਦਾ ਹੈ। (ਸਿਉਂਕ ਖਾਧਾ ਹੈ)
7. ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਹਥ ਲਿਖਤ ਨੰ:6710.
8. ਉਹੀ, ਹਥ ਲਿਖਤ ਨੰ:7373.

## (ਖ) 'ਉਦਾਸੀ ਸੰਪ੍ਰਦਾਇ' ਦੇ ਟੀਕੇ

'ਮਿਹਰਬਾਨ ਸੰਪ੍ਰਦਾਇ' ਤੋਂ ਪਿਛੋਂ 'ਜਪੁ' ਦੀ ਟੀਕਾਕਾਰੀ ਦਾ ਸੰਬੰਧ 'ਉਦਾਸੀ ਸੰਪ੍ਰਦਾਇ' ਨਾਲ ਹੈ। ਇਸ ਸੰਪ੍ਰਦਾਇ ਦੇ ਵਿਦਵਾਨ ਸਾਧੂਆਂ ਵਿਚੋਂ ਪ੍ਰਮੁੱਖ ਤੇ ਪ੍ਰਸਿੱਧ ਵਿਦਵਾਨ ਟੀਕਾਕਾਰ 'ਸੁਆਮੀ ਅਨੰਦ ਘਨ' ਹੈ। ਇਨ੍ਹਾਂ ਨੇ ਜਪੁਜੀ ਦਾ ਟੀਕਾ 1852 ਬਿਕ੍ਰਮੀ ਵਿਚ ਲਿਖਿਆ।[1] ਇਸ ਟੀਕੇ ਵਿਚ ਸਿਖ ਪੰਥ ਦੇ ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ। ਵੇਦਾਂਤ ਤੇ 'ਜਪੁਜੀ' ਦਾ ਸੁਮੇਲ ਇਸ ਟੀਕੇ ਦੀ ਵਿਸ਼ੇਸ਼ਤਾ ਹੈ। ਪਰ ਨਾਲ ਹੀ ਨਾਲ ਭਗਤੀ ਆਦਿ ਤੱਤਾਂ ਨੂੰ ਵੀ ਗ੍ਰਹਿਣ ਕੀਤਾ ਗਿਆ ਹੈ। ਇਸ ਟੀਕੇ ਦੀ ਵਿਸ਼ੇਸ਼ਤਾ ਇਸ ਕਰਕੇ ਵੀ ਹੈ ਕਿਉਂਕਿ ਇਸ ਦੇ ਵਿਰੋਧ ਵਿਚ ਮਹਾਂਕਵੀ ਸੰਤੋਖ ਸਿੰਘ ਨੂੰ ਆਪਣਾ 'ਗੁਰਬ ਗੰਜਨੀ ਟੀਕਾ' ਲਿਖਣਾ ਪਿਆ।

ਆਪਣੇ ਟੀਕੇ ਵਿਚ ਉਹ ਸ਼ਬਦਾਂ ਦੀ ਤੋੜ ਮਰੋੜ, ਅੱਖਰਾਂ ਤੇ ਮਾਤ੍ਰਾਵਾਂ ਦਾ ਜੋੜ ਤੋੜ ਅਤੇ ਕਈ ਸ਼ਬਦਾਂ ਦੇ ਇਕ ਇਕ ਅਖਰ ਦੀ ਮਨਮਾਨੀ ਵਿਆਖਿਆ ਕਰਦੇ ਹਨ।[2] ਉਨ੍ਹਾਂ ਦੇ ਟੀਕੇ ਦੀ ਸ਼ੈਲੀ ਪ੍ਰਾਚੀਨ ਪੰਡਤਾਂ ਵਾਲੀ ਹੈ। ਦਾਰਸ਼ਨਿਕ ਭਾਵਾਂ ਦੀ ਵਿਆਖਿਆ ਕਰਦੇ ਹੋਏ ਉਹ ਵਿਸ਼ੇਸ਼ ਕਰਕੇ ਪੁਰਾਣੀ ਸ਼ਾਸਤ੍ਰਾਰਥ ਸ਼ੈਲੀ ਨੂੰ ਅਪਣਾਉਂਦੇ ਹਨ।

ਉਨ੍ਹਾਂ ਦੀ ਗੱਦ ਵਿਚ ਵਿਚਾਰ-ਨਿਸ਼ਠਾ, ਤਾਰਕਿਕਤਾ ਤੇ ਓਜਸਵਿਤਾ ਵਿੱਦਮਾਨ ਹੈ। ਵਿਆਖਿਆ ਕਰਨ ਸਮੇਂ ਉਹ ਹਰ ਸ਼ਬਦ ਦਾ ਕੋਸ਼ ਵਾਂਗ ਪਹਿਲਾਂ ਵਿਆਕਰਣ ਅਨੁਸਾਰ ਅਰਥ ਸਪਸ਼ਟ ਕਰਦੇ ਹਨ, ਜਿਵੇਂ "ਕਰਤਾ ਕੇ ਭਾਵ ਕੋ ਪ੍ਰਗਟ ਕਰਨਾ, ਇਸੀ ਕਾ ਨਾਮ ਤੋ ਅਰਥ ਹੈ।" ਵਾਸਤਵ ਵਿਚ ਅਨੰਦ ਘਨ ਦੀ ਵਿਆਖਿਆ ਸ਼ੈਲੀ ਦੇ ਦੋ ਪ੍ਰਮੁੱਖ ਢੰਗ — ਉਥਾਨਿਕਾ ਤੇ ਪ੍ਰਸ਼ਨੋਤਰ ਸ਼ੈਲੀ ਹਨ।

ਉਥਾਨਿਕਾ ਉਨ੍ਹਾਂ ਦੇ ਸ਼ਬਦਾਂ ਅਨੁਸਾਰ 'ਇਕ ਸ਼ਾਸਤ੍ਰੀ ਸ਼ੈਲੀ' ਹੈ ਪਰੰਤੂ 'ਪ੍ਰਸ਼ਨੋਤਰ ਸ਼ੈਲੀ' ਦੀ ਵਰਤੋਂ ਉਹ ਓਦੋਂ ਕਰਦੇ ਹਨ ਜਦੋਂ ਉਹ ਆਪਣੇ ਮੰਤਵ ਨੂੰ ਵਧੇਰੇ ਰੌਚਿਕ ਜਾਂ ਨਾਟਕਸਿਕਤ ਬਣਾਉਣ ਦਾ ਜਤਨ ਕਰਦੇ ਹਨ।[3] ਆਨੰਦ ਘਨ ਨੇ ਸਾਰੇ ਮਾਰਮਿਕ ਪ੍ਰਸੰਗ ਪ੍ਰਸ਼ਨੋਤਰ

1. ਵੇਖੋ, ਗੁਰਬਾਣੀ ਟੀਕੇ, ਆਨੰਦ ਘਨ, ਭਾਸ਼ਾ ਵਿਭਾਗ, ਪਟਿਆਲਾ, ਪੰ:10.
2. ਓਹੀ, 'ਜਪੁ' ਦੀ ਪੰਜਵੀਂ ਪਉੜੀ ਵਿਚ 'ਗੋਰਖ' ਸ਼ਬਦ, ਪੰ:139.
3. ਗੋਵਿੰਦਨਾਥ ਰਾਜਗੁਰੂ, ਗੁਰਮੁਖੀ ਲਿਪੀ ਮੇਂ ਹਿੰਦੀ ਗੱਦ, ਪੰ:142.

ਵੀ ਨਾਲ ਹੀ ਦਿੱਤੇ ਹਨ, ਜਿਵੇਂ 'ਗੁਰੂ ਕੌਣ ਹੈ?' 'ਨਾਨਕ ਦਾ ਗੁਰੂ ਕੌਣ ਹੈ?' 'ਕਿਆ ਦੇਵੀ ਗੁਰੂ ਨਹੀਂ?' ਆਦਿ ਰੋਚਿਕ ਪ੍ਰਸ਼ਨ ਉਠਾਉਂਦੇ ਹਨ।

ਆਨੰਦ ਘਨ ਮੂਲ ਪੰਗਤੀ ਦੀ ਵਿਆਖਿਆ ਤੋਂ ਪਹਿਲੇ ਇਕ 'ਅਵਤਰਣਿਕਾ' ਦੀ ਯੋਜਨਾ ਬਣਾਉਂਦੇ ਹਨ। ਇਹ ਅਵਤਰਣਿਕਾ ਸਦਾ ਕਿਸੇ ਪ੍ਰਸ਼ਨ ਰੂਪ ਵਿਚ ਹੁੰਦੀ ਹੈ। ਕਈ ਵੇਰ ਉਹ ਸਾਰੇ ਵਿਵੇਚਨ ਤੋਂ ਪਹਿਲਾਂ ਉਸ ਦਾ ਸੰਖੇਪ ਜਾਂ ਨਿਚੋੜ ਇਕ ਦੋਹੇ ਦੇ ਰੂਪ ਵਿਚ ਸਭ ਤੋਂ ਪਹਿਲਾਂ ਰਖ ਦਿੰਦੇ ਹਨ। ਫਿਰ ਉਸ ਦੋਹੇ ਦੀ ਛਾਂ ਹੇਠ ਪ੍ਰਸ਼ਨੋਤਰ ਯੋਜਨਾ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਸ਼ਕਤੀ ਹੈ, ਜਿਸ ਦੇ ਨਾਲ ਉਹ ਸੱਚ ਅਤੇ ਝੂਠ ਦਾ ਨਿਰਣਾ ਕਰਦੇ ਹਨ, ਜਿਵੇਂ ਉਹ ਆਪਣੇ 'ਜਪੁ' ਟੀਕੇ ਵਿਚ ਕਹਿੰਦੇ ਹਨ — 'ਪ੍ਰਸ਼ਨ ਉਤਰ ਬਿਨਾ ਨਿਰਣਯ ਨਹੀਂ ਹੋ ਸਕਤਾ' ਜਾਂ 'ਪ੍ਰਸ਼ਨਜਾਲ ਹੈ ਸਾਰ।'[1]

ਪ੍ਰਸ਼ਨ ਉਨ੍ਹਾਂ ਦੇ ਬੜੇ ਮਹੱਤਵਪੂਰਣ ਹਨ। ਪਰ ਕਈ ਵਾਰੀ ਉਨ੍ਹਾਂ ਦੇ ਸਮਾਧਾਨ ਸੰਤੋਖਜਨਕ ਨਹੀਂ ਹੁੰਦੇ। ਇਨ੍ਹਾਂ ਸਮਾਧਾਨਾਂ ਦੇ ਵਿਚ ਪੂਰਵਾਗ੍ਰਹਿ ਵਿੱਦਮਾਨ ਹੈ। ਇਸ ਲਈ ਬੌਧਿਕਤਾ ਤੇ ਬੁੱਧੀਵਾਦਿਤਾ ਉਨ੍ਹਾਂ ਦੇ ਟੀਕਿਆਂ ਦੀਆਂ ਦੋ ਕਮਜ਼ੋਰੀਆਂ ਹਨ।[2]

ਉਨ੍ਹਾਂ ਦਿਆਂ ਟੀਕਿਆਂ ਵਿਚ ਕਾਵਿਕ ਮੰਗਲਾਚਰਣ ਵਰਤੇ ਗਏ ਹਨ ਜਿਸ ਤੋਂ ਉਨ੍ਹਾਂ ਦੀ ਉਤਕ੍ਰਿਸ਼ਟ ਕਾਵਿ-ਪ੍ਰਤਿਭਾ ਦਾ ਪਤਾ ਲਗਦਾ ਹੈ। ਆਮ ਤੌਰ ਤੇ ਉਹ ਵਿਆਖਿਆ ਆਰੰਭ ਕਰਨ ਤੋਂ ਪਹਿਲਾਂ ਹੀ ਕਿਸੇ ਕਬਿੱਤ, ਦੋਹੇ, ਸੋਰਠੇ ਜਾਂ ਚਤੁਸ਼ਪਦੀ ਰਾਹੀਂ ਆਪਣੇ ਭਾਵ ਨੂੰ ਪ੍ਰਗਟਾਉਂਦੇ ਹਨ। ਰਸ ਅਨੁਕੂਲ ਸ਼ਬਦਾਂ ਦੀ ਵਿਉਂਤਬੰਦੀ, ਅਨੁਪ੍ਰਾਸਾਂ ਦੀ ਛੁਣਛੁਣ ਤੇ ਸਾਰਥਕ ਸ਼ਬਦਾਂ ਦੀ ਵਰਤੋਂ ਕਰਦੇ ਹਨ। ਆਪਣੀ ਪੂਰੀ ਕਾਵਿ ਸ਼ਕਤੀ, ਵਿਆਪਕ ਸਹਾਨੁਭੂਤੀ ਅਤੇ ਕਰਤਾਰੀ ਪ੍ਰਤਿਭਾ ਦੇ ਨਾਲ, ਜੋ ਵਿਆਖਿਆ ਉਨ੍ਹਾਂ ਨੇ ਬਾਣੀ ਦੀ ਕੀਤੀ ਹੈ, ਉਸ ਵਰਗੀ ਵਿਆਖਿਆ ਕਿਸੇ ਨਹੀਂ ਕੀਤੀ।

ਜਪੁਜੀ ਦੀ ਵਿਆਖਿਆ ਕਰਦੇ ਹੋਏ ਉਹ ਕਈ ਥਾਂ ਆਪਣੇ ਸੁਤੰਤਰ ਵਿਚਾਰਾਂ ਦਾ ਵੀ ਲਲਕਾਰਾ ਦਿੰਦੇ ਹਨ। ਜਨਮਸਾਖੀ ਸਾਹਿਤ ਦੀ ਪ੍ਰਮਾਣਿਕਤਾ ਨੂੰ ਉਹ ਸਾਫ਼ ਚੁਨੌਤੀ ਦਿੰਦੇ ਹਨ। ਦੇਵੀ ਪੂਜਾ ਨੂੰ ਗੁਰੂ ਨਾਨਕ ਪੰਥ ਵਿਚ ਬੜਾ ਮਹੱਤਵ ਦਿੰਦੇ ਹਨ। ਸਪਸ਼ਟਵਾਦਿਤਾ ਅਤੇ ਤਾਰਕਿਕਤਾ — ਇਹ ਦੋ ਗੁਣ, ਇਨ੍ਹਾਂ ਦੇ ਟੀਕਿਆਂ ਵਿਚ ਵਿਸ਼ੇਸ਼ ਕਰਕੇ ਮਿਲਦੇ ਹਨ।

---

1. ਗੋਵਿੰਦ ਨਾਥ ਰਾਜਗੁਰੂ, ਗੁਰਮੁਖੀ ਲਿਪੀ ਮੇਂ ਹਿੰਦੀ ਗੱਦ, ਪੰ:143.
2. ਓਹੀ, ਪੰ:146

ਉਹ ਵਿਸ਼ੇ ਅਨੁਕੂਲ ਸ਼ਬਦਾਂ ਦੀ ਚੋਣ ਕਰਦੇ ਹਨ ਤੇ ਉਨ੍ਹਾਂ ਦੀ ਭਾਸ਼ਾ ਵਿਚ ਰਵਾਨੀ ਹੈ। ਪੰਜਾਬੀ ਸ਼ਬਦਾਂ ਤੇ ਮੁਹਾਵਰਿਆਂ ਦੀ ਵਰਤੋਂ ਖੂਬ ਕਰਦੇ ਹਨ। ਸ਼ਾਸਤ੍ਰੀ ਤੱਤਾਂ ਦਾ ਉਦਘਾਟਨ ਸਰਲ ਤੇ ਸੁਬੋਧ ਭਾਸ਼ਾ ਵਿਚ ਕਰਦੇ ਹਨ। ਕਈ ਥਾਂ ਉਨ੍ਹਾਂ ਦੀ ਸ਼ੈਲੀ ਬੜੀ ਵਿਅੰਗ ਭਰੀ ਹੋ ਜਾਂਦੀ ਹੈ। ਉਹ ਕ੍ਰੋਧ ਅਤੇ ਸ਼ੋਕ ਦੇ ਪ੍ਰਸੰਗਾਂ ਵਿਚ ਪੰਜਾਬੀ ਮੁਹਾਵਰਿਆਂ ਜਾਂ ਫਾਰਸੀ ਦੇ ਸ਼ਬਦਾਂ ਦਾ ਖੁਲ੍ਹ ਕੇ ਪ੍ਰਯੋਗ ਕਰਦੇ ਹਨ। ਹੀ, ਭੀ, ਤੇ, ਅਤੇ ਜੌਨ, ਕੌਨ, ਆਦਿ ਪੂਰਬੀ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਕਰਦੇ ਹਨ। ਇਹ ਕੁਝ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੀ ਬੋਲੀ ਭਾਈ ਸੰਤੋਖ ਸਿੰਘ ਤੇ ਪੰਡਤ ਤਾਰਾ ਸਿੰਘ ਨਰੋਤਮ ਦੋਹਾਂ ਨਾਲੋਂ, ਵਧੇਰੇ ਪੰਜਾਬੀ ਹੈ; ਭਾਵੇਂ ਇਹ ਭਾਸ਼ਾ ਆਨੰਦਘਨ ਨੇ ਕਾਂਸ਼ੀ ਵਿਚ ਤੇ ਉਨ੍ਹਾਂ ਦੋਹਾਂ ਨੇ ਪੰਜਾਬ ਵਿਚ ਲਿਖੀ ਸੀ।

ਸੁਆਮੀ ਆਨੰਦਘਨ ਪੰਜਾਬੀ ਸਨ ਤੇ ਉਨ੍ਹਾਂ ਦੀ ਭਾਸ਼ਾ ਮਿਸਰਤ ਸਾਧੂ-ਭਾਖਾ ਹੁੰਦੇ ਹੋਏ ਵੀ, ਉਸ ਵਿਚ ਪੰਜਾਬੀ ਝਲਕ ਸੀ। ਉਨ੍ਹਾਂ ਨੇ ਜਪੁ ਟੀਕੇ ਰਾਹੀਂ 18ਵੀਂ ਸਦੀ ਵਿਚ ਜੋ 'ਉਦਾਸੀਆਂ' ਦੇ ਗੁਰਮਤਿ ਪ੍ਰਚਾਰ ਦਾ ਢੰਗ ਸੀ, ਸਾਡੇ ਸਨਮੁਖ ਕੀਤਾ ਹੈ। ਇਹ ਉਦਾਸੀਨ ਸੰਪ੍ਰਦਾਇ ਦਾ ਪਹਿਲਾ ਟੀਕਾ ਹੈ ਜਿਹੜਾ ਉਸ ਸਮੇਂ ਦੇ ਪ੍ਰਚਾਰ ਦੀਆਂ ਲੋੜਾਂ ਅਤੇ ਉਨ੍ਹਾਂ ਉਤੇ ਪੂਰਾ ਪ੍ਰਕਾਸ਼ ਪਾਉਂਦਾ ਹੈ। ਇਸ ਟੀਕੇ ਤੋਂ ਪੌਰਾਣਿਕ ਸ਼ੈਲੀ, ਪੌਰਾਣਿਕ ਪ੍ਰਮਾਣਾਂ ਦੀ ਮਹੱਤਤਾ, ਪੌਰਾਣਿਕ ਦ੍ਰਿਸ਼ਟੀਕੋਣ ਅਤੇ ਖਟ-ਦਰਸ਼ਨ ਤੋਂ ਬਿਨਾਂ ਰਾਮ ਕ੍ਰਿਸ਼ਨ ਆਦਿ ਮੱਤਾਂ ਦੇ ਰਿਵਾਜ, ਸ਼ੈਲੀ ਤੇ ਕਥਾ ਢੰਗ ਆਦਿ ਉਤੇ ਪ੍ਰਕਾਸ਼ ਪੈਂਦਾ ਹੈ। ਵਿਦਵਾਨ ਟੀਕਾਕਾਰ ਨੇ ਸਾਰੇ ਭਾਰਤੀ ਗਿਆਨ-ਵਿਗਿਆਨ ਦੇ ਸਨਮੁਖ ਆਪਣੇ ਦ੍ਰਿਸ਼ਟੀਕੋਣ ਤੇ ਵਿਸ਼ਵਾਸਾਂ ਅਨੁਸਾਰ ਗੁਰਬਾਣੀ ਦੇ ਅਰਥ ਕੀਤੇ ਹਨ। ਇਸ ਕਰਕੇ ਕਈ ਥਾਵਾਂ ਉਤੇ ਅਰਥਾਂ ਦਾ ਅਨਰਥ ਕਰਨ ਦਾ ਜਤਨ ਵੀ ਸਾਫ ਨਜ਼ਰੀ ਪੈਂਦਾ ਹੈ।[1]

ਉਦਾਸੀ ਸੰਪ੍ਰਦਾਇ ਦੇ ਹੋਰ ਟੀਕਿਆਂ ਦਾ ਵੇਰਵਾ ਇਸ ਪ੍ਰਕਾਰ ਹੈ ਪਰੰਤੂ ਇਹ ਟੀਕੇ ਮੂਲ ਟੀਕੇ ਦੀ ਨਕਲ ਪ੍ਰਤੀਤ ਹੁੰਦੇ ਹਨ :-

(1) ਜਪੁ ਟੀਕਾ — ਕ੍ਰਿਤ ਸ੍ਰੀ ਗੁਰੂ ਰਾਮ ਦਿਆਲ ਸਿੰਘ ਆਨੰਦਘਨ,[2] ਸੰਮਤ 1872.

(2) ਜਪੁਜੀ ਸਟੀਕ — ਸਾਧੂ ਆਨੰਦਘਨ ਉਦਾਸੀ[3] — ਸੰਮਤ 1700.

---

1. ਗੁਰਬਾਣੀ ਟੀਕੇ, ਭਾਸ਼ਾ ਵਿਭਾਗ, ਜਪੁਜੀ ਟੀਕਾ — 17ਵੀਂ ਪਉੜੀ ਦਾ ਅਰਥ ਤੇ ਵਾਧੂ ਵਿਸਤਾਰ
2. ਪੁਸਤਕਾਲਾ, ਪ੍ਰਿੰ: ਪ੍ਰੀਤਮ ਸਿੰਘ, —ਹਥ ਲਿਖਤ ਨੰ:30, ਪੰ:1-321.
3. ਪੁਸਤਕਾਲਾ ਭਾਸ਼ਾ ਵਿਭਾਗ, ਪਟਿਆਲਾ — ਹਥ ਲਿਖਤ ਨੰ:138; ਮਿਤੀ ਠੀਕ ਨਹੀਂ ਕਿਉਂਕਿ ਟੀਕੇ ਵਿਚ ਇਸ ਦਾ ਕਿਤੇ ਸੰਕੇਤ ਨਹੀਂ, ਕਿਸੇ ਨੇ ਪਿਛੋਂ ਲਿਖ ਦਿੱਤੀ ਹੈ। ਲਿਖਾਰੀ ਦਾ ਨਾਂ ਨਾਰਾਇਣ ਦਾਸ ਹੈ।

(3) ਜਪੁਜੀ ਸਟੀਕ — (ਅਨੰਦ ਘਨ ਵਰਣਨ ਕਰੈ)[1]

(4) ਜਪੁਜੀ ਸਟੀਕ — ਅਨੰਦ ਘਨ[2]

(5) ਆਨੰਦ ਟੀਕਾ — ਨੰਦ ਘਨ।[3]

(6) ਜਪੁਜੀ ਸਟੀਕ — ਸਦਾ ਨੰਦ ਕਵਿ।[4]

ਉਦਾਸੀ ਸੰਪ੍ਰਦਾਇ ਦੇ ਕੁਛ ਹੋਰ ਟੀਕੇ ਵੀ ਉਪਲਬਧ ਹੁੰਦੇ ਹਨ :-

(7) ਜਪੁ ਅਰਥ ਪ੍ਰਕਾਸ਼ਨੀ ਟੀਕਾ — ਬਾਬਾ ਚਣ ਸਿੰਘ ਬੇਦੀ।[5] (ਸੰਮਤ 1940)

(8) ਟੀਕਾ ਜਪੁਜੀ (ਪਹਿਲੀਆਂ 7 ਪਉੜੀਆਂ) — ਬਾਬਾ ਰਾਮ ਸਿੰਘ[6] (ਸੰਮਤ 1962)

(9) ਜਪੁ ਪਰਮਾਰਥ — ਭਾਈ ਰਾਮ ਕ੍ਰਿਸ਼ਨ[7] (ਸੰਮਤ 1853)

(10) ਜਪੁ ਪਰਮਾਰਥ — ਭਾਈ ਰਾਮ ਕ੍ਰਿਸ਼ਨ।[8]

(11) ਜਪੁ ਪਰਮਾਰਥ — ਭਾਈ ਰਾਮ ਕ੍ਰਿਸ਼ਨ।[9]

ਉਪਰੋਕਤ ਟੀਕਿਆਂ ਦੀ ਨਾਮਾਵਲੀ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਸੰਪ੍ਰਦਾਇ ਦੇ ਬਾਕੀ ਟੀਕਾਕਾਰਾਂ ਨੇ ਸੁਆਮੀ ਆਨੰਦ ਘਨ ਦੇ ਟੀਕੇ ਨੂੰ ਮੁਖ ਰਖ ਕੇ ਹੀ ਆਪਣੇ ਟੀਕੇ ਲਿਖੇ ਹਨ। ਇਸ 'ਖੋਜ ਪ੍ਰਬੰਧ' ਵਿਚ ਖਾਸ ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਤ ਆਨੰਦਘਨ ਦੇ 'ਜਪੁ' ਟੀਕੇ ਨੂੰ ਆਧਾਰ ਬਣਾਇਆ ਹੈ।[10]

---

1. ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ, ਹਥ ਲਿਖਤ ਨੰ:771, ਲਿਖਾਰੀ ਦਾ ਨਾਂ ਨਹੀਂ ਲਿਖਿਆ।
2. ਓਹੀ, ਨੰ:2951, ਓਹੀ ।
3. ਓਹੀ, ਨੰ:2182. ਓਹੀ ।
4. ਸਿਖ ਰੇਫਰੇਂਸ ਲਾਇਬ੍ਰੇਰੀ ਅੰਮ੍ਰਿਤਸਰ, ਹਥ ਲਿਖਤ ਨੰ: 7633.
5. ਓਹੀ, ਨੰ:5341., ਟੀਕਾ ਪੰਜਾਬੀ, ਹਿੰਦੀ ਭਾਸ਼ਾਵਾਂ ਵਿਚ ਹੈ।
6. ਓਹੀ, ਨੰ:5120.
7. ਓਹੀ, ਨੰ:3396
8. ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ, ਨੰ:1390.
9. ਪੁਸਤਕਾਲਾ ਪ੍ਰਿੰ:ਪ੍ਰੀਤਮ ਸਿੰਘ, ਨੰ:142.

(ਨੋਟ 7–9:) ਇਹ ਟੀਕੇ ਭਾਈ ਰਾਮ ਕ੍ਰਿਸ਼ਨ 'ਸੇਵਾ ਪੰਥੀ' ਦੇ ਨਹੀਂ, ਸਗੋਂ ਕਿਸੇ ਉਦਾਸੀ ਸਿਖ ਦੇ ਹਨ। ਵਿਸਤਾਰ ਲਈ ਵੇਖੋ ਇਸ ਖੋਜ ਪ੍ਰਬੰਧ ਦਾ ਤੀਜਾ ਅਧਿਆਇ, ਪੰਨੇ 87-89.

10. ਗੁਰਬਾਣੀ ਟੀਕੇ: ਅਨੰਦ ਘਨ, ਸੰਪਾਦਕ ਡਾ: ਰਤਨ ਸਿੰਘ ਜੱਗੀ, ਪੰਨੇ 100-223.

## (ਵ) 'ਨਿਰਮਲਾ ਸੰਪ੍ਰਦਾਇ' ਦੇ ਟੀਕੇ

'ਉਦਾਸੀ ਸੰਪ੍ਰਦਾਇ' ਤੋਂ ਬਾਅਦ ਨਿਰਮਲੇ ਸੰਤਾਂ ਤੇ ਵਿਦਵਾਨਾਂ ਦੀ ਸ਼ਾਖਾ ਹੈ, ਜਿਨ੍ਹਾਂ ਦੇ ਬਹੁ ਗਿਣਤੀ ਵਿਚ 'ਜਪੁ' ਦੇ ਟੀਕੇ ਲਿਖੇ ਮਿਲਦੇ ਹਨ। ਇਨ੍ਹਾਂ ਵਿਚੋਂ ਮਹਾਂ ਕਵੀ ਭਾਈ ਸੰਤੋਖ ਸਿੰਘ ਤੇ ਪੰਡਤ ਤਾਰਾ ਸਿੰਘ 'ਨਰੋਤਮ' ਮੁਖ ਟੀਕਾਕਾਰ ਹਨ।

ਭਾਈ ਸੰਤੋਖ ਸਿੰਘ ਦਾ ਗਰਬ-ਗੰਜਨੀ ਟੀਕਾ ਮਿਲਦਾ ਹੈ। ਇਹ ਟੀਕਾ ਉਨ੍ਹਾਂ ਨੇ 1910 ਈ: ਵਿਚ ਆਨੰਦ ਘਨ ਦੇ 'ਜਪੁ' ਟੀਕੇ ਦੇ ਪ੍ਰਤਿਕਰਮ ਵਜੋਂ ਲਿਖਿਆ ਸੀ। ਉਨ੍ਹਾਂ ਅਨੁਸਾਰ ਆਨੰਦ ਘਨ ਨੇ ਗੁਰੂ ਨਾਨਕ ਬਾਰੇ ਸਤਿਕਾਰ ਭਰੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ, ਅਤੇ ਅਲੰਕਾਰ ਜਾਂ ਕਾਵਿ-ਸੌਂਦਰਯ ਤੋਂ 'ਜਪੁ' ਨੂੰ ਹੀਣਾ ਦਸਿਆ ਹੈ। ਇਸ ਤੋਂ ਛੁੱਟ ਆਨੰਦ ਘਨ ਨੇ ਸ਼ਰੁਤੀਆਂ ਤੇ ਸਿਮ੍ਰਤੀਆਂ ਦੀਆਂ ਉਦਾਹਰਣਾਂ ਨਾਲ ਗੁਰਬਾਣੀ ਨੂੰ ਸਪਸ਼ਟ ਕਰਨ ਦਾ ਜਤਨ ਕੀਤਾ ਹੈ, ਜੋ ਕਿ ਭਾਈ ਸੰਤੋਖ ਸਿੰਘ ਨੂੰ ਠੀਕ ਨਹੀਂ ਲੱਗਾ। ਗੁਰਬਾਣੀ ਦੀ ਵਿਆਖਿਆ ਲਈ ਉਹ ਵੈਦਿਕਤਾ ਦਾ ਸਹਾਰਾ ਨਾ ਲੈਣ ਦੀ ਪ੍ਰੇਰਣਾ ਕਰਦੇ ਹਨ। ਅਤੇ ਸ਼ਰਧਾ ਦਾ ਆਸਰਾ ਲੈਣਾ ਉਚਿਤ ਸਮਝਦੇ ਹਨ। ਉਨ੍ਹਾਂ ਅਨੁਸਾਰ "ਗੁਰੂ ਰੂਪੀ - ਗੁਰੂ ਜੀ ਕੀ ਵਾਣੀ ਕੇ ਅਰਥ ਲਖਣੇ ਉਚਿਤ ਨਹੀਂ।"[1]

ਭਾਈ ਸੰਤੋਖ ਸਿੰਘ ਨੇ ਆਪਣੇ ਟੀਕੇ ਵਿਚ 'ਜਪੁ' ਬਾਣੀ ਵਿਚੋਂ ਅਲੰਕਾਰ ਲੱਭਣ ਦਾ ਵੀ ਜਤਨ ਕੀਤਾ ਹੈ, ਜੋ ਕਿ ਇਸ ਤੋਂ ਪਹਿਲਾਂ ਕਿਸੇ ਹੋਰ ਟੀਕਾਕਾਰ ਨੇ ਨਹੀਂ ਕੀਤਾ ਕਿਉਂਕਿ ਗੁਰ ਕੀ ਬਾਣੀ ਨੂੰ ਅਲੰਕਾਰ - ਸ਼ਾਸਤਰ ਦੀ ਕਸਵੱਟੀ ਤੇ ਕੱਸਣਾ ਅਨੁਚਿਤ ਜਿਹਾ ਸਮਝਿਆ ਜਾਂਦਾ ਸੀ। ਉਦਾਹਰਣ ਵਜੋਂ 'ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।' ਵਾਲੀ ਤੁਕ ਵਿਚ ਭਾਵਕ ਅਲੰਕਾਰ ਦਸਿਆ।[2]

ਪੰਡਤ ਤਾਰਾ ਸਿੰਘ ਨਰੋਤਮ ਦਾ ਜਪੁਜੀ ਦਾ ਟੀਕਾ 'ਗੁਰਭਾਵ ਦੀਪਕਾ' ਨਿਰਮਲਾ ਸੰਪ੍ਰਦਾਇ ਦਾ ਇਕ ਹੋਰ ਪ੍ਰਸਿੱਧ ਟੀਕਾ ਹੈ ਜਿਸ ਦੇ ਆਰੰਭ ਵਿਚ ਨਰੋਤਮ ਨੇ ਬੜੇ ਵਿਸਤਾਰ ਨਾਲ 'ਜਪੁ' ਆਦਿ ਬਾਣੀਆਂ ਦੀ ਮਹੱਤਤਾ ਦੱਸੀ ਹੈ।

---

1. ਗੋਵਿੰਦ ਨਾਥ ਰਾਜਗੁਰੂ, ਗੁਰਮੁਖੀ ਲਿਪੀ ਮੇ ਹਿੰਦੀ ਗੱਦ, ਪੰ:192.
2. 'ਭੂਤ ਭਵਿਖ ਭਾਤ ਜਹਿ ਕਹੌ।
   'ਭਾਵਕ' ਅਲੰਕਾਰ ਤਿਹ ਕਹੌ।' (ਗਰਬ ਗੰਜਨੀ ਟੀਕਾ ਪੰ:12)

ਆਪ ਨੇ ਪੰਜਾਬ ਦੇ ਪ੍ਰਸਿੱਧ ਸੰਤ ਗੁਲਾਬ ਸਿੰਘ ਨਿਰਮਲਾ ਤੋਂ ਸਿੱਖਿਆ ਪ੍ਰਾਪਤ ਕੀਤੀ। ਗੁਰਬਾਣੀ ਉੱਤੇ ਮਿਲਦੇ, ਸਦੀਆਂ ਤੋਂ ਲਿਖੇ ਗਏ ਟੀਕਿਆਂ ਤੋਂ ਆਪ ਚੰਗੀ ਤਰ੍ਹਾਂ ਜਾਣੂ ਸਨ। ਜਿਥੇ ਉਹ ਕਈ ਅਰਥ ਕਰਦੇ ਹਨ, ਉਥੇ ਹੋਣਵੇਂ ਅਰਥ ਦੇਣਾ ਇਸੇ ਪਰੰਪਰਾ ਦਾ ਸਿੱਟਾ ਹਨ। ਇਕ ਟੀਕਾਕਾਰ ਦੇ ਉਚੇ ਗੁਣਾਂ – "ਪ੍ਰਤਿਭਾਸ਼ਾਲੀ, ਜਾਗਰੂਕ, ਮਾਨਸਿਕ ਤੌਰ ਤੇ ਚੇਤੰਨ, ਤਤਵ ਗਿਆਨ ਦੇ ਗਿਆਤਾ ਤੇ ਸਪਸ਼ਟਤਾ" ਆਦਿ ਗੁਣਾਂ ਤੋਂ ਜਾਣੂ ਹਨ। ਅਰਥ ਦਾ ਸਪਸ਼ਟੀਕਰਣ ਕਰਦੇ ਹਨ ਤੇ ਅਰਥਾਂ ਦੀ ਡੂੰਘਿਆਈ ਦੇ ਮਰਮਗ ਹਨ।

ਉਹ ਟੀਕਾ ਕਰਨ ਵੇਲੇ ਵਾਕ ਦੇ ਅਰਥ ਨੂੰ ਪ੍ਰਧਾਨ ਮੰਨਦੇ ਹਨ ਤੇ ਚੰਗੀ ਤਰ੍ਹਾਂ ਸ਼ਬਦ ਤੇ ਵਿਸ਼ੇ ਦੇ ਅਰਥ ਤੋਂ ਜਾਣੂ ਕਰਾ ਦੇਣਾ ਠੀਕ ਸਮਝਦੇ ਹਨ। ਆਪਣੇ ਟੀਕਿਆਂ ਦੇ ਸ਼ੁਰੂ ਵਿਚ ਉਹ ਵਿਸਤਾਰ ਨਾਲ ਭੂਮਿਕਾ ਬੰਨ੍ਹਦੇ ਹਨ। ਇਨ੍ਹਾਂ ਭੂਮਿਕਾਵਾਂ ਵਿਚ ਉਨ੍ਹਾਂ ਦੇ ਦ੍ਰਿਸ਼ਟੀਕੋਣ ਦਾ ਸਪਸ਼ਟੀਕਰਣ ਹੁੰਦਾ ਹੈ। ਇਸ ਦੇ ਨਾਲ ਹੀ ਜਿਹੜੀਆਂ ਆਵੱਸ਼ਕ ਤੇ ਮਹੱਤਾ ਵਾਲੀਆਂ ਦਾਰਸ਼ਨਿਕ ਜਾਂ ਇਤਿਹਾਸਕ ਚਰਚਾਵਾਂ ਹੁੰਦੀਆਂ ਹਨ, ਉਹ ਵੀ ਇਨ੍ਹਾਂ ਭੂਮਿਕਾਵਾਂ ਵਿਚ ਹੁੰਦੀਆਂ ਹਨ ਭਾਵ ਕਿ ਇਨ੍ਹਾਂ ਟੀਕਿਆਂ ਵਿਚ ਵਿਚਾਰ-ਨਿਸ਼ਚੇ ਦਾ ਪਾਠਕਾਂ ਉੱਤੇ ਬੜਾ ਪ੍ਰਭਾਵ ਪੈਂਦਾ ਹੈ। ਭਾਵੇਂ ਪਾਠਕ ਉਨ੍ਹਾਂ ਦੇ ਵਿਚਾਰ ਨਾਲ ਸਹਿਮਤ ਨਾ ਹੀ ਹੋਣ।

ਧਰਮ ਤੇ ਪੁਰਾਣ ਦੇ ਅਟੁੱਟ ਸੰਬੰਧ ਦਾ ਪ੍ਰਭਾਵ ਸਿਖ ਪਰੰਪਰਾਵਾਂ ਉੱਤੇ ਡੂੰਘਾ ਪਿਆ ਹੈ। ਇਸ ਲਈ ਨਰੋਤਮ ਦਾ ਇਨ੍ਹਾਂ ਪੌਰਾਣਿਕ ਪਰੰਪਰਾਵਾਂ ਵਿਚ ਵਿਸ਼ਵਾਸ਼ ਉਨ੍ਹਾਂ ਦੇ ਚਿੰਤਨ ਦੀ ਕਮਜ਼ੋਰੀ ਹੈ। ਗੁਰੂ ਨਾਨਕ ਨੂੰ ਜਨਕ ਦਾ ਅਵਤਾਰ ਮੰਨਣਾ ਅਤੇ ਉਪਨਿਸ਼ਦਾਂ ਵਿਚ ਗੁਰੂ ਨਾਨਕ ਦਾ ਨਾਂ ਲੱਭਣਾ ਉਨ੍ਹਾਂ ਦੀ ਇਸੇ ਪੌਰਾਣਿਕ ਵਿਸ਼ਵਾਸ ਦੀ ਕਮਜ਼ੋਰੀ ਹੈ।

ਵਾਸਤਵ ਵਿਚ ਪੰਡਤ ਤਾਰਾ ਸਿੰਘ ਨਰੋਤਮ ਗੁਰਬਾਣੀ ਦੀ ਵਿਆਖਿਆ ਕਰਦੇ ਹਨ ਤੇ ਇਨ੍ਹਾਂ ਦੇ 'ਜਪੁਜੀ' ਅਤੇ ਸਿਰੀ ਰਾਗ ਦੇ ਟੀਕੇ ਬਹੁਤ ਮਹੱਤਵਪੂਰਣ ਹਨ। ਇਹ ਟੀਕੇ ਉਨ੍ਹਾਂ ਦੀ ਗੁਰਬਾਣੀ ਦੀ ਜੀਵਨ ਭਰ ਦੀ ਖੋਜ ਤੇ ਪੜਚੋਲ ਦਾ ਸਿੱਟਾ ਹਨ। ਗੁਰਬਾਣੀ ਦੀ ਵਿਆਖਿਆ ਕਰਦੇ ਹੋਏ ਇਸ ਨੂੰ ਉਹ ਅਦ੍ਵੈਤਵਾਦ ਤੋਂ ਪ੍ਰਭਾਵਤ ਮੰਨਦੇ ਹਨ। ਇਨ੍ਹਾਂ ਟੀਕਿਆਂ ਵਿਚ ਕਈ ਥਾਵਾਂ ਤੇ ਉਹ ਅਦਵੈਤਵਾਦ ਦੇ ਸਿਧਾਂਤ ਤੇ ਪੂਰਵਾਗ੍ਰਹਿ ਦੇ ਨਾਲ ਯੁਕਤ ਹਨ। ਇਸ ਲਈ ਇਨ੍ਹਾਂ ਟੀਕਿਆਂ ਵਿਚ ਕਈ ਥਾਵਾਂ ਤੇ ਸਪਸ਼ਟਤਾ ਦੀ ਘਾਟ ਹੈ। ਫਿਰ ਵੀ 'ਗੁਰਭਾਵ ਦੀਪਕਾ' ਵਿਚ ਦਿੱਤਾ ਉਨ੍ਹਾਂ ਦਾ 'ਜਪੁਜੀ' ਟੀਕਾ ਬੜਾ ਉੱਤਮ ਮੰਨਿਆ ਜਾਂਦਾ ਹੈ। ਇਹ ਟੀਕਾ ਉਨ੍ਹਾਂ 1881 ਈ:

ਵਿਚ ਲਿਖਿਆ। 'ਨਿਰਮਲਾ ਸੰਪ੍ਰਦਾਇ' ਦੇ ਹੋਰ ਟੀਕੇ ਇਸ ਪ੍ਰਕਾਰ ਹਨ :-

(1) ਸ੍ਰੀ ਜਪੁ ਪ੍ਰਕਾਸ਼ - ਸੰਤ ਗੁਲਾਬ ਸਿੰਘ।[1]

(2) ਜਪੁ ਪ੍ਰਦੀਪ ਸਟੀਕ - ਸੰਤ ਦੇਵਾ ਸਿੰਘ (ਸਾਧੂ)[2]

(3) ਜਪੁ ਸਾਹਿਬ ਦਾ ਟੀਕਾ - ਸੰਤ ਬਖਸ਼ੀਸ਼ ਸਿੰਘ ਨਿਰਮਲਾ[3] (1912 ਈ:)

(4) ਜਪੁ: ਇਕਾਖਰੀ ਸੰਪ੍ਰਦਾਇ ਸਟੀਕ - ਮੰਗਲ ਸਿੰਘ ਬਾਵਾ (ਨਿਰਮਲਾ)।[4]

(5) ਜਪੁ ਗੁਰਾਰਥ ਦੀਪਕਾ ਟੀਕਾ - ਸੰਤ ਨਿਹਾਲ ਸਿੰਘ ਕਾਂਸ਼ੀ।[5]

(6) ਸ੍ਰੀ ਜਪੁ ਪਦਾਰਥ ਸੁਬੋਧਨੀ ਟੀਕਾ - ਸਾਧੂ ਗੁਰਦਿਤ ਸਿੰਘ।

(7) ਜਪੁਜੀ ਸਾਹਿਬ ਸਟੀਕ - ਨਿਰੰਕਾਰ ਸਿੰਘ ਨਿਰਮਲਾ।

(8) ਜਪੁ ਨੀਸਾਣੁ ਟੀਕਾ - ਪੰਡਤ ਕਰਤਾਰ ਸਿੰਘ ਦਾਖਾ।

(9) ਜਪੁਜੀ ਸਟੀਕ - ਸੰਤ ਗਣੇਸ਼ਾ ਸਿੰਘ।

(10) ਸ੍ਰੀ ਜਪੁ ਪਦਾਰਥੋ ਸੁਬੋਧਨੀ ਟੀਕਾ - ਸਾਧੂ ਗੁਰਦੱਤ ਸਿੰਘ

(11) ਜਪੁਜੀ ਟੀਕਾ - ਸੰਤ ਸੁਰਜੀਤ ਸਿੰਘ

---

1. ਸਿਖ ਰੇਫਰੇਂਸ ਲਾਇਬ੍ਰੇਰੀ, ਅੰਮ੍ਰਿਤਸਰ - ਨੰ:1188.
2. ਓਹੀ, ਨੰ:1515.
3. ਓਹੀ, ਨੰ:1199., ਗੁਰੂ ਨਾਨਕ ਦੇਵ ਨੇ ਜਪੁਜੀ ਦਾ ਉਚਾਰਨ ਨਿਰੰਕਾਰ ਦੇ ਹੁਕਮ ਨਾਲ, ਸੰਸਾਰ ਦੇ ਕਲਿਆਣ ਹਿੱਤ ਕੀਤਾ ਤੇ ਅਗੇ ਪਰਚਲਤ ਕਰਨ ਲਈ ਗੁਰੂ ਅੰਗਦ ਦੇਵ ਨੂੰ ਕਿਹਾ। ਇਹ ਜਪੁਜੀ ਦਾ ਇਕ ਉੱਤਮ ਟੀਕਾ ਹੈ। ਸ਼ਬਦਾਂ ਦੇ ਅਰਥਾਂ ਦੀ ਵਿਆਖਿਆ ਕੀਤੀ ਹੈ। ਸ਼ੰਕਿਆਂ ਦੀ ਨਵਿਰਤੀ ਲਈ ਪ੍ਰਸ਼ਨੋਤਰ ਸ਼ੈਲੀ ਅਪਣਾਈ ਹੈ। ਟੀਕਾ ਸਾਧ ਭਾਸ਼ਾ ਵਿਚ ਹੈ। (ਪੰਨੇ 1 ਤੋਂ 167)
4. ਓਹੀ, ਨੰ:722., ਟੀਕੇ ਦਾ ਅਕਾਰ ਵੱਡਾ ਹੈ। ਜਪੁਜੀ ਦੇ ਵੱਖ ਵੱਖ ਪਦਾਂ ਦੇ ਅਰਥ ਕੀਤੇ ਹਨ। ਸ਼ੰਕਿਆਂ ਦੀ ਨਵਿਰਤੀ ਲਈ ਇਕ ਇਕ ਸ਼ਬਦ ਦੇ 50,50 ਅਰਥ ਵੀ ਹਨ। ਅਰਥਾਂ ਦੇ ਸਪਸ਼ਟੀਕਰਣ ਲਈ ਪ੍ਰਮਾਣ 'ਆਦਿ ਗ੍ਰੰਥ' ਵਿਚੋਂ ਦਿੱਤੇ ਹਨ। ਵਿਸਤਾਰ ਬਹੁਤ ਕੀਤਾ ਹੈ। ਪ੍ਰਸ਼ਨੋਤਰੀ ਢੰਗ ਅਪਣਾਇਆ ਹੈ। ਟੀਕਾਕਾਰ ਵਿਦਵਾਨ ਪ੍ਰਤੀਤ ਹੁੰਦਾ ਹੈ। (ਪੰਨੇ 1 ਤੋਂ 447)
5. ਪੁਸਤਕਾਲਾ, ਪ੍ਰਿੰ: ਪ੍ਰੀਤਮ ਸਿੰਘ, ਨੰ: 176.

ਇਸ ਸੰਪ੍ਰਦਾਇ ਦੇ ਟੀਕਿਆਂ ਵਿਚੋਂ ਅਸੀਂ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਦੇ 'ਗਰਬ ਗੰਜਨੀ ਟੀਕੇ'[1] ਤੇ ਪੰਡਿਤ ਤਾਰਾ ਸਿੰਘ ਨਰੋਤਮ ਦੇ ਟੀਕੇ 'ਗੁਰੁਭਾਵ ਦੀਪਕਾ'[2] ਨੂੰ ਆਧਾਰ ਬਣਾਇਆ ਹੈ।

(ਸ) 'ਗਿਆਨੀ ਸੰਪ੍ਰਦਾਇ' ਦੇ ਟੀਕੇ

ਪੁਰਾਤਨ ਟੀਕਿਆਂ ਵਿਚੋਂ 'ਗਿਆਨੀ ਸੰਪ੍ਰਦਾਇ' ਦੇ ਭਾਈ ਮਨੀ ਸਿੰਘ ਦਾ ਟੀਕਾ ਕਾਫੀ ਪ੍ਰਮਾਣਿਕ ਹੈ। ਇਸ ਵਿਚ 'ਜਪੁ' ਬਾਣੀ ਨੂੰ ਸਿੱਧਾਂ ਨਾਲ ਹੋਈ ਗੋਸ਼ਟਿ ਦਸਿਆ ਹੈ। ਇਹ ਟੀਕਾ 'ਜਪੁ' ਦੇ ਸ਼ਬਦ-ਭਾਵ ਦੇ ਬਹੁਤ ਨੇੜੇ ਹੈ। ਅਰਥਾਂ ਉਪਰੰਤ ਪਉੜੀਆਂ ਦੇ ਅੰਤ ਵਿਚ ਇਨ੍ਹਾਂ ਦੇ ਪਾਠ ਦੇ ਮਹਾਤਮ ਵੀ ਦਿੱਤੇ ਹਨ। ਗਿਆਨੀ ਸੰਪ੍ਰਦਾਇ ਦੇ ਹੋਰ ਟੀਕਿਆਂ ਤੇ ਭਾਈ ਮਨੀ ਸਿੰਘ ਦੇ ਇਸ ਟੀਕੇ ਦੀ ਛਾਪ ਪ੍ਰਤੱਖ ਵੇਖੀ ਜਾ ਸਕਦੀ ਹੈ।

'ਜਪੁ' ਬਾਣੀ ਦੇ ਟੀਕੇ ਸੰਬੰਧੀ ਭਾਈ ਸਾਹਿਬ ਦੀ ਆਪਣੀ ਹੋਈ ਹੱਥ-ਲਿਖਤ ਸਾਨੂੰ ਉਪਲਬਧ ਨਹੀਂ ਹੋਈ। 'ਗਿਆਨ ਰਤਨਾਵਲੀ' ਵਿਚ ਇਸ ਬਾਣੀ ਦਾ ਟੀਕਾ ਮਿਲਦਾ ਹੈ।[3] ਇਸ ਤੋਂ ਛੁੱਟ ਭਾਈ ਹਰਭਜਨ ਸਿੰਘ ਹਰਚਰਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਕੀਤਾ ਇਨ੍ਹਾਂ ਦਾ ਇਕ ਟੀਕਾ ਮਿਲਿਆ ਹੈ।[4]

ਇਸ ਵਿਆਖਿਆ ਪ੍ਰਣਾਲੀ ਦਾ ਇਕ ਹੋਰ ਉਪਯੋਗੀ 'ਜਪੁਜੀ' ਦਾ ਟੀਕਾ 'ਫਰੀਦਕੋਟ ਵਾਲਾ ਟੀਕਾ' ਹੈ, ਜਿਸ ਦਾ ਕਰਤਾ 'ਗਿਆਨੀ ਬਦਨ ਸਿੰਘ ਸੇਖਵਾਂ' ਹੈ।[5] ਇਹ ਟੀਕਾ ਭਗਤੀ ਪਰੰਪਰਾ ਅਨੁਸਾਰ ਹੋਣ ਕਰਕੇ ਸਰਵੋਤਮ ਮੰਨਿਆ ਜਾਂਦਾ ਹੈ। ਇਹ ਪ੍ਰਸ਼ਨੋਤਰ ਸ਼ੈਲੀ ਵਿਚ ਅਤੇ ਸਾਧ ਭਾਸ਼ਾ ਵਿਚ ਲਿਖਿਆ ਹੋਇਆ ਹੈ। ਆਦਿ ਗ੍ਰੰਥ ਦਾ ਇਹ ਟੀਕਾ 1877 ਈ: ਵਿਚ ਆਰੰਭ ਹੋਇਆ ਤੇ 1883 ਈ: ਵਿਚ ਸੰਪੂਰਣ ਹੋਇਆ।

---

1. ਪ੍ਰਕਾਸ਼ਕ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ, ਪੰਨੇ:1-184, ਨਵੀਂ ਦਿੱਲੀ, 1961 ਈ:
2. ਪ੍ਰਕਾਸ਼ਕ ਦੀਵਾਨ ਬੂਟਾ ਸਿੰਘ, ਪੰਨੇ 1-272, ਲਾਹੌਰ, 1881 ਈ:
3. ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਨੰ:1187 ਤੇ 5959.
4. ਜਪੁਜੀ ਸਾਹਿਬ ਸਟੀਕ -ਮਹਾਤਮ ਸਣੇ- ਟੀਕਾਕਾਰ ਭਾਈ ਮਣੀ ਸਿੰਘ ਜੀ।
5. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਜਿਲਦ ਪਹਿਲੀ, ਭਾਸ਼ਾ ਵਿਭਾਗ ਪੰਜਾਬ, 1970.

ਗਿਆਨੀ ਸੰਪ੍ਰਦਾਇ ਦੇ ਹੋਰ ਟੀਕੇ ਇਸ ਪ੍ਰਕਾਰ ਹਨ :-

(1) ਗੁਰੂ ਓਅੰਕਾਰ ਜਪੁ ਅਰਥ ਬੋਧਨੀ ਸਟੀਕ — ਉੱਤਮ ਸਿੰਘ।

(2) ਸੰਪ੍ਰਦਾਈ ਸ੍ਰੀ ਜਪੁਜੀ ਸਾਹਿਬ ਜੀ ਸਟੀਕ, ਸੰਤ ਅਮੀਰ ਸਿੰਘ ਬ੍ਰਹਮ ਗਿਆਨੀ[1] (1970 ਈ:) ਤੀਜੀ ਵਾਰ।

(3) ਗੁਰੂ ਓਅੰਕਾਰ ਅਰਥਾਤ ਟੀਕਾ ਜਪੁ ਨੀਸਾਣ — ਕਰਤਾਰ ਸਿੰਘ ਵਹੀਰੀਆਂ।

(4) ਜਪੁਜੀ ਸਾਹਿਬ — ਸੰਤਰਾਮ ਗਿਆਨੀ।

(5) ਜਪੁਜੀ ਸਟੀਕ — ਸੰਤ ਸੂਰਜ ਸਿੰਘ।

(6) ਸ੍ਰੀ ਜਪੁਜੀ ਕਥਾ — ਸੰਤ ਸੰਗਤ ਸਿੰਘ ਜੀ[2] (1951 ਈ:)

(7) ਨਾਮ ਖੁਮਾਰੀ (ਜਪੁਜੀ ਟੀਕਾ) — ਸੰਤ ਸੁੰਦਰ ਸਿੰਘ

(8) ਗੁਰੂ ਗ੍ਰੰਥ ਸਾਹਿਬ ਸਟੀਕ (ਸਮੇਤ ਜਪੁਜੀ) — ਸੰਤ ਸੁਤੇ ਪ੍ਰਕਾਸ਼।

(9) ਸ੍ਰੀ ਜਪੁਜੀ ਸਟੀਕ — ਪੰਡਤ ਸਾਲਗ੍ਰਾਮ ਦਾਸ।

(10) ਜਪੁਜੀ ਸਟੀਕ — ਸ੍ਰੀ ਸਵਾਮੀ ਮੁਕਤਾਨੰਦ ਭਾਰਤੀ।

(11) ਟੀਕਾ ਜਪੁਜੀ — ਪੰਡਤ ਹਜ਼ਾਰਾ ਸਿੰਘ ਗਿਆਨੀ।

(12) ਜਪੁਜੀ ਸਟੀਕ ਆਦਿ ਗੁਰਬਾਣੀ — ਕਰਤਾਰ ਸਿੰਘ 'ਦੱਤ' ਬ੍ਰਹਮ ਗਿਆਨੀ।

---

1. ਸੰਤ ਅਮੀਰ ਸਿੰਘ ਦਾ ਡੇਰਾ ਅੰਮ੍ਰਿਤਸਰ (ਸੰਤਾਂ ਦੀ ਗਲੀ) ਵਿਚ ਬੜਾ ਪ੍ਰਸਿੱਧ ਹੈ। ਸੰਪ੍ਰਦਾਈ ਅਰਥਾਂ ਦਾ ਇਹ ਟੀਕਾ ਪਹਿਲੀ ਵਾਰ 1931 ਈ: ਵਿਚ ਛਪਿਆ। ਟੀਕਾ ਆਕਾਰ ਵਿਚ ਵੱਡਾ ਹੈ। ਇਕ ਇਕ ਸ਼ਬਦ ਦੇ ਕਈ ਅਰਥ ਕਰ ਕੇ ਵਿਆਖਿਆ ਕੀਤੀ ਹੈ ਅਤੇ ਸਾਖੀਆਂ ਦੇ ਪ੍ਰਮਾਣ ਦਿੱਤੇ ਹਨ। ਪ੍ਰਸ਼ਨੋਤਰ ਸ਼ੈਲੀ ਅਪਣਾਈ ਹੈ। ਅੰਤ ਵਿਚ ਜਪੁਜੀ ਦਾ ਮਹਾਤਮ ਦੱਸਿਆ ਹੈ। (ਪੰਨੇ 83 ਤੋਂ 406, ਤੀਜੀ ਛਾਪ)
2. ਸੰਤ ਸੰਗਤ ਸਿੰਘ ਕਮਾਲੀਏ ਵਾਲੇ ਇਕ ਮਾਨਤਾ ਵਾਲੇ ਸੰਤ ਤੇ ਵਿਦਵਾਨ ਸਨ। ਇਹ ਟੀਕਾ ਉਨ੍ਹਾਂ ਦੇ ਸਪੁੱਤਰ ਸੰਤ ਕਰਤਾਰ ਸਿੰਘ ਨੇ ਉਨ੍ਹਾਂ ਦੀ ਮ੍ਰਿਤੂ ਤੋਂ ਪਿਛੋਂ ਛਪਵਾਇਆ। ਟੀਕੇ ਵਿਚ ਵਿਸਤਾਰ ਬਹੁਤ ਹੈ। ਉਦਾਹਰਣ ਵਜੋਂ 'ਮੂਲ ਮੰਤਰ' ਦੀ ਵਿਆਖਿਆ ਪਹਿਲੇ 86 ਪੰਨਿਆਂ ਵਿਚ ਕੀਤੀ ਹੈ। ਸ਼ਬਦਾਂ ਦੇ ਕਈ ਕਈ ਅਰਥ ਦੇ ਕੇ ਗੁਰਬਾਣੀ ਵਿਚੋਂ ਪ੍ਰਮਾਣਾਂ ਰਾਹੀਂ ਅਰਥਾਂ ਦਾ ਸਪਸ਼ਟੀਕਰਣ ਕੀਤਾ ਹੈ। ਕਿਤੇ ਕਿਤੇ ਪਦ-ਛੇਦ ਕਰਕੇ ਅਰਥ ਸਮਝਾਏ ਹਨ। ਪ੍ਰਸ਼ਨੋਤਰ ਸ਼ੈਲੀ ਦਾ ਪ੍ਰਯੋਗ ਕੀਤਾ ਹੈ ਤੇ ਪੌਰਾਣਿਕ ਕਥਾ ਕਹਾਣੀਆਂ ਦੇ ਹਵਾਲੇ ਦਿੱਤੇ ਹਨ। (ਪੰਨੇ 1-308)

(13) ਸ੍ਰੀ ਜਪੁਜੀ ਸਾਹਿਬ ਸਟੀਕ — ਗਿਆਨੀ ਗਿਆਨ ਸਿੰਘ।[1]

(14) ਜਪੁਜੀ ਸਟੀਕ — ਭਾਈ ਗਿਆਨ ਸਿੰਘ ਤੇ ਭਾਈ ਪਰਤਾਪ ਸਿੰਘ।

(15) ਪ੍ਰਮਾਣੀਕ ਆਦਿ ਗ੍ਰੰਥ — ਭਾਈ ਹੀਰਾ ਸਿੰਘ।

(16) ਜਪੁਜੀ ਦੀ ਵਿਆਖਿਆ — ਗਿਆਨੀ ਦਇਆ ਸਿੰਘ।

(17) ਜਪੁਜੀ ਸਟੀਕ — ਗਿਆਨੀ ਬਿਸ਼ਨ ਸਿੰਘ।

(18) ਪਰਮਾਰਥ ਦਰਪਨ ਟੀਕਾ ਜਪੁ — ਬੇਦੀ ਬ੍ਰਿਜ ਲਾਲ ਸਿੰਘ।

(19) ਜਪੁ ਅਰਥ — ਗਿਆਨੀ ਰਾਮ ਸਿੰਘ।

(20) ਜਪੁਜੀ ਸਾਹਿਬ ਸਟੀਕ — ਗੁਰਦਿਆਲ ਸਿੰਘ 'ਮਾਨਸਰਾਏ'।

(21) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ — ਪੰਡਿਤ ਨਰੈਣ ਸਿੰਘ ਗਿਆਨੀ
ਪੋਥੀ ਪਹਿਲੀ (ਜਪੁ ਟੀਕਾ) ਵਿਦਿਆ ਮਾਰਤੰਡ।[2]

(22) ਜਪੁਜੀ ਦੇ ਪ੍ਰਸੰਗ — ਬਾਬਾ ਬੂਟਾ ਸਿੰਘ ਸੈਣੀ।

(23) ਜਪੁਜੀ ਟੀਕਾ — ਗਿਆਨੀ ਗੁਰਮੁਖ ਸਿੰਘ

ਉਪਰੋਕਤ ਸੰਪ੍ਰਦਾਇਕ ਟੀਕਿਆਂ ਵਿਚੋਂ ਅਸਾਂ 'ਜਪੁਜੀ ਸਾਹਿਬ ਸਟੀਕ' ਕ੍ਰਿਤ ਭਾਈ ਮਨੀ ਸਿੰਘ[3] ਤੇ 'ਫਰੀਦਕੋਟੀ ਜਪੁ ਟੀਕਾ' ਕ੍ਰਿਤ ਗਿਆਨੀ ਬਦਨ ਸਿੰਘ ਸੇਖਵਾਂ[4] ਨੂੰ ਸ੍ਰੇਸ਼ਟ ਤੇ ਪ੍ਰਤਿਨਿਧ ਮੰਨਿਆ ਹੈ। ਇਥੇ ਇਨ੍ਹਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ।

---

1. ਜਪੁਜੀ ਦਾ ਉਚਾਰਣ ਸਿੱਧਾਂ ਨਾਲ ਗੋਸ਼ਟ ਸਮੇਂ ਪ੍ਰਸ਼ਨ ਉਤਰ ਦੀ ਸ਼ਕਲ ਵਿਚ ਸਿੱਧਾਂ ਪ੍ਰਤੀ ਹੋਇਆ ਦਸਿਆ ਹੈ। ਟੀਕੇ ਵਿਚ ਵਿਸਤਾਰ ਬਹੁਤ ਹੈ। ਅਰਥਾਂ ਨੂੰ ਸਪਸ਼ਟ ਕਰਨ ਲਈ ਸਾਖੀਆਂ ਦੇ ਪ੍ਰਮਾਣ ਦਿੱਤੇ ਹਨ। ਸਾਧ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਟੀਕਾ ਆਕਾਰ ਵਿਚ ਵੱਡਾ ਹੈ। (ਪੰਨੇ 1 ਤੋਂ 478)

2. ਟੀਕੇ ਦੇ ਆਰੰਭ ਵਿਚ ਮੰਗਲਾਚਰਣ ਤੇ ਉਥਾਨਕਾ ਦਿੱਤੇ ਹਨ। ਟੀਕਾਕਾਰ ਸੰਸਕ੍ਰਿਤ ਤੇ ਫਾਰਸੀ ਭਾਸ਼ਾਵਾਂ ਤੋਂ ਜਾਣੂ ਹੈ। ਇਕ ਇਕ ਸ਼ਬਦ ਦੇ ਕਈ ਕਈ ਅਰਥ ਕੀਤੇ ਹਨ। ਕਈ ਥਾਵਾਂ ਤੇ ਸ਼ਬਦਾਂ ਦੇ ਪਦ-ਛੇਦ ਕਰਕੇ ਅਰਥ ਸਪਸ਼ਟ ਕੀਤੇ ਹਨ। ਟੀਕਾ ਠੇਠ ਪੰਜਾਬੀ ਵਿਚ ਹੈ। (ਪੰਨੇ 1 ਤੋਂ 58)

3. ਜਪੁਜੀ ਸਾਹਿਬ ਸਟੀਕ — ਮਹਾਤਮ ਸਣੇ, ਪੰਨੇ 1 ਤੋਂ 40, ਭਾਈ ਹਰਭਜਨ ਸਿੰਘ ਹਰਚਰਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਛਾਪਣ ਦੀ ਮਿਤੀ ਨਹੀਂ ਲਿਖੀ)

4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਜਿਲਦ ਪਹਿਲੀ, ਪੰਨੇ 1 ਤੋਂ 28, ਭਾਸ਼ਾ ਵਿਭਾਗ ਪੰਜਾਬ, 1970.

(ਗ) ਆਧੁਨਿਕ ਟੀਕੇ

ਆਧੁਨਿਕ ਟੀਕਾਕਾਰਾਂ ਨੇ 'ਜਪੁ' ਵਿਚ ਆਏ ਵਿਚਾਰਾਂ ਦਾ ਵਿਗਿਆਨਕ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ। ਇਨ੍ਹਾਂ ਦੀ ਸ਼ੈਲੀ ਆਲੋਚਨਾਤਮਕ ਹੈ ਤੇ ਇਨ੍ਹਾਂ ਨੇ ਬੜੇ ਮਨੋ-ਵਿਗਿਆਨਕ ਢੰਗ ਨਾਲ ਕਈ ਪੁਰਾਤਨ ਟੀਕਿਆਂ ਦੇ ਸੰਪ੍ਰਦਾਇਕਪਨ ਨੂੰ ਦੂਰ ਕਰਨ ਦਾ ਸਫਲ ਯਤਨ ਕੀਤਾ ਹੈ। ਇਸ ਤੋਂ ਛੁੱਟ ਇਨ੍ਹਾਂ ਨੇ ਅਰਥਾਂ ਅਥਵਾ ਵਿਆਖਿਆ ਕਰਨ ਵੇਲੇ ਦਲੀਲ ਨੂੰ ਨਜ਼ਰੋਂ ਓਹਲੇ ਨਹੀਂ ਕੀਤਾ। ਅਜਿਹੇ ਟੀਕਾਕਾਰਾਂ ਵਿਚੋਂ ਸ੍ਰੇਸ਼ਟ ਤੇ ਪ੍ਰਸਿੱਧ ਟੀਕਾਕਾਰ ਹਨ :- ਭਾਈ ਵੀਰ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਭਾਈ ਜੋਧ ਸਿੰਘ, ਡਾ: ਮੋਹਨ ਸਿੰਘ ਤੇ ਪ੍ਰੋ: ਸਾਹਿਬ ਸਿੰਘ ਆਦਿ।

ਭਾਈ ਵੀਰ ਸਿੰਘ ਗੁਰਮਤਿ ਦੇ ਮਹਾਨ ਖੋਜੀ, ਵਿਆਖਿਆਕਾਰ ਤੇ ਵਿਆਕਰਣ ਦੇ ਪੰਡਤ ਸਨ। ਆਪਣੇ 'ਜਪੁ' ਟੀਕੇ[1] ਵਿਚ ਉਨ੍ਹਾਂ ਬਾਣੀ ਦੇ ਅਰਥ ਤੇ ਵਿਆਖਿਆ ਆਦਿ ਵਿਸਤਾਰ ਨਾਲ ਦਿੱਤੇ ਹੋਏ ਹਨ। ਉਦਾਹਰਣ ਵਜੋਂ '੧ਓ' ਤੇ ਗੁਰਪ੍ਰਸਾਦਿ' ਦੀ ਵਿਆਖਿਆ।[2] ਇਸ ਟੀਕੇ ਵਿਚ ਉਨ੍ਹਾਂ ਵਿਧੀ ਇਹ ਅਪਣਾਈ ਹੈ ਕਿ ਪਹਿਲਾਂ ਸ਼ਬਦ ਦਾ ਅਤਿ ਸੰਖੇਪ ਤਾਤਪਰਜ ਦਿੱਤੇ ਹਨ, ਫਿਰ ਸ਼ਬਦ ਦਾ ਮੂਲ ਤੇ ਭਾਵਾਰਥ ਦੇ ਕੇ ਵਿਆਖਿਆ ਕਰਦੇ ਹਨ। ਉਨ੍ਹਾਂ ਕਿਸੇ ਇਕ ਪੱਖ ਸੰਬੰਧੀ ਕਿਸੇ ਕੋਈ ਖਿੱਚੋਤਾਣ ਨਹੀਂ ਕੀਤੀ। ਜੋ ਬਾਣੀ ਦੇ ਸ਼ਬਦ ਠੀਕ ਰਾਸ ਦਿੱਸੇ ਹਨ, ਉਹੀ ਅਰਥ ਕੀਤੇ ਹਨ। ਉਹ ਇਕ ਅਨੁਭਵੀ ਪੁਰਸ਼ ਸਨ ਤੇ ਉਨ੍ਹਾਂ ਲਈ ਗੁਰਬਾਣੀ ਨੂੰ ਸਮਝਣਾ ਗੁਰੂ ਨਾਨਕ ਦੇ ਮਨ ਵਿਚ ਇਕ ਝਾਤ ਮਾਰਨੀ ਹੈ, ਡਾ: ਬਲਬੀਰ ਸਿੰਘ ਅਨੁਸਾਰ "ਬਾਣੀ ਸਾਹਿਬ ਦੀ 'ਸੰਥਿਆ' ਗੁਰੂ ਨਾਨਕ ਦੇ ਵਿਸ਼ਾਲ ਮਨ ਦੀ ਮੁਤਾਲਿਆ ਹੈ, ਜਿਸ ਤਨਮਯਤਾ ਨਾਲ ਉਹ ਇਸ ਕਾਰਜ ਵਿਚ ਲਿਵਲੀਨ ਰਹੇ ਹਨ, ਉਸ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਆਪਣੇ ਹੀ ਟੀਕੇ ਦੇ ਅਰਥ ਭਾਵ ਵਿਚ ਤਦ ਰੂਪ ਹੋਏ ਹੋਏ ਵਿਲੀਨ ਹੋ ਰਹੇ।"[3]

ਪ੍ਰਿੰ: ਤੇਜਾ ਸਿੰਘ ਰਚਿਤ 'ਜਪੁ' ਟੀਕੇ ਦੇ ਅਧਿਐਨ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਸ਼ਬਦਾਰਥ ਨੂੰ ਜਾਣਨ ਦੀ ਬੜੀ ਸਾਧਨਾ ਕੀਤੀ ਹੈ। ਉਨ੍ਹਾਂ ਨੇ ਗੁਰਾਂ ਦੇ ਗੂੜ੍ਹ

---

1. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ: 1-178.
2. ਉਹੀ ਪੰ: 1-34.
3. ਡਾ: ਬਲਬੀਰ ਸਿੰਘ, ਉਹੀ, ਪੰ: ਭ (ਭੂਮਿਕਾ)

ਭਾਵਾਂ ਨੂੰ ਖੋਲ੍ਹ ਕੇ ਦੱਸਣ ਦਾ ਜਤਨ ਕੀਤਾ ਹੈ ਤੇ ਪਉੜੀਆਂ ਵਿਚ ਆਏ ਵਿਚਾਰਾਂ ਦੀ ਲੜੀ ਦੱਸ ਕੇ ਸਮੁੱਚਾ ਭਾਵ ਵੀ ਦਿੱਤਾ ਹੈ। ਅਰਥ ਕਰਨ ਲਗਿਆਂ, ਜਿਥੇ ਉਨ੍ਹਾਂ ਨੇ ਗੁਰਮਤਿ ਦੇ ਦ੍ਰਿਸ਼ਟੀਕੋਣ ਨੂੰ ਮੁੱਖ ਰਖਿਆ ਹੈ, ਉਥੇ ਵਿਆਕਰਣਕ ਨਿਯਮਾਂ ਦਾ ਵੀ ਪੂਰਾ ਪਾਲਣ ਕੀਤਾ ਹੈ। ਇਨ੍ਹਾਂ ਗੁਣਾਂ ਕਰਕੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਟੀਕੇ ਨੂੰ ਸਰਬੋਤਮ ਮੰਨਿਆ ਹੈ।[1] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਇਹ ਟੀਕਾ ਗੁਰਬਾਣੀ ਦੇ ਵਿਆਕਰਣ ਅਨੁਸਾਰ ਅਤੇ ਸਤਿਗੁਰੂ ਦੇ ਭਾਵ ਅਨੁਕੂਲ ਲਿਖਿਆ ਗਿਆ ਹੈ। ਮੇਰੇ ਖ਼ਿਆਲ ਵਿਚ ਇਸ ਉੱਤਮ ਢੰਗ ਦੀ ਇਹ ਪਹਿਲੀ ਵਿਆਖਿਆ ਹੈ।"[2]

ਡਾ.ਭਾਈ ਜੋਧ ਸਿੰਘ ਦਾ 'ਜਪੁ' ਜੀ ਸਟੀਕ ਇਕ ਨਵੇਂ ਢੰਗ ਦਾ ਟੀਕਾ ਹੈ।[3] ਕੇਵਲ ਇਸ ਵਿਚ ਔਖੇ ਪਦਾਂ ਦੇ ਅਰਥ ਹੀ ਨਹੀਂ ਕੀਤੇ ਗਏ, ਸਗੋਂ ਜਿਹੜੇ ਸਿਧਾਂਤ ਇਸ ਬਾਣੀ ਵਿਚ ਅੰਕਿਤ ਹਨ, ਉਨ੍ਹਾਂ ਨੂੰ ਵੀ ਸਪਸ਼ਟ ਕੀਤਾ ਹੈ। ਅਰਥ ਸਪਸ਼ਟ ਕਰਨ ਲਈ ਉਨ੍ਹਾਂ ਇਹ ਮੰਨਿਆ ਹੈ ਕਿ ਇਸ ਬਾਣੀ ਵਿਚ ਦਿੱਤਾ ਉਪਦੇਸ਼ ਕਿਸੇ 'ਜਗਿਆਸੂ' ਪ੍ਰਤੀ ਹੈ, ਜੋ ਪ੍ਰਸ਼ਨ ਕਰਦਾ ਹੈ ਅਤੇ ਗੁਰੂ ਜੀ ਅੱਗੋਂ ਉੱਤਰ ਦਿੰਦੇ ਹਨ। ਗੁਰਮਤਿ ਦੇ ਖੋਜੀ ਤੇ ਸ਼੍ਰੋਮਣੀ ਨਿਰਣਾਇਕ ਹੋਣ ਕਰਕੇ ਉਨ੍ਹਾਂ ਕੋਈ ਐਸਾ ਅਰਥ ਨਹੀਂ ਕੀਤਾ, ਜਿਸ ਤੇ ਕਿੰਤੂ ਕੀਤਾ ਜਾ ਸਕੇ।

ਡਾ.ਮੋਹਨ ਸਿੰਘ 'ਦੀਵਾਨਾ' ਨੇ ਆਪਣੇ ਜਪੁ ਟੀਕੇ 'ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ'[4] ਵਿਚ ਮੂਲ ਸ਼ਬਦ, ਅਰਥ, ਪਰਮਾਰਥ ਤੇ ਪ੍ਰਸੰਗ ਆਦਿ ਦੇ ਕੇ ਬਾਣੀ ਦੇ ਅਰਥਾਂ ਨੂੰ ਸੁਖੇਨ ਕੀਤਾ ਹੈ। ਅਰਥਾਂ ਨੂੰ ਸਰਲ ਤੇ ਸਪਸ਼ਟ ਕਰਨ ਲਈ ਉਨ੍ਹਾਂ ਗੁਰਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਅਨੁਸਾਰੀ ਤੁਕਾਂ ਦਿੱਤੀਆਂ ਹਨ। ਟੀਕੇ ਵਿਚ ਹੋਰ ਵਾਧਾ ਇਹ ਹੈ ਕਿ ਉਨ੍ਹਾਂ ਨੇ ਜਪੁ ਬਾਣੀ ਦੇ ਸਿਧਾਂਤਕ ਸ਼ਬਦਾਂ ਦੀ ਵਿਆਖਿਆ ਕੀਤੀ ਹੈ। ਉਹ ਭਾਸ਼ਾ ਦੇ ਵਿਦਵਾਨ ਹਨ ਤੇ ਸ਼ਬਦਾਂ ਦੇ ਨਵੇਂ ਨਵੇਂ ਭਾਵਾਂ ਦੇ ਖੋਜੀ ਹਨ।

---

1. ਪ੍ਰੋ:ਤੇਜਾ ਸਿੰਘ, ਜਪੁਜੀ ਸਟੀਕ, ਪਹਿਲੀ ਵਾਰ, ਪੰ:219.(ਰੀਵੀਊ)
2. ਉਹੀ, ਪੰ:219.(ਰੀਵੀਊ)
3. ਜਪੁਜੀ ਸਟੀਕ, ਪੰਨੇ 1-68, ਸਿਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1950.
4. ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰਨੇ:1-192, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1952.

ਪ੍ਰੋ: ਸਾਹਿਬ ਸਿੰਘ ਗੁਰਮਤਿ ਦੇ ਮਹਾਨ ਖੋਜੀ ਤੇ ਵਿਆਕਰਣ ਆਚਾਰੀਆ ਹਨ। ਆਪਣੇ 'ਜਪੁਜੀ ਸਾਹਿਬ ਸਟੀਕ'[1] ਵਿਚ ਅਰਥ ਕਰਨ ਲਗਿਆਂ ਉਨ੍ਹਾਂ ਵਿਆਕਰਣ ਨੂੰ ਮੁਖ ਰਖਿਆ ਹੈ ਅਤੇ ਪੁਰਾਣੀ ਪੰਜਾਬੀ ਦੇ ਵਿਆਕਰਣ ਦੀ ਹਰੇਕ ਗੁੰਝਲ ਤੇ ਕਠਨਾਈ ਨੂੰ ਸਪਸ਼ਟ ਕਰਨ ਦਾ ਜਤਨ ਕੀਤਾ ਹੈ। ਇਨ੍ਹਾਂ ਨੇ ਪਹਿਲਾਂ ਪਦ-ਅਰਥ, ਫਿਰ ਅਰਥ ਅਤੇ ਕਈ ਥਾਵਾਂ ਤੇ ਭਾਵਾਰਥ ਵੀ ਦਿੱਤੇ ਹਨ। ਇਸ ਟੀਕੇ ਵਿਚ ਇਕ ਵਾਧਾ ਇਹ ਹੈ ਕਿ ਮੂਲ ਬਾਣੀ ਨੂੰ ਬਿਸਰਾਮ ਲਾ ਕੇ ਸਪਸ਼ਟ ਕੀਤਾ ਗਿਆ ਹੈ। ਇਨ੍ਹਾਂ ਦਾ ਟੀਕਾ ਸਭ ਤੋਂ ਵਧ ਗਿਣਤੀ ਵਿਚ ਛਪਿਆ ਹੈ ਕਿਉਂਕਿ ਇਹ ਵਿਦਵਾਨਾਂ ਤੇ ਸਾਧਾਰਣ ਪਾਠਕਾਂ, ਸਭ ਵਲੋਂ ਸਲਾਹਿਆ ਗਿਆ ਹੈ।

ਇਨ੍ਹਾਂ ਪੰਜ ਪ੍ਰਮੁੱਖ ਟੀਕਾਕਾਰਾਂ ਤੋਂ ਉਪਰੰਤ ਕੁਝ ਹੋਰ ਵੀ ਸੁਪ੍ਰਸਿੱਧ ਟੀਕਾਕਾਰ ਹਨ, ਜਿਨ੍ਹਾਂ ਦਾ ਵਰਣਨ ਕਰਨਾ ਇਥੇ ਉਚਿਤ ਹੋਵੇਗਾ। ਪੰਡਤ ਕਰਤਾਰ ਸਿੰਘ 'ਦਾਖਾ' ਦਾ ਟੀਕਾ 'ਸ੍ਰੀ ਜਪੁ-ਨਿਸਾਣ'[2] ਵੀ ਇਸੇ ਲੜੀ ਦਾ ਟੀਕਾ ਹੈ। ਪੰਡਤ ਜੀ ਸੰਸਕ੍ਰਿਤ ਦੇ ਵਿਦਵਾਨ ਸਨ। ਉਨ੍ਹਾਂ ਨੇ ਗੁਰਬਾਣੀ ਨੂੰ ਪੜ੍ਹਨ ਤੇ ਸਮਝਣ ਵਿਚ ਸੰਸਕ੍ਰਿਤ ਵਿਆਕਰਣ, ਹਿੰਦੀ ਪੰਜਾਬੀ ਭਾਸ਼ਾ ਵਿਗਿਆਨ, ਖਟ ਦਰਸ਼ਨ ਤੇ ਗੁਰਮਤਿ ਫਿਲਾਸਫੀ ਤੋਂ ਪੂਰੀ ਪੂਰੀ ਸਹਾਇਤਾ ਲਈ ਹੈ। ਇਸ ਟੀਕੇ ਵਿਚ ਉਨ੍ਹਾਂ ਨੇ ਵਿਆਕਰਣ ਅਨੁਸਾਰ ਹਰੇਕ ਸ਼ਬਦ ਦੀ ਵਿਉਤਪੱਤੀ ਕਰ ਕੇ ਪਹਿਲਾਂ ਪਦ-ਅਰਥ, ਫਿਰ ਪਉੜੀ ਦਾ ਬਿਉਰਾ ਤੇ ਅਵਤਰਣਿਕਾ ਦਿੱਤਾ ਹੈ, ਜਿਸ ਵਿਚ ਅਨੇਕ ਮਤ-ਮਤਾਂਤਰਾਂ ਦੇ ਦਾਰਸ਼ਨਿਕ ਸਿਧਾਂਤ ਤੇ ਸਾਹਿਤਕ ਖੂਬੀਆਂ ਦਾ ਪੂਰਾ ਪੂਰਾ ਵੇਰਵਾ ਦਿੱਤਾ ਹੈ। ਇਸ ਤੋਂ ਪਿਛੋਂ ਹਰੇਕ ਪਉੜੀ ਦਾ ਸਰਲ ਅਰਥ ਕੀਤਾ ਹੈ ਤੇ ਪਉੜੀ ਦਾ ਵਿਸਤਾਰ ਸਹਿਤ ਭਾਸ਼੍ਯ ਹੈ, ਜੋ ਆਪਣੀ ਉਪਮਾ ਆਪ ਹੈ। ਇਸ ਵਿਚ ਉਨ੍ਹਾਂ ਆਪਣੇ ਤੋਂ ਭਿੰਨ ਵਿਚਾਰਾਂ ਵਾਲਿਆਂ ਦਾ ਖੰਡਨ ਕੀਤਾ ਹੈ। ਇਨ੍ਹਾਂ ਦੇ ਟੀਕੇ ਵਿਚ ਇਹ ਸਿਫਤ ਹੈ ਕਿ ਉਨ੍ਹਾਂ ਨੇ ਪ੍ਰਾਚੀਨਤਾ ਤੇ ਨਵੀਨਤਾ ਦੋਹਾਂ ਦਾ ਸੁਮੇਲ ਕੀਤਾ ਹੈ।

ਚੀਫ ਜਸਟਿਸ ਤੇਜਾ ਸਿੰਘ ਦਾ ਟੀਕਾ 'ਜਪੁ-ਵਿਆਖਿਆ'[3] ਬੜਾ ਪ੍ਰਸਿੱਧ ਟੀਕਾ ਹੈ। ਸਭ ਤੋਂ ਪਹਿਲਾਂ ਸਲੋਕ ਜਾਂ ਪਉੜੀ ਦੀ ਮਹੱਤਤਾ, ਸਮੁੱਚਾ ਭਾਵ ਤੇ ਬਾਕੀ ਦੀਆਂ ਪਉੜੀਆਂ ਨਾਲ ਉਸ ਦਾ ਸੰਬੰਧ ਅਤੇ ਫਿਰ ਉਸ ਦੇ ਅਰਥ ਦਿੱਤੇ ਹਨ। ਇਸ ਤੋਂ ਉਪਰੰਤ ਕਠਨ ਸ਼ਬਦਾਂ ਤੇ ਤੁਕਾਂ ਦੇ ਵੱਖੋ ਵੱਖ

1. ਜਪੁਜੀ ਸਾਹਿਬ ਸਟੀਕ, ਪੰਨੇ 1-153, ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1967.
2. ਸ੍ਰੀ ਜਪੁ-ਨਿਸਾਣ, ਪੰਨੇ 1-208, ਪੰਜਾਬ ਗਿਆਨੀ ਪ੍ਰੈਸ, ਭਦੌੜ ਹਾਊਸ, ਲੁਧਿਆਣਾ, 1951.
3. ਜਪੁ ਵਿਆਖਿਆ, ਪੰਨੇ 1-184, ਸੁਪਰ ਪ੍ਰੈਸ ਲਿਮਿਟਿਡ, ਪਹਾੜ ਗੰਜ ਰੋਡ, ਨਵੀਂ ਦਿੱਲੀ, 1955.

ਅਰਥ ਤੇ ਉਨ੍ਹਾਂ ਸੰਬੰਧੀ ਨੋਟ ਦਿੱਤੇ ਹਨ। ਇਸ ਵਿਚ ਕਈ ਸ਼ਬਦਾਂ ਨੂੰ ਉਨ੍ਹਾਂ ਨਵੇਂ ਢੰਗ ਨਾਲ ਲਿਆ ਹੈ। ਟੀਕਾ ਕਰਨ ਤੋਂ ਪਹਿਲਾਂ ਉਨ੍ਹਾਂ ਕਈ ਮਸਲਿਆਂ ਬਾਰੇ ਨਿਰਣਾਤਮਕ ਵਿਚਾਰ ਦਿੱਤੇ ਹਨ।

ਸੋਢੀ ਹਜ਼ਾਰਾ ਸਿੰਘ ਦਾ 'ਜਪੁ-ਬੀਚਾਰ'[1] ਟੀਕਾ ਇਕ ਉੱਤਮ ਰਚਨਾ ਹੈ। ਇਸ ਵਿਚ ਜਪੁ ਬਾਣੀ ਦੀ ਸਿਧਾਂਤਕ ਸ਼ਬਦਾਵਲੀ ਦੀ ਵਿਆਖਿਆ ਬੜੀ ਮੁੱਲਵਾਨ ਹੈ। ਪਉੜੀਆਂ ਦੇ ਅਰਥ ਅੱਖਰਾਂ ਵਿਆਖਿਆ ਕਈ ਤੁਕ ਵਟਾ ਕੇ ਕੀਤੀ ਹੈ। ਅਰਥਾਂ ਨੂੰ ਸਪਸ਼ਟ ਕਰਨ ਲਈ ਉਦਾਹਰਣਾਂ ਗੁਰਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਦਿੱਤੀਆਂ ਹਨ।

ਪ੍ਰਿੰ: ਗੰਗਾ ਸਿੰਘ ਨੇ 'ਜਪੁਜੀ' ਸਟੀਕ[2] ਲਿਖੀ, ਜਿਸ ਵਿਚ ਪਉੜੀਆਂ ਦੀ ਵਿਆਖਿਆ ਗੁਰਬਾਣੀ ਵਿਚੋਂ ਪ੍ਰਮਾਣ ਦੇ ਦੇ ਕੇ ਕੀਤੀ ਹੈ। ਅਰਥ ਕਰਨ ਲੱਗਿਆਂ, ਉਹ ਹਰ ਸ਼ਬਦ ਦੀ ਡੂੰਘਾਈ ਤਕ ਜਾਂਦੇ ਹਨ ਤੇ ਕਈ ਥਾਂਈਂ ਨਵੇਂ ਨਵੇਂ ਵਿਚਾਰ ਦਿੰਦੇ ਹਨ। ਇਨ੍ਹਾਂ ਦਾ ਵਿਆਖਿਆ-ਢੰਗ ਮਨੋ-ਵਿਗਿਆਨਕ ਹੈ।

ਸੋਢੀ ਤੇਜਾ ਸਿੰਘ ਦਾ 'ਕਥਾ ਸਾਗਰ ਅਰਥਾਤ ਸ੍ਰੀ ਜਪੁਜੀ ਸਟੀਕ'[3] ਇਕ ਅਜਿਹੀ ਰਚਨਾ ਹੈ, ਜਿਸ ਵਿਚ ਹਰੇਕ ਪਉੜੀ ਨਾਲ ਇਕ ਜਾਂ ਦੋ ਸਾਖੀਆਂ ਕਥਾ ਰੂਪ ਦਿੱਤੀਆਂ ਗਈਆਂ ਹਨ। ਇਹ ਸਾਖੀਆਂ ਧਾਰਮਿਕ ਜਾਂ ਇਤਿਹਾਸਕ ਰੂਪਾਂ ਤੇ ਆਧਾਰਿਤ ਹਨ। ਟੀਕੇ ਦੇ ਅੰਤ ਵਿਚ 'ਜਪੁਜੀ' ਦਾ ਮਹਾਤਮ ਦਿੱਤਾ ਹੈ। ਇਨ੍ਹਾਂ ਨੇ ਜਪੁਜੀ ਨੂੰ ਸੁਮੇਰ ਪਰਬਤ ਤੇ ਸਿੱਧਾਂ ਨਾਲ ਹੋਈ ਗੋਸ਼ਟ ਦੱਸਿਆ ਹੈ। ਇਹ ਟੀਕਾ ਇਕ ਲੰਮੇ ਅਭਿਆਸ ਤੇ ਅਨੁਭਵ ਦਾ ਸਿੱਟਾ ਹੈ।

ਅਕਾਲੀ ਨਿਹਾਲ ਸਿੰਘ ਸੂਰੀ ਨੇ 'ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ ਸ੍ਰੀ ਜਪੁਜੀ ਸਾਹਿਬ'[4] ਲਿਖਿਆ ਹੈ, ਜਿਸ ਵਿਚ ਉਨ੍ਹਾਂ ਹਰੇਕ ਪਉੜੀ ਦੇ ਆਰੰਭ ਵਿਚ ਸੂਚਨਾ ਅਰਥਾਤ ਭਾਵ ਦੇ ਕੇ ਫਿਰ ਅਰਥ ਸਪਸ਼ਟ ਕੀਤੇ ਹਨ। ਅਰਥਾਂ ਨੂੰ ਸਰਲ ਕਰਨ ਲਈ ਗੁਰਬਾਣੀ ਵਿਚੋਂ ਅਨੁਸਾਰੀ ਤੁਕਾਂ ਦਿੱਤੀਆਂ ਹਨ।

---

1. ਜਪੁ-ਬੀਚਾਰੁ, ਪੰਨੇ 1-121, ਗੁਰੂ ਕੇ ਮਹਿਲ, ਦੇਵੀਦਾਸ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਸੰਮਤ 1992.
2. ਜਪੁਜੀਸ ਸਟੀਕ, ਪੰਨੇ 1-266. ਅੰਮ੍ਰਿਤ ਪ੍ਰਿੰਟਿੰਗ ਪ੍ਰੈਸ, ਤਰਨਤਾਰਨ, 1934 ਈ:.
3. ਕਥਾ ਸਾਗਰ—ਅਰਥਾਤ ਸ੍ਰੀ ਜਪੁਜੀ ਸਟੀਕ — ਪੰਨੇ 1-271. ਅੰਮ੍ਰਿਤਸਰ, 1952.
4. ਸ੍ਰੀ ਜਪੁਜੀ ਸਾਹਿਬ, ਪੰਨੇ 1-109, 1930.

ਸੰਤ ਰੇਣ ਜੀਵਨ ਸਿੰਘ ਦੀ 'ਸਾਗਰ ਮੇਂ ਬੋਹਿਥਾ' ਅਰਥਾਤ ਸ੍ਰੀ ਜਪੁਜੀ ਸਾਹਿਬ ਸਟੀਕ'[1] ਵਿਚ ਪ੍ਰਸ਼ਨੋਤਰ ਸ਼ੈਲੀ ਨੂੰ ਅਪਣਾਇਆ ਗਿਆ ਹੈ। ਇਸ ਟੀਕੇ ਵਿਚ ਹਰ ਔਖੇ ਪਦ ਦੇ ਅਰਥ ਗੁਰਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਪ੍ਰਮਾਣ ਦੇ ਕੇ ਸਪਸ਼ਟ ਕੀਤੇ ਹਨ। ਇਸ ਤੋਂ ਛੁੱਟ ਸਿਖ ਇਤਿਹਾਸ, ਰਾਮਾਇਣ ਮਹਾਂਭਾਰਤ ਤੇ ਗੀਤਾ ਆਦਿ ਵਿਚੋਂ ਕਥਾਵਾਂ ਦੇ ਕੇ ਵਿਆਖਿਆ ਕੀਤੀ ਗਈ ਹੈ।

ਡਾ: ਸੁਰਿੰਦਰ ਸਿੰਘ ਕੋਹਲੀ ਤੇ ਮਹਿਤਾਬ ਸਿੰਘ ਨੇ 'ਸਿੱਖੀ ਸਿਖਿਆ'[2] ਨਾਮੀ ਪੁਸਤਕ ਵਿਚ 'ਜਪੁ' ਦਾ ਟੀਕਾ ਕੀਤਾ ਹੈ। ਇਸ ਦੇ ਆਰੰਭ ਵਿਚ ਜਪੁਜੀ ਤੇ ਆਸਾ ਦੀ ਵਾਰ ਦੀਆਂ ਚੋਣਵੀਆਂ ਤੁਕਾਂ ਤੇ ਕੁਝ ਕੁ ਸਿਧਾਂਤਕ ਸ਼ਬਦਾਂ ਦੀ ਵਿਆਖਿਆ ਗੁਰਬਾਣੀ ਵਿਚੋਂ ਪ੍ਰਮਾਣ ਦੇ ਕੇ ਕੀਤੀ ਹੈ। ਟੀਕੇ ਵਿਚ ਵਿਧੀ ਇਹ ਅਪਣਾਈ ਹੈ ਕਿ ਹਰਕੇ ਪਉੜੀ ਦੇ ਕਠਿਨ ਸ਼ਬਦਾਂ ਦੇ ਅਰਥ ਪਹਿਲਾਂ ਦੇ ਕੇ ਫਿਰ ਤੁਕਾਂ ਦੇ ਅਰਥ ਤੇ ਕਿਤੇ ਕਿਤੇ ਭਾਵ ਵੀ ਦਿੱਤੇ ਹਨ।

ਸੁਆਮੀ ਸੀ: ਆਰ: ਸੂਨਕ ਸ਼ੁਰਮਾ ਦੀ ਸਟੀਕ 'ਜਪੁਜੀ' ਸਾਹਿਬ'[3] ਵਿਚ ਪਦਾਰਥੀ ਅਰਥ ਨਹੀਂ ਕੀਤੇ ਗਏ, ਸਗੋਂ ਕਈ ਥਾਈਂ ਖੁਲ੍ਹੀ ਵਿਚਾਰ ਦਸ ਕੇ ਭਾਵ ਸਮਝਾਉਣ ਦਾ ਜਤਨ ਕੀਤਾ ਗਿਆ ਹੈ ਅਤੇ ਕਿਤੇ ਕਿਤੇ ਸਪਸ਼ਟੀਕਰਣ ਲਈ ਹੋਰ ਧਾਰਮਿਕ ਗ੍ਰੰਥਾਂ ਦੇ ਹਵਾਲੇ ਵੀ ਦਿੱਤੇ ਹਨ। ਇਸ ਤੋਂ ਛੁੱਟ ਕਈ ਹੋਰ ਗੂੜ੍ਹ ਗੱਲਾਂ ਉਪਦੇਸ਼ਾਂ ਰਾਹੀਂ ਸਮਝਾਈਆਂ ਹਨ।

ਗਿਆਨੀ ਹਰਬੰਸ ਸਿੰਘ ਦਾ ਟੀਕਾ 'ਜਪੁ-ਨਿਰਣਯ'[4] ਇਸ ਲੜੀ ਵਿਚ ਇਕ ਚੰਗਾ ਵਾਧਾ ਹੈ। ਇਹ ਟੀਕਾ ਕ੍ਰਮਵਾਰ, ਮੂਲ ਪਾਠ, ਪਦ-ਅਰਥ, ਸਰਲ ਅਰਥ, ਵਿਸ਼ੇਸ਼ ਵਿਚਾਰ ਤੇ ਸ਼ੰਕਾ ਵਾਦੀ ਸ਼ਬਦਾਂ ਦੇ ਅਰਥਾਂ ਦਾ ਨਿਰਣਯ ਕਰਦਾ ਹੈ। ਸਭ ਤੋਂ ਪਹਿਲਾਂ ਜਪੁ ਬਾਣੀ ਦਾ ਇਤਿਹਾਸ ਦਿੱਤਾ ਹੈ, ਜੋ ਖੋਜ ਨਾਲ ਡੂੰਘਾ ਸੰਬੰਧ ਰਖਦਾ ਹੈ। ਸਭ ਤੋਂ ਵੱਡੀ ਸਿਫ਼ਤ ਇਸ ਵਿਚ ਇਹ ਹੈ ਕਿ ਟੀਕਾਕਾਰ ਨੇ ਜਪੁ ਦੇ ਅਰਥ-ਭਾਵ ਗੁਰਬਾਣੀ ਦੇ ਪ੍ਰਮਾਣਾਂ ਤੇ ਸ਼ਬਦ ਜੋੜਾਂ ਨੂੰ ਮੁਖ ਰਖ ਕੇ ਆਦਿ ਗ੍ਰੰਥ ਵਿਚ ਲਿਖੇ ਹੋਏ ਅਗਲੇ-ਪਿਛਲੇ ਸ਼ਬਦਾਂ ਦੇ ਭਾਵਾਂ ਨੂੰ ਜਪੁ ਨਾਲ ਮਿਲਾ ਕੇ ਇਕੋ ਅਰਥ ਕੀਤੇ ਹਨ।[5]

---

1. ਸ੍ਰੀ ਜਪੁਜੀ ਸਟੀਕ, ਪੰਨੇ 1-368, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1962.
2. ਜਪੁਜੀ ਸਟੀਕ (ਸਿੱਖੀ ਸਿਖਿਆ) ਪੰਨੇ 40-101.
3. ਸਟੀਕ ਜਪੁਜੀ ਸਾਹਿਬ, ਪੰਨੇ 1-70, ਭਾਰਤ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, ਸੰਮਤ 2000.
4. ਜਪੁ-ਨਿਰਣਯ, ਪੰਨੇ 1-265, ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਕੰਪਨੀ, ਚੰਡੀਗੜ੍ਹ, 1963.
5. "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ"। (ਆਦਿ ਗ੍ਰੰਥ, ਪੰ:646)

ਡਾ. ਸ਼ੇਰ ਸਿੰਘ ਰਚਿਤ 'ਜਪੁਜੀ ਦਰਸ਼ਨ'[1] ਇਕ ਨਵੇਂ ਢੰਗ ਦੀ ਮੌਲਿਕ ਰਚਨਾ ਹੈ। ਵਿਦਵਾਨ ਟੀਕਾਕਾਰ ਨੇ ਇਸ ਪੁਸਤਕ ਦੇ ਚਾਰ ਭਾਗ ਕੀਤੇ ਹਨ। ਪਹਿਲੇ ਭਾਗ ਵਿਚ ਮੂਲ ਬਾਣੀ ਅਤੇ ਟੀਕਾ ਦਿੱਤੇ ਗਏ ਹਨ ਤੇ ਨਾਲੇ ਅੱਖਰਾਂ, ਪਦਾਂ ਦੇ ਅਰਥ ਤੇ ਤੁਕਾਂ ਦੀ ਗਿਣਤੀ ਦਿੱਤੀ ਹੈ।[2] ਦੂਜੇ ਭਾਗ ਵਿਚ ਮੂਲ ਬਾਣੀ ਦੇ ਪਦਾਂ ਦੇ ਅਰਥ ਤੇ ਭਾਸ਼ਾਈ ਵਿਸ਼ਲੇਸ਼ਣ ਦਿੱਤੇ ਹਨ। ਤੀਜੇ ਭਾਗ ਵਿਚ ਜਪੁ ਬਾਣੀ ਦਾ ਸਾਹਿੱਤਕ ਅਧਿਐਨ ਕੀਤਾ ਹੈ। ਚੌਥੇ ਭਾਗ ਵਿਚ ਜਪੁ ਬਾਣੀ ਦੀ ਪਉੜੀਵਾਰ ਵਿਆਖਿਆ ਕੀਤੀ ਹੈ।

ਡਾ. ਤਾਰਨ ਸਿੰਘ ਨੇ 'ਜਪੁ-ਦਰਸ਼ਨ ਦੀਦਾਰ'[3] ਟੀਕਾ ਲਿਖਿਆ, ਜਿਸ ਵਿਚ ਜਪੁ ਬਾਣੀ ਨੂੰ ਨੌ ਭਾਗਾਂ ਵਿਚ ਵੰਡਿਆ ਹੈ। ਉਨ੍ਹਾਂ ਨੇ ਟੀਕੇ ਵਿਚ ਵਿਧੀ ਇਹ ਅਪਣਾਈ ਹੈ ਕਿ ਹਰੇਕ ਪਉੜੀ ਦਾ ਪਹਿਲਾਂ ਸਿਰਲੇਖ, ਫਿਰ ਮੁਖਵਾਰਥ, ਭਾਵਾਰਥ ਤੇ ਦਰਸ਼ਨ ਦਿੱਤੇ ਹਨ। ਇਸ ਟੀਕੇ ਵਿਚ ਕਈ ਪ੍ਰਸ਼ਨ ਉਠਾਏ ਗਏ ਹਨ ਤੇ ਫਿਰ ਉਨ੍ਹਾਂ ਦੇ ਉੱਤਰ ਬੜੀ ਮਨੋਵਿਗਿਆਨਕ ਢੰਗ ਨਾਲ ਦਿੱਤੇ ਹਨ।

ਸੰਤ ਵਿਨੋਬਾ ਭਾਵੇ ਰਚਿਤ 'ਜਪੁਜੀ ਦੇ ਟੀਕੇ'[4] ਦਾ ਅਨੁਵਾਦ ਸੀਤਾ ਰਾਮ ਬਾਹਰੀ ਨੇ ਕੀਤਾ ਹੈ। ਟੀਕੇ ਨੂੰ ਉਨ੍ਹਾਂ ਚਾਰ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਮੰਗਲਾਚਰਣ, ਦੂਜੇ ਵਿਚ ਸ੍ਰਵਣ, ਮਨਨ ਅਤੇ ਭਾਵਨ ਦੀ ਮਹਿਮਾ, ਤੀਜੇ ਵਿਚ ਭਗਵੰਤ ਮਹਿਮਾ ਅਤੇ ਚੌਥੇ ਭਾਗ ਵਿਚ ਸਾਧਨਾ ਬੋਧ ਹੈ। ਇਸ ਤੋਂ ਉਪਰੰਤ ਅੰਤ ਵਿਚ 'ਉਪਸੰਹਾਰ' ਹੈ। ਵਿਨੋਬਾ ਜੀ ਇਕ ਅਨੁਭਵੀ ਮਹਾਂਪੁਰਸ਼ ਹਨ ਤੇ ਉਨ੍ਹਾਂ ਦਾ ਇਹ ਜਤਨ ਭਾਰਤੀਆਂ ਨੂੰ ਇਕ ਸੇਧ ਦਿੰਦਾ ਹੈ। ਪ੍ਰਸ-ਤਾਵਨਾ ਵਿਚ ਉਨ੍ਹਾਂ ਆਪ ਕਿਹਾ ਹੈ ਕਿ ਇਹ ਨਾਮ-ਸਿਮਰਨ ਦੀ ਕਿਤਾਬ ਹੈ। ਇਸ ਵਿਚ ਸਤਿ-ਸਰੂਪ ਭਗਵਾਨ ਦੀ ਉਪਾਸਨਾ ਹੈ।

---

1. ਜਪੁਜੀ ਦਰਸ਼ਨ, ਪੰਨੇ 1-327, ਲਾਹੌਰ ਬੁਕ ਸ਼ਾਪ, ਲੁਧਿਆਣਾ, 1969.
2. ਓਹੀ - ਜਪੁ ਬਾਣੀ ਵਿਚ 383 ਤੁਕਾਂ, 2104 ਪਦ ਤੇ 4936 ਅੱਖਰ ਹਨ। (ਪੰ:ਅ)
3. ਜਪੁ-ਦਰਸ਼ਨ ਦੀਦਾਰ, ਪੰਨੇ 1-266, ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1969.
4. ਜਪੁਜੀ, ਪੰਨੇ 1-104, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਇਸ ਤੋਂ ਬਿਨਾਂ ਆਧੁਨਿਕ ਸਮੇਂ ਦੇ ਹੇਠ ਲਿਖੇ ਟੀਕੇ ਸਾਨੂੰ ਹੋਰ ਮਿਲਦੇ ਹਨ :-

ਜਪੁ ਜਹਾਜ਼ ਕ੍ਰਿਤ ਐਫ.ਸੀ.ਕਾਂਗੀਰੇ; ਜਪੁ ਸਾਹਿਬ ਕ੍ਰਿਤ ਸੁਖਬੀਰ ਸਿੰਘ ਚੋਪੜਾ ਤੇ ਗਿਆਨੀ ਭਗਤ ਸਿੰਘ; ਆਦਿ ਸਚੁ(ਜਪੁਜੀ ਦਾ ਕਾਵਿ ਅਨੁਵਾਦ) ਕ੍ਰਿਤ ਗਿਆਨੀ ਸਰਦਾਰਾ ਸਿੰਘ (ਸੰਪਾਦਕ ਬਲਬੀਰ ਸਿੰਘ ਸੰਧੂ); ਪੰਥ ਕ੍ਰਿਤ ਡਾ:ਮੋਹਨ ਸਿੰਘ; ਨਾਮ ਖੁਮਾਰੀ (ਜਪੁਜੀ ਟੀਕਾ) ਕ੍ਰਿਤ ਸਤਿ ਸੁੰਦਰ ਸਿੰਘ; ਜਪੁਜੀ ਸਟੀਕ ਕ੍ਰਿਤ ਸੰਤ ਸਿੰਘ; ਸ੍ਰੀ ਜਪੁਜੀ ਕਾਵਿਆਰਥ ਕ੍ਰਿਤ ਗਿਆਨੀ ਸੁੰਦਰ ਸਿੰਘ; ਜਪੁਜੀਅ ਸਟੀਕ ਕ੍ਰਿਤ ਸ਼ਿਵ ਦਿਆਲ(ਉਰਦੂ ਪੰਨਾ ਨਾਲ); ਨਿਤਨੇਮ ਸਟੀਕ ਕ੍ਰਿਤ ਗਿਆਨੀ ਸ਼ੇਰ ਸਿੰਘ; ਨਿਤਨੇਮ ਸਟੀਕ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ); ਸ੍ਰੀ ਜਪੁਜੀ ਸਟੀਕ ਕ੍ਰਿਤ ਭਾਈ ਹਰਨਾਮ ਦਾਸ; ਸ੍ਰੀ ਜਪੁਜੀ ਸਾਹਿਬ ਦਾ ਆਸਾਨ ਪੰਜਾਬੀ ਕਵਿਤਾ ਵਿਚ ਤਰਜਮਾ ਕ੍ਰਿਤ ਹਰਬੰਸ ਸਿੰਘ 'ਪ੍ਰਵਾਨਾ'; ਜਪੁਜੀ ਸਟੀਕ ਕ੍ਰਿਤ ਗਿਆਨੀ ਹਰਭਜਨ ਸਿੰਘ; ਜਪੁਜੀ ਸਟੀਕ (ਹਥ ਲਿਖਤ) ਕ੍ਰਿਤ ਹਰਦਿਆਲ ਸਿੰਘ; ਜਪੁਜੀ ਸਟੀਕ ਕ੍ਰਿਤ ਪ੍ਰੋ:ਕਰਤਾਰ ਸਿੰਘ; ਸ੍ਰੀ ਜਪੁਜੀ ਸਟੀਕ (ਖਾਲਸਾ ਸਮਾਚਾਰ, ਅੰਮ੍ਰਿਤਸਰ); ਮੂਲ ਮੰਤਰ(ਪੰਜ ਪਉੜੀਆਂ) ਸਟੀਕ (ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ); ਟੀਕਾ ਜਪੁਜੀ ਸਾਹਿਬ ਕ੍ਰਿਤ ਕੁੰਦਨ ਰਾਏ ਭਾਈ; ਖਾਲਸਾ ਨਿਤਨੇਮ ਕ੍ਰਿਤ ਗੁਰਨਾਮ ਸਿੰਘ ਮੇਜਰ ਜਨਰਲ; ਜਪੁਜੀ ਸਾਹਿਬ ਕ੍ਰਿਤ ਬਾਵਾ ਛੱਜੂ ਸਿੰਘ; ਜਪੁਜੀ ਸਾਹਿਬ ਦੀ ਸਾਹਿੱਤਕ ਤੇ ਬਹੁਪੱਖੀ ਵਿਸ਼ੇਸ਼ਤਾ (ਜਪੁਜੀ ਸਟੀਕ) ਕ੍ਰਿਤ ਦਰਿਆਬੀਰ ਸਿੰਘ; ਜਪੁਜੀ ਸਾਹਿਬ ਸਟੀਕ ਕ੍ਰਿਤ ਪ੍ਰੋ:ਦੇਵਦੱਤ ਗੋਪਾਲ; ਜਪੁ ਟੀਕਾ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਪੋਥੀ ਪਹਿਲੀ) ਕ੍ਰਿਤ ਗਿਆਨੀ ਨਰੈਣ ਸਿੰਘ; ਸਿਫਤ ਸਾਲਾਹ ਅਰਥਾਤ ਜਪੁਜੀ ਸਾਹਿਬ ਦਾ ਭਾਵ ਅਰਥ ਸੁਖੇਨ ਪੰਜਾਬੀ ਕਵਿਤਾ ਵਿਚ ਕ੍ਰਿਤ ਨਿਹਾਲ ਸਿੰਘ ਅਫ਼ਰੀਦ; ਗੁਰਮਤਿ ਗਿਆਨ ਪ੍ਰਬੋਧ ਸ੍ਰੀ ਜਪੁਜੀ ਸਾਹਿਬ ਟੀਕਾ ਕ੍ਰਿਤ ਪ੍ਰਿਤਪਾਲ ਸਿੰਘ; ਜਪੁਜੀ ਦਾ ਸਾਹਿਤਕ ਅਧਿਐਨ(ਜਪੁਜੀ ਸਟੀਕ) ਕ੍ਰਿਤ ਪਿਆਰਾ ਸਿੰਘ ਭੋਗਲ; ਜਪੁਜੀ ਸਟੀਕ ਕ੍ਰਿਤ ਗਿਆਨੀ ਕਿਸ਼ਨ ਸਿੰਘ; ਅਮੋਲਕ ਰਤਨ ਟੀਕਾ (ਜਪੁਜੀ ਸਾਹਿਬ) ਕ੍ਰਿਤ ਭੂਪ ਸਿੰਘ; ਜਪੁਜੀ ਸਾਹਿਬ ਸਟੀਕ ਕ੍ਰਿਤ ਭਾਈ ਸਾਹਿਬ ਭਾਈ ਭੂਪ ਸਿੰਘ; ਸ੍ਰੀ ਜਪੁਜੀ ਕ੍ਰਿਤ ਮਨਮੋਹਨ ਸਿੰਘ; ਜਪੁਜੀ ਸਾਹਿਬ ਸਟੀਕ ਕ੍ਰਿਤ ਮੋਹਨ ਸਿੰਘ ਹਕੀਮ ਆਜ਼ਮ; ਟੀਕਾ ਜਪੁਜੀ ਕ੍ਰਿਤ ਮੋਹਨ ਸਿੰਘ ਵੈਦ; ਨਾਨਕ ਬਾਣੀ ਜਪੁਜੀ ਸਾਹਿਬ ਤੇ ਆਸਾ ਦੀ ਵਾਰ ਕ੍ਰਿਤ ਮੋਹਨ ਸਿੰਘ ਪ੍ਰੇਮ; ਜਪੁਜੀ ਸਾਹਿਬ ਦਾ ਸਰਲ ਭਾਵ ਅਨੁਵਾਦ ਕ੍ਰਿਤ ਭਗਤ ਰਾਮ ਚੰਦ ਜੀ; ਜਪੁਜੀ ਸਟੀਕ ਕ੍ਰਿਤ ਭਗਤ ਰਾਮ ਦਿੱਤਾ ਜੀ; ਗੁਰਮਤਿ ਮਾਰਤੰਡ ਕ੍ਰਿਤ ਗਿਆਨੀ ਲਾਲ ਸਿੰਘ(ਸੰਗਰੂਰ) ਅਤੇ ਨਿਤਨੇਮ ਸਟੀਕ ਕ੍ਰਿਤ ਗਿਆਨੀ ਲਾਲ ਸਿੰਘ, ਹਨ।

ਉਪਰੋਕਤ ਟੀਕਿਆਂ ਵਿਚੋਂ ਖਾਸ ਹੇਠ ਲਿਖੇ ਟੀਕਿਆਂ ਨੂੰ ਸਰਬੋਤਮ ਤੇ ਪ੍ਰਤਿਠਿਤ ਮੰਨਿਆ ਹੈ; ਤੇ ਇਨ੍ਹਾਂ ਨੂੰ ਅਗਲੀ ਵਿਚਾਰ ਦਾ ਆਧਾਰ ਬਣਾਇਆ ਹੈ :-

ਸਿਖਯਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) ਕ੍ਰਿਤ ਭਾਈ ਵੀਰ ਸਿੰਘ[1]; ਜਪੁਜੀ ਸਟੀਕ ਕ੍ਰਿਤ ਪ੍ਰਿੰ: ਤੇਜਾ ਸਿੰਘ[2]; ਜਪੁਜੀ ਸਟੀਕ ਕ੍ਰਿਤ ਭਾਈ ਜੋਧ ਸਿੰਘ[3]; 'ਪੰਜਾਬੀ ਭਾਖਾ ਵਿਗਿਆਨ ਤੇ ਗੁਰਮਤਿ ਗਿਆਨ' (ਜਪੁਜੀ ਟੀਕਾ) ਕ੍ਰਿਤ ਡਾ: ਮੋਹਨ ਸਿੰਘ ਉਬਰਾ[4]; ਅਤੇ ਜਪੁਜੀ ਸਾਹਿਬ ਸਟੀਕ ਕ੍ਰਿਤ ਪ੍ਰੋ: ਸਾਹਿਬ ਸਿੰਘ[5]।

---

1. ਭਾਈ ਵੀਰ ਸਿੰਘ, ਸਿਖਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ (ਜਪੁ ਸਟੀਕ) ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, (ਪੰਨੇ 1 ਤੋਂ 178)
2. ਪ੍ਰਿੰ: ਤੇਜਾ ਸਿੰਘ, ਜਪੁਜੀ ਸਟੀਕ, ਪਹਿਲੀ ਵਾਰ, ਪ੍ਰਕਾਸ਼ ਪੁਸਤਕਾਲਾ, ਅੰਮ੍ਰਿਤਸਰ (ਪੰਨੇ 1-219.
3. ਭਾਈ ਜੋਧ ਸਿੰਘ, ਜਪੁਜੀ ਸਟੀਕ, ਸਿਖ ਪਬਲਿਸ਼ਿੰਗ ਹਾਊਸ, ਕਚਹਿਰੀ ਰੋਡ, ਅੰਮ੍ਰਿਤਸਰ, 1950 (ਪੰਨੇ 1 ਤੋਂ 68)
4. ਡਾ: ਮੋਹਨ ਸਿੰਘ ਉਬਰਾ, ਪੰਜਾਬੀ ਭਾਖਾ ਵਿਗਿਆਨ ਤੇ ਗੁਰਮਤਿ ਗਿਆਨ, ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1952 (ਪੰਨੇ 1 ਤੋਂ 192)
5. ਪ੍ਰੋ: ਸਾਹਿਬ ਸਿੰਘ, ਜਪੁਜੀ ਸਾਹਿਬ ਸਟੀਕ, ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ -1967. (ਪੰਨੇ 1 ਤੋਂ 153)

ਭਾਗ ਦੂਜਾ


ਵਿਸ਼ੇਸ਼ ਭਾਵਾਰਥਾਂ ਦਾ ਆਲੋਚਨਾਤਮਕ ਅਤੇ ਤੁਲਨਾਤਮਕ ਅਧਿਐਨ ... 115 – 194

ਅਧਿਆਇ 5. 'ਮੂਲ ਮੰਤਰ' ... 116 – 130

ਅਧਿਆਇ 6. 'ਸਲੋਕ' ... 131 – 152

ਅਧਿਆਇ 7. 'ਪਉੜੀਆਂ' ... 153 – 194

## "ਮੂਲ ਮੰਤਰ"

ਹਰ ਮੱਤ ਦਾ ਆਪਣਾ 'ਮੂਲ ਮੰਤਰ' ਹੁੰਦਾ ਹੈ। ਜਿਵੇਂ ਭਾਗਵਤ ਮੱਤ ਵਿਚ 'ਦਵਾਦਸ਼ ਅਖਸ਼ਰ ਮੰਤ੍ਰ', ਵੈਸ਼ਨਵ ਮੱਤ ਵਿਚ 'ਤ੍ਰਿਯੋਦਸ਼ ਅਖਸ਼ਰ ਮੰਤ੍ਰ', ਸ਼ੈਵ ਮੱਤ ਵਿਚ 'ਪੰਚਾਖਸ਼ਰ ਮੰਤ੍ਰ', ਤਿਵੇਂ ਹੀ ਸਿਖ ਧਰਮ ਦਾ ਇਹ ਮੂਲ ਮੰਤਰ ਹੈ[1] :-

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।"

ਇਵੇਂ ਹੀ ਇਸਲਾਮ ਦਾ ਮੂਲ ਮੰਤਰ 'ਕਲਮਾ' ਹੈ। 'ਮੂਲ ਮੰਤਰ' ਵਿਚ ਪਰਮਾਤਮਾ ਦੇ ਸਰੂਪ ਦਾ ਵਰਣਨ ਹੈ। ਸ੍ਰੀ ਗਰੀਨਲੀਸ ਅਨੁਸਾਰ, "This plays the same part in Sikh prayer as the Ahunavariya in Parsi, the Paternoster in Christian, The Fatha in Muslim and the Gayatri in Hindu.[2]

ਭਾਈ ਕਾਨ੍ਹ ਸਿੰਘ ਦੇ ਸ਼ਬਦਾਂ ਵਿਚ 'ਮੂਲ ਮੰਤਰ ਸਾਰੇ ਮੰਤਰਾਂ ਦੀ ਜੜ੍ਹ ਹੈ -- ਸਿਖ ਮੱਤ ਅਨੁਸਾਰ ੴ --- ਗੁਰ ਪ੍ਰਸਾਦਿ' ਤਕ ਮੂਲ ਮੰਤਰ ਹੈ।[3]

---

1. ਵਿਨੋਬਾ ਭਾਵੇ, ਜਪੁਜੀ, ਪੰ:32.

2. Duncan Greenlees, The Gospel of the Guru Granth Sahib, P.8.

3. ਮਹਾਨ ਕੋਸ਼, ਪੰ:742.

ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ "'ਪਰੰਪਰਾ' ਤੋਂ ਚਲੇ ਆ ਰਹੇ ਵਿਸ਼ਵਾਸ ਅਨੁਸਾਰ ਬੀਜ ਮੰਤ੍ਰ ਅਥਵਾ 'ੴ' ਦਾ ਟੀਕਾ ਸਤਿਨਾਮੁ ਤੋਂ ਗੁਰ ਪ੍ਰਸਾਦਿ ਤਕ ਸਾਰਾ ਮੂਲ ਮੰਤਰ ਹੈ ਤੇ ਇਸ ਮੂਲ ਮੰਤਰ ਦਾ ਟੀਕਾ ਸਾਰੀ ਜਪੁ ਬਾਣੀ ਹੈ। ਫੇਰ ਇਸ ਤੋਂ ਅਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੂਹ ਬਾਣੀ ਇਸੇ ਗੁਰੂ ਨਾਨਕ ਕ੍ਰਿਤ ਜਪੁ ਬਾਣੀ ਦੀ ਵਿਸਤਾਰ ਸਹਿਤ ਵਿਆਖਿਆ ਹੈ।[1]"

ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ 'ਮੂਲ ਮੰਤਰ' ਦੀ ਮਹਾਨਤਾ ਨੂੰ ਇਸ ਤਰ੍ਹਾਂ ਦਰਸਾਇਆ ਹੈ :-

"ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ।"[2]

"ਸਤਿਨਾਮੁ ਕਰਤਾ ਪੁਰਖ ਮੂਲ ਮੰਤ੍ਰ ਸਿਮਰਣ ਪਰਵਾਣੇ।"[3]

ਬਾਣੀ ਬਿਉਰਾ ਅਨੁਸਾਰ ਸੰਪੂਰਣ ਰੂਪ ਵਿਚ 'ਮੂਲ ਮੰਤਰ' ਆਦਿ ਗ੍ਰੰਥ ਵਿਚ 33 ਵਾਰ ਆਇਆ ਹੈ। ਇਸ ਮੂਲ ਮੰਤਰ ਦੇ ਤਿੰਨ ਹੋਰ ਸੰਖਿਪਤ ਰੂਪ ਵੀ ਆਦਿ ਗ੍ਰੰਥ ਵਿਚ ਮਿਲਦੇ ਹਨ :-

ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ — 8 ਵਾਰ
ੴ ਸਤਿਨਾਮੁ ਗੁਰ ਪ੍ਰਸਾਦਿ — 1 ਵਾਰ
ੴ ਸਤਿਗੁਰ ਪ੍ਰਸਾਦਿ — 524 ਵਾਰ

ਇਹ ਮੰਤਰ ਇਕ ਪਵਿੱਤਰ ਮੁਖਵਾਕ ਹੈ, ਜਿਸ ਦੀ ਮੰਗਲਾਚਰਣ ਦੇ ਰੂਪ ਵਿਚ ਵਰਤੋਂ ਕੀਤੀ ਗਈ ਹੈ। ਇਸ ਵਿਚ ਸਾਰੇ ਰੌਦਾਂ ਸ਼ਬਦ ਹਨ। ਇਨ੍ਹਾਂ ਸ਼ਬਦਾਂ ਦੀ ਵਿਆਖਿਆ ਨਾਲ ਗੁਰੂ ਨਾਨਕ ਦਾ ਪਰਮਾਤਮਾ ਸੰਬੰਧੀ ਸੰਕਲਪ ਸਪਸ਼ਟ ਹੋ ਜਾਂਦਾ ਹੈ।

ਬ੍ਰਹਮ ਦਾ ਚਿੰਨ੍ਹ 'ਓਅੰਕਾਰ' ਹੈ। ਓਅੰਕਾਰ ਕਿਸੇ ਤਰ੍ਹਾਂ ਵੀ ਬ੍ਰਹਮ ਤੋਂ ਭਿੰਨ ਨਹੀਂ, ਜਿਸ ਤਰ੍ਹਾਂ ਸੂਰਜ ਦੀ ਕੇਂਦਰੀ ਟਿੱਕੀ ਤੇ ਸੂਰਜ ਦਾ ਵਿਸ਼ਵ ਪ੍ਰਕਾਸ਼ ਇਕੋ ਹੀ ਹਨ। ਆਦਿ ਗ੍ਰੰਥ

---

1. ਗਿਆਨੀ ਹਰਬੰਸ ਸਿੰਘ, ਜਪੁ ਨਿਰਣਯ, ਪੰ: 8, ਚੰਡੀਗੜ੍ਹ, 1963.
2. ਆਦਿ ਗ੍ਰੰਥ, ਪੰ:1040.
3. ਭਾਈ ਗੁਰਦਾਸ, ਵਾਰ 6 — 12.

ਦੇ ਮੂਲ ਮੰਤਰ ਦੇ ਆਰੰਭ ਵਿਚ ਏਕਾ ਹੈ, ਇਹ ਬ੍ਰਹਮ ਦਾ ਵਾਚਕ ਹੈ। ਏਕੇ ਪਿਛੋਂ ਓਅੰਕਾਰ, ਓਅੰਕਾਰ ਪਿਛੋਂ 'ਸਤਿ' ਹੈ ਜੋ ਬ੍ਰਹਮ ਅਰਥਾਤ ਏਕੇ ਦਾ ਵਿਸ਼ੇਸ਼ਣ ਹੈ। ਬ੍ਰਹਮ ਦੇ ਭਾਵੇਂ ਹੋਰ ਬੇਅੰਤ ਵਿਸ਼ੇਸ਼ਣ ਹਨ, ਪਰ ਇਸ ਦਾ ਸਭ ਤੋਂ ਪ੍ਰਧਾਨ ਤੇ ਪੂਰਣ ਵਿਸ਼ੇਸ਼ਣ 'ਸਤਿ' ਹੀ ਹੈ। ਅੱਗੇ 'ਨਾਮੁ ਤੋਂ ਸੈਭੰ' ਤਕ 'ਸਤਿ' ਦੇ ਵਿਸ਼ੇਸ਼ਣ ਹਨ। 'ਸਤਿ' ਉਹ ਹੀ ਕਹਾ ਸਕਦਾ ਹੈ, ਜਿਸ ਦਾ ਕੋਈ 'ਨਾਮ' ਜਾਂ ਚਿੰਨ੍ਹ ਹੋਵੇ; ਜੋ 'ਕਰਤਾ' ਹੋਵੇ ਅਰਥਾਤ ਜੋ ਕਿਸੇ ਕਿਰਿਆ ਦੁਆਰਾ ਆਪਣੀ ਸੱਤਾ ਦਾ ਸਬੂਤ ਦੇ ਸਕੇ; ਜੋ 'ਪੁਰਖ' ਹੋਵੇ ਭਾਵ ਹਰ ਥਾਂ ਭਰਪੂਰ ਹੋਵੇ; ਜੋ 'ਨਿਰਭਉ' ਹੋਵੇ ਅਰਥਾਤ ਜੋ ਆਪਣੇ ਨਾਸ ਹੋਣ ਦੀ ਚਿੰਤਾ ਤੋਂ ਰਹਿਤ ਹੋਵੇ; ਜੋ 'ਨਿਰਵੈਰ' ਹੋਵੇ ਅਰਥਾਤ ਜੋ ਆਪਣੇ ਟਾਕਰੇ ਵਿਚ ਆਪਣੇ ਤੁਲ ਕਿਸੇ ਹੋਰ ਹਸਤੀ ਨੂੰ ਅਨੁਭਵ ਨਾ ਕਰਦਾ ਹੋਇਆ ਵਿਰੋਧ ਤੋਂ ਮੁਕਤ ਹੋਵੇ; ਜੋ 'ਅਕਾਲ ਮੂਰਤਿ' ਹੋਵੇ ਅਰਥਾਤ ਜਿਸ ਦੀ ਮੂਰਤੀ ਆਪਣੇ ਵਿਕਾਸ ਜਾਂ ਪ੍ਰਾਦੁਰਭਾਵ ਲਈ ਕਾਲ ਤੇ ਇਸ ਦੇ ਅੰਗਾਂ (ਦੇਸ਼ ਤੇ ਕਾਰਣ) ਤੋਂ ਮੁਕਤ ਹੋਵੇ; ਜੋ 'ਅਜੋਨੀ' ਹੋਵੇ, ਭਾਵ ਜੋ ਆਪਣੀ ਹੋਂਦ ਵਿਚ ਕਿਸੇ ਹੋਰ ਹੋਂਦ ਦੁਆਰਾ ਇਸਥਿਤ ਨਾ ਹੋਇਆ ਹੋਵੇ; ਜੋ 'ਸੈਭੰ' ਹੋਵੇ ਅਰਥਾਤ ਜੋ ਸੁਤੇ ਪ੍ਰਕਾਸ਼ ਹੋਵੇ ਜਾਂ ਦੂਜੇ ਸ਼ਬਦਾਂ ਵਿਚ ਆਪਣੇ ਪ੍ਰਕਾਸ਼ ਅਥਵਾ ਗੁਣਾਂ ਦਾ ਆਪ ਹੀ ਸੋਮਾ ਹੋਵੇ। 'ਸੈਭੰ' ਤੋਂ ਅਗੇ 'ਗੁਰ ਪ੍ਰਸਾਦਿ' ਹੈ ਭਾਵ ਉਪਰੋਕਤ ਗੁਣਾਂ ਵਾਲੇ ਬ੍ਰਹਮ ਦੀ ਪ੍ਰਾਪਤੀ ਗੁਰੂ ਦੇ ਪ੍ਰਸਾਦਿ ਅਥਵਾ ਕਿਰਪਾ ਦੁਆਰਾ ਹੀ ਹੁੰਦੀ ਹੈ।

ਇਨ੍ਹਾਂ ਸਿਧਾਂਤਾਂ ਦੀ, ਅਗੇ ਵਿਆਖਿਆ ਕੀਤੀ ਜਾਂਦੀ ਹੈ :-

੧-ੴ

ਡਾ: ਸ਼ੇਰ ਸਿੰਘ ਨੇ ਲਿਖਿਆ ਹੈ ਕਿ ਗੁਰੂ ਨਾਨਕ ਦਾ ਹਿੰਦੂ ਧਰਮ ਦੇ ਦੇਵਤਿਆਂ ਵਿਚ ਵਿਸ਼ਵਾਸ ਨਹੀਂ ਸੀ। 'ਓਅੰ' ਦੇ ਤਿੰਨੇ ਅੱਖਰਾਂ ਅ, ਓ, ਮ, ਨੂੰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦਾ ਵਾਚਕ ਮੰਨਿਆ ਜਾਂਦਾ ਸੀ। ਗੁਰੂ ਨਾਨਕ ਨੇ ਰੱਬ ਦੀ ਏਕਤਾ ਨੂੰ ਦ੍ਰਿੜ੍ਹ ਕਰਾਉਣ ਲਈ ਓਅਮ ਦਾ ੧ਓਅੰਕਾਰ ਬਣਾ ਦਿੱਤਾ ਅਤੇ ਓਅੰ ਤੋਂ ਪਹਿਲਾਂ ਇਕ (ਏਕਾ) ਲਾ ਦਿੱਤਾ ਤਾਂ ਜੋ ਕੇਵਲ ਬ੍ਰਹਮ ਦਾ ਭਾਵ ਚੰਗੀ ਤਰ੍ਹਾਂ ਸਪਸ਼ਟ ਹੋ ਜਾਵੇ। ਓਅੰਕਾਰ -ੴ ਦਾ ਭਾਵ ਹੈ 'ਕੇਵਲ'(ਕਾਰ) ਇਕ (੧) ਪਾਰਬ੍ਰਹਮ (ਓਅਮ) ਏਕੇ ਦਾ ਚਿਹਨ ਏਕਤਾ ਦੇ ਭਾਵ ਉਤੇ ਵਿਸ਼ੇਸ਼ ਕਰ ਕੇ ਜ਼ੋਰ ਦਿੱਤਾ ਹੈ।[1]

---

1. Philosophy of Sikhism, P.163.

ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਵਿਚ ਉਹ ਰੱਬ ਕੇਵਲ ਇਕ ਹੈ :-

"ਸਾਹਿਬੁ ਮੇਰਾ ਏਕੋ ਹੈ ਭਾਈ ਏਕੋ ਹੈ।"[1]

ਗੁਰੂ ਨਾਨਕ ਦੀ ਫ਼ਿਲਾਸਫ਼ੀ ਦਾ ਮੁੱਖ ਤੱਤ ਇਕ ਪਰਮੇਸ਼ਰ, ਇਕ ਬ੍ਰਹਮ, ਇਕ ਓਅੰ (ੴ - ਓਅੰਕਾਰ) ਹੈ। ਉਸ ਦੀ ਇਕਾਈ ਦੇ ਗੀਤ ਵੇਦਾਂ[2] (ਉਪਨਿਸ਼ਦਾਂ) ਵਿਚ ਵੀ ਗਾਏ ਗਏ ਹਨ। ਭਾਰਤੀ ਧਰਮ ਗ੍ਰੰਥਾਂ ਦੇ ਆਦਿ ਵਿਚ ਸਭ ਤੋਂ ਪਹਿਲਾਂ 'ਓਅੰ' ਸ਼ਬਦ ਮੰਗਲਾਚਰਣ ਦੇ ਰੂਪ ਵਿਚ ਮਿਲਦਾ ਹੈ। ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੇ ਹਰ ਰਾਗ ਦੇ ਆਰੰਭ ਵਿਚ 'ੴ' ਦਾ ਮੰਗਲ ਲਈ ਪ੍ਰਯੋਗ ਕੀਤਾ ਹੈ।

ਭਾਈ ਸੰਤੋਖ ਸਿੰਘ ਨੇ ਉਪਨਿਸ਼ਦਾਂ ਦੀ ਵਿਚਾਰਧਾਰਾ ਦੇ ਆਧਾਰ ਤੇ 'ੴ' ਦਾ ਵਿਸਤਾਰ ਨਾਲ ਵਿਸ਼ਲੇਸ਼ਣ ਕੀਤਾ ਹੈ।[3]

ਪ੍ਰੋ. ਸਾਹਿਬ ਸਿੰਘ ਨੇ 'ੴ' ਦੇ ਤਿੰਨ ਹਿੱਸੇ ਕੀਤੇ ਹਨ ਅਤੇ ਲਿਖਿਆ ਹੈ ਕਿ 'ਓ' ਸੰਸਕ੍ਰਿਤ ਦਾ ਸ਼ਬਦ ਹੈ। ਅਮਰ ਕੋਸ਼ ਅਨੁਸਾਰ ਇਸ ਦੇ ਤਿੰਨ ਅਰਥ ਹਨ।

(1) ਵੇਦ ਆਦਿ ਧਰਮ ਪੁਸਤਕਾਂ ਦੇ ਆਰੰਭ ਵਿਚ ਅਤੇ ਅਖੀਰ ਵਿਚ, ਅਰਦਾਸ ਜਾਂ ਕਿਸੇ ਪਵਿੱਤਰ ਧਰਮ ਕਾਰਜ ਦੇ ਆਰੰਭ ਵਿਚ ਅੱਖਰ 'ਓ' ਪਵਿੱਤਰ ਅੱਖਰ ਜਾਣ ਕੇ ਵਰਤਿਆ ਜਾਂਦਾ ਹੈ।

(2) ਕਿਸੇ ਹੁਕਮ ਜਾਂ ਪ੍ਰਸ਼ਨ ਆਦਿਕ ਦੇ ਉੱਤਰ ਵਿਚ ਆਦਰ ਅਤੇ ਸਤਿਕਾਰ ਨਾਲ 'ਜੀ ਹਾਂ' ਆਖਣਾ। ਸੋ 'ਓ' ਦਾ ਅਰਥ ਹੈ 'ਜੀ ਹਾਂ'।

(3) 'ਓ' - ਬ੍ਰਹਮ।

ਸੋ 'ੴ' ਦਾ ਅਰਥ ਹੈ, "ਇਕ ਅਕਾਲਪੁਰਖ, ਜੋ ਇਕ ਰਸ ਵਿਆਪਕ ਹੈ।"[4] ਭਾਈ ਜੋਧ ਸਿੰਘ ਨੇ 'ੴ' ਦੇ ਅਰਥ ਇਸ ਤਰ੍ਹਾਂ ਕੀਤੇ ਹਨ, "ਇਕ ਹੈ ਉਹ, ਜਿਸ ਦਾ ਵਾਚਕ 'ਓਮ' ਸ਼ਬਦ ਹੈ।"[5]

---

1. ਆਦਿ ਗ੍ਰੰਥ, ਪੰ:350.
2. "ਏਕੰ ਸਦ ਵਿਪ੍ਰਾ ਬਹੁਧਾ ਵਦੰਤਿ। ਏਕੰ ਏਵ ਅਦ੍ਵਿਤੀਯੰ ਬ੍ਰਹਮ ਪੁਰਸ਼ੁ ਏਵ ਇਦੰ ਸਰਵੰ।"-(ਰਿਗਵੇਦ 1,64,46)
3. ਸ੍ਰੀ ਜਪੁਜੀ ਸਟੀਕ, ਗਰਬ-ਗੰਜਨੀ ਟੀਕਾ, ਪੰ:5-8.
4. ਜਪੁਜੀ ਸਾਹਿਬ ਸਟੀਕ, ਪੰ:38.
5. ਜਪੁਜੀ ਸਟੀਕ, ਪੰ:22.

ਪ੍ਰਿੰ:ਤੇਜਾ ਸਿੰਘ ਨੇ ਲਿਖਿਆ ਹੈ ਕਿ "ਗੁਰੂ ਜੀ ਨੇ ਓਅੰਕਾਰ ਤੋਂ ਪਹਿਲਾਂ ਇਕਾਂਗ ਲਾ ਕੇ ਇਹ ਜ਼ਰੂਰੀ ਕਰ ਦਿੱਤਾ ਕਿ ਅਸੀ ਰੱਬ ਨੂੰ ਹਰ ਹਾਲਤ ਵਿਚ ਇਕ ਕਰ ਕੇ ਮੰਨੀਏ।[1] ਫਰੀਦਕੋਟ ਵਾਲੇ ਟੀਕੇ ਵਿਚ ਅਰਥ ਇਸ ਤਰ੍ਹਾਂ ਕੀਤੇ ਹਨ :-

"ਵੇਦ ਮੇ 'ੴ' ਕੇ ਆਦਿ ਮੇ ਏਕ ਅੰਕ ਨਹੀਂ ਕਹਾ। ਈਹਾਂ ਕਹਾ ਹੈ। ਤਿਸ ਕਾ ਏਹਿ ਤਾਤਪਰਜ ਹੈ ਜੋ ਸਭ ਕੋ ਪ੍ਰਤੀਤ ਹੋ ਜਾਵੇ ਜੋ ਸਿਧਾਂਤ ਵਸਤੂ ਅਦਵੈਤ ਹੈ, ਦਵੈਤ ਨਹੀਂ --- ਰਖਯਾ ਕਰਨੇ ਵਾਲੇ ਕਾ ਨਾਮ 'ੴ' ਕਾ ਵਾਚਯ ਅਰਥ ਹੈ।[2]

ਪੰਡਿਤ ਤਾਰਾ ਸਿੰਘ ਨਰੋਤਮ ਦੇ 'ੴ' ਦੇ ਅਰਥ ਅਥਵਾ ਵਿਆਖਿਆ ਵੀ ਫਰੀਦਕੋਟੀ ਟੀਕੇ ਨਾਲ ਮਿਲਦੀ ਹੈ।[3]

ਉਪਰੋਕਤ ਟੀਕਾਕਾਰਾਂ ਦੀ ਵਿਚਾਰਧਾਰਾ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

(1) ਉਹ ਜਿਹੜੇ ਆਧੁਨਿਕ ਪੱਛਮੀ ਸੰਸਕ੍ਰਿਤੀ ਤੋਂ ਪ੍ਰਭਾਵਤ ਵਿਅਕਤੀ, ਜਿਨ੍ਹਾਂ ਨੇ 'ੴ' ਨੂੰ ਇਕ ਸਮਸਤ ਰੂਪ ਮੰਨ ਕੇ ਇਕ ਅਕਾਲ ਪੁਰਖ, ਇਕ ਪਰਮਾਤਮਾ, ਇਕ ਈਸ਼ਵਰ ਅਥਵਾ ਇਕ ਰੱਬ, ਸਾਮੀ ਤੇ ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਅਰਥ ਕੀਤੇ ਹਨ। ਜਿਵੇਂ ਡਾ:ਸ਼ੇਰ ਸਿੰਘ, ਪ੍ਰੋ:ਸਾਹਿਬ ਸਿੰਘ, ਭਾਈ ਜੋਧ ਸਿੰਘ ਤੇ ਪ੍ਰਿੰ:ਤੇਜਾ ਸਿੰਘ ਆਦਿ।

(2) ਉਹ ਜਿਹੜੇ '੧' ਅਤੇ 'ੴ' ਦੋਹਾਂ ਨੂੰ ਵਖ ਵਖ ਦਾਰਸ਼ਨਿਕ ਮਾਨਯਤਾਵਾਂ ਮੰਨ ਕੇ ਭਿੰਨ ਭਿੰਨ ਭਾਵਾਰਥ ਕਰਦੇ ਹਨ। ਜਿਵੇਂ ਪੰਡਿਤ ਤਾਰਾ ਸਿੰਘ ਨਰੋਤਮ, ਭਾਈ ਸੰਤੋਖ ਸਿੰਘ ਤੇ ਕਰਤਾ ਫਰੀਦਕੋਟੀ ਟੀਕਾ ਆਦਿ।

ਇਥੇ ਭਾਈ ਗੁਰਦਾਸ ਦੀ 'ੴ' ਦੀ ਵਿਆਖਿਆ ਵੀ ਵਰਣਨ ਯੋਗ ਹੈ। ਕਿਉਂਕਿ ਗੁਰੂ ਅਰਜਨ ਸਾਹਿਬ ਨੇ ਉਨ੍ਹਾਂ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਦਿੱਤਾ ਹੈ, ਜਿਹੜੀ ਕਿ ਗੁਰਬਾਣੀ ਰੂਪੀ ਜੰਦਰੇ ਦੇ ਅਨੇਕ ਗੂੜ੍ਹ ਭਾਵਾਂ ਨੂੰ ਅਨੁਭਵੀ ਰੂਪ ਵਿਚ ਖੋਲ੍ਹ ਕੇ

---

1. ਜਪੁਜੀ ਸਟੀਕ-ਭਾਗ ਪਹਿਲੀ, ਪੰ:38.
2. ਗਿਆਨੀ ਬਦਨ ਸਿੰਘ ਸੇਖਵਾਂ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਪੰ:1-2.
3. ਟੀਕਾ ਗੁਰਭਾਵ ਦੀਪਕਾ, ਪੰ:11-12.

ਪੁਸ਼ਟੀ ਗੌਰਵ ਕਰਦੀ ਹੈ। ਦੂਜੇ ਉਕਤ ਆਦਿ ਰੂਪ ਨੂੰ ਗੁਰਮੁਖੀ ਵਿਚ ਲਿਖਣ ਵਾਲੇ ਵੀ ਹਨ, ਜਿਸ ਕਰਕੇ ਉਨ੍ਹਾਂ ਦੀ ਇਸ ਸੰਬੰਧੀ ਗਵਾਹੀ ਧਰਮ ਤੇ ਇਤਿਹਾਸ ਆਦਿ ਦ੍ਰਿਸ਼ਟੀਕੋਣਾਂ ਤੋਂ ਵੀ ਆਪਣੇ ਆਪ ਵਿਚ ਇਕ ਅਨੂਠੀ ਮਹੱਤਵ ਰਖਦੀ ਹੈ, ਜਿਵੇਂ :-

"ਏਕਾ ਏਕੰਕਾਰ ਲਿਖ ਵਿਖਾਲਿਆ।
ਊੜਾ ਓਅੰਕਾਰ ਪਾਸ ਬਹਾਲਿਆ।"[1]

"ਏਕੰਕਾਰ ਇਕਾਂਗ ਲਿਖ ਊੜਾ ਓਅੰਕਾਰ ਲਿਖਾਇਆ।"[2]

"ਨਿਰੰਕਾਰ ਆਕਾਰ ਕਰ ਏਕੰਕਾਰ ਅਪਾਰ ਸਦਾਇਆ,
ਓਅੰਕਾਰ ਅਕਾਰ ਕਰ ਇਕ ਕਵਾਉ ਪਸਾਉ ਕਰਾਇਆ।"[3]

ਭਾਈ ਗੁਰਦਾਸ ਨੇ ਇਹ ਸਪਸ਼ਟ ਕੀਤਾ ਹੈ ਕਿ ਗੁਰੂ ਜੀ ਨੇ 'ਓਅੰ' ਤੋਂ ਪਹਿਲਾਂ ਇਕਾਂਗ ਇਸ ਲਈ ਲਿਖਿਆ ਹੈ ਕਿ ਪਰਮਾਤਮਾ ਇਕ ਹੈ ਤੇ ਉਸ ਦੇ ਤੁਲ ਹੋਰ ਕੋਈ ਨਹੀਂ।

ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਿਚ 'ਓਅੰਕਾਰ' ਸੰਬੰਧੀ ਇਸ ਤਰ੍ਹਾਂ ਲਿਖਿਆ ਹੈ :- "ਓਅੰਕਾਰ ਸ਼ਬਦ ਸਭ ਦੀ ਰਖਿਆ ਕਰਨ ਵਾਲੇ ਕਰਤਾਰ ਦਾ ਬੋਧਕ ਹੈ।

"ਓਅੰਕਾਰ ਏਕੋ ਰਵਿ ਰਹਿਆ।" (ਕਾਨੜਾ ਮ:4)

"ਓਅੰਕਾਰ ਆਕਾਰ ਕਰ ਪਵਨ ਪਾਣੀ ਬੈਸੰਤਰ ਸਾਜੇ। (ਭਾ:ਗੁਰਦਾਸ)

ਸੰਸਕ੍ਰਿਤ ਦੇ ਵਿਦਵਾਨਾਂ ਨੇ ਉ ਅ ਮ ਤਿੰਨ ਅੱਖਰਾਂ ਨੂੰ ਬ੍ਰਹਮਾ, ਵਿਸ਼ਨੂੰ, ਸ਼ਿਵ ਮੰਨ ਕੇ ਓਮ ਨੂੰ ਤਿੰਨ ਦੇਵ ਰੂਪ ਕਲਪਿਆ ਹੈ, ਪਰ ਗੁਰਮਤਿ ਵਿਚ ਓਮ ਦੇ ਮੁੱਢ ਏਕਾ ਅੰਕ ਲਿਖ ਕੇ ਸਿਧ ਕੀਤਾ ਹੈ ਕਿ ਕਰਤਾਰ ਇਕ ਹੈ।[4]

---

1. ਭਾ:ਗੁਰਦਾਸ, ਵਾਰ 3-15.
2. ਓਹੀ, 39-1.
3. ਓਹੀ, 39-2.
4. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ:16.

ਪਰਮਾਤਮਾ ਦੀ ਏਕਤਾ ਦਾ ਵਿਚਾਰ ਗੁਰੂ ਨਾਨਕ ਦੀ ਧਾਰਮਿਕ ਤੇ ਦਾਰਸ਼ਨਿਕ ਵਿਚਾਰ-ਧਾਰਾ ਦੀ ਨੀਂਹ ਹੈ। ਇਸ ਲਈ ਉਨ੍ਹਾਂ ਨੇ 'ੴ' ਨੂੰ ਮੂਲ ਮੰਤਰ ਵਿਚ ਪਹਿਲਾ ਸਥਾਨ ਦਿੱਤਾ ਤੇ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੇ ਸੰਪਾਦਨ ਤੇ ਸੰਕਲਨ ਵਿਚ ਇਸ ਮੰਤਰ ਨੂੰ ਸਭ ਤੋਂ ਪਹਿਲਾਂ ਮੰਗਲਾਚਰਣ ਦੇ ਰੂਪ ਵਿਚ ਵਰਤਿਆ।

ਇਸ ਤੋਂ ਅਗੇ 'ਸਤਿਨਾਮੁ ਤੋਂ ਲੈ ਕੇ ਸੈਭੰ' ਤਕ ਮੂਲ ਮੰਤਰ ਦੇ ਜਿੰਨੇ ਵੀ ਸ਼ਬਦ ਹਨ, ਉਹ ਪਰਮਾਤਮਾ ਦੇ ਕਿਸੇ ਨ ਕਿਸੇ ਗੁਣ ਦੇ ਸੂਚਕ ਹਨ। ਹੁਣ ਅਸੀ ਕ੍ਰਮਵਾਰ ਉਨ੍ਹਾਂ ਉਤੇ ਵਿਚਾਰ ਕਰਾਂਗੇ।

ਸਤਿ-ਨਾਮੁ

ਸਤਿਨਾਮੁ ਦੋ ਸ਼ਬਦਾਂ 'ਸਤਿ' ਤੇ ਨਾਮੁ' ਦਾ ਸਮੂਹ ਹੈ। ਜਪੁ ਬਾਣੀ ਦੇ ਟੀਕਾਕਾਰਾਂ ਨੇ ਇਸ ਸ਼ਬਦ ਦੇ ਵੱਖੋ ਵੱਖਰੇ ਅਰਥ ਕੀਤੇ ਹਨ। ਸੰਖੇਪ ਵਿਚ ਉਨ੍ਹਾਂ ਦੇ ਵਿਚਾਰਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :-

(1) ਉਹ ਜਿਹੜੇ 'ਸਤਿ' ਨੂੰ ਨਾਮੁ ਦਾ ਵਿਸ਼ੇਸ਼ਣ ਮੰਨ ਕੇ ਅਰਥ ਕਰਦੇ ਹਨ ਭਾਵ ਕਿ ਸੱਚਾ ਉਸ ਦਾ ਨਾਮ ਹੀ ਹੈ ਤੇ ਹੋਰ ਸਾਰੇ ਨਾਮ ਝੂਠੇ ਹਨ। ਜਿਵੇਂ ਸੋਢੀ ਮਿਹਰਬਾਨ, ਭਾਈ ਮਨੀ ਸਿੰਘ ਤੇ ਸੁਆਮੀ ਅਨੰਦਘਨ ਆਦਿ।

(2) ਉਹ ਜਿਹੜੇ 'ਸਤਿ' ਨੂੰ ਨਾਮ ਨਾਲੋਂ ਵਧੇਰੇ ਮਹੱਤਾ ਦਿੰਦੇ ਹਨ ਤੇ ਅਰਥ ਇਸ ਤਰ੍ਹਾਂ ਕਰਦੇ ਹਨ, 'ਉਸ ਪ੍ਰਭੂ ਦਾ ਨਾਮ ਸੱਚਾ ਹੈ।' ਜਿਵੇਂ ਆਧੁਨਿਕ ਟੀਕਾਕਾਰ, ਭਾਈ ਵੀਰ ਸਿੰਘ, ਪ੍ਰੋ:ਸਾਹਿਬ ਸਿੰਘ, ਭਾਈ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਤੇ ਡਾ:ਮੋਹਨ ਸਿੰਘ ਆਦਿ।

(3) ਉਹ ਜਿਹੜੇ 'ਸਤਿ' ਤੇ 'ਨਾਮੁ' ਨੂੰ ਦੋ ਭਿੰਨ ਭਿੰਨ ਸ਼ਬਦ ਮੰਨ ਕੇ ਉਨ੍ਹਾਂ ਉਤੇ ਇਕੋ ਜਿਹਾ ਜ਼ੋਰ ਦਿੰਦੇ ਹਨ। ਜਿਵੇਂ ਭਾਈ ਸੰਤੋਖ ਸਿੰਘ ਇਹ ਅਰਥ ਕਰਦੇ ਹਨ, "ਸਤਿ ਸਰੂਪ ਜਿਸ ਕੋ ਹੋਇ, ਸਤਯ ਹੀ ਨਾਮ ਹੋਇ, ਸੋ ਸਤਿਨਾਮੁ।[1] ਪੰਡਿਤ ਤਾਰਾ ਸਿੰਘ ਨਰੋਤਮ ਅਤੇ ਕਰਤਾ ਫਰੀਦਕੋਟੀ ਟੀਕਾ ਨੇ ਵੀ ਇਹੋ ਹੀ ਅਰਥ ਕੀਤੇ ਹਨ।

'ਸਤਿ' ਸ਼ਬਦ ਦੀ ਵਿਆਖਿਆ ਗੁਰੂ ਅਰਜਨ ਦੇਵ ਨੇ 'ਸੁਖਮਨੀ' ਵਿਚ ਇਸ ਤਰ੍ਹਾਂ ਕੀਤੀ ਹੈ:-

"ਦਰਸਨੁ ਸਤਿ ਸਤਿ ਪੇਖਨਹਾਰ। ਨਾਮੁ ਸਤਿ ਸਤਿ ਧਿਆਵਨਹਾਰ।"[2]

---

1. ਗਰਬ ਗੰਜਨੀ ਟੀਕਾ, ਪੰ:9.
2. ਆਦਿ ਗ੍ਰੰਥ, ਪੰ:285.

ਇਥੇ ਸਤਿ ਨਾਮੁ ਦੀ ਥਾਂ ਨਾਮ ਸਤਿ ਕਰਕੇ ਵਰਤਿਆ ਗਿਆ ਹੈ। ਇਥੇ 'ਸਤਿ' ਸੰਗਿਆ ਹੈ। ਜਿਵੇਂ '੧ੴ' ਸ਼ਬਦ ਨਾਉਂ ਵਜੋਂ ਆਇਆ ਹੈ, ਤਿਵੇਂ ਸਤਿ ਇਕ ਸੁਤੰਤਰ ਸ਼ਬਦ ਹੈ ਅਤੇ ਨਾਉਂ ਵਜੋਂ ਵਰਤਿਆ ਗਿਆ ਹੈ। ਦੂਜੇ ਸ਼ਬਦਾਂ ਵਿਚ ਇਸ ਦਾ ਭਾਵ ਇਹ ਹੈ ਕਿ 'ਸਤਿ' ਉਹ ਹੈ, ਜੋ ਦੇਸ਼ ਕਾਲ ਤੇ ਸਮੇਂ ਤੋਂ ਪਰ੍ਹੇ ਹੈ। ਜਿਸ ਵਿਚ ਕੋਈ ਪ੍ਰੀਵਰਤਨ ਨਹੀਂ ਆਉਂਦਾ ਤੇ ਉਹ ਸਦਾ ਹੀ ਅਟੱਲ ਰਹਿੰਦਾ ਹੈ।

ਜਿਥੋਂ ਤਕ ਸਤਿ ਅਤੇ ਨਾਮੁ ਨੂੰ ਵੱਖੋ ਵੱਖਰੇ ਮੰਨਣ ਦਾ ਸੰਬੰਧ ਹੈ, ਪਾਠ ਕਰਨ ਵੇਲੇ ਸਤਿ ਤੇ ਨਾਮੁ ਸੁਭਾਵਕ ਹੀ ਦੋ ਭਾਗਾਂ ਵਿਚ ਵੰਡੇ ਜਾਂਦੇ ਹਨ। ਪੰਡਿਤ ਤਾਰਾ ਸਿੰਘ ਨਰੋਤਮ ਨੇ ਗ੍ਰੰਥ "ਗਿਰਾਰਥ ਕੋਸ਼" ਵਿਚ ਵੀ 'ਸਤਿ' ਅਤੇ ਨਾਮੁ ਦੋਵੇਂ ਵੱਖਰੇ ਵੱਖਰੇ ਪਦ ਮੰਨੇ ਹਨ।[1] 'ਸਤਿ' ਉਸ ਅਕਾਲ ਪੁਰਖ ਦੀ ਨਿਰਗੁਣ ਸੱਤਾ ਦਾ ਸੂਚਕ ਹੈ, ਪਰ 'ਨਾਮੁ' ਸਰਗੁਣ ਸੱਤਾ ਦਾ। ਅਕਾਲ ਪੁਰਖ ਸੱਚ ਵੀ ਹੈ ਅਤੇ ਨਾਮ ਵੀ ਹੈ।

### ਕਰਤਾਪੁਰਖੁ

'ਕਰਤਾ' ਦਾ ਅਰਥ ਸਾਰੇ ਟੀਕਾਕਾਰਾਂ ਨੇ ਇਕ ਸਮਾਨ ਕੀਤਾ ਹੈ। 'ਕਰਤਾ' ਦਾ ਅਰਥ ਹੈ, ਕਰਨ ਵਾਲਾ ਅਥਵਾ ਰਚਨਵਾਲਾ। ਗੁਰਬਾਣੀ ਵਿਚ ਇਸ ਦੀ ਵਿਆਖਿਆ ਇਉਂ ਕੀਤੀ ਗਈ ਹੈ :-

"ਸਭੁ ਕਰਤਾ ਸਭੁ ਭੁਗਤਾ। ਰਹਾਉ।
ਸੁਨਤੋ ਕਰਤਾ ਪੇਖਤ ਕਰਤਾ। ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ।
ਓਪਤਿ ਕਰਤਾ ਪਰਲਉ ਕਰਤਾ। ਬਿਆਪਤ ਕਰਤਾ ਅਲਿਪਤੋ ਕਰਤਾ।
ਬਕਤੋ ਕਰਤਾ ਬੂਝਤ ਕਰਤਾ। ਆਵਤ ਕਰਤਾ ਜਾਤੁ ਭੀ ਕਰਤਾ।
ਨਿਰਗੁਨ ਕਰਤਾ ਸਰਗੁਨ ਕਰਤਾ। ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ।"[2]

ਭਾਵ ਸਭ ਕੁਝ ਹਰੀ ਹੀ ਹੈ। ਕਿਸੇ ਵਿਚ ਆਪਣਾ ਬਲ ਨਹੀਂ। 'ਰਾਗੁ ਬਿਲਾਵਲੁ' ਵਿਚ ਵੀ ਜ਼ਿਕਰ ਆਉਂਦਾ ਹੈ :-

"ਈਥੈ ਨਿਰਗੁਨ ਊਥੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ।"[3]

---

1. ਗ੍ਰੰਥ ਗਿਰਾਰਥ ਕੋਸ਼, ਭਾਗ ਪਹਿਲਾ, ਪੰ:225.
2. ਆਦਿ ਗ੍ਰੰਥ, ਪੰ:862.
3. ਓਹੀ, ਪੰ:827.

ਗੁਰਬਾਣੀ ਵਿਚ ਵਾਹਿਗੁਰੂ ਦੇ ਦੋ ਰੂਪ ਦੱਸੇ ਹਨ: ਇਕ ਉਹ ਜਦ ਉਸ ਨੇ ਕੋਈ ਰਚਨਾ ਨਹੀਂ ਕੀਤੀ ਸੀ ਤੇ ਕੇਵਲ ਆਪ ਹੀ ਆਪ ਸੀ। ਉਸ ਦੇ ਕਰਤਾ ਜਾਂ ਅਜੂਨੀ ਆਦਿ ਹੋਣ ਦੇ ਗੁਣ ਉਸ ਤੇ ਨਹੀਂ ਘਟ ਸਕਦੇ ਸਨ, ਸਗੋਂ ਉਸ ਬਾਬਤ ਅਸੀਂ ਕੋਈ ਵੀ ਸੰਕਲਪ ਆਪਣੇ ਮਨ ਵਿਚ ਨਹੀਂ ਸਾਂ ਕਰ ਸਕਦੇ। ਇਹ ਉਸ ਦਾ 'ਨਿਰਗੁਣ' ਰੂਪ ਹੈ। ਫਿਰ ਉਸ ਨੇ ਰਚਨਾ ਕੀਤੀ ਤੇ ਆਪਣੇ ਆਪ ਨੂੰ ਕੁਦਰਤ ਵਿਚ ਦਰਸਾਇਆ। ਜਿਤਨੇ ਗੁਣ ਜਾਂ ਸਿਫ਼ਤਾਂ ਉਸ ਦੀਆਂ ਵਰਣਨ ਕੀਤੀਆਂ ਜਾਂਦੀਆਂ ਹਨ, ਉਹ ਸਭ ਇਸ 'ਸਰਗੁਣ' ਰੂਪ ਬ੍ਰਹਮ ਦੀਆਂ ਹਨ। ਇਹ ਦੋਵੇਂ ਰੂਪ ਇਕੋ ਵਾਹਿਗੁਰੂ ਦੇ ਹਨ।

'ਪੁਰਖੁ' ਸ਼ਬਦ ਦੇ ਅਰਥ ਬਹੁਤੇ ਟੀਕਾਕਾਰਾਂ ਨੇ 'ਸਰਬ ਵਿਆਪਕ' ਕੀਤੇ ਹਨ। ਜਿਵੇਂ ਭਾਈ ਸੰਤੋਖ ਸਿੰਘ, ਫਰੀਦਕੋਟੀ ਟੀਕਾ, ਭਾਈ ਵੀਰ ਸਿੰਘ, ਪ੍ਰੋ: ਸਾਹਿਬ ਸਿੰਘ ਤੇ ਭਾਈ ਜੋਧ ਸਿੰਘ ਆਦਿ।[1]

ਭਾਈ ਮਨੀ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ[2] ਤੇ ਪ੍ਰਿੰ: ਤੇਜਾ ਸਿੰਘ ਨੇ 'ਪੁਰਖ' ਦੇ ਅਰਥ 'ਪੂਰਣ' ਕੀਤੇ ਹਨ ਅਤੇ ਡਾ: ਮੋਹਨ ਸਿੰਘ ਨੇ 'ਪੁਰੀਆਂ ਬਣਾ ਕੇ ਵਿਚ ਵਸਣ ਵਾਲਾ, ਸਾਰੇ ਪੌਰਸ਼ ( energy ) ਸਾਰੀ ਤਾਕਤ ਵਾਲਾ ( Person ) ਤੇ ਸ਼ਕਤੀ ਨਾਰ ਦਾ ਸੁਆਮੀ ਹੈਂ'[3] ਕੀਤੇ ਹਨ।

ਗੁਰਬਾਣੀ ਵਿਚ ਪਰਮਾਤਮਾ ਲਈ 'ਪੁਰਖ' ਸ਼ਬਦ ਦੇ ਨਾਲ ਅਕਾਲ ਪੁਰਖੁ, ਆਦਿ ਪੁਰਖ, ਸਤਿ,ਪੁਰਖ, ਸੈ ਪੁਰਖੁ, ਪਰਮ ਪੁਰਖੁ ਆਦਿ ਸ਼ਬਦਾਂ ਦੀ ਵਰਤੋਂ ਵੀ ਕੀਤੀ ਹੋਈ ਮਿਲਦੀ ਹੈ, ਉਦਾਹਰਣ ਵਜੋਂ :-

"ਤੂੰ ਅਕਾਲ ਪੁਰਖੁ ਨਾਹੀ ਸਿਰਿ ਕਾਲਾ।
ਤੂ ਪੁਰਖੁ ਅਲੇਖ ਅਗੰਮ ਨਿਰਾਲਾ।"[4]

"ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ।
ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ।"[5]

1. ਵੇਖੋ ਇਨ੍ਹਾਂ ਦੇ 'ਜਪੁਜੀ' ਟੀਕੇ.
2. ਟੀਕਾ ਗੁਰਭਾਵ ਦੀਪਕਾ, ਪੰ:24.
3. ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰ:22.
4. ਆਦਿ ਗ੍ਰੰਥ, ਪੰ:1038.
5. ਓਹੀ, ਪੰ:1385.

"ਸਤਿ ਪੁਰਖੁ ਜਾ ਕੋ ਹੈ ਨਾਉ।
ਮਿਟਹਿ ਕੋਟਿ ਅਘ ਨਿਮਖ ਜਸੁ ਗਾਉ।"[1]

ਜੇ 'ਕਰਤਾ' ਪਰਮਾਤਮਾ ਦੀ ਕਰਤਾਰੀ ਸ਼ਕਤੀ ਦਾ ਸੂਚਕ ਹੈ ਤੇ ਨਿਰਗੁਣ ਸਰੂਪ ਹੈ, ਪਰ 'ਪੁਰਖੁ' ਪ੍ਰਤੱਖ ਪ੍ਰਗਟ ਹੈ, ਇਸ ਲਈ ਸਰਗੁਣ ਹੈ। ਸਾਰੀ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਹੈ ਅਤੇ ਉਹ ਸਰਬ ਵਿਆਪਕ ਹੈ।

ਨਿਰਭਉ - ਨਿਰਵੈਰੁ

ਸਾਰੇ ਟੀਕਾਕਾਰਾਂ ਨੇ 'ਨਿਰਭਉ' ਦੇ ਅਰਥ 'ਡਰ ਤੋਂ ਰਹਿਤ' ਕੀਤੇ ਹਨ। ਭਾਵ ਸਾਰੀ ਸ੍ਰਿਸ਼ਟੀ ਉਸ ਦੇ ਡਰ ਵਿਚ ਹੈ ਅਤੇ ਡਰ ਤੋਂ ਰਹਿਤ ਕੇਵਲ 'ਕਰਤਾ ਪੁਰਖੁ' ਆਪ ਹੀ ਹੈ। ਗੁਰਵਾਕ ਹੈ :-

"ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ।"[2]

'ਨਿਰਵੈਰੁ' ਦਾ ਅਰਥ ਹੈ, 'ਵੈਰ ਭਾਵਨਾ ਤੋਂ ਰਹਿਤ ਹੋਣਾ'। ਸਾਰੇ ਟੀਕਾਕਾਰਾਂ ਨੇ ਨਿਰਵੈਰੁ ਦੇ ਅਰਥ ਇਹੋ ਹੀ ਕੀਤੇ ਹਨ। ਵੈਰ ਭਾਵ ਜਾਂ ਦੁਸ਼ਮਣੀ ਸਦਾ ਕਿਸੇ ਦੂਜੇ ਨਾਲ ਹੁੰਦੀ ਹੈ, ਜਦੋਂ ਇਕੋ ਇਕ ਹੋਵੇ ਤਾਂ ਵੈਰ ਵਿਰੋਧ ਕਿਸ ਨਾਲ? ਗੁਰਵਾਕ ਹੈ :-

"ਜਪੁ ਮਨ ਨਿਰਭਉ। ਸਤਿ ਸਤਿ ਸਦਾ ਸਤਿ।
ਨਿਰਵੈਰੁ ਅਕਾਲ ਮੂਰਤਿ। ਅਜੂਨੀ ਸੰਭਉ।
ਮੇਰੇ ਮਨ ਅਨਦਿਨ ਧਿਆਇ ਨਿਰੰਕਾਰੁ ਨਿਰਾਹਾਰੀ।"[3]

ਭਾਵ ਹੇ ਜੀਵ ਤੂੰ ਉਸ ਵਾਹਿਗੁਰੂ ਦਾ ਸਿਮਰਨ ਕਰ ਜੋ ਨਿਰਭਉ ਹੈ ਅਤੇ ਜਿਸ ਦਾ ਕਿਸੇ ਨਾਲ ਵੈਰ ਨਹੀਂ।

---

1. ਆਦ ਗ੍ਰੰਥ, ਪੰ:863.
2. ਉਹੀ, ਪੰ:464.
3. ਉਹੀ, ਪੰ:1201.

ਅਕਾਲ-ਮੂਰਤਿ

'ਅਕਾਲ' ਦਾ ਅਰਥ ਹੈ, ਕਾਲ ਰਹਿਤ ਤੇ 'ਮੂਰਤਿ' ਦਾ ਅਰਥ ਹੈ, ਹੋਂਦ, ਹਸਤੀ ਜਾਂ ਸਰੂਪ। ਭਾਵ ਇਹ ਕਿ ਉਹ 'ਸਰੂਪ' ਜੋ ਕਾਲ ਦੇ ਅਸਰ ਹੇਠ ਨਹੀਂ। ਜਿਸ ਦਾ ਵਿਨਾਸ਼, ਕਾਲ ਨਹੀਂ ਕਰ ਸਕਦਾ। ਸਾਰੇ ਟੀਕਾਕਾਰਾਂ ਨੇ 'ਅਕਾਲ-ਮੂਰਤਿ' ਦਾ ਅਰਥ ਇਸੇ ਤਰ੍ਹਾਂ ਕੀਤਾ ਹੈ। ਗੁਰਵਾਕ ਹੈ :-

"ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ।"[1]

ਅਕਾਲ ਮੂਰਤਿ ਉਹ ਹੈ, ਜੋ ਹੈ ਤੇ ਸਦਾ ਰਹੇਗਾ।

"ਸਫਲ ਦਰਸਨੁ ਅਕਾਲ ਮੂਰਤਿ ਪ੍ਰਭ ਹੈ ਭੀ ਹੋਵਨਹਾਰਾ।"[2]

ਸੋ 'ਅਕਾਲ ਮੂਰਤਿ' ਸਿਵਾ '੧ਓ ਸਤਿਨਾਮੁ ਕਰਤਾ ਪੁਰਖੁ' ਦੇ ਕੋਈ ਨਹੀਂ।[3]

'ਅਕਾਲ' ਨਿਰਗੁਣ ਸ਼ਕਤੀ ਦਾ ਸੂਚਕ ਹੈ, ਪਰ 'ਮੂਰਤਿ' ਕਿਸੇ ਪ੍ਰਤੱਖ ਪ੍ਰਗਟ ਸਰੂਪ ਦਾ ਸੂਚਕ ਹੈ।[4]

ਅਜੂਨੀ

ਸਾਰੇ ਟੀਕਾਕਾਰਾਂ ਨੇ 'ਅਜੂਨੀ' ਦੇ ਅਰਥ 'ਜਨਮ ਮਰਨ ਤੋਂ ਰਹਿਤ' ਕੀਤੇ ਹਨ। ਪਰ ਪੰ:ਤਾਰਾ ਸਿੰਘ ਨਰੋਤਮ[5] ਤੇ ਭਾਈ ਵੀਰ ਸਿੰਘ ਨੇ[6] 'ਜਿਸ ਦੀ ਹੋਂਦ ਦਾ ਕਾਰਣ ਨਹੀਂ' ਅਰਥ ਵੀ ਕੀਤੇ ਹਨ। ਗੁਰਵਾਕ ਹੈ :-

"ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨ ਤਿਸੁ ਕਾਮ ਨ ਨਾਰੀ।"[7]

---

1. ਆਦਿ ਗ੍ਰੰਥ,ਪੰ:1082.
2. ਉਹੀ, ਪੰ: 609.
3. ਭਾਈ ਵੀਰ ਸਿੰਘ, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ,ਪੋਥੀ ਪਹਿਲੀ,ਪੰ:27.
4. ਡਾ:ਤਾਰਨ ਸਿੰਘ,ਜਪੁ ਦਰਸ਼ਨ ਦੀਦਾਰ,ਪੰ:21.
5. ਟੀਕਾ ਗੁਰਭਾਵ ਦੀਪਕਾ, ਪੰ:28.
6. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ,ਪੋਥੀ ਪਹਿਲੀ,ਪੰ:29.
7. ਆਦਿ ਗ੍ਰੰਥ, ਪੰ:597.

"ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ।"[1]

ਸੋ 'ਅਜੂਨੀ ਨਿਰਗੁਣ ਅਵਸਥਾ' ਨੂੰ ਦ੍ਰਿੜ੍ਹ ਕਰਾਂਦਾ ਹੈ, ਜਿਸ ਦਾ ਕਿਧਰੇ ਜਨਮ ਨਹੀਂ ਹੁੰਦਾ।

ਸੈਭੰ

ਸਾਰੇ ਟੀਕਾਕਾਰਾਂ ਨੇ 'ਸੈਭੰ' ਦੇ ਅਰਥ "ਸ੍ਵਤੇ ਪ੍ਰਕਾਸ਼ ਅਰਥਾਤ ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ", ਕੀਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਵੀ ਇਨ੍ਹਾਂ ਅਰਥਾਂ ਦੀ ਹੀ ਪ੍ਰੋੜ੍ਹਤਾ ਕਰਦੇ ਹਨ ਤੇ 'ਸੈਭੰ' ਸ਼ਬਦ ਦੀ ਵਿਉਤਪੱਤੀ ਸੰਸਕ੍ਰਿਤ ਦੇ ਸ਼ਬਦ 'ਸ੍ਵਯੰਭੂ' ਤੋਂ ਮੰਨਦੇ ਹਨ।[2] ਭਾਈ ਵੀਰ ਸਿੰਘ ਅਨੁਸਾਰ "ਗੁਰਬਾਣੀ ਵਿਚ 'ਅਜੂਨੀ ਸੰਭਉ'[3] 'ਅਜੋਨੀ ਸੰਭਵਿਅਉ'[4] ਪਾਠ ਵੀ ਆਇਆ ਹੈ। ਅਰਥ ਹੈ, ਜੋ ਬਿਨਾਂ ਕਿਸੇ ਕਾਰਣ ਦੇ ਆਪਣੀ ਹੋਂਦ ਵਿਚ ਹੈ। ਇਹ ਪਾਠ ਉਸ ਦੀ ਹੋਂਦ ਦੇ ਲਖਾਇਕ ਹਨ, ਪਰ 'ਸੈਭੰ' ਪਦ ਉਸ ਦੇ 'ਸਵੈ ਪ੍ਰਕਾਸ਼ ਸਰੂਪ' ਹੋਣ ਦਾ ਲਖਾਇਕ ਹੈ। ਪਹਿਲੇ 'ਸਤਿ' ਪਦ ਆਖ ਕੇ ਉਸ ਦੀ ਹੋਂਦ ਤ੍ਰੈਕਾਲ ਅਬਾਧ ਦਸ ਆਏ ਹਨ, ਏਥੇ ਚੇਤਨਤਾ ਸ੍ਵਤੇ ਪ੍ਰਕਾਸ਼ ਦੱਸੀ ਹੈ।"[5]

ਭਾਈ ਗੁਰਦਾਸ ਨੇ ਵੀ ਕਿਹਾ ਹੈ :-

"ਅਕਾਲ ਮੂਰਤਿ ਪੁਰਖੁ ਸੋਇ ਨਾਉ ਅਜੂਨੀ ਸੈਭੰ ਭਾਇਆ।"[6]

ਸੋ ਉਹ ਅਕਾਲ ਪੁਰਖ ਪ੍ਰਗਟ ਸਰੂਪ ਹੈ ਤੇ ਕਿਸੇ ਹੋਰ ਤੇ ਆਧਾਰਿਤ ਨਹੀਂ ਹੈ।

ਗੁਰਪ੍ਰਸਾਦਿ

'ਗੁਰ ਪ੍ਰਸਾਦਿ' ਦੇ ਅਰਥ ਟੀਕਾਕਾਰਾਂ ਨੇ ਦੋ ਤਰ੍ਹਾਂ ਨਾਲ ਕੀਤੇ ਹਨ। ਇਕ ਵਿਚਾਰ ਇਹ ਹੈ ਕਿ 'ਗੁਰ' ਤੇ 'ਪ੍ਰਸਾਦਿ' ਉਸ ਅਕਾਲ ਪੁਰਖ ਦੇ ਗੁਣ ਵਾਚਕ ਹਨ ਜਿਵੇਂ ਕਿ '੧ੴ'

---

1. ਆਦਿ ਗ੍ਰੰਥ, ਪੰ:1136.
2. ਮਹਾਨ ਕੋਸ਼, ਪੰ: 172.
3. ਆਦਿ ਗ੍ਰੰਥ, ਪੰ:1082.
4. ਉਹੀ, ਪੰ:1397.,1407.
5. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ:31.
6. ਭਾਈ ਗੁਰਦਾਸ, ਵਾਰ 38-9.

ਤੋਂ ਲੈ ਕੇ 'ਸੈਭੰ' ਤਕ ਪਦ। ਇਨ੍ਹਾਂ ਟੀਕਾਕਾਰਾਂ ਵਿਚੋਂ ਭਾਈ ਸੰਤੋਖ ਸਿੰਘ, ਕਰਤਾ ਫਰੀਦਕੋਟੀ ਟੀਕਾ, ਤੇ ਡਾ:ਮੋਹਨ ਸਿੰਘ ਪ੍ਰਮੁੱਖ ਹਨ। ਇਨ੍ਹਾਂ ਨੇ 'ਗੁਰ' ਦਾ ਅਰਥ 'ਵੱਡਾ' ਜਾਂ 'ਗਿਆਨ ਦਾ ਸੋਮਾ' ਅਤੇ 'ਪ੍ਰਸਾਦ' ਦੇ ਅਰਥ 'ਪ੍ਰਸੰਨਤਾ' ਜਾਂ 'ਕਿਰਪਾ' ਜਾਂ 'ਸੁੱਧ' ਕੀਤੇ ਹਨ।[1]

ਦੂਜਾ ਵਿਚਾਰ ਬਹੁ ਗਿਣਤੀ ਦਾ ਹੈ ਤੇ ਉਨ੍ਹਾਂ ਨੇ 'ਗੁਰ ਪ੍ਰਸਾਦਿ' ਦੇ ਅਰਥ 'ਗੁਰੂ ਦੀ ਕਿਰਪਾ ਨਾਲ' ਕੀਤੇ ਹਨ, ਭਾਵ ਕਿ '੧ੴ' ਤੋਂ ਸੈਭੰ' ਵਾਲੇ ਗੁਣਾਂ ਵਾਲਾ ਅਕਾਲ ਪੁਰਖ ਗੁਰੂ ਦੀ ਕਿਰਪਾ ਨਾਲਪ੍ਰਾਪਤ ਹੁੰਦਾ ਹੈ। ਇਨ੍ਹਾਂ ਟੀਕਾਕਾਰਾਂ ਵਿਚੋਂ ਸੋਢੀ ਮਿਹਰਬਾਨ, ਭਾਈ ਮਨੀ ਸਿੰਘ, ਸੁਆਮੀ ਅਨੰਦਘਨ, ਪੰਡਿਤ ਤਾਰਾ ਸਿੰਘ ਨਰੋਤਮ, ਭਾਈ ਵੀਰ ਸਿੰਘ,ਪ੍ਰੋ:ਸਾਹਿਬ ਸਿੰਘ ਤੇ ਪ੍ਰਿੰ:ਤੇਜਾ ਸਿੰਘ ਪ੍ਰਤੀਸਿਧ ਹਨ।[2]

ਉਪਰੋਕਤ ਦੋਹਾਂ ਅਰਥਾਂ ਨੂੰ ਜੇ ਗੁਰਬਾਣੀ ਵਿਆਕਰਣ ਦੀ ਕਸਵੱਟੀ ਤੇ ਪਰਖਿਆ ਜਾਵੇ ਤਾਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਗੁਰਬਾਣੀ ਵਿਚ ਜਿਥੇ 'ਗੁਰ ਪ੍ਰਸਾਦਿ' ਦੇ ਅਰਥ 'ਗੁਰੂ ਦੀ ਕਿਰਪਾ ਨਾਲ' ਜਾਂ 'ਗੁਰੂ ਰਾਹੀਂ' ਹੁੰਦੇ ਹਨ, ਉਥੇ 'ਪ੍ਰਸਾਦਿ' ਦੇ 'ਦ' ਨੂੰ ਸਿਹਾਰੀ ਲੱਗੀ ਹੋਈ ਹੁੰਦੀ ਹੈ,[3] ਜਿਵੇਂ :-

"ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ।
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ।"[4]

"ਗੁਰ ਪ੍ਰਸਾਦਿ ਮੈ ਡਗਰੋ ਪਾਇਆ।
ਜੀਵਨ ਮਰਨੁ ਦੋਊ ਮਿਟਵਾਇਆ।"[5]

'ਗੁਰ ਪ੍ਰਸਾਦਿ' ਦੇ ਅਰਥ 'ਗੁਰੂ ਦੀ ਕਿਰਪਾ ਨਾਲ ਕਰਨੇ ਠੀਕ ਹਨ ਭਾਵ ਉਪਰੋਕਤ '੧ੴ' ਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੁੰਦੀ ਹੈ।

---

1. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ.
2. ਓਹੀ,
3. ਵੇਖੋ ਗੁਰਦਾਰਥ,ਪੋਥੀ ਪਹਿਲੀ,1969,ਪੰ:'ਸ'
4. ਆਦਿ ਗ੍ਰੰਥ, ਪੰ:289.
5. ਓਹੀ, ਪੰ: 871.

ਇਸ ਤਰ੍ਹਾਂ ਸਾਰਾ ਮੂਲ ਮੰਤਰ ਇਕ ਮੰਗਲਾਚਰਣ ਬਣ ਜਾਂਦਾ ਹੈ ਅਤੇ ਅਰਥ ਇਹ ਹੋਣਗੇ - ਉਸ ਗੁਰੂ ਦੀ ਕਿਰਪਾ ਨਾਲ (ਆਰੰਭ ਕਰਦਾ ਹਾਂ) ਜਿਸ ਦੇ ਗੁਣ 'ੴ' ਤੋਂ ਲੈ ਕੇ ਸੈਭੰ ਤਕ ਦਿੱਤੇ ਹਨ। ਇਨ੍ਹਾਂ ਅਰਥਾਂ ਦੀ ਪ੍ਰੋੜ੍ਹਤਾ ਇਸ ਗੱਲ ਨਾਲ ਹੁੰਦੀ ਹੈ ਕਿ ਆਦਿ ਗ੍ਰੰਥ ਵਿਚ ਕਈ ਸ਼ਬਦਾਂ ਦੇ ਪਹਿਲਾਂ ਇਸੇ ਮੂਲ ਮੰਤਰ ਦਾ ਸੰਖੇਪ ਰੂਪ 'ੴ ਸਤਿਗੁਰ ਪ੍ਰਸਾਦਿ' ਵਰਤ ਕੇ ਮੰਗਲਾਚਰਣ ਕੀਤਾ ਹੈ।[1]

ਜਪੁਜੀ ਦੇ ਮੂਲ ਮੰਤਰ ਵਿਚ ਹੀ "ਸਚਿਦਾਨੰਦ"[2] ਦੀ ਵਿਆਖਿਆ ਕਰ ਦਿੱਤੀ ਹੈ। 'ਬ੍ਰਹਮ' ਜਾਂ 'ੴ' ਕੀ ਹੈ? ਇਸ ਦਾ ਉੱਤਰ ਦਿੱਤਾ ਹੈ, 'ਸਤਿ' ਭਾਵ ਜੋ ਸਦੀਵੀ ਹੋਂਦ ਦਾ ਵਾਚਕ ਹੈ ਅਤੇ ਜਿਸ ਸੰਬੰਧੀ ਅੱਗੇ ਦੱਸਿਆ ਹੈ :-

"ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"

ਸੱਚ ਦੀ ਆਰਾਧਨਾ ਕਰਨ ਵਾਲਾ ਆਪ ਵੀ ਸੱਚਾ ਹੋ ਜਾਂਦਾ ਹੈ ਕਿਉਂਕਿ ਸਦੀਵਤਾ ਦੀ ਪ੍ਰਾਪਤੀ ਲਈ 'ਸਤਿ' ਨੂੰ ਧਿਆਉਣਾ ਪ੍ਰਮੁੱਖ ਦੱਸਿਆ ਹੈ। ਗੁਰੂ ਨਾਨਕ ਨੇ ਸੱਚ ਨੂੰ ਦਾਰੂ ਇਸੇ ਲਈ ਕਿਹਾ ਹੈ :-

"ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥"[3]

ਭਾਈ ਵੀਰ ਸਿੰਘ ਅਨੁਸਾਰ 'ਸਤਿ' ਪਦ ਨਿਰਦਵੰਦ 'ਸਤਿ' ਦਾ ਵਾਚਕ ਹੈ। 'ਸਤਿ ਅਸਤਿ' ਜਾਂ 'ਸੱਚ ਝੂਠ' ਦਵੰਦ ਪਦ ਹਨ, ਇਹ ਦੁਹਾਂ ਤੋਂ ਉਪਰ ਸਤੰਤ੍ਰ ਸਰੂਪ ਚੇਤਨ ਹਸਤੀ ਦੇ ਅਰਥ ਦੇਂਦਾ ਹੈ। ਜਿਵੇਂ ਮਿਸਾਲ ਲਈ ਸੂਰਜ ਨੂੰ ਮਿਥ ਲਈਏ ਨਿਰਦਵੰਦ ਤੇ 'ਧੁਪ ਛਾਂ' ਨੂੰ ਦਵੰਦ ਤਾਂ ਸੂਰਜ ਦਵੰਦ ਅਰਥਾਂ ਤੋਂ ਉਪਰ ਪ੍ਰਕਾਸ਼ਕ ਰੂਪ ਆਪ ਹੀ ਹੈ, 'ਧੁਪ ਛਾਂ' ਵਾਲੀ 'ਧੁਪ' ਉਸ ਦੇ ਆਸਰੇ ਹੈ। ਸੂਰਜ ਧੁਪ ਦੇ ਆਸਰੇ ਨਹੀਂ।[4] ਗੁਰੂ ਨਾਨਕ ਨੇ ਇਸ ਦੀ ਵਿਆਖਿਆ ਹੋਰ ਥਾਂ ਕੀਤੀ ਹੈ :-

---

1. ਪ੍ਰਿੰ: ਤੇਜਾ ਸਿੰਘ, ਜਪੁਜੀ ਸਟੀਕ, ਪੰ:40.
2. ਸਤਿ + ਚਿਤ + ਆਨੰਦ।
3. ਆਦਿ ਗ੍ਰੰਥ, ਪੰ:468.
4. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ:12.

"ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ।"[1]

ਭਾਵ ਕਿ ਸੱਚਾ ਸਾਹਿਬ ਇਕ ਤੂੰ ਹੈ ਜੋ ਸੱਚ (ਨਿਰਦਵੰਦ) ਹੈਂ, ਹੋਰ ਸੱਚ ਤੂੰ ਵਰਤਾਏ ਹਨ।

ਭਾਈ ਵੀਰ ਸਿੰਘ ਅਨੁਸਾਰ 'ਸਤਿ' ਨਿਰੰਕਾਰ ਦਾ 'ਸਰੂਪ ਲੱਛਣ' ਕਹੀਦਾ ਹੈ। ਉਸ ਦਾ ਸਾਰਾ ਸਰੂਪ ਲੱਛਣ 'ਸਤਿ ਚਿਤ ਆਨੰਦ' ਵਰਣਨ ਕਰਨ ਕਰਕੇ ਇਸ ਪਦ 'ਸਤਿ' ਤੋਂ 'ਸਤਿ ਚਿਤ ਆਨੰਦ' ਉਪਲਖਣ ਭੀ ਦਾਨੇ ਲੋਕ ਸਮਝ ਲੈਂਦੇ ਹਨ।[2]-

'ਸਦਾ ਸਚਿਦਾਨੰਦੇ।' (ਸ੍ਰੀ ਜਾਪੁ ਸਾਹਿਬ ਪਾ:10)

ਜਪੁਜੀ ਵਿਚ ਸਤਿ ਚਿਤ ਆਨੰਦ ਦਾ ਭਾਵ ਇਕੱਠਾ ਹੀ ਇਕ ਪਉੜੀ ਵਿਚ ਆਇਆ ਹੈ :-

"ਸਤਿ ਸੁਹਾਣੁ ਸਦਾ ਮਨਿ ਚਾਉ।" (ਪਉੜੀ-21)

ਭਾਵ ਉਹ ਸਦਾ ਸਤਿ ਹੈ, ਸੁੰਦਰ ਹੈ, ਚੇਤਨ ਹੈ, ਆਨੰਦ ਹੈ। ਡਾ: ਤਾਰਨ ਸਿੰਘ ਅਨੁਸਾਰ "ਜਪੁਜੀ ਸਾਰਾਂਸ਼ ਸਤਿਅਮ ( Truth ) ਸ਼ਿਵੰ ( Good ) ਤੇ ਸੁੰਦਰੰ ( Beautiful ) ਹੈ। ਅਸਲ ਵਿਚ ਇਹ ਤਿੰਨੇ ਪੱਖ ਇਕੋ ਅਸਲੀਅਤ ਦੇ ਤਿੰਨ ਵਿਭਿੰਨ ਕੋਣਾਂ ਤੋਂ ਦਰਸ਼ਨ ਹਨ। ਇਕੋ ਬ੍ਰਹਮ-ਸਰੂਪ ਅਸਲੀਅਤ ਨੂੰ ਜਦੋਂ ਅਧਿਆਤਮਕ, ਰਹੱਸਵਾਦੀ ਤੇ ਧਾਰਮਿਕ ਕੋਣਾਂ ਤੋਂ ਵੇਖਿਆ ਜਾਂਦਾ ਹੈ ਤਾਂ ਉਸਦਾ ਦਰਸ਼ਨ ਸਤਿਅਮ ਦਾ ਹੈ; ਜਦੋਂ ਉਸ ਸਚਾਈ ਦੇ ਦਰਸ਼ਨ ਮਾਨਵ ਦ੍ਰਿਸ਼ਟੀ ਤੋਂ ਸਮਾਜਿਕ ਕਲਿਆਣ ਦੇ ਕੋਣ ਤੋਂ ਕੀਤੇ ਜਾਂਦੇ ਹਨ ਤਾਂ ਉਹ ਸ਼ਿਵੰ ਹੋ ਨਿਬੜਦੀ ਹੈ ਤੇ ਜਦੋਂ ਉਸੇ ਸਤਿ ਦਾ ਸਰੂਪ ਪ੍ਰਕ੍ਰਿਤੀ ਵਿਚੋਂ ਪ੍ਰਕਾਸ਼ਮਾਨ ਹੁੰਦਾ ਦਿਸਦਾ ਹੈ, ਤਾਂ ਉਹ ਸੁੰਦਰੰ ਦਾ ਹੈ। ਪਹਿਲਾ ਬ੍ਰਹਮਾ ਦਾ ਹੈ, ਦੂਜਾ ਵਿਸ਼ਨੂੰ ਦਾ ਹੈ ਅਤੇ ਤੀਜਾ ਸ਼ਿਵ ਦਾ ਹੈ।"[3]

---

1. ਆਦਿ ਗ੍ਰੰਥ, ਪੰ:467.
2. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ:12.
3. ਨੇਮ ਤੇ ਪ੍ਰੇਮ, ਪੰ:76, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1964.

6

'ਸਲੋਕ'

'ਜਪੁਜੀ' ਵਿਚ ਦੋ ਸਲੋਕ ਹਨ: ਇਕ ਆਦਿ ਵਿਚ ਅਤੇ ਦੂਜਾ ਅੰਤ ਵਿਚ। ਇਹ ਸਲੋਕ ਜਪੁਜੀ ਦੇ 'ਮੰਗਲਾਚਰਣ' ਅਤੇ 'ਮੁੰਦਾਵਣੀ' ਮੰਨੇ ਜਾਂਦੇ ਹਨ। ਜਪੁਜੀ ਦੇ ਆਰੰਭ ਵਿਚ ਇਹ ਸਲੋਕ ਹੈ ਪਰ ਇਸ ਉਤੇ 'ਸਲੋਕ' ਸਿਰਲੇਖ ਨਹੀਂ ਦਿੱਤਾ ਗਿਆ।

"ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।" ।੧।

'ਸੁਖਮਨੀ' ਦੀ 17ਵੀਂ ਅਸ਼ਟਪਦੀ ਦੇ ਆਰੰਭ ਵਿਚ ਇਹੋ ਸਲੋਕ ਲਗਾਂ ਮਾਤ੍ਰਾਂ ਦੇ ਅੰਤਰ ਨਾਲ ਲਿਖਿਆ ਮਿਲਦਾ ਹੈ ਜੋ ਗੁਰੂ ਅਰਜਨ ਦੇਵ ਰਚਿਤ ਹੈ :-

"ਆਦਿ ਸਚੁ ਜੁਗਾਦਿ ਸਚੁ।
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ"[1]।੧।

1. ਆਦਿ ਗ੍ਰੰਥ, ਪੰ:285.

ਇਥੇ ਇਸ ਉਪਰ 'ਸਲੋਕ' ਸਿਰਲੇਖ ਲਿਖਿਆ ਹੋਇਆ ਹੈ। ਇਸੇ ਲਈ ਜਪੁਜੀ ਦੇ ਮੰਗਲਾਚਰਣ ਨੂੰ ਵੀ 'ਸਲੋਕ' ਮੰਨਿਆ ਜਾਂਦਾ ਹੈ। ਸਾਰੀ 'ਸੁਖਮਨੀ' ਦਾ ਸਿਰਲੇਖ 'ਗਉੜੀ ਸੁਖਮਨੀ ਮਹਲਾ 5' ਲਿਖਿਆ ਹੋਇਆ ਹੈ। ਇਹ ਸਿਰਲੇਖ ਰਾਗ, ਬਾਣੀ ਦੇ ਨਾਂ ਅਤੇ ਕਰਤਾ ਦਾ ਸੂਚਕ ਹੈ ਅਤੇ ਪਰੰਤੂ ਜਪੁ ਬਾਣੀ ਦਾ ਸਿਰਲੇਖ ਕੇਵਲ 'ਜਪੁ' ਹੀ ਲਿਖਿਆ ਹੈ, ਰਾਗ ਤੇ ਕਰਤਾ ਬਾਰੇ ਕੋਈ ਸੂਚਨਾ ਨਹੀਂ ਦਿੱਤੀ।

ਜਪੁਜੀ ਦੇ ਅੰਤ ਵਿਚ ਇਹ ਸਲੋਕ ਹੈ ਜਿਸ ਉਤੇ 'ਸਲੋਕੁ' ਸਿਰਲੇਖ ਦਿੱਤਾ ਹੋਇਆ ਹੈ:-

"ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ।
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ੧ ।

ਇਸ ਅੰਤਲੇ ਸਲੋਕ ਦੀ ਸੰਖਿਆ '੧' ਲਿਖੀ ਹੈ। ਆਦਿ ਸਲੋਕ ਦੀ ਗਿਣਤੀ ਵੀ '੧' ਲਿਖੀ ਹੈ। ਸਲੋਕਾਂ ਦੀ ਗਿਣਤੀ ਦਾ ਜੋੜ '2' ਨਹੀਂ ਕੀਤਾ ਜਦ ਕਿ ਪਉੜੀਆਂ ਦੀ ਗਿਣਤੀ 1 ਤੋਂ 38 ਤਕ ਕੀਤੀ ਹੈ। ਇਹ ਸਲੋਕ ਥੋੜੇ ਜਿਹੇ ਅੰਤਰ ਨਾਲ ਮਾਝ ਰਾਗ ਵਿਚ ਵੀ ਦਿੱਤਾ ਹੋਇਆ ਹੈ:-

"ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।
ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।
ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ।
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ[1] ੨ ।

1. ਆਦਿ ਗ੍ਰੰਥ, ਪੰ:146.

ਇਹ 'ਰਾਗ ਮਾਝ ਦੀ ਵਾਰ ਤਥਾ ਸਲੋਕ ਮਹਲਾ ੧' ਦੀ 18ਵੀਂ ਪਉੜੀ ਦਾ ਦੂਜਾ ਸਲੋਕ ਹੈ। ਇਸੇ ਲਈ ਅੰਤ ਵਿਚ ਅੰਕ '2' ਦਿੱਤਾ ਹੈ। ਸਿਰਲੇਖ 'ਮਹਲਾ 2' ਵੀ ਲਿਖਿਆ ਹੈ, ਜਿਸ ਅਨੁਸਾਰ ਵੀ ਇਹ ਸਲੋਕ ਗੁਰੂ ਅੰਗਦ ਦੇਵ ਰਚਿਤ ਹੈ।

ਇਥੇ ਇਨ੍ਹਾਂ ਦੋਹਾਂ ਸਲੋਕਾਂ ਦੇ ਕਰਤਾ ਬਾਰੇ ਸੰਦੇਹ ਹੁੰਦਾ ਹੈ ਕਿ ਇਹ ਸਲੋਕ ਗੁਰੂ ਨਾਨਕ ਦੇ ਹਨ ਜਾਂ 'ਆਦਿ ਸਲੋਕ' ਗੁਰੂ ਅਰਜਨ ਦਾ ਅਤੇ 'ਅੰਤਲਾ ਸਲੋਕ' ਗੁਰੂ ਅੰਗਦ ਦਾ ਕਿਉਂਕਿ ਲਿਖਾਰੀ 'ਜਪੁ' ਉਤੇ ਕਿਸੇ 'ਅੰਕ ਸਹਿਤ ਮਹਲੇ' ਦਾ ਕੋਈ ਸੰਕੇਤ ਨਹੀਂ। ਪਰ ਇਸ ਮੁੱਦੇ ਦੀ ਨਵਿਰਤੀ ਲਈ ਦਲੀਲਾਂ ਮਿਲ ਜਾਂਦੀਆਂ ਹਨ।

ਆਦਿ ਸਲੋਕ ਦਾ ਕਰਤਾ —

'ਜਪੁਜੀ' ਦਾ ਆਦਿ ਸਲੋਕ 'ਗਉੜੀ ਸੁਖਮਨੀ ਮਹਲਾ 5' ਵਿਚ 17ਵੀਂ ਅਸਟਪਦੀ ਦੇ ਆਰੰਭ ਵਿਚ ਆਇਆ ਹੈ। 'ਜਪੁਜੀ' ਵਿਚ ਸ਼ਬਦ 'ਭੀ' ਅਤੇ 'ਸੁਖਮਨੀ' ਵਿਚ ਇਹ ਸ਼ਬਦ ਦੋਵੇਂ ਵਾਰੀ 'ਭਿ' ਹੈ। ਇਹ ਪਾਠਾਂਤਰ ਇਸ ਲਈ ਹੈ ਕਿ 'ਸੁਖਮਨੀ' ਵਾਲੇ ਸਲੋਕ ਉਤੇ ਰਾਗ ਦਿੱਤਾ ਹੈ। ਅਤੇ 'ਜਪੁ' ਸਲੋਕ ਉਤੇ ਕੋਈ ਰਾਗ ਨਹੀਂ। ਉਦਾਹਰਣ ਵਜੋਂ ਜਪੁਜੀ ਦੀ 27ਵੀਂ ਪਉੜੀ 'ਸੋਦਰੁ' ਆਦਿ ਗ੍ਰੰਥ ਵਿਚ ਦੋ ਥਾਂਈ ਆਸਾ ਰਾਗ ਵਿਚ ਕੁਝ ਰੂਪਾਂਤਰ ਨਾਲ ਆਈ ਹੈ।[1] ਡਾ. ਤਾਰਨ ਸਿੰਘ ਅਨੁਸਾਰ 'ਜਪੁਜੀ' ਜੇ ਕਿਸੇ ਰਾਗ ਵਿਚ ਆ ਸਕਦੀ ਹੈ ਤਾਂ ਉਹ 'ਆਸਾ' ਹੀ ਹੈ, ਜਿਸ ਵਿਚ ਮਾਮੂਲੀ ਤਬਦੀਲੀਆਂ ਕਰਨ ਨਾਲ 'ਸੋਦਰ' ਦੀ ਪਉੜੀ ਗੁਰੂ ਨਾਨਕ ਸਾਹਿਬ ਨੇ ਆਪ ਹੀ ਲਿਆਂਦੀ ਹੈ।[2]

ਆਦਿ ਗ੍ਰੰਥ ਵਿਚ ਅਜਿਹੇ ਸਲੋਕ ਵੀ ਹਨ ਜੋ ਇਕ ਗੁਰੂ ਦੀ ਬਾਣੀ ਵਿਚ ਹਨ ਤੇ ਦੂਜੇ ਗੁਰ ਵਿਅਕਤੀਆਂ ਦੀ ਬਾਣੀ ਵਿਚ ਦੁਹਰਾਏ ਗਏ ਹਨ। ਜਿਵੇਂ :-

"ਨਿਹਫਲੰ ਤਸ੍ਯ ਜਨਮਸ੍ਯ, ਜਾਵਦ ਬ੍ਰਹਮ ਨ ਬਿੰਦਤੇ।
ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ।
ਏਕ ਕ੍ਰਿਸ੍ਨੰ ਤ ਸਰਬ ਦੇਵਾ ਦੇਵ ਦੇਵਾਤ ਆਤਮਹ।"
ਆਦਿ।

1. ਸੋਦਰੁ ਰਾਗੁ ਆਸਾ ਮਹਲਾ ੧, ਪੰ:8, ਅਤੇ ਰਾਗੁ ਆਸਾ ਮਹਲਾ ੧, ਪੰ:347.
2. ਗੁਰੂ ਨਾਨਕ: ਚਿੰਤਨ ਤੇ ਕਲਾ, ਪੰ:89.

ਸਲੋਕ ਮਹਲਾ ੧ ਦੇ 'ਸਹਸਕ੍ਰਿਤੀ ਸਲੋਕ'[1] ਹਨ, ਜੋ ਕਿ ਥੋੜੇ ਜਿਹੇ ਅੰਤਰ ਨਾਲ 'ਵਾਰ ਮਾਝ' ਅਤੇ 'ਆਸਾ ਵਾਰ' ਵਿਚ 'ਮਹਲਾ 2' ਦੇ ਉਚਾਰੇ ਹਨ।[2]

ਇਸ ਤਰ੍ਹਾਂ ਸਿਰੀ ਰਾਗ ਕੀ ਵਾਰ ਮਹਲਾ 4' ਵਿਚ 'ਮਹਲਾ 3' ਦਾ ਇਕ ਸਲੋਕ ਹੈ :-

"ਗੁਰਿ ਪੂਰੈ ਹਰਿਨਾਮੁ ਦਿੜਾਇਆ ਤਿਨਿ ਵਿਚਹੁ ਭਰਮ ਚੁਕਾਇਆ।"[3]

ਇਹ ਸਲੋਕ ਆਦਿ ਗ੍ਰੰਥ ਦੇ ਅੰਤ ਵਿਚ 'ਮਹਲਾ 4' ਦਾ ਸਲੋਕ ਹੈ।[4]

ਆਦਿ ਸਲੋਕ ਦੇ ਕਰਤ੍ਰਿਤਵ ਦਾ ਨਿਰਣਾ ਕਰਨ ਲਈ ਸ੍ਰੀ ਕਰਤਾਰ ਪੁਰ ਵਾਲੀ ਆਦਿ ਬੀੜ ਦਾ ਤਤਕਰਾ ਸਾਡੀ ਸਹਾਇਤਾ ਕਰਦਾ ਹੈ। ਇਸ ਵਿਚ ਲਿਖਿਆ ਹੈ ਕਿ "ਜਪੁ ਗੁਰੂ ਰਾਮਦਾਸ ਜੀਉ ਕਿਆ ਦਸਖਤਾ ਕਾ ਨਕਲੁ।"[5] ਇਸ ਲਈ ਇਹ ਸਲੋਕ ਗੁਰੂ ਅਰਜਨ ਦੇਵ ਰਚਿਤ ਨਹੀਂ ਹੋ ਸਕਦਾ।

'ਜਪੁਜੀ ਦਾ ਸਭ ਤੋਂ ਪੁਰਾਤਨ ਟੀਕਾ 'ਮਿਹਰਬਾਨ ਸੋਢੀ ਪਰੰਪਰਾ' ਦਾ ਟੀਕਾ ਮੰਨਿਆ ਜਾਂਦਾ ਹੈ। ਇਸ ਵਿਚ ਲਿਖਿਆ ਹੈ :-

"ਤਬ ਗੁਰੂ ਬਾਬਾ ਨਾਨਕ ਪਰਮੇਸੁਰ ਪਾਰਬ੍ਰਹਮ ਦੀ ਉਸਤਤਿ ਸਿਫਤਿ ਸਲਾਹ ਕੀ ਕਾ,ਜਪੁ ਕੀਤਾ, ਸੰਸਾਰੁ ਪਾਪੀ ਨਿਸਤਾਰਨ ਕੇ ਤਾਈਂ। ਤਾ ਫਿਰਿ ਗੁਰੂ ਬਾਬਾ ਨਾਨਕ ਜੀ ਆਖਿਆ ਪਰਮੇਸਰ ਕੀ ਨਾਲਿ ਬੋਲਿਆ ਜਿ :-

"ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।੧।

ਏਹੁ ਸਲੋਕੁ ਮੁਢੁ ਜਪ ਦਾ, ਗੁਰੂ ਬਾਬੇ ਨਾਨਕ ਜੀ ਰਖਿਆ।"[6]

1. ਆਦਿ ਗ੍ਰੰਥ, ਪੰ:1353.
2. ਓਹੀ, ਪੰ:148(ਵਾਰ ਮਾਝ); 469(ਆਸਾ ਵਾਰ)
3. ਓਹੀ, ਪੰ:86-87.
4. ਓਹੀ, ਪੰ:1424(28ਵਾਂ ਸਲੋਕ)
5. ਭਾਈ ਜੋਧ ਸਿੰਘ, ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ,ਪੰ:4, ਪੰ.ਯੂ.ਪਟਿਆਲਾ,1968.
6. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,ਪੋਥੀ ਦੂਜੀ,ਪੰ:249.

ਡਾ: ਮੋਹਨ ਸਿੰਘ ਨੇ ਸਿਧੂ ਨਾਥ ਬ੍ਰਾਹਮਣ ਦੀ 1701 ਈਸਵੀ ਵਿਚ ਲਿਖੀ ਪੋਥੀ ਦੀ ਨਕਲ ਛਾਪੀ ਹੈ, ਜਿਹੜੀ ਕਿ ਕੁਝ ਭਾਸ਼ਾ ਦੇ ਅੰਤਰ ਤੋਂ ਛੁੱਟ, 'ਮਿਹਰਬਾਨ ਦੇ ਟੀਕੇ' ਨਾਲ ਮਿਲਦੀ ਹੈ।[1] ਉਸ ਵਿਚ ਵੀ ਇਸ ਸਲੋਕ ਨੂੰ ਗੁਰੂ ਨਾਨਕ ਦੀ ਰਚਨਾ ਦਸਿਆ ਹੈ।

ਵਾਸਤਵ ਵਿਚ 'ਜਪੁਜੀ' ਨੂੰ ਇਹ ਤਰਤੀਬ ਗੁਰੂ ਨਾਨਕ ਨੇ ਆਪ ਦਿੱਤੀ ਸੀ। ਸੋ ਜਪੁਜੀ ਦਾ ਇਹ 'ਅੰਤਲਮਈ ਸਲੋਕ' ਗੁਰੂ ਨਾਨਕ ਦਾ ਹੈ।

ਅੰਤਿਮ ਸਲੋਕ ਦਾ ਕਰਤਾ —

'ਜਪੁਜੀ' ਦਾ ਅੰਤਲਾ ਸਲੋਕ ਵੀ ਵਾਰ ਮਾਝ ਵਿਚ 'ਮਹਲਾ 2' ਥੱਲੇ ਕੁਝ ਰੂਪਾਂਤਰ ਨਾਲ ਆਇਆ ਹੈ। ਇਸ ਸਲੋਕ ਦੀ ਛੇਵੀਂ ਤੁਕ ਵਿਚ 'ਹੋਰ' ਸ਼ਬਦ ਲਿਖਿਆ ਹੈ ਜੋ ਕਿ 'ਜਪੁ' ਦੇ ਮੂਲ ਪਾਠ ਵਿਚ ਨਹੀਂ। 'ਪਵਣੁ', ਦਿਵਸੁ' ਅਤੇ 'ਵਾਚੈ' ਦੀ ਥਾਂ ਪਉਣੁ, ਦਿਨਸੁ ਅਤੇ ਵਾਚੈ ਪਾਠ ਭੇਦ ਵੀ ਹਨ। 'ਵਾਰ ਮਾਝ ਕੀ ਤਥਾ ਸਲੋਕ ਮਹਲਾ ੧' ਸਿਰਲੇਖ ਨਾਲ 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ' ਲਿਖੀ ਹੈ।[2] ਪਰ 'ਜਪੁ' ਨਾਲ ਕਿਸੇ ਧੁਨੀ ਦਾ ਸੰਕੇਤ ਨਹੀਂ ਹੈ। ਦੋਹਾਂ ਸਲੋਕਾਂ ਵਿਚ ਪਾਠਾਂਤਰ ਇਸੇ ਲਈ ਹੈ।

ਭਾਈ ਬਖਸ਼ੀਸ਼ ਸਿੰਘ ਅਨੁਸਾਰ 'ਗੁਰੂ ਅੰਗਦ ਸਾਹਿਬ ਤੇ, ਬੁੱਢੇ ਆਦਿਕ ਜੋ ਸਿਖ ਸੇ, ਤਿਨਾਂ ਨੇ ਪੁਛਿਆ ਹੈ, ਤਾਂ ਗੁਰੂ ਅੰਗਦ ਜੀ ਨੇ ਉਨ੍ਹਾਂ ਪ੍ਰਤੀ ਇਹ ਸਲੋਕ ਕਿਹਾ ਹੈ।[3] ਪ੍ਰਸ਼ਨ ਉਠਦਾ ਹੈ ਕਿ ਕੀ ਬਾਬਾ ਬੁੱਢਾ ਜੀ ਜਪੁ ਬਾਣੀ ਨਾਲ ਇਹ ਸਲੋਕ ਨਹੀਂ ਜਾਣਦੇ ਸਨ?

ਇਸ ਸਲੋਕ ਦੀਆਂ ਪਹਿਲੀਆਂ ਦੋ ਤੁਕਾਂ ਕੁਝ ਪਾਠਾਂਤਰ ਨਾਲ ਗੁਰੂ ਨਾਨਕ ਨੇ ਆਪਣੀ ਬਾਣੀ 'ਮਾਰੂ ਸੋਲਹੇ ਮਹਲਾ ੧' ਵਿਚ ਦਿੱਤੀਆਂ ਹਨ :-

"ਪਉਣੁ ਗੁਰੂ ਪਾਣੀ ਪਿਤ ਜਾਤਾ। ਉਦਰ ਸੰਜੋਗੀ ਧਰਤੀ ਮਾਤਾ।
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ।"[4]

---

1. ਪੰਜਾਬੀ ਭਾਖਾ ਤੇ ਛੰਦਾਬੰਦੀ, ਪੰ:8, ਓਰੀਐਂਟਲ ਕਾਲਜ, ਲਾਹੌਰ, 1937.
2. ਆਦਿ ਗ੍ਰੰਥ, ਪੰ:137.
3. ਭਾਈ ਬਖਸ਼ੀਸ਼ ਸਿੰਘ, ਜਪੁ ਸਾਹਿਬ ਦਾ ਟੀਕਾ, ਪੰ:163, ਅੰਮ੍ਰਿਤਸਰ, ਸੰਮਤ 1914.
4. ਆਦਿ ਗ੍ਰੰਥ, ਪੰ:1021.

ਗੁਰਬਾਣੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਕਿਸੇ ਵਿਸ਼ੇਸ਼ ਵਿਚਾਰ ਨੂੰ ਦ੍ਰਿੜ੍ਹ ਕਰਾਉਣ ਲਈ ਕਈ ਵਾਰ ਇਕ ਗੁਰੂ ਆਪਣੀ ਬਾਣੀ ਨੂੰ ਆਪ ਹੀ ਤੇ ਕਈ ਵਾਰ ਦੂਜੇ ਗੁਰੂ ਵੀ ਪਹਿਲੇ ਗੁਰੂ ਵਿਅਕਤੀਆਂ ਦੀਆਂ ਤੁਕਾਂ ਨੂੰ ਵਰਤ ਲੈਂਦੇ ਸਨ। ਜਿਵੇਂ ਇਕੋ ਹੀ ਤੁਕ 'ਸੋ ਬੁਝੈ ਜਿਸੁ ਆਪਿ ਬੁਝਾਏ' ਗੁਰੂ ਨਾਨਕ ਨੇ ਰਾਗ ਬਿਲਾਵਲ ਤੇ ਰਾਮਕਲੀ ਵਿਚ ਵਰਤੀ ਹੈ,[1] ਅਤੇ ਫਿਰ ਗੁਰੂ ਅਮਰਦਾਸ ਨੇ ਰਾਗ ਆਸਾ ਤੇ ਬਸੰਤੁ ਵਿਚ ਵਰਤੀ ਹੈ।[2] ਸਾਰੇ ਗੁਰੂ ਕਿਉਂਕਿ ਇਕ ਜੋਤ ਸਨ ਇਸ ਲਈ ਇਕੋ ਆਸ਼ੇ ਦੀ ਮਹਾਨਤਾ ਨੂੰ ਮੁਖ ਰਖ ਕੇ ਉਸ ਨੂੰ ਦ੍ਰਿੜ੍ਹ ਕਰਾਉਣ ਲਈ ਕਈ ਵਾਰੀ ਇਕ ਗੁਰ ਵਿਅਕਤੀ ਦੂਜੇ ਗੁਰ ਵਿਅਕਤੀ ਦੀ ਬਾਣੀ ਦੁਹਰਾ ਦਿੰਦਾ ਸੀ।

ਮਿਹਰਬਾਨ ਦੇ ਟੀਕੇ ਵਿਚ ਲਿਖਿਆ ਹੈ ਕਿ ਇਹ ਸਲੋਕ ਗੁਰੂ ਨਾਨਕ ਦੇਵ ਨੇ ਗੁਰੂ ਅੰਗਦ ਦੇਵ ਨੂੰ ਸੰਬੋਧਨ ਕਰਕੇ ਉਚਾਰਿਆ ਹੈ :-

"ਤਬ ਗੁਰੂ ਬਾਬਾ ਨਾਨਕ ਜੀ ਉਸ ਘਰ ਤੇ ਉਤਰਿਆ। ਦੇਖਿਆ ਕੇ ਘਰਿ ਆਇਆ। ਕਹਿਓ ਸੁ ਜਿ 'ਸਾਬਾਸਿ ਪੁਰਖਾ' ਅੰਗਦਾ। ਤੂੰ ਭਲੇ ਵੇਲੇ ਲਗ ਗੋਹੀ। ਤਬ ਗੁਰੂ ਬਾਬਾ ਨਾਨਕ ਜੀ ਦੈਆਲੁ ਭਇਆ। ਤਬ ਖੁਸੀ ਹੋਇ ਕਰਿ ਇਹ ਸਲੋਕ ਉਚਾਰਿਆ।"[3]

ਸੋ ਇਹ ਸਲੋਕ ਵੀ ਆਦਿ ਗੁਰੂ, ਗੁਰੂ ਨਾਨਕ ਦਾ ਹੈ। ਪੁਰਾਣੀਆਂ ਹਥ ਲਿਖਤੀ ਬੀੜਾਂ ਵਿਚ ਇਸ ਬਾਣੀ ਦਾ ਸਿਰਲੇਖ, 'ਜਪੁ ਮਹਲਾ ੧' ਜਾਂ 'ਆਸਾ ਮਹਲਾ ੧' ਲਿਖਿਆ ਆਮ ਮਿਲਦਾ ਹੈ।[4] ਆਦਿ ਗ੍ਰੰਥ ਦੀ ਸੰਪਾਦਕੀ ਤਰਤੀਬ ਵੀ ਇਸ ਤਰ੍ਹਾਂ ਹੈ ਕਿ ਹਰ ਰਾਗ ਵਿਚ ਪਹਿਲਾਂ ਗੁਰੂ ਨਾਨਕ ਦੀ ਰਚਨਾ ਹੈ। [illegible] ਵੀ ਗ੍ਰੰਥ ਦੇ ਆਰੰਭ ਵਿਚ ਬਾਣੀ ਮੋਢੀ ਜਾਂ ਸੰਸਥਾਪਕ ਦੀ ਹੀ ਹੋ ਸਕਦੀ ਹੈ ਅਤੇ ਸਿਖ ਧਰਮ ਦੇ ਮੋਢੀ ਸਨ - ਗੁਰੂ ਨਾਨਕ ਦੇਵ। ਜੇ ਇਹ ਸਲੋਕ ਗੁਰੂ ਨਾਨਕ ਦੇ ਨਾ ਹੁੰਦੇ ਤਾਂ ਗੁਰੂ ਅਰਜਨ ਇਸ ਸੰਚੀਪੀ 'ਜਪੁਜੀ' ਵਿਚ

1. ਆਦਿ ਗ੍ਰੰਥ, ਪੰ:839, 941.
2. ਉਹੀ, ਪੰ:364, 1175.
3. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੋਥੀ ਦੂਜੀ, ਪੰ:135-36.
4. ਦੇਖੋ, ਇਕ ਪੁਰਾਤਨ ਬੀੜ 'ਗੁਰਦੁਆਰਾ ਸਤਿ ਗੋਪਾਲ ਸਿੰਘ, ਸ਼ੇਰਾਂ ਵਾਲਾ ਗੇਟ, ਪਟਿਆਲਾ, ਵਿਚ ਹੁਣ ਵੀ ਇਸਥਿਤ ਹੈ। ਇਹ ਭਾਈ ਬੰਨੋ ਦੀ ਬੀੜ ਦਾ ਉਤਾਰਾ ਹੈ ਅਤੇ ਪ੍ਰਮਾਣਿਕਤਾ ਵਜੋਂ ਇਸ ਉਤੇ ਸਤਵੀਂ ਪਾਤਸ਼ਾਹੀ ਦੇ ਹਸਤਾਖਸ਼ਰ ਹਨ। ਇਸ ਬੀੜ ਦੇ ਤਤਕਰੇ ਵਿਚ ਅੰਕ 23 ਉਤੇ ਇਹ ਸ਼ਬਦ ਲਿਖੇ ਹਨ: "ਜਪੁ ਮਹਲਾ ੧"। ਇਹ ਬੀੜ ਸੰਮਤ 1710 ਦੀ ਲਿਖੀ ਹੋਈ ਹੈ ਅਤੇ ਲਿਖਾਰੀ ਦਾ ਨਾਂ ਗੁਰਦਿੱਤਾ ਜਟੇਟਾ' ਹੈ।

ਜ਼ਰੂਰ ਸੰਕੇਤ ਕਰਦੇ। ਗੁਰੂ ਅੰਗਦ ਜਾਂ ਗੁਰੂ ਅਰਜਨ ਦੀ ਰਚਨਾ ਬਾਅਦ ਦੀ ਹੈ, ਪਹਿਲਾਂ ਦੀ ਨਹੀਂ, ਕਿਉਂਕਿ ਦੂਜੇ ਗੁਰ ਵਿਅਕਤੀਆਂ ਨੇ ਆਦਿ ਗੁਰੂ ਜੀ ਦੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣਾ ਸੀ ਇਸ ਲਈ ਉਨ੍ਹਾਂ ਦੇ ਸਲੋਕਾਂ ਨੂੰ ਹੀ ਗੁਰੂ ਅੰਗਦ ਦੇਵ ਤੇ ਗੁਰੂ ਅਰਜਨ ਦੇਵ ਨੇ ਦੁਹਰਾਇਆ ਹੈ। "ਅਜਿਹੀ ਰੁਚੀ ਪਹਿਲੀਆਂ ਧਰਮ ਪੁਸਤਕਾਂ ਵਿਚ ਵੀ ਵੇਖੀ ਜਾਂਦੀ ਹੈ। ਈਸ਼ ਉਪਨਿਸ਼ਦ ਦਾ ਆਰੰਭਕ ਸਲੋਕ ਵੀ ਬ੍ਰਿਹਦਾਰਣਯਕ ਉਪਨਿਸ਼ਦ ਵਿਚ ਹੂ-ਬਹੂ ਦੁਹਰਾਇਆ ਗਿਆ ਹੈ।"[1]

<u>ਆਦਿ ਸਲੋਕ : ਮੰਗਲਾਚਰਣ</u> —

ਇਹ ਸਲੋਕ ਜਪੁਜੀ ਦਾ 'ਮੰਗਲਾਚਰਣ' ਹੈ। ਕਾਲ ਤਿੰਨ ਹਨ : ਭੂਤ, ਭਵਿਖ ਅਤੇ ਵਰਤਮਾਨ; ਗੁਰਵਾਕ ਹੈ :-

"ਤਿਸੁ ਬਿਨੁ ਦੂਜਾ ਅਵਰੁ ਨ ਕੋਊ।
ਆਦਿ ਮਧਿ ਅੰਤਿ ਹੈ ਸੋਊ।"[2]

ਪਰੰਤੂ ਜਪੁਜੀ ਦੇ 'ਆਦਿ ਸਲੋਕ' ਵਿਚ 'ਸਚੁ' ਸ਼ਬਦ ਦੀ ਵਰਤੋਂ ਚਾਰ ਵੇਰ ਹੋਈ ਹੈ :-

(1) ਆਦਿ ਸਚੁ
(2) ਜੁਗਾਦਿ ਸਚੁ
(3) ਹੈ ਭੀ ਸਚੁ
(4) ਹੋਸੀ ਭੀ ਸਚੁ

'ਹੈ ਭੀ' ਵਰਤਮਾਨ ਕਾਲ ਹੈ; 'ਹੋਸੀ ਭੀ' ਭਵਿਖ ਕਾਲ ਹੈ; 'ਆਦਿ ਤੇ ਜੁਗਾਦਿ' ਭੂਤ ਕਾਲ ਹੈ। ਇਥੇ ਗੁਰੂ ਨਾਨਕ ਨੇ ਭੂਤ ਕਾਲ ਦੇ ਦੋ ਭਾਗ ਕੀਤੇ ਹਨ : ਆਦਿ ਤੇ ਜੁਗਾਦਿ ਜੁਗਾਂ ਦੀ ਗਿਣਤੀ ਤੋਂ ਪਹਿਲਾਂ ਦਾ ਭੂਤ ਕਾਲ 'ਆਦਿ' ਹੈ। ਭਾਈ ਵੀਰ ਸਿੰਘ ਨੇ 'ਆਦਿ ਦੇ ਅਰਥ' ਕਾਲ ਜਾਂ ਸਮੇਂ ਤੋਂ ਅਤੀਤਤਾ ਅਰਥਾਤ ਕਾਲ ਅਤੀਤ ਅਵਸਥਾ ਜਦੋਂ ਸਮਾਂ ਨਹੀਂ ਸੀ' ਕੀਤੇ ਹਨ।[3] 'ਜੁਗਾਦਿ' ਉਹ ਭੂਤ ਕਾਲ ਹੈ ਜਦੋਂ ਸਮੇਂ ਦਾ ਆਰੰਭ ਹੋਇਆ। ਜੁਗ ਚਾਰ

---

1. ਡਾ: ਦਲੀਪ ਸਿੰਘ ਦੀਪ, ਜਪੁਜੀ; ਇਕ ਤੁਲਨਾਤਮਕ ਅਧਿਐਨ, ਪੰ:279.
2. ਆਦਿ ਗ੍ਰੰਥ, ਪੰ:1001.
3. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ:38.

ਮੰਨੇ ਜਾਂਦੇ ਹਨ: ਸਤਿਜੁਗ, ਤ੍ਰੇਤਾ, ਦੁਆਪੁਰ ਅਤੇ ਕਲਿਜੁਗ ਪਰੰਤੂ ਗੁਰਬਾਣੀ ਵਿਚ 36 ਜੁਗ ਧੁੰਧੂਕਾਰ ਮੰਨਿਆ ਹੈ। ਸਮੇਂ ਦੀ ਇਹ ਵੰਡ ਪੌਰਾਣਿਕ ਹੈ।[1] ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਇਹ ਸਥਿਤੀ 36 ਜੁਗ ਰਹੀ ਹੈ :-

"ਛਤੀਹ ਜੁਗ ਗੁਬਾਰੁ ਕਰਿ ਵਰਤਿਆ ਸੁੰਨਾ ਹਰਿ।"[2]

ਵਿਨੋਬਾ ਭਾਵੇ ਅਨੁਸਾਰ "ਆਦਿ ਦਾ ਅਰਥ ਆਕਾਰ ਦਾ ਮੁੱਢ ਅਤੇ 'ਜੁਗਾਦਿ' ਦਾ ਅਰਥ ਕਾਲ ਦਾ ਆਦਿ ਹੈ। ਸਥਲ-ਕਾਲ( space and time ) ਦਾ ਬ੍ਰਹਮ ਆਦਿ ਹੈ। ਇਹ ਦੋ ਸ਼ਬਦ ਇਸ ਲਈ ਵਰਤੇ ਹਨ ਕਿ ਗੁਰੂ ਨਾਨਕ ਆਖਣਾ ਚਾਹੁੰਦੇ ਹਨ ਕਿ ਬ੍ਰਹਮ ਜਗਤ ਦਾ ਵੀ ਆਦਿ ਅਤੇ ਕਾਲ ਦਾ ਵੀ ਆਦਿ ਹੈ ਜਾਂ ਮੂਲ ਕਾਲ ਦਾ ਆਦਿ ਅਤੇ ਜੁਗਾਂ ਦਾ ਵੀ ਆਦਿ ਹੈ।"[3] ਸੋ ਜਦੋਂ 'ਸਮਾਂ ਜਾਂ ਕਾਲ' ਨਹੀਂ ਸੀ ਉਦੋਂ ਵੀ ਉਹ ਪਰਮਾਤਮਾ 'ਸੱਚ' ਸੀ ਅਤੇ ਜਦ 'ਸਮੇਂ' ਦਾ ਆਰੰਭ ਹੋ ਗਿਆ ਫਿਰ ਵੀ ਉਹ 'ਸੱਚ' ਰਿਹਾ। ਜਿਹੜੀ 'ਸੱਤਾ' ਸਮੇਂ ਨਾਲ ਬਦਲਦੀ ਹੈ, ਉਹ 'ਸੱਚ' ਨਹੀਂ। 'ਸੱਚ' ਅਚਲ ਤੇ ਸਦੀਵੀ( Eternal ) ਹੈ।

ਆਦਿ ਸਲੋਕ ਵਿਚ ਗੁਰੂ ਨਾਨਕ ਨੇ 'ਸਤਿ' ਪਦ ਦਾ ਸਪਸ਼ਟੀਕਰਣ ਕੀਤਾ ਹੈ। ਭਾਈ ਵੀਰ ਸਿੰਘ ਅਨੁਸਾਰ ਸੰਸਕ੍ਰਿਤ ਪਦ 'ਸਤਯ' ਦਾ ਪ੍ਰਾਕ੍ਰਿਤ ਰੂਪ 'ਸਚੁ' ਤੇ ਪੰਜਾਬੀ ਰੂਪ 'ਸੱਚ' ਹੈ। ਮੂਲ ਮੰਤਰ ਵਿਚ ਇਸੇ ਦਾ ਰੂਪ 'ਸਤਿ' ਆ ਗਿਆ ਹੈ। ਤਿੰਨਾਂ ਰੂਪਾਂ ਵਿਚ ਇਕ ਹਸਤੀ ਦਾ ਨਾਮ ਹੈ - ਸਤਯ, ਸਤਿ, ਸੱਚ।[4] 'ਸਤਿ' ਪਦ ਨੂੰ ਮੂਲ ਮੰਤਰ ਵਿਚ '੧ਓ' ਤੋਂ ਉਪਰੰਤ ਉਹ ਸਥਾਨ ਪ੍ਰਾਪਤ ਹੈ ਜੋ ਬ੍ਰਹਮ ਨਾਲ ਸੰਬੰਧਿਤ ਹੋਰ ਕਿਸੇ ਪਦ ਨੂੰ ਨਹੀਂ। ਵਾਸਤਵ ਵਿਚ 'ਸਤਿ' ਪਦ '੧' ਦਾ ਟੀਕਾ ਅਰਥਾਤ ਬ੍ਰਹਮ ਦਾ ਹੀ ਦੂਜਾ ਨਾਂ ਹੈ। ਗੁਰਦੇਵ ਮੂਲ ਮੰਤਰ ਉਚਾਰਣ ਤੋਂ ਬਾਅਦ ਜੋ ਕਿਸੇ ਸ਼ਬਦ ਰਾਹੀਂ ਬ੍ਰਹਮ ਦੀ ਪਰਿਭਾਸ਼ਾ ਕਰਦੇ ਹਨ ਤਾਂ ਉਹ 'ਸਤਿ ਜਾਂ ਸੱਚ' ਹੀ ਹੈ ਜੋ ਤ੍ਰੈਕਾਲ ਵਿਆਪਕ ਹੈ। ਇਸ ਰੂਪ ਵਾਲੀ ਸੱਤਾ ਕੇਵਲ ਇਕ ਹੈ ਜਿਸ ਨੂੰ ਗੁਰੂ ਸਾਹਿਬ ਨੇ ਆਰੰਭ ਵਿਚ '੧ਓ' ਲਿਖਿਆ ਹੈ। ਇਸ ਤਰ੍ਹਾਂ '੧ਓ' ਤੇ ਸਤਿ' ਇਕ ਰੂਪ ਅਥਵਾ ਅਭੇਦ ਹਨ।

---

1. * Dr. Surinder Singh Kohli, Outlines of Sikh Thought, P.38, Punjabi Parkashak, Karol Bhag, New Delhi, 1966.
2. ਆਦਿ ਗ੍ਰੰਥ, ਪੰ:949.
3. ਵਿਨੋਬਾ ਭਾਵੇ, ਜਪੁਜੀ, ਅਨੁਵਾਦਕ ਸੀਤਾ ਰਾਮ ਬਾਹਰੀ, ਪੰ:34.
4. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ:38.

'ਰਿਗ ਵੇਦ' ਵਿਚ 'ਸਤਿ' ਨੂੰ ਮਹਾਨ ਸੱਤਾ ਦਾ ਸੂਚਕ ਮੰਨਿਆ ਗਿਆ ਹੈ। ਉਪਨਿਸ਼ਦਾਂ ਵਿਚ ਵੀ 'ਸਤਿ' ਬ੍ਰਹਮ ਦਾ ਵਾਚਕ ਸ਼ਬਦ ਹੈ। 'ਮਾਂਡੂਕ ਉਪਨਿਸ਼ਦ' ਦੇ ਆਰੰਭ ਵਿਚ ਉਸ ਨੂੰ ਭੂਤ, ਭਵਿੱਖ ਅਤੇ ਵਰਤਮਾਨ ਤਿੰਨਾਂ ਕਾਲਾਂ ਵਿਚ 'ਸਤਿ' ਕਿਹਾ ਹੈ। 'ਗੀਤਾ' ਵਿਚ ਬ੍ਰਹਮ ਨੂੰ ਸਤਿ ਅਸਤਿ ਦੋਵੇਂ ਹੀ ਕਿਹਾ ਹੈ।[1] ਵੇਦਾਂਤ ਦੇ ਪ੍ਰਸਿੱਧ ਭਾਸ਼ਕਾਰ ਸ਼ੰਕਰਾਚਾਰਜ ਨੇ ਬ੍ਰਹਮ ਨੂੰ ਸਤਿ ਚਿਤ ਆਨੰਦ ਕਿਹਾ ਹੈ। ਉਸ ਅਨੁਸਾਰ 'ਸਤਿ' ਦਾ ਭਾਵ ਹੈ ਕਿ ਉਹ ਅਸਤਿ ਨਹੀਂ ਹੈ। ਉਸ ਦੀ ਹੋਂਦ ਅਟਲ ਹੈ।[2] ਕਿਉਂਕਿ ਉਹ ਆਪਣੀ ਹੋਂਦ ਲਈ ਕਿਸੇ ਤੇ ਨਿਰਭਰ ਨਹੀਂ ਹੈ।

ਸੰਤ ਕਬੀਰ ਨੇ 'ਸਤਿ' ਦੇ ਅਰਥ 'ਸਦਾ ਥਿਰ ਰਹਿਣ ਵਾਲਾ ਪਦਾਰਥ' ਕੀਤੇ ਹਨ। ਉਤਪੱਤੀ ਅਤੇ ਨਾਸ਼ ਦੇ ਕ੍ਰਮ ਵਿਚ ਬਦਲਣ ਵਾਲੇ ਪਦਾਰਥ ਨੂੰ ਉਨ੍ਹਾਂ 'ਅਸਤਿ' ਕਿਹਾ ਹੈ।[3] ਗੁਰੂ ਨਾਨਕ ਦੇਵ ਨੇ ਆਪਣੀ ਸਾਰੀ ਬਾਣੀ ਵਿਚ 'ਸਤਿ ਜਾਂ ਸੱਚ' ਸ਼ਬਦ ਬ੍ਰਹਮ ਲਈ ਵਰਤਿਆ ਹੈ। ਉਨ੍ਹਾਂ ਅਨੁਸਾਰ ਉਹ ਬ੍ਰਹਮ ਸੱਚਾ ਹੈ ਜਿਸ ਨੇ ਸ੍ਰਿਸ਼ਟੀ ਸਾਜੀ ਹੈ :-

"ਸਾਚਾ ਸਚੁ ਸੋਈ ਅਵਰੁ ਨ ਕੋਈ।
ਜਿਨਿ ਸਿਰਜੀ ਤਿਨ ਹੀ ਫੁਨਿ ਗੋਈ।"[4]

ਗੁਰੂ ਅਰਜਨ ਦੇਵ ਨੇ ਉਸ ਸੱਤਾ ਨੂੰ 'ਸਤਿ' ਅਤੇ ਸਦਾ ਥਿਰ ਰਹਿਣ ਵਾਲੀ ਕਿਹਾ ਹੈ :-

"ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ।
ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ"।[5]

ਗੁਰੂ ਗੋਬਿੰਦ ਸਿੰਘ ਨੇ 'ਸਦਾ ਸਚਿਦਾਨੰਦ ਸਤ੍ਰੰ ਪ੍ਰਣਾਸੀ'[6] ਵਿਚ ਬ੍ਰਹਮ ਨੂੰ 'ਸਤਿ' ਹੀ ਕਿਹਾ ਹੈ। ਡਾਕਟਰ ਟਰੰਪ ਨੇ 'ਸਤਿ' ਦਾ ਅੰਗ੍ਰੇਜ਼ੀ ਉਲਥਾ( Really Existing)

---

1. ਗੀਤਾ (13-12)
2. J. Kalathil, The Degelopment of the Gita Concept of God, P.43, Rev. FR D.A. Louredes St. Josephs Industrial School Press, Trichinopoly,1950.
3. ਸਾਚ ਸੋਇ ਜੋ ਥਿਰਹ ਰਹਾਈ। ਉਪਜੈ ਬਿਨਸੈ ਝੂਠਿ ਹੋਇ ਜਾਈ(ਕਬੀਰ ਗ੍ਰੰਥਾਵਲੀ ਪੰ: 223, ਹਵਾਲਾ: ਗੁਰਬਾਣੀ ਟੀਕੇ: ਅਨੁਸ਼ੀਲਨ, ਸੰਪਾਦਕ, ਡਾ: ਰਤਨ ਸਿੰਘ ਜੱਗੀ, ਪੰ:29)
4. ਆਦਿ ਗ੍ਰੰਥ, ਪੰ:1020.
5. ਉਹੀ, ਪੰ: 46.
6. ਜਾਪੁ ਸਾਹਿਬ

'ਅਸਲੀ ਹੋਂਦ ਵਾਲਾ' ਕੀਤਾ ਹੈ।[1] ਡਾ. ਮੋਹਨ ਸਿੰਘ ਅਨੁਸਾਰ "ਸੱਚ ਦੇ ਤਿੰਨ ਅਰਥ ਹਨ —

True, Eternal and All powerful; Notxx false, Not dying, not with limited energy. ਬ੍ਰਹਮ ਸੱਚ ਹੈ ਸੀ, ਜੁਗਾਂ ਵਿਚ ਸੱਚ ਸੀ, ਹੁਣ ਵੀ ਸੱਚ ਹੈ ਤੇ ਅੱਗੋਂ ਵੀ ਸੱਚ ਹੋਵੇਗਾ। ਏਨਾ ਹੀ ਅਸੀਂ ਧਿਆਨ - ਗਿਆਨ - ਕਲਪਨਾ ਦੀਆਂ ਬਾਹਾਂ ਵਿਚ ਲੈ ਸਕਦੇ ਹਾਂ। ਬਾਕੀ ਹੋਰ ਵਿਚਾਰ ਉਸ ਦੇ ਬਾਰੇ ਅਸੀਂ ਨਿਸ਼ਚੇ ਪੂਰਬਕ ਨਹੀਂ ਕਰ ਸਕਦੇ, ਕਿਉਂਕਿ ਅਸੀਂ ਜੋ ਕੁਝ ਸੋਚਾਂਗੇ, ਉਹ ਦੇਸ ਕਾਲ ਨਿਮਿਤ ਵਿਚ ਬੱਧਾ ਹੋਵੇਗਾ ਅਤੇ ਬ੍ਰਹਮ ਤਿੰਨਾਂ ਤੋਂ ਪਰ੍ਹੇ ਹੈ।[2] ਜਪੁਜੀ ਵਿਚ ਵੀ ਗੁਰੂ ਸਾਹਿਬ ਨੇ ਕਿਹਾ ਹੈ :-

"ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।"

ਭਾਵ ਬ੍ਰਹਮ ਸਭ ਦਾ ਆਦਿ ਹੈ, ਉਸ ਦੀ ਆਪਣੀ ਹੋਂਦ ਵਿਚ ਕੋਈ ਅੰਤਰ ਨਹੀਂ ਆਉਂਦਾ ਅਤੇ ਹਰ ਜੁਗ ਵਿਚ ਉਸ ਦੀ ਵੇਸ਼ ਭੂਸ਼ਾ ਇਕਰਸ, ਨਿਰੰਤਰ ਤੇ ਅਚਲ ਹੈ। ਫਿਰ ਇਸੇ ਭਾਵ ਨੂੰ ਉਨ੍ਹਾਂ ਨੇ ਆਪ ਹੀ ਇਸ ਤਰ੍ਹਾਂ ਖੋਲ੍ਹਿਆ ਹੈ :-

"ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।"
—(ਪਉੜੀ-27)

ਅਰਥਾਤ ਉਹ 'ਚੇਤਨ ਵਜੂਦ' ਜੋ ਹੈ, ਸੀ ਅਤੇ ਹੋਵੇਗਾ। ਜਿਵੇਂ ਉਹ ਬ੍ਰਹਮ, ਜਿਸ ਨੂੰ ਗੁਰੂ ਨਾਨਕ ਨੇ ੧ਓ ਕਿਹਾ ਹੈ, ਕਦੇ ਪੁਰਾਣਾ ਜਾਂ ਮੈਲਾ ਨਹੀਂ ਹੁੰਦਾ ਹੈ, ਤਿਵੇਂ 'ਸਤਿ' ਜੋ ਉਸਦਾ ਵਿਸ਼ੇਸ਼ ਰੂਪ ਹੈ, ਕਦੇ ਪੁਰਾਣਾ ਨਹੀਂ ਹੁੰਦਾ। ਇਸ ਸਚਾਈ ਨੂੰ ਉਨ੍ਹਾਂ ਇਸ ਤਰ੍ਹਾਂ ਬਿਆਨ ਕੀਤਾ ਹੈ :-

"ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ।
ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ।"[3]

ਇਹ 'ਸਤਿ' ਪਦ ਨਿਰਦਵੰਦ 'ਸਤਿ' ਦਾ ਵਾਚਕ ਹੈ। ਗੁਰੂ ਅਰਜਨ ਦੇਵ ਨੇ 'ਸੁਖਮਨੀ' ਵਿਚ ਕਿਹਾ ਹੈ :-

"ਰੂਪੁ ਸਤਿ ਜਾ ਕਾ ਸਤਿ ਅਸਥਾਨੁ। ਪੁਰਖੁ ਸਤਿ ਕੇਵਲ ਪਰਧਾਨੁ।"[4]

---

1. Ernest Trumpp, The Adi Granth, Wm . H. Allen & Co., London, 1877.
2. ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰ:27.
3. ਆਦਿ ਗ੍ਰੰਥ, ਪੰ:955.
4. ਉਹੀ, ਪੰ:284.

ਜਦੋਂ ਕਾਲ ਤੇ ਸਮੇਂ ਦੇ ਅਬਾਧ ਕਰਕੇ ਗੁਰੂ ਅਰਜਨ ਬ੍ਰਹਮ ਨੂੰ 'ਸਤਿ' ਕਹਿੰਦੇ ਹਨ ਤਾਂ ਤਿੰਨ ਵਾਰ 'ਸਤਿ' ਕਹਿ ਕੇ ਉਸ ਦੀ ਸੱਤਾ ਨੂੰ ਦ੍ਰਿੜ੍ਹ ਕਰਾਂਦੇ ਹਨ :-

"ਸਸਾ ਸਤਿ ਸਤਿ ਸਤਿ ਸੋਊ ਸਤਿ ਪੁਰਖ ਤੇ ਭਿੰਨ ਨ ਕੋਊ।"[1]

ਗੁਰੂ ਅਰਜਨ ਸਾਹਿਬ ਨੇ 'ਸਤਿ' ਨੂੰ ਅਕਿਰਤਮ ਨਾਮ ਕਿਹਾ ਹੈ ਜਦੋਂ ਕਿ ਹੋਰ ਨਾਮਾਂ ਨੂੰ 'ਕਿਰਤਮ ਨਾਮ' ਦਸਿਆ ਹੈ :-

"ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਿਨਾਮੁ ਤੇਰਾ ਪਰਾ ਪੂਰਬਲਾ।"[2]

'ਸਤਿ ਜਾਂ ਸੱਚ' ਦੀ ਆਰਾਧਨਾ ਦਾ ਫਲ ਇਹ ਹੋਵੇਗਾ ਕਿ ਸਾਧਕ ਸੱਚ ਰੂਪ ਹੋ ਜਾਵੇਗਾ :-

"ਨਾਨਕ ਸਚੁ ਧਿਆਇਨਿ ਸਚੁ।"[3]

ਇਸੇ ਭਾਵ ਨੂੰ ਗੁਰੂ ਅਰਜਨ ਸਾਹਿਬ ਨੇ 'ਆਦਿ ਸਲੋਕ' ਦੀ ਵਿਆਖਿਆ ਕਰਦੇ ਹੋਏ 'ਸੁਖਮਨੀ' ਦੀ 17ਵੀਂ ਅਸ਼ਟਪਦੀ ਦੀਆਂ ਪਹਿਲੀਆਂ ਦੋ ਪਉੜੀਆਂ ਵਿਚ ਦ੍ਰਿੜ੍ਹ ਕਰਵਾਇਆ ਹੈ :-

"ਨਾਮ ਸਤਿ ਸਤਿ ਧਿਆਵਨਹਾਰ।"[4]
— (ਸੁਖਮਨੀ, 17/1)

ਅਗਲੀ ਪਉੜੀ ਵਿਚ ਉਸ ਨੂੰ 'ਸਤਿ ਸਰੂਪ' ਕਹਿ ਕੇ ਇਹ ਦਸਿਆ ਹੈ ਕਿ ਜਿਸ ਨੇ ਅਜਿਹੇ ਪ੍ਰਭੂ ਦੀ ਮੂਰਤ ਨੂੰ ਮਨ ਵਿਚ ਟਿਕਾਇਆ ਹੈ, ਉਸ ਨੇ ਹੀ ਇਸ ਸੰਸਾਰ ਦੇ ਮੂਲ ਅਰਥਾਤ ਪਰਮਾਤਮਾ ਨੂੰ ਪਛਾਣ ਲਿਆ ਹੈ :-

"ਸਤਿ ਸਰੂਪੁ ਰਿਦੈ ਜਿਨਿ ਮਾਨਿਆ।
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ।"[5]

---

1. ਆਦਿ ਗ੍ਰੰਥ, ਪੰ:250.
2. ਉਹੀ, ਪੰ:1083. (ਜੋ ਨਾਮ ਗੁਣ ਜਾਂ ਕਰਮਾਂ ਕਰਕੇ ਪੈ ਜਾਵੇ ਸੋ ਕਿਰਤਮ ਜਾਂ ਕਰਮ ਨਾਮ ਜਿਵੇਂ ਜਗਤ ਰਚਨਾ ਕਰਨ ਕਰਕੇ 'ਕਰਤਾਰ' ਨਾਮ ਪਿਆ।
3. ਉਹੀ, ਪੰ:463.
4. ਉਹੀ, ਪੰ:285.
5. ਉਹੀ, ਪੰ:285.

'ਸੱਚ' ਤੋਂ ਗੁਰੂ ਨਾਨਕ ਦੇਵ ਦਾ ਭਾਵ ਅਤਿ ਗੰਭੀਰ ਹੈ। ਗੁਰੂ ਨਾਨਕ ਦਾ ਸੱਚ ਦਾ ਸੰਕਲਪ ਦ੍ਰਿਸ਼ਟ ਤੇ ਅਦ੍ਰਿਸ਼ਟ ਬ੍ਰਹਮੰਡ ਦੀ ਹੋਂਦ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਉਹ ਬ੍ਰਹਮੰਡ ਦੀ ਹੋਂਦ ਤੋਂ ਪਹਿਲਾਂ ਵੀ ਮੌਜੂਦ ਸੀ ਅਤੇ ਆਪਣੇ ਸੱਚ ਸਰੂਪ ਵਿਚ ਸੁੰਨ - ਅਵਸਥਾ ਵਿਚ ਵਿਚਰ ਰਿਹਾ ਸੀ। ਕਾਲ ਤੇ ਦੇਸ਼ ਦੀ ਸੰਭਾਵਨਾ ਤੋਂ ਪਹਿਲਾਂ ਵੀ ਉਹ ਆਪਣੇ ਸਮਗਰ ਰੂਪ 'ਸੱਚ' ਵਿਚ ਸਮਾਧੀ ਇਸਥਿਤ ਸੀ। ਜੁਗਾਂ ਦੇ ਵਿਸ਼ਾਲ ਕਾਲ-ਖੰਡਾਂ ਵਿਚ ਉਸ ਦੀ ਸਚਾਈ ਵਿਚ ਰੰਚਕ-ਮਾਤਰ ਵੀ ਅੰਤਰ ਨਹੀਂ ਪੈਂਦਾ। ਜਦੋਂ ਬ੍ਰਹਮੰਡ ਦੀ ਹੋਂਦ ਦੇਸ਼,ਕਾਲ ਨਮਿੱਤ ਵਿਚ ਸੀਮਿਤ ਸ੍ਰਿਸ਼ਟੀ ਦੀ ਸਥਿਰਤਾ ਉਸ ਬ੍ਰਹਮ ਵਿਚ ਲੀਨ ਹੋ ਜਾਵੇਗੀ, ਓਦੋਂ ਵੀ ਉਸ ਦੀ ਹੋਂਦ 'ਸੱਚ' ਹੀ ਰਹੇਗੀ ਅਤੇ ਉਸ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੇ ਲੱਛਣਾਂ ਵਿਚ ਕੋਈ ਅੰਤਰ ਨਹੀਂ ਆਵੇਗਾ। ਜਿਵੇਂ ਜਪੁਜੀ ਵਿਚ ਉਨ੍ਹਾਂ ਆਪ ਕਿਹਾ ਹੈ :-

> "ਤੂ ਸਦਾ ਸਲਾਮਤਿ ਨਿਰੰਕਾਰ।"
>
> —(ਪਉੜੀ- 16-19)

ਸੋ 'ਸੱਚ', ਆਦਿ ਸਲੋਕ' ਦਾ ਮੁੱਖ ਮਜ਼ਮੂਨ ਹੈ ਤੇ ਜਪੁਜੀ ਦੀਆਂ ਅਗਲੀਆਂ 38 ਪਉੜੀਆਂ ਵਿਚ 'ਸਚਿਆਰ ਪਦ' ਦੀ ਪ੍ਰਾਪਤੀ ਦੇ ਸਾਧਨ ਦੱਸੇ ਹਨ ਤੇ ਇਸੇ ਨੂੰ ਹੀ ਗੁਰੂ ਨਾਨਕ ਦੇਵ ਨੇ ਮਨੁੱਖੀ ਜੀਵਨ ਦਾ ਲਖਸ਼ ਕਿਹਾ ਹੈ।

ਅੰਤਮ ਸਲੋਕ : ਮੁੰਦਾਵਣੀ —

ਇਹ ਸਲੋਕ ਜਪੁਜੀ ਦਾ 'ਮੁੰਦਾਵਣੀ' ਹੈ। ਇਸ ਵਿਚ ਜਪੁਜੀ ਦਾ ਸਾਰ ਸਿਧਾਂਤ ਉਪਦੇਸ਼ ਹੈ।[1] ਸਰੀਰ ਪੰਜ ਤੱਤਾਂ ਦੇ ਸੁਮੇਲ ਨਾਲ ਬਣਦਾ ਹੈ। ਉਹ ਪੰਜ ਤੱਤ ਪੌਣ, ਪਾਣੀ, ਧਰਤੀ, ਅਗਨੀ ਤੇ ਅਕਾਸ਼ ਹਨ। ਇਨ੍ਹਾਂ ਵਿਚੋਂ ਹਰ ਇਕ ਦੀ ਆਪਣੀ ਆਪਣੀ ਮਹਾਨਤਾ ਹੈ :-

> "ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।
> ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।"[2]

ਜੀਵਨ ਵਿਚ ਸਭ ਤੋਂ ਪਹਿਲਾ ਆਧਾਰ ਪ੍ਰਭੂ ਹੈ, ਦੂਜਾ ਗੁਰੂ ਹੈ, ਤੀਜਾ ਪਿਤਾ ਦਾ ਹੈ, ਚੌਥਾ ਮਾਤਾ ਦਾ ਹੈ, ਫਿਰ ਖਿਡਾਵੇ ਤੇ ਖਿਡਾਵੀਆਂ ਦਾ ਹੈ। ਮਨੁੱਖ ਨੂੰ ਮਾਤਾ, ਪਿਤਾ ਅਤੇ

---

1. ਭਾਈ ਵੀਰ ਸਿੰਘ, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ:175.
2. ਆਦਿ ਗ੍ਰੰਥ, ਪੰ: 19.

ਗੁਰੂ ਤਿਨਾਂ ਕੋਲੋਂ ਸਿੱਖਿਆ ਮਿਲਦੀ ਹੈ। ਉਪਨਿਸ਼ਦਾਂ ਵਿਚ ਕਿਹਾ ਗਿਆ ਹੈ ਕਿ ਜਿਸ ਨੂੰ ਉੱਤਮ ਮਾਤਾ ਪਿਤਾ ਅਤੇ ਗੁਰੂ ਮਿਲੇ ਹਨ, ਉਸ ਨੂੰ ਗਿਆਨ ਹੁੰਦਾ ਹੈ।[1] 'ਪਵਣ' ਨੂੰ 'ਗੁਰੂ' ਇਸ ਲਈ ਕਿਹਾ ਹੈ ਕਿ ਜਿਵੇਂ ਗੁਰੂ ਬਿਨਾਂ ਮਨੁੱਖ ਦੀ ਸੁਰਤ ਮੁਰਦਾਰ ਰਹਿੰਦੀ ਹੈ ਤਿਵੇਂ ਸਥੂਲ ਸਰੀਰ ਪਵਣ (ਪ੍ਰਾਣਾਂ) ਬਿਨਾਂ ਸਾਰ ਨਹੀਂ ਲੈ ਸਕਦਾ :-

"ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ।"[2]

ਭਾਈ ਵੀਰ ਸਿੰਘ ਅਨੁਸਾਰ 'ਪਵਨ' ਪਦ ਦਾ ਧਾਤੂ 'ਪੂ' ਹੈ, ਜਿਸ ਦਾ ਅਰਥ ਹੈ — ਪਵਿੱਤਰ ਕਰਨਾ। ਜਿਵੇਂ ਪਵਨ ਪਵਿੱਤਰ ਕਰਦੀ ਹੈ, ਤਿਵੇਂ ਗੁਰੂ ਪਵਿੱਤਰ ਕਰਦਾ ਹੈ ਸਿਖ ਦੇ ਹਿਰਦੇ ਨੂੰ, ਫਿਰ ਪਵਨ ਦੇ ਆਸ੍ਰਿਤ ਹੈ ਸਰੀਰਕ ਜੀਵਨ, ਤਿਵੇਂ ਗੁਰੂ ਦੇ ਆਸ੍ਰਿਤ ਹੈ ਆਤਮਕ ਜੀਵਨ।[3] ਪਾਣੀ ਨੂੰ ਜਗਤ ਦਾ ਪਿਤਾ ਕਿਹਾ ਹੈ :-

"ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ।"[4]

ਇਸ ਦੇ ਮਿਲਣ ਨਾਲ ਚੀਜ਼ਾਂ ਪੈਦਾ ਹੁੰਦੀਆਂ ਹਨ ਤੇ ਹਰੀਆਂ ਭਰੀਆਂ ਰਹਿੰਦੀਆਂ ਹਨ :-

"ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।"[5]

ਰਿਗ ਵੇਦ ਵਿਚ ਵੀ ਪਾਣੀ ਨੂੰ ਪਿਤਾ ਕਿਹਾ ਹੈ।[6]

ਧਰਤੀ ਜਗਤ ਦੀ ਮਾਤਾ ਹੈ ਕਿਉਂਕਿ ਆਪਣੇ ਸਰੀਰ ਵਿਚੋਂ ਅਨੇਕ ਪ੍ਰਕਾਰ ਦੇ ਪਦਾਰਥ ਪੈਦਾ ਕਰਕੇ ਸਾਰੇ ਜੀਆਂ ਦੀ ਪਾਲਣਾ ਕਰਦੀ ਹੈ। ਜਿਵੇਂ ਮਾਤਾ ਦੇ ਪੇਟ ਵਿਚ ਬੱਚਾ ਪੈਦਾ ਹੁੰਦਾ ਹੈ ਤੇ ਉਹ ਪਾਲਦੀ ਹੈ ਤਿਵੇਂ ਹੀ ਬੀ ਧਰਤੀ ਵਿਚਲੇ ਰੌਖਣ ਨਾਲ ਪੈਦਾ ਹੁੰਦੇ ਹਨ ਅਤੇ ਧਰਤੀ ਹੀ ਸਾਨੂੰ ਅਨਾਜਾਂ ਤੇ ਫਲਾਂ ਨਾਲ ਪਾਲਦੀ ਹੈ। ਗੁਰੂ ਨਾਨਕ ਦੇਵ ਨੇ ਇਸ ਦੀ ਵਿਆਖਿਆ 'ਮਾਰੂ ਰਾਗ' ਵਿਚ ਕੀਤੀ ਹੈ :-

---

1. " यथा मातृमान् पितृमान् आचार्यवान् ब्रूयात् "।
2. ਆਦਿ ਗ੍ਰੰਥ, ਪੰ:63.
3. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ:178.
4. ਆਦਿ ਗ੍ਰੰਥ, ਪੰ:1240.
5. ਓਹੀ, ਪੰ: 472.
6. ਰਿਗ ਵੇਦ (10.190) ਹਵਾਲਾ ਪ੍ਰਿੰ: ਤੇਜਾ ਸਿੰਘ, ਜਪੁਜੀ ਸਟੀਕ, ਪੰ:205.

"ਪਉਣੁ ਗੁਰੂ ਪਾਣੀ ਪਿਤ ਜਾਤਾ। ਉਦਰ ਸੰਜੋਗੀ ਧਰਤੀ ਮਾਤਾ।
ਰੈਣ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੈ।"[1]

ਭਾਈ ਗੁਰਦਾਸ ਨੇ ਵੀ ਆਪਣੀਆਂ ਵਾਰਾਂ ਵਿਚ ਇਸ ਦੀ ਵਿਆਖਿਆ ਕੀਤੀ ਹੈ :-

"ਪਵਣ ਗੁਰੂ ਗੁਰ ਸ਼ਬਦ ਹੈ, ਰਾਗ ਨਾਦ ਵਿਚਾਰਾ।
ਮਾਤ ਪਿਤਾ ਜਲ ਧਰਤ ਹੈ, ਉਤਪਤ ਸੰਸਾਰਾ।
ਦਾਈ ਦਾਇਆ ਰਾਤ ਦਿਨੁ, ਵਰਤੈ ਵਰਤਾਰਾ।
ਸਿਵ ਸ਼ਕਤੀ ਦਾ ਖੇਲ ਮੇਲ, ਪਰਕਿਰਤ ਪਸਾਰਾ।"[2]

ਇਸ ਸਲੋਕ ਵਿਚ ਸਾਰੇ ਸਰੀਰਾਂ ਦੇ ਸਮੁਦਾਇ ਜਗਤ ਨੂੰ, 'ਦੇਸ਼ ਕਾਲ ਵਸਤੂ' ਤਿੰਨਾਂ ਵਿਚ ਜੀਂਦਾ, ਪਲਦਾ, ਖਿਡਾਇਆ ਤੇ ਸਿਖਾਇਆ ਜਾ ਰਿਹਾ ਦਸਿਆ ਹੈ :-

'ਪਵਣੁ, ਪਾਣੀ, ਧਰਤਿ' ਵਸਤੂ ਦੇ ਸੂਚਕ ਹਨ; 'ਦਿਵਸੁ ਰਾਤਿ' ਕਾਲ ਦੇ ਸੂਚਕ ਹਨ; 'ਖੇਲੈ' ਦੇਸ਼ ਦਾ ਸੂਚਕ ਹੈ। ਦੇਸ਼ ਬਿਨਾਂ ਖੇਲ ਖੇਲੀ ਨਹੀਂ ਜਾ ਸਕਦੀ, ਇਸ ਕਰਕੇ ਪਦ 'ਖੇਲੈ' ਦੇਸ਼ ਦਾ ਸੂਚਕ[3] ਹੈ, ਜਿਥੇ ਵਸਤੂ ਹੋਵੇਗੀ ਦੇਸ਼ ਅਵਸ਼ ਹੋਵੇਗਾ। ਇਨ੍ਹਾਂ ਤ੍ਰੈਹਾਂ ਵਿਚ ਜੀਵ ਖੇਲਾਏ ਜਾ ਰਹੇ ਹਨ।

ਡਾ: ਤਾਰਨ ਸਿੰਘ ਅਨੁਸਾਰ "ਪ੍ਰਕ੍ਰਿਤੀ ਦੇ ਕਿਸੇ ਸੂਖਮ ਸਰੂਪ ਦਾ ਵਿਚਾਰ ਸਾਂਖ ਸ਼ਾਸਤ੍ਰ ਕਰਕੇ ਤੇ ਉਸ ਤੋਂ ਪਹਿਲਾਂ ਵੀ ਭਾਰਤ ਵਿਚ ਮੌਜੂਦ ਸੀ ਤੇ ਹੈ। ਗੁਰੂ ਨਾਨਕ ਦੇਵ ਜੀ ਨੇ ਉਸ ਸੂਖਮ ਰੂਪ ਨੂੰ 'ਤ੍ਰਿਕੁਟ' ਨਾਲ ਵਰਣਨ ਕੀਤਾ ਹੈ ਜਿਵੇਂ ਕਿ ਪਹਿਲਾਂ ਵਰਣਨ ਕੀਤਾ ਜਾਂਦਾ ਸੀ। ਇਹ ਤ੍ਰਿਕੁਟ ਸ਼ਕਤੀ ਰੂਪ ਹਨ, ਸਥੂਲ ਰੂਪ ਨਹੀਂ ਅਤੇ ਹਰ ਸਥੂਲ ਆਕਾਰ ਵਿਚ ਇਹ ਸ਼ਾਮਲ ਹਨ। ਇਹ ਤ੍ਰਿਕੁਟ ਤਾਮਸ ਰਜਸ ਤੇ ਸਤਸਸ ਹਨ। ਇਨ੍ਹਾਂ ਦੇ ਸਥੂਲ ਰੂਪ ਹਨ - ਪਉਣ, ਪਾਣੀ, ਅਗਨੀ ਆਦਿ ਜੋ ਸ੍ਰਿਸ਼ਟੀ ਰਚਨਾ ਕਰਦੇ ਹਨ :-

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।"

---

1. ਆਦਿ ਗ੍ਰੰਥ, ਪੰ:1021.
2. ਭਾਈ ਗੁਰਦਾਸ, ਵਾਰ 2-19.
3. ਭਾਈ ਵੀਰ ਸਿੰਘ, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ਪਹਿਲੀ, ਪੰ:176.

'ਮਹਤੁ' ਉਹ ਅਵਸਥਾ ਹੈ, ਜਦੋਂ ਸ੍ਰਿਸ਼ਟੀ ਦਾ ਵਿਕਾਸ ਇਨ੍ਹਾਂ ਪੰਜਾਂ ਤੱਤਾਂ ਦੇ ਸੰਯੋਗ ਨਾਲ ਹੁੰਦਾ ਹੈ।[1]

"ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ।"[2]

ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਹੈ ਕਿ 'ਮਹਤੁ' ਸਾਂਖ ਸ਼ਾਸਤ੍ਰ ਅਨੁਸਾਰ ਚੌਬੀਹ ਤੱਤਾਂ ਦੇ ਅੰਤਰਗਤ ਦੂਜਾ ਤੱਤ, ਪ੍ਰਕ੍ਰਿਤੀ ਦਾ ਕਾਰਯ ਰੂਪ ਅਹੰਕਾਰ ਦਾ ਆਦਿ ਕਾਰਣ ਹੈ। ਇਸ ਦਾ ਨਾਮ ਬੁਧਿ ਤੱਤ ਵੀ ਲਿਖਿਆ ਹੈ।[3]

ਡਾ: ਸੁਰਿੰਦਰ ਸਿੰਘ ਕੋਹਲੀ ਨੇ ਵੀ 'ਮਹੱਤੁ' ਦਾ ਅਰਥ ਸਾਂਖ ਵਿਚਾਰਧਾਰਾ ਅਨੁਸਾਰ ਬੁੱਧੀ ( intellect ) ਹੀ ਕੀਤਾ ਹੈ।[4]

'ਖੇਲ' ਕਰਮ ਹੈ ਅਤੇ ਜੀਵਨ ਵਿਚ ਮਹਾਨਤਾ ਕਰਮ ਦੀ ਹੈ। ਮਨੁੱਖ ਦੇ ਚੰਗੇ ਮੰਦੇ ਕਰਮ ਉਸ ਨੂੰ ਉੱਚਾ ਜਾਂ ਨੀਵਾਂ ਬਣਾਂਦੇ ਹਨ। 'ਕਰਮ' ਸੰਸਕ੍ਰਿਤ ਦੇ ਧਾਤੂ 'ਕ੍ਰਿ' ਤੋਂ ਬਣਿਆ ਹੈ ਜਿਸ ਦਾ ਭਾਵ ਹੈ ਕਰਨਾ, ਜੋ ਕਰਨ ਵਿਚ ਆਵੇ ਸੋ ਕਰਮ — "ਕਰਮ ਕਰਤ ਹੋਵੈ ਨਿਹਕਰਮ"। (ਸੁਖਮਨੀ)[5]

'ਕਰਮ' ਤਿੰਨ ਪ੍ਰਕਾਰ ਦੇ ਹੁੰਦੇ ਹਨ: ਸੰਚਿਤ, ਕ੍ਰਿਯਾਮਾਨ ਅਤੇ ਪ੍ਰਾਰਬਧ।[6] 'ਸੰਚਿਤ ਕਰਮ' ਉਹ ਕਰਮ ਹਨ ਜੋ ਜਨਮਾਂ ਦੇ ਸਮੂਹ ਬਣੇ ਆਉਂਦੇ ਹਨ, ਜਿਨ੍ਹਾਂ ਦਾ ਭੋਗ ਅਜੇ ਨਹੀਂ ਭੋਗਿਆ। ਇਹ 'ਆਚਰਨ' ਦੇ ਰੂਪ ਵਿਚ ਪ੍ਰਗਟ ਹੁੰਦੇ ਹਨ।[7] 'ਜਪੁਜੀ' ਵਿਚ ਗੁਰੂ ਨਾਨਕ ਨੇ ਪੂਰਬਲੇ ਕਰਮਾਂ ਦੀ ਮਹਾਨਤਾ ਦੱਸੀ ਹੈ ਤੇ ਕਿਹਾ ਹੈ ਕਿ ਮਨੁੱਖ ਨੂੰ ਕੀਤੇ ਕਰਮਾਂ ਦੇ ਫਲ, ਪੂਰਬ ਲਿਖੇ ਅਨੁਸਾਰ ਮਿਲਦੇ ਰਹਿੰਦੇ ਹਨ :-

"ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ।"
— (ਪਉੜੀ-29)

---

1. ਗੁਰੂ ਨਾਨਕ: ਚਿੰਤਨ ਤੇ ਕਲਾ, ਪੰ:188.
2. ਆਦਿ ਗ੍ਰੰਥ, ਪੰ:464.
3. ਮਹਾਨ ਕੋਸ਼, ਪੰ:697.
4. Outlines of Sikh Thought, P.40.
5. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ:227.
6. ਪੰਡਤ ਤਾਰਾ ਸਿੰਘ ਨਰੋਤਮ, ਗੁਰ ਭਾਵ ਦੀਪਕਾ, ਪੰ:262.
7. Dr Surinder Singh Kohli, Outlines of Sikh Thought, P. 54.

ਗੁਰੂ ਨਾਨਕ ਦੇਵ ਨੇ 'ਰਾਗੁ ਵਡਹੰਸੁ' ਵਿਚ ਇਸ ਸਿਧਾਂਤ ਨੂੰ ਹੋਰ ਸਪਸ਼ਟ ਕੀਤਾ ਹੈ:-

"ਭ੍ਰਾਤਾ ਨਾਨਕਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ।
ਲਿਖਿਅੜਾ ਸਾਹਾ ਨ ਟਲੈ ਜੇਹੜਾ ਪੁਰਬਿ ਕਮਾਇਆ।"[1]

ਕ੍ਰਿਯਮਾਣ ਉਹ ਕਰਮ ਹਨ ਜੋ ਹੁਣ ਕੀਤੇ ਜਾ ਰਹੇ ਹਨ ਅਤੇ ਜਿਨ੍ਹਾਂ ਦਾ ਫਲ ਜੀਵ ਅਗੇ ਨਾਲ ਲੈ ਕੇ ਚਲਾ ਜਾਵੇਗਾ, ਜਿਵੇਂ :-

"ਕਰਿ ਕਰਿ ਕਰਣਾ ਲਿਖਿ ਲੈ ਜਾਹੁ।"
—(ਪਉੜੀ-੨੦)

ਪ੍ਰਾਰਬਧ ਉਹ ਕਰਮ ਹਨ, ਜਿਨ੍ਹਾਂ ਅਨੁਸਾਰ ਇਹ ਵਰਤਮਾਨ ਦੇਹ ਪ੍ਰਾਪਤ ਹੋਈ ਹੈ।[2] ਜਿਵੇਂ :-

"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।"
—(ਪਉੜੀ-੪)

'ਰਾਗੁ ਸੂਹੀ' ਵਿਚ ਵੀ ਗੁਰੂ ਨਾਨਕ ਦੇਵ ਨੇ ਕਿਹਾ ਹੈ ਕਿ ਇਨ੍ਹਾਂ ਕਰਮਾਂ ਦਾ ਫਲ ਭੋਗਣਾ ਹੀ ਪੈਂਦਾ ਹੈ :-

"ਨਾਨਕ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ।"[3]

ਛਾਂਦੋਗਯ ਉਪਨਿਸ਼ਦ ਵਿਚ ਕਿਹਾ ਹੈ ਕਿ ਕਰਮ ਅਨੁਸਾਰ ਹੀ ਇਹ ਜਗਤ ਮਿਲਦਾ ਹੈ।[4] ਗੀਤਾ ਦੇ 18ਵੇਂ ਅਧਿਆਏ ਵਿਚ ਇਸ ਜਗਤ ਨੂੰ 'ਕਰਮਖੇਤਰ' ਦਸਿਆ ਗਿਆ ਹੈ। ਸੁਆਮੀ ਵਿਵੇਕਾਨੰਦ ਅਨੁਸਾਰ ਮਨੁੱਖੀ ਆਚਰਨ ਕਰਮ ਨਾਲ ਘੜਿਆ ਜਾਂਦਾ ਹੈ।[5]

ਜਪੁਜੀ ਵਿਚ ਵੀ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਮਨੁੱਖ ਆਪਣੇ ਕੀਤੇ ਕਰਮਾਂ ਦਾ ਫਲ ਭੋਗਦਾ ਹੈ :-

"ਆਪੇ ਬੀਜਿ ਆਪੇ ਹੀ ਖਾਹੁ।"
—(ਪਉੜੀ-੨੦)

---

1. ਆਦਿ ਗ੍ਰੰਥ, ਪੰ:582.
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ:227.
3. ਆਦਿ ਗ੍ਰੰਥ, ਪੰ:791.
4. ਛਾਂਦੋਗਯ ਉਪਨਿਸ਼ਦ (8.1)
5. Swami Vivekananda, Karma Yoga, P.6, 1960.

ਕਰਮ ਮਨੁੱਖੀ ਜੀਵਨ ਦਾ ਇਕ ਆਵੱਸ਼ਕ ਅੰਗ ਹਨ। ਮਨੁੱਖ ਦੇ ਭਵਿਖ ਸੰਬੰਧੀ ਵਿਚਾਰ ਉਸ ਦੇ ਕੀਤੇ ਕਰਮਾਂ ਅਨੁਸਾਰ ਪਰਮਾਤਮਾ ਦੇ ਦਰਬਾਰ ਵਿਚ ਹੁੰਦੀ ਹੈ :-

"ਕਰਮੀ ਕਰਮੀ ਹੋਇ ਵੀਚਾਰੁ। ਸਚਾ ਆਪਿ ਸਚਾ ਦਰਬਾਰੁ।"
—(ਪਉੜੀ-34)

ਗੁਰੂ ਸਾਹਿਬ ਨੇ 'ਰਾਗੁ ਸੂਹੀ' ਵਿਚ ਵੀ ਕਿਹਾ ਹੈ :-

"ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ"[1]।

ਮਨੁੱਖ ਦੇ ਚੰਗੇ ਮੰਦੇ ਕਰਮਾਂ ਦੀ ਪਰਖ ਅਗੇ ਜਾ ਕੇ ਜ਼ਰੂਰ ਹੋਵੇਗੀ। ਚੰਗੇ ਕਰਮਾਂ ਵਾਲੇ ਉਸ ਅਕਾਲ ਪੁਰਖ ਦੇ ਨੇੜੇ ਹੋ ਜਾਣਗੇ ਅਤੇ ਮੰਦੇ ਕਰਮਾਂ ਵਾਲੇ ਉਸ ਤੋਂ ਦੂਰ :-

"ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ।
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।"
—(ਸਲੋਕ)

ਮਨੁੱਖ ਨੂੰ ਚੰਗੇ ਮੰਦੇ ਦੀ ਸੋਝੀ ਨਾਮੁ ਦੁਆਰਾ ਹੁੰਦੀ ਹੈ। ਨਾਮ ਬੜਾ ਸ਼ਕਤੀਸ਼ਾਲੀ ਹੈ। ਅ ਨਾਮ ਅਭਿਆਸ ਬ੍ਰਹਮ ਦੀ ਆਰਾਧਨਾ ਹੈ। ਆਰਾਧਨਾ ਨਾਲ ਆਤਮਾ ਵਿਚ ਅਥਾਹ ਸ਼ਕਤੀ ਪੈਦਾ ਹੋ ਜਾਂਦੀ ਹੈ। ਇਹ ਸ਼ਕਤੀ ਮਨੁੱਖ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਣਾ ਦਿੰਦੀ ਹੈ। ਵਰਤਮਾਨ ਚੰਗੇਰੇ ਕਰਮ ਅਗੇ ਸੁਖ ਫਲ ਉਪਜਾਂਦੇ ਦੱਸੇ ਗਏ ਹਨ ਅਤੇ ਜਪੁਜੀ ਵਿਚ ਕਿਹਾ ਹੈ ਕਿ ਚੰਗੇ ਕਰਮ ਵਾਲਿਆਂ ਦੇ ਮੁੱਖ ਉਜਲੇ ਹੁੰਦੇ ਹਨ। ਉਹ ਕੇਵਲ ਆਪ ਹੀ ਇਸ 'ਖੇਲ' ਤੋਂ ਮੁਕਤ ਨਹੀਂ ਹੁੰਦੇ ਸਗੋਂ ਹੋਰ ਅਨੇਕਾਂ ਨੂੰ ਆਪਣੇ ਨਾਲ ਛੁਡਾ ਲੈਂਦੇ ਹਨ :-

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।"
—(ਸਲੋਕ)

'ਨਾਮ' ਪ੍ਰਭੂ ਦੀ ਹੋਂਦ ਦਾ ਦ੍ਰਿੜ੍ਹ ਵਿਸ਼ਵਾਸ ਹੈ। ਸਾਰੀ ਕੁਦਰਤ ਤੇ ਰਚਨਾ ਉਸਦੇ ਕਰਤਾ ਹੋਣ ਦੀ ਸੂਚਕ ਹੈ :-

"ਜੇਤਾ ਕੀਤਾ ਤੇਤਾ ਨਾਉ। ਵਿਣੁ ਨਾਵੈ ਨਾਹੀ ਕੋ ਥਾਉ।"
—(ਪਉੜੀ-੧੯)

---

1. ਆਦਿ ਗ੍ਰੰਥ, ਪੰ:782

'ਨਾਮ' ਤੋਂ ਮੁਰਾਦ ਇਕ ਸਰਬ ਵਿਆਪਕ ਸ਼ਕਤੀ ਹੈ ਜੋ ਹਰ ਥਾਂ ਭਰਪੂਰ ਹੋ ਕੇ ਘਟ ਘਟ ਨੂੰ ਧਾਰ ਰਹੀ ਹੈ ਪਰੰਤੂ ਨਾਮ ਦਾ ਇਹ ਰੂਪ ਸਤਿਗੁਰੂ ਦੀ ਕਿਰਪਾ ਨਾਲ ਲਖੀਦਾ ਹੈ। ਅਜਿਹੇ ਨਾਮ ਨੂੰ ਲਖ ਕੇ ਜੀਵ ਨਿਰੰਕਾਰ ਨਾਲ ਅਭੇਦ ਹੁੰਦਾ ਹੈ[1] :-

"ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ।
ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦਸੇ ਪ੍ਰਭੁ ਗੁਣਤਾਸੁ।
ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸੁ।
ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ।
ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ।"[2]

ਨਾਮ ਦੇ ਇਸ ਸਰਬ-ਵਿਆਪਕ ਰੂਪ ਦੀ ਲੱਖਤਾ ਜਪੁ, ਸਿਮਰਨ ਤੇ ਸਿਫ਼ਤ ਦੁਆਰਾ ਹੁੰਦੀ ਹੈ। ਇਸ ਲਈ ਨਾਮ ਦਾ ਜਾਪ, ਸਿਮਰਨ ਤੇ ਕੀਰਤਨ ਵੀ ਜੀਵਨ ਦੇ ਲਖਸ਼ ਦੱਸੇ ਗਏ ਹਨ :-

"ਬਿਨੁ ਸਿਮਰਨ ਜੈਸੇ ਸਰਪ ਆਰਜਾਰੀ।
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ।
ਏਕ ਨਿਮਖ ਜੋ ਸਿਮਰਨ ਮਹਿ ਜੀਆ।
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ।"[3]

ਨਾਮ ਦਾ ਜਾਪ ਮਨ ਵਿਚ ਨਾਮ ਦਾ ਖ਼ਿਆਲ ਉਪਜਾਉਣ ਦਾ ਕਾਰਣ ਬਣਦਾ ਹੈ। ਮੁੜ ਮੁੜ ਜਪੁ ਕਰਨਾ ਉਸ ਖ਼ਿਆਲ ਨੂੰ ਮਨ ਵਿਚ ਕਾਫ਼ੀ ਚਿਰ ਕਾਇਮ ਰੱਖਣ ਦਾ ਜਤਨ ਹੈ। ਪਰ ਸਿੱਧੀ ਉਦੋਂ ਹੁੰਦੀ ਹੈ ਜਦੋਂ ਜਿਸ ਖਿਆਲ ਦੇ ਰੂਪ 'ਸ਼ਬਦ' ਨੂੰ ਅਸੀਂ ਜੀਭ ਰਾਹੀਂ ਘੜੀ ਘੜੀ ਦੁਹਰਾ ਰਹੇ ਹਾਂ, ਉਹ ਖਿਆਲ ਮਨ ਵਿਚ ਵਸ ਜਾਵੇ :-

"ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ।
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ਹ ਪਾਇਆ।"[4]

---

1. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰ:178.
2. ਆਦਿ ਗ੍ਰੰਥ, ਪੰ:40.
3. ਉਹੀ, ਪੰ:239.
4. ਉਹੀ, ਪੰ:565.

ਇਸ ਲਈ ਰਸਨਾ ਨਾਲ ਮਨ, ਬਚਨ, ਕਰਮ ਦੁਆਰਾ ਨਾਮ ਦਾ ਜਪੁ ਕਰਨਾ ਅਤੀ ਆਵੱਸ਼ਕ ਹੈ :-

"ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ।
ਸਰਬ ਫਲਾ ਸੋਈ ਜਨੁ ਪਾਏ।"[1]

ਭਾਈ ਜੋਧ ਸਿੰਘ ਅਨੁਸਾਰ 'ਧਿਆਨ' ਪੰਜਾਬੀ ਵਿਚ ਦੋ ਅਰਥਾਂ ਵਿਚ ਵਰਤਿਆ ਜਾਂਦਾ ਹੈ। ਸੁਰਤ ਨੂੰ ਇਕ ਪਾਸੇ ਲਾਣਾ ਅਰਥਾਤ ਲਿਵ। ਯੋਗ ਸ਼ਾਸਤ੍ਰ ਵਿਚ ਦਸਿਆ ਹੈ ਕਿ ਕਿਸੇ ਵਸਤੂ ਵਿਚ ਸੁਰਤ ਨੂੰ ਟਿਕਾਣਾ 'ਧਾਰਨਾ' ਕਹਾਉਂਦਾ ਹੈ। ਇਹ 'ਧਾਰਨਾ' ਜਦੋਂ ਕੁਝ ਚਿਰ ਤੀਕ ਪੱਕ ਜਾਵੇ ਤਾਂ ਉਸਨੂੰ 'ਧਿਆਨ' ਕਹਿੰਦੇ ਹਨ। ਮਨ ਇਕਾਗਰ ਕਰਨ ਲਈ ਬਾਣੀ ਦਾ ਪਾਠ ਜਿਸ ਵਿਚ ਇਕੋ ਭਾਵ ਨੂੰ ਕਈ ਕਈ ਵਰਣਨ ਕੀਤਾ ਗਿਆ ਹੈ, ਸਹਾਇਤਾ ਕਰਦਾ ਹੈ ਤੇ ਕੀਰਤਨ ਇਕ ਅਮੋਲਕ ਚੀਜ਼ ਹੈ। ਰਾਗ ਦਾ ਅਸਰ ਮਨੁੱਖੀ ਮਨ ਤੇ ਜ਼ਰੂਰ ਹੈ। ਇਹਦੇ ਵਿਚ ਮਨ ਨੂੰ ਆਪਣੇ ਵਲ ਖਿਚ ਲੈਣ ਦੀ ਸ਼ਕਤੀ ਹੈ। ਇਸ ਲਈ ਬਾਣੀ ਦਾ ਪਾਠ ਤੇ ਕੀਰਤਨ ਸਿਮਰਨ ਦੇ ਰਾਹ ਵਿਚ ਧਾਰਨਾ ਤੇ ਧਿਆਨ ਦਾ ਕੰਮ ਦਿੰਦੇ ਹਨ[2] :-

"ਰੰਗਨੁ ਚੀਨ੍ਹੁ ਨ ਰਹਈ ਨਾਇ। ਚੋਰੀ ਮਿਰਤੁ ਅੰਕੂਰੀ ਖਾਇ।
ਚਰਨ ਕਮਲ ਉਰਧਾਰੈ ਚੀਤ। ਫਿਰ ਜੀਵਨੁ ਚੇਤਨੁ ਨਿਤ ਨਿਤ।
ਚਿਤਵਤ ਹੀ ਦੀਸੈ ਸਭੁ ਕੋਇ। ਚੇਤਹਿ ਏਕੁ ਤਹੀ ਸੁਖੁ ਹੋਇ।
ਚਿਤਿ ਵਸੈ ਰਾਚੈ ਹਰਿ ਨਾਇ। ਮੁਕਤਿ ਭਇਆ ਪਤਿ ਸਿਉ ਘਰਿ ਜਾਇ।"[3]

ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਨਾਮ ਜਪਣ ਦੀ ਮਹਾਨਤਾ ਇਹ ਦੱਸੀ ਹੈ :-

"ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ।"
— (ਪਉੜੀ-੨੦)

'ਨਾਮ' ਦਾ ਗੁਣ ਇਹ ਹੈ ਕਿ ਇਹ ਸਾਰੇ ਕੀਤੇ ਪਾਪਾਂ ਨੂੰ ਧੋ ਦਿੰਦਾ ਹੈ :-

"ਮਿਟਹਿ ਪਾਪ ਜਪੀਐ ਹਰਿ ਹਿਏ।"[4]

---

1. ਆਦਿ ਗ੍ਰੰਥ, ਪੰ:760.
2. ਗੁਰਮਤਿ ਨਿਰਣਯ, ਪੰ:196, ਮਾਡਲ ਟਾਊਨ, ਲੁਧਿਆਣਾ, 1932.
3. ਆਦਿ ਗ੍ਰੰਥ, ਪੰ:932.
4. ਓਹੀ, ਪੰ:281.

ਉਸ ਸੱਚੇ ਪ੍ਰਭੂ ਨੂੰ ਧਿਆਉਣ ਨਾਲ ਸਾਧਕ 'ਸਚੁ' ਰੂਪ ਹੋ ਜਾਂਦਾ ਹੈ :-

"ਨਾਨਕ ਸਚੁ ਧਿਆਇਨਿ ਸਚੁ। ਜੋ ਮਰਿ ਜੰਮੇ ਸੁ ਕਚੁ ਨਿਕਚੁ।"[1]

ਇਹੋ ਹੀ ਮੁਕਤੀ ਹੈ :-

"ਬਾਧਾ ਛੂਟੈ ਨਾਮੁ ਸਮਾਹਿ।"[2]

ਅਤੇ

"ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ।"[3]

'ਮੁਕਤੀ ਹੈ — 'ਸਮੂਹ ਦੁਖਾਂ' ਦੀ ਨਵਿਰਤੀ'।[4]

ਮੁੰਡਕ ਉਪਨਿਸ਼ਦ ਵਿਚ ਕਿਹਾ ਹੈ ਜਿਵੇਂ ਦਰਿਆ ਸਮੁੰਦਰ ਵਿਚ ਪੈ ਕੇ ਆਪਣਾ ਨਾਮ ਅਤੇ ਰੂਪ ਤਿਆਗ ਦਿੰਦੇ ਹਨ, ਇਸੇ ਤਰ੍ਹਾਂ ਨਾਮ ਰੂਪ ਤੋਂ ਮੁਕਤ ਹੋ ਕੇ ਆਤਮਾ ਪਰਮ ਪੁਰਖ ਵਿਚ ਜਾ ਸਮਾਂਦੀ ਹੈ (3.2.8)। ਸਮੁੰਦਰ ਵਿਚ ਪਏ ਦਰਿਆ ਇਸ ਤਰ੍ਹਾਂ ਅਭੇਦ ਹੋ ਜਾਂਦੇ ਹਨ ਕਿ ਕੋਈ ਨਹੀਂ ਕਹਿ ਸਕਦਾ ਕਿ 'ਇਹ ਮੈਂ ਹਾਂ' ਭਾਵ ਕਿਸੇ ਵੀ ਦਰਿਆ ਦੇ ਪਾਣੀ ਨੂੰ ਨਿਖੇੜਿਆ ਨਹੀਂ ਜਾ ਸਕਦਾ(ਛਾਂਦੋ:ਉਪ:6:10:1) ਇਸੇ ਤਰ੍ਹਾਂ ਅਭੇਦ ਹੋਈ ਆਤਮਾ ਨਿਖੇੜੀ ਨਹੀਂ ਜਾਂਦੀ। ਜਿਵੇਂ ਪਾਣੀ ਵਿਚ ਪਾਣੀ, ਦੁੱਧ ਵਿਚ ਦੁੱਧ, ਘਿਉ ਵਿਚ ਘਿਉ ਪਾਇਆ ਇਕ ਹੋ ਜਾਂਦੇ ਹਨ, ਭੇਦ ਨਹੀਂ ਰਹਿੰਦਾ, ਇਸੇ ਤਰ੍ਹਾਂ ਆਤਮਾ ਪਰਮਾਤਮਾ ਇਕ ਹੋ ਜਾਂਦੇ ਹਨ(ਪੈਂਗਲ ਉਪ:4:2)।[5]

ਜਪੁਜੀ ਵਿਚ ਮੁਕਤੀ ਦੇ ਦੋਵੇਂ ਪੱਖ ਦੱਸੇ ਹਨ। 'ਦੁੱਖਾਂ ਤੋਂ ਮੁਕਤ ਹੋਣਾ ਤੇ ਸਦੀਵੀ ਆਨੰਦ ਦੀ ਪ੍ਰਾਪਤੀ' ਵਣੀ ਕਿਹਾ ਹੈ :-

"ਗਾਵੀਐ ਸੁਣੀਐ ਮਨਿ ਰਖੀਐ ਭਾਉ।
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।"
—(ਪਉੜੀ-5)

---

1. ਆਦਿ ਗ੍ਰੰਥ, ਪੰ:463.
2. ਓਹੀ, ਪੰ:414.
3. ਓਹੀ, ਪੰ:422.
4. "Total Negation of misery is Moksh's", S. Brahmahary, Self-Realisation, P.267.
5. ਹਵਾਲਾ, ਡਾ: ਦਲੀਪ ਸਿੰਘ ਦੀਪ, ਜਪੁਜੀ, ਇਕ ਤੁਲਨਾਤਮਕ ਅਧਿਐਨ, ਪੰ:219.

ਅਤੇ 'ਅਭੇਦਤਾ' ਨਹੀਂ ਕਿਹਾ ਹੈ :-

"ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ।"
—(ਪਉੜੀ-੨੩)

ਇਥੇ ਵੇਦਾਂਤ ਵਾਲੇ ਵਿਚਾਰ ਨਾਲੋਂ ਵਿਲੱਖਣਤਾ ਇਹ ਹੈ ਕਿ ਅਭੇਦਤਾ ਤਾਂ ਪ੍ਰਾਪਤ ਹੋ ਜਾਂਦੀ ਹੈ ਪਰ ਉਹ (ਨਦੀਆ ਅਤੇ ਵਾਹ) ਪ੍ਰਭੂ ਸਮੁੰਦਰ ਦਾ ਪੂਰਨ ਤੌਰ ਤੇ ਥਾਹ ਫੇਰ ਵੀ ਨਹੀਂ ਪਾ ਸਕਦੇ।

ਸ਼ਾਸਤ੍ਰਕਾਰਾਂ ਨੇ ਇਸ ਸਰੀਰ ਨੂੰ ਦੁਖ ਰੂਪ ਮੰਨਿਆ ਹੈ, ਇਸ ਕਰਕੇ 'ਸਰੀਰ ਤੋਂ ਛੁਟ ਜਾਣ ਨੂੰ' ਮੁਕਤੀ ਦਸਦੇ ਹਨ ਪਰੰਤੂ ਹਰੇਕ ਦੇ ਆਦਰਸ਼ ਵਿਚ ਥੋੜਾ ਥੋੜਾ ਅੰਤਰ ਹੈ। ਮੀਮਾਂਸਾ ਵਾਲੇ 'ਸੁਰਗ' ਵਿਚ ਪਹੁੰਚ ਜਾਣਾ ਨੂੰ' ਮੁਕਤੀ ਮੰਨਦੇ ਹਨ। ਨਿਆਇ ਤੇ ਵੈਸ਼ੇਸ਼ਿਕ ਮਤਿ ਵਾਲੇ 'ਆਪਣੇ ਕਿਤੇ ਦੁੱਖਾਂ ਤੋਂ ਛੁਟਕਾਰੇ ਨੂੰ' ਮੁਕਤੀ ਦਸਦੇ ਹਨ। ਸਾਂਖ ਵਾਲੇ 'ਪ੍ਰਕਿਰਤੀ ਤੋਂ ਪੁਰਖ ਦਾ ਆਪਣੇ ਆਪ ਨੂੰ ਭਿੰਨ ਜਾਨਣਾ' ਮੁਕਤੀ ਦਸਦੇ ਹਨ। ਯੋਗ ਮਤਿ ਵਿਚ 'ਸਬੀਜ ਨਿਰਬੀਜ ਸਮਾਧੀ ਦੁਆਰਾ ਪੁਰਖ ਦਾ ਆਪਣੇ ਆਪ ਨੂੰ ਦ੍ਰਿਸ਼ਮਾਨ ਤੋਂ ਵਖਰਾ ਕਰ ਲੈਣਾ' ਮੁਕਤੀ ਹੈ। ਵੇਦਾਂਤ ਦਾ 'ਆਪਣੇ ਆਪ ਨੂੰ ਬ੍ਰਹਮ ਨਾਲ ਅਭੇਦ ਜਾਣ ਲੈਣਾ' ਮੁਕਤੀ ਹੈ। ਬੋਧੀ ਆਪਣੀ ਮੁਕਤੀ ਨੂੰ ਨਿਰਬਾਣ ਦਸਦੇ ਹਨ, ਜੋ 'ਸਰਬ ਇੱਛਾ ਦੇ ਤਿਆਗ ਤੇ ਪੰਜ ਰੂਪਾਂ ਦੇ ਧਾਰਨ' ਤੋਂ ਲਭਦੀ ਹੈ। ਜੈਨ ਮਤਿ ਵਿਚ ਉੱਚੇ ਲੋਕਾਂ ਵਿਚ ਚਲੇ ਜਾਣਾ ਮੁਕਤੀ ਹੈ।

'ਮੁਕਤੀ ਦਾ ਭਾਵ ਹੈ ਮਾਨਸਿਕ, ਸਦਾਚਾਰਕ ਤੇ ਆਤਮਕ ਕਮਜ਼ੋਰੀਆਂ (ਬੁਰਾਈਆਂ) ਤੋਂ ਮੁਕਤ ਹੋ ਸਕਣਾ। ਮੁਕਤੀ ਪੂਰਨਤਾ ਦੀ ਪ੍ਰਾਪਤੀ ਹੈ। ਮਨੁੱਖ ਪੂਰਨਤਾ ਤੀਕ ਉੱਨਤ ਹੋ ਸਕਦਾ ਹੈ। ਜਿਉਂ ਜਿਉਂ ਮਨੁੱਖ ਮੁਕਤ ਹੁੰਦਾ ਜਾਂਦਾ ਹੈ, ਉਹ ਪਰਮਾਤਮਾ ਦੇ ਨੇੜੇ ਹੁੰਦਾ ਜਾਂਦਾ ਹੈ।[1]

ਪੂਰਨਤਾ ਦੀ ਇਹ ਅਵਸਥਾ ਨਾਮ ਦੁਆਰਾ ਹੀ ਪ੍ਰਾਪਤ ਹੁੰਦੀ ਹੈ :-

"ਆਠ ਪਹਰ ਪ੍ਰਭ ਬਸਹਿ ਹਜੂਰੇ। ਕਹੁ ਨਾਨਕ ਸੇਈ ਜਨ ਪੂਰੇ।"[2]

---

1. ਡਾ: ਤਾਰਨ ਸਿੰਘ, ਗੁਰੂ ਨਾਨਕ: ਚਿੰਤਨ ਤੇ ਕਲਾ, ਪੰ: 181.
2. ਆਦਿ ਗ੍ਰੰਥ, ਪੰ: 286.

ਇਸ ਸਲੋਕ ਦੀਆਂ ਅੰਤਲੀਆਂ ਦੋ ਤੁਕਾਂ ਦੀ ਵਿਆਖਿਆ ਗੁਰੂ ਅਰਜਨ ਸਾਹਿਬ ਨੇ 'ਸੁਖਮਨੀ' ਵਿਚ ਅਤਿ ਸੁੰਦਰ ਸ਼ਬਦਾਂ ਵਿਚ ਇਸ ਤਰ੍ਹਾਂ ਕੀਤੀ ਹੈ :-

"ਜੋ ਜਾਣੈ ਤਿਸੁ ਸਦਾ ਸੁਖੁ ਹੋਇ
ਆਪਿ ਮਿਲਾਇ ਲਏ ਪ੍ਰਭੁ ਸੋਇ।
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ।
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ।
ਧੰਨੁ ਧੰਨ ਧੰਨੁ ਜਨੁ ਆਇਆ।
ਜਿਸ ਪ੍ਰਸਾਦਿ ਸਭੁ ਜਗਤੁ ਤਰਾਇਆ।
ਜਨ ਆਵਨ ਕਾ ਇਹੈ ਸੁਆਉ।
ਜਨ ਕੈ ਸੰਗਿ ਚਿਤਿ ਆਵੈ ਨਾਉ।
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ।
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ।"[1]

ਇਹੋ ਹੀ ਮਨੁੱਖੀ ਜੀਵਨ ਦੀ ਪੂਰਣਤਾ ਹੈ ਜਿਸ ਨੂੰ 'ਪਰਮ ਪਦ ਅਥਵਾ ਸਚਿਆਰ ਪਦ' ਦੀ ਪ੍ਰਾਪਤੀ ਕਿਹਾ ਗਿਆ ਹੈ। ਜਿਨ੍ਹਾਂ ਨੂੰ ਇਸ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ, ਉਹ ਕੈਦੀਆਂ ਦੀ ਤਰ੍ਹਾਂ ਆਵਾਗਵਣ ਵਿਚ ਸਜ਼ਾ ਨਹੀਂ ਭੁਗਤਦੇ। ਸਗੋਂ ਜੀਵਨ ਵਿਚ ਉਹ ਦੂਜਿਆਂ ਨੂੰ ਵੀ ਸੇਧ ਬਖਸ਼ਦੇ ਹਨ। ਅਨੇਕਾਂ ਲੋਕ ਉਨ੍ਹਾਂ ਦਾ ਜੀਵਨ ਵੇਖ ਕੇ ਸਚਿਆਰ ਬਣਦੇ ਹਨ ਤੇ ਬੰਧਨਾਂ ਤੋਂ ਛੁੱਟ ਜਾਂਦੇ ਹਨ :-

"ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ।"[2]

---

1. ਆਦਿ ਗ੍ਰੰਥ, ਪੰ:294.
2. ਓਹੀ, ਪੰ:785.

# 7

## "ਪਉੜੀਆਂ"

'ਜਪੁਜੀ' ਵਿਚ ਦੋ ਸਲੋਕਾਂ ਤੋਂ ਛੁੱਟ 38 ਪਉੜੀਆਂ ਹਨ । ਇਸ ਬਾਣੀ ਦੀ ਪਹਿਲੀ ਪਉੜੀ ਵਿਚ ਹੀ ਇਹ ਮੂਲ ਪ੍ਰਸ਼ਨ ਉਠਾਇਆ ਗਿਆ ਹੈ :-

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।"

ਭਾਵ ਮਨੁੱਖ ਸਚਿਆਰ ਕਿਵੇਂ ਬਣ ਸਕਦਾ ਹੈ ਅਤੇ ਕੂੜ ਦੀ ਕੰਧ ਕਿਵੇਂ ਟੁੱਟੇ? ਗੁਰੂ ਸਾਹਿਬ ਨੇ ਆਪ ਹੀ ਅਗਲੀ ਤੁਕ ਵਿਚ ਇਸ ਪ੍ਰਸ਼ਨ ਦਾ ਉੱਤਰ ਦਿੱਤਾ ਹੈ :-

"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।"

ਭਾਵ ਜਿਸ ਅਕਾਲ ਪੁਰਖ ਦਾ ਹੁਕਮ ਮੁੱਢ ਤੋਂ ਜੀਵ ਦੇ ਨਾਲ ਚਲਿਆ ਆ ਰਿਹਾ ਹੈ, ਉਸ ਹੁਕਮੀ ਦੀ ਰਜ਼ਾ ਵਿਚ ਚਲ ਕੇ ਕੂੜ ਦੀ ਕੰਧ ਟੁੱਟ ਜਾਂਦੀ ਹੈ ਤੇ ਇਸ ਤਰ੍ਹਾਂ ਸਚਿਆਰ ਬਣ ਸਕੀਦਾ ਹੈ।

ਇਸ ਤੋਂ ਅਗੇ ਆਉਣ ਵਾਲੀਆਂ ਸਾਰੀਆਂ ਪਉੜੀਆਂ ਵਿਚ ਇਸ ਮੂਲ ਪ੍ਰਸ਼ਨ ਦੇ ਉੱਤਰ ਦਾ ਹੀ ਵਿਸਤਾਰ ਹੈ। "ਸੰਸਕ੍ਰਿਤ ਗ੍ਰੰਥਾਂ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ ਕਿ ਆਪਣਾ ਵਿਸ਼ਾ ਪਹਿਲਾਂ ਸੰਖੇਪ ਰੂਪ ਵਿਚ ਰਖ ਦਿੱਤਾ ਜਾਂਦਾ ਹੈ, ਫਿਰ ਉਸ ਦਾ ਵਿਸਤਾਰ ਕੀਤਾ ਜਾਂਦਾ ਹੈ।[1]

---

1. ਵਿਨੋਬਾ ਭਾਵੇ, ਜਪੁਜੀ, ਅਨੁਵਾਦਕ ਸੀਤਾ ਰਾਮ ਬਾਹਰੀ, ਪੰ:35.

'ਜਪੁਜੀ' ਦੇ ਪੁਰਾਤਨ ਟੀਕਾਕਾਰਾਂ ਨੇ ਅਰਥ ਕਰਨ ਲਗਿਆਂ ਇਕ ਤੁਕ ਨੂੰ ਇਕਾਈ ਮੰਨਿਆ ਹੈ, ਜਿਵੇਂ ਸੋਢੀ ਮਿਹਰਬਾਨ, ਅਨੰਦ ਘਨ, ਪੰਡਿਤ ਤਾਰਾ ਸਿੰਘ ਨਰੋਤਮ, ਭਾਈ ਸੰਤੋਖ ਸਿੰਘ ਤੇ ਕਰਤਾ ਫਰੀਦਕੋਟੀ ਟੀਕਾ ਆਦਿ। ਪਰ ਆਧੁਨਿਕ ਟੀਕਾਕਾਰਾਂ ਨੇ ਪਛਮੀ ਵਿਦਿਆ ਦੇ ਪ੍ਰਭਾਵ ਹੇਠ ਇਸ ਬਾਣੀ ਦੇ ਅਰਥ ਇਕ ਪਉੜੀ ਨੂੰ ਇਕਾਈ ਮੰਨ ਕੇ ਕੀਤੇ ਹਨ।

ਜਪੁ ਬਾਣੀ ਦੇ ਟੀਕਿਆਂ ਦੇ ਅਧਿਐਨ ਤੋਂ ਇਹ ਵੀ ਪਤਾ ਲਗਦਾ ਹੈ ਕਿ ਕੁਝ ਆਧੁਨਿਕ ਟੀਕਾਕਾਰਾਂ ਨੇ ਜਪੁਜੀ ਦੇ ਅਰਥ ਪਉੜੀਆਂ ਦੇ ਜੁੱਟ ਬਣਾ ਕੇ ਵੀ ਕੀਤੇ ਹਨ। ਜਿਵੇਂ ਸੋਢੀ ਹਜ਼ਾਰਾ ਸਿੰਘ, ਡਾ. ਮੋਹਨ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਤਾਰਨ ਸਿੰਘ ਤੇ ਵਿਨੋਬਾ ਭਾਵੇ ਆਦਿ।[1]

ਇਵੇਂ ਅਸੀਂ ਵੀ ਜਪੁਜੀ ਦੀਆਂ ਪਉੜੀਆਂ ਦੇ ਅਰਥ ਸਪਸ਼ਟ ਕਰਨ ਲਈ, ਇਨ੍ਹਾਂ ਨੂੰ ਜੁੱਟਾਂ ਵਿਚ ਵੰਡਣਾ ਵਧੇਰੇ ਠੀਕ ਸਮਝਿਆ ਹੈ। ਇਸ ਬਾਣੀ ਦੀ ਵਿਚਾਰਧਾਰਾ ਨੂੰ ਮੁਖ ਰਖ ਕੇ ਅਸੀਂ ਇਸ ਨੂੰ ਛੇ ਭਾਗਾਂ ਜਾਂ ਜੁੱਟਾਂ ਵਿਚ ਵੰਡਿਆ ਹੈ :-

| | | |
|---|---|---|
| (ੳ) ਸਚਿਆਰ | -- | 1 ਤੋਂ 7 ਪਉੜੀਆਂ |
| (ਅ) ਸੁਣਨ ਮਹਿਮਾ | -- | 8 ਤੋਂ 11 ਪਉੜੀਆਂ |
| (ੲ) ਮੰਨਣ ਮਹਿਮਾ | -- | 12 ਤੋਂ 15 ਪਉੜੀਆਂ |
| (ਸ) ਪ੍ਰਭੂ ਦੀ ਰਚਨਾ ਦੀ ਬੇਅੰਤਤਾ | -- | 16 ਤੋਂ 27 ਪਉੜੀਆਂ |
| (ਹ) ਆਦੇਸ | -- | 28 ਤੋਂ 33 ਪਉੜੀਆਂ |
| (ਕ) ਸਚਿਆਰ ਪਦ | -- | 34 ਤੋਂ 38 ਪਉੜੀਆਂ |

ਹੁਣ ਅਸੀਂ ਉਪਰੋਕਤ ਭਾਗਾਂ ਅਨੁਸਾਰ ਜਪੁਜੀ ਦੀ ਵਿਆਖਿਆਕਾਰੀ ਦਾ ਸਰਵੇਖਣ ਕਰਾਂਗੇ।

## (ੳ) '<u>ਸਚਿਆਰ</u>'

ਜਪੁਜੀ ਦੀਆਂ ਪਹਿਲੀਆਂ ਸਤ ਪਉੜੀਆਂ ਵਿਚ ਦਸਿਆ ਹੈ ਕਿ ਕੂੜ (ਮਾਇਆ) ਦੇ ਕਾਰਣ ਜੀਵ ਦੀ ਪਰਮਾਤਮਾ ਨਾਲੋਂ ਵਿਥ ਪਈ ਹੋਈ ਹੈ ਤੇ ਉਹ ਪਰਮਾਤਮਾ ਦੇ ਹੁਕਮ ਵਿਚ ਤੁਰਿਆਂ ਹੀ ਮਿਟ ਸਕਦੀ ਹੈ। ਸਾਰਾ ਸੰਸਾਰ ਉਸ ਦੇ ਹੁਕਮ ਦੇ ਅਧੀਨ ਹੈ। ਉਸ ਹੁਕਮ ਦਾ ਪੂਰਾ ਵਰਣਨ

---

1. ਵੇਖੋ ਵਿਸਤਾਰ ਲਈ ਇਨ੍ਹਾਂ ਦੇ ਜਪੁਜੀ ਟੀਕੇ।

ਨਹੀਂ ਕੀਤਾ ਜਾ ਸਕਦਾ। ਉਸ ਦੇ ਹੁਕਮ ਵਿਚ ਤੁਰਿਆਂ ਆਪਾ ਭਾਵ ਮਿਟ ਜਾਂਦਾ ਹੈ। ਪਰਮਾਤਮਾ ਦੇ ਹੁਕਮ ਨਾਲ ਹੀ ਜਗਤ ਦਾ ਸਾਰਾ ਪ੍ਰਬੰਧ ਚਲ ਰਿਹਾ ਹੈ, ਪਰ ਉਹ ਆਪ ਇਸ ਤੋਂ ਨਿਰਲੇਪ ਤੇ ਬੇਪ੍ਰਵਾਹ ਰਹਿੰਦਾ ਹੈ।

ਮਨੁੱਖ ਨੂੰ ਸਭ ਦਾਤਾਂ ਪਰਮਾਤਮਾ ਦੀਆਂ ਹੀ ਦਿੱਤੀਆਂ ਹੋਈਆਂ ਹਨ। ਉਹ ਉਸ ਪਰਮਾਤਮਾ ਨੂੰ ਦਾਨ, ਪੁੰਨ ਜਾਂ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਜਾਂ ਪ੍ਰਾਣਾਯਾਮ ਰਾਹੀਂ ਉਮਰ ਵਧਾ ਇਕੇ ਪ੍ਰਸੰਨ ਨਹੀਂ ਕਰ ਸਕਦਾ, ਸਗੋਂ ਅੰਮ੍ਰਿਤ ਵੇਲੇ ਉਸ ਦੀ ਯਾਦ ਵਿਚ ਜੁੜਨ ਨਾਲ ਉਸ ਨਾਲੋਂ ਪਈ ਵਿਥ ਗੁਰੂ ਦੀ ਰਾਹੀਂ ਦੂਰ ਕਰ ਸਕਦਾ ਹੈ :-

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।"
—(ਪਉੜੀ-4)

ਗੁਰੂ ਦੀ ਸਿਖਿਆ ਨੂੰ ਇਹ ਦ੍ਰਿੜ੍ਹ ਕਰਾਉਂਦੀ ਹੈ ਕਿ ਪਰਮਾਤਮਾ ਇਕ ਹੈ ਅਤੇ ਓਹੀ ਸਾਰੇ ਰੂਪਾਂ ਵਿਚ ਵਰਤ ਰਿਹਾ ਹੈ। ਨੇਕੀ ਤੋਂ ਹੀਣਾ ਮਨੁੱਖ ਪਰਮਾਤਮਾ ਦੀ ਮਿਹਰ ਦਾ ਪਾਤਰ ਨਹੀਂ ਬਣ ਸਕਦਾ।

ਇਨ੍ਹਾਂ ਪਉੜੀਆਂ ਵਿਚ ਕੁਝ ਅਜਿਹੀਆਂ ਤੁਕਾਂ ਹਨ, ਜਿਨ੍ਹਾਂ ਦੇ ਅਰਥ ਟੀਕਾਕਾਰਾਂ ਨੇ ਭਿੰਨ ਭਿੰਨ ਕੀਤੇ ਹਨ। ਹੁਣ ਅਸੀ ਕ੍ਰਮਵਾਰ ਉਨ੍ਹਾਂ ਤੁਕਾਂ ਦੇ ਅਰਥਾਂ ਸੰਬੰਧੀ ਵਿਚਾਰ ਕਰਾਂਗੇ।

(1) "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।" —(ਪਉੜੀ-1)

ਇਸ ਤੁਕ ਦੇ ਅਰਥ ਦੋ ਤਰ੍ਹਾਂ ਨਾਲ ਕੀਤੇ ਗਏ ਹਨ। ਕਈ ਟੀਕਾਕਾਰਾਂ ਨੇ ਸੋਚੈ, ਸੋਚਿ ਤੇ ਸੋਚੀ ਸ਼ਬਦਾਂ ਦਾ ਸੰਬੰਧ 'ਮਨ ਦੀ ਸੋਚ' ਨਾਲ ਦਸਿਆ ਹੈ। ਇਨ੍ਹਾਂ ਵਿਚੋਂ ਸੋਢੀ ਮਿਹਰਬਾਨ, ਡਾ: ਵੀਰ ਸਿੰਘ, ਡਾ: ਮੋਹਨ ਸਿੰਘ, ਪ੍ਰਿੰ: ਤੇਜਾ ਸਿੰਘ, ਭਾਈ ਜੋਧ ਸਿੰਘ ਪੰਡਿਤ ਕਰਤਾਰ ਸਿੰਘ 'ਦਾਖਾ', ਗੁਲਾਬ ਰਾਇ ਭਾਈ, ਗਿਆਨੀ ਹਰਬੰਸ ਸਿੰਘ ਤੇ ਵਿਨੋਬਾ ਭਾਵੇ ਆਦਿ ਦੇ ਨਾਂ ਵਿਸ਼ੇਸ਼ ਹਨ।[1]

ਇਨ੍ਹਾਂ ਸ਼ਬਦਾਂ ਦੇ ਦੂਜੇ ਅਰਥ ਸੁਚ, ਪਵਿੱਤਰਤਾ ਜਾਂ ਇਸ਼ਨਾਨ ਕੀਤੇ ਹਨ। ਇਨ੍ਹਾਂ ਟੀਕਾਕਾਰਾਂ ਵਿਚੋਂ ਭਾਈ ਮਨੀ ਸਿੰਘ, ਕਰਤਾ ਫਰੀਦਕੋਟੀ ਟੀਕਾ, ਅਨੰਦ ਘਨ, ਤਾਰਾ ਸਿੰਘ ਨਰੋਤਮ,

1. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।

ਭਾਈ ਸੰਤੋਖ ਸਿੰਘ, ਗਿ: ਸੰਤ ਰਾਮ, ਜੀਵਨ ਸਿੰਘ 'ਸੰਤਰੇਣ', ਡਾਕਟਰ ਮੋਹਣ ਸਿੰਘ, ਭਾਈ ਵੀਰ ਸਿੰਘ, ਪ੍ਰੋ: ਸਾਹਿਬ ਸਿੰਘ ਤੇ ਡਾ: ਤਾਰਨ ਸਿੰਘ ਆਦਿ ਦੇ ਨਾਂ ਵਿਸ਼ੇਸ਼ ਹਨ।[1]

ਇਸ ਤੁਕ ਦੇ ਠੀਕ ਅਰਥ ਸਮਝਣ ਲਈ ਗੁਰਬਾਣੀ ਵਿਚੋਂ ਢੁਕਦੀਆਂ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ। ਗੁਰਬਾਣੀ ਵਿਚ 'ਸੋਚਿ' ਸ਼ਬਦ 'ਸੋਚਣ' ਦੇ ਅਰਥਾਂ ਵਿਚ ਹੋਰ ਥਾਈਂ ਵੀ ਮਿਲਦਾ ਹੈ, ਜਿਵੇਂ :-

"ਹਿੰਦੂ ਤੁਰਕਾਂ ਕਹਾਂ ਤੇ ਆਏ ਕਿਨਿ ਏਹ ਰਾਹ ਚਲਾਈ।
ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ।"[2]

"ਕਾਜੀ ਸਾਹਿਬੁ ਏਹੁ ਤੇਰੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ।"[3]

ਇਸ ਤੋਂ ਛੁੱਟ ਇਹ ਸ਼ਬਦ ਤੀਜੀ ਵਾਰੀ ਕੇਵਲ ਜਪੁਜੀ ਵਿਚ ਹੀ ਵਰਤਿਆ ਗਿਆ ਹੈ। 'ਸੋਚੈ' ਸ਼ਬਦ ਵੀ ਕੇਵਲ ਜਪੁਜੀ ਵਿਚ ਹੀ ਆਇਆ ਹੈ। ਸੋ ਉਪਰੋਕਤ ਪ੍ਰਮਾਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਤੁਕ ਦੇ ਅਰਥਾਂ ਦਾ ਸੰਬੰਧ 'ਸੁੱਚ' ਜਾਂ ਪਵਿੱਤਰਤਾ ਨਾਲ ਨਹੀਂ, ਸਗੋਂ 'ਸੋਚਣ' ਨਾਲ ਹੈ।

(2) "ਗਾਵੈ ਕੋ ਗੁਣ ਵਡਿਆਈ ਆਚਾਰ"। —(ਪਉੜੀ-3)

ਇਸ ਤੁਕ ਦੇ ਅਰਥ ਤਿੰਨ ਤਰ੍ਹਾਂ ਕੀਤੇ ਗਏ ਹਨ :-

(ੳ) ਉਹ ਜਿਹੜੇ ਇਸ ਤੁਕ ਦਾ ਪਾਠ 'ਵਡਿਆਈ ਆਚਾਰ' ਕਰਦੇ ਹਨ। ਇਨ੍ਹਾਂ ਨੇ 'ਆਚਾਰ' ਦਾ ਅਰਥ 'ਆਚਾਰ (ਆਚਰਨ) ਜਾਂ ਕਰਤੱਵ' ਕੀਤੇ ਹਨ, ਜਿਵੇਂ ਅਨੰਦ ਘਨ, ਪੰ: ਤਾਰਾ ਸਿੰਘ ਨਰੋਤਮ, ਡਾ: ਸੰਤੋਖ ਸਿੰਘ, ਡਾ: ਮੋਹਨ ਸਿੰਘ ਤੇ ਡਾ: ਜੋਧ ਸਿੰਘ ਆਦਿ।[4]

(ਅ) ਉਹ ਜਿਹੜੇ ਅਰਥ 'ਵਡਿਆਈਆ ਚਾਰ' ਉਚਾਰਨ ਅਨੁਸਾਰ ਕਰਦੇ ਹਨ। ਇਨ੍ਹਾਂ ਨੇ 'ਚਾਰ' ਦਾ ਅਰਥ 'ਸੁੰਦਰ' ਕੀਤਾ ਹੈ, ਜਿਵੇਂ —ਸੋਢੀ ਮਿਹਰਬਾਨ, ਡਾ: ਮਨੀ ਸਿੰਘ,

1. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
2. ਆਦਿ ਗ੍ਰੰਥ, ਪੰ: 477.
3. ਉਹੀ, ਪੰ: 48[illegible].
4. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।

ਭਾਈ ਵੀਰ ਸਿੰਘ, ਪ੍ਰੋ: ਸਾਹਿਬ ਸਿੰਘ, ਪ੍ਰਿੰ: ਤੇਜਾ ਸਿੰਘ, ਵਿਨੋਬਾ ਭਾਵੇ ਤੇ ਡਾ: ਤਾਰਨ ਸਿੰਘ ਆਦਿ।[1]

(ੲ) ਕਰਤਾ ਫਰੀਦਕੋਟੀ ਟੀਕਾ ਨੇ ਇਸ ਦੇ ਅਰਥ 'ਚਾਰ ਵੇਦ ਵੀ ਉਸ ਦੇ ਗੁਣ ਤੇ ਵਡਿਆਈਆਂ ਗਾਉਂਦੇ ਹਨ' ਕੀਤੇ ਹਨ। ਭਾਵ 'ਚਾਰ' ਨੂੰ ਸੰਖਿਆ ਵਾਚਕ ਮੰਨਿਆ ਹੈ।[2]

ਇਸ ਤੁਕ ਦੇ ਅਰਥਾਂ ਦਾ ਨਿਰਣਾ ਕਰਨ ਲਈ ਦੋਹਾਂ ਸ਼ਬਦਾਂ ਦੀ ਵਰਤੋਂ ਭਿੰਨ ਭਿੰਨ ਅਰਥਾਂ ਵਿਚ ਕੀਤੀ ਗੁਰਬਾਣੀ ਵਿਚ ਮਿਲਦੀ ਹੈ।

ਆਚਾਰ —

"ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ।
ਇਹੁ ਮਨਮੁਖ ਕਾ ਆਚਾਰੁ।"[3] (ਕਰਣੀ)

"ਆਚਾਰ ਬਿਉਹਾਰ ਜਾਤਿ ਹਰਿ ਗੁਨੀਆ।
ਮਹਾ ਅਨੰਦ ਕੀਰਤਨ ਹਰਿ ਸੁਨੀਆ।"[4] (ਕਰਮ ਧਰਮ)

ਚਾਰ —

"ਪੜਹਿ ਗੁਣਹਿ ਤਿਨਿ ਚਾਰੁ ਵੀਚਾਰ।"[5] (ਸੁੰਦਰ ਵੀਚਾਰੁ)

"ਚਾਰ ਬਿਚਾਰ ਬਿਨਸਿਓ ਸਭ ਦੂਆ।"[6] (ਸੁੰਦਰ ਵੀਚਾਰ)

ਸਾਰੀ ਗੁਰਬਾਣੀ ਵਿਚ ਹੋਰ ਕਿਤੇ ਵੀ 'ਚਾਰ ਵਡਿਆਈਆਂ' ਜਾਂ 'ਵਡਿਆਈਆਂ ਚਾਰ' ਜਾਂ 'ਸੁੰਦਰ ਵਡਿਆਈ' ਪ੍ਰਯੋਗ ਨਹੀਂ ਮਿਲਦਾ। ਦੂਜੀ ਗੱਲ ਇਹ ਹੈ ਕਿ 'ਵਡਿਆਈਆਂ' ਦੇ ਨਾਲ ਵਿਸ਼ੇਸ਼ਣ 'ਸੁੰਦਰ' (ਚਾਰ) ਢੁਕਵਾਂ ਨਹੀਂ ਲਗਦਾ। ਸ਼ਾਇਦ ਇਸੇ ਕਰਕੇ ਹੀ ਜਿਹੜੇ ਵਿਦਵਾਨ 'ਅ' ਅਰਥ ਦੇ ਹਕ ਵਿਚ ਹਨ ਉਹ 'ਸੁੰਦਰ ਨੂੰ ਪਹਿਲਾ' ਤੁਕ ਦਾ ਵਿਸ਼ੇਸ਼ਣ ਬਣਾਉਂਦੇ ਹਨ ਅਤੇ 'ਵਡਿਆਈਆਂ' ਨੂੰ ਫਿਰ ਨਾਲ ਜੋੜ ਲੈਂਦੇ ਹਨ। ਭਾਵ 'ਸੁੰਦਰ ਗੁਣ ਤੇ ਵਡਿਆਈਆਂ', ਜਿਵੇਂ ਭਾਈ ਵੀਰ ਸਿੰਘ ਇਸ ਤੁਕ ਦੇ ਅਰਥ ਇਸ ਤਰ੍ਹਾਂ ਕਰਦੇ ਹਨ :-

---

1. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
2. ਓਹੀ,
2. ਫਰੀਦਕੋਟ ਵਾਲਾ ਟੀਕਾ, ਜਿਲਦ 1, ਪੰ:6.
3. ਆਦਿ ਗ੍ਰੰਥ, ਪੰ:509.
4. ਓਹੀ, ਪੰ:715.
5. ਓਹੀ, ਪੰ:470.
6. ਓਹੀ, ਪੰ:254.

"ਕੋਈ ਉਸ ਦੇ ਗੁਣਾਂ ਤੇ ਵਡਿਆਈਆਂ ਦੀਆਂ ਸੁੰਦਰਤਾਈਆਂ ਨੂੰ ਗਾਉਂ ਰਿਹਾ ਹੈ।"[1]

ਸੋ ਸਪਸ਼ਟ ਹੈ ਕਿ ਇਸ ਤੁਕ ਦਾ ਸ਼ੁੱਧ ਪਾਠ "ਗਾਵੈ ਕੋ ਗੁਣ ਵਡਿਆਈ ਆਚਾਰ" ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਇਸੇ ਪਾਠ ਨੂੰ ਅਪਣਾਇਆ ਹੈ।[2]

(3) "ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।" —(ਪਉੜੀ-4)

ਟੀਕਾਕਾਰਾਂ ਨੇ ਇਸ ਤੁਕ ਦੇ ਅਰਥ ਦੋ ਤਰ੍ਹਾਂ ਨਾਲ ਕੀਤੇ ਹਨ।

ਪਹਿਲੇ ਉਹ ਜਿਹੜੇ 'ਕਰਮੀ' ਦਾ ਅਰਥ ਬਖਸ਼ਿਸ਼ ਜਾਂ ਮਿਹਰ ਅਤੇ 'ਕਪੜਾ' ਦੇ ਅਰਥ ਸਿਫਤ ਰੂਪੀ ਪਟੋਲਾ ਜਾਂ ਖਿਲਅਤ ਜਾਂ ਸਿਰੋਪਾਉ ਕਰਦੇ ਹਨ। ਇਨ੍ਹਾਂ ਵਿਚੋਂ ਸੋਢੀ ਮਿਹਰਬਾਨ ਪ੍ਰੋ:ਸਾਹਿਬ ਸਿੰਘ, ਡਾ:ਮੋਹਨ ਸਿੰਘ ਐਮ ਤੇ ਮਹਿ ਸੰਗਤ ਸਿੰਘ, 'ਕਮਾਣੀਆ' ਆਦਿ ਵਿਸ਼ੇਸ਼ ਹਨ।[3]

ਦੂਜੇ ਉਹ ਜਿਨ੍ਹਾਂ ਨੇ 'ਕਰਮੀ' ਦਾ ਅਰਥ ਕਰਮ ਅਥਵਾ ਕੰਮ ਅਤੇ 'ਕਪੜਾ' ਦਾ ਅਰਥ' ਸਰੀਰ ਰੂਪੀ ਕਪੜਾ' ਕੀਤੇ ਹਨ। ਇਨ੍ਹਾਂ ਵਿਚੋਂ ਅਨੰਦ ਘਨ, ਤਾਰਾ ਸਿੰਘ, ਨਰੋਤਮ, ਡਾ:ਸ਼ੇਰ ਸਿੰਘ, ਭਾ:ਵੀਰ ਸਿੰਘ, ਪ੍ਰਿੰ:ਤੇਜਾ ਸਿੰਘ, ਡਾ:ਜੋਧ ਸਿੰਘ ਤੇ ਵਿਨੋਬਾ ਭਾਵੇ ਆਦਿ ਵਿਸ਼ੇਸ਼ ਹਨ।[4]

ਇਸ ਤੁਕ ਦੇ ਅਰਥਾਂ ਨੂੰ ਸਪਸ਼ਟ ਕਰਨ ਲਈ ਅਸੀਂ ਗੁਰਬਾਣੀ ਵਿਚੋਂ ਪ੍ਰਮਾਣ ਦਿੰਦੇ ਹਾਂ :-

"ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ।"[5]

"ਸੁਖੁ ਦੂਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ।"[6]

"ਉਤਮ ਸੇ ਦਰਿ ਉਤਮ ਕਹੀਅਹਿ ਨੀਚ ਕਰਮ ਬਹਿ ਰੋਇ।"[7]

---

1. ਸੰਥਿਆ ਪੋਥੀ, ਸੈਂਚੀ ਪਹਿਲੀ, ਪੰ:52.
2. ਮਹਾਨ ਕੋਸ਼, ਪੰ:72[illegible]
3. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
4. ਓਹੀ,
5 ਆਦਿ ਗ੍ਰੰਥ, ਪੰ:723.
6. ਓਹੀ, ਪੰ:149.
7. ਓਹੀ, ਪੰ: 15.

"ਮਨ ਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ।"[1]

ਇਨ੍ਹਾਂ ਪ੍ਰਮਾਣਾਂ ਤੋਂ 'ਕਰਮੀ' ਦੇ ਅਰਥ 'ਕੰਮ' ਜਾਂ 'ਕਰਮ' (ਸ਼ੁਭ,ਅਸ਼ੁਭ) ਅਤੇ 'ਕਪੜਾ' ਦੇ ਅਰਥ 'ਸਰੀਰ ਰੂਪੀ ਕਪੜਾ' ਸਪਸ਼ਟ ਹੁੰਦੇ ਹਨ। ਸੋ ਇਸ ਤੁਕ ਦੇ ਅਰਥ ਹਨ— "ਕਰਮਾਂ ਨਾਲ ਕੇਵਲ ਸਰੀਰ ਰੂਪੀ ਕਪੜਾ ਹੀ ਮਿਲਦਾ ਹੈ ਪਰ ਮੁਕਤੀ ਦਾ ਦਰਵਾਜ਼ਾ ਰੱਬ ਦੀ ਨਦਰ ਤੋਂ ਹੀ ਪ੍ਰਾਪਤ ਹੁੰਦਾ ਹੈ।" ਇਹੋ ਭਾਵ ਗੀਤਾ ਵਿਚ ਵੀ ਆਉਂਦਾ ਹੈ ਕਿ ਮਨੁੱਖ ਨੂੰ ਕਰਮਾਂ ਕਰਕੇ ਅਨੇਕ ਸਰੀਰ ਧਾਰਣੇ ਪੈਂਦੇ ਹਨ :-

'ਵਾਸਾਂਸੀ ਜੀਰਣਾਨੀ ਯਥਾ ਵਿਹਾਇ ਨਵਾਨੀ ਗ੍ਰਿਹਣਾਤੀ ਨਰੋ ਪਰਾਣੀ। ਯਥਾ ਸ਼ਰੀਰਾਣੀ ਵਿਹਾਇ ਜੀਰਣਾਨੀ ਅਨਿਆਨੀ ਸੰਯਾਤੀ ਨਵਾਨੀ ਦੇਹੀ।'[2]

(4) "ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।" —(ਪਉੜੀ-5)

ਟੀਕਾਕਾਰਾਂ ਨੇ 'ਗੁਰਮੁਖਿ' ਦੇ ਅਰਥ ਹੇਠ ਲਿਖੇ ਕੀਤੇ ਹਨ :-

(ੳ) ਅਕਾਲ ਪੁਰਖ(ਵਾਹਿਗੁਰੂ) ਜਿਵੇਂ ਪੰਡਿਤ ਕਰਤਾਰ ਸਿੰਘ 'ਦਾਖਾ'।[3]

(ਅ) ਗੁਰੂ,ਗੁਰੂ ਦੀ ਬਾਣੀ ਜਾਂ ਗੁਰੂ ਦੇ ਮੁਖ ਵਾਕ;ਜਿਵੇਂ ਮਿਹਰਬਾਨ,ਪੰ:ਤਾਰਾ ਸਿੰਘ ਨਰੋਤਮ,ਭਾ:ਸੰਤੋਖ ਸਿੰਘ,ਕਰਤਾ ਫਰੀਦਕੋਟੀ ਟੀਕਾ,ਭਾ:ਵੀਰ ਸਿੰਘ,ਪ੍ਰਿੰ:ਤੇਜਾ ਸਿੰਘ,ਭਾ:ਜੋਧ ਸਿੰਘ ਤੇ ਡਾਕਟਰ ਤਾਰਨ ਸਿੰਘ ਆਦਿ।[4]

(ੲ) ਗੁਰੂ ਦੁਆਰਾ ਜਾਂ ਗੁਰੂ ਦੀ ਕਿਰਪਾ; ਜਿਵੇਂ ਅਨੰਦ ਘ°,ਡਾ:ਮੋਹਨ ਸਿੰਘ ਤੇ ਪ੍ਰੋ:ਸਾਹਿਬ ਸਿੰਘ ਆਦਿ।[5]

(ਸ) ਗੁਰਸਿੱਖ; ਜਿਵੇਂ ਵਿਨੋਬਾ ਭਾਵੇ ਆਦਿ।[6]

---

1. ਆਦਿ ਗ੍ਰੰਥ, ਪੰ:31.
2. ਗੀਤਾ(2.22)
3. ਸ੍ਰੀ ਜਪੁ-ਨਿਸਾਣ,ਪੰ:140,ਪਹਿਲੀ ਵਾਰ,1951.
4. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
5. ਓਹੀ,
6. ਓਹੀ.

ਆਦਿ ਗ੍ਰੰਥ ਵਿਚ 'ਗੁਰਮੁਖਿ' ਸ਼ਬਦ ਉਪਰੋਕਤ ਸਾਰੇ ਅਰਥਾਂ ਵਿਚ ਕਈ ਥਾਵਾਂ ਤੇ ਵਰਤਿਆ ਮਿਲਦਾ ਹੈ। ਉਦਾਹਰਣ ਵਜੋਂ :-

"ਓਅੰ ਗੁਰਮੁਖਿ ਕੀਓ ਅਕਾਰਾ।"[1] (ਅਕਾਲ ਪੁਰਖ)

"ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ।
ਬਿਨੁ ਗੁਰ ਭਗਤਿ ਨ ਹੋਇ।"[2] (ਗੁਰੂ)

"ਭਾਈ ਰੇ ਇਸੁ ਮਨ ਕਉ ਸਮਝਾਇ।
ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ।"[3] (ਗੁਰੂ ਬਾਣੀ)

"ਗੁਰਮੁਖਿ ਸਖੀ ਸਹੇਲੀ ਮੇਰੀ।
ਮੋਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ।"[4] (ਗੁਰਸਿਖ)

ਜੇ ਕਰ ਵਿਚਾਰ ਅਧੀਨ ਤੁਕ ਨੂੰ ਪਉੜੀ ਦੇ ਪ੍ਰਸੰਗ ਵਿਚ ਵਾਚਿਆ ਜਾਏ ਤਾਂ ਇਸ ਤੁਕ ਦੇ ਅਰਥਾਂ ਵਿਚ ਕੋਈ ਸ਼ੰਕਾ ਨਹੀਂ ਰਹਿ ਜਾਂਦਾ। ਗੁਰਮਤਿ ਵਿਚ 'ਅਕਾਲ ਪੁਰਖ' ਨੂੰ 'ਗੁਰੂ' ਮੰਨਿਆ ਜਾਂਦਾ ਹੈ :-

"ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ।"[5]

"ਨਾਨਕ ਸੋਧੇ ਸਿੰਮ੍ਰਿਤਿ ਬੇਦ। ਪਾਰਬ੍ਰਹਮ ਗੁਰ ਨਾਹੀ ਭੇਦ।"[6]

ਇਥੇ 'ਗੁਰਮੁਖਿ' ਤੇ 'ਗੁਰੂ' ਪਦਾਂ ਦੀ ਵਰਤੋਂ ਨੂੰ ਸਪਸ਼ਟ ਕਰਨ ਲਈ ਹੀ ਗੁਰੂ ਸਾਹਿਬ ਨੇ ਇਸ ਤੋਂ ਅਗਲੀ ਤੁਕ "ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ", ਦਾ ਉਚਾਰਨ ਕੀਤਾ। ਭਾਵ ਸਾਡੇ ਲਈ ਸਾਡਾ ਗੁਰੂ ਹੀ ਸ਼ਿਵ, ਵਿਸ਼ਨੂੰ, ਬ੍ਰਹਮਾ, ਪਾਰਬਤੀ, ਲਛਮੀ ਅਤੇ ਸਰਸਵਤੀ ਹੈ। ਗੁਰੂ ਦੇ ਮੁਖ ਵਿਚੋਂ ਹੀ ਸ਼ਬਦ ਅਤੇ ਗਿਆਨ ਦਾ ਨਿਕਾਸ ਹੁੰਦਾ ਹੈ। ਗੁਰੂ ਦੇ ਮੁਖ ਵਿਚ ਪਰਮਾਤਮਾ ਆਪ ਸਮਾ ਰਿਹਾ ਹੈ। ਸੋ ਇਥੇ 'ਗੁਰਮੁਖਿ' ਪਦ ਦੇ ਅਰਥ 'ਗੁਰੂ ਦਾ ਮੁਖ' ਹੀ ਠੀਕ ਢੁਕਦੇ ਹਨ।

1. ਆਦਿ ਗ੍ਰੰਥ, 250.
2. ਓਹੀ, ਪੰ: 64.
3. ਓਹੀ, ਪੰ: 28.
4. ਓਹੀ, ਪੰ:493.
5. ਓਹੀ, ਪੰ:442.
6. ਓਹੀ, ਪੰ:1142.

ਸਮੁੱਚੇ ਰੂਪ ਵਿਚ 'ਜਪੁਜੀ' ਦੇ ਇਸ ਭਾਗ ਦੀਆਂ ਪਉੜੀਆਂ ਵਿਚ ਪ੍ਰਭੂ ਦੇ ਸਰੂਪ ਬਾਰੇ ਇਹ ਸੰਕੇਤ ਮਿਲਦੇ ਹਨ :-

(1) ਉਸ ਪ੍ਰਭੂ ਦੇ ਹੁਕਮ ਤੇ ਰਜ਼ਾ ਅਨੁਸਾਰ ਜਿਉਣ ਨਾਲ ਮਨੁੱਖ ਸਚਿਆਰ ਹੋ ਸਕਦਾ ਹੈ।

(2) ਮਨੁੱਖ ਦਾ ਆਪਣੇ ਇੰਦਰਿਆਂ ਤੇ ਵਸੀਕਾਰ ਹੋਣਾ ਚਾਹੀਦਾ ਹੈ, ਇਸ ਤਰ੍ਹਾਂ ਉਹ ਪਵਿੱਤਰ ਹੋ ਸਕਦਾ ਹੈ। ਪਵਿੱਤਰ ਹੋਣ ਉਪਰੰਤ ਹੀ ਸਚਿਆਰ ਪਦ ਹੈ।

(3) ਪ੍ਰਭੂ ਦਾ ਸਰੂਪ ਸਚਾਈ, ਨਿਆਂ, ਪ੍ਰੇਮ ਤੇ ਪੂਰਣਤਾ ਹੈ। ਪ੍ਰੇਮਾ ਭਗਤੀ ਨਾਲ ਇਹ ਗੁਣ ਮਨੁੱਖ ਵਿਚ ਪ੍ਰਵੇਸ਼ ਕਰਦੇ ਹਨ ਅਤੇ ਉਸ ਨਾਲ ਅਭੇਦ ਹੋਇਆ ਜਾ ਸਕਦਾ ਹੈ।

## (ਅ) 'ਸ੍ਰਵਣ ਮਹਿਮਾ'

ਜਪੁ ਬਾਣੀ ਦੀਆਂ 8 ਤੋਂ 11 ਤਕ ਪਉੜੀਆਂ ਵਿਚ 'ਸ੍ਰਵਣ ਦੀ ਮਹਿਮਾ' ਕੀਤੀ ਹੈ। ਭਗਤੀ ਦੇ ਪ੍ਰਤਿਪਾਦਨ ਕਰਨ ਵਾਲੇ ਗ੍ਰੰਥਾਂ ਵਿਚ ਨੌਂ ਪ੍ਰਕਾਰ ਦੀ ਭਗਤੀ ਲਿਖੀ ਹੈ।[1] ਪਹਿਲੀ ਪ੍ਰਕਾਰ ਦੀ ਭਗਤੀ 'ਸ੍ਰਵਣ ਭਗਤੀ' ਹੈ, ਜਿਸ ਦਾ ਅਰਥ ਹੈ, 'ਆਪਣੇ ਇਸ਼ਟਦੇਵ ਦਾ ਜਸੁ ਸੁਣਨਾ'।[2] ਭਾਵ ਇਹ ਗੁਰ ਸਿਖਿਆ ਸੁਣਨ ਦੀ ਭਗਤੀ ਹੈ ਤੇ ਇਸ ਨੇ ਮਨੁੱਖ ਨੂੰ ਸਦਾ 'ਵਿਗਾਸ' ਦੀ ਅਵਸਥਾ ਤਕ ਲੈ ਜਾਣਾ ਹੈ :-

"ਨਾਨਕ ਭਗਤਾ ਸਦਾ ਵਿਗਾਸੁ।
ਸੁਣਿਐ ਦੂਖ ਪਾਪ ਕਾ ਨਾਸੁ।"

ਪਰਮਾਤਮਾ ਦੀ ਯਾਦ ਵਿਚ ਜਿਨ ਲੋਕਿਆਂ ਮਨ ਸਦਾ ਖਿੜਿਆ ਰਹਿੰਦਾ ਹੈ। ਪ੍ਰਭੂ ਭਗਤੀ ਪਤਿਤ ਮਨੁੱਖ ਨੂੰ ਵੀ ਉੱਚੇ ਆਤਮਕ ਦਰਜੇ ਤਕ ਪਹੁੰਚਾ ਸਕਦੀ ਹੈ। ਸ੍ਰਵਣ ਭਗਤੀ ਮਨੁੱਖ ਨੂੰ ਸਦਾਚਾਰਕ, ਮਾਨਸਿਕ, ਬੌਧਿਕ ਤੇ ਆਤਮਕ ਪੱਖਾਂ ਤੋਂ ਬਲਵਾਨ ਬਣਾਉਂਦੀ ਹੈ। ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਨੂੰ ਇਹ ਦਾਤ ਪ੍ਰਾਪਤ ਹੁੰਦੀ ਹੈ, ਉਨ੍ਹਾਂ ਨੂੰ ਜੀਵਨ ਦਾ ਸਹੀ ਰਾਹ ਲਭ ਪੈਂਦਾ ਹੈ।

---

1. ਸ੍ਰਵਣ, ਕੀਰਤਨ, ਸਿਮਰਣ, ਪਾਦ ਸੇਵਨ, ਅਰਚਨ, ਵੰਦਨ, (ਨਮਸਕਾਰ) ਸਖ੍ਯ (ਮਿਤ੍ਰਭਾਵ), ਦਾਸ੍ਯ (ਸੇਵਕ ਭਾਵ) ਆਤਮ ਨਿਵੇਦਨ, (ਮਹਾਨ ਕੋਸ਼, ਪੰ:514)
2. ਮਹਾਨ ਕੋਸ਼, ਪੰ:514.

ਇਨ੍ਹਾਂ ਪਉੜੀਆਂ ਵਿਚ ਮਨੁੱਖੀ ਸੁਖਸ਼ੀਅਤ ਦੇ ਗਿਆਨ, ਧਿਆਨ, ਤੇ ਤੱਤ ਬੁੱਧ ਦੇ ਪੱਖ ਵਿਗਾਸ ਕਰਦੇ ਦਿਸਦੇ ਹਨ। 'ਸੁਵਣ ਭਗਤੀ' ਮਨੁੱਖ ਨੂੰ 'ਸਿਧ ਪੀਰ ਸੁਰਿ ਨਾਥ' 'ਜੋਗ ਜੁਗਤਿ ਤਨਿ ਭੇਦ', 'ਲਾਗੈ ਸਹਜਿ ਧਿਆਨੁ', ਅਤੇ 'ਸੇਖ ਪੀਰ ਪਾਤਿਸਾਹ' ਦੀਆਂ ਮੰਜ਼ਿਲਾਂ ਤਕ ਪਹੁੰਚਾਂਦੀ ਹੈ। ਇਹ ਮਨੁੱਖ ਦੇ ਗਿਆਨ ਨੂੰ 'ਧਰਤਿ ਧਵਲ ਆਕਾਸ', 'ਦੀਪ ਲੋਅ ਪਾਤਾਲ', 'ਸਾਸਤ ਸਿਮ੍ਰਿਤਿ ਵੇਦ' ਦੀਆਂ ਸੀਮਾਵਾਂ ਸਮਝਾਂਦੀ ਹੈ।[1]

ਇਨ੍ਹਾਂ ਪਉੜੀਆਂ ਵਿਚ ਕੁਝ ਇਕ ਤੁਕਾਂ ਦੇ ਅਰਥਾਂ ਬਾਰੇ ਮੱਤ ਭੇਦ ਹੈ। ਅਗੇ ਉਨ੍ਹਾਂ ਸੰਬੰਧੀ ਵਿਚਾਰ ਦਿੰਦੇ ਹਾਂ:-

(5) "ਸੁਣਿਐ ਮੁਖਿ ਸਾਲਾਹਣ ਮੰਦੁ।" — (ਪਉੜੀ-9)

ਇਸ ਤੁਕ ਦੇ ਅਰਥ ਟੀਕਾਕਾਰਾਂ ਨੇ ਕਈ ਪ੍ਰਕਾਰ ਦੇ ਕੀਤੇ ਹਨ। ਜਿਵੇਂ ਭਾਈ ਸੰਤੋਖ ਸਿੰਘ ਨੇ ਚਾਰ ਅਰਥ ਕੀਤੇ ਹਨ[2]:-

(ੳ) 'ਨਿੰਦਾ ਜੋਗ ਮਨੁੱਖ ਮੁਖੀ ਹੋ ਜਾਂਦੇ ਹਨ।'
ਭਾਈ ਵੀਰ ਸਿੰਘ, ਭਾਈ ਜੋਧ ਸਿੰਘ ਨੇ ਵੀ ਇਹੋ ਹੀ ਅਰਥ ਕੀਤੇ ਹਨ।[3]

(ਅ) 'ਮੁਖ ਕਰਕੇ ਸਾਲਾਹਣ ਵੰਤ ਹੋਤ ਹੈ।'
ਪੰਡਿਤ ਕਰਤਾਰ ਸਿੰਘ ਦਾਖਾ ਨੇ ਵੀ ਇਹੋ ਹੀ ਅਰਥ ਕੀਤੇ ਹਨ।[4]

(ੲ) 'ਜੋ ਮੁਖਿ ਸਾਲਾਹਣ ਜੋਗ ਹੈ ਤਿਨਾਂ ਦੀ ਸੰਗਤ ਕਰਨੀ ਹੈ ਤੇ ਮੰਦਿਆਂ ਦੀ ਸੰਗਤ ਨਹੀਂ ਕਰਨੀ।'

(ਸ) 'ਮੁਖ ਤੇ ਪ੍ਰਮੇਸਰ ਕੋ ਸਾਲਾਹਣ ਵਾਰੇ ਹੋ ਜਾਤੇ ਹੈ, 'ਮੰਦ' ਦਾ ਅਰਥ ਮਿੱਠੇ ਬਚਨ ਬੋਲਣੇ ਕੀਤਾ ਹੈ। ਅਨੰਦ ਘਨ ਨੇ ਵੀ ਇਹ ਅਰਥ ਕੀਤਾ ਹੈ।[5]

ਇਸ ਤੋਂ ਛੁੱਟ ਕੁਝ ਹੋਰ ਅਰਥ ਵੀ ਕੀਤੇ ਗਏ ਹਨ:-

(ਹ) ਭਾਈ ਮਨੀ ਸਿੰਘ, ਕਰਤਾ ਫਰੀਦਕੋਟੀ ਟੀਕਾ ਤੇ ਵਿਨੋਬਾ ਭਾਵੇ ਨੇ ਇਹ ਅਰਥ ਕੀਤੇ ਹਨ — 'ਮਾੜੇ ਵੀ ਸ੍ਰਾਲਾਘਾ ਜੋਗ ਹੁੰਦੇ ਹਨ'।[6]

1. ਡਾ: ਤਾਰਨ ਸਿੰਘ, ਜਪੁ: ਦਰਸ਼ਨ ਦੀਦਾਰ, ਪੰ: 86.
2. ਗਰਬ ਗੰਜਨੀ ਟੀਕਾ, ਪੰ: 66.
3. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
4. ਓਹੀ,
5. ਓਹੀ,
6. ਓਹੀ,

(ਕ) ਮੰਦਾ ਮਨੁੱਖ ਭੀ ਮੂੰਹੋਂ ਰੱਬ ਦੀਆਂ ਸਿਫ਼ਤਾਂ ਕਰਨ ਲਗ ਪੈਂਦਾ ਹੈ।[1]

(ਖ) ਸੁਣਨ ਨਾਲ ਹੀ ਉਹ ਸੁਰਤੀ ਆਦੀ ਜਿਸ ਦੁਆਰਾ ਮੰਤਰ ਰਟਕੇ ਕਿਸੀ ਆਪਣੇ ਮੁਖ ਤੋਂ ਉਪਾਸਨਾ, ਸਾਲਾਹ ਪਸ਼ੂ ਦੀ ਕਰਦੇ ਹਨ। 'ਮੰਦੁ' ਦਾ ਅਰਥ ਮੰਤਰ ਕੀਤਾ ਹੈ।[2]

(ਗ) ਉਹ ਸਿਖਿਆ ਸੁਣ ਕੇ ਉਨ੍ਹਾਂ ਦੇਵਤਿਆਂ (ਸ਼ਿਵ, ਬ੍ਰਹਮਾ, ਵਿਸ਼ਨੂੰ) ਦੀ ਉਸਤਤੀ ਮੰਦੀ ਮੰਦੀ ਕਰਣ ਲਗ ਪੈਂਦੀ ਹੈ।[3]

ਉਪਰੋਕਤ ਅਰਥਾਂ ਤੋਂ ਪਤਾ ਲਗਦਾ ਹੈ ਕਿ 'ਮੁਖਿ' ਅਤੇ 'ਮੰਦੁ' ਸ਼ਬਦਾਂ ਦੇ ਅਰਥਾਂ ਬਾਰੇ ਟੀਕਾਕਾਰਾਂ ਦਾ ਪਰਸਪਰ ਵਿਰੋਧ ਹੈ। ਇਨ੍ਹਾਂ ਸ਼ਬਦਾਂ ਦੇ ਅਰਥ ਸਮਝਣ ਲਈ ਗੁਰਬਾਣੀ ਵਿਚੋਂ ਪ੍ਰਮਾਣ ਲੈਂਦੇ ਹਾਂ, ਜਿਵੇਂ :-

"ਮੁਖਿ ਨਿੰਦਾ ਆਖਾ ਦਿਨੁ ਰਾਤਿ।"[4] (ਮੂੰਹ ਤੋਂ ਜਾਂ ਮੂੰਹ ਵਿਚੋਂ)

"ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ ਪਕਾਇਆ।"[5] (ਸੁਰਾ, ਨਸ਼ਾ)

"ਭਗਤਾ ਮੁਖਿ ਅੰਮ੍ਰਿਤੁ ਹੈ ਬਾਣੀ। ਗੁਰਮੁਖਿ ਹਰਿ ਨਾਮੁ ਆਖਿ ਵਖਾਣੀ।"[6]
— (ਮੂੰਹ ਵਿਚ)

ਇਨ੍ਹਾਂ ਪ੍ਰਮਾਣਾਂ ਦੇ ਆਧਾਰ ਤੇ ਇਸ ਤੁਕ ਦੇ ਦੋ ਹੀ ਅਰਥ ਨਿਕਲਦੇ ਹਨ :-

ਪਹਿਲਾ ਇਹ ਕਿ ਨਾਮ ਸੁਣਨ ਨਾਲ ਮੰਦਾ ਮਨੁੱਖ ਵੀ ਆਪਣੇ ਮੂੰਹੋਂ ਰੱਬ ਦੀਆਂ ਸਿਫ਼ਤਾਂ ਕਰਨ ਲਗ ਪੈਂਦਾ ਹੈ। ਦੂਜਾ ਇਹ ਕਿ ਨਾਮ ਸੁਣਨ ਨਾਲ ਮੰਦਾ ਮਨੁੱਖ ਵੀ (ਲੋਕਾਂ ਦੇ ਮੂੰਹੋਂ) ਸਲਾਹਿਆ ਜਾਂਦਾ ਹੈ।

ਜੇ ਵਿਚਾਰ ਅਧੀਨ ਤੁਕ ਵਿਚ ਆਏ ਸ਼ਬਦਾਂ ਦੇ ਅੱਖਰੀ ਅਰਥਾਂ ਨੂੰ ਗਹੁ ਨਾਲ ਵਾਚਿਆ ਜਾਵੇ, ਤਾਂ ਪਹਿਲੇ ਅਰਥ ਵਧੇਰੇ ਢੁਕਵੇਂ ਹਨ ਕਿ 'ਨਾਮ ਸੁਣਨ ਕਰਕੇ ਮੰਦਾ ਮਨੁੱਖ ਵੀ ਮੂੰਹੋਂ ਰੱਬ ਨੂੰ ਸਲਾਹੁਣ ਲਗ ਪੈਂਦਾ ਹੈ।

1. ਪ੍ਰੋ. ਸਾਹਿਬ ਸਿੰਘ, ਜਪੁਜੀ ਸਾਹਿਬ ਸਟੀਕ, ਪੰ:64.
2. ਡਾਂ. ਮੋਹਨ ਸਿੰਘ, ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰ:32.
3. ਪ੍ਰਿੰ. ਤੇਜਾ ਸਿੰਘ, ਜਪੁਜੀ ਸਟੀਕ, ਪੰ:81.
4. ਆਦਿ ਗ੍ਰੰਥ, ਪੰ:24
5. ਓਹੀ, ਪੰ:1250.
6. ਓਹੀ, ਪੰ:1069.

(6) "ਸੁਣਿਐ ਸਤੁ ਸੰਤੋਖੁ ਗਿਆਨੁ।" — (ਪਉੜੀ-10)

ਭਾਈ ਸੰਤੋਖ ਸਿੰਘ ਨੇ ਇਸ ਤੁਕ ਦੇ ਦੋ ਅਰਥ ਕੀਤੇ ਹਨ[1] :-

(ੳ) "ਸੁਣਨ ਕਰਨ ਨਾਲ ਸਚ ਬੋਲਣਾ, ਸੰਤੋਖ ਕਰਨਾ, ਗਿਆਨਵਾਨ ਹੋਣਾ—ਗੁਣਾਂ ਦੀ ਪ੍ਰਾਪਤੀ ਹੁੰਦੀ ਹੈ।" ਸੋਢੀ ਮਿਹਰਬਾਨ, ਭਾਈ ਮਨੀ ਸਿੰਘ, ਕਰਤਾ ਫਰੀਦਕੋਟੀ ਟੀਕਾ, ਅਨੰਦਘਨ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ ਤੇ ਡਾ: ਮੋਹਨ ਸਿੰਘ ਆਦਿ ਨੇ ਵੀ ਇਹੋ ਹੀ ਅਰਥ ਕੀਤੇ ਹਨ।[2]

(ਅ) 'ਸੁਣਨ ਨਾਲ ਆਪਣੇ ਸਰੂਪ ਦੀ ਪਹਿਚਾਣ, ਵਾਹਿਗੁਰੂ ਦਾ ਗਿਆਨ ਤੇ ਸੰਤੋਖ ਹੁੰਦੇ ਹਨ।

ਇਸ ਤੋਂ ਛੁੱਟ ਇਸ ਤੁਕ ਦੇ ਅਰਥ ਹੋਰ ਵੀ ਕੀਤੇ ਗਏ ਹਨ:-

(ੲ) 'ਸੰਤ ਦੇ ਨਾਮ ਵਿਚ ਜੁੜਨ ਨਾਲ (ਹਿਰਦੇ ਵਿਚ) ਦਾਨ (ਦੇਣ ਦਾ ਸੁਭਾਉ) ਸੰਤੋਖ ਤੇ ਪ੍ਰਕਾਸ਼ ਪ੍ਰਗਟ ਹੋ ਜਾਂਦੇ ਹਨ।[3]

(ਸ) 'ਗੁਰੂ ਦੀ ਸਿਖਿਆ ਸੁਣਨ ਨਾਲ ਸਿਦਕ ਸਬੂਰੀ ਅਤੇ ਵਿਚਾਰ ਦਾ ਪਤਾ ਲਗਦਾ ਹੈ।'[4]

(ਹ) 'ਸਤਿ ਸੰਤੋਖੁ ਵੀਚਾਰੁ' - ਇਹ ਤਿੰਨ ਵੱਡੇ ਰਤਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮੁੱਚਾ ਸਾਰ ਇਹ ਤਿੰਨ ਰਤਨ ਹਨ। ਇਥੇ ਵਿਚਾਰ ਦੀ ਥਾਂ 'ਗਿਆਨੁ' ਰਖਿਆ ਹੈ। ਇਹ ਤਿੰਨੇ ਰਤਨ ਸੁਣਨ ਨਾਲ ਪ੍ਰਾਪਤ ਹੁੰਦੇ ਹਨ।[5]

ਇਸ ਤੁਕ ਦੇ ਅਰਥਾਂ ਦਾ ਨਿਰਣਾ ਕਰਨ ਲਈ ਅਸੀ ਗੁਰਬਾਣੀ ਦੀ ਓਟ ਲੈਂਦੇ ਹਾਂ। ਗੁਰਬਾਣੀ ਵਿਚ 'ਸਤੁ' ਦੀ ਵਰਤੋਂ 'ਸੰਤੋਖ' ਨਾਲ ਕਈ ਥਾਵਾਂ ਤੇ ਹੋਈ ਹੈ, ਜਿਥੇ ਕਿ ਉਸ ਦੇ ਅਰਥ 'ਸੱਚ' ਨਿਕਲਦੇ ਹਨ:-

---

1. ਗਰਬ ਗੰਜਨੀ ਟੀਕਾ, ਪੰ:68.
2. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
3. ਪ੍ਰੋ: ਸਾਹਿਬ ਸਿੰਘ, ਜਪੁਜੀ ਸਾਹਿਬ ਸਟੀਕ, ਪੰ:68.
4. ਪ੍ਰਿੰ: ਤੇਜਾ ਸਿੰਘ, ਜਪੁਜੀ ਸਟੀਕ, ਪੰ:85.
5. ਵਿਨੋਬਾ ਭਾਵੇ, ਜਪੁਜੀ, ਪੰ:47.

"ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ।"[1]

"ਸਤਜੁਗਿ ਸਤੁ ਸੰਤੋਖ ਸਰੀਰਾ।"[2]

ਇਹ ਠੀਕ ਹੈ ਕਿ 'ਸਤੁ' ਸ਼ਬਦ ਦੀ ਵਰਤੋਂ ਗੁਰਬਾਣੀ ਵਿਚ 'ਦਾਨ' ਦੇ ਅਰਥਾਂ ਵਿਚ ਹੋਈ ਹੈ, ਪਰ ਜਿਥੇ 'ਦਾਨ' ਦਾ ਭਾਵ ਹੋਵੇ, ਉਥੇ 'ਸਤੁ' ਦੇ ਨਾਲ ਹੀ 'ਦਾਨ' ਸ਼ਬਦ ਵੀ ਆਇਆ ਹੈ :-

"ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ।"[3] (ਪੁੰਨ ਦਾਨ)

"ਬ੍ਰਹਮਣ ਕੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨ।"[4] (ਪੁੰਨ ਦਾਨ)

ਇਸੇ ਤਰ੍ਹਾਂ 'ਸਤੁ' ਦੇ ਅਰਥ 'ਸਿਦਕ' ਕਰਣੇ ਵੀ ਠੀਕ ਨਹੀਂ ਜਾਪਦੇ। ਸੋ ਇਸ ਤੁਕ ਦੇ ਅਰਥ 'ਪ੍ਰਭੂ ਦਾ ਨਾਮ ਸੁਣਨ ਨਾਲ ਸੱਤ, ਸੰਤੋਖ ਤੇ ਗਿਆਨ ਪ੍ਰਾਪਤ ਹੋ ਜਾਂਦੇ ਹਨ'; ਹੀ ਠੀਕ ਮੰਨਣੇ ਚਾਹੀਦੇ ਹਨ।

ਸਮੁੱਚੇ ਤੌਰ ਤੇ ਸੁਣਣ ਦੀਆਂ ਪਉੜੀਆਂ ਵਿਚ ਦਸਿਆ ਗਿਆ ਹੈ ਕਿ ਪ੍ਰਭੂ ਦਾ ਨਾਮ ਸੁਣਨ ਨਾਲ ਤੇ ਉਸ ਦੀ ਮਹਿਮਾ ਸੁਣਨ ਨਾਲ ਕੀ ਫਲ ਪ੍ਰਾਪਤ ਹੁੰਦਾ ਹੈ। ਪ੍ਰਭੂ ਦੀ ਮਹਿਮਾ ਸੁਣਨ ਨਾਲ ਮਨੁੱਖਾਂ ਵਿਚ ਕਈ ਸਿਧ, ਪੀਰ, ਸੁਰ ਤੇ ਨਾਥ ਹੋ ਗਏ ਹਨ।

## (ੲ) 'ਮੰਨਣ ਮਹਿਮਾ'

ਜਪੁਜੀ ਦੀਆਂ 12 ਤੋਂ 15 ਤਕ ਦੀਆਂ ਪਉੜੀਆਂ ਵਿਚ ਪਰਮਾਤਮਾ ਦੇ ਨਾਮ ਨੂੰ ਮੰਨਣ ਵਾਲਿਆਂ ਦੀ ਮਹਿਮਾ ਹੈ। ਪੁਰਾਤਨ ਸਿਧਾਂਤ ਵਿਚ ਭਗਤੀ ਦੇ ਰੂਪ ਸ੍ਰਵਣ, ਮੰਨਣ[5] ਤੇ ਨਿਦਿਧਿਆਸਨ[6] ਹਨ। ਜਪੁਜੀ ਵਿਚ ਵੀ ਭਗਤੀ ਦੇ ਇਹ ਰੂਪ ਸੁਣਿਐ, ਮੰਨਿਐ ਅਤੇ ਗਾਉ ਦਿਤੇ ਹਨ:-

1. ਆਦਿ ਗ੍ਰੰਥ, ਪੰ:51.
2. ਉਹੀ, ਪੰ:1023.
3. ਉਹੀ, ਪੰ:16.
4. ਉਹੀ, ਪੰ:1240.
5. ਮੰਨਣ ਦੇ ਅਰਥ ਵਿਚਾਰ ਅਥਵਾ ਚਿੰਤਨ ਹਨ। (ਮਹਾਨ ਕੋਸ਼, ਪੰ:1711)
6. ਨਿਦਿਧਿਆਸਨ ਦੇ ਅਰਥ ਬਾਰ ਬਾਰ ਚਿਤ ਬ੍ਰਿਤਿ ਨੂੰ ਧਿਆਨ ਵਿਚ ਲਾਉਣ ਦੀ ਕ੍ਰਿਯਾ ਹੈ। (ਮਹਾਨ ਕੋਸ਼, ਪੰ:530)

"ਸੁਣਿਆ ਮੰਨਿਆ ਮਨਿ ਕੀਤਾ ਭਾਉ।"
— (ਪਉੜੀ-21)

'ਮੰਨਣ' ਦੀ ਅਵਸਥਾ ਅੰਤਰ ਆਤਮਾ ਦੀ ਭਗਤੀ ਹੈ ਅਤੇ ਉਥੇ ਪਰਮਾਤਮਾ ਦੇ ਸਰੂਪ ਨੂੰ ਅਨੁਭਵ ਕਰਨਾ ਹੈ।

ਪ੍ਰਭੂ ਦੀ ਕਿਰਪਾ ਦੁਆਰਾ ਜਿਸ ਮਨੁੱਖ ਦੀ ਪ੍ਰਭੂ ਨਾਲ ਲਗਨ ਲਗ ਜਾਏ, ਉਸ ਦੀ ਆਤਮਕ ਉੱਚਤਾ ਵਰਣਨ ਨਹੀਂ ਹੋ ਸਕਦੀ। ਉਸ ਨੂੰ ਸਾਰੇ ਬ੍ਰਹਮੰਡ ਵਿਚ ਪਰਮਾਤਮਾ ਹੀ ਦਿਸਦਾ ਹੈ। ਉਹ ਵਿਕਾਰਾਂ ਉਤੇ ਕਾਬੂ ਪਾ ਲੈਂਦਾ ਹੈ। ਇਥੋਂ ਤਕ ਕਿ ਉਸ ਨੂੰ ਮੌਤ ਵੀ ਨਹੀਂ ਡਰਾ ਸਕਦੀ। ਸਿਮਰਨ ਦੇ ਸਦਕਾ 'ਧਰਮ ਨਾਲ ਉਸ ਦਾ ਇਤਨਾ ਡੂੰਘਾ ਸੰਬੰਧ ਬਣ ਜਾਂਦਾ ਹੈ ਕਿ ਕੋਈ ਰੁਕਾਵਟ ਵੀ ਉਸ ਨੂੰ ਠੀਕ ਆਦਰਸ਼ ਤੋਂ ਦੂਰ ਨਹੀਂ ਲੈ ਜਾ ਸਕਦੀ। ਉਸ ਦੇ ਸਾਰੇ ਮਾਇਕ ਬੰਧਨ ਕੱਟੇ ਜਾਂਦੇ ਹਨ। ਉਹ ਕੇਵਲ ਆਪ ਹੀ ਨਹੀਂ ਤਰ ਜਾਂਦਾ ਸਗੋਂ ਆਪਣੇ ਪਰਵਾਰ ਦੇ ਜੀਆਂ ਨੂੰ ਵੀ ਤਾਰਨ ਦੇ ਸਮਰਥ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਭਗਤ ਦਾ ਕਰਤੱਵ ਹੀ ਆਪ ਨਿਹਾਲ ਹੋਣਾ ਹੈ ਅਤੇ ਹੋਰਨਾਂ ਨੂੰ ਨਿਹਾਲ ਕਰਨਾ ਹੈ।

ਹੁਣ ਅਸੀ ਇਨ੍ਹਾਂ ਪਉੜੀਆਂ ਵਿਚ ਆਈਆਂ ਭਿੰਨ ਭਿੰਨ ਅਰਥਾਂ ਵਾਲੀਆਂ ਤੁਕਾਂ ਤੇ ਵਿਚਾਰ ਕਰਾਂਗੇ :-

(7) 'ਮੰਨੈ ਮਗੁ ਨ ਚਲੈ ਪੰਥੁ' — (ਪਉੜੀ-14)

ਵਿਦਵਾਨ ਟੀਕਾਕਾਰਾਂ ਨੇ ਇਸ ਤੁਕ ਦੇ ਅਰਥ ਹੇਠ ਲਿਖੇ ਕੀਤੇ ਹਨ :-

ਕਰਤਾ ਫਰੀਦਕੋਟੀ ਟੀਕਾ ਨੇ ਇਸ ਦੇ ਦੋ ਅਰਥ ਕੀਤੇ ਹਨ[1] :-

(ੳ) ਪੰਥ ਕੇ ਜੋ ਅਭਿਮਾਨੀ ਹੈਂ ਮੰਨਨ ਕਰਨੇ ਵਾਲੇ ਤਿਨਾਂ ਕੇ (ਮਗੁ) ਰਸਤੇ ਮੇਂ ਨਹੀਂ ਚਲਤੇ ਭਾਵ ਭੇਖੋਂ ਕਾ ਅਭਿਮਾਨ ਨਹੀਂ ਕਰਤੇ।

(ਅ) ਮੰਨਣ ਕਰਣੇਹਾਰੇ ਪ੍ਰਗਟ ਰਸਤੇ ਮੇਂ (ਮਗੁਨ) ਮਸਤ ਹੂਏ ਹੂਏ ਚਲਤੇ ਹੈਂ। ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ ਨੇ ਵੀ ਇਹੋ ਅਰਥ ਕੀਤੇ ਹਨ[2]।

---

1. ਫਰੀਦਕੋਟੀ ਟੀਕਾ, ਪੰ:11.
2. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।

ਇਸ ਤੁਕ ਦੇ ਹੋਰ ਅਰਥ ਇਸ ਤਰ੍ਹਾਂ ਕੀਤੇ ਗਏ ਹਨ :-

(ਟ) ਮਾਰਗਿ ਹੈ ਪੰਥ ਸੁ ਖਰਾ ਕਠਨ ਹੈ।[1]

(ਠ) ਜੋ ਨਾਮ ਕੋ ਸੁਣ ਕਰ ਮਾਨੈਗਾ ਸੁ ਮਗੁ, ਤਿਆਗ ਕਹੀਐ, ਇਸਥਾਈ ਹੋਵੇਗਾ। ਪੰਥ ਜੋ ਹੈ ਆਪਾਕੋਟ ਤਿਸ ਵਿਖੇ ਨਾ ਚਲੈਗਾ।[2]

(ਡ) ਮੰਨ ਲੈਣ ਵਾਲਾ ਧਰਮ ਰਾਜ ਦੇ ਦਰ ਤੋਂ ਜੀਵਾਂ ਨੂੰ ਨਰਕ ਸੁਰਗ ਵਿਚ ਲੈ ਜਾਣ ਵਾਲੇ ਰਸਤੇ ਉਤੇ ਨਹੀਂ ਚਲਦਾ।[3]

(ਢ) ਮੰਨਣ ਵਾਲਾ ਪਹਿਆਂ ਵਿਚ ਟੱਕਰਾਂ ਨਹੀਂ ਮਾਰਦਾ ਫਿਰਦਾ। ਉਹ ਸ਼ਾਹੀ ਸੜਕ ਪੁਰ ਤੁਰਦਾ ਹੈ।[4]

(ਣ) ਮੰਨਣ ਨਾਲ ਹੀ ਉਸ ਨੂੰ ਮਗ, ਮਾਰਗ ਅਤੇ ਪੰਥ ਚਲਣ ਦੀਆਂ ਕਠਨਾਈਆਂ ਸਹਿਣ ਦੀ ਲੋੜ ਹੀ ਨਹੀਂ ਰਹਿੰਦੀ। ਸਹਿਜੇ ਹੀ ਸੁਤੇ ਸਿਧ ਹੀ ਮੰਜ਼ਲ ਉਤੇ ਪੁਜ ਜਾਂਦਾ ਹੈ।[5]

(ਤ) ਜੋ ਮਨੁੱਖ ਦਾ ਮਨ ਨਾਮ ਵਿਚ ਪਤੀਜ ਜਾਏ ਤਾਂ ਉਹ ਫਿਰ (ਦੁਨੀਆਂ ਦੇ ਵੱਖ-ਵੱਖਰੇ ਮਜ਼੍ਹਬਾਂ ਦੇ ਦੱਸੇ) ਰਸਤਿਆਂ ਤੇ ਨਹੀਂ ਤੁਰਦਾ।[6]

(ਥ) ਜਿਹਾਂ ਮਗ ਪਦ ਵਿਆਨ ਹੈ ਮਾਰਗ ਸੂਖਮਾਦਿ ਕੋ ਪੰ ਹੈ। ਪੰਥ ਪਦ ਮੁਕਤੀ ਕੋ ਵਿਆਨ ਪੰ ਹੈ।[7]

(ਦ) ਮੰਨਣ ਕਰਨ ਵਾਲਾ ਮਨੁੱਖ ਮਾਰਗਾਂ ਜਾਂ ਪੰਥਾਂ ਦੇ ਰਾਹੇ ਨਹੀਂ ਚਲੇਗਾ।[8]

(ਧ) ਸਤਿ ਸੰਗਤ ਦੀ ਮਰਯਾਦਾ ਨੂੰ ਮੰਨੈ ਤਾਂ ਜਮ ਪੰਥ ਵਿਚ ਨਹੀਂ ਪੈਂਦਾ।[9]

ਇਸ ਤੁਕ ਦੇ ਅਰਥਾਂ ਦਾ ਨਿਰਣਾ ਕਰਨ ਤੋਂ ਪਹਿਲਾਂ ਇਸ ਦੇ ਸ਼ੁੱਧ ਪਾਠ ਦਾ ਨਿਰਣਾ ਕਰਨਾ ਜ਼ਰੂਰੀ ਹੈ। ਸ਼ੁੱਧ ਪਾਠ 'ਮਗੁ ਨ' ਹੈ ਜਾਂ 'ਮਗੁਨ'। ਇਸ ਦਾ ਸਪਸ਼ਟੀਕਰਣ ਅਸੀਂ ਗੁਰਬਾਣੀ-ਪ੍ਰਮਾਣਾਂ ਰਾਹੀਂ ਕਰਦੇ ਹਾਂ :-

---

1. ਪੋਥੀ ਸੋਢੀ ਮਿਹਰਬਾਨ, ਸਚੀ ਦੂਜੀ, ਪੰ:272.
2. ਅਗਿਆਤ, ਗੁਰਬਾਣੀ ਟੀਕੇ, ਪੰ:150.
3. ਭਾਈ ਵੀਰ ਸਿੰਘ, ਸੰਥਿਆ ਪੋਥੀ ਸਚੀ ਪਹਿਲੀ, ਪੰਨਾ 78.
4. ਭਾਈ ਜੋਧ ਸਿੰਘ, ਜਪੁਜੀ ਸਟੀਕ, ਪੰ:39.
5. ਡਾ:ਮੋਹਨ ਸਿੰਘ, ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰ:42.
6. ਪ੍ਰੋ:ਸਾਹਿਬ ਸਿੰਘ, ਜਪੁਜੀ ਸਾਹਿਬ ਸਟੀਕ, ਪੰ:74.
7. ਪੰ:ਤਾਰਾ ਸਿੰਘ ਨਰੋਤਮ, ਟੀਕਾ ਗੁਰਭਾਵ ਦੀਪਕਾ, ਪੰ:97.
8. ਵਿਨੋਬਾ ਭਾਵੇ, ਜਪੁਜੀ, ਪੰ:49.
9. ਪੰ:ਕਰਤਾਰ ਸਿੰਘ ਦਾਖਾ, ਸ੍ਰੀ ਜਪੁ-ਨਿਸਾਣ, ਪੰ:7[illegible]

"ਮਗਨ ਮਨੈ ਮਹਿ ਚਿਰਙਈ ਆਸਾ ਨੈਨਹੁ ਤਾਰ ਤੁਹਾਰੀ।"[1] (ਮਸਤ)

"ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ।"[2] (ਮਸਤ)

ਗੁਰਬਾਣੀ ਵਿਆਕਰਣ ਦਾ ਇਕ ਨਿਯਮ ਹੈ ਕਿ ਜਿਥੇ ਵੀ 'ਮਗਨ' ਸ਼ਬਦ ਆਇਆ ਹੈ, ਇਸ ਦਾ 'ਨ' ਅੱਖਰ ਮੁਕਤਾ ਹੁੰਦਾ ਹੈ ਜਾਂ ਇਸ ਨੂੰ ਔਂਕੜ ਲੱਗਾ ਹੁੰਦਾ ਹੈ, 'ਗ' ਅੱਖਰ ਨੂੰ ਕਦੇ ਵੀ ਔਂਕੜ ਨਹੀਂ ਲੱਗਾ ਹੁੰਦਾ। ਦੂਜੀ ਗੱਲ ਇਹ ਹੈ ਕਿ ਗੁਰਬਾਣੀ ਵਿਚ 'ਮਗੁ ਨ' ਸ਼ਬਦ ਦੀ ਵਰਤੋਂ ਹੋਰ ਥਾਈਂ ਵੀ ਮਿਲਦੀ ਹੈ :-

"ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ।"[3]

"ਨਾ ਸਹੁ ਗੁਰਮੁ ਨ ਸੂਝੀ ਧਾਰ।
ਜਿਸੁ ਘਰਿ ਜਾਣਾ ਤਹ ਮਗੁ ਨ ਚਾਲਣ ਹਾਰ।"[4]

ਭਾਈ ਕਾਨ੍ਹ ਸਿੰਘ ਨਾਭਾ ਨੇ[5] 'ਮਗੁ' ਦਾ ਅਰਥ ਮਾਰਗ, ਰਸਤਾ ਤੇ ਰਾਹ ਆਦਿ ਕੀਤਾ ਹੈ ਅਤੇ 'ਪੰਥ'[6] ਦੇ ਵੀ ਇਹੋ ਹੀ ਅਰਥ ਕੀਤੇ ਹਨ। ਇਨ੍ਹਾਂ ਨੇ ਵਿਚਾਰ ਅਧੀਨ ਤੁਕ ਦੇ ਅਰਥ "ਕਰਤਾਰ ਦੇ ਨਾਮ ਨੂੰ ਮੰਨਣ ਵਾਲਾ ਅਨੇਕ ਮਜ਼੍ਹਬਾਂ ਦੇ ਰਾਹ ਤੁਰਨ ਵਾਲਿਆਂ ਦੇ ਮਾਰਗ ਨਹੀਂ ਚਲਦਾ"[7] ਕੀਤੇ ਹਨ। ਉਪਰੋਕਤ ਪ੍ਰਮਾਣਾਂ ਦੇ ਆਧਾਰ ਤੇ ਵੀ ਇਹੋ ਹੀ ਅਰਥ ਠੀਕ ਪ੍ਰਤੀਤ ਹੁੰਦੇ ਹਨ। ਇਹ ਤੁਕ ਸਾਨੂੰ ਇਹ ਵੀ ਦ੍ਰਿੜ੍ਹ ਕਰਾਉਂਦੀ ਹੈ ਕਿ ਨਾਮ ਮੰਨਣ ਵਾਲੇ ਗੁਰਮੁਖ ਦੇ ਪੈਰ 'ਦੁਬਿਧਾ-ਪੰਥ' ਵਲ ਨਹੀਂ ਜਾਂਦੇ।

(੪) "ਮੰਨੈ ਤਰੈ ਤਾਰੈ ਗੁਰਸਿਖ।" —(ਪਉੜੀ-15)

ਟੀਕਾਕਾਰਾਂ ਨੇ ਇਸ ਤੁਕ ਦੇ ਅਰਥ ਚਾਰ ਤਰ੍ਹਾਂ ਦੇ ਕੀਤੇ ਹਨ :-

(ੳ) 'ਨਾਮ ਮੰਨਣ ਨਾਲ ਗੁਰੂ ਆਪ ਤਰਦਾ ਹੈ ਤੇ ਸਾਰਿਆਂ ਸਿੱਖਾਂ ਨੂੰ ਤਾਰ ਲੈਂਦਾ ਹੈ।

1. ਆਦਿ ਗ੍ਰੰਥ, ਪੰ:1120.
2. ਓਹੀ, ਪੰ:1364.
3. ਓਹੀ, ਪੰ: 773.
4. ਓਹੀ, ਪੰ:1275.
5. ਮਹਾਨ ਕੋਸ਼, ਪੰ:704.
6. ਓਹੀ, ਪੰ:595.
7. ਓਹੀ, ਪੰ:595.

ਇਹ ਅਰਥ ਕਰਨ ਵਾਲਿਆਂ ਵਿਚੋਂ ਅਨੇਕ ਹਨ, ਭਾਈ ਸੰਤੋਖ ਸਿੰਘ, ਕਰਤਾ ਫਰੀਦਕੋਟੀ ਟੀਕਾ ਭਾਈ ਵੀਰ ਸਿੰਘ, ਪ੍ਰਿੰ:ਜੋਧ ਸਿੰਘ, ਡਾ:ਮੋਹਨ ਸਿੰਘ, ਪ੍ਰੋ:ਸਾਹਿਬ ਸਿੰਘ ਤੇ ਵਿਨੋਬਾ ਭਾਵੇ ਆਦਿ ਵਿਸ਼ੇਸ਼ ਹਨ।[1]

(ਖ) 'ਜਉ ਗੁਰੂ ਪੂਰਾ ਹੋਇ, ਉਸ ਨਾਲ ਪੀਛੈ ਸਿਖਾਂ ਦਾ ਉਧਾਰ ਹੋਇ।' ਸੋਢੀ ਮਿਹਰਬਾਨ ਤੇ ਤਾਰਾ ਸਿੰਘ ਨਰੋਤਮ ਆਦਿ ਨੇ ਇਹ ਅਰਥ ਕੀਤੇ ਹਨ।[2]

(ਗ) ਗੁਰੂ ਤੇ ਸਿਖ ਦੋਵੇਂ ਤਰਦੇ ਹਨ।[3]

(ਘ) ਗੁਰੂ ਦਾ ਸ਼ਬਦ ਮੰਨਣ ਨਾਲ ਮਨੁੱਖ ਆਪ ਤਰਦਾ ਹੈ ਅਤੇ ਹੋਰ ਜੋ ਸਿਖਿਆ ਲੈਣ ਆਉਣ ਉਨ੍ਹਾਂ ਨੂੰ ਉਪਦੇਸ਼ ਦਾਤਾ ਹੋ ਕੇ ਤਾਰਦਾ ਹੈ।[4]

ਉਪਰੋਕਤ ਅਰਥਾਂ ਦੇ ਅਧਿਐਨ ਤੋਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਟੀਕਾਕਾਰਾਂ ਦੇ ਅਰਥਾਂ ਵਿਚ ਭਿੰਨਤਾ ਇਸ ਕਰਕੇ ਹੈ ਕਿ ਕਈਆਂ ਨੇ 'ਗੁਰਸਿਖ' ਨੂੰ ਇਕ ਪਦ ਤੇ ਕਈਆਂ ਨੇ ਦੋ ਪਦ 'ਗੁਰ ਸਿਖ' ਮੰਨ ਕੇ ਅਰਥ ਕੀਤੇ ਹਨ। ਇਸ ਦੇ ਅਰਥਾਂ ਨੂੰ ਸਮਝਣ ਲਈ ਅਸੀ ਗੁਰਬਾਣੀ ਵਿਚੋਂ ਪ੍ਰਮਾਣ ਲੈਂਦੇ ਹਾਂ:-

"ਗੁਰਸਿਖ ਮੀਤ ਚਲਹੁ ਗੁਰ ਚਾਲੀ।"[5]

"ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ ਰਾਮ ਗੁਣ ਗਾਏ।"[6]

ਇਨ੍ਹਾਂ ਤੁਕਾਂ ਵਿਚ 'ਗੁਰਸਿਖ' ਸ਼ਬਦ ਇਕ ਪਦ ਵਜੋਂ ਵਰਤਿਆ ਗਿਆ ਹੈ ਤੇ ਇਸ ਦੇ ਅਰਥ ਹਨ — ਸਿਸ਼ੁ ਜਾਂ ਚੇਲਾ।[7]

ਇਸ ਸੰਬੰਧੀ ਦੂਜੀ ਗੱਲ ਇਹ ਹੈ ਕਿ ਗੁਰੂ ਤਾਂ ਪਹਿਲਾਂ ਹੀ ਜੀਵਨ ਮੁਕਤ ਹੈ ਤੇ ਫਿਰ ਉਸ ਨੂੰ ਤਰਨ ਦੀ ਕੀ ਲੋੜ ਹੈ :-

---

1. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
2. ਓਹੀ
3. ਭਾਈ ਮਨੀ ਸਿੰਘ, ਜਪੁਜੀ ਸਾਹਿਬ ਸਟੀਕ, ਪੰ:113.
4. ਪ੍ਰਿੰ: ਤੇਜਾ ਸਿੰਘ, ਜਪੁਜੀ ਸਟੀਕ, ਪੰ:95.
5. ਆਦਿ ਗ੍ਰੰਥ, ਪੰ:667.
6. ਓਹੀ, ਪੰ:573.
7. ਮਹਾਨ ਕੋਸ਼, ਪੰ:311.

"ਨਾਰਾਇਣ ਨਰਪਤਿ ਨਮਸਕਾਰੈ।

ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ।"[1]

ਤੀਜੀ ਗੱਲ ਇਹ ਹੈ ਕਿ ਗੁਰਬਾਣੀ ਵਿਚ ਕਈ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਦਾ ਸਿਖ(ਨਾਮ ਮੰਨਣ ਵਾਲਾ) ਕੇਵਲ ਸੰਸਾਰ ਸਾਗਰ ਤੋਂ ਆਪ ਹੀ ਨਹੀਂ ਤਰਦਾ, ਸਗੋਂ ਆਪਣੇ ਪਰਵਾਰ ਅਤੇ ਹੋਰ ਸੰਗੀਆਂ ਸਾਥੀਆਂ ਨੂੰ ਵੀ ਤਾਰਨ ਦੇ ਸਮਰਥ ਹੁੰਦਾ ਹੈ :-

"ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ

ਸਭੁ ਜਨਮੁ ਤਿਨਾ ਕਾ ਸਫਲੁ ਭਇਆ।

ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ।

ਸਭੁ ਕੁਲੁ ਭੀ ਪਾਰਿ ਪਇਆ।"[2]

ਭਾਈ ਗੁਰਦਾਸ ਜੀ ਇਸ ਦੀ ਪੁਸ਼ਟੀ ਇਉਂ ਕਰਦੇ ਹਨ :-

"ਬਲਿਹਾਰੀ ਤਿਨਾਂ ਗੁਰਸਿਖਾਂ ਆਪ ਤਰੈ ਤਾਰਨਿ ਸਹਿੰਨਾ"।[3]

ਸੋ ਉਪਰੋਕਤ ਵਿਚਾਰਾਂ ਤੋਂ ਇਸ ਤੁਕ ਦੇ ਅਰਥ "ਨਾਮ ਮੰਨਣ ਵਾਲਾ ਮਨੁੱਖ ਆਪ ਤਰਦਾ ਹੈ ਤੇ ਹੋਰ ਗੁਰਸਿਖਾਂ (ਸੰਗੀਆਂ ਸਾਥੀਆਂ) ਨੂੰ ਤਾਰਦਾ ਹੈ" ਹਨ।

## (ਜ) "ਪ੍ਰਭੂ ਦੀ ਰਚਨਾ ਦੀ ਬੇਅੰਤਤਾ"

ਜਪੁਜੀ ਦੀਆਂ 16 ਤੋਂ 19 ਤੁਕ ਦੀਆਂ ਪਉੜੀਆਂ ਵਿਚ ਮੁੱਖ ਵਿਚਾਰ "ਕੀਤਾ ਪਸਾਉ ਏਕੋ ਕਵਾਉ" ਦਾ ਬਿਆਨ ਹੈ ਭਾਵ ਸਾਰਾ ਬ੍ਰਹਿਮੰਡ ਸੰਸਾਰ ਨਿਰੰਕਾਰ ਵਿਚੋਂ ਹੀ ਉਸ ਦੀ ਇੱਛਾ ਨਾਲ ਪੈਦਾ ਹੋਇਆ ਹੈ। ਨਿਰੰਕਾਰ ਸਦਾ ਸਲਾਮਤ ਹੈ ਤੇ ਇਹ ਸੰਸਾਰ ਦੀ ਕਾਰ ਵੀ ਭਲੀ ਹੈ ਕਿਉਂਕਿ ਇਹ ਉਸ ਦੇ ਭਾਣੇ ਵਿਚ ਹੈ। ਇਸ ਸਾਰੇ ਪਸਾਰੇ ਦਾ ਪ੍ਰਬੰਧ

1. ਆਦਿ ਗ੍ਰੰਥ,ਪੰ:1301,2.
2. ਓਹੀ, ਪੰ:1264.
3. ਭਾ:ਗੁਰਦਾਸ,ਵਾਰ 12-1.

ਧਰਮ, ਦਇਆ ਤੇ ਸੰਤੋਖ ਤੇ ਆਧਾਰਿਤ ਹੈ। ਚੰਗਿਆਈ ਤੇ ਬੁਰਿਆਈ ਸੰਸਾਰਕ ਪਸਾਰੇ ਨੂੰ ਚਲਦਾ ਰੱਖਣ ਲਈ ਜ਼ਰੂਰੀ ਹਨ। ਅਨੇਕਾਂ ਜੀਵ ਉਸ ਦੇ ਭਾਣੇ ਅਨੁਸਾਰ ਅਨੇਕ ਪ੍ਰਕਾਰ ਦੇ ਧਾਰਮਿਕ ਤੇ ਅਧਾਰਮਿਕ ਕਰਮ ਵੀ ਕਰ ਰਹੇ ਹਨ। ਉਹ ਆਪ ਕੇਡਾ ਵੱਡਾ ਹੈ ਤੇ ਉਸ ਦੀ ਰਚਨਾ ਕਿਤਨੀ ਕੁ ਹੈ? ਇਸ ਦਾ ਅੰਤ ਕੋਈ ਵੀ ਨਹੀਂ ਪਾ ਸਕਦਾ ਅਤੇ ਜੋ ਕੁਝ ਵੇਖਿਆ ਸੁਣਿਆ ਜਾਂ ਅਨੁਭਵ ਕੀਤਾ ਜਾ ਸਕਦਾ ਹੈ, ਇਹ ਸਭ ਪਰਮਾਤਮਾ ਦੀ ਮਹਾਨਤਾ ਨੂੰ ਪ੍ਰਗਟ ਕਰਦਾ ਹੈ।

ਇਸੇ ਤਰ੍ਹਾਂ ਜਪੁਜੀ ਦੀਆਂ 20 ਤੋਂ 27 ਤਕ ਦੀਆਂ ਪਉੜੀਆਂ ਵਿਚ ਵੀ ਪਰਮਾਤਮਾ ਦੇ ਪਸਾਰੇ ਦੀ ਬੇਅੰਤਤਾ ਵਰਣਨ ਕੀਤੀ ਹੈ ਤੇ ਇਸ ਪਸਾਰੇ ਦਾ ਬਿਆਨ ਕਰ ਸਕਣਾ ਅਸੰਭਵ ਦਸਿਆ ਹੈ। ਇਸ ਦਾ ਕੋਈ ਓੜਕ ਨਹੀਂ ਲਭ ਸਕਦਾ, ਇਥੋਂ ਤਕ ਕਿ ਕਿਸੇ ਨੂੰ ਇਸ ਬਾਰੇ ਪੂਰਣ ਸੂਝ ਵੀ ਨਹੀਂ :-

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।"
— (ਪਉੜੀ-੨੨)

ਉਹ ਪਰਮਾਤਮਾ ਸਭ ਦਾ ਮਾਲਕ ਤੇ ਕਰਤਾ ਹੈ। ਉਸ ਦਾ ਟਿਕਾਣਾ ਉੱਚਾ ਹੈ, ਪਰ ਉਸ ਦਾ ਨਾਮ ਹੋਰ ਵੀ ਉਚੇਰਾ ਹੈ। ਜਿਤਨਾ ਉੱਚਾ ਉਹ ਆਪ ਹੈ ਕੇਵਲ ਉਹ ਆਪ ਹੀ ਜਾਣਦਾ ਹੈ। ਉਸ ਦੀ ਬਖਸ਼ਿਸ਼ ਦਾ ਸਭ ਤੋਂ ਮਹਾਨ ਰੂਪ, ਉਸ ਦੀ 'ਸਿਫ਼ਤ-ਸਲਾਹ' ਦੀ ਪ੍ਰਾਪਤੀ ਹੈ ਕਿਉਂਕਿ 'ਸਿਫ਼ਤ ਸਲਾਹ' ਦੁਆਰਾ ਹੀ ਉਸ ਦਾ ਮਿਲਾਪ ਹੋ ਸਕਦਾ ਹੈ।

ਪਰਮਾਤਮਾ ਦੀ ਕੀਤੀ ਰਚਨਾ ਦੀ ਉਤਪਤੀ, ਵਿਕਾਸ ਤੇ ਆਜੀਬਤ ਦਾ ਕੋਈ ਅੰਤ ਨਹੀਂ ਪਾ ਸਕਦਾ। ਉਹ ਆਪਣੇ ਗੁਣਾਂ, ਨਿਆਂ ਅਤੇ ਬਖਸ਼ਿਸ਼ ਕਰਕੇ ਅਮੁਲ ਹੈ। ਅਮੁਲ (ਪਰਮਾਤਮਾ) ਨੂੰ ਪ੍ਰੇਮ ਕਰਨ ਨਾਲ ਮਨੁੱਖ ਅਮੁਲ ਵਿਚ ਸਮਾ ਜਾਂਦਾ ਹੈ :-

"ਅਮੁਲ ਭਾਇ ਅਮੁਲਾ ਸਮਾਹਿ।"
— (ਪਉੜੀ-੨੬)

'ਸੋਦਰੁ' ਦੀ ਪਉੜੀ ਇਥੇ ਸਿਖਰ ਹੈ। ਸੋਦਰੁ ਦਾ ਅਰਥ, ਉਹ 'ਦਰ' ਭਾਵ 'ਪਰਮਾਤਮਾ ਵਾਲਾ ਦਰ' ਹੈ। ਉਹ ਦਰ-ਘਰ ਕੇਡਾ ਹੀ ਅਸਚਰਜ ਹੈ, ਜਿਥੇ ਬੈਠ ਕੇ ਉਹ

ਕਰਤਾ ਪੁਰਖ ਸਾਰੇ ਜੀਆਂ ਦੀ ਸੰਭਾਲ ਕਰਦਾ ਹੈ। ਉਸ ਦੀ ਕੁਦਰਤ ਵਿਚ ਅਨੇਕ ਸ਼ਕਤੀਆਂ ਤੇ ਤੱਤ ਕੰਮ ਕਰ ਰਹੇ ਹਨ, ਜੋ ਪਰਮਾਤਮਾ ਦੀ ਰਜ਼ਾ ਅਨੁਸਾਰ ਆਪਣਾ ਆਪਣਾ ਕਰਤੱਵ ਨਿਭਾ ਰਹੇ ਹਨ ਜਿਵੇਂ ਪੌਣ, ਪਾਣੀ, ਬੈਸੰਤਰ, ਧਰਮ, ਰਾਜ, ਚਿਤ੍ਰ ਗੁਪਤ, ਈਸਰ, ਬ੍ਰਹਮਾ, ਦੇਵੀ ਇੰਦਰ, ਦੇਵ, ਸ੍ਰੀ ਸਿਧ, ਸਾਧ, ਜਤੀ, ਸਤੀ, ਸੰਤੋਖੀ, ਵੀਰ, ਪੰਡਿਤ, ਰਖੀਸਰ ਆਦਿ ਸ਼ਕਤੀਆਂ ਉਸ ਦੇ ਦੁਆਲੇ ਖੜੀਆਂ ਹੋ ਕੇ ਉਸ ਦੀਆਂ ਸਿਫ਼ਤਾਂ ਵਿਚ ਜੁੱਟੀਆਂ ਪਈਆਂ ਹਨ। ਉਸ ਸੱਚੇ ਦਰਬਾਰ ਦਾ ਦਰਸ਼ਨ ਸੱਚੇ ਸਾਹਿਬ ਦੀ ਰਜ਼ਾ ਵਿਚ ਚਲਣ ਨਾਲ ਹੀ ਪ੍ਰਾਪਤ ਹੁੰਦਾ ਹੈ।

ਹੁਣ ਅਸੀਂ ਇਨ੍ਹਾਂ ਪਉੜੀਆਂ ਵਿਚ ਆਈਆਂ ਭਿੰਨ ਭਿੰਨ ਅਰਥਾਂ ਵਾਲੀਆਂ ਤੁਕਾਂ ਤੇ ਵਿਚਾਰ ਕਰਾਂਗੇ।

(੯) "ਪੰਚ ਪਰਵਾਣ ਪੰਚ ਪਰਧਾਨੁ। ਪੰਚੇ ਪਾਵਹਿ ਦਰਗਹਿ ਮਾਨੁ।
ਪੰਚੇ ਸੋਹਹਿ ਦਰਿ ਰਾਜਾਨੁ। ਪੰਚਾ ਕਾ ਗੁਰੁ ਏਕੁ ਧਿਆਨੁ।"-(ਪਉੜੀ-16)

ਕਈ ਟੀਕਾਕਾਰ 'ਪੰਚ' ਦਾ ਅਰਥ ਗਿਣਤੀ ਵਾਲਾ 'ਪੰਜ' ਕਰਦੇ ਹਨ ਤੇ ਅੱਗੇ 'ਪੰਚ' ਤੋਂ ਕਈ ਟੀਕਾਕਾਰ 'ਪੰਜ ਤੱਤ'[1] ਤੇ ਕਈ 'ਪੰਜ ਗਿਆਨ ਇੰਦਰੇ'[2] ਜਾਂ 'ਪੰਜ ਵਿਸ਼ੇ'[3] (ਗਿਆਨ ਇੰਦ੍ਰਿਆਂ ਤੋਂ ਪੈਦਾ ਹੋਏ ਕਰਮ) ਜਾਂ 'ਪੰਜ ਦੈਵੀ ਗੁਣ'[4] ਜਾਂ 'ਪੰਜ ਦੂਤ'[5] ਆਦਿ ਭਾਵ ਲੈਂਦੇ ਹਨ। ਜਿਵੇਂ ਸੋਢੀ ਮਿਹਰਬਾਨ, ਭਾਈ ਮਨੀ ਸਿੰਘ ਆਦਿ।[6] ਪੰਡਿਤ ਤਾਰਾ ਸਿੰਘ ਨਰੋਤਮ ਨੇ 'ਪੰਚ' ਦੇ ਅਰਥ ਪਰਮਾਤਮਾ[7] ਅਤੇ ਭਾਈ ਸੰਤੋਖ ਸਿੰਘ ਨੇ ਪਰਮਾਤਮਾ (ਪ੍ਰਪੰਚ ਰਚਣੀ ਹੈ ਜੋ ਪੰਚ) ਅਤੇ ਸੰਤ, ਸ੍ਰੇਸ਼ਟ ਪੁਰਖ (ਜਿਨ੍ਹਾਂ ਨੇ ਇੰਦਰੇ ਵੱਸ ਕੀਤੇ ਹਨ)[8] ਵੀ ਕੀਤੇ ਹਨ।

'ਪੰਚ' ਦਾ ਤੀਜਾ ਅਰਥ 'ਸ੍ਰੇਸ਼ਟ ਪੁਰਖ' ਅਥਵਾ 'ਸੰਤ ਜਨ' ਕਈ ਹੋਰ ਟੀਕਾਕਾਰਾਂ ਨੇ ਵੀ ਕੀਤਾ ਹੈ, ਜਿਨ੍ਹਾਂ ਵਿਚੋਂ[9] ਅਨੰਦਘਨ, ਭਾਈ ਜੋਧ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਤੇ ਵਿਨੋਬਾ ਭਾਵੇ ਵਿਸ਼ੇਸ਼ ਹਨ।

1. ਪੰਜ ਤੱਤ – ਅਕਾਸ਼, ਪਵਨ, ਅਗਨੀ, ਜਲ, ਪ੍ਰਿਥਵੀ।
2. ਪੰਜ ਗਿਆਨ ਇੰਦਰੇ – ਕੰਨ, ਤਚਾ, (ਚਮੜੀ) ਨੇਤਰ, ਜੀਭ, ਨੱਕ।
3. ਪੰਜ ਵਿਸ਼ੇ – ਸ਼ਬਦ, ਸਪਰਸ਼, ਰੂਪ, ਰਸ, ਗੰਧ।
4. ਪੰਜ ਦੈਵੀ ਗੁਣ – ਸਤ, ਸੰਤੋਖ, ਧੀਰਜ, ਧਰਮ, ਦਇਆ।
5. ਪੰਜ ਦੂਤ – ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।
6. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
7. ਗੁਰਬਾਣੀ ਦੀਪਕਾ, ਪੰ:1[illegible]2-1[illegible]3.
8. ਗਰਬ ਗੰਜਨੀ ਟੀਕਾ, ਪੰ:83-87.
9. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।

ਭਾਈ ਵੀਰ ਸਿੰਘ ਨੇ ਇਸ ਸ਼ਬਦ ਦੇ ਅਰਥ ਇਸ ਤਰ੍ਹਾਂ ਕੀਤੇ ਹਨ :-

"ਪੰਜ ਉਪਾਉ (ਸੁਣਨੇ ਵਾਲੇ, ਮੰਨਣ ਵਾਲੇ, ਗਾਉਣ ਵਾਲੇ, ਹੁਕਮ ਰਜਾਈ ਟੁਰਨ ਵਾਲੇ, ਮਨਿ ਰਖਿਐ ਭਾਉ ਅਰਥਾਤ ਮਨ ਨਾਲ ਪ੍ਰੇਮ ਕਰਨ ਵਾਲੇ) ਕਰਨ ਕਰਕੇ ਜੋ ਸਚਿਆਰ ਹੋ ਗਏ ਹਨ, ਉਹ 'ਪੰਚ' ਹਨ।"[1]

ਕਰਤਾ 'ਫਰੀਦਕੋਟੀ ਟੀਕਾ' ਨੇ ਇਨ੍ਹਾਂ ਤੁਕਾਂ ਦੇ ਅਰਥ ਕ੍ਰਮਵਾਰ ਇਸ ਤਰ੍ਹਾਂ ਕੀਤੇ ਹਨ:-

(ੳ) ਸਤੁ, ਸੰਤੋਖੁ, ਧੀਰਜੁ, ਧਰਮੁ, ਦਇਆ, ਏਹੁ ਗੁਣ ਹੈਂ ਜਿਨ੍ਹ ਮਹਾਤਮੋਂ ਵਿਖੇ ਸੋ ਪ੍ਰਵਾਣ ਹੈ ਔਰ ਜਿਨੋਂ ਨੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਇਨ ਵਿਖਿਓਂ ਤੇ ਪੰਜ ਗਿਆਨ ਇੰਦ੍ਰੇ ਰੋਕੇ ਹੈਂ, ਸੋ (ਪਰਧਾਨ) ਮੁਖ੍ਯ ਹੈਂ।

(ਅ) ਜਿਨ੍ਹੋਂ ਨੇ ਅਕਾਸ਼ ਪਵਨ, ਅਗਨੀ, ਜਲ, ਪ੍ਰਿਥਵੀ -(ਪੰਜ ਤੱਤਾਂ) ਤੇ ਉਪਜੇ ਗੁਣ ਧਾਰਨ ਕੀਤੇ ਹਨ, ਉਹ ਪੰਚ ਗੁਣ ਵਾਲੇ ਸੰਤ ਜਨ (ਦਰਗਹਿ) ਸੰਤ ਸਭਾ ਮੇਂ ਆਦਰ ਪਾਵਤੇ ਹੈਂ।

(ੲ) ਪੰਚੇ ਜਿਨ੍ਹ ਮਹਾਤਮੋਂ ਨੇ ਕਾਮੁ, ਕ੍ਰੋਧ, ਲੋਭੁ, ਮੋਹੁ, ਅਹੰਕਾਰੁ, ਇਨ੍ਹ ਪੰਜਾਂ ਕੋ ਜੀਤਾ ਹੈ, ਸੋ ਪ੍ਰਮੇਸਵਰ (ਰਾਜਾਨ) ਰਾਜਾ ਕੇ ਦੁਆਰੇ ਪਰ ਪ੍ਰਾਪਤ ਹੂਏ ਸੋਭਾ ਪਾਵਤੇ ਹੈਂ।

(ਸ) ਤਿਨ ਪੰਚਾਂ ਸੰਤਾਂ ਕਾ ਏਕ ਜੋ (ਗੁਰੂ) ਵੱਡਾ ਪ੍ਰਮੇਸੁਰ ਹੈ ਤਿਸੀ ਮੇਂ ਧਿਆਨੁ ਲਗ ਰਿਹਾ ਹੈ।[2]

ਗੁਰਬਾਣੀ ਵਿਚ 'ਪੰਚ' ਸ਼ਬਦ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ :-

"ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ।"[3]

ਉਪਰੋਕਤ ਅਰਥਾਂ ਦੀ ਵਿਚਾਰ ਉਪਰੰਤ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਦਾ 'ਪੰਚ' ਤੋਂ ਭਾਵ ਉਸ ਵਿਅਕਤੀ ਤੋਂ ਹੈ, ਜਿਹੜਾ ਗਾਉਣ, ਸੁਣਨ, ਮੰਨਣ ਤੇ ਭਾਉ ਕਰਨ ਵਾਲਾ ਸ੍ਰੇਸ਼ਟ ਪੁਰਸ਼ ਹੈ। ਅਜਿਹੇ ਸੰਤ ਜਨ ਪ੍ਰਭੂ ਦੇ ਦਰਬਾਰ ਵਿਚ ਪ੍ਰਵਾਣ ਤੇ ਪ੍ਰਧਾਨ (ਮੁਖੀ) ਮੰਨੇ

1. ਸੰਥਿਆ ਪੋਥੀ, ਸੈਂਚੀ ਪਹਿਲੀ, ਪੰ:83.
2. ਫਰੀਦਕੋਟ ਵਾਲਾ ਟੀਕਾ, ਪੰ:11.
3. ਆਦਿ ਗ੍ਰੰਥ, ਪੰ:297.

ਜਾਂਦੇ ਹਨ। ਅਜਿਹੇ 'ਪੰਚ' ਪ੍ਰਭੂ ਦੀ ਦਰਗਾਹ ਵਿਚ ਆਦਰ ਪਾਉਂਦੇ ਹਨ। ਰਾਜ ਦਰਬਾਰਾਂ ਵਿਚ ਵੀ ਉਹ ਪੰਚ ਜਨ ਹੀ ਸੋਂਹਦੇ ਹਨ। ਇਨ੍ਹਾਂ ਪੰਚਾਂ ਦੀ ਸੁਰਤੀ ਸਦਾ ਗੁਰੂ ਨਾਨਕ ਜੁੜੀ ਰਹਿੰਦੀ ਹੈ।

(10) "ਕੁਦਰਤਿ ਕਵਣ ਕਹਾ ਵੀਚਾਰੁ।
ਵਾਰਿਆ ਨ ਜਾਵਾ ਏਕ ਵਾਰ।" — (ਪਉੜੀ-16)

ਇਸ ਤੁਕ ਵਿਚ ਵਰਤੇ 'ਕੁਦਰਤਿ' ਸ਼ਬਦ ਦੇ ਅਰਥ ਟੀਕਾਕਾਰਾਂ ਨੇ ਭਿੰਨ ਭਿੰਨ ਕੀਤੇ ਹਨ। ਕੁਝ ਟੀਕਾਕਾਰਾਂ ਨੇ ਇਸ ਦਾ ਅਰਥ 'ਸ਼ਕਤੀ' ਅਥਵਾ 'ਤਾਕਤ' ਕੀਤਾ ਹੈ, ਜਿਨ੍ਹਾਂ ਵਿਚੋਂ ਸੋਢੀ ਮਿਹਰਬਾਨ, ਅਨੰਦਘਨ, ਕਰਤਾ ਫਰੀਦਕੋਟੀ ਟੀਕਾ, ਭਾਈ ਵੀਰ ਸਿੰਘ, ਪ੍ਰਿੰ. ਤੇਜਾ ਸਿੰਘ ਤੇ ਡਾ. ਤਾਰਨ ਸਿੰਘ ਆਦਿ ਵਿਸ਼ੇਸ਼ ਹਨ।[1]

'ਕੁਦਰਤਿ' ਦਾ ਦੂਜਾ ਅਰਥ 'ਪਸਾਰਾ' (nature) ਕੀਤਾ ਗਿਆ ਹੈ। ਇਹ ਅਰਥ ਕਰਨ ਵਾਲਿਆਂ ਵਿਚੋਂ ਭਾਈ ਮਨੀ ਸਿੰਘ ਤੇ ਭਾਈ ਜੋਧ ਸਿੰਘ ਦੇ ਨਾਮ ਵਰਣਨ ਯੋਗ ਹਨ।[2]

ਕੁਝ ਟੀਕਾਕਾਰਾਂ ਨੇ ਇਸ ਸ਼ਬਦ ਦੇ ਦੋਵੇਂ ਅਰਥ ਕੀਤੇ ਹਨ, ਜਿਵੇਂ ਤਾਰਾ ਸਿੰਘ ਨਰੋਤਮ, ਭਾਈ ਸੰਤੋਖ ਸਿੰਘ, ਡਾ. ਮੋਹਨ ਸਿੰਘ, ਪ੍ਰੋ. ਸਾਹਿਬ ਸਿੰਘ ਤੇ ਵਿਨੋਬਾ ਭਾਵੇ ਆਦਿ।[3]

ਗੁਰਬਾਣੀ ਵਿਚ ਦੋਹਾਂ ਤਰ੍ਹਾਂ ਦੇ ਅਰਥਾਂ ਦੇ ਪ੍ਰਮਾਣ ਮਿਲਦੇ ਹਨ :-

"ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ।"[4] (ਸ਼ਕਤੀ)

"ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।"[5] (ਪਸਾਰਾ)

---

1. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
2. ਓਹੀ,
3. ਓਹੀ,
4. ਆਦਿ ਗ੍ਰੰਥ, ਪੰ: 507-508.
5. ਓਹੀ, ਪੰ: 463.

ਉਪਰੋਕਤ ਅਰਥਾਂ ਤੇ ਪ੍ਰਮਾਣਾਂ ਦੇ ਆਧਾਰ ਤੇ ਇਸ ਤੁਕ ਵਿਚ 'ਕੁਦਰਤਿ' ਦੇ ਅਰਥ 'ਸ਼ਕਤੀ' (ਸਾਮਰਥਾ) ਹੀ ਵਧੇਰੇ ਢੁੱਕਦੇ ਹਨ। ਪਰ ਦੂਜੇ ਅਰਥ 'ਪਸਾਰੇ' ਦਾ ਭਾਵ ਉਦੋਂ ਨਿਕਲਦਾ ਹੈ, ਜਦੋਂ ਦੂਜੀ ਤੁਕ ਨੂੰ ਪਹਿਲੀ ਤੁਕ ਨਾਲ ਮਿਲਾ ਕੇ ਅਰਥ ਕੀਤੇ ਜਾਣ। ਸੋ ਅਰਥ ਇਸ ਤਰ੍ਹਾਂ ਹੋ ਸਕਦੇ ਹਨ :-

"ਮੇਰੀ ਕੀ ਸਮਰਥਾ ਹੈ ਕਿ (ਕਰਤਾਰ ਦੀ ਕੁਦਰਤ ਦੀ) ਵਿਚਾਰ ਕਰ ਸਕਾਂ? (ਹੇ ਅਕਾਲ ਪੁਰਖ!) ਮੈਂ ਤਾਂ ਤੇਰੇ ਉੱਤੇ ਇਕ ਵਾਰੀ ਵੀ ਸਦਕੇ ਹੋਣ ਜੋਗ ਨਹੀਂ ਹਾਂ।"

(11) "ਆਖਿ ਕਹਹਿ ਸਿਰਿ ਭਾਰੁ ਹੋਇ।" — (ਪਉੜੀ-19)

ਇਸ ਤੁਕ ਵਿਚ ਆਏ ਸ਼ਬਦ 'ਸਿਰਿ ਭਾਰੁ ਹੋਇ' ਦੇ ਅਰਥ ਦੋ ਤਰ੍ਹਾਂ ਨਾਲ ਕੀਤੇ ਗਏ ਹਨ।

ਕੁਝ ਟੀਕਾਕਾਰ ਇਸ ਦੇ ਅਰਥ 'ਸਿਰ ਤੇ ਭਾਰ' (ਕਪਾਲੀ ਆਸਨ) ਅਥਵਾ 'ਸਿਰ ਤਲਵਾਏ' (ਉਲਟੇ ਹੋ ਕੇ) ਕਰਦੇ ਹਨ, ਜਿਨ੍ਹਾਂ ਵਿਚੋਂ ਸੋਢੀ ਮਿਹਰਬਾਨ, ਭਾਈ ਮਨੀ ਸਿੰਘ ਤੇ ਕਰਤਾ ਫਰੀਦਕੋਟੀ ਟੀਕਾ ਆਦਿ ਵਿਸ਼ੇਸ਼ ਹਨ।[1]

ਕੁਝ ਹੋਰ ਟੀਕਾਕਾਰ ਇਸ ਦੇ ਅਰਥ "ਉਸ ਅਕਾਲ ਪੁਰਖ ਦੀ ਰਚਨਾ ਨੂੰ ਅਸੰਖ ਸ਼ਬਦ ਦੁਆਰਾ ਕਥਨ ਕਰਨ ਨਾਲ ਵੀ ਸਿਰ ਉੱਤੇ ਭਾਰ ਚੜ੍ਹਦਾ ਹੈ" ਕਰਦੇ ਹਨ। ਇਨ੍ਹਾਂ ਦੇ ਨਾਂ ਅਨੰਦਘਨ ਤਾਰਾ ਸਿੰਘ ਨਰੋਤਮ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਡਾ: ਮੋਹਨ ਸਿੰਘ, ਪ੍ਰਿੰ: ਤੇਜਾ ਸਿੰਘ ਤੇ ਵਿਨੋਬਾ ਭਾਵੇ ਆਦਿ ਹਨ।[2]

ਇਸ ਤੁਕ ਦੇ ਅਰਥਾਂ ਨੂੰ ਸਪਸ਼ਟ ਕਰਨ ਲਈ ਅਸੀ ਗੁਰਬਾਣੀ ਵਿਚੋਂ ਢੁੱਕਦੇ ਪ੍ਰਮਾਣ ਦਿੰਦੇ ਹਾਂ :-

"ਕੇ ਫਿਰਿ ਇਕੁ ਫਿਰੈ ਸਿਰ ਭਾਰਿ।"[3] (ਸਿਰ-ਭਾਰ ਹੋ ਕੇ)

---

1. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
2. ਓਹੀ,
3. ਆਦਿ ਗ੍ਰੰਥ, ਪੰ:1464.

"ਅੰਤਰਿ ਲੋਭੁ ਫਿਰਹਿ ਹਲਕਾਏ।
ਨਿੰਦਾ ਕਰਹਿ ਸਿਰਿ ਭਾਰੁ ਉਠਾਏ।"[1] (ਸਿਰ ਉਤੇ ਬੋਝ)

ਇਨ੍ਹਾਂ ਪ੍ਰਮਾਣਾਂ ਦੇ ਆਧਾਰ ਤੇ 'ਸਿਰ ਉਤੇ ਭਾਰ' ਵਾਲੇ ਅਰਥ ਹੀ ਇਥੇ ਢੁਕਦੇ ਹਨ ਕਿਉਂਕਿ 'ਸਿਰਿ ਭਾਰੁ' ਦੇ ਅਰਥ 'ਸਿਰ ਭਾਰ ਹੋ ਕੇ' ਤਾਂ ਹੀ ਹੋ ਸਕਦੇ ਸਨ, ਜੇ 'ਸਿਰਿ' ਦੇ 'ਰ' ਅੱਖਰ ਨੂੰ ਸਿਹਾਰੀ ਨਾ ਹੁੰਦੀ। ਇਨ੍ਹਾਂ ਅਰਥਾਂ ਦੀ ਪੁਸ਼ਟੀ ਜਪੁਜੀ ਦੀ ਤੁਕ 'ਅਸੰਖ ਨਿੰਦਕ ਸਿਰਿ ਕਰਹਿ ਭਾਰੁ' ਤੋਂ ਭੀ ਹੁੰਦੀ ਹੈ, ਜਿਸ ਦੇ ਅਰਥ ਹਨ — "ਅਸੰਖ ਨਿੰਦਕ ਹਨ, ਜੋ ਪਰਾਈ ਨਿੰਦਾ ਕਰਕੇ ਪਾਪਾਂ ਦੀ ਪੰਡ ਆਪਣੇ ਸਿਰ ਉਤੇ ਚੁਕਦੇ ਹਨ।" ਸੋ 'ਸਿਰਿ ਭਾਰੁ' ਦੇ ਅਰਥ 'ਸਿਰ ਉਤੇ ਭਾਰ ਚੁਕਦਾ ਹੈ' ਠੀਕ ਹਨ।

(12) "ਤੀਰਥੁ ਤਪੁ ਦਇਆ ਦਤੁ ਦਾਨੁ।
ਜੇ ਕੋ ਪਾਵੈ ਤਿਲ ਕਾ ਮਾਨੁ।" — (ਪਉੜੀ-21)

ਵਿਦਵਾਨ ਟੀਕਾਕਾਰਾਂ ਨੇ ਇਨ੍ਹਾਂ ਤੁਕਾਂ ਦੇ ਹੇਠ ਲਿਖੇ ਅਰਥ ਕੀਤੇ ਹਨ:-

(ੳ) ਤੀਰਥ ਯਾਤ੍ਰਾ, ਤਪਾਂ ਦੀ ਸਾਧਨਾ, ਦਇਆ ਕਰਨੀ, ਦਿੱਤਾ ਹੋਇਆ ਦਾਨ (ਇਨ੍ਹਾਂ ਕਰਮਾਂ ਦੇ ਵੱਟੇ) ਜੇ ਕਿਸੇ ਮਨੁੱਖ ਨੂੰ ਕੋਈ ਵਡਿਆਈ ਮਿਲ ਭੀ ਜਾਏ, ਤਾਂ ਰਤਾ ਮਾਤਰ ਹੀ ਮਿਲਦੀ ਹੈ।[2] ਸੋਢੀ ਮਿਹਰਬਾਨ, ਅਨੰਦ ਘਨ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਡਾ: ਮੋਹਨ ਸਿੰਘ ਤੇ ਵਿਨੋਬਾ ਭਾਵੇ ਆਦਿ ਨੇ ਵੀ ਇਹੋ ਹੀ ਅਰਥ ਕੀਤੇ ਹਨ,[3] ਸਿਵਾਏ 'ਦਤੁ'[4] ਸ਼ਬਦ ਦੇ।

(ਅ) ਤੀਰਥ ਇਸ਼ਨਾਨ ਆਦਿਕ ਸੇ ਮੁਕਤੀ ਕੇ ਹੇਤ ਤਿਲਕ ਰੂਪ ਵਿਖਾਨ ਮਿਲੇਗਾ।[5]

---

1. ਆਦਿ ਗ੍ਰੰਥ, ਪੰ:1464.
2. ਪ੍ਰੋ: ਸਾਹਿਬ ਸਿੰਘ, ਜਪੁਜੀ ਸਾਹਿਬ ਸਟੀਕ, ਪੰ:94.
3. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
4. ਅਨੰਦ ਘਨ ਨੇ 'ਦਤੁ ਦਾਨ' ਦੇ ਅਰਥ 'ਤਤੁ ਗ੍ਯਾਨ' ਅਤੇ ਭਾਈ ਜੋਧ ਸਿੰਘ ਨੇ 'ਦਤੁ' ਦਾ ਅਰਥ 'ਦਾਤਾ' ਕੀਤਾ ਹੈ।
5. ਤਾਰਾ ਸਿੰਘ ਨਰੋਤਮ, ਟੀਕਾ ਗੁਰਭਾਵ ਦੀਪਕਾ, ਪੰ:132

(ੲ) ਤੀਰਥਾਂ ਉਤੇ ਤਪ ਕਰਨਾ ਤੇ ਦਾਨ ਦੇਣਾ ਜੋ ਹੈ, ਉਹ ਪਾਉਂਦੇ ਹਨ ਤਿਲਕਨ ਵਾਲਾ ਮਾਣ।[1]

(ਸ) ਜੇ ਕਿਸੇ ਨੂੰ ਵਾਹਿਗੁਰੂ ਦੇ ਨਾਮ ਦਾ ਕਿਣਕਾ ਭਰ ਵੀ ਮਾਣ ਮਿਲ ਜਾਏ, ਤਾਂ ਸਮਝੋ ਕਿ ਉਸ ਨੇ ਤੀਰਥਾਂ ਦਾ ਇਸ਼ਨਾਨ, ਤਪਾਂ ਦੀ ਸਾਧਨਾ, ਜੀਆਂ ਉਤੇ ਦਇਆ ਅਤੇ ਪੁੰਨ ਦਾਨ ਕਰ ਲਏ।[2]

(ਹ) ਕਰਤਾ ਫਰੀਦਕੋਟੀ ਟੀਕਾ ਨੇ 'ਤਿਲ ਕਾ ਮਾਨੁ' ਦੇ ਤਿੰਨ ਅਰਥ ਕੀਤੇ ਹਨ, ਜਿਨ੍ਹਾਂ ਵਿਚੋਂ ਦੋ (ੳ,ੲ) ਦਾ ਉਪਰ ਵਰਣਨ ਹੋ ਚੁਕਾ ਹੈ :-

"ਖਿਸਕਣ ਵਾਲਾ ਮਾਨ, ਤਿਲ ਭਰ ਮਾਨ (ਨਾਸਵੰਤ), ਤਿਲਨਾ ਮਣੁ ਭਾਰੂ ਪਾਉਂਦਾ ਹੈ।[3] ਗੁਰਬਾਣੀ ਵਿਚ 'ਤਿਲ' ਸ਼ਬਦ ਦੀ ਵਰਤੋਂ ਕਈ ਥਾਈਂ ਕੀਤੀ ਗਈ ਹੈ :-

"ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ।"[4]

"ਜਾ ਕਉ ਚੀਤਿ ਆਵੈ ਗੁਰੁ ਅਪਨਾ।
ਤਾ ਕਉ ਦੂਖੁ ਨਹੀ ਤਿਲੁ ਸੁਪਨਾ।"[5]

ਜਿਵੇਂ ਤਿਲ ਦਾ ਆਪਣਾ ਰੂਪ ਛੋਟਾ ਹੈ ਤਿਵੇਂ ਇਸ ਦੇ ਅਰਥ ਵੀ 'ਛੋਟਾ' ਅਥਵਾ 'ਤੁੱਛ' ਕੀਤੇ ਜਾਂਦੇ ਹਨ।

ਜਿਨ੍ਹਾਂ ਟੀਕਾਕਾਰਾਂ ਨੇ 'ਤਿਲ ਕਾ ਮਾਨੁ' ਦੀ ਥਾਂ 'ਤਿਲਕਾ ਮਾਨ' ਇਕੱਠਾ ਉਚਾਰਨ ਕਰਕੇ ਇਸ ਦੇ ਅਰਥ 'ਤਿਲਕਣ ਵਾਲਾ ਮਾਣ' ਜਾਂ 'ਨਾਸਵੰਤ ਮਾਣ' ਕੀਤੇ ਹਨ, ਉਹ ਅਨੁਚਿਤ ਹਨ। ਇਸੇ ਤਰ੍ਹਾਂ 'ਮਾਨੁ' ਸ਼ਬਦ ਦਾ ਅਰਥ 'ਮਣ' ਕਰਨਾ ਵੀ ਮਨੋਕਲਪਤ ਪ੍ਰਤੀਤ ਹੁੰਦਾ ਹੈ। 'ਮਾਨੁ' ਸ਼ਬਦ ਸਦਾ ਆਦਰ ਜਾਂ ਵਡਿਆਈ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ। ਇਹ ਅਰਥ ਜਪੁਜੀ ਦੀ ਤੁਕ, 'ਜਿਨਿ ਸੇਵਿਆ ਤਿਨਿ ਪਾਇਆ ਮਾਨੁ' ਤੋਂ ਵੀ ਸਪਸ਼ਟ ਹੁੰਦੇ ਹਨ।

---

1. ਭਾਈ ਮਨੀ ਸਿੰਘ, ਜਪੁਜੀ ਸਾਹਿਬ ਸਟੀਕ, ਪੰ:21.
2. ਪ੍ਰਿੰ: ਤੇਜਾ ਸਿੰਘ, ਜਪੁਜੀ ਸਟੀਕ, ਪੰ:133.
3. ਫਰੀਦਕੋਟ ਵਾਲਾ ਟੀਕਾ, ਪੰ:15.
4. ਆਦਿ ਗ੍ਰੰਥ, ਪੰ: 624
5. ਓਹੀ, ਪੰ: 1298.

ਨੇ ਇਸ ਤੁਕ ਦੇ ਅਰਥ—ਜੋ ਕੋਈ ਤੀਰਥ ਯਾਤਰਾ, ਤਪ, ਦਇਆ ਅਤੇ ਦਾਨ (ਇਹ ਸ਼ੁਭ ਕਰਮ) ਕਰੇ, ਇਸ ਦੇ ਬਦਲੇ ਉਸ ਨੂੰ ਬਹੁਤ ਥੋੜਾ ਜਿਹਾ ਮਾਨ (ਆਦਰ) ਪ੍ਰਾਪਤ ਹੁੰਦਾ ਹੈ।" ਹੀ ਸ਼ੁੱਧ ਹਨ।

(13) "ਸੁਆਸਤਿ ਆਥਿ ਬਾਣੀ ਬਰਮਾਉ॥
ਸਤਿ ਸੁਹਾਣੁ ਸਦਾ ਮਨਿ ਚਾਉ॥" – (ਪਉੜੀ-21)

ਇਨ੍ਹਾਂ ਤੁਕਾਂ ਵਿਚ ਆਏ ਸ਼ਬਦਾਂ ਦੇ ਅਰਥ ਕਈ ਪ੍ਰਕਾਰ ਨਾਲ ਕੀਤੇ ਗਏ ਹਨ।

(ੳ) ਵਾਹਿਗੁਰੂ ਕਲਿਆਣ ਰੂਪ ਹੀ ਬਾਣੀ ਤੇ ਬ੍ਰਹਮਾ ਹੋਏ। ਉਹ ਵਾਹਿਗੁਰੂ ਸਤ, ਚਿਤ, ਸਦਾ ਅਨੰਦ ਰੂਪ ਹੈ।[1] ਕਰਤਾ ਫਰੀਦਕੋਟੀ ਟੀਕਾ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਡਾ: ਮੋਹਨ ਸਿੰਘ ਤੇ ਭਾਈ ਜੋਧ ਸਿੰਘ ਆਦਿ ਨੇ ਵੀ ਇਹੋ ਹੀ ਅਰਥ ਕੀਤੇ ਹਨ।[2]

(ਅ) (ਹੇ ਨਿਰੰਕਾਰ) ਤੇਰੀ ਸਦਾ ਜੈ ਹੋਵੇ। ਤੂੰ ਆਪ ਹੀ ਮਾਇਆ ਹੈਂ, ਤੂੰ ਆਪ ਹੀ ਬਾਣੀ ਹੈਂ, ਤੂੰ ਆਪ ਹੀ ਬ੍ਰਹਮਾ ਹੈਂ - - - ਤੂੰ ਸਦਾ ਥਿਰ ਹੈਂ, ਸੋਹਣਾ ਹੈਂ, ਤੇਰੇ ਮਨ ਵਿਚ ਸਦਾ ਖਿੜਾਉ ਹੈ।[3] ਅਨੰਦ ਘਨ ਤੇ ਵਿਠੋਬਾ ਭਾਵੇ ਆਦਿ ਨੇ ਵੀ ਇਹੋ ਹੀ ਅਰਥ ਕੀਤੇ ਹਨ।[4] ਪੰਡਿਤ ਤਾਰਾ ਸਿੰਘ ਨਰੋਤਮ ਨੇ ਪਹਿਲੀ ਤੁਕ ਦੇ ਇਹੋ ਹੀ ਅਰਥ ਕੀਤੇ ਹਨ, ਪਰ ਦੂਜੀ ਤੁਕ ਵਿਚ 'ਸੁਹਾਣ' ਦੇ ਅਰਥ ਭਾਨੂ ਦੇਣਾ (ਹਿਰਦੇ ਵਿਚ ਪ੍ਰਕਾਸ਼ ਕਰਨਾ) ਕੀਤੇ ਹਨ।[5]

(ੲ) ਨਮਸਕਾਰ ਹੈ ਉਸ ਨੂੰ ਜੋ ਆਪ 'ਮਾਇਆ' ਹੈ, 'ਬਾਣੀ' ਹੈ ਅਤੇ 'ਬ੍ਰਹਮ' ਹੈ। ਉਹ ਸਤ ਸਰੂਪ ਹੈ, ਸੁੰਦਰਤਾ ਹੈ ਅਤੇ ਮਨ ਵਿਚ ਸਦਾ ਨੇਕੀ ਦੇ ਚਾਉ ਦੀ ਸ਼ਕਲ ਵਿਚ ਰਹਿੰਦਾ ਹੈ।[6]

---

1. ਭਾਈ ਮਨੀ ਸਿੰਘ, ਜਪੁਜੀ ਸਾਹਿਬ ਸਟੀਕ, ਪੰ: 21.
2. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
3. ਪ੍ਰੋ: ਸਾਹਿਬ ਸਿੰਘ, ਜਪੁਜੀ ਸਾਹਿਬ ਸਟੀਕ, ਪੰ: 95-96.
4. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
5. ਟੀਕਾ ਗੁਰਬਾਣੀ ਦੀਪਕਾ, ਪੰ: 134.
6. ਪ੍ਰਿੰ: ਤੇਜਾ ਸਿੰਘ, ਜਪੁਜੀ ਸਟੀਕ, ਪੰ: 134.

ਉਪਰੋਕਤ ਅਰਥਾਂ ਦੇ ਆਧਾਰ ਤੇ 'ਸੁਅਸਤਿ' ਸ਼ਬਦ ਦੇ ਅਰਥ 'ਕਲਿਆਣ ਸਰੂਪ' ਹੀ ਢੁੱਕਦੇ ਹਨ। ਇਸ ਅਰਥ ਦੀ ਪੁਸ਼ਟੀ ਗੁਰਬਾਣੀ ਵਿਚੋਂ ਵੀ ਹੁੰਦੀ ਹੈ :-

"ਜਿਸ ਜੇਹਾਰੀ ਸੁਅਸਤਿ ਤਿਸੁ ਤਿਸੁ ਦੀਜਹੁ ਅਸਤੁ।"[1] (ਕਲਿਆਣ ਹੋਵੇ)

ਇਸੇ ਤਰ੍ਹਾਂ 'ਆਥਿ' ਦੇ ਅਰਥ 'ਮਾਇਆ', 'ਬਰਮਾਉ' ਦੇ 'ਬ੍ਰਹਮ', 'ਸੁਹਾਣੁ' ਦੇ 'ਸੁੰਦਰ' ਅਤੇ 'ਸਦਾ ਮਨਿ ਚਾਉ' ਦੇ 'ਸਦੀਵੀ ਖੇੜੇ ਵਾਲਾ' (ਵਾਹਿਗੁਰੂ) ਹਨ।

ਸੋ ਇਨ੍ਹਾਂ ਤੁਕਾਂ ਦੇ ਅਰਥ "ਹੇ ਕਲਿਆਣ ਸਰੂਪ ਵਾਹਿਗੁਰੂ। ਆਪ ਦੇ ਹੁਕਮ ਨਾਲ ਹੀ ਮਾਇਆ ਹੋਈ ਹੈ ਤੇ ਆਪ ਦੀ ਬਾਣੀ ਨਾਲ ਹੀ ਬ੍ਰਹਮਾ ਦੀ ਉਤਪੱਤੀ ਹੋਈ ਹੈ। ਆਪ ਸਤਿ ਤੇ ਸੁੰਦਰ ਸਰੂਪ ਹੋ ਤੇ ਆਪ ਦੇ ਹਿਰਦੇ ਵਿਚ ਸਦਾ ਖਿੜਾਉ ਹੀ ਖਿੜਾਉ ਹੈ," ਸ਼ੁੱਧ ਹਨ।

## (ਹ) 'ਆਦੇਸ'

'ਆਦੇਸ' ਦਾ ਭਾਵ 'ਪ੍ਰਣਾਮ ਕਰਨਾ' ਜਾਂ 'ਨਮਸਕਾਰ ਕਰਨਾ' ਹੈ।[2] ਇਹ ਨਮਸਕਾਰ ਉਸ ਸ਼ਕਤੀ ਨੂੰ ਹੈ, ਜੋ "ਆਦਿ ਅਨੀਲੁ, ਅਨਾਦਿ, ਅਨਾਹਤਿ ਤੇ ਜੁਗ ਜੁਗ ਏਕੋ ਵੇਸ" ਹੈ। ਇਸੇ ਦਾ ਵਰਣਨ ਜਪੁਜੀ ਦੀਆਂ 28 ਤੋਂ 33 ਤਕ ਦੀਆਂ ਪਉੜੀਆਂ ਵਿਚ ਹੈ।

ਸਾਰੇ ਸੰਸਾਰ ਦੇ ਪੈਦਾ ਕਰਨ ਵਾਲੇ ਤੇ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦਾ ਸਿਮਰਨ ਹੀ ਮਨੁੱਖੀ ਜੀਵਨ ਦਾ ਮਨੋਰਥ ਹੈ। ਸਿਮਰਨ ਹੀ ਪਰਮਾਤਮਾ ਨਾਲੋਂ ਪਈ ਜੀਵ ਦੀ ਵਿੱਥ ਨੂੰ ਮੇਟ ਸਕਦਾ ਹੈ। ਜੋਗ ਮੱਤ ਦੇ ਭੇਖਾਂ ਨੂੰ ਧਾਰਣ ਕਰਨ ਨਾਲ, ਇਹ ਵਿੱਥ ਨਹੀਂ ਮਿਟ ਸਕਦੀ ਤੇ ਨਾ ਹੀ ਮਨ ਉਤੇ ਕਾਬੂ ਪਾਇਆ ਜਾ ਸਕਦਾ ਹੈ। ਇਨ੍ਹਾਂ ਦੀ ਥਾਵੇਂ ਸਤ, ਸੰਤੋਖ ਆਦਿ ਦੈਵੀ ਗੁਣਾਂ ਨੂੰ ਗ੍ਰਹਿਣ ਕਰਨਾ ਲਾਭਦਾਇਕ ਹੈ। ਇਸੇ ਜੁਗਤੀ ਨਾਲ ਮਨ ਜਿੱਤਿਆ ਜਾ ਸਕਦਾ ਹੈ ਅਤੇ ਸਾਰੇ ਸੰਸਾਰ ਦੀ ਜਿੱਤ ਪ੍ਰਾਪਤ ਹੁੰਦੀ ਹੈ :-

"ਮਨਿ ਜੀਤੈ ਜਗੁ ਜੀਤੁ।" —(ਪਉੜੀ-28)

---

1. ਆਦਿ ਗ੍ਰੰਥ, ਪੰ:1467.
2. ਮਹਾਨ ਕੋਸ਼, ਪੰ:175.

ਅਕਾਲ ਪੁਰਖ ਹੀ ਸਭ ਦਾ ਮਾਲਕ ਤੇ ਪਾਲਕ ਹੈ। ਉਸ ਦੀ ਭਗਤੀ ਕਰਨ ਲਈ ਸਦਾਚਾਰਕ ਗੁਣਾਂ ਨੂੰ ਜੀਵਨ ਆਧਾਰ ਬਣਾਨਾ ਜ਼ਰੂਰੀ ਹੈ। ਉਸ ਦੀ ਰਜ਼ਾ ਵਿਚ ਹੀ ਜੀਵ ਇਸ ਸੰਸਾਰ ਵਿਚ ਆਉਂਦੇ ਹਨ ਅਤੇ ਰਜ਼ਾ ਵਿਚ ਹੀ ਇਥੋ ਚਲੇ ਜਾਂਦੇ ਹਨ ਅਰਥਾਤ ਉਸ ਅਕਾਲ ਪੁਰਖ ਤੋਂ ਬਿਨਾਂ ਕੋਈ ਹੋਰ ਸ਼ਕਤੀ ਜੀਵ ਨੂੰ ਮਾਰ ਜਾਂ ਜਿਵਾਲ ਨਹੀਂ ਸਕਦੀ। ਇਸ ਲਈ ਉਸ 'ਇਕ' ਨੂੰ ਨਮਸਕਾਰ ਹੀ ਕਰਨੀ ਚਾਹੀਦੀ ਹੈ। ਲਗਾਤਾਰ ਸਿਮਰਨ ਨਾਲ ਹੀ ਜੀਵ ਆਤਮਾ ਪ੍ਰਭੂ ਨਾਲ ਇਕਮਿਕ ਹੋ ਸਕਦੀ ਹੈ। ਸਿਮਰਨ ਕਰਦਿਆਂ ਅਤੇ ਸਚਿਆਰ ਦਾ ਜੀਵਨ ਜੀਦਿਆਂ ਹੀ ਪ੍ਰਭੂ ਮਨੁੱਖ ਤੇ ਖ਼ੁਸ਼ ਹੁੰਦਾ ਹੈ। ਹਰ ਜੀਵ ਵਿਚ ਪਰਮਾਤਮਾ ਦੀ ਸੱਤਾ ਹੀ ਕੰਮ ਕਰ ਰਹੀ ਹੈ। ਇਸ ਤਰ੍ਹਾਂ ਸਾਰੇ ਜੀਵ ਬਰਾਬਰਹਨ। ਕੋਈ ਉਤਮ ਜਾਂ ਨੀਚ ਨਹੀਂ ਹੈ। ਪਰ ਮਨੁੱਖ ਵਿਚ ਆਪਣੇ ਆਪ ਨਾ ਉਤਮ ਬਣਨ ਦੀ ਸ਼ਕਤੀ ਹੈ ਅਤੇ ਨਾ ਹੀ ਨੀਚਤਾ ਵਲ ਜਾਣ ਦੀ। ਜਿਸ ਜਿਸ ਪਾਸੇ,ਚੰਗੇ ਜਾਂ ਮੰਦੇ ਕੋਈ ਮਨੁੱਖ ਪਿਆ ਹੈ, ਇਹ ਸਭ ਉਸ ਦੀ ਰਜ਼ਾ ਅਨੁਸਾਰ ਹੀ ਹੈ। ਜੇ ਕਿਸੇ ਮਨੁੱਖ ਦੀ ਜੀਵਨ ਜੁਗਤ ਸੁੱਚਜੀ ਹੈ, ਤਾਂ ਇਹ ਉਸ ਦਾਤੇ ਦੀ ਮਿਹਰ ਸਦਕਾ ਹੀ ਹੈ।

ਹੁਣ ਅਸੀਂ ਇਨ੍ਹਾਂ ਪਉੜੀਆਂ ਵਿਚ ਆਈਆਂ ਭਿੰਨ ਭਿੰਨ ਅਰਥਾਂ ਵਾਲੀਆਂ ਤੁਕਾਂ ਤੇ ਵਿਚਾਰ ਕਰਾਂਗੇ।

(14) "ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।"—(ਪਉੜੀ-28)

ਇਸ ਤੁਕ ਵਿਚ ਆਏ ਸ਼ਬਦ 'ਸਰਮੁ' ਦੇ ਅਰਥਾਂ ਸੰਬੰਧੀ ਟੀਕਾਕਾਰਾਂ ਵਿਚ ਮੱਤ ਭੇਦ ਹੈ। ਇਸ ਸ਼ਬਦ ਦੇ ਚਾਰ ਅਰਥ ਕੀਤੇ ਗਏ ਹਨ :-

(ੳ) 'ਸ਼ਰਮ ਜਾਂ ਲੱਜਿਆ'। ਸੋਢੀ ਮਿਹਰਬਾਨ,ਕਰਤਾ ਫਰੀਦਕੋਟੀ ਟੀਕਾ,ਅਨੰਦ ਘਨ ਭਾਈ ਸੰਤੋਖ ਸਿੰਘ,ਭਾਈ ਵੀਰ ਸਿੰਘ ਤੇ ਡਾ:ਮੋਹਨ ਸਿੰਘ ਆਦਿ ਨੇ ਇਹ ਅਰਥ ਕੀਤੇ ਹਨ।[1]

(ਅ) 'ਮਿਹਨਤ ਜਾਂ ਉੱਦਮ'। ਭਾਈ ਜੋਧ ਸਿੰਘ,ਪ੍ਰਿੰ:ਤੇਜਾ ਸਿੰਘ,ਪ੍ਰੋ:ਸਾਹਿਬ ਸਿੰਘ ਵਿਨੋਬਾ ਭਾਵੇ ਤੇ ਡਾ:ਤਾਰਨ ਸਿੰਘ ਆਦਿ ਨੇ ਇਹ ਅਰਥ ਕੀਤੇ ਹਨ।[2]

(ੲ) ਭਾਈ ਮਨੀ ਸਿੰਘ ਨੇ 'ਸਰਮੁ ਪਤੁ' ਦਾ ਅਰਥ 'ਵੈਰਾਗ ਦਾ ਤੂੰਬਾ' ਕੀਤਾ ਹੈ।[3]

---

1. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
2. ਓਹੀ-ਇਨ੍ਹਾਂ ਟੀਕਾਕਾਰਾਂ ਅਨੁਸਾਰ ਸ਼ਬਦ 'ਸਰਮੁ' ਸੰਸਕ੍ਰਿਤ ਦੇ ਸ਼ਬਦ 'ਸ਼੍ਰਮ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ, ਮਿਹਨਤ ਜਾਂ ਉੱਦਮ।
3. ਜਪੁਜੀ ਸਾਹਿਬ ਸਟੀਕ, ਪੰ:30.

(ਸ) ਤਾਰਾ ਸਿੰਘ ਨਰੋਤਮ ਨੇ 'ਸਰਮੁ ਪਤੁ' ਦਾ ਅਰਥ 'ਸੁਖ ਦਾ ਪਾਤ੍ਰ ਭਾਵ ਪਰਮਾਨੰਦ ਰੂਪ ਸੁਖ ਦਾ ਅਸਥਾਨ ਰੂਪ ਥੈਲੀ,' ਕੀਤਾ ਹੈ।[1]

ਇਸ ਦਾ ਠੀਕ ਅਰਥ ਸਮਝਣ ਲਈ ਅਸੀਂ ਗੁਰਬਾਣੀ ਵਿਚੋਂ ਪ੍ਰਮਾਣ ਲੈਂਦੇ ਹਾਂ। ਗੁਰਬਾਣੀ ਵਿਚ 'ਸਰਮੁ' ਸ਼ਬਦ ਦੀ ਵਰਤੋਂ ਦੋ ਅਰਥਾਂ ਵਿਚ ਹੋਈ ਹੈ :-

"ਕੂਟ ਮੀਠੈ ਕਰਿ ਸੀਰੁ ਜਿਉ ਸਰਮੁ ਮਾਸੁ ਆਹਾਰੁ।
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ।"[2] (ਲਜਿਆ, ਹਯਾ)

"ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।"[3] (ਉਦਮ)

"ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ।
ਸਿਫਤਿ ਸਰਮੁ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ।"[4]
(ਉਦਮ, ਸਿਫਤ ਸਲਾਹ ਲਈ ਉਦਮ)

ਉਪਰੋਕਤ ਤੁਕਾਂ ਦੇ ਆਧਾਰ ਤੇ ਸ਼ਬਦ 'ਸਰਮੁ' ਦੇ ਅਰਥ ਇਥੇ ਉਦਮ ਜਾਂ ਮਿਹਨਤ ਹੀ ਵਧੇਰੇ ਢੁਕਦੇ ਹਨ। ਇਸ ਅਰਥ ਦੀ ਪੁਸ਼ਟੀ ਗੁਰੂ ਅਮਰ ਦਾਸ ਦੀ ਰਾਮਕਲੀ ਰਾਗ ਵਿਚ ਉਚਾਰੀ ਇਸੇ ਭਾਵ ਦੀ ਤੁਕ ਤੋਂ ਵੀ ਹੁੰਦੀ ਹੈ :-

"ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ।
ਖਿੰਥਾ ਕਰਿ ਤੂੰ ਦਇਆ।"[5]

ਸੋ ਇਸ ਤੁਕ ਦੇ ਠੀਕ ਅਰਥ — "ਸੰਤੋਖ ਦੀਆਂ ਮੁੰਦਰਾਂ ਪਾ, ਮਿਹਨਤ ਦਾ ਖੱਪਰ ਅਤੇ ਥੈਲੀ ਬਣਾ ਅਤੇ ਵਾਹਿਗੁਰੂ ਨੂੰ ਸਦਾ ਚੇਤੇ ਰੱਖਣ ਦੀ ਬਿਭੂਤੀ ਮਲ", ਹਨ।

1. ਟੀਕਾ ਗੁਰਭਾਵ ਦੀਪਕਾ, ਪੰ:203.
2. ਆਦਿ ਗ੍ਰੰਥ, ਪੰ:553.
3. ਓਹੀ, ਪੰ:595.
4. ਓਹੀ, ਪੰ:1329.
5. ਓਹੀ, ਪੰ: 908.

(15) "ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।"—(ਪਉੜੀ-28)

ਇਸ ਤੁਕ ਵਿਚ ਆਏ ਸ਼ਬਦਾਂ ਦੇ ਅਰਥਾਂ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ, ਪਰੰਤੂ ਪਾਠ-ਅੰਤਰ (ਬਿਸਰਾਮ) ਕਰਕੇ ਇਸ ਦੇ ਦੋ ਤਰ੍ਹਾਂ ਦੇ ਅਰਥ ਟੀਕਾਕਾਰਾਂ ਨੇ ਕੀਤੇ ਹਨ :-

ਪਾਠ-1

ਖਿੰਥਾ ਕਾਲੁ ਕੁਆਰੀ ਕਾਇਆ, ਜੁਗਤਿ ਡੰਡਾ ਪਰਤੀਤਿ।

ਪਾਠ-2

ਖਿੰਥਾ ਕਾਲੁ, ਕੁਆਰੀ ਕਾਇਆ ਜੁਗਤਿ, ਡੰਡਾ ਪਰਤੀਤਿ।

ਪਹਿਲੇ ਪਾਠ ਨੂੰ ਸ਼ੁੱਧ ਮੰਨ ਕੇ ਭਾਈ ਜੋਧ ਸਿੰਘ ਨੇ ਇਸ ਤੁਕ ਦੇ ਅਰਥ ਇਸ ਤਰ੍ਹਾਂ ਕੀਤੇ ਹਨ :-

"ਗੋਦੜੀ ਕਿਹੜੀ ਪਹਨ? 'ਕਾਲ ਕੁਆਰੀ ਕਾਇਆ' ਅਰਥਾਤ ਇਸ ਖਿਆਲ ਦੀ, 'ਕਿ ਮੇਰੀ ਕਾਇਆ ਕਾਲ ਨਾਲ ਮੰਗੀ ਹੋਈ ਹੈ।' ਇਕੂਰ ਇਹ ਖਿਆਲ 'ਕਿ ਇਸ ਕਾਇਆ ਨੂੰ ਕਾਲ ਨੇ ਪਰਣਾ ਕੇ ਲੈ ਜਾਣਾ ਹੈ' ਤੇਰੇ ਮਨ ਨੂੰ ਸਦੀਵੀ ਢੱਕੀ ਰੱਖੇ। ਇਹ ਮਨ ਦੀ ਗੋਦੜੀ ਹੂੰ ਬਣਾ। ਇਹ ਵਿਰਤਿ ਅਰਥਾਤ ਭੇਖ ਦਾ ਡੰਡਾ ਪ੍ਰਤੀਤ ਹੈ। ਡੰਡਾ ਨਿਸ਼ਾਨੀ ਜੋਗੀਆਂ ਦੇ ਭੇਖ ਵਿਚ ਇੰਦ੍ਰੀਆਂ ਉਪਰ ਜਿੱਤ ਦੀ ਹੈ, ਸੁ ਵਿਸ਼ਵਾਸ ਦਾ ਡੰਡਾ ਸਦਾ ਫੜੀ ਰਖ, ਸਭ ਔਕੜਾਂ ਵਿਚ ਤੇਰਾ ਸਹਾਈ ਹੋਵੇਗਾ।"[1] ਸੋਢੀ ਮਿਹਰਬਾਨ, ਭਾਈ ਮਨੀ ਸਿੰਘ, ਆਨੰਦ ਘਨ, ਭਾਈ ਸੰਤੋਖ ਸਿੰਘ, ਡਾ. ਮੋਹਨ ਸਿੰਘ ਆਦਿ ਨੇ ਇਸੇ ਪਾਠ ਨੂੰ ਸ਼ੁੱਧ ਮੰਨ ਕੇ ਇਸੇ ਤਰ੍ਹਾਂ ਅਰਥ ਕੀਤੇ ਹਨ।[2]

ਪ੍ਰਿੰ. ਤੇਜਾ ਸਿੰਘ ਨੇ ਦੂਜੇ ਪਾਠ ਨੂੰ ਸ਼ੁੱਧ ਮੰਨ ਕੇ ਅਰਥ ਇਸ ਤਰ੍ਹਾਂ ਕੀਤੇ ਹਨ :-

"ਤੇਰੀ ਖਫਣੀ ਇਹ ਹੋਵੇ ਕਿ ਮਰਨਾ ਹੈ, ਤੇਰੀ ਰਹੁ ਰੀਤ ਇਹ ਹੋਵੇ ਕਿ ਦੇਹੀ ਨੂੰ ਕੁਆਰੀਆਂ ਵਾਂਙੂ ਪਵਿੱਤਰ ਰਖਣਾ ਹੈ ਅਤੇ ਡੰਡਾ ਨਿਸਚੇ ਦਾ ਹੋਵੇ"।[3] ਬਹੁਤੇ ਨਵੀਨ ਟੀਕਾਕਾਰਾਂ

---

1. ਜਪੁਜੀ ਸਟੀਕ, ਪੰ:58.
2. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
3. ਜਪੁਜੀ ਸਟੀਕ, ਪੰ:169.

ਨੇ ਅਰਥ ਇਸ ਪ੍ਰਕਾਰ ਕੀਤੇ ਹਨ, ਜਿਵੇਂ ਭਾਈ ਵੀਰ ਸਿੰਘ, ਪ੍ਰੋ: ਸਾਹਿਬ ਸਿੰਘ ਤੇ ਵਿਦਵਾਨਾਂ ਭਾਵੇ ਆਦਿ।[1] 'ਫਰੀਦਕੋਟੀ ਟੀਕੇ' ਵਿਚ ਵੀ ਅਰਥ ਇਸੇਤਰ੍ਹਾਂ ਕੀਤੇ ਗਏ ਹਨ :-

"ਜਲ ਨੇ ਕਾਇਆ ਨਹੀਂ ਗ੍ਰਸੀ ਹੈ। ਉਸ ਕੇ ਪ੍ਰਿਥਮ ਹੀ ਭਜਨ ਮੇਂ (ਜੁਗਤਿ) ਜੁਗਤਾ ਵੋਹੀ ਖਿੰਥਾ ਕਰੀ ਹੈ ਅਰ ਅਕਾਲ ਮੂਰਤਿ ਮੇਂ (ਪਰਤੀਤਿ) ਨਿਸਚਾ ਕਰਕੇ ਬ੍ਰਿਤੀ ਕਾ ਜੋੜਨਾ, ਵੋਹੀ ਡੰਡਾ ਧਾਰਣ ਕੀਆ ਹੈ।[2] ਇਸ ਤੁਕ ਦੇ ਪਾਠ ਤੇ ਅਰਥਾਂ ਨੂੰ ਸਮਝਣ ਲਈ ਅਸੀਂ ਗੁਰਬਾਣੀ ਦੀ ਓਟ ਲੈਂਦੇ ਹਾਂ।

'ਖਿੰਥਾ' ਦੇ ਅਰਥ ਹਨ 'ਖਫਣੀ'।[3] ਗੁਰਬਾਣੀ ਵਿਚ ਇਹ 'ਖਿੰਥਾ' ਸ਼ਬਦ, ਜਿਥੇ ਵੀ ਆਇਆ ਹੈ, 'ਕਾਇਆ' ਨਾਲ ਸੰਬੰਧ ਰਖਦਾ ਹੈ, 'ਜੁਗਤਿ' ਨਾਲ ਨਹੀਂ :-

"ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾ ਤਾ।"[4]

"ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ।"[5]

'ਜੁਗਤਿ' ਸ਼ਬਦ ਦੇ ਅਰਥ ਹਨ, ਜੁਗਤੀ ਜਾਂ ਢੰਗ।[6] 'ਜੁਗਤ' ਦੇ ਅਰਥ ਉਦੋਂ ਬਣਦੇ ਹਨ, ਜਦੋਂ 'ਜੋਗ ਜੁਗਤਿ' ਹੋਵੇ। ਇਥੇ ਇਸ ਸ਼ਬਦ ਦੀ ਵਰਤੋਂ 'ਕਾਇਆ' ਸ਼ਬਦ ਨਾਲੋਂ 'ਡੰਡਾ' ਸ਼ਬਦ ਨਾਲ ਵਧੇਰੇ ਢੁਕਦੀ ਹੈ। 'ਡੰਡਾ' ਜੋਗੀਆਂ ਦੇ ਭੇਖ ਦਾ ਇਕ ਚਿੰਨ੍ਹ ਹੈ। ਗੁਰਬਾਣੀ ਵਿਚ 'ਗਿਆਨ ਧਿਆਨ ਰੂਪੀ ਡੰਡਾ' ਦੱਸਿਆ ਹੈ। ਆਪਣੇ ਗੁਰੂ ਦੇ ਗਿਆਨ ਧਿਆਨ ਤੇ ਪੂਰਾ ਨਿਸਚਾ ਸਭ ਤੋਂ ਵੱਡੀ ਜੁਗਤੀ ਹੈ ਅਤੇ ਗੁਰਮਤਿ ਵਿਚ ਇਹ ਡੰਡਾ ਪ੍ਰਵਾਨ ਹੈ :-

"ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ।"[7]

"ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੀ।"[8]

---

1. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
2. ਫਰੀਦਕੋਟ ਵਾਲਾ ਟੀਕਾ, ਪੰ:21.
3. ਮਹਾਨ ਕੋਸ਼, ਪੰ:283.
4. ਆਦਿ ਗ੍ਰੰਥ, ਪੰ:155.
5. ਓਹੀ, ਪੰ:87
6. ਮਹਾਨ ਕੋਸ਼, ਪੰ:396.
7. ਆਦਿ ਗ੍ਰੰਥ, ਪੰ:208.
8. ਓਹੀ, ਪੰ:360.

ਉਪਰੋਕਤ ਵਿਚਾਰਾਂ ਤੋਂ ਇਸ ਤੁਕ ਦਾ ਪਹਿਲਾ ਪਾਠ ਹੀ ਵਧੇਰੇ ਸ਼ੁੱਧ ਪ੍ਰਤੀਤ ਹੁੰਦਾ ਹੈ। ਜੇ ਇਸ ਪਉੜੀ ਦੇ ਰੂਪ ਨੂੰ ਗਹੁ ਨਾਲ ਵਾਚਿਆ ਜਾਵੇ, ਤਾਂ ਵੀ 'ਜੁਗਤਿ ਡੰਡਾ ਪਰਤੀਤਿ' ਪਾਠ ਹੀ ਵਧੇਰੇ ਠੀਕ ਹੈ ਕਿਉਂਕਿ ਇਸ ਤੋਂ ਪਹਿਲੀ ਤੁਕ ਦਾ ਅੰਤਲਾ ਭਾਗ 'ਧਿਆਨ ਕੀ ਕਰਹਿ ਕਿਰੂਤਿ' ਹੈ ਅਤੇ ਅਗਲੀ ਤੁਕ ਦਾ 'ਮਨਿ ਜੀਤੈ ਜਗੁ ਜੀਤੁ' ਹੈ। ਸੋ ਇਸ ਪਉੜੀ ਦੀ ਚਾਲ ਵੀ ਇਸ ਤੁਕ ਦੇ ਪਹਿਲੇ ਪਾਠ ਦੀ ਹੀ ਪ੍ਰੋੜ੍ਹਤਾ ਕਰਦੀ ਹੈ ਕਿਉਂਕਿ 'ਡੰਡਾ ਪਰਤੀਤਿ' ਪਾਠ ਕਵਿਤਾ ਦੀ ਚਾਲ ਵਿਚ ਵਿਘਨ ਪਾਉਂਦਾ ਹੈ।

(16) "ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ"।—(ਪਉੜੀ—32)

ਇਸ ਤੁਕ ਵਿਚ ਆਏ ਸ਼ਬਦ 'ਪਤਿ' ਤੇ 'ਇਕੀਸ' ਦੇ ਅਰਥ ਟੀਕਾਕਾਰਾਂ ਨੇ ਇਸ ਪ੍ਰਕਾਰ ਕੀਤੇ ਹਨ :-

(ੳ) ਸੋਢੀ ਮਿਹਰਬਾਨ ਨੇ 'ਪਤਿ' ਦੇ ਅਰਥ ਪਤਿਬਰਤਾ (ਪਤ ਕੀ ਪਉੜੀ ਚੜੈ) ਤੇ 'ਇਕੀਸ' ਦੇ ਅਰਥ ਇਕੀਸ ਬਿਸਵੇ ਜਾਂ ਇਕਮਿਕ ਕੀਤੇ ਹਨ।[1]

(ਅ) ਭਾਈ ਵੀਰ ਸਿੰਘ ਨੇ ਇਸ ਤੁਕ "ਇਹ ਹੈ ਰਾਹ (ਜਿਸ) ਵਿਚ ਪਤੀ (ਦੇ ਮਹਿਲ) ਦੀਆਂ ਪਉੜੀਆਂ ਹਨ (ਉਨ੍ਹਾਂ ਉਤੇ) ਚੜ੍ਹਨ ਨਾਲ (ਜਗਤ ਦੇ) ਈਸ਼ੁਰ ਨਾਲ ਇਕ ਹੋਈਦਾ ਹੈ", ਅਰਥ ਕੀਤੇ ਹਨ।[2] ਭਾਈ ਮਨੀ ਸਿੰਘ, ਕਰਤਾ ਫਰੀਦਕੋਟੀ ਟੀਕਾ, ਪ੍ਰਿੰ: ਤੇਜਾ ਸਿੰਘ ਤੇ ਵਿਨੋਬਾ ਭਾਵੇ ਨੇ ਵੀ ਇਹੋ ਅਰਥ ਕੀਤੇ ਹਨ।[3]

(ੲ) ਪ੍ਰੋ: ਸਾਹਿਬ ਸਿੰਘ ਨੇ ਇਸ ਤੁਕ ਦੇ ਅਰਥ, "ਇਸ ਰਸਤੇ ਵਿਚ (ਪਰਮਾਤਮਾ ਨਾਲੋਂ ਵਿੱਥ ਦੂਰ ਕਰਨ ਵਾਲੇ ਰਾਹ ਵਿਚ) ਅਕਾਲ ਪੁਰਖ ਨੂੰ ਮਿਲਣ ਵਾਸਤੇ ਜੋ ਪਉੜੀਆਂ ਹਨ ਉਨ੍ਹਾਂ ਉਤੇ ਆਪਾ-ਭਾਵ ਗਵਾ ਕੇ ਹੀ ਚੜ੍ਹ ਸਕੀਦਾ ਹੈ", ਕੀਤੇ ਹਨ।[4]

(ਸ) ਭਾਈ ਜੋਧ ਸਿੰਘ ਨੇ 'ਪਤਿ' ਦੇ ਅਰਥ 'ਸਰਧਾ' ਲੈ ਕੇ ਇਸ ਤੁਕ ਦੇ ਅਰਥ — "ਇਸ ਰਾਹ ਵਿਚ ਸਰਧਾ ਦੀਆਂ ਪਉੜੀਆਂ ਹਨ ਜਿਨ੍ਹਾਂ ਦਵਾਰਾ ਚੜ੍ਹ ਕੇ ਈਸ਼ੁਰ ਨਾਲ ਇਕ ਹੋਈਦਾ ਹੈ", ਕੀਤੇ ਹਨ।[5]

1. ਪੋਥੀ ਸੋਢੀ ਮਿਹਰਬਾਨ, ਸੈਂਚੀ ਦੂਜੀ, ਪੰ:291.
2. ਸੰਥਿਆ ਪੋਥੀ, ਪਹਿਲੀ, ਪੰ:154.
3. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
4. ਜਪੁਜੀ ਸਾਹਿਬ ਸਟੀਕ, ਪੰ:131.
5. ਜਪੁਜੀ ਸਟੀਕ, ਪੰ:62.

(ਹ) ਡਾ:ਮੋਹਨ ਸਿੰਘ ਨੇ 'ਪਤਿ' ਦੇ ਅਰਥ ਇੱਜ਼ਤ ਅਥਵਾ ਆਦਰ ਕੀਤੇ ਹਨ: "ਇਹ ਰਾਹ ਪਤ ਦੀ ਹੈ, ਪਰਤੀਤਿ ਤੇ ਵਿਸ਼ਵਾਸ ਦੀ ਹੈ। ਇਸ ਵਿਚ ਪਤ ਦੀ ਪ੍ਰਾਪਤੀ ਲਈ ਪਉੜੀਆਂ ਚੜ੍ਹਨੀਆਂ ਪੈਂਦੀਆਂ ਹਨ ਤੇ ਪਉੜੀਆਂ ਚੜ੍ਹਕੇ ਮਨੁੱਖ ਈਸ਼ਵਰ ਤੋਂ ਇੱਕੀ ਹੋ ਜਾਂਦਾ ਹੈ।" ਉਸ ਨੇ ਇਹ ਵੀ ਕਿਹਾ ਹੈ, ' ਜੇ ਪਤਿ ਦੇ ਅਰਥ ਇੱਜ਼ਤ ਦੀ ਬਜਾਏ ਪਤੀ, ਮਾਲਕ, ਪ੍ਰਭੂ ਕਰੀਏ ਤਾਂ "ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ।" ਮਹਲਾ ੧: ਦੇ ਕੀ ਅਰਥ ਹੋਣਗੇ ?[1]

ਬਹੁਤੇ ਟੀਕਾਕਾਰਾਂ ਨੇ 'ਪਤਿ' ਦੇ ਅਰਥ ਇੱਜ਼ਤ, ਆਦਰ ਹੀ ਕੀਤੇ ਹਨ ਪਰੰਤੂ 'ਇਕੀਸ' ਦੇ ਅਰਥ 'ਇਕਮਿਕ ਹੋਣਾ ਜਾਂ ਬ੍ਰਹਮ ਦਾ ਰੂਪ ਹੋਣਾ' ਕੀਤੇ ਹਨ। ਅਨੰਦ ਘਨ ਅਨੁਸਾਰ ਇਸ ਤੁਕ ਦੇ "ਸਰਬ ਕਾਲ ਵਿਖੇ, ਸਰਬ ਇਸਥਾਨੋ ਵਿਖੇ ਪਰਮੇਸ਼੍ਵਰ ਕੇ ਨਾਮੋ ਕਾ ਉਚਾਰਣ ਕਰਨਾ — ਇਹ ਜੋ ਮਾਰਗ ਹੈ, ਇਸ ਮਾਰਗ ਚਲਣੇ ਵਾਲੇ ਕੋ ਪਤਿ ਕੀਆ ਪੌੜੀਆਂ ਹੈਂ। ਆਰੋਹਿ ਜੋ ਚਲਤਾ ਹੈ, ਮਾਨੁਖ ਜਿਸ ਕਾ ਕੁਛੁ ਭੀ ਨ ਕਰ ਸਕਤੇ। ਇਨ ਪੌੜੀਓਂ ਕੇ ਮਾਰਗ ਚੜ੍ਹਿਆ ਹੂਆ ਇਕੀਸ ਰੂਪ ਹੋਇ ਜਾਵੈਗਾ ਅਰਥਾਤ ਸਰਬ ਕਾਲ ਵਿਖੇ ਨਾਮ ਜਪਣੇ ਵਾਲਾ ਨਾਮ ਕੇ ਪ੍ਰਤਾਪ ਤੇ ਪਰਮੇਸ਼ਵਰ ਰੂਪ ਹੀ ਹੋਇ ਜਾਤਾ ਹੈ" ਅਰਥ ਹਨ।[2] ਪੰ:ਤਾਰਾ ਸਿੰਘ ਨਰੋਤਮ ਅਨੁਸਾਰ "ਚਾਨਣ ਮਾਰਗ ਕੀ ਪਤਿ ਨਾਮ ਪ੍ਰਤਿਸ਼ਠਾ ਵਾਲੀਆਂ ਪਉੜੀਆਂ ਚੜ੍ਹ ਕਰ ਬ੍ਰਹਮ ਰੂਪ ਹੋਣਾ - ਜਿਨ ਜਾਤਾ ਸੋ ਤਿਸ ਹੀ ਜੇਹਾ, ਜੋ ਰੂਪ ਸੇਵਹ ਸੋ ਰੂਪ ਹੀ ਜੋਰੋ ਇਤਿ ਆਦਿ" ਅਰਥ ਹਨ।[3] ਭਾਈ ਸੰਤੋਖ ਸਿੰਘ, ਭਾਈ [illegible] ਸਿੰਘ, ਪੰ:ਕਰਤਾਰ ਸਿੰਘ ਦਾਖਾ ਨੇ ਵੀ ਇਹੋ ਹੀ ਅਰਥ ਕੀਤੇ ਹਨ।[4]

ਇਸ ਤੁਕ ਦੇ ਅਰਥ ਸਮਝਣ ਲਈ ਅਸੀਂ ਗੁਰਬਾਣੀ ਵਿਚੋਂ ਪ੍ਰਮਾਣ ਲੈਂਦੇ ਹਾਂ :-

"ਕਿਉ ਦਰਗਹਿ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ।"[5] (ਇੱਜ਼ਤ)

"ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ।"[6] (ਇੱਜ਼ਤ)

---

1. ਗੁਰਮਤਿ ਗਿਆਨ ਤੇ ਭਾਸ਼ਾ ਵਿਗਿਆਨ, ਪੰ:81-82.
2. ਗੁਰਬਾਣੀ ਟੀਕੇ, ਟੀਕਾ ਜਪੁਜੀ, ਪੰ:206.
3. ਟੀਕਾ ਗੁਰਭਾਵ ਦੀਪਕਾ, ਪੰ:217-218.
4. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
5. ਆਦਿ ਗ੍ਰੰਥ, ਪੰ:21.
6. ਉਹੀ, ਪੰ:15[illegible].

"ਜੈ ਜੈਕਾਰੁ ਜਪਉ ਜਗਦੀਸ।
ਗੁਰਮਤਿ ਮਿਲੀਐ ਬੀਸ ਇਕੀਸ।[1]" (ਵੀਹ ਵਿਸਵੇ, ਪ੍ਰਵੀਨਨ)

ਭਾਵ ਹੇ ਜਗਤ ਦੇ ਮਾਲਕ। ਮੈਂ ਤੇਰੀ ਜੈ ਜੈ ਜਪਦਾ ਹਾਂ। ਗੁਰੂ ਦੀ ਮਤਿ ਰਾਹੀਂ ਵੀਹ ਵਿਸਵੇ (ਪ੍ਰਵੀਨਨ) ਇਕ ਈਸ਼ੁਰ ਨੂੰ ਮਿਲੀਦਾ ਹੈ ਅਰਥਾਤ ਉਸ ਵਿਚ ਇਕਮਿਕ ਹੋ ਜਾਈਦਾ ਹੈ।[2] ਇਨ੍ਹਾਂ ਅਰਥਾਂ ਵਿਚ 'ਇਕੀਸ' ਸ਼ਬਦ ਦੀ ਵਰਤੋਂ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਕਿਧਰੇ ਨਹੀਂ ਮਿਲਦੀ। ਸੋ ਜੇ ਇਸ ਤੁਕ ਦੇ ਅਰਥ ਇਸ ਪਉੜੀ ਦੇ ਪ੍ਰਸੰਗ ਵਿਚ ਰਖ ਕੇ ਕੀਤੇ ਜਾਣ ਤਾਂ ਹੇਠ ਲਿਖੇ ਅਰਥ ਸਪਸ਼ਟ ਹੁੰਦੇ ਹਨ :-

"ਇਸ ਰਸਤੇ (ਏਤੁ ਰਾਹਿ)[3] ਵਿਚ ਪਤਿ (ਇੱਜ਼ਤ) ਪ੍ਰਾਪਤੀ ਦੀਆਂ ਪਉੜੀਆਂ ਅਥਵਾ ਪੌੜੀਆਂ ਤੇ ਸਾਧਨ ਹਨ। ਇਨ੍ਹਾਂ ਪਉੜੀਆਂ ਤੇ ਚੜ੍ਹਨ ਨਾਲ ਸਾਧਕ ਵਾਹਿਗੁਰੂ ਨਾਲ ਇਕਮਿਕ ਹੋ ਜਾਂਦਾ ਹੈ ਅਰਥਾਤ ਅਮਰਾ ਪਦ ਪ੍ਰਾਪਤ ਕਰ ਲੈਂਦਾ ਹੈ।"

(ਕ) 'ਸਚਿਆਰ ਪਦ'

ਜਪੁਜੀ ਦੀਆਂ 34 ਤੋਂ 37 ਤਕ ਦੀਆਂ ਪਉੜੀਆਂ ਵਿਚ 'ਸਚਿਆਰ ਪਦ' ਦੇ ਪੰਜ ਪੜਾ ਵਰਣਨ ਕੀਤੇ ਹਨ ਅਤੇ ਦਸਿਆ ਹੈ ਕਿ ਸਾਧਕ ਕਿਵੇਂ ਇਕ ਪੜਾ ਤੋਂ ਬਾਅਦ ਦੂਜੇ ਪੜਾ ਵਿਚ ਅਗੇ ਵਧਦਾ ਹੈ। ਗੁਰੂ ਨਾਨਕ ਨੇ ਇਨ੍ਹਾਂ ਪੜਾਵਾਂ ਨੂੰ ਹੀ 'ਖੰਡ' ਕਿਹਾ ਹੈ ਅਤੇ ਇਹ ਉਨ੍ਹਾਂ ਦਾ ਮੌਲਿਕ ਦਰਸ਼ਨ ਹੈ। ਵਾਸਤਵ ਵਿਚ ਇਹ 'ਪੰਜ ਖੰਡ' ਜੀਵ ਦੀ ਆਤਮਕ ਉਨਤੀ ਦੇ ਪੰਜ ਦਰਜੇ ਹਨ, ਜਿਨ੍ਹਾਂ ਵਿਚ ਇਸ ਆਤਮਕ ਅਵਸਥਾ ਨੂੰ ਪ੍ਰਾਪਤ ਹੋਏ ਜੀਵਾਂ ਦੇ ਕਰਮਾਂ ਤੇ ਗਿਆਨ ਦਾ ਵਰਣਨ ਹੈ। 'ਪੰਜ ਖੰਡ' ਇਹ ਹਨ — ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ।

ਆਤਮਕ ਉਨਤੀ ਦੇ ਪਹਿਲੇ ਪੜਾ ਵਿਚ ਸਚਿਆਰ ਪੁਰਸ਼ ਲਈ ਧਰਮ ਕਰਮ ਵਿਚ ਪੂਰਾ ਹੋਣਾ ਜ਼ਰੂਰੀ ਹੈ। ਉਹ ਆਪਣੇ ਫ਼ਰਜ਼ ਦੀ ਪਾਲਣਾ ਇਸ ਤਰ੍ਹਾਂ ਕਰਦਾ ਹੈ ਜਿਵੇਂ ਇਕ ਪਾਸੇ ਰਾਤ ਦਿਨ, ਰੁੱਤਾਂ, ਥਿਤਾਂ ਤੇ ਵਾਰ ਆਦਿ ਅਨੁਸਾਰ ਕਾਲ ਆਪਣਾ ਵਰਤਾਰਾ ਕਰ ਰਿਹਾ ਹੈ

1. ਆਦਿ ਗ੍ਰੰਥ, ਪੰ:1353.
2. ਵੇਖੋ ਸ਼ਬਦਾਰਥ, ਪੰ:1353.
3. 'ਏਤੁ ਰਾਹਿ' ਤੋਂ ਪਹਿਲਾਂ ਸ਼ਬਦ 'ਜਗਦੀਸ' ਨੋਟ ਕਰਨ ਵਾਲਾ ਹੈ, ਜਿਸ ਤੋਂ ਭਾਵ ਹੈ ਕਿ ਪਰਮਾਤਮਾ ਦੇ ਦਰਬਾਰ ਨੂੰ ਜਾਣ ਵਾਲੀਆਂ ਪਉੜੀਆਂ ਪਰੰਤੂ ਕਈ ਵਿਦਵਾਨਾਂ ਨੇ 'ਪਤਿ' ਦਾ ਅਰਥ 'ਪਰਮਾਤਮਾ' ਕਰ ਦਿੱਤਾ ਹੈ ਜੋ ਕਿ ਠੀਕ ਨਹੀਂ। ਇਸਦਾ ਅਰਥ ਇੱਜ਼ਤ-ਅਬਰੋ ਹੀ ਠੀਕ ਬਣਦਾ ਹੈ।

ਅਤੇ ਦੂਜੇ ਪਾਸੇ ਕੁਦਰਤ ਦੀਆਂ ਅਨੇਕ ਸ਼ਕਤੀਆਂ 'ਪਵਣ ਪਾਣੀ ਅਗਨੀ ਪਾਤਾਲ' (ਚਾਰ ਤੱਤ) ਅਰਥਾਤ ਸਾਰਾ ਸਥੂਲ ਸਰੂਪ ਜਗਤ ਕੰਮ ਕਰਦਾ ਹੈ। ਕਾਲ ਤੇ ਸਥੂਲ ਦੇ ਵਿਚਕਾਰ ਪਰਮਾਤਮਾ ਨੇ ਧਰਤੀ ਥਾਪੀ, ਧਰਮਸਾਲ ਕਹਿ ਕੇ। ਧਰਮਸਾਲਾ ਅਰਥਾਤ ਮੁਸਾਫ਼ਿਰਾਂ ਲਈ ਸਰਾਂ ਨਹੀਂ, ਸਗੋਂ ਧਰਮ ਕਮਾਉਣ ਦੀ ਜਗ੍ਹਾ। ਉਸ ਤੇ ਇਕ ਪਾਸੇ ਤਾਂ ਕਾਲ ਦਾ ਅਸਰ ਹੁੰਦਾ ਹੈ, ਦੂਜੇ ਪਾਸੇ ਥਲ ਦਾ। ਅਸਾਂ ਸਾਰਿਆਂ ਲਈ ਪਰਮਾਤਮਾ ਵਲੋਂ ਧਰਮਸਾਲ ਦੇ ਰੂਪ ਵਿਚ ਪ੍ਰਿਥਵੀ ਦੀ ਸਥਾਪਨਾ ਕੀਤੀ ਗਈ ਹੈ। ਇਸ ਲਈ ਦੇਸ਼ ਕਾਲ ਦਾ ਵਿਚਾਰ ਕਰਕੇ ਸਾਨੂੰ ਧਰਮ ਕਮਾਉਣਾ ਚਾਹੀਦਾ ਹੈ। ਸੋ ਜੀਵ ਨੂੰ ਸਭ ਤੋਂ ਪਹਿਲਾਂ ਧਰਮ ਦੀ ਪ੍ਰਾਪਤੀ ਲਈ ਇਸ ਖੰਡ ਵਿਚ ਪ੍ਰਵੇਸ਼ ਕਰਨਾ ਪੈਂਦਾ ਹੈ। ਇਥੇ ਉਸ ਨੂੰ ਇਸ ਸੰਸਾਰ ਤੇ ਆਉਣ ਦਾ ਮੰਤਵ ਪਤਾ ਲਗ ਜਾਂਦਾ ਹੈ ਤੇ ਉਹ ਗੁਰੂ ਦੇ ਦੱਸੇ ਉਪਦੇਸ਼ ਨੂੰ ਸੁਣ ਕਰਕੇ ਗਿਆਨ ਦੀ ਪ੍ਰਾਪਤੀ ਲਈ ਉਤੇਜਤ ਹੁੰਦਾ ਹੈ। ਗੁਰਬਾਣੀ ਅਤੇ ਭਾਈ ਗੁਰਦਾਸ ਅਨੁਸਾਰ 'ਸੱਚੀ ਧਰਤੀ', 'ਕਰਮ ਰੂਪ ਧਰਤੀ' ਹੈ ਅਤੇ ਇਹੋ ਹੀ ਸੱਚੀ ਧਰਮਸਾਲ ਹੈ :-

"ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ।"[1]

"ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥"[2]

"ਜਾਣਹੁ ਧਰਤੀ ਧਰਮ ਦੀ ਸਚੀ ਧਰਮਸਾਲਾ।"[3]

ਧਰਮ ਖੰਡ ਵਿਚ ਕੀਤੇ ਸ਼ੁਭ ਕਰਮਾਂ ਦੀ ਕਮਾਈ ਤੋਂ ਉਪਰੰਤ ਜੀਵ ਦੀ ਸੁਰਤ ਗਿਆਨ ਮੰਡਲ ਵਿਚ ਉਡਾਰੀਆਂ ਲਾਉਂਦੀ ਹੈ। ਇਹ ਸਚਿਆਰ ਦੀ ਆਤਮਿਕ ਉਨਤੀ ਦਾ ਦੂਜਾ ਪੜਾ ਹੈ। 'ਗਿਆਨ ਖੰਡ' ਵਿਚ ਜੀਵ ਗਿਆਨ ਦੁਆਰਾ ਪ੍ਰਭੂ ਦੀ ਸਾਰੀ ਕੁਦਰਤ ਨਾਲ ਜਾਣਕਾਰੀ ਪ੍ਰਾਪਤ ਕਰ ਲੈਂਦਾ ਹੈ। ਇਥੇ ਮਨ ਵਿਚ ਦ੍ਰਿੜ੍ਹਤਾ ਆ ਜਾਂਦੀ ਹੈ ਤੇ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ :-

"ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ।"[4]

1. ਆਦਿ ਗ੍ਰੰਥ, ਪੰ:308.
2. ਓਹੀ, ਪੰ:1417.
3. ਭਾਈ ਗੁਰਦਾਸ, ਵਾਰ 34-1.
4. ਆਦਿ ਗ੍ਰੰਥ, ਪੰ:77.

ਆਤਮਕ ਉਨਤੀ ਦੇ ਤੀਜੇ ਪੜਾ ਵਿਚ ਮਨੁੱਖ ਸਦਾ ਹੀ ਉਤਸ਼ਾਹ ਭਰਪੂਰ ਰਹਿੰਦਾ ਹੈ। ਇਹ ਸਰਮ ਖੰਡ ਹੈ। ਉਦੱਮ ਵਾਲੀ ਇਸ ਅਵਸਥਾ ਵਿਚ ਆ ਕੇ ਮਨ ਦਿਨੋ ਦਿਨ ਸੁੰਦਰ ਬਣਨਾ ਸ਼ੁਰੂ ਹੋ ਜਾਂਦਾ ਹੈ। ਮਨੁੱਖ ਦੀ ਸੁਰਤ ਤੇ ਮਤਿ ਉੱਚੀ ਹੋ ਜਾਂਦੀ ਹੈ ਅਤੇ ਦੇਵਤਿਆਂ ਤੇ ਸਿਧਾਂ ਵਾਲੀ ਅਕਲ ਮਨੁੱਖ ਵਿਚ ਆ ਜਾਂਦੀ ਹੈ। ਇਸ ਤਰ੍ਹਾਂ ਭਗਤੀ ਵਿਚ ਸਦਾ ਲੀਨ ਰਹਿਣ ਵਾਲਾ ਸਾਧਕ ਸਿੱਧੀ ਨੂੰ ਪ੍ਰਾਪਤ ਕਰਦਾ ਹੈ।

ਆਤਮਕ ਉਨਤੀ ਦਾ ਚੌਥਾ ਪੜਾ ਕਰਮ ਖੰਡ ਹੈ, ਜਿਸ ਵਿਚ ਸਚਿਆਰ ਪੁਰਸ਼ ਤੇ ਸਦਾ ਹੀ ਪਰਮਾਤਮਾ ਦੀ ਬਖਸ਼ਿਸ਼ ਰਹਿੰਦੀ ਹੈ। ਇਸ ਅਵਸਥਾ ਵਿਚ ਕਈ ਭਵਨਾਂ ਦੇ ਭਗਤ ਜਨ ਵਸਦੇ ਹਨ, ਜੋ ਸਦਾ ਖਿੜੇ ਰਹਿੰਦੇ ਹਨ ਕਿਉਂਕਿ ਪਰਮਾਤਮਾ ਉਨ੍ਹਾਂ ਦੇ ਮਨ ਵਿਚ ਵਸਦਾ ਹੈ :-

"ਤਿਥੈ ਭਗਤ ਵਸਹਿ ਕੇ ਲੋਅ ਕਰਹਿ ਅਨੰਦੁ ਸਚਾ ਮਨਿ ਸੋਇ।"
—(ਪਉੜੀ-37)

ਇਸ ਖੰਡ ਦੀ ਬੋਲੀ ਜ਼ੋਰ ਅਥਵਾ ਤਾਕਤ ਹੈ। ਇਹ ਖੰਡ ਸਾਰਿਆਂ ਖੰਡਾਂ ਨਾਲੋਂ ਅਤਿ ਸੂਖਮ ਹੈ ਕਿਉਂਕਿ ਵਿਸ਼ੇਸ਼ ਪ੍ਰੇਮਾ-ਭਗਤੀ ਦੀ ਪ੍ਰਧਾਨਤਾ ਹੈ। ਇਥੋਂ ਦੇ ਵਾਸੀਆਂ ਦੇ ਸੁੰਦਰ ਰੂਪ ਕਥਨ ਤੋਂ ਬਾਹਰ ਹਨ। ਇਨ੍ਹਾਂ ਗੁਰਸਿਖਾਂ ਤੇ ਭਗਤਾਂ ਨੂੰ ਮਾਇਆ ਨਹੀਂ ਛਲ ਸਕਦੀ ਕਿਉਂਕਿ ਇਨ੍ਹਾਂ ਕੋਲ ਭਗਤੀ ਰੂਪੀ ਹਥਿਆਰ ਹੁੰਦਾ ਹੈ। ਕਰਮ ਖੰਡ ਦੀ ਪ੍ਰਾਪਤੀ ਦੀ ਇਕੋ ਇਕ ਜੁਗਤੀ ਹੈ ਕਿ ਜੀਵ ਗੁਰੂ ਦੇ ਉਪਦੇਸ਼ ਦੀ ਕਮਾਈ ਕਰਦਾ ਰਹੇ :-

"ਗੁਰ ਕੀ ਪਉੜੀ ਜਾਇ ਚੜੈ ਕਰਮਿ ਪਰਾਪਤਿ ਹੋਈ।"[1]

ਆਤਮਕ ਉਨਤੀ ਦਾ ਪੰਜਵਾਂ ਖੰਡ 'ਸਚ ਖੰਡ' ਹੈ, ਜਿਸ ਵਿਚ ਸਚਿਆਰ ਪੁਰਸ਼ ਨੂੰ ਵਾਸਾ ਉਸ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਹੀ ਮਿਲਦਾ ਹੈ। ਉਥੇ ਕਿਸੇ ਦਾ ਜ਼ੋਰ ਨਹੀਂ ਚਲਦਾ। ਉਥੇ 'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ' ਹੁੰਦੀ ਹੈ ਅਤੇ ਉਹ ਹਰ ਇਕ ਜੀਵ ਦੀ ਕਾਰ ਨੂੰ ਵੇਖ ਕੇ ਖੁਸ਼ ਹੁੰਦਾ ਹੈ। 'ਸਚ ਖੰਡ' ਦਾ ਰੰਗ ਆਤਮਦਰਸ਼ੀ ਪੁਰਸ਼ ਮਾਣਦੇ ਹਨ ਕਿਉਂਕਿ ਉਹ ਪਰਮਾਤਮਾ ਨੂੰ ਸਦਾ ਹਜ਼ੂਰ ਵੇਖਦੇ ਹਨ। ਅਜਿਹੇ ਮਹਾਂਪੁਰਸ਼ ਸਦਾ 'ਸਚ ਖੰਡ' ਦੇ ਵਾਸੀ ਹੁੰਦੇ ਹਨ।

---

1. ਆਦਿ ਗ੍ਰੰਥ, ਪੰ:1416.

ਉਪਰੋਕਤ ਪੰਜਾਂ ਖੰਡਾਂ ਵਿਚੋਂ ਲੰਘ ਕੇ ਸਚਿਆਰ ਪੁਰਸ਼ ਸਦਾ ਹੀ ਜੀਵਨ ਮੁਕਤ ਹੁੰਦਾ ਹੈ। ਜਪੁਜੀ ਦੀ ੩੮ਵੀਂ ਪਉੜੀ ਸਾਰੀ ਜਪੁ ਬਾਣੀ ਦਾ ਸਾਰ ਹੈ। ਇਸ ਵਿਚ ਸਚਿਆਰ ਪਦ ਨੂੰ ਪ੍ਰਾਪਤ ਕਰਨ ਦੇ ਸਾਧਨ ਦੱਸੇ ਹਨ। ਸੰਜਮ, ਧੀਰਜ, ਬੁੱਧੀ, ਗਿਆਨ, ਈਸ਼ਵਰ-ਭਉ, ਤਪ, ਪ੍ਰੇਮਾ ਭਗਤੀ ਤੇ ਪ੍ਰਭੂ ਦਾ ਨਾਮ – ਇਹ ਅੱਠ ਸਾਧਨ ਹਨ ਸ਼ਬਦ ਘੜਨ ਦੇ। ਇਨ੍ਹਾਂ ਸਾਧਨਾਂ ਨਾਲ ਜੋ ਸ਼ਬਦ ਘੜੇਗਾ। ਉਹ ਸਾਨੂੰ ਤਰਾਏਗਾ। ਪਰ ਇਸ ਸ਼ਬਦ ਦੀ ਘਾੜਤ ਦਾ ਕੰਮ ਪ੍ਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਅਥਵਾ ਬਖਸ਼ਿਸ਼ ਨਾਲ ਹੀ ਹੋ ਸਕਦਾ ਹੈ।

ਸ੍ਰੀ ਗੁਰੂ ਨਾਨਕ ਦਾ ਸਚਿਆਰ ਮਾਰਗ ਜੀਵਨ ਦੇ ਅਨੇਕ ਪੱਖਾਂ ਦਾ ਸੰਤੁਲਨ ਹੈ। ਇਸ ਵਿਚ ਕਰਮ, ਗਿਆਨ ਤੇ ਭਗਤੀ ਸਭ ਕੁਝ ਪੂਰੀ ਮਾਤਰਾ ਵਿਚ ਸ਼ਾਮਿਲ ਹੈ। ਇਸ ਮਾਰਗ ਤੇ ਤੁਰਨ ਲਈ ਵੀ ਕਿਰਪਾ ਦੀ ਲੋੜ ਹੈ। ਇਸ ਵਿਚ ਸੰਸਾਰ ਦੇ ਸਾਰੇ ਸ਼ੁਭ ਤੇ ਆਦਰਸ਼ ਆ ਜਾਂਦੇ ਹਨ। 'ਸਚਿਆਰ ਪਦ' ਘਾਲਣਾ ਤੇ ਨਦਰ ਦਾ ਸਿੱਟਾ ਹੈ।

ਹੁਣ ਅਸੀਂ ਇਨ੍ਹਾਂ ਪਉੜੀਆਂ ਵਿਚ ਆਈਆਂ ਭਿੰਨ ਭਿੰਨ ਅਰਥਾਂ ਵਾਲੀਆਂ ਤੁਕਾਂ ਤੇ ਵਿਚਾਰ ਕਰੀਏ।

### (17) "ਤਿਥੈ ਸੀਤੋ ਸੀਤਾ ਮਹਿਮਾ ਮਾਹਿ।" – (ਪਉੜੀ-37)

ਇਸ ਤੁਕ ਵਿਚ 'ਸੀਤੋ ਸੀਤਾ' ਸ਼ਬਦਾਂ ਦੇ ਅਰਥਾਂ ਵਿਚ ਟੀਕਾਕਾਰਾਂ ਦਾ ਪਰਸਪਰ ਮੱਤ ਭੇਦ ਹੈ। ਇਸ ਦੇ ਹੇਠ ਲਿਖੇ ਅਰਥ ਕੀਤੇ ਗਏ ਹਨ :-

(ੳ) ਕਰਤਾ ਫਰੀਦਕੋਟੀ ਟੀਕਾ[1] ਨੇ 'ਸੀਤੋ' ਅਤੇ 'ਸੀਤਾ' ਦੇ ਅਰਥ ਭਿੰਨ ਭਿੰਨ ਕੀਤੇ ਹਨ। 'ਸੀਤੋ' ਦੇ ਦੋ ਅਰਥ 'ਸੀਤਲ ਕਰਨੇ ਹਾਰੀ' ਅਤੇ 'ਸੀਤਾ' ਹੈ, 'ਸੀਤਾ' ਦੇ ਅਰਥ 'ਨਿਰਗੁਣ ਰਾਮ ਕੇ ਸਾਥ ਮਹਿਮਾ ਰੂਪ ਸੀਤਾ' ਕੀਤੇ ਹਨ। ਅਨੰਦ ਘਨ[2] ਤੇ ਭਾਈ ਸੰਤੋਖ ਸਿੰਘ[3] ਨੇ 'ਸੀਤੋ' ਦੇ ਅਰਥ 'ਸੀਤਲ ਤੇ ਸੀਤਲ' ਕੀਤੇ ਹਨ। ਭਾਈ ਮਨੀ ਸਿੰਘ[4] ਨੇ 'ਸੀਤਾ'

1. ਫਰੀਦਕੋਟ ਵਾਲਾ ਟੀਕਾ, ਪੰ:126.
2. ਗੁਰਬਾਣੀ ਟੀਕੇ, ਪੰ:214.
3. ਗਰਬ ਗੰਜਨੀ ਟੀਕਾ, ਪੰ:174.
4. ਜਪੁਜੀ ਸਾਹਿਬ ਸਟੀਕ, ਪੰ:36.

ਤੇ ਭਾਈ ਸੰਤੋਖ ਸਿੰਘ[1] ਨੇ 'ਸੀਤਾ' ਦੇ ਅਰਥ 'ਕੀਰਤੀ ਮਹਿਮਾ ਵਿਚ ਜੋੜਨੀ-ਸੀਤਾ ਹੈ' ਵੀ ਕੀਤੇ ਹਨ।

(ਅ) ਭਾਈ ਜੋਧ ਸਿੰਘ ਨੇ "ਉਨ੍ਹਾਂ (ਮਹਾਂ ਬਲ ਵਾਲੇ ਸੂਰਮੇ ਤੇ ਜੋਧੇ) ਦਾ ਮਨ ਉਸ 'ਰਾਮ ਦੀ ਮਹਿਮਾ ਰੂਪੀ ਸੀਤਾ' ਵਿਚ 'ਸੀਪ' ਗਿਆ ਹੈ," ਅਰਥ ਕੀਤੇ ਹਨ।[2] ਪ੍ਰੋ. ਸਾਹਿਬ ਸਿੰਘ ਨੇ ਵੀ 'ਸੀਤੋ ਸੀਤਾ' ਦੇ ਅਰਥ 'ਪੂਰਨ ਤੌਰ ਤੇ ਸੀਤਾ ਹੋਇਆ ਅਰਥਾਤ ਪ੍ਰੋਤਾ ਹੋਇਆ' ਕੀਤੇ ਹਨ।[3] ਵਿਨੋਬਾ ਭਾਵੇ ਨੇ 'ਸੀਤੋ' ਦੇ ਅਰਥ 'ਸੀਤੀ ਹੋਈ ਸੋਭਾ' ਕੀਤੇ ਹਨ।[4]

(ੲ) ਭਾਈ ਵੀਰ ਸਿੰਘ ਅਨੁਸਾਰ ਇਸ ਤੁਕ ਦੇ ਅਰਥ "ਓਥੇ ਹਨ (ਭਰਪੂਰ ਤੇ ਵਿਆਪਕ ਰਾਮ ਦੀ) ਮਹਿਮਾ ਵਿਚ (ਮਗਨ ਹੋ ਰਹੇ ਅਨੇਕਾਂ) ਰਾਮ ਤੇ ਸੀਤਾ।[5]

(ਸ) ਕੁਝ ਵਿਦਵਾਨ ਟੀਕਾਕਾਰਾਂ ਨੇ 'ਸੀਤੋ ਸੀਤਾ' ਦੇ ਅਰਥ 'ਸੀਤਾ ਹੀ ਸੀਤਾ' ਕੀਤੇ ਹਨ, ਜਿਨ੍ਹਾਂ ਵਿਚੋਂ ਸੋਢੀ ਮਿਹਰਬਾਨ, ਪੰ:ਤਾਰਾ ਸਿੰਘ ਨਰੋਤਮ, ਪ੍ਰਿੰ:ਤੇਜਾ ਸਿੰਘ ਤੇ ਡਾ: ਮੋਹਨ ਸਿੰਘ ਆਦਿ ਵਿਸ਼ੇਸ਼ ਹਨ।[6] ਪੰ:ਤਾਰਾ ਸਿੰਘ ਨਰੋਤਮ ਅਨੁਸਾਰ ਇਸ ਤੁਕ ਦੇ "ਪ੍ਰਮੇਸੁਰ ਕੇ ਬੈਕੁੰਠ ਧਾਮ ਮੇਂ ਬਹੁ ਸੀਤਾ ਤੁਲਯ ਇਸਤ੍ਰੀਆਂ ਹੈ ਜਿਨ੍ਹੋਂ ਨੇ ਅਪਨਾ ਚਿਤ ਸੀਵਿਆ ਹਰਿ ਕੀ ਮਹਿਮਾ ਵਿਖੇ", ਅਰਥ ਹਨ।[7] ਪ੍ਰਿੰ:ਤੇਜਾ ਸਿੰਘ ਲਿਖਦੇ ਹਨ, "ਉਥੇ ਸੀਤਾ ਹੀ ਸੀਤਾ ਭਰੀਆਂ ਪਈਆਂ ਹਨ ਜੋ ਰਾਮ ਦੀ ਵਡਿਆਈ ਵਿਚ ਰਹਿੰਦੀਆਂ ਹਨ।[8]

ਉਪਰੋਕਤ ਅਰਥਾਂ ਦੇ ਅਧਿਅਨ ਤੋਂ ਪਤਾ ਲਗਦਾ ਹੈ ਕਿ 'ਸੀਤੋ ਸੀਤਾ' ਦੇ ਅਰਥ 'ਮਹਿਮਾ ਰੂਪ ਸੀਤਾ', 'ਸੀਤਲ', 'ਸੀਤਾ ਅਰਥਾਤ ਪ੍ਰੋਤਾ', 'ਰਾਮ ਤੇ ਸੀਤਾ' ਅਤੇ 'ਸੀਤਾ ਹੀ ਸੀਤਾ' ਕੀਤੇ ਗਏ ਹਨ।

ਇਸ ਤੁਕ ਦੇ ਠੀਕ ਅਰਥਾਂ ਦਾ ਨਿਰਣਾ ਕਰਨ ਲਈ ਗੁਰਬਾਣੀ ਦੀ ਓਟ ਲੈਣੀ ਪਏਗੀ। ਪਹਿਲੀ ਗੱਲ ਇਹ ਹੈ ਕਿ 'ਸੀਤੋ' ਸ਼ਬਦ ਦੀ ਵਰਤੋਂ 'ਰਾਮ ਚੰਦਰ' ਦੇ ਅਰਥਾਂ ਵਿਚ ਨਾ ਹੀ ਆਦਿ ਗ੍ਰੰਥ ਵਿਚ ਤੇ ਨਾ ਹੀ ਪੁਰਾਤਨ ਗ੍ਰੰਥਾਂ ਵਿਚ ਮਿਲਦੀ ਹੈ। ਸੋ ਇਸ ਦਾ ਅਰਥ 'ਰਾਮ' ਕਰਨਾ ਉਚਿਤ ਨਹੀਂ, ਜਿਵੇਂ ਕਿ ਭਾਈ ਵੀਰ ਸਿੰਘ ਨੇ ਕੀਤਾ ਹੈ।[9]

---

1. ਗਰਬ ਗੰਜਨੀ ਟੀਕਾ, ਪੰ:174.
2. ਜਪੁਜੀ ਸਟੀਕ, ਪੰ: 67.
3. ਜਪੁਜੀ ਸਾਹਿਬ ਸਟੀਕ, ਪੰ:144.
4. ਜਪੁਜੀ, ਪੰ:93.
5. ਸੰਥਯਾ ਪੋਥੀ, ਸੈਂਚੀ ਪਹਿਲੀ, ਪੰ:165.
6. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ
7. ਟੀਕਾ ਗੁਰਭਾਵ ਦੀਪਕਾ, ਪੰ:246.
8. ਜਪੁਜੀ ਸਟੀਕ ਪੰ:, 198-199.
9. ਸੰਥਿਆ ਪੋਥੀ, ਸੈਂਚੀ ਪਹਿਲੀ, ਪੰ:173.

ਦੂਜੀ ਗੱਲ ਇਹ ਹੈ ਕਿ ਪੰਜਾਂ ਖੰਡਾਂ ਵਾਲੀਆਂ ਪਉੜੀਆਂ ਆਤਮਕ ਪੜਾਵਾਂ ਵਾਲੀਆਂ ਪਉੜੀਆਂ ਹਨ ਤੇ ਇਨ੍ਹਾਂ ਵਿਚ ਵਿਅਕਤੀ ਦਾ ਨਾਂ ਨਹੀਂ ਆਉਂਦਾ, ਕੇਵਲ ਪਦਵੀਆਂ ਦਾ ਵਰਣਨ ਹੈ। ਇਸ ਉਚੇਰੇ ਆਤਮਕ ਖੰਡ ਵਿਚ ਕੇਵਲ ਆਤਮਾ ਹੀ ਵਿੱਦਮਾਨ ਹੈ ਜਿਸ ਦਾ ਕੋਈ ਜਿਨਸੀ ਭੇਦ ਮੰਨ ਲੈਣਾ ਭੁਲ ਹੈ। ਇਸ ਲਈ ਇਥੇ ਕਿਸੇ ਨਾਮ ਦੀ ਵਿਸ਼ੇਸ਼ਤਾ ਦਾ ਪ੍ਰਸ਼ਨ ਨਹੀਂ ਉਠਦਾ। ਵਿਚਾਰ ਅਧੀਨ ਤੁਕ ਤੋਂ ਪਹਿਲੀ ਤੁਕ "ਤਿਨ ਮਹਿ ਰਾਮੁ ਰਹਿਆ ਭਰਪੂਰ" ਵਿਚ 'ਰਾਮੁ' ਸ਼ਬਦ ਜਪੁਜੀ ਵਿਚ ਪਹਿਲੀ ਵੇਰ ਆਇਆ ਹੈ ਪਰ ਇਹ ਪਰਮਾਤਮਾ ਦੇ ਸਰੂਪ ਬਾਰੇ ਆਇਆ ਹੈ। ਇਸੇ ਤਰ੍ਹਾਂ ਸ਼ਬਦ 'ਸੀਤਾ' ਇਥੇ 'ਰਾਮ ਦੀ ਸੀਤਾ' ਦੇ ਅਰਥਾਂ ਵਿਚ ਨਹੀਂ ਵਰਤਿਆ ਗਿਆ। ਗੁਰਬਾਣੀ ਦੇ ਆਧਾਰ ਤੇ 'ਸੀਤੋ' ਦੇ ਅਰਥ 'ਸੀਤਲ' ਦੀ ਵੀ ਪੁਸ਼ਟੀ ਨਹੀਂ ਹੁੰਦੀ, ਕੇਵਲ ਦੋ ਅਰਥਾਂ ਦੇ ਪ੍ਰਮਾਣ ਮਿਲਦੇ ਹਨ :-

"ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ
ਹੀਉ ਤਨੁ ਸੀਤੋ ਤੁਮਰੈ ਧਾਗੈ।"[1] (ਪ੍ਰੋਤਾ)

"ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ।"[2] (ਸੀਤਾ)

"ਗਾਵਨਿ ਗੋਪੀਆਂ ਗਾਵਨਿ ਕਾਨ੍ਹ।
ਗਾਵਨਿ ਸੀਤਾ ਰਾਜੇ ਰਾਮ।"[3] (ਰਾਮ ਦੀ ਸੀਤਾ)

"ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੁੜਿ ਗਇਆ।
ਰੋਵੈ ਦਹਸਿਰੁ ਲੰਕ ਗਵਾਇ। ਜਿਨਿ ਸੀਤਾ ਆਦੀ ਡਉਰੂ ਵਾਇ।"[4]
—(ਰਾਮ ਦੀ ਸੀਤਾ)

ਇਨ੍ਹਾਂ ਪ੍ਰਮਾਣਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਵਿਚ 'ਸੀਤੋ' ਸ਼ਬਦ ਦੇ ਅਰਥ 'ਸੀਉਣਾ' ਹੀ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸ਼ਬਦ 'ਸੀਤਾ' 'ਰਾਮ ਦੀ ਸੀਤਾ' ਦੇ ਅਰਥਾਂ ਵਿਚ ਗੁਰਬਾਣੀ ਵਿਚ ਵਰਤਿਆ ਗਿਆ ਹੈ ਪਰ ਇਥੇ ਇਹ ਅਰਥ ਪ੍ਰਸੰਗ

---

1. ਆਦਿ ਗ੍ਰੰਥ,ਪੰ:1216-17.
2. ਉਹੀ, ਪੰ:729.
3. ਉਹੀ, ਪੰ:465.
4. ਉਹੀ, ਪੰ:954.

ਅਤੇ ਸਿਧਾਂਤ ਤੋਂ ਵਿਰੁਧ ਹੋਣ ਕਰਕੇ ਅਜੀਬ ਪ੍ਰਤੀਤ ਹੁੰਦੇ ਹਨ। 'ਸੀਤੋ ਸੀਤਾ' ਵਿਚ ਇਕੋ ਹੀ ਸ਼ਬਦ ਦੂਜੀ ਵਾਰੀ ਵਰਤਿਆ ਗਿਆ ਹੈ। ਗੁਰਬਾਣੀ ਵਿਚ ਸ਼ਬਦਾਂ ਦਾ ਇਸ ਪ੍ਰਕਾਰ ਦਾ ਦੁਹਰਾਉ ਹੋਰ ਥਾਂ ਵੀ ਮਿਲਦਾ ਹੈ ਜਿਸ ਦਾ ਭਾਵ ਇਹ ਹੈ ਕਿ ਇਕ ਖ਼ਿਆਲ ਉਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ, ਜਿਵੇਂ:-

"ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ।"[1]

"ਨਾਮੇ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ।"[2]

ਪੰਜਾਬੀ ਵਿਚ ਇਕ ਮੁਹਾਵਰਾ ਵੀ ਹੈ - 'ਮਨ ਸੀਊਣਾ' ਜਿਸ ਦਾ ਅਰਥ ਹੈ, 'ਮਨ ਨੂੰ ਜੋੜਨਾ' ਜਾਂ 'ਲਿਵ ਲਾਉਣੀ'। ਇਸ ਪਉੜੀ ਵਿਚ ਭਗਤਾਂ ਤੇ ਜੋਗੀਆਂ ਦਾ ਵਰਣਨ ਹੈ ਜਿਨ੍ਹਾਂ ਨੇ ਵਾਹਿਗੁਰੂ ਦੀ ਮਹਿਮਾ ਵਿਚ ਆਪਣੇ ਮਨ ਨੂੰ ਸੀਤਾ ਅਥਵਾ ਪ੍ਰੋਤਾ ਹੋਇਆ ਹੈ। ਇਸ ਭਾਵ ਦੀ ਪੁਸ਼ਟੀ ਹੇਠ ਦਿੱਤੇ ਪ੍ਰਮਾਣਾਂ ਤੋਂ ਵੀ ਹੁੰਦੀ ਹੈ :-

"ਸੀਤੜਾ ਮੰਨੁ ਮੰਝਾਹਿ ਪਲਕ ਨ ਥੀਵੈ ਬਾਹਰਾ।
ਨਾਨਕ ਆਸੜੀ ਨਿਬਾਹਿ ਸਦਾ ਪੇਖੰਦੋ ਸਚੁ ਧਣੀ।"[3]

"ਸਰਬ ਸੈ ਸੁਖ ਆਨੰਦ ਘਨ ਪਿਆਰੇ
ਹਰਿ ਰਤਨੁ ਮਨੁ ਅੰਤਰਿ ਸੀਵਤੇ।"[4]

ਸੋ ਇਸ ਤੁਕ ਦੇ ਅਰਥ — "ਉਸ ([illegible]) ਅਵਸਥਾ ਵਿਚ ਅਪੜੇ ਹੋਏ ਮਨੁੱਖਾਂ ਦਾ ਮਨ ਵਾਹਿਗੁਰੂ ਦੀ ਵਡਿਆਈ ਵਿਚ ਪੂਰੀ ਤਰ੍ਹਾਂ ਪ੍ਰੋਤਾ ਹੁੰਦਾ ਹੈ। ਅਰਥਾਤ ਪੂਰਣ ਵਿਸਮਾਦੀ ਦਸ਼ਾ ਵਿਚ ਹੁੰਦਾ ਹੈ", ਕਰਨੇ ਹੀ ਵਧੇਰੇ ਠੀਕ ਹਨ।

(18) "ਸਚਖੰਡਿ ਵਸੈ ਨਿਰੰਕਾਰੁ।" — (ਪਉੜੀ-37)

ਵਿਦਵਾਨ ਟੀਕਾਕਾਰਾਂ ਨੇ ਇਸ ਤੁਕ ਦੇ ਅਰਥ ਇਨ੍ਹ ਤਰ੍ਹਾਂ ਨਾਲ ਕੀਤੇ ਹਨ :-

---

1. ਆਦਿ ਗ੍ਰੰਥ, ਪੰ:452.
2. ਓਹੀ, ਪੰ:69
3. ਓਹੀ, ਪੰ:708.
4. ਓਹੀ, ਪੰ:81.

(ੳ) ਕਰਤਾ ਫਰੀਦਕੋਟੀ ਟੀਕਾ[1] ਅਨੁਸਾਰ "ਬੈਕੁੰਠ ਮੈ ਸਚਾ ਸਾਹਿਬੁ ਨਿਰੰਕਾਰੁ ਸਰਕੂਟੁ ਮੂਰਤੀ ਧਾਰ ਕੇ ਆਪ ਵਸਤਾ ਹੈ" ਅਰਥ ਹਨ। ਸੋਢੀ ਮਿਹਰਬਾਨ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪ੍ਰਿੰ. ਤੇਜਾ ਸਿੰਘ ਤੇ ਵਿਨੋਬਾ ਭਾਵੇ ਆਦਿ ਨੇ ਇਹ ਹੀ ਅਰਥ ਕੀਤੇ ਹਨ।[2]

(ਅ) ਭਾਈ ਮਨੀ ਸਿੰਘ ਨੇ "ਐਸੇ ਮਹਾਤਮਾ ਦੀ ਸੰਗਤ ਵਿਚ ਵਾਹਿਗੁਰੂ ਵਸਦਾ ਹੈ" ਅਰਥ ਕੀਤੇ ਹਨ।[3] ਅਨੰਦ ਘਨ ਤੇ ਡਾ: ਮੋਹਨ ਸਿੰਘ ਨੇ ਵੀ ਇਹੋ ਹੀ ਅਰਥ ਕੀਤੇ ਹਨ।[4]

(ੲ) ਪ੍ਰੋ: ਸਾਹਿਬ ਸਿੰਘ ਨੇ ਇਸ ਤੁਕ ਨੂੰ ਨਵੇਂ ਅਰਥ ਦਿੱਤੇ ਹਨ। ਉਸ ਅਨੁਸਾਰ "ਸਚ ਖੰਡ ਵਿਚ (ਭਾਵ ਅਕਾਲਪੁਰਖ ਨਾਲ ਇਕ-ਰੂਪ ਹੋਣ ਵਾਲੀ ਅਵਸਥਾ ਵਿਚ) ਮਨੁੱਖ ਦੇ ਅੰਦਰ (ਉਹ ਅਕਾਲ ਪੁਰਖ) ਆਪ ਹੀ ਟਿਕਦਾ ਹੈ" ਅਰਥ ਹਨ।[5] ਪੰਡਤ ਤਾਰਾ ਸਿੰਘ ਨਰੋਤਮ ਨੇ "ਸ਼ੁਧ ਬ੍ਰਿਤੀ ਵਿਚ ਨਿਰੰਕਾਰ ਵਸਦਾ ਹੈ" ਅਰਥ ਕੀਤੇ ਹਨ।[6]

ਉਪਰੋਕਤ ਅਰਥਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਸ ਤੁਕ ਦੇ ਅਰਥਾਂ ਵਿਚ ਕੋਈ ਬਹੁਤੀ ਭਿੰਨਤਾ ਨਹੀਂ। ਭਾਈ ਗੁਰਦਾਸ ਨੇ ਇਸ ਤੁਕ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ :-

"ਸਾਧ ਸੰਗਤਿ ਸਚਖੰਡ ਹੈ। ਨਿਰੰਕਾਰ ਗੁਰੁ ਸਬਦੁ ਵਸਾਇਆ।"[7]

ਭਾਵ ਸਾਧ ਸੰਗਤ ਹੀ 'ਸਚ ਖੰਡ' ਹੈ ਅਤੇ ਗੁਰ ਸ਼ਬਦ ਵਿਚ ਨਿਰੰਕਾਰ ਦਾ ਵਾਸਾ ਹੈ। ਇਸ ਲਈ ਇਸ ਤੁਕ ਦੇ ਪਹਿਲੇ ਦੋਵੇਂ ਅਰਥ ਠੀਕ ਜਾਪਦੇ ਹਨ ਕਿ "ਸਚ ਖੰਡ (ਮਹਾਂ ਪੁਰਸ਼ਾਂ ਦੀ ਸੰਗਤ) ਵਿਚ ਨਿਰੰਕਾਰ ਆਪ ਵਸਦਾ ਹੈ।"

ਉਪਰੋਕਤ 'ਜਪੁਜੀ' ਦੇ ਭਾਵ ਅਰਥ ਤੇ ਇਸ ਬਾਣੀ ਦੀਆਂ 18 ਭਿੰਨ ਭਿੰਨ ਅਰਥਾਂ ਵਾਲੀਆਂ ਤੁਕਾਂ ਦੇ ਠੀਕ ਅਰਥ ਸਮਝਣ ਦਾ ਯਤਨ ਕੀਤਾ ਗਿਆ ਹੈ।

---

1. ਫਰੀਦਕੋਟ ਵਾਲਾ ਟੀਕਾ, ਪੰ:26.
2. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
3. ਜਪੁਜੀ ਸਾਹਿਬ ਸਟੀਕ, ਪੰ:38.
4. ਵੇਖੋ ਇਨ੍ਹਾਂ ਦੇ ਜਪੁਜੀ ਟੀਕੇ।
5. ਜਪੁਜੀ ਸਾਹਿਬ ਸਟੀਕ, ਪੰ:146.
6. ਟੀਕਾ ਗੁਰਭਾਵ ਦੀਪਕਾ, ਪੰ:248.
7. ਭਾਈ ਗੁਰਦਾਸ, ਵਾਰ 39-13.

ਸਮੁੱਚੇ ਰੂਪ ਵਿਚ 'ਜਪੁਜੀ' ਵਿਚ ਦਸਿਆ ਗਿਆ ਹੈ ਕਿ ਪਰਮਾਤਮਾ 'ਸੱਚ' ਹੈ। ਮਨੁੱਖ ਦਾ ਕਰਤੱਵ 'ਸਚਿਆਰ ਪਦ' ਨੂੰ ਪ੍ਰਾਪਤ ਕਰਨਾ ਹੈ। ਇਸ ਬਾਣੀ ਦੇ ਆਰੰਭ ਵਿਚ ਇਸ ਦੇ ਸਾਧਨ ਦੱਸੇ ਹਨ। ਫਿਰ 'ਹੁਕਮ' ਦੀ ਮਹੱਤਤਾ ਦੱਸੀ ਹੈ ਤੇ ਉਸ ਮਗਰੋਂ ਗੁਰੂ ਦੀ ਮਹਾਨਤਾ ਉਜਾਗਰ ਕੀਤੀ ਹੈ ਜਿਸ ਦੁਆਰਾ ਹੁਕਮ ਦੀ ਸੋਝੀ ਆਉਂਦੀ ਹੈ। ਗੁਰੂ ਦੀ ਸਿਖਿਆ ਸੁਣਨ ਤੇ ਮੰਨਣ ਨਾਲ ਮਨੁੱਖ 'ਸਚਿਆਰ' ਹੋ ਜਾਂਦਾ ਹੈ।ਪ੍ਰਭੂ ਮਿਲਾਪ ਦਾ ਪ੍ਰਮੁੱਖ ਸਾਧਨ ਭਗਤੀ ਹੈ ਜੋ ਕਿ ਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ। ਪਰਮਾਤਮਾ ਤੇ ਉਸ ਦੀ ਰਚਨਾ ਦਾ ਸਾਰਾ ਗਿਆਨ ਹੋ ਸਕਣਾ ਸੰਭਵ ਨਹੀਂ ਹੈ। ਮਨੁੱਖ ਪ੍ਰੇਮਾ-ਭਗਤੀ ਰਾਹੀਂ ਪਰਮਾਤਮਾ ਨਾਲ ਮਿਲ ਸਕਦਾ ਹੈ ਪਰ ਉਸ ਦੇ ਕਿਸੇ ਪੱਖ ਦਾ ਗਿਆਨ ਪੂਰਣ ਤੌਰ ਤੇ ਪ੍ਰਾਪਤ ਨਹੀਂ ਕਰ ਸਕਦਾ। ਭਗਤੀ ਦੁਆਰਾ ਮਨੁੱਖ 'ਜੋਗੀ' ਬਣ ਜਾਂਦਾ ਹੈ। 'ਜੋਗੀ' ਦਾ ਭਾਵ ਹੈ ਪਰਮਾਤਮਾ ਨਾਲ ਜੁੜਿਆ ਹੋਇਆ। ਜੋਗੀ ਉਹ ਬਣਦਾ ਹੈ ਜਿਸ ਵਿਚ 'ਸਚਿਆਰ' ਦੇ ਗੁਣ ਹੋਣ। ਅੰਤ ਵਿਚ ਆਤਮਕ ਉੱਨਤੀ ਦੇ ਪੜਾਵਾਂ ਧਰਮ, ਗਿਆਨ, ਸਰਮ ਤੇ ਕਰਮ ਖੰਡਾਂ ਦਾ ਵਰਣਨ ਹੈ ਜਿਨ੍ਹਾਂ ਵਿਚੋਂ ਲੰਘ ਕੇ ਜੀਵ ਨੇ 'ਸੱਚਖੰਡ' ਵਿਚ ਪੁੱਜਣਾ ਹੈ, ਭਾਵ 'ਸਚਿਆਰ' ਦੀ ਪਦਵੀ ਪ੍ਰਾਪਤ ਕਰਨੀ ਹੈ।

ਭਾਗ ਤੀਜਾ

ਪ੍ਰਾਚੀਨ ਭਾਰਤੀ ਚਿੰਤਨ ਦੇ ਸੰਦਰਭ ਵਿਚ 'ਜਪੁਜੀ' ਦਾ ਵਿਸ਼ਾ ਵਸਤੂ ... 195–291

ਅਧਿਆਇ 8. ਦਾਰਸ਼ਨਿਕ ਸਿਧਾਂਤ ... 196–243
ਅਧਿਆਇ 9. 'ਜਪੁਜੀ' ਦੀ ਆਚਾਰ ਨੀਤੀ ... 244–264
ਅਧਿਆਇ 10. 'ਜਪੁਜੀ' ਦਾ ਰਹੱਸਵਾਦ ... 265–291

## ਦਾਰਸ਼ਨਿਕ ਸਿਧਾਂਤ

ਆਦਿ ਗ੍ਰੰਥ ਦੀ ਸੰਪਾਦਨਾ ਤੋਂ ਪਹਿਲਾਂ ਭਾਰਤ ਵਿਚ ਹਿੰਦੂ, ਬੁੱਧ ਅਤੇ ਜੈਨ ਧਰਮ ਮੌਜੂਦ ਸਨ। ਹਿੰਦੂ ਧਰਮ ਦੇ ਗ੍ਰੰਥਾਂ – ਵੇਦਾਂ ਦੇ ਮੰਤਰਾਂ ਤੋਂ ਦੇਵਤਿਆਂ ਦੀ ਪੂਜਾ ਆਦਿ ਦਾ ਪਤਾ ਲਗਦਾ ਹੈ। ਸੂਰਜ, ਇੰਦਰ, ਅਗਨੀ ਆਦਿ ਦੇਵਤਿਆਂ ਨੂੰ ਈਸ਼ਵਰ ਸਮਾਨ ਸਮਝ ਕੇ ਇਨ੍ਹਾਂ ਦੀ ਪੂਜਾ ਮੰਤਰਾਂ, ਭੇਂਟਾਂ ਅਤੇ ਆਹੂਤੀਆਂ ਰਾਹੀਂ ਕੀਤੀ ਜਾਂਦੀ ਸੀ। ਇਸ ਤਰ੍ਹਾਂ ਬਹੁਦੇਵਵਾਦ ਦਾ ਜਨਮ ਹੋਇਆ। ਆਰੰਭ ਵਿਚ ਤਾਂ ਯੱਗ ਵੀ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਕੀਤੇ ਜਾਂਦੇ ਸਨ, ਪਰੰਤੂ ਸਮਾਂ ਪਾ ਕੇ ਯੱਗਾਂ ਵਿਚ ਵੀ ਭਗਵਾਨ ਦੀ ਸ਼ਕਤੀ ਮੰਨੀ ਜਾਣ ਲੱਗੀ। ਦੇਵਤਿਆਂ ਦੀ ਉਸਤਤੀ ਤੇ ਜ਼ੋਰ ਦਿੱਤਾ ਗਿਆ ਤੇ ਤਪੱਸਿਆ ਰਾਹੀਂ ਉਨ੍ਹਾਂ ਨੂੰ ਪ੍ਰਸੰਨ ਕੀਤਾ ਜਾਣ ਲੱਗਾ। ਦੇਵਤਿਆਂ ਨੂੰ ਪ੍ਰੇਮ ਸਹਿਤ ਪਿਤਾ, ਮਾਤਾ, ਸਖਾ ਅਥਵਾ ਸੰਬੰਧੀ ਆਦਿ ਨਾਵਾਂ ਨਾਲ ਸੰਬੋਧਤ ਕੀਤਾ ਜਾਣ ਲੱਗਾ। ਇਸ ਪ੍ਰੇਮ ਭਰੀ ਉਪਾਸਨਾ ਨੇ ਹੀ ਭਗਤੀ ਦੀ ਨੀਂਹ ਰੱਖੀ। ਇਸ ਦੇ ਨਾਲ ਹੀ ਕੁਝ ਅਜਿਹੇ ਰਿਸ਼ੀ ਵੀ ਸਨ ਜੋ ਦੇਵਤਿਆਂ ਦੀ ਹੋਂਦ ਨੂੰ ਨਹੀਂ ਸਨ ਮੰਨਦੇ ਤੇ ਕਹਿੰਦੇ ਸਨ ਕਿ ਇਹ ਐਵੇਂ ਕਲਪਿਤ ਸ਼ਕਤੀਆਂ ਹੀ ਹਨ, ਇਨ੍ਹਾਂ ਦੇਵਤਿਆਂ ਨੂੰ ਕਿਸ ਵੇਖਿਆ ਹੈ ? ਹੌਲੀ ਹੌਲੀ ਇਹ ਵਿਚਾਰ ਪ੍ਰਬਲ ਹੁੰਦਾ ਗਿਆ ਕਿ ਸਾਰਿਆਂ ਦੇਵਤਿਆਂ ਦਾ ਇਕ ਵੱਡਾ ਦੇਵਤਾ ਹੈ ਤੇ ਉਸ ਦੀ ਹੀ ਸ਼ਕਤੀ ਸਾਰੇ ਦੇਵਤਿਆਂ ਵਿਚ ਕੰਮ ਕਰਦੀ ਹੈ।

ਉਪਨਿਸ਼ਦਾਂ ਵਿਚ ਬ੍ਰਹਮ, ਜੀਵ, ਮਾਇਆ, ਸੰਸਾਰ ਦੀ ਉਤਪੱਤੀ ਆਦਿ ਦੇ ਸਿਧਾਂਤ ਦਿੱਤੇ ਹੋਏ ਹਨ। ਇਨ੍ਹਾਂ ਵਿਚ ਪਰਮ ਤੱਤ ਨੂੰ ਜੋ ਦ੍ਰਿਸ਼ਟਮਾਨ ਸੰਸਾਰ ਦਾ ਕਰਤਾ ਹੈ, ਪੋਸ਼ਣ ਦਾ ਜਤਨ ਹੈ। ਉਸ ਪਰਮ ਸੱਤ ਦਾ ਨਾਂ ਬ੍ਰਹਮ ਹੈ। ਇਸ ਦੀ ਹੋਂਦ ਨੂੰ ਮੰਨ ਕੇ ਹੋਰ ਦੇਵਤੇ ਨਿਰਾਕਾਰ ਬ੍ਰਹਮ ਦੇ ਭੀ ਭਿੰਨ ਭਿੰਨ ਵਿਸ਼ੇਸ਼ ਸਰੂਪ ਹਨ। ਤਈਤਿਰੀਯ ਉਪਨਿਸ਼ਦ ਵਿਚ ਸਮੂਹ ਵਿਸ਼ਵ ਦੀ ਉਤਪੱਤੀ, ਹਸਤੀ ਤੇ ਨਾਸ਼ ਦੇ ਕਾਰਣ ਨੂੰ ਬ੍ਰਹਮ ਕਿਹਾ ਗਿਆ ਹੈ। ਛਾਂਦੋਗਯ ਉਪਨਿਸ਼ਦ ਵਿਚ ਸਮਸਤ ਵਿਸ਼ਵ ਨੂੰ ਬ੍ਰਹਮ ਦਸਿਆ ਹੈ। ਬ੍ਰਹਮ ਦੇ ਸਰਗੁਣ-ਨਿਰਗੁਣ ਰੂਪਾਂ ਦੀ ਚਰਚਾ ਵੀ ਉਪਨਿਸ਼ਦਾਂ ਵਿਚ ਹੋਈ ਹੈ।[1] ਜੀਵ ਆਤਮਾ ਦੀ ਅਮਰਤਾ[2] ਅਤੇ ਪਰਮਾਤਮਾ ਨਾਲ ਉਸ ਦੀ ਅਭੇਦਤਾ[3] ਦਾ ਵਰਣਨ ਵੀ ਉਪਨਿਸ਼ਦਾਂ ਵਿਚ ਮਿਲਦਾ ਹੈ। ਜੀਵ ਆਤਮਾ ਅਜਨਮੀ ਤੇ ਸਦੀਵੀ ਹੈ।

"ਸ੍ਰੀ ਮਦ ਭਗਵਤ ਗੀਤਾ ਵਿਚ ਪੁਰਸ਼ੋਤਮ ਬ੍ਰਹਮ ਦਾ ਵਿਅਕਤ, ਅਵਿਅਕਤ ਅਤੇ ਵਿਅਕਤ-ਅਵਿਅਕਤ ਤਿੰਨ ਰੂਪਾਂ ਵਿਚ ਵਰਣਨ ਮਿਲਦਾ ਹੈ। ਬ੍ਰਹਮ ਦਾ ਵਿਰਾਟ ਵਿਅਕਤ ਰੂਪ ਚਿਤਰਦਿਆਂ ਕਿਹਾ ਗਿਆ ਹੈ ਕਿ ਅਨੇਕ ਬਾਹਵਾਂ, ਅਨੇਕ ਪੇਟਾਂ, ਅਨੇਕ ਮੁਖਾਂ ਅਤੇ ਅਨੇਕ ਨੇਤਰਾਂ ਵਾਲੇ ਅਨੰਤ ਰੂਪ ਨੂੰ ਚਹੁੰਆਂ ਪਾਸੇ ਵੇਖਿਆ ਜਾ ਸਕਦਾ ਹੈ, ਪਰ ਉਸ ਵਿਸ਼ਵ ਰੂਪ ਦਾ ਨਾ ਅੰਤ, ਨਾ ਮੱਧ ਅਤੇ ਨਾ ਹੀ ਆਦਿ ਦਿਸਦਾ ਹੈ।"[4]

ਜੈਨ ਚਿੰਤਕ ਅਨੇਕਾਂਤਵਾਦ ਵਿਚ ਵਿਸ਼ਵਾਸ ਰਖਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਅੰਤਮ ਸੱਤ ਅਨੇਕ ਪੱਖਾਂ ਤੋਂ ਵੇਖਿਆ ਜਾ ਸਕਦਾ ਹੈ, ਜਿਵੇਂ ਬੀਜ ਬੀਜਣ ਉਪਰੰਤ ਪੌਦਾ ਲਗਾਤਾਰ ਪਰਿਵਰਤਨਸ਼ੀਲ ਹੁੰਦਾ ਹੋਇਆ ਵੀ ਬੀਜ ਤੋਂ ਭਿੰਨ ਕਿਸੇ ਹੋਰ ਵਸਤੂ ਦਾ ਪੌਦਾ ਨਹੀਂ ਬਣ ਸਕਦਾ। ਇਸੇ ਤਰ੍ਹਾਂ ਹੀ ਸੱਤ ਕਿਸੇ ਵੀ ਪੱਖ ਤੋਂ ਵੇਖਣ ਨਾਲ ਸੱਤ ਹੀ ਰਹਿੰਦਾ ਹੈ।[5] ਜੈਨ ਦਰਸ਼ਨ ਕਿਸੇ ਅਜਿਹੇ ਇਕ ਪਰਮਾਤਮਾ ਦੀ ਹੋਂਦ ਨਹੀਂ ਮੰਨਦਾ, ਜੋ ਸਦਾ ਤੋਂ ਹੀ ਪੂਰਣ ਹੈ।

---

1. ਕੇਨ ਉਪਨਿਸ਼ਦ, ਅਧਿਆਇ ਪਹਿਲਾ; ਹਵਾਲਾ ਡ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਿਕ ਸਰਵੇਖਣ, ਪੰ:231, ਭਾਸ਼ਾ ਵਿਭਾਗ, ਪੰਜਾਬ, 1971.
2. ਕਠ ਉਪਨਿਸ਼ਦ, ਅਧਿਆਇ ਪਹਿਲਾ, ਓਹੀ।
3. ਮੁੰਡਕ ਉਪਨਿਸ਼ਦ, ਤੀਜਾ ਮੁੰਡਕ, ਪਹਿਲਾ ਖੰਡ, ਓਹੀ।
4. ਗੀਤਾ 11.16, 13.19, ਹਵਾਲਾ ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ:115, ਨਵਯੁਗ ਪਬਲਿਸ਼ਰਜ਼, ਦਿੱਲੀ, 1969.
5. For details, Read History of Philosophy (Eastern & Western) Edited by Dr S. Radha Krishnan, Govt. of India Publication, 1952.

"ਬੋਧ ਧਰਮ ਵਿਚ ਪਰਮ ਸੱਤਾ ਲਈ ਭਾਵੇਂ ਬ੍ਰਹਮ ਨਾਂ ਦੀ ਵਰਤੋਂ ਤਾਂ ਨਹੀਂ ਹੋਈ, ਪਰ ਮਹਾਯਾਨ ਸ਼ਾਖਾ ਦੇ ਮੋਢੀ ਨਾਗਾਰਜੁਨ ਨੇ ਉਸ ਨੂੰ ਸੂਨਯ ਸੱਤਾ ਮੰਨ ਕੇ ਚਹੁੰਆਂ ਕੂਟਾਂ ਤੋਂ ਵਿਲੱਖਣ ਕਿਹਾ ਹੈ। ਉਨ੍ਹਾਂ ਦਾ ਸੂਨਯ ਨਾ ਸੱਤ ਹੈ, ਨਾ ਅਸੱਤ ਹੈ, ਨਾ ਸੱਤ ਤੇ ਅਸੱਤ ਦੋਵੇਂ ਹੈ ਅਤੇ ਨਾ ਹੀ ਦੋਹਾਂ ਤੋਂ ਭਿੰਨ ਹੈ। ਮਾਧਮਿਕ ਸ਼ਾਸਤ੍ਰ (24/8-9) ਵਿਚ ਦੋ ਪ੍ਰਕਾਰ ਦੇ ਸੱਤ (ਸਾਂਵ੍ਰਿਤੀਅਤੇ ਪਰਮਾਰਥ) ਦਸਦੇ ਹੋਇਆਂ ਉਨ੍ਹਾਂ ਨੇ ਪਰਮਾਰਥਕ ਸੱਤ ਨੂੰ ਨਿਰਵਾਣ ਦੇ ਸਮਾਨ ਕਿਹਾ ਹੈ। ਉਨ੍ਹਾਂ ਦਾ ਪਰਮਾਰਥਕ ਸੱਤ ਦਾ ਵਿਵੇਚਨ ਵੇਦਾਂਤ ਦੇ ਬ੍ਰਹਮ ਦੇ ਬਹੁਤ ਨੇੜੇ ਹੈ।"[1] ਮਹਾਤਮਾ ਬੁੱਧ ਨੇ ਆਤਮਾ ਦੀ ਸਦੀਵੀ ਹੋਂਦ ਤੋਂ ਵੀ ਇਨਕਾਰ ਕੀਤਾ ਹੈ।

"ਨਿਆਇ ਤੇ ਵੈਸ਼ੇਸ਼ਿਕ ਸ਼ਾਸਤ੍ਰ ਦੋਵੇਂ ਈਸ਼ਵਰ ਦੀ ਹਸਤੀ ਨੂੰ ਮੰਨਦੇ ਹਨ। ਈਸ਼ਵਰ ਅਦੁੱਤੀ, ਬੇਅੰਤ ਅਤੇ ਸਦਾ ਰਹਿਣ ਵਾਲਾ ਹੈ। ਉਹ ਸੰਸਾਰ ਦੀ ਉਤਪੱਤੀ, ਸਥਿਤੀ ਅਤੇ ਨਾਸ਼ ਦਾ ਸਰਵੱਗ ਤੇ ਸਰਬ ਸ਼ਕਤੀਮਾਨ ਕਾਰਣ ਹੈ। ਉਹ ਸੰਸਾਰ ਦਾ ਪ੍ਰਥਮ ਨਮਿਤ ਕਾਰਣ ਹੈ, ਪਰ ਉਪਾਦਾਨ ਕਾਰਣ ਨਹੀਂ। ਉਹ ਸੰਸਾਰ ਦਾ ਕਰਤਾ ਨਹੀਂ, ਵਿਧਾਤਾ ਤੇ ਕਰਮਾਂ ਦਾ ਫਲ ਪ੍ਰਦਾਤਾ ਹੈ।[2] ਸਾਂਖ ਸ਼ਾਸਤ੍ਰ ਬ੍ਰਹਮ ਦੀ ਹਸਤੀ ਤੋਂ ਇਨਕਾਰੀ ਹੈ। ਇਸ ਦਰਸ਼ਨ ਅਨੁਸਾਰ ਦੋ ਹਸਤੀਆਂ ਸਦੀਵੀ ਹਨ, ਪੁਰਸ਼ ਅਤੇ ਪ੍ਰਕ੍ਰਿਤੀ।[3] ਯੋਗ ਸ਼ਾਸਤ੍ਰ ਪ੍ਰਕ੍ਰਿਤੀ ਵਿਚ ਤਿੰਨ ਗੁਣਾਂ ਤਮੋ, ਰਜੋ ਤੇ ਸਤੋ ਦਾ ਸੰਤੁਲਨ ਮੰਨ ਕੇ ਪ੍ਰਕ੍ਰਿਤੀ ਦੀ ਅਵਸਥਾ ਨੂੰ ਅਵਯਕਤ ਕਹਿੰਦਾ ਹੈ। ਪੁਰਸ਼ ਦੀ ਨਿਕਟਤਾ ਸੰਤੁਲਨ ਭੰਗ ਕਰਦੀ ਹੈ ਅਤੇ ਸਿਰਜਣਾ ਦੀ ਖੇਡ ਤੁਰ ਪੈਂਦੀ ਹੈ। ਜੈਮਿਨੀ ਦੇ ਪੂਰਵ ਮੀਮਾਂਸਾ ਵਿਚ ਈਸ਼ਵਰ ਦਾ ਜ਼ਿਕਰ ਹੀ ਨਹੀਂ। ਉਹ ਪਰਮੇਸ਼ਵਰ ਨੂੰ ਕਰਮਾਂ ਦਾ ਫਲ ਪ੍ਰਦਾਤਾ ਨਹੀਂ ਮੰਨਦਾ।

ਵੇਦਾਂਤ ਅਨੁਸਾਰ ਪਰਮਾਤਮਾ ਬ੍ਰਹਮੰਡ ਦੇ ਜਨਮ, ਹੋਂਦ ਅਤੇ ਵਿਨਾਸ਼ ਦਾ ਸਰਬ ਵਿਆਪਕ ਤੇ ਸਰਬ ਸ਼ਕਤੀਮਾਨ ਕਾਰਣ ਹੈ। ਸ੍ਰਿਸ਼ਟੀ ਦੀ ਸਿਰਜਣਾ ਉਸ ਦੀ ਇੱਛਾ ਦਾ ਇਕ ਕਰਮ ਹੈ। ਸਾਰੇ ਬ੍ਰਹਮੰਡ ਦੇ ਨਾਸ਼ ਹੋਣ ਤੇ ਸਾਰੀਆਂ ਵਸਤੂਆਂ ਉਸ ਵਿਚ ਲੀਨ ਹੋ ਜਾਂਦੀਆਂ ਹਨ। ਉਹ ਹੀ ਬ੍ਰਹਮੰਡ ਦੀ ਆਤਮਾ ਹੈ ਅਤੇ ਉਸ ਤੋਂ ਭਿੰਨ ਹੋਰ ਕੋਈ ਦੂਜਾ ਇਸ ਬ੍ਰਹਮੰਡ ਦੀ ਉਤਪੱਤੀ ਦਾ ਕਾਰਣ ਨਹੀਂ ਹੈ। ਉਹ ਅਦਵੈਤ ਹੈ ਭਾਵ 'ਜਿਸ ਦਾ ਦੂਜਾ ਹੋਰ ਕੋਈ ਨਹੀਂ' ਹੈ। ਸ਼ੰਕਰਾਚਾਰੀਆ

1. ਡਾ:ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ:115.
2. ਡਾ:ਭਾਈ ਜੋਧ ਸਿੰਘ, ਗੁਰੂ ਨਾਨਕ ਸਿਮਰਤੀ ਵਿਆਖਿਆਨ, ਪੰ:12, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966-67.
3. Dr T M P. Mahadevan, Metaphysics, P.27 (Hinduism, Punjabi University, Patiala, 1969).

ਇਸ ਸ਼ਾਖਾ ਦਾ ਬਹੁਤ ਵੱਡਾ ਪ੍ਰਚਾਰਕ ਸੀ। ਇਸ ਅਨੁਸਾਰ ਕੇਵਲ ਬ੍ਰਹਮ ਹੀ ਸੱਤ ਹੈ। ਸੰਸਾਰ ਦੀ ਹੋਂਦ ਬ੍ਰਹਮ ਦੀ ਹੋਂਦ ਤੇ ਨਿਰਭਰ ਹੈ ਪਰੰਤੂ ਬ੍ਰਹਮ ਸੰਸਾਰ ਤੋਂ ਨਿਰਲੇਪ ਹੈ।

ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਅਨੁਸਾਰ "ਤਿੰਨ ਸਥਿਰ ਅਤੇ ਸੁਤੰਤਰ ਪਦਾਰਥ ਹਨ। ਪਰਮਾਤਮਾ(ਈਸ਼ਵਰ), ਚਿਤ (ਜੀਵ) ਅਤੇ ਅਚਿਤ(ਪ੍ਰਕਿਰਤੀ)। ਪਰਮਾਤਮਾ ਚਿਤ ਅਤੇ ਅਚਿਤ ਨਾਲ ਯੁਕਤ ਹੈ, ਉਨ੍ਹਾਂ ਵਿਚ ਵਿੱਦਮਾਨ ਹੈ। ਉਹ ਅੰਗੀ (ਅੰਸ਼ੀ) ਹੈ ਅਤੇ ਜੀਵ ਤੇ ਪ੍ਰਕਿਰਤੀ ਉਸ ਦੇ ਅੰਗ ਹਨ।"[1] "ਬ੍ਰਹਮ ਅਦੁੱਤੀ ਅਤੇ ਅਲੌਕਿਕ ਸੱਤ ਹੈ। ਉਹ 'ਸਰੂਪੀ, ਗਿਆਨੀ, ਅਪਹਤ ਪਾਪ ਸਰੂਪ, ਸੁੰਦਰ ਅਤੇ ਅਨੰਦੀ' ਹੈ। ਸ਼ੁੱਧ ਸਰੂਪੀ ਬ੍ਰਹਮ ਨੂੰ ਆਵਾਗਵਣ ਵਿਚ ਫਸੇ ਜੀਵ ਅਤੇ ਨਾਸ਼ਮਾਨ ਪ੍ਰਕਿਰਤੀ ਤੋਂ ਅੱਡਰਾ ਕਰਦਾ ਹੈ। ਚਿਤ ਅਤੇ ਅਚਿਤ ਸਭ ਦਾ ਸੋਮਾ ਹੈ। ਬ੍ਰਹਮ ਸਰੂਪ ਹੈ। ਇਸਲਈ ਬ੍ਰਹਮਾਧਾਰਿਤ ਜਗਤ ਵੀ ਸਰੂਪ ਹੈ। ਆਤਮਾ ਸਦੀਵੀ ਹੈ ਭਾਵੇਂ ਇਸ ਦੀ ਚੇਤਨਾ ਕਰਮਾਂ ਅਨੁਸਾਰ ਵਧਦੀ ਜਾਂ ਘਟਦੀ ਰਹਿੰਦੀ ਹੈ ਤੇ ਸਰੂਪ ਹੈ।"[2] ਵਿਸ਼ਿਸ਼ਟਾਦਵੈਤ ਵਿਚ ਬ੍ਰਹਮ ਨੂੰ ਸ਼ੰਕਰ ਦੇ ਅਦਵੈਤਵਾਦ ਵਾਂਗ ਨਿਰਗੁਣ ਨਾ ਮੰਨ ਕੇ ਸਗੁਣ ਮੰਨਿਆ ਗਿਆ ਹੈ। ਉਹ ਸਰਵੱਗ, ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਹੈ।

ਦਵੈਤਵਾਦੀ ਮੱਤ ਦੇ ਪਰਵਰਤਕ ਮਾਧਵਾਚਾਰੀਆ ਨੇ ਸ਼ੰਕਰ ਦੇ ਸਿਧਾਂਤਾਂ ਦਾ ਵਿਰੋਧ ਕੀਤਾ, ਜਿਹੜਾ ਵੇਦਾਂਤ ਦੇ ਸਿਧਾਂਤ ਅਦਵੈਤ ਦਾ ਪ੍ਰਚਾਰਕ ਸੀ ਜਿਸ ਅਨੁਸਾਰ ਪਰਮਾਤਮਾ ਤੇ ਜੀਵਾਤਮਾ, ਸ਼ਕਤੀ ਤੇ ਪਦਾਰਥ ਸਭ ਇਕ ਹਨ। ਦਵੈਤਵਾਦ ਅਨੁਸਾਰ ਪਰਮਾਤਮਾ ਤੇ ਆਤਮਾ ਦੋਵੇਂ ਵਖਰੀਆਂ ਵਸਤੂਆਂ ਹਨ।[3] ਇਸ ਮੱਤ ਅਨੁਸਾਰ ਬ੍ਰਹਮ ਸਗੁਣ ਹੈ, ਜੋ ਅਨੰਤ ਗੁਣਾਂ ਦਾ ਭੰਡਾਰ ਹੈ। ਉਹ ਸਰਬ ਪੂਰਣ, ਸਰਬ ਸ਼ਕਤੀਮਾਨ ਤੇ ਸਭ ਨੂੰ ਸੱਤਾ ਪ੍ਰਦਾਨ ਕਰਨ ਵਾਲਾ ਹੈ। ਇਸ ਅਨੁਸਾਰ ਵਿਸ਼ਨੂੰ ਨੂੰ ਪਰਮਾਤਮਾ ਮੰਨਿਆ ਗਿਆ ਹੈ।

ਨਿੰਬਾਰਕ ਦੇ ਦਵੈਤਾਦਵੈਤ ਅਨੁਸਾਰ ਤਿੰਨ ਤੱਤ ਸਦੀਵੀ ਹਨ। ਬ੍ਰਹਮ, ਚਿਤ ਅਤੇ ਅਚਿਤ। ਉਹ ਪਰਮ ਤੱਤ ਅਰਥਾਤ ਬ੍ਰਹਮ ਨੂੰ ਕ੍ਰਿਸ਼ਨ ਦਾ ਨਾਂ ਦਿੰਦਾ ਹੈ। ਬ੍ਰਹਮ ਸਦਾ ਹੀ ਪੂਰਣ ਤੇ ਆਨੰਦਮਯ ਹੈ। ਬ੍ਰਹਮਾਂਡ ਉਸ ਦੀ ਲੀਲਾ ਹੈ, ਜੋ ਕਿ ਜੀਵਾਂ ਨੂੰ ਉਨ੍ਹਾਂ ਦੇ ਕਰਮਾਂ ਦਾ ਫਲ ਭੁਗਤਾਣ ਲਈ ਹੈ। ਬ੍ਰਹਮ ਸਗੁਣ ਹੈ, ਨਿਰਗੁਣ ਨਹੀਂ। ਉਹ ਸੁੰਦਰ, ਦਿਆਲੂ ਸਰਬ ਵਿਆਪਕ ਤੇ ਸਰਬ

1. ਹਿੰਦੀ ਸਾਹਿਤ ਕੋਸ਼, ਪੰ:7[illegible].
2. ਡਾ. ਭਾਈ ਜੋਧ ਸਿੰਘ, ਗੁਰੂ ਨਾਨਕ ਸਿਮਰਤੀ ਵਿਖਿਆਨ, ਪੰ:37.
3. ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼, ਪੰ:445, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.

ਸ਼ਕਤੀਮਾਨ ਹੈ। ਹਰ ਇਕ ਆਤਮਾ ਲਈ ਸ੍ਰਵਣ, ਮਨਨ ਤੇ ਨਿਦਿਧਿਆਸਨ ਦੀ ਲੋੜ ਹੈ ਤਾਂ ਕਿ ਧਰਮ ਪੁਸਤਕਾਂ ਵਿਚ ਦੱਸੀਆਂ ਸਚਾਈਆਂ ਤੇ ਅਮਲ ਕਰ ਸਕੇ।

ਵਲਭਾਚਾਰੀਆ ਦੇ ਸ਼ੁਧਾਦਵੈਤ ਅਨੁਸਾਰ ਪੁਰਸ਼ੋਤਮ ਅਸਲੀਅਤ ਕ੍ਰਿਸ਼ਨ ਹੈ, ਜਿਸ ਨੂੰ ਉਪਨਿਸ਼ਦਾਂ ਵਿਚ ਬ੍ਰਹਮ ਤੇ ਸ੍ਰੀ ਮਦ ਭਾਗਵਤ ਵਿਚ ਪਰਮਾਤਮਾ ਕਿਹਾ ਗਿਆ ਹੈ। ਉਹ ਲਾਸਾਨੀ ਹੈ। ਉਹ ਸਤ, ਚਿੱਤ ਅਤੇ ਆਨੰਦ ਸਰੂਪ ਹੈ। ਉਹ ਸਦੀਵੀ, ਨਿਰਵਿਕਾਰ, ਸਰਬ ਸ਼ਕਤੀਮਾਨ ਤੇ ਹਾਜ਼ਰ ਨਾਜ਼ਰ ਹੈ। ਵਲਭ ਬ੍ਰਹਮ ਦੇ ਤਿੰਨ ਰੂਪ ਮੰਨਦਾ ਹੈ। ਪਾਰਬ੍ਰਹਮ ਜਾਂ ਪੁਰਸ਼ੋਤਮ, ਅੰਤਰਯਾਮੀ ਤੇ ਅੱਖਰ ਬ੍ਰਹਮ। ਇਨ੍ਹਾਂ ਵਿਚੋਂ ਪਹਿਲਾ ਬ੍ਰਹਮ ਦਾ ਅਧਿਦੈਵਿਕ ਅਤੇ ਤੀਜਾ ਅਧਿਆਤਮਕ ਰੂਪ ਕਹੇ ਜਾਂਦੇ ਹਨ। ਅੰਤਰਯਾਮੀ ਸਰਬਗ੍ਰ ਆਤਮਾਵਾਂ ਵਿਚ ਨਿਵਾਸ ਕਰਦਾ ਹੈ।[1] ਇਸ ਦਰਸ਼ਨ ਅਨੁਸਾਰ ਸ੍ਰਿਸ਼ਟੀ ਤੇ ਆਤਮਾਵਾਂ ਅਸਲੇ ਵਿਚ ਬ੍ਰਹਮ ਨਾਲ ਇਕ ਹਨ। ਬ੍ਰਹਮ ਬਿਲਕੁਲ ਪਵਿੱਤਰ ਹੈ ਤੇ ਮਾਇਆ ਉਸ ਤੇ ਕੋਈ ਅਸਰ ਨਹੀਂ ਪਾ ਸਕਦੀ।

ਅਚਿੰਤਯ ਭੇਦਾ ਭੇਦ ਦਾ ਪਰਵਰਤਕ ਚੈਤੰਨਯ ਪ੍ਰਭੂ ਜਗਤ ਨੂੰ ਸੱਤ ਮੰਨਦਾ ਹੈ। ਉਸ ਅਨੁਸਾਰ ਪੂਰਨ ਸੱਤ ਦੀ ਪ੍ਰਾਪਤੀ ਬ੍ਰਹਮ ਨੂੰ ਜਗਤ ਦਾ ਕਰਤਾ ਅਤੇ ਆਪਣੇ ਪੈਦਾ ਕੀਤੇ ਜੀਵਾਂ ਨਾਲ ਪ੍ਰੇਮ ਅਤੇ ਪਿਆਰ ਦੇ ਗੂੜ੍ਹੇ ਸੰਬੰਧ ਰਖਣ ਵਾਲਾ ਮੰਨਣ ਵਿਚ ਹੈ। ਉਹ ਈਸ਼ਵਰ ਤੇ ਉਸ ਦੀ ਸ਼ਕਤੀ ਨੂੰ ਕ੍ਰਿਸ਼ਨ ਤੇ ਰਾਧਾ ਦੇ ਰੂਪ ਵਿਚ ਚਿਤ੍ਰਦਾ ਹੈ, ਜਿਸ ਦਾ ਭਾਵ ਈਸ਼ਵਰ ਅਤੇ ਭਗਤ ਵਿਚ ਪਿਆਰ, ਸਾਂਝ ਤੇ ਪ੍ਰੇਮ ਦਾ ਗੂੜ੍ਹਾ ਸੰਬੰਧ ਕਾਇਮ ਕਰਨ ਦਾ ਹੈ।[2]

ਉਪਰੋਕਤ 'ਏਕ-ਅਨੇਕ-ਰੱਬੀ' ਖਿਆਲ ਕਈ ਸਦੀਆਂ ਵਿਚੋਂ ਲੰਘਿਆ ਹੈ। ਪਾਲੀਥੀਇਜ਼ਮ (ਬਹੁਦੇਵਵਾਦ), ਹੈਨੋਥੀਇਜ਼ਮ (ਕਿਸੇ ਇਕ ਦੇਵਤੇ ਨੂੰ ਹੀ ਪੂਰਨ ਸੱਤ ਮੰਨ ਲੈਣਾ), ਮਾਨੋਥੀਇਜ਼ਮ (ਇਕ ਈਸ਼ਵਰਵਾਦ), ਮੋਨਿਜ਼ਮ (ਅਦਵੈਤਵਾਦ) ਤੇ ਪੈਂਥੀਇਜ਼ਮ (ਸਰਬੀਸ਼ਵਰਵਾਦ) ਇਹ ਪੰਜ ਮੱਤ ਧਾਰਮਿਕ ਇਤਿਹਾਸ ਵਿਚ ਅਗੇ ਪਿਛੇ ਆਉਂਦੇ ਹਨ।

ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਕਿਸੇ ਵਿਸ਼ੇਸ਼ ਧਰਮ ਤੇ ਆਧਾਰਿਤ ਨਹੀਂ ਸੀ ਪਰੰਤੂ ਫਿਰ ਵੀ ਉਨ੍ਹਾਂ ਦੇ ਵਿਚਾਰਾਂ ਤੋਂ ਉਨ੍ਹਾਂ ਤੋਂ ਪਹਿਲਾਂ ਦੇ ਧਰਮਾਂ ਦਾ ਪ੍ਰਭਾਵ ਜ਼ਰੂਰ ਦਿਸਦਾ

1. ਹਿੰਦੀ ਸਾਹਿਤ ਕੋਸ਼, ਪੰ:767.
2. ਡਾ:ਭਾਈ ਜੋਧ ਸਿੰਘ, ਗੁਰੂ ਨਾਨਕ ਸਿਮਰਤੀ ਵਿਆਖਿਆਨ, ਪੰ:44.

ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਅਵਤਾਰਵਾਦ ਦਾ ਖੰਡਨ ਕੀਤਾ ਅਤੇ 'ਇਕ-ਈਸ਼ਵਰਵਾਦ' ਦੇ ਵਿਚਾਰ ਨੂੰ ਅਪਣਾਇਆ। ਪਰਮਾਤਮਾ ਸੰਬੰਧੀ ਉਨ੍ਹਾਂ ਦੇ ਵਿਚਾਰ ਉਪਨਿਸ਼ਦਾਂ ਨਾਲ ਵਧੇਰੇ ਮਿਲਦੇ ਹਨ। ਜੀਵ ਆਤਮਾ ਪਰਮਾਤਮਾ ਦੀ ਅੰਸ਼ ਹੈ। ਸ੍ਰਿਸ਼ਟੀ ਦਾ ਨਿਰਮਾਣ ਪਰਮਾਤਮਾ ਤੋਂ ਹੋਇਆ ਦੱਸਿਆ ਹੈ। ਮਾਇਆ ਨੂੰ ਸੁਤੰਤਰ ਨਹੀਂ ਕਿਹਾ, ਸਗੋਂ ਪਰਮਾਤਮਾ ਦੇ ਅਧੀਨ ਮੰਨਿਆ ਹੈ। ਡਾ: ਜਯ ਰਾਮ ਮਿਸ਼ਰ ਅਨੁਸਾਰ "ਗੁਰੂ ਨਾਨਕ ਦੇ ਉਪਦੇਸ਼ ਵਿਚ ਉਹੀ ਅਨੁਭੂਤੀ ਹੈ ਜੋ ਹਿੰਦੂਆਂ ਦੀ ਪ੍ਰਸਥਾਨਤ੍ਰੇਈ (ਉਪਨਿਸ਼ਦ, ਬ੍ਰਹਮਸੂਤ੍ਰ, ਤੇ ਸ੍ਰੀ ਮਦ ਭਗਵਤ ਗੀਤਾ) ਅਤੇ ਮੁਸਲਮਾਨਾਂ ਦੇ ਕੁਰਾਨ ਅਤੇ ਈਸਾਈਆਂ ਦੇ ਧਰਮਿਕ ਗ੍ਰੰਥ ਬਾਈਬਲ ਵਿਚ ਮਿਲਦੀ ਹੈ।"[1] ਉਨ੍ਹਾਂ ਨੇ ਦਰਸ਼ਨ ਦੀ ਕਿਸੇ ਨਵੀਂ ਸੰਪ੍ਰਦਾਇ ਨੂੰ ਜਨਮ ਨਹੀਂ ਦਿੱਤਾ ਅਤੇ ਨਾ ਹੀ ਉਨ੍ਹਾਂ ਦੀ ਬਾਣੀ ਵਿਚ ਦਰਸ਼ਨ ਦਾ ਸ਼ਾਸਤ੍ਰੀ ਚਿਤ੍ਰਣ ਹੋਇਆ ਹੈ। ਰਹੱਸ ਦਾ ਨਿਰੂਪਣ ਕਰਦਿਆਂ ਕਿਤੇ ਕਿਤੇ ਜੋ ਦਾਰਸ਼ਨਿਕ ਸੰਕੇਤ ਮਿਲਦੇ ਹਨ, ਉਨ੍ਹਾਂ ਤੋਂ ਹੀ ਉਨ੍ਹਾਂ ਦੀ ਅਧਿਆਤਮਕ ਵਿਚਾਰਧਾਰਾ ਦਾ ਕੁਝ ਗਿਆਨ ਪ੍ਰਾਪਤ ਹੁੰਦਾ ਹੈ। ਇਸ ਅਧਿਆਇ ਵਿਚ ਜਪੁਜੀ ਦੇ ਚਾਰ ਮੁੱਖ ਦਾਰਸ਼ਨਿਕ ਸਿਧਾਂਤਾਂ ਨੂੰ ਲਿਆ ਗਿਆ ਹੈ :-

(ੳ) 'ਬ੍ਰਹਮ' ਦਾ ਸੰਕਲਪ
(ਅ) 'ਜੀਵ' ਦਾ ਸੰਕਲਪ
(ੲ) 'ਮਾਇਆ' ਦਾ ਸੰਕਲਪ
(ਸ) 'ਜਗਤ-ਸ੍ਰਿਸ਼ਟੀ' ਦਾ ਸੰਕਲਪ

## (ੳ) 'ਬ੍ਰਹਮ' ਦਾ ਸੰਕਲਪ

ਜਿਹੜੀ ਸੱਤਾ ਸਾਰੇ ਦਿਸਦੇ ਤੇ ਅਣਦਿਸਦੇ ਜਗਤ ਨੂੰ ਹੋਂਦ ਵਿਚ ਲਿਆਉਣ ਵਾਲੀ ਹੈ, ਉਸ ਦਾ ਨਾਂ ਬ੍ਰਹਮ ਹੈ। ਜੇਨ ਹੋਮਜ਼ਨ ਅਨੁਸਾਰ "ਬ੍ਰਹਮ ਬ੍ਰਹਮੰਡ ਦੀ ਪਰਮ ਆਤਮਾ ਹੈ ਜੋ ਸ੍ਵੈ-ਭੂ, ਪੂਰਣ ਤੇ ਅਨਾਦੀ ਹੈ, ਜਿਸ ਵਿਚੋਂ ਸਾਰੀਆਂ ਵਸਤੂਆਂ ਉਤਪੰਨ ਹੋ ਕੇ ਉਸ ਵਿਚ ਹੀ ਸਮਾ ਜਾਂਦੀਆਂ ਹਨ। ਇਹ ਦੈਵੀ ਸੱਤਾ ਅਸਰੀਰੀ ਹੈ; ਅਤੇਂਦ੍ਰਕ ਹੈ, ਅਦਿਸ ਹੈ, ਕਦੀ ਜਨਮ ਨਹੀਂ ਲੈਂਦੀ, ਅਜੋਨੀ ਹੈ, ਅਨਾਦੀ ਹੈ, ਅਨੰਤ ਹੈ, ਅਸੀਮਤ ਹੈ ਅਤੇ ਉੱਨਾ ਚਿਰ ਇਸ ਨੂੰ ਜਾਣਿਆ ਨਹੀਂ ਜਾ ਸਕਦਾ, ਜਿੱਨਾ ਚਿਰ ਆਤਮਾ ਤੋਂ ਅਗਿਆਨਤਾ ਦਾ ਪਰਦਾ ਨਹੀਂ ਹਟਦਾ। ਇਹ ਆਪਣੇ ਸਾਰੇ ਪ੍ਰਕਾਸ਼, ਚੇਤਨ ਅਤੇ ਜੜ੍ਹ ਵਸਤੂਆਂ, ਸਰਵੋਤਮ ਦੇਵਤੇ ਤੋਂ ਲੈ ਕੇ ਇਕ ਅੱਧਮ ਪ੍ਰਾਣੀ ਵਿਚ ਵੀ ਰਮ

1. ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰ:58, ਸਾਹਿਤ੍ਯ ਭਵਨ, ਪ੍ਰਾਈਵੇਟ ਲਿਮਿਟਿਡ, ਇਲਾਹਾਬਾਦ, 1960.

ਕਿਹਾ ਹੈ।"[1] ਦਰਅਸਲ ਵਿਚ ਪਹਿਲੀ ਵਿਚਾਰ-ਗੋਚਰ ਚੀਜ਼ ਉਹ ਸ਼ਕਤੀ ਹੈ, ਜਿਸ ਨੇ ਸਭ ਬ੍ਰਹਮੰਡਾਂ ਨੂੰ ਧਾਰਣ ਕੀਤਾ ਹੋਇਆ ਹੈ ਤੇ ਜੋ ਆਪ ਕਿਸੇ ਹੋਰ ਸ਼ਕਤੀ ਤੇ ਆਧਾਰਿਤ ਨਹੀਂ ਹੈ। ਉਸ ਨੂੰ ਪਾਰਬ੍ਰਹਮ ਜਾਂ ਬ੍ਰਹਮ ਕਹਿੰਦੇ ਹਨ। 'ਪਾਰ' ਦਾ ਭਾਵ ਹੈ ਜੋ 'ਅਗਮ' ਤੇ 'ਅਗੋਚਰ' ਹੈ ਤੇ ਜਿਸ ਨੂੰ ਪੂਰੀ ਤਰ੍ਹਾਂ ਕਦੇ ਵੀ ਸਮਝਿਆ ਜਾਣਿਆ ਨਹੀਂ ਜਾ ਸਕਦਾ।"[2]

ਗੁਰੂ ਨਾਨਕ ਸਾਹਿਬ ਨੇ ਜਪੁਜੀ ਦੇ ਮੂਲ ਮੰਤਰ ਵਿਚ 'ਬ੍ਰਹਮ ਦੇ ਸੰਕਲਪ' ਦਾ ਨਿਰੂਪਣ ਕੀਤਾ ਹੈ। ਉਨ੍ਹਾਂ ਨੇ ਮੂਲ ਮੰਤਰ ਵਿਚ ਨਿਰੰਕਾਰ ਦਾ ਸਰੂਪ ਵਰਣਨ ਕਰਦਿਆਂ ਹੋਇਆਂ ਉਸ ਨੂੰ '੧ਓ' ਅਰਥਾਤ ਬ੍ਰਹਮ 'ਕੇਵਲ ਇਕ ਹੈ' ਮੰਨ ਕੇ ਬਹੁਤ ਸਾਰੇ ਵੈਦਿਕ ਦੇਵੀ ਦੇਵਤਿਆਂ ਤੋਂ ਬ੍ਰਹਮ ਦੀ ਉਤਪਤੀ ਨਹੀਂ ਮੰਨੀ, ਸਗੋਂ ਸਾਰੇ ਦੇਵੀ ਦੇਵਤਿਆਂ ਨੂੰ ਉਸ ਦੇ ਸਾਜੇ ਹੋਏ ਦਸਿਆ ਹੈ। 'ਸਤਿ' ਤਾਂ ਉਸ ਨੂੰ ਅਗੇ ਵੀ ਕਿਹਾ ਗਿਆ ਹੈ ਪਰੰਤੂ ਪ੍ਰਭੂ ਲਈ 'ਕਰਤਾ ਪੁਰਖੁ' ਦਾ ਪਦ ਕਿਸੇ ਪੁਰਾਣੇ ਚਿੰਤਕ ਨੇ ਨਹੀਂ ਵਰਤਿਆ। 'ਅਜੋਨੀ' ਆਖ ਕੇ ਅਵਤਾਰ-ਵਾਦ ਨਾਲ ਆਪਣਾ ਭੇਦ ਪ੍ਰਗਟ ਕੀਤਾ ਹੈ। ਭਗਤੀ ਪਰੰਪਰਾ ਦੇ ਬਹੁਤੇ ਪ੍ਰਚਾਰਕ, ਰਾਮ ਚੰਦਰ ਤੇ ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਵਤਾਰ ਮੰਨ ਕੇ ਪੂਜਦੇ ਰਹੇ ਹਨ ਅਤੇ ਉਨ੍ਹਾਂ ਦੀਆਂ ਮੂਰਤੀਆਂ ਦੀ ਪੂਜਾ ਕਰਨੀ, ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਦਾ ਸਾਧਨ ਸਮਝਦੇ ਰਹੇ ਹਨ ਪਰੰਤੂ ਗੁਰੂ ਨਾਨਕ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਮੇਰਾ ਈਸ਼ਵਰ ਜਨਮ ਨਹੀਂ ਲੈਂਦਾ ਤੇ ਨਾ ਹੀ ਉਸ ਦੀ ਕੋਈ ਮੂਰਤੀ ਹੋ ਸਕਦੀ ਹੈ। ਉਹ ਤਾਂ ਐਸੀ 'ਮੂਰਤਿ' ਹੈ ਜਿਸ ਨੂੰ ਕਾਲ ਵੀ ਨਹੀਂ ਵਿਆਪਦਾ। ਇਨ੍ਹਾਂ ਸਿਧਾਂਤਾਂ ਦੀ ਪੁਸ਼ਟੀ ਉਨ੍ਹਾਂ ਦੀ ਬਾਣੀ ਵਿਚੋਂ ਹੁੰਦੀ ਹੈ :-

"ਜਨਮਿ ਮਰਣਿ ਨਹੀ ਧੰਧਾ ਧੈਰੁ।"[3]

"ਤੂੰ ਅਕਾਲ ਪੁਰਖੁ ਨਾਹੀ ਸਿਰਿ ਕਾਲਾ।"[4]

ਆਦਿ ਗ੍ਰੰਥ ਵਿਚ ਮੂਲ 'ਸਤਿ' ਨੂੰ 'ਓਅੰਕਾਰ' ਦਾ ਨਾਂ ਦਿੱਤਾ ਗਿਆ ਹੈ। ੧, ਸਤਿ ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਆਦਿ ਸ਼ਬਦ ਓਅੰਕਾਰ ਦੇ ਗੁਣਾਂ ਦੇ ਸੂਚਕ ਹਨ। '੧' ਤੇ 'ਓ' ਦਾ ਇਕੱਠਾ ਪ੍ਰਯੋਗ ਗੁਰੂ ਨਾਨਕ ਨੇ ਈਸ਼ਵਰ ਦੀ ਏਕਤਾ ਉਤੇ ਜ਼ੋਰ ਦੇਣ ਲਈ ਕੀਤਾ ਹੈ।[5]

1. ਹਿੰਦੂ ਮਿਥਿਹਾਸ ਕੋਸ਼, ਪੰ:377.
2. ਡਾ: ਤਾਰਨ ਸਿੰਘ, ਗੁਰੂ ਨਾਨਕ: ਚਿੰਤਨ ਤੇ ਕਲਾ, ਪੰ:163.
3. ਆਦਿ ਗ੍ਰੰਥ, ਪੰ:931.
4. ਓਹੀ, ਪੰ:103[illegible].
5. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ, ਇਕ ਸਾਂਸਕ੍ਰਿਤਕ ਸਰਵੇਖਣ, ਪੰ:245.

'੧' —

ਮੂਲ ਮੰਤਰ ਵਿਚ ਵਰਤੇ '੧' ਦਾ ਬੜਾ ਮਹੱਤਵ ਹੈ। ਵਾਸਤਵ ਵਿਚ ਸਾਂਖਵਾਦੀਆਂ ਦਾ ਦਵੈਤ ਸਿਧਾਂਤ ਪ੍ਰਕਿਰਤੀ ਅਤੇ ਪੁਰਸ਼ — ਗੁਰੂ ਨਾਨਕ ਨੂੰ ਪ੍ਰਵਾਣ ਨਹੀਂ ਸੀ। ਗੁਰੂ ਨਾਨਕ ਦਾ '੧' ਸਰਬ ਵਿਆਪੀ ਹੈ। ਵੇਦਾਂਤੀਆਂ ਨੇ ਵੀ ਉਸ ਬ੍ਰਹਮ ਤੱਤ ਨੂੰ 'ਇਕ' ਮੰਨਿਆ ਹੈ। ਗੁਰੂ ਦੁਆਰਾ ਪ੍ਰਯੁਕਤ '੧' ਦਾ ਪ੍ਰਯੋਗ ਪ੍ਰਕ੍ਰਿਤੀ ਤੋਂ ਪਰ੍ਹੇ ਪਾਰਬ੍ਰਹਮ ਦਾ ਸਰੂਪ ਵਿਖਾਉਣ ਲਈ ਕੀਤਾ ਗਿਆ ਹੈ। ਗੁਰ '੧' ਅਗਮ ਤੇ ਅਗੋਚਰ ਹੈ[1] :-

"ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਣਿਆ।"[2]

ਉਪਨਿਸ਼ਦਾਂ ਵਿਚ ਵੀ ਬ੍ਰਹਮ ਨੂੰ 'ਇਕ' ਕਿਹਾ ਗਿਆ ਹੈ।[3] ਗੁਰਬਾਣੀ ਵਿਚ ਅਜਿਹੇ ਅਨੇਕ ਪ੍ਰਮਾਣ ਮਿਲਦੇ ਹਨ ਜੋ ਬ੍ਰਹਮ ਨੂੰ 'ਇਕ ਤੇ ਕੇਵਲ ਇਕ' ਦਸਦੇ ਹਨ :-

"ਸਾਹਿਬੁ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ।"[4]

"ਏਕਮ ਏਕੰਕਾਰੁ ਨਿਰਾਲਾ। ਅਮਰੁ ਅਜੋਨੀ ਜਾਤਿ ਨ ਜਾਲਾ।"[5]

"ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ।[6]
ਤਿਸੁ ਬਿਨੁ ਦੂਸਰ ਹੋਆ ਨ ਹੋਗੁ।"

ਓਅੰਕਾਰ —

ਪਰਮ ਸ਼ਕਤੀ ਬ੍ਰਹਮ ਦਾ ਪਹਿਲਾ ਸਰੂਪ ਨਿਰਗੁਣ ਹੈ। ਉਸ ਦਾ ਨਾ ਕੋਈ ਆਕਾਰ ਹੈ ਤੇ ਨਾ ਹੀ ਚਿਹਨ-ਚਕ੍ਰ ਹੈ। 'ਮੂਲ ਮੰਤਰ' ਦਾ ਇਹ ਮੁੱਢਲਾ ਸ਼ਬਦ ਬ੍ਰਹਮ ਦਾ ਵਾਚਕ ਹੈ। ਇਸ ਦੀ ਪੁਸ਼ਟੀ ਸਾਰੀ ਗੁਰੂ ਨਾਨਕ ਬਾਣੀ ਤੋਂ ਹੋ ਜਾਂਦੀ ਹੈ। 'ਓਅੰਕਾਰ' ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ ਤੇ ਇਸ ਦੇ ਹੋਰ ਅਰਥਾਂ ਤੋਂ ਛੁੱਟ ਇਕ ਅਰਥ 'ਬ੍ਰਹਮ' ਅਥਵਾ 'ਪ੍ਰਣਵ' ਵੀ

1. ਡਾ. ਜਯ ਰਾਮ ਮਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰ:62.
2. ਆਦਿ ਗ੍ਰੰਥ, ਪੰ:1233
3. 'एकमेवाद्वितीयम्' ਛਾਂਦੋਗਯ ਉਪਨਿਸ਼ਦ।
4. ਆਦਿ ਗ੍ਰੰਥ, ਪੰ:420.
5. ਓਹੀ, ਪੰ:838.
6. ਓਹੀ, ਪੰ:283.

ਹੈ। 'ਬ੍ਰਹਮ' ਲਈ ਇਸ ਸ਼ਬਦ ਦੀ ਵਰਤੋਂ ਵੈਦਿਕ ਸਾਹਿੱਤ ਤੋਂ ਲੈ ਕੇ ਸੰਤ ਸਾਹਿੱਤ ਤਕ ਨਿਰੰਤਰ ਰੂਪ ਵਿਚ ਹੁੰਦੀ ਰਹੀ ਹੈ। ਛਾਂਦੋਗਯ ਉਪਨਿਸ਼ਦ (2/23/3) ਵਿਚ ਓਅੰਕਾਰ ਤੋਂ ਹੀ ਸਾਰੀ ਸ੍ਰਿਸ਼ਟੀ ਦਾ ਵਿਸਤਾਰ ਮੰਨਿਆ ਗਿਆ ਹੈ ਅਤੇ ਓਹੀ ਸਰਬ ਵਿਆਪਕ ਹੈ।ਮਾਂਡੂਕਯ ਉਪਨਿਸ਼ਦ(1) ਅਨੁਸਾਰ ਇਹ ਅੱਖਰ ਹੀ ਸਭ ਕੁਝ ਹੈ।ਇਸ ਤੋਂ ਸਿਵਾ ਜੋ ਤ੍ਰੈਕਾਲ ਅਤੀਤ ਹੈ, ਉਹ ਵੀ ਓਅੰਕਾਰ ਹੀ ਹੈ।"[1] ਗੁਰੂ ਨਾਨਕ ਅਨੁਸਾਰ ਇਸੇ ਓਅੰਕਾਰ ਤੋਂ ਸਾਰੀ ਸ੍ਰਿਸ਼ਟੀ ਦੀ ਉਤਪੱਤੀ ਹੋਈ ਹੈ :-

"ਓਅੰਕਾਰਿ ਸਭ ਸ੍ਰਿਸਟਿ ਉਪਾਈ।
ਸਭੁ ਖੇਲੁ ਤਮਾਸਾ ਤੇਰੀ ਵਡਿਆਈ।"[2]

ਇਸ ਵਿਚ ਕੋਈ ਸੰਦੇਹ ਨਹੀਂ ਕਿ '੧' ਬ੍ਰਹਮ ਦੀ ਅਖੰਡਤਾ ਦਾ ਭਾਵ ਸੁਰਖਿਅਤ ਰਖਦਾ ਹੈ। '੧' ਪ੍ਰਭੂ ਦੀ ਇਕਾਈ ਜਾਂ ਅਦੁੱਤੀ ਹੋਣ ਦਾ ਵਿਚਾਰ ਦ੍ਰਿੜ੍ਹ ਕਰਾਉਂਦਾ ਹੈ। ਜਪੁਜੀ ਵਿਚ ਤੇ ਸਮੁੱਚੀ ਗੁਰਬਾਣੀ ਵਿਚ ਏਕੇ ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ :-

"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।"
—(ਪਉੜੀ-5)

ਸਤਿਨਾਮੁ —

'ਸਤਿਨਾਮੁ' ਬ੍ਰਹਮ ਦਾ ਵਾਚਕ ਸ਼ਬਦ ਹੈ। ਰਿਗਵੇਦ ਵਿਚ 'ਸਤਿ' ਨੂੰ ਮਹਾਨ ਸੱਤਾ ਦਾ ਚਿੰਨ੍ਹ ਮੰਨਿਆ ਗਿਆ ਹੈ। ਉਪਨਿਸ਼ਦਾਂ ਵਿਚ ਵੀ 'ਸਤਿ' ਬ੍ਰਹਮ ਦਾ ਵਾਚਕ ਹੈ।ਭਾਰਤੀ ਦਰਸ਼ਨ ਵਿਚ 'ਅੰਤਮ ਸਤਿ' ਬ੍ਰਹਮ ਹੀ ਹੈ,ਜੋ ਸਥਿਰ ਹੈ ਤੇ ਤ੍ਰੈਕਾਲ ਵਿਆਪਕ ਹੈ। ਭਾਈ ਸੰਤੋਖ ਸਿੰਘ ਅਨੁਸਾਰ "ਭੂਤ ਭਵਿੱਖ ਵਰਤਮਾਨ ਜੋ ਤ੍ਰਿਕਾਲ ਹੈ ਇਸ ਮੇਂ ਜੋ ਅਬਾਧ ਹੋਇ ਸੋ 'ਸਤਿ' ਕਿੰਵਾ ਜਾਗ੍ਰਤ,ਸੁਪਨ, ਸੁਖੋਪਤਿ, ਇਨ ਤੀਨ ਅਵਸਥਾ ਕੇ ਪਰਿਣਾਮ ਵਿਖੇ ਜੋ ਏਕ ਰਸ ਰਹੈ ਸੋ ਸਤਿ" ਹੈ।[3] ਜਪੁਜੀ ਵਿਚ 'ਸਤਿ' ਨੂੰ ਇਸ ਤਰ੍ਹਾਂ ਕਥਨ ਕੀਤਾ ਹੈ :-

---

1. ਡਾ:ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ,ਪੰ:139.
2. ਆਦਿ ਗ੍ਰੰਥ, ਪੰ:1061.
3. ਗਰਬ ਗੰਜਨੀ ਟੀਕਾ,ਪੰ:9.

"ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"
—(ਸਲੋਕ-1)

"ਸਾਚਾ ਸਾਹਿਬੁ ਸਾਚੁ ਨਾਇ।"
—(ਪਉੜੀ-4)

"ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।"
—(ਪਉੜੀ-27)

ਉਹ ਪਰਮਾਤਮਾ ਅਮਰ ਸਚਾਈ ਹੈ :-

"ਤੂ ਸਦਾ ਸਲਾਮਤਿ ਨਿਰੰਕਾਰ"।
— (ਪਉੜੀ-16)

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।"
— (ਪਉੜੀ-28)

'ਸਤਿ' ਤੋਂ ਬਿਨਾ ਬਾਕੀ ਸਾਰੇ ਨਾਂ ਕਿਰਤਮ ਹਨ। ਸਾਧਾਰਣ ਬੋਲੀ ਵਿਚ ਰੱਬ ਲਈ ਜੋ ਨਾਂ ਵੀ ਮਨੁੱਖ ਵਰਤਦਾ ਹੈ, ਉਹ ਸਭ ਕਿਰਤਮ ਹੁੰਦੇ ਹਨ, ਭਾਵ ਅਜਿਹੇ ਹੁੰਦੇ ਹਨ ਜਿਹੜੇ ਕਿ ਪਰਮਾਤਮਾ ਦੇ ਕਿਸੇ ਨਾ ਕਿਸੇ ਗੁਣ ਦੇ ਲਖਾਇਕ ਹੁੰਦੇ ਹਨ।[1]

"ਕਿਰਤਮ ਨਾਮ ਕਥੇ ਤੇਰੇ ਜਿਹਬਾ।
ਸਤਿਨਾਮੁ ਤੇਰਾ ਪਰਾ ਪੂਰਬਲਾ।"[2]

ਕਰਤਾ ਪੁਰਖੁ —

ਉਪਨਿਸ਼ਦਾਂ ਵਿਚ ਥਾਂ ਥਾਂ ਤੇ ਬ੍ਰਹਮ ਨੂੰ ਕਰਤਾ[3] ਮੰਨਿਆ ਗਿਆ ਹੈ। ਮੁੰਡਕ ਉਪਨਿਸ਼ਦ ਵਿਚ ਬ੍ਰਹਮ ਨੂੰ ਕਰਤਾ ਤੇ ਪੁਰਸ਼ ਦੋਵੇਂ ਕਿਹਾ ਗਿਆ ਹੈ। ਸਵੇਤਾਸਵਤਰ ਉਪਨਿਸ਼ਦ ਵਿਚ ਬ੍ਰਹਮ ਨੂੰ ਸ੍ਰਿਸ਼ਟੀ ਦਾ ਕਰਤਾ ਕਿਹਾ ਹੈ। ਉਸ ਨੂੰ 'ਪੁਰਖ ਮਹਾਨ' ਵੀ ਕਿਹਾ ਗਿਆ ਹੈ(3/19)।[4]

1. ਡਾ: ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰ:163, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1951.
2. ਆਦਿ ਗ੍ਰੰਥ, ਪੰ:1083.
3. ਮੁੰਡਕ ਉਪਨਿਸ਼ਦ, ਮੁੰਡਕ ਤੀਜਾ, ਖੰਡ ਪਹਿਲਾ।
4. ਡਾ: ਦਲੀਪ ਸਿੰਘ ਦੀਪ, ਜਪੁਜੀ ਇਕ ਤੁਲਨਾਤਮਕ ਅਧਿਐਨ, ਪੰ:152.

'ਕਰਤਾ' ਸੰਸਕ੍ਰਿਤ ਦੇ ਧਾਤੂ 'ਕਰਤ੍ਰੀ' ਤੋਂ ਬਣਿਆ ਹੈ, ਜਿਸ ਦਾ ਭਾਵ ਹੈ ਕਰਨ ਵਾਲਾ, ਸਾਜਣ ਵਾਲਾ, ਰਚਣ ਵਾਲਾ। ਪ੍ਰਾਕ੍ਰਿਤ, ਹਿੰਦੀ ਤੇ ਪੰਜਾਬੀ ਵਿਚ ਇਸ ਪਦ ਦਾ ਰੂਪ ਹੈ – ਕਰਤਾ।[1] ਗੁਰਬਾਣੀ ਅਨੁਸਾਰ ਉਹ 'ਬ੍ਰਹਮ' ਕਰਤਾ ਪੁਰਖ ਹੈ :-

"ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।"[2]

ਉਸੇ ਅਕਾਲ ਪੁਰਖ ਨੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਸਾਰਿਆਂ ਦਾ ਨਿਰਮਾਣ ਕੀਤਾ ਹੈ :-

"ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ।"[3]

ਇਸ ਲਈ ਉਹ ਬ੍ਰਹਮ ਚੇਤੰਨ ਸ਼ਕਤੀ ਹੈ ਤੇ ਕਰਤਾਰ ਹੈ :-

"ਕੀਤਾ ਪਸਾਉ ਏਕੋ ਕਵਾਉ।"
– (ਪਉੜੀ-16)

"ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"
– (ਪਉੜੀ-21)

ਗੁਰਬਾਣੀ ਵਿਚ ਜਿਥੇ 'ਕਰਤਾ' ਸ਼ਬਦ ਦੀ ਵਰਤੋਂ ਆਮ ਕਰਕੇ ਸੁਤੰਤਰ ਰੂਪ ਵਿਚ ਹੋਈ ਹੈ, ਉਥੇ 'ਪੁਰਖ' ਨਾਲ ਜੋੜੀ ਵਿਸ਼ੇਸ਼ਣ ਰੂਪ ਹੈ :-

"ਅਕਾਲ ਪੁਰਖ ਅਗਾਧਿ ਬੋਧ ਸੁਨਤ ਜਸੋ ਕੋਟਿ ਅਘ ਖਏ।"[4]

ਨਿਰਭਉ – ਨਿਰਵੈਰੁ –

'ਨਿਰਭਉ' ਤੇ 'ਨਿਰਵੈਰੁ' ਪਰਮਾਤਮਾ ਦੇ ਅਨੁਪਮ ਗੁਣਾਂ ਨੂੰ ਉਜਾਗਰ ਕਰਦੇ ਹਨ। ਵੇਦਾਂ ਤੇ ਉਪਨਿਸ਼ਦਾਂ ਵਿਚ ਬ੍ਰਹਮ ਨੂੰ 'ਅਭੈ' ਕਿਹਾ ਗਿਆ ਹੈ। 'ਅਭੈ' ਅਤੇ 'ਨਿਰਭੈ' ਸ਼ਬਦ ਸਮਾਨਾਰਥਕ ਹਨ। ਨਿਰਭੈ ਉਹੀ ਹੋ ਸਕਦਾ ਹੈ ਜੋ ਸਰਬ ਸ਼ਕਤੀਮਾਨ, ਸਰਬ ਵਿਆਪਕ, ਨਿਤ, ਤ੍ਰਿਕਾਲ ਸਾਖਿਤ, ਨਿਰੰਜਨ ਅਤੇ ਅਦਵੈਤ ਹੋਵੇ।[5] ਪਰਮਾਤਮਾ ਦੇ ਭੈ ਦਾ ਅਜਿਹਾ ਸ਼ਕਤੀਸ਼ਾਲੀ

1. ਭਾਈ ਵੀਰ ਸਿੰਘ, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ:16.
2. ਆਦਿ ਗ੍ਰੰਥ, ਪੰ:138.
3. ਉਹੀ, ਪੰ:908.
4. ਉਹੀ, ਪੰ:212.
5. ਡਾ: ਜੈ ਰਾਮ ਮਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰ:68.

ਵਿਰੁਧ ਨਾਲ ਉਪਨਿਸ਼ਦ ਅਤੇ ਕੁਰਾਨ ਵਿਚ ਵੀ ਹੋਇਆ ਹੈ।[1] ਸ੍ਰੀ ਮਦ ਭਗਵਤ ਗੀਤਾ(9/29) ਵਿਚ ਪਰਮਾਤਮਾ ਨੂੰ ਨਿਰਵੈਰ ਕਿਹਾ ਗਿਆ ਹੈ, ਜਿਥੇ ਕ੍ਰਿਸ਼ਨ ਜੀ ਕਹਿੰਦੇ ਹਨ ਕਿ ਮੇਰੇ ਅੰਦਰ ਕਿਸੇ ਬਾਰੇ ਦਵੈਸ਼ ਭਾਵ ਨਹੀਂ ਹੈ। ਗੁਰੂ ਨਾਨਕ ਦਾ ਪਰਮਾਤਮਾ ਕੇਵਲ ਭੈ ਦਾ ਭਗਵਾਨ ਹੀ ਨਹੀਂ ਸਗੋਂ ਪ੍ਰੇਮ ਕਰਨ ਵਾਲਾ ਪ੍ਰੀਤਮ ਵੀ ਹੈ। ਅਜਿਹੀ ਮਹਾਨ ਸ਼ਕਤੀ ਵਾਲੇ ਪ੍ਰਭੂ ਲਈ ਉਨ੍ਹਾਂ ਨੇ ਨਿਰਭਉ ਤੇ ਨਿਰਵੈਰ ਸ਼ਬਦ ਵਰਤੇ ਹਨ :-

"ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ।"[2]

ਅਕਾਲ ਮੂਰਤਿ –

ਜੋ ਪਰਮਾਤਮਾ ਉਪਰੋਕਤ ਵਿਸ਼ੇਸ਼ਤਾਂ ਵਾਲਾ ਹੈ, ਉਹ 'ਅਕਾਲ ਮੂਰਤਿ' ਹੈ। ਉਸ ਦੀ ਹੋਂਦ ਤੇ ਸਮੇਂ ਦਾ ਕੋਈ ਅਸਰ ਨਹੀਂ ਹੈ। ਇਸੇ ਨੂੰ ਹੀ ਉਨ੍ਹਾਂ ਨੇ ਜਪੁਜੀ ਵਿਚ "ਤੂ ਸਦਾ ਸਲਾਮਤਿ ਨਿਰੰਕਾਰ" ਤੇ "ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" ਕਿਹਾ ਹੈ। ਮਾਂਡੂਕਯ ਉਪਨਿਸ਼ਦ ਵਿਚ ਵੀ ਬ੍ਰਹਮ ਨੂੰ ਭੂਤ ਵਰਤਮਾਨ ਤੇ ਭਵਿਖ ਤੋਂ ਪਰੇ ਕਿਹਾ ਗਿਆ ਹੈ।[3]

ਅਜੂਨੀ –

ਜੋ ਬ੍ਰਹਮ ਸਮੇਂ ਦੀ ਪਕੜ ਤੋਂ ਸੁਤੰਤਰ ਹੈ, ਉਹ ਜਨਮ ਮਰਨ ਵਿਚ ਨਹੀਂ ਆ ਸਕਦਾ। ਗੁਰੂ ਨਾਨਕ ਦਾ ਬ੍ਰਹਮ 'ਅਜੂਨੀ' ਹੈ ਅਰਥਾਤ ਅਜਨਮਿਆ ਹੈ। ਉਪਨਿਸ਼ਦਾਂ ਵਿਚ ਵੀ ਬ੍ਰਹਮ ਨੂੰ ਅਜੂਨੀ ਕਿਹਾ ਗਿਆ ਹੈ।[4] ਗੁਰਬਾਣੀ ਵਿਚ ਕਈ ਥਾਵਾਂ ਤੇ ਇਸ ਦੀ ਪੁਸ਼ਟੀ ਹੋਈ ਹੈ :-

"ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸ ਭਾਉ ਨ ਭਰਮਾ।"[5]

ਸੈਭੰ –

ਜੋ ਪ੍ਰਭੂ ਅਜੂਨੀ ਹੈ, ਉਹ 'ਸੈਭੰ' ਅਰਥਾਤ ਆਪਣੇ ਆਪ ਤੋਂ ਪ੍ਰਕਾਸ਼ਮਾਨ ਵੀ ਹੈ। 'ਸੈਭੰ' ਬ੍ਰਹਮ ਦਾ ਪ੍ਰਤੱਖ ਰੂਪ ਹੈ। "ਉਪਨਿਸ਼ਦਾਂ ਵਿਚ ਬ੍ਰਹਮ ਨੂੰ 'ਸ੍ਵੰਭੂ' ਭਾਵ ਆਪਣੇ ਆਪ

1. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ: 124.
2. ਆਦਿ ਗ੍ਰੰਥ, ਪੰ: 596.
3. Jadu Nath Sinha, History of Indian Philosophy, Vol. I, P. 14, Sinha Publishing House, Calcutta, 1956.
4. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਿਕ ਸਰਵੇਖਣ, ਪੰ: 252.
5. ਆਦਿ ਗ੍ਰੰਥ, ਪੰ: 596.

ਤੇ ਹੋਂਦ ਵਿਚ ਆਉਣ ਵਾਲਾ ਕਿਹਾ ਹੈ। ਗੀਤਾ (10/11) ਵਿਚ ਵੀ ਉਸ ਨੂੰ ਪ੍ਰਕਾਸ਼ ਰੂਪ ਕਿਹਾ ਹੈ।[1] "ਉਹ ਪਰਮਾਤਮਾ ਕਿਸੇ ਦਾ ਸਿਰਜਿਆ ਨਹੀਂ ਸਗੋਂ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋਇਆ ਹੈ ਅਰਥਾਤ ਅਕਾਰਣ ਹੈ। 'ਸੈਭੰ' ਦੀ ਵਿਆਖਿਆ ਗੁਰੂ ਨਾਨਕ ਨੇ ਆਪ ਜਪੁਜੀ ਵਿਚ ਕੀਤੀ ਹੈ ਕਿ ਉਸ ਨੂੰ ਨਾ ਤਾਂ ਸਥਾਪਿਤ ਕੀਤਾ ਜਾ ਸਕਦਾ ਹੈ ਅਤੇ ਨਾ ਰਚਿਆ ਜਾ ਸਕਦਾ ਹੈ :-

"ਥਾਪਿਆ ਨ ਜਾਇ ਕੀਤਾ ਨ ਹੋਇ।
ਆਪੇ ਆਪਿ ਨਿਰੰਜਨੁ ਸੋਇ।"
—(ਪਉੜੀ-5)

ਗੁਰ ਪ੍ਰਸਾਦਿ —

ਉਪਰੋਕਤ ਗੁਣਾਂ ਵਾਲਾ ਪਾਰਬ੍ਰਹਮ ਪ੍ਰਾਪਤ ਕਿਵੇਂ ਹੋ ਸਕਦਾ ਹੈ? ਕੇਵਲ ਗੁਰੂ ਦੇ ਪ੍ਰਸਾਦਿ ਅਥਵਾ ਕਿਰਪਾ ਦੁਆਰਾ। ਗੁਰੂ ਦਾ ਪ੍ਰਸਾਦਿ ਅਥਵਾ ਕਿਰਪਾ ਵੀ ਪਾਰਬ੍ਰਹਮ ਆਪ ਹੀ ਹੈ। "ਉਪਨਿਸ਼ਦਾਂ ਤੇ ਸ੍ਰੀ ਮਦ ਭਗਵਤ ਗੀਤਾ ਵਿਚ ਵੀ ਗੁਰੂ ਕਿਰਪਾ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ"[2] :-

"ਗੁਰ ਪ੍ਰਸਾਦਿ ਨਾਮੁ ਹਰਿ ਜਪਿਆ।
ਮੇਰੇ ਮਨ ਕਾ ਭ੍ਰਮੁ ਭਉ ਗਇਆ।"[3]

ਜਪੁਜੀ ਵਿਚ ਮੂਲ ਮੰਤਰ ਦੀ ਵਿਸ਼ੇਸ਼ ਮਹਾਨਤਾ ਹੈ ਕਿਉਂਕਿ ਬ੍ਰਹਮ ਦਾ ਸਰੂਪ ਇਸੇ ਤੋਂ ਉਘੜਦਾ ਹੈ। ਇਸ ਬਾਣੀ ਵਿਚ ਪਾਰਬ੍ਰਹਮ ਦੇ ਦੋ ਸਰੂਪਾਂ ਦਾ ਵਰਣਨ ਹੋਇਆ ਹੈ। ਆਨੰਦ-ਘਨ ਨੇ ਆਪਣੇ ਜਪੁਜੀ ਦੇ ਟੀਕੇ ਵਿਚ ਪਾਰਬ੍ਰਹਮ ਦੇ ਦੋ ਰੂਪ — ਨਿਰਗੁਣ ਤੇ ਸਰਗੁਣ ਦੱਸੇ ਹਨ।[4]

---

1. ਡਾ: ਦਲੀਪ ਸਿੰਘ ਦੀਪ, ਜਪੁਜੀ ਇਕ ਤੁਲਨਾਤਮਕ ਅਧਿਐਨ, ਪੰ:65.
2. ਡਾ: ਜਯ ਰਾਮ ਮਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰ:75.
3. ਆਦਿ ਗ੍ਰੰਥ, ਪੰ:264.
4. "ਕਰਤਾ ਪੁਰਖ ਕੇ ਦੋ ਰੂਪ—ਏਕ ਨਿਰਗੁਣ, ਏਕ ਸਰਗੁਣ। ਯਦਯਪਿ ਵੇਦਾਂਤੀ ਕੇ ਮਤ ਵਿਖੇ ਨਿਰਗੁਣ ਨਾਮ ਰੂਪ ਤੇ ਰਹਿਤ ਵਰਣਨ ਕੀਆ ਹੈ ਤਥਾਪਿ ਜਗਿਆਸੀ ਕੇ ਜਣਾਵਣੇ ਕੇ ਨਿਮਿਤ ਨਿਰਾਕਾਰ, ਨਿਰਵਿਕਾਰ, ਨਿਰੀਹ, ਨਿਰੰਜਨ, ਗੁਣਾਤੀਤ, ਅਕਾਲ, ਅਬਿਨਾਸੀ, ਆਤਮਾ, ਪਰਮਾਤਮਾ, ਚਿਦਾਤਮਾ, ਬ੍ਰਹਮ, ਇਸ ਤੇ ਲੇ ਕਰ ਨਿਰਗੁਣ ਕੇ ਨਾਮ ਭੀ ਤੋ ਕਹੇ ਹੀ ਹੈਂ। ਤੇ ਸਭੀ ਨਾਮ ਪਤਿਤ-ਪਾਵਨ, ਮੁਕਤਿ ਕੇ ਦਾਤਾ ਹੀ ਤੋ ਹੈਂ। ਅਰ ਸਰਗੁਣ ਕਰਤਾ ਕੇ ਤੀਨ ਰੂਪ—ਉਤਪਤਿ ਕਰਤਾ ਬ੍ਰਹਮਾ, ਪਾਲਣ ਕਰਤਾ ਵਿਸ਼ਨੂੰ, ਸੰਘਾਰ ਕਰਤਾ ਰੁਦ੍ਰ।" (ਗੁਰਬਾਣੀ ਟੀਕੇ, ਟੀਕਾ ਜਪੁਜੀ, ਭਾਸ਼ਾ ਵਿਭਾਗ, ਪੰ:104-5)

## ਬ੍ਰਹਮ ਦਾ ਨਿਰਗੁਣ ਸਰੂਪ —

'ਨਿਰਗੁਣ' ਦਾ ਸ਼ਾਬਦਿਕ ਅਰਥ ਗੁਣ-ਰਹਿਤ ਹੈ ਪਰ ਆਪਣੇ ਪਾਰਿਭਾਸ਼ਿਕ ਰੂਪ ਵਿਚ ਇਸ ਦਾ ਅਰਥ ਗੁਣ ਅਤੀਤ ਹੈ ਅਰਥਾਤ ਜੋ ਗੁਣਾਂ ਦੀ ਸੀਮਾ ਵਿਚ ਬੰਨ੍ਹਿਆ ਨਾ ਜਾ ਸਕੇ।[1] ਨਿਰਗੁਣ ਬ੍ਰਹਮ ਦਾ ਵਰਣਨ ਅਸਲ ਵਿਚ ਅਸੰਭਵ ਹੈ ਕਿਉਂਕਿ ਵਰਣਨ ਦੇ ਸਾਧਨ ਦੀ ਪਹੁੰਚ ਉਸ ਤਕ ਹੋ ਨਹੀਂ ਸਕਦੀ। ਇਸ ਗੱਲ ਨੂੰ ਸਪਸ਼ਟ ਕਰਦਿਆਂ ਡਾ:ਪੀਤਾਂਬਰ ਦੱਤ ਬੜਥਵਾਲ ਨੇ ਲਿਖਿਆ ਹੈ ਕਿ ਪੂਰਣ ਰੂਪ ਵਿਚ ਉਸ ਸੱਤਾ ਦਾ ਕੋਈ ਬੁਧਵਾਂ ਵਿਚਾਰ ਹੀ ਨਹੀਂ ਕਰ ਸਕਦਾ। ਉਹ ਬਾਣੀ ਤੋਂ ਪਰ੍ਹੇ ਹੈ। ਬੁੱਧੀ ਮੂਰਤ ਰੂਪ ਦਾ ਆਧਾਰ ਚਾਹੁੰਦੀ ਹੈ ਅਤੇ ਬਾਣੀ ਰੂਪਕ ਦਾ, ਇਸ ਲਈ ਉਸ ਅਮੂਰਤ ਅਤੇ ਅਨੂਪਮ ਨੂੰ ਗ੍ਰਹਿਣ ਕਰਨ ਵਿਚ ਬੁੱਧੀ ਅਤੇ ਵਿਅਕਤ ਕਰਨ ਵਿਚ ਬਾਣੀ ਅਸਮਰਥ ਹਨ। ਬੁੱਧੀ ਨਾਲ ਉਨ੍ਹਾਂ ਪਦਾਰਥਾਂ ਦਾ ਗਿਆਨ ਹੋ ਸਕਦਾ ਹੈ ਜਿਹੜੇ ਇੰਦ੍ਰੀਆਂ ਦੇ ਗੋਚਰ ਹਨ, ਇੰਦ੍ਰੀਆਂ ਤੋਂ ਪਰ੍ਹੇ ਨਹੀਂ।[2] ਗੁਰੂ ਨਾਨਕ ਦੇਵ ਦਾ ਬ੍ਰਹਮ ਨਿਰਗੁਣ ਅਥਵਾ ਨਿਰਾਕਾਰ ਹੈ ਜਿਸ ਦਾ ਸਾਖਸ਼ਾਤਕ ਸਰੂਪ ਉਨ੍ਹਾਂ ਜਪੁਜੀ ਦੇ ਪਹਿਲੇ ਸਲੋਕ ਵਿਚ ਵਰਣਨ ਕੀਤਾ ਹੈ :-

"ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"

ਭਾਵੇਂ ਇਹ ਸਰੂਪ ਹੀ 'ਆਦਿ' ਸਰੂਪ ਹੈ ਪਰੰਤੂ ਮਨੁੱਖੀ ਸੋਚ ਜਾਂ ਕਲਪਨਾ ਇਸ ਤਕ ਨਹੀਂ ਪਹੁੰਚ ਸਕਦੀ। ਮੋਨ ਰਹਿ ਕੇ ਇਕਾਗਰਤਾ ਨਾਲ ਧਿਆਨ ਕਰਕੇ ਵੀ ਕੋਈ ਨਾ ਕੋਈ ਸ਼ੰਕਾ ਫੁਰਦੀ ਹੀ ਰਹਿੰਦੀ ਹੈ :-

"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।"
— (ਪਉੜੀ-੧)

ਉਪਨਿਸ਼ਦਾਂ ਤੇ ਗੀਤਾ ਵਿਚ ਵੀ ਦਸਿਆ ਹੈ ਕਿ ਬ੍ਰਹਮ ਮਨੁੱਖੀ ਸੋਚ ਦੀ ਸੀਮਾ ਤੋਂ ਬਾਹਰ ਹੈ। ਉਹ ਅਨਿਰਵਚਨੀਯ ਹੈ। 'ਜਪੁਜੀ' ਅਨੁਸਾਰ ਉਸ ਦੀ ਲਖਤਾ ਮਨੁੱਖ ਨੂੰ ਨਹੀਂ ਹੋ ਸਕਦੀ :-

1. ਡਾ:ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ:120.
2. ਹਿੰਦੀ ਕਾਵਿ ਮੇਂ ਨਿਰਗੁਣ ਸੰਪ੍ਰਦਾਇ, ਪੰ:158, (ਹਵਾਲਾ, ਓਹੀ, ਪੰ:121)

"ਤਾ ਕੀਆ ਗਲਾ ਕਥੀਆ ਨਾ ਜਾਹਿ।
ਜੇ ਕੋ ਕਹੈ ਪਿਛੈ ਪਛੁਤਾਇ।"
— (ਪਉੜੀ-36)

ਆਦਿ ਕਾਲ ਤੋਂ ਉਸ ਨਿਰਗੁਣ ਬ੍ਰਹਮ ਨੂੰ ਸਮਝਣ ਦੇ ਜਤਨ ਹੁੰਦੇ ਰਹੇ ਹਨ ਪਰੰਤੂ ਉਸ ਦਾ ਅੰਤ ਕੋਈ ਨਹੀਂ ਪਾ ਸਕਿਆ। ਉਸ ਦਾ ਵਾਸਤਵਿਕ ਗਿਆਨ ਉਹੀ ਪ੍ਰਾਪਤ ਕਰ ਸਕਦਾ ਹੈ ਜੋ ਉਸ ਪਰਮਾਤਮਾ ਜਿੰਨਾ ਮਹਾਨ ਤੇ ਉੱਚਾ ਹੋਵੇ :-

"ਏਵਡੁ ਊਚਾ ਹੋਵੈ ਕੋਇ। ਤਿਸੁ ਊਚੇ ਕਉ ਜਾਣੈ ਸੋਇ।"
— (ਪਉੜੀ-24)

ਉਹ ਬੇਅੰਤ ਹੈ। ਉਸ ਦੀ ਅਨੰਤਤਾ ਦਾ ਅੰਦਾਜ਼ਾ ਲਾਉਣ ਲਈ ਕਈ ਬਿਲਕ ਬਿਲਕ ਕੇ ਚਲੇ ਗਏ ਪਰ ਉਹ ਫਿਰ ਵੀ ਬੇਅੰਤ ਹੀ ਰਿਹਾ ਹੈ :-

"ਅੰਤ ਕਾਰਣਿ ਕੇਤੇ ਬਿਲਲਾਹਿ।
ਤਾ ਕੇ ਅੰਤ ਨ ਪਾਏ ਜਾਹਿ।"
— (ਪਉੜੀ-24)

ਉਸ ਨਿਰਗੁਣ ਬ੍ਰਹਮ ਦੀਆਂ ਬੇਅੰਤ ਸਿਫਤਾਂ ਤੇ ਗੁਣ ਹਨ :-

"ਅੰਤੁ ਨ ਸਿਫਤੀ ਕਹਣਿ ਨ ਅੰਤੁ। ਅੰਤੁ ਨ ਕਰਣੈ ਦੇਣਿ ਨ ਅੰਤੁ।"
— (ਪਉੜੀ-24)

ਭਗਤ ਉਸ ਦੀ ਸਿਫਤ ਸਲਾਹ ਕਰਕੇ ਅਤੇ ਨਾਮ ਜਪ ਕੇ ਉਸ ਦੇ ਨਾਲ ਇਕਮਿਕ ਹੋ ਜਾਂਦੇ ਹਨ ਪਰੰਤੂ ਉਸ ਦਾ ਪਾਰਾਵਾਰ ਨਹੀਂ ਪਾ ਸਕਦੇ :-

"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ।
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ।"
— (ਪਉੜੀ-23)

ਉਸ ਦਾ ਪੂਰਾ ਕਥਨ ਤਾਂ ਹੋ ਨਹੀਂ ਸਕਦਾ। ਇਸ ਲਈ '<u>ਨੇਤਿ ਨੇਤਿ</u>' ਸ਼ਬਦਾਂ ਰਾਹੀਂ ਹੀ ਵਰਣਨ ਕੀਤਾ ਜਾ ਸਕਦਾ ਹੈ।[1] 'ਨੇਤਿ' ਉਸ ਬ੍ਰਹਮ ਦੇ ਅਕਥ ਹੋਣ ਦਾ ਸੂਚਕ ਹੈ। ਗੁਰਬਾਣੀ ਵਿਚ ਉਸ ਦੀ ਅਨੰਤਤਾ ਕਰਕੇ ਅਗਮ, ਅਗੋਚਰ, ਅਲਖ, ਅਪਾਰ, ਅਥਾਹ, ਅਤੁਲ, ਅਨਾਦਿ, ਅਗਾਧ ਆਦਿ ਕਈ ਅਭਾਵਾਤਮਕ ਸ਼ਬਦ ਵਰਤੇ ਗਏ ਹਨ :-

1. Dr Surinder Singh Kohli, Outlines of Sikh Thought, P. 21.

"ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ।
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।"[1]

ਜਪੁਜੀ ਵਿਚ ਵੀ ਕਿਹਾ ਹੈ :-

"ਅਮੁਲੋ ਅਮੁਲੁ ਆਖਿਆ ਨ ਜਾਇ।
ਆਖਿ ਆਖਿ ਰਹੇ ਲਿਵ ਲਾਇ।"

— (ਪਉੜੀ-26)

ਜੇ ਕਿਸੇ ਰਹੱਸਵਾਦੀ ਨੂੰ ਉਸ ਨਿਰਗੁਣ ਬ੍ਰਹਮ ਦੇ ਸਰੂਪ ਦਾ ਅਨੁਭਵ ਹੁੰਦਾ ਵੀ ਹੈ, ਤਾਂ ਉਹ ਉਸ ਨੂੰ ਕਥਨ ਨਹੀਂ ਕਰ ਸਕਦਾ ਹੈ :-

"ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ।"

— (ਪਉੜੀ-5)

ਪਾਰਬ੍ਰਹਮ ਕਿਸੇ ਭੌਤਿਕ ਵਸਤੂ ਦਾ ਬਣਿਆ ਹੋਇਆ ਵੀ ਨਹੀਂ; ਇਸ ਲਈ '<u>ਨਿਰੰਜਨ</u>' ਹੈ। ਉਹ ਸਮੇਂ ਦੀ ਕੈਦ ਵਿਚ ਨਹੀਂ ਹੈ :-

"ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।"

— (ਪਉੜੀ-28)

ਨਿਰਗੁਣ ਸਰੂਪ ਤੋਂ ਹੀ ਉਸ ਦੇ ਤਿੰਨ ਗੁਣ <u>ਸਤਿ, ਚਿਤ, ਅਨੰਦ</u> ਉਘੜਦੇ ਹਨ। ਇਨ੍ਹਾਂ ਤਿੰਨਾਂ ਗੁਣਾਂ ਵਿਚੋਂ ਇਕ 'ਸਤਿ' ਜਾਂ ਸਦੀਵੀ ਸਚਾਈ ਹੈ, ਦੂਜਾ 'ਚਿਤ' ਅਰਥਾਤ ਸਰਵ-ਗਿਆਨ(ਚੇਤਨਾ) ਤੇ ਤੀਜਾ ਅਨੰਦ ਅਰਥਾਤ ਸਰਵ-ਖੇੜਾ ਹੈ। 'ਸਚਿਦਾਨੰਦ' ਦਾ ਸੰਕੇਤ ਪਹਿਲਾਂ ਉਪਨਿਸ਼ਦਾਂ ਵਿਚ ਆਇਆ ਹੈ, ਜਿਥੇ ਉਹ ਬ੍ਰਹਮ ਦੇ ਸਰੂਪ ਦਾ ਵਾਚਕ ਹੈ।[2] ਜਪੁਜੀ ਦੀ ਇਕ ਤੁਕ ਸਤਿ, ਚਿਤ, ਅਨੰਦ ਦੇ ਭਾਵ ਨੂੰ ਸੁਹਣਾ ਉਘਾੜਦੀ ਹੈ :-

"ਸਤਿ ਸੁਹਾਣੁ ਸਦਾ ਮਨਿ ਚਾਉ।"

— (ਪਉੜੀ-21)

---

1. ਆਦਿ ਗ੍ਰੰਥ, ਪੰ:597.

2. Dr T M P. Mahadevan, Metaphysics, P. 20 (Hinduism, Punjabi University Patiala, 1969).

ਇਹੋ ਹੀ ਬ੍ਰਹਮ ਦਾ ਸਤਿਅੰ, ਸ਼ਿਵੰ ਤੇ ਸੁੰਦਰੰ ਰੂਪ ਹੈ।

ਬ੍ਰਹਮ ਦਾ ਸਰਗੁਣ ਸਰੂਪ –

ਗੁਰੂ ਨਾਨਕ ਦੇਵ ਅਨੁਸਾਰ ਜਿਸ ਤਰ੍ਹਾਂ ਬ੍ਰਹਮ ਦਾ ਨਿਰਗੁਣ ਸਰੂਪ ਪੂਰੀ ਤਰ੍ਹਾਂ ਦਸਣਾ ਅਸੰਭਵ ਹੈ, ਉਸੇ ਤਰ੍ਹਾਂ ਸਰਗੁਣ ਸਰੂਪ ਬਾਰੇ ਕਿਹਾ ਹੈ ਕਿ ਸਰਗੁਣ ਬ੍ਰਹਮ ਭਾਵੇਂ ਕੋਈ ਰੂਪ ਧਾਰਦਾ ਅਨੁਭਵ ਹੁੰਦਾ ਹੈ, ਉਸ ਦਾ ਪੂਰਾ ਲੇਖਾ ਦਸ ਸਕਣਾ ਸੰਭਵ ਨਹੀਂ :-

"ਕੇਤਾ ਲੇਖਾ ਲਿਖਿ ਜਾਣੈ ਕੋਇ।ਲੇਖਾ ਲਿਖਿਆ ਕੇਤਾ ਹੋਇ।"
– (ਪਉੜੀ-16)

"ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ।
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ।"
–(ਪਉੜੀ-22)

"ਜੇ ਕੋ ਆਖਿ ਜਾਣੈ ਆਖਿ ਆਖਿ।"
– (ਪਉੜੀ-24)

ਉਹ ਅਕੱਥ ਹੈ ਅਤੇ ਉਸ ਦਾ ਕਥਨ ਕਰਨਾ ਲੋਹੇ ਨੂੰ ਚਬਾਣ ਵਾਂਗ ਕਰੜਾ ਹੈ :-

"ਨਾਨਕ ਕਥਨਾ ਕਰੜਾ ਸਾਰੁ।"
–(ਪਉੜੀ-37)

ਗੁਰੂ ਨਾਨਕ ਸਾਹਿਬ ਨੇ ਸਰਗੁਣ ਬ੍ਰਹਮ ਦਾ ਸਰੂਪ ਦੋ ਤਰ੍ਹਾਂ ਵਰਣਨ ਕੀਤਾ ਹੈ :-

(1) ਬ੍ਰਹਮ ਦਾ ਵਿਰਾਟ ਸਰੂਪ
(2) ਬ੍ਰਹਮ ਦੇ ਹੋਰ ਰੂਪਾਂ ਦਾ ਚਿਤ੍ਰਣ

(1) ਬ੍ਰਹਮ ਦਾ ਵਿਰਾਟ ਸਰੂਪ –

ਪਰਮਾਤਮਾ ਦੇ ਵਿਰਾਟ ਰੂਪ ਦਾ ਚਿਤ੍ਰਣ ਗੁਰਬਾਣੀ ਵਿਚ ਥਾਂ ਥਾਂ ਹੋਇਆ ਹੈ। ਰਿਗ ਵੇਦ(1/60) ਅਤੇ ਗੀਤਾ (11/16) ਵਿਚ ਵੀ ਇਸ ਦਾ ਵਰਣਨ ਹੈ, ਜਿਥੇ ਬ੍ਰਹਮ ਨੂੰ ਅਨੇਕ ਮੂੰਹਾਂ, ਬਾਹਵਾਂ ਤੇ ਅੱਖੀਆਂ ਵਾਲਾ ਦਸਿਆ ਹੈ। ਗੁਰੂ ਨਾਨਕ ਦੇਵ ਨੇ ਪ੍ਰਭੂ ਦੀ ਅਨੰਤ ਸਮਰਥਾ ਤੇ ਵਿਸਤਾਰ ਦਾ ਵਰਣਨ 'ਆਰਤੀ' ਵਿਚ ਕੀਤਾ ਹੈ ਜੋ ਬ੍ਰਹਮ ਦੇ ਸਰਗੁਣ ਸਰੂਪ ਦਾ ਪੂਰਣ ਪ੍ਰਗਟਾਓ ਹੈ:-

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ।
ਅਨਹਤਾ ਸਬਦ ਵਾਜੰਤ ਭੇਰੀ ।੧। ਰਹਾਉ।।"[1]

'ਜਪੁਜੀ' ਵਿਚ ਵੀ ਸਰਗੁਣ ਬ੍ਰਹਮ ਦੇ ਗੌਰਵ ਦਾ ਵਰਣਨ ਹੈ ਜਿਸ ਦੇ ਦਰ ਤੇ ਪਉਣ, ਪਾਣੀ, ਅਗਨੀ, ਸ਼ਿਵ, ਬ੍ਰਹਮਾ, ਇੰਦਰ, ਦੇਵਤੇ, ਸਿਧ, ਜਤੀ, ਸਤੀ, ਰਿਖੀਸਰ, ਮੋਹਣੀਆਂ ਅਤੇ ਹੋਰ ਅਨੇਕਾਂ ਸ਼ਕਤੀਆਂ, ਸਾਰੇ ਉਸਤਤੀ ਕਰ ਰਹੇ ਹਨ :-

"ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ।
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ।
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ।
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ।
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ।
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ।
ਗਾਵਹਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ।
ਗਾਵਹਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ।
ਗਾਵਹਿ ਮੋਹਣੀਆਂ ਮਨੁ ਮੋਹਨਿ ਸੁਰਗਾ ਮਛ ਪਇਆਲੇ।"
- - - - -                                                        —(ਪਉੜੀ-27)

ਮਨੁੱਖੀ ਮਿਥਿਹਾਸ ਤੇ ਇਤਿਹਾਸ ਵਿਚ ਜੋ ਵੀ ਮਹਾਨ ਸ਼ਕਤੀਆਂ ਹਨ, ਉਨ੍ਹਾਂ ਨੂੰ ਪਾਰਬ੍ਰਹਮ ਦੀ ਉਸਤਤੀ ਕਰਦਿਆਂ ਵਿਖਾ ਕੇ ਗੁਰੂ ਨਾਨਕ ਨੇ ਪਰਮ ਸੱਤਾ ਦੀ ਮਹਾਨਤਾ ਸਿਧ ਕੀਤੀ ਹੈ। ਇਹੀ ਉਸਦੇ ਵਿਰਾਟ ਰੂਪੀ ਪੱਖ ਦਾ ਚਿਤ੍ਰਣ ਹੈ:-

ਜਿਸ ਤਰ੍ਹਾਂ ਨਿਰਗੁਣ ਬ੍ਰਹਮ ਅਕਥ ਹੈ ਤੇ ਕਥਨ ਤੋਂ ਪਰ੍ਹੇ ਹੈ, ਉਸੇ ਤਰ੍ਹਾਂ ਸਰਗੁਣ ਬ੍ਰਹਮ ਦਾ ਵਿਰਾਟ ਰੂਪ ਵੀ ਕਥਨ ਨਹੀਂ ਕੀਤਾ ਜਾ ਸਕਦਾ :-

---

1. ਆਦਿ ਗ੍ਰੰਥ, ਪੰ:663.

"ਅੰਤੁ ਨ ਜਾਪੈ ਕੀਤਾ ਆਕਾਰੁ। ਅੰਤੁ ਨ ਜਾਪੈ ਪਾਰਾਵਾਰੁ।
ਅੰਤ ਕਾਰਣਿ ਕੇਤੇ ਬਿਲਲਾਹਿ। ਤਾ ਕੇ ਅੰਤ ਨ ਪਾਏ ਜਾਹਿ।
ਏਹੁ ਅੰਤੁ ਨ ਜਾਣੈ ਕੋਇ। ਬਹੁਤਾ ਕਹੀਐ ਬਹੁਤਾ ਹੋਇ।"
—(ਪਉੜੀ-24)

ਉਸ ਸਰਗੁਣ ਬ੍ਰਹਮ ਦਾ ਵਿਰਾਟ ਸਰੂਪ ਕਿਤਨਾ ਮਹਾਨ ਹੈ, ਇਹ ਉਹ ਆਪ ਹੀ ਜਾਣ ਸਕਦਾ ਹੈ:-

"ਜੇਵਡੁ ਆਪਿ ਜਾਣੈ ਆਪਿ ਆਪਿ।"
— (ਪਉੜੀ-24)

(2) ਬ੍ਰਹਮ ਦੇ ਹੋਰ ਗੁਣਾਂ ਦਾ ਚਿਤ੍ਰਣ —

ਗੁਰਬਾਣੀ ਅਨੁਸਾਰ ਪਾਰਬ੍ਰਹਮ ਸਰਬੋਤਮ ਗੁਣਾਂ ਦਾ ਖਜ਼ਾਨਾ ਹੈ। ਉਹਦੇ ਗੁਣਾਂ ਦੀ ਗਿਣਤੀ ਦੀ ਕੋਈ ਸੀਮਾ ਨਹੀਂ :-

"ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ।
ਤੂ ਸਾਹਿਬ ਗੁਣੀ ਨਿਧਾਨਾ।"[1]

ਜਪੁਜੀ ਵਿਚ ਵੀ ਪਾਰਬ੍ਰਹਮ ਨੂੰ ਗੁਣਾਂ ਦਾ ਭੰਡਾਰ ਕਹਿ ਕੇ ਗਾਉਣ ਲਈ ਪ੍ਰੇਰਿਆ ਹੈ :-

"ਨਾਨਕ ਗਾਵੀਐ ਗੁਣੀ ਨਿਧਾਨੁ"
—(ਪਉੜੀ-5)

ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਬ੍ਰਹਮ ਦੇ ਸਰਗੁਣ ਸਰੂਪ ਨੂੰ ਸਰਬਵਿਆਪਕ, ਸਰਬਤ੍ਰ ਵਾਸੀ, ਅਦਭੁਤ, ਵੱਡਾ, ਸਰਬ ਸ਼ਕਤੀਮਾਨ, ਦਾਤਾਰ, ਹੁਕਮੀ ਤੇ ਪਾਤਸ਼ਾਹਾਂ ਦਾ ਪਾਤਸ਼ਾਹ ਆਦਿ ਵਿਸ਼ੇਸ਼ਣਾਂ ਨਾਲ ਸਾਕਾਰ ਕੀਤਾ ਹੈ।

ਸਰਬ ਵਿਆਪਕ —

ਬ੍ਰਹਮ ਸਰਬ ਵਿਆਪਕ ਹੈ। ਉਸ ਦਾ ਵਾਸਾ ਇਕ ਥਾਂ ਨਹੀਂ, ਸਗੋਂ ਸਾਰੇ ਲੋਕਾਂ ਵਿਚ ਹੈ :-

"ਆਸਣੁ ਲੋਇ ਲੋਇ ਭੰਡਾਰ।"
—(ਪਉੜੀ-31)

---

1. ਆਦਿ ਗ੍ਰੰਥ, ਪੰ:734.

ਪਾਰਬ੍ਰਹਮ ਸਰਬ ਵਿਆਪਕ ਹੋਣ ਦੇ ਨਾਲ ਨਾਲ ਸਚਖੰਡ ਵਾਸੀ ਵੀ ਹੈ। 'ਸਚਖੰਡ' ਦਾ ਵਿਚਾਰ ਅਧਿਆਤਮਕ ਸੰਸਾਰ ਨੂੰ ਉਨ੍ਹਾਂ ਦੀ ਮੌਲਿਕ ਦੇਣ ਹੈ :-

"ਸਚਖੰਡਿ ਵਸੈ ਨਿਰੰਕਾਰੁ।"
—(ਪਉੜੀ-37)

ਅਦਭੁਤ ਬ੍ਰਹਮ —

ਉਹ ਬ੍ਰਹਮ ਬੜਾ ਅਦਭੁਤ ਹੈ, ਵੱਡਾ ਹੈ ਤੇ ਉੱਚਾ ਹੈ। ਮਨੁੱਖ ਉਸ ਦੀ ਉਚਾਈ ਦੀ ਥਾਹ ਨਹੀਂ ਪਾ ਸਕਦਾ :-

"ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ।"
—(ਪਉੜੀ-21)

"ਵਡਾ ਸਾਹਿਬੁ ਊਚਾ ਥਾਉ।"
—(ਪਉੜੀ-24)

ਸਰਬ ਸ਼ਕਤੀਮਾਨ —

ਉਹ ਪਰਮਾਤਮਾ ਸਰਬ ਸ਼ਕਤੀਮਾਨ ਹੈ। ਉਸ ਦਾ ਰੂਪ ਤਾਣ ਵਾਲਾ ਹੈ :-

"ਕੇਤਾ ਤਾਣੁ ਸੁਆਲਿਹੁ ਰੂਪੁ।"
—(ਪਉੜੀ-16)

ਉਹ ਇਤਨਾ ਸ਼ਕਤੀਸ਼ਾਲੀ ਹੈ ਕਿ ਵੱਡੇ ਵੱਡੇ ਜੋਧੇ ਵੀ ਉਸ ਪਾਸੋਂ ਸ਼ਕਤੀ ਦੀ ਮੰਗ ਕਰਦੇ ਹਨ :-

"ਕੇਤੇ ਮੰਗਹਿ ਜੋਧ ਅਪਾਰ। ਕੇਤਿਆ ਗਣਤ ਨਹੀ ਵੀਚਾਰੁ।"
—(ਪਉੜੀ-25)

ਦਾਤਾਰ ਸਰੂਪ —

ਗੁਰੂ ਨਾਨਕ ਦੇਵ ਨੇ ਬ੍ਰਹਮ ਦੇ ਦਾਤਾਰ ਸਰੂਪ ਨੂੰ ਬੜੇ ਵਿਸ਼ਾਲ ਅਰਥ ਦਿੱਤੇ ਹਨ। ਉਹ ਆਰਥਕ ਤੇ ਆਤਮਕ ਦੋਵੇਂ ਪ੍ਰਕਾਰ ਦੀਆਂ ਦਾਤਾਂ ਦਾ ਸੋਮਾ ਹੈ। ਹਰ ਪ੍ਰਾਣੀ ਲੋੜ ਅਨੁਸਾਰ ਉਸ ਕੋਲੋਂ ਦਾਤਾਂ ਮੰਗਦਾ ਹੈ। ਦਾਤਾਂ ਲੈਣ ਵਾਲੇ ਥਕ ਜਾਂਦੇ ਹਨ ਪਰੰਤੂ ਉਹ ਦਾਤਾਰ ਦੇਈ ਜਾਂਦਾ ਹੈ :-

"ਦੇਦਾ ਦੇ ਲੈਦੇ ਥਕਿ ਪਾਹਿ। ਜੁਗਾ ਜੁਗੰਤਰਿ ਖਾਹੀ ਖਾਹਿ।"
— (ਪਉੜੀ-3)

"ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ।"
—(ਪਉੜੀ-4)

"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।"
—(ਪਉੜੀ-5)

"ਬਹੁਤਾ ਕਰਮੁ ਲਿਖਿਆ ਨਾ ਜਾਇ। ਵਡਾ ਦਾਤਾ ਤਿਲੁ ਨ ਤਮਾਇ।"
—(ਪਉੜੀ-25)

ਹੁਕਮ ਸਰੂਪ —

ਉਸ ਸਰਗੁਣ ਬ੍ਰਹਮ ਦੇ ਹੁਕਮ ਨਾਲ ਹੀ ਸਾਰੀ ਸ੍ਰਿਸ਼ਟੀ ਹੋਂਦ ਵਿਚ ਆਈ। ਸੰਸਾਰ ਦਾ ਸਾਰਾ ਪ੍ਰਬੰਧ ਵੀ ਉਸ ਦੇ ਹੁਕਮ ਵਿਚ ਹੀ ਚਲ ਰਿਹਾ ਹੈ :-

"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।
ਹੁਕਮੀ ਉਤਮੁ ਨੀਚ ਹੁਕਮਿ ਲਿਖਿ ਦੁਖ ਸੁਖ ਪਾਈਅਹਿ।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।"
—(ਪਉੜੀ-2)

ਉਸ ਹੁਕਮ ਵਾਲੇ ਦਾ ਹੁਕਮ ਇਸ ਸੰਸਾਰ ਦੀ ਕਾਰਵਾਈ ਚਲਾ ਰਿਹਾ ਹੈ ਪਰੰਤੂ ਉਹ ਆਪ ਬੜਾ ਬੇਪਰਵਾਹ ਹੈ :-

"ਹੁਕਮੀ ਹੁਕਮੁ ਚਲਾਏ ਰਾਹੁ। ਨਾਨਕ ਵਿਗਸੈ ਵੇਪਰਵਾਹੁ।"
—(ਪਉੜੀ-16)

ਸੁਲਤਾਨ ਰੂਪ –

ਗੁਰੂ ਨਾਨਕ ਸਾਹਿਬ ਨੇ ਕਈ ਥਾਂ ਬ੍ਰਹਮ ਸੰਬੰਧੀ ਸੁਲਤਾਨ, ਪਾਤਸ਼ਾਹ ਆਦਿ ਸ਼ਬਦ ਵਰਤੇ ਹਨ। ਪਰਮ ਸੱਤਾ ਸੰਬੰਧੀ ਸੁਲਤਾਨ ਦੀ ਕਲਪਨਾ ਇਸਲਾਮ ਧਰਮ ਵਿਚ ਹੋਈ ਹੈ। ਡਾ: ਬੜਥਵਾਲ ਅਨੁਸਾਰ "ਅੱਲਾ ਇਕ ਮਾਤਰ ਸ਼ਹਿਨਸ਼ਾਹ ਵਾਂਗ ਹੈ, ਜਿਸ ਉਪਰ ਕੋਈ ਸ਼ਾਸਨ ਕਰਤਾ ਨਹੀਂ, ਜਿਸ ਦੀ ਸ਼ਕਤੀ ਅਨੰਤ ਅਤੇ ਅਸੀਮ ਹੈ।[1] ਜਪੁਜੀ ਵਿਚ ਵੀ ਪ੍ਰਭੂ ਨੂੰ ਪਾਤਸ਼ਾਹਾਂ ਦਾ ਪਾਤਸ਼ਾਹ ਦਸਿਆ ਹੈ :-

"ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ।"
–(ਪਉੜੀ-27)

"ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ।"[2]

ਉਹ ਬ੍ਰਹਮ ਇਤਨਾ ਮਹਾਨ ਹੈ ਕਿ ਉਸ ਨੂੰ ਆਦੇਸ ਅਥਵਾ ਨਮਸਕਾਰ ਕਰਨੀ ਹੀ ਬਣਦੀ ਹੈ :-

"ਆਦੇਸੁ ਤਿਸੈ ਆਦੇਸੁ।"
–(ਪਉੜੀਆਂ 28,31)

ਸਰਗੁਣ ਬ੍ਰਹਮ ਦੇ ਉਪਰੋਕਤ ਰੂਪਾਂ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਨਿਰਗੁਣ ਬ੍ਰਹਮ ਨਾਲੋਂ ਸਰਗੁਣ ਬ੍ਰਹਮ ਨੂੰ ਜਪੁਜੀ ਵਿਚ ਮੁੱਖ ਰਖਦੇ ਹਨ ਅਤੇ ਸਰਗੁਣ ਬ੍ਰਹਮ ਦੇ ਕਰਤਾਰੀ ਲੱਛਣਾਂ ਨੂੰ ਵਿਸ਼ੇਸ਼ ਕਰਕੇ ਸਾਕਾਰ ਕਰਦੇ ਹਨ। ਗੁਰੂ ਨਾਨਕ ਦੇਵ ਬ੍ਰਹਮ ਦਾ ਸੰਕਲਪ ਪ੍ਰਗਟਾਂਦੇ ਹੋਏ ਉਸ ਸਮੇਂ ਤਕ ਦੇ ਪ੍ਰਾਪਤ ਗਿਆਨ ਨੂੰ ਦ੍ਰਿਸ਼ਟੀ ਵਿਚ ਰਖਦੇ ਹਨ। ਕਈ ਵਾਰੀ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਉਹ ਉਪਨਿਸ਼ਦਾਂ ਜਾਂ ਵੇਦਾਂਤ ਦੇ ਵਿਚਾਰਾਂ ਦਾ ਹੀ ਉਲੇਖ ਕਰ ਰਹੇ ਹਨ ਜਾਂ ਕਿਸੇ ਸਾਮੀ (ਵਿਸ਼ੇਸ਼ ਕਰਕੇ ਇਸਲਾਮ) ਸਿਧਾਂਤ ਦਾ ਵਰਣਨ ਕਰ ਰਹੇ ਹਨ ਪਰੰਤੂ ਗਹੁ ਨਾਲ ਵੇਖਿਆਂ ਉਨ੍ਹਾਂ ਦੇ ਵਿਚਾਰਾਂ ਅਤੇ ਦੂਜੇ ਧਰਮਾਂ ਵਿਚਕਾਰ ਸਮਾਨਤਾ ਕੇਵਲ ਸੁਭਾਵਕ ਜਾਪਦੀ ਹੈ।

ਗੁਰੂ ਨਾਨਕ ਸਾਹਿਬ ਬ੍ਰਹਮ ਨੂੰ ਕਈ ਨਾਵਾਂ ਨਾਲ ਸੰਬੋਧਨ ਕਰਦੇ ਹਨ। ਭਾਵੇਂ ਆਪ ਦਾ ਇਹ ਅਟਲ ਨਿਸ਼ਚਾ ਹੈ ਕਿ 'ਆਦਿ ਪੁਰਖ' ਨੂੰ ਕਿਸੇ ਵੀ ਨਿਸ਼ਚਿਤ ਪਰਿਭਾਸ਼ਾ ਵਿਚ

---

1. ਹਿੰਦੀ ਕਾਵਿ ਮੇਂ ਨਿਰਗੁਣ ਸੰਪ੍ਰਦਾਇ, ਪੰ:154 (ਹਵਾਲਾ ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ:168)
2. ਆਦਿ ਗ੍ਰੰਥ, ਪੰ:795.

ਨਹੀਂ ਬੰਨ੍ਹਿਆ ਜਾ ਸਕਦਾ, ਫਿਰ ਵੀ ਭਿੰਨ ਭਿੰਨ ਦ੍ਰਿਸ਼ਟੀਕੋਣਾਂ ਤੋਂ ਉਸ ਦੀ ਸੱਤਾ ਦਾ ਬਿਆਨ ਕਰਦਿਆਂ ਹੋਇਆਂ ਆਪ ਉਸ ਨੂੰ ਕਈ ਨਾਵਾਂ ਨਾਲ ਪੁਕਾਰਦੇ ਹਨ :-

(1) ਬ੍ਰਹਮ ਦੇ ਉਹ ਨਾਂ ਜਿਨ੍ਹਾਂ ਦਾ ਆਧਾਰ ਅਰਬੀ ਤੇ ਫਾਰਸੀ ਜਾਂ ਸੈਮਿਟਿਕ ਪਿਛੋਕੜ ਹੈ :-

ਹੁਕਮੀ, ਸਾਹਿਬ, ਪਾਤਿਸਾਹੁ, ਪਾਤਿਸਾਹਿਬ।

(2) ਬ੍ਰਹਮ ਦੇ ਉਹ ਨਾਂ ਜਿਨ੍ਹਾਂ ਦਾ ਪਿਛੋਕੜ ਸਮੁੱਚੀ ਭਾਰਤੀ ਵਿਚਾਰਧਾਰਾ ਨਾਲ ਕਿਸੇ ਨਾ ਕਿਸੇ ਰੂਪ ਵਿਚ ਸੰਬੰਧਿਤ ਹੈ। ਕਈ ਥਾਵਾਂ ਤੇ ਗੁਰੂ ਨਾਨਕ ਭਾਰਤੀ ਧਰਮਾਂ ਦੇ ਵੱਖੋ ਵੱਖਰੇ ਦੇਵੀ ਦੇਵਤਿਆਂ ਦੇ ਨਾਵਾਂ ਨਾਲ ਵੀ ਬ੍ਰਹਮ ਨੂੰ ਸੰਬੋਧਨ ਕਰਦੇ ਹਨ। ਇਸ ਦਾ ਭਾਵ ਇਹ ਨਹੀਂ ਕਿ ਗੁਰੂ ਸਾਹਿਬ ਦਾ ਉਨ੍ਹਾਂ ਵਿਚ ਵਿਸ਼ਵਾਸ ਸੀ, ਸਗੋਂ ਪ੍ਰਸੰਗ ਅਧੀਨ ਭਿੰਨ ਭਿੰਨ ਦੇਵਤਿਆਂ ਅਤੇ ਪੌਰਾਣਿਕ ਹਸਤੀਆਂ ਦਾ ਹਵਾਲਾ ਦੇ ਕੇ ਸਭ ਵਿਚ ਬ੍ਰਹਮ ਦੀ ਹੋਂਦ ਹੀ ਪ੍ਰਗਟ ਕਰਦੇ ਹਨ ਅਤੇ ਇਹ ਸਿਧ ਕਰਦੇ ਹਨ ਕਿ ਕੋਈ ਵੀ ਪੌਰਾਣਿਕ ਹਸਤੀ ਬ੍ਰਹਮ ਦੀ ਸਮਰਥਾ ਦਾ ਦਾਅਵਾ ਨਹੀਂ ਕਰ ਸਕਦੀ। ਇਸ ਤਰ੍ਹਾਂ ਆਪ ਬਹੁਦੇਵਵਾਦ ਦੇ ਵਿਚਾਰ ਨੂੰ ਥੋਥਲਾ ਦਸ ਕੇ ਪਾਰਬ੍ਰਹਮ ਦੀ ਸਦੀਵੀ ਹੋਂਦ ਵਿਚ ਅਟਲ ਵਿਸ਼ਵਾਸ ਰਖਣ ਲਈ ਪ੍ਰੇਰਦੇ ਹਨ :-

ਨਿਰੰਜਨ, ਨਿਰੰਕਾਰ, ਨਾਥ, ਜਗਦੀਸ।

(3) ਕੁਝ ਨਾਂ ਅਜਿਹੇ ਹਨ, ਜੋ ਪ੍ਰਭੂ ਦੇ ਕਿਸੇ ਸਫਾਤੀ ਗੁਣ ਤੇ ਆਧਾਰਿਤ ਹਨ :-

ਓਅੰਕਾਰ, ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਸਚੁ, ਵੇਪਰਵਾਹੁ, ਦਾਤਾਰੁ, ਸਚਿਆਰੁ, ਵਡਾ, ਦਾਤਾ, ਸਿਰਜਣਹਾਰ।

ਉਪਰੋਕਤ ਵਿਵੇਚਨ ਦੇ ਆਧਾਰ ਤੇ ਅਸੀਂ ਇਸ ਸਿੱਟੇ ਉਤੇ ਪੁਜਦੇ ਹਾਂ ਕਿ ਜਪੁਜੀ ਵਿਚ ਬ੍ਰਹਮ ਦਾ ਸਰੂਪ ਨਿਰਗੁਣ ਵੀ ਹੈ, ਸਰਗੁਣ ਵੀ ਹੈ ਅਤੇ ਨਿਰਗੁਣ ਸਰਗੁਣ ਦੋਵੇਂ ਵੀ ਹੈ।[1] ਪਰੰਤੂ ਉਹ ਅਵਤਾਰ ਧਾਰਣ ਨਹੀਂ ਕਰਦਾ। ਉਹ 'ਇਕ' ਹੈ ਅਤੇ ਅਜਨਮਾ ਹੈ। ਬ੍ਰਹਮ ਦੀ ਹੋਂਦ ਨੂੰ ਸਿਧ ਕਰਨ ਲਈ ਉਹ ਵਾਦ ਵਿਵਾਦ ਵਿਚ ਨਹੀਂ ਪੈਂਦੇ ਕਿਉਂਕਿ ਉਹ ਪਰਮ ਸੱਤਾ ਹੀ ਉਨ੍ਹਾਂ ਲਈ ਸਰਬ ਵਿਦਮਾਨ ਹੈ।

---

1."ਨਿਰਗੁਨੁ ਆਪਿ ਸਰਗੁਨੁ ਭੀ ਓਹੀ।
ਕਲਾ ਧਾਰਿ ਜਿਨਿ ਸਗਲੀ ਮੋਹੀ।" (ਆਦਿ ਗ੍ਰੰਥ, ਪੰ.287)

## (ਘ) 'ਜੀਵ' ਦਾ ਸਰੂਪ

ਜੀਵ ਪਰਮਾਤਮਾ ਦੀ ਸ੍ਰਿਸ਼ਟੀ ਦੀ ਚੇਤੰਨ ਸ਼ਕਤੀ ਹੈ ਜਿਸ ਵਿਚ ਸੁਖ ਅਤੇ ਦੁਖ ਅਨੁਭਵ ਕਰਨ ਦੀ ਚੇਤਨਾ ਹੈ।[1] "ਜੀਵ ਸਸੀਮ ਹੈ ਅਤੇ ਬ੍ਰਹਮ ਅਸੀਮ ਹੈ। ਪ੍ਰਕਿਰਤੀ ਦੇ ਪ੍ਰਿਥਕ ਵਿਚਰਦੇ 'ਪੁਰਸ਼' ਅਖਵਾਉਂਦੇ ਹਨ। ਪਰੰਤੂ ਜਿਥੇ ਪਾਰਬ੍ਰਹਮ ਪ੍ਰਕਿਰਤੀ ਦਾ ਕਰਤਾ ਹੈ ਤੇ ਉਸ ਦੇ ਪ੍ਰਭਾਵ ਤੋਂ ਮੁਕਤ ਹੈ, ਉਥੇ ਜੀਵ ਪ੍ਰਕਿਰਤੀ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਤੇ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ।"[2]

ਜੀਵ ਪ੍ਰਭੂ ਦੀ ਅੰਸ਼ ਹੈ ਪਰੰਤੂ ਅਵਿਦਿਆ ਦੇ ਅਨ੍ਹੇਰੇ ਕਾਰਣ ਆਪਣੀ ਜੋਤਿ ਨੂੰ ਭੁਲਾ ਕੇ ਮਣੀ-ਹੀਣੇ ਸੱਪ ਵਾਂਗ ਭਟਕ ਰਿਹਾ ਹੈ।[3] ਮੁੰਡਕ ਉਪਨਿਸ਼ਦ ਅਨੁਸਾਰ "ਬ੍ਰਹਮ ਤੇ ਜੀਵ ਦੋ ਪਾਰਸਪਰ ਮਿੱਤਰ ਭਾਵ ਰੱਖਣ ਵਾਲੇ ਪੰਛੀਆਂ ਵਾਂਗ ਹਨ ਜੋ ਕੋਲ ਕੋਲ ਇਕੋ ਬ੍ਰਿਛ ਤੇ ਬੈਠੇ ਹਨ। ਦੋਹਾਂ ਵਿਚੋਂ ਇਕ ਮਿੱਠੇ ਫਲ ਖਾਂਦਾ ਹੈ ਅਤੇ ਦੂਜਾ ਕੇਵਲ ਵੇਖਦਾ ਰਹਿੰਦਾ ਹੈ। ਇਹ ਦੋਵੇਂ ਕ੍ਰਮਵਾਰ ਆਤਮਾ ਤੇ ਪਰਮਾਤਮਾ ਦੇ ਪ੍ਰਤੀਕ ਹਨ।"[4]

ਗੁਰੂ ਨਾਨਕ ਸਾਹਿਬ ਨੇ ਮਨੁੱਖ ਵਿਚ ਕੋਈ ਅਜਿਹਾ ਤੱਤ ਮੰਨਿਆ ਹੈ ਜੋ ਸਰੀਰ ਦੇ ਨਾਸ ਹੋਣ ਤੇ ਨਾਸ ਨਹੀਂ ਹੁੰਦਾ ਅਤੇ ਜੋ ਸਰੀਰ ਵਿਚ ਪ੍ਰਭੂ ਦੀ ਵਿਆਪਕ ਜੋਤਿ ਜਾਂ ਅੰਸ਼ ਹੈ। ਇਸ ਅਨਨਾਸ਼ੀ ਤੱਤ ਨੂੰ ਉਨ੍ਹਾਂ ਜੀਵ ਆਤਮਾ ਕਿਹਾ ਹੈ :-

"ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ।"[5]

ਜਪੁਜੀ ਦੀ ਤੀਜੀ ਪਉੜੀ ਵਿਚ 'ਜੀਅ' ਸ਼ਬਦ ਦੇ ਅਰਥ ਜੀਵਾਤਮਾ ਹੀ ਹਨ :-

"ਗਾਵੈ ਕੋ ਸਾਜਿ ਕਰੇ ਤਨੁ ਖੇਹ। ਗਾਵੈ ਕੋ ਜੀਅ ਲੈ ਫਿਰਿ ਦੇਹ।"

ਜੀਵ ਤੇ ਬ੍ਰਹਮ ਦਾ ਸੰਬੰਧ ਅੰਸ਼ ਤੇ ਅੰਸ਼ੀ ਦਾ ਹੈ :-

"ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ।"[6]

---

1. ਡਾ: ਜੈ ਰਾਮ ਮਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰ:163.
2. Dr S.S. Kohli, Outlines of Sikh Thought, P. 27.
3. ਡਾ: ਮਨਮੋਹਨ ਸਹਿਗਲ, ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ, ਪੰ:138,
4. Dr Jadu Nath Sinha, A History of Indian Philosophy, Vol.I, P.20.
5. ਆਦਿ ਗ੍ਰੰਥ, ਪੰ:138.
6. ਉਹੀ, ਪੰ:878.

"ਅੰਸ਼-ਅੰਸ਼ੀ ਭਾਵਨਾ ਅਦਵੈਤਵਾਦੀਆਂ ਦੀ ਕਲਪਨਾ ਹੈ। ਮੁੰਡਕ ਉਪਨਿਸ਼ਦ (2/1/1) ਵਿਚ ਇਸ ਨੂੰ ਅੱਗ ਅਤੇ ਚਿਣਗ ਦੇ ਉਪਮਾਨ ਦੁਆਰਾ ਸਪਸ਼ਟ ਕੀਤਾ ਗਿਆ ਹੈ। ਗੀਤਾ (15/7) ਵਿਚ ਜੀਵ ਦੇਹ ਸਹਿਤ ਆਤਮਾ ਨੂੰ ਪਰਮਾਤਮਾ ਦਾ ਸਨਾਤਨ ਅੰਸ਼ ਮੰਨਿਆ ਗਿਆ ਹੈ।"[1]

"ਪਰਮਾਤਮਾ ਤੇ ਜੀਵਾਤਮਾ ਦੋਹਾਂ ਵਿਚ ਕੋਈ ਭੇਦ ਨਹੀਂ ਹੈ।"[2] ਗੁਰੂ ਨਾਨਕ ਸਾਹਿਬ ਵੀ ਇਸੇ ਵਿਚਾਰ ਦੀ ਪੁਸ਼ਟੀ ਕਰਦਿਆਂ ਕਹਿੰਦੇ ਹਨ ਕਿ ਜੀਵਾਤਮਾ ਵਿਚ ਹਰੀ ਹੈ ਤੇ ਹਰੀ ਵਿਚ ਜੀਵਾਤਮਾ ਰਹਿੰਦਾ ਹੈ :-

"ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸੁ ਗੁਰ ਬੀਚਾਰਾ।"[3]

"ਆਤਮਾ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ।"[4]

ਗੁਰੂ ਅਰਜਨ ਦੇਵ ਕਹਿੰਦੇ ਹਨ ਕਿ ਇਹ ਅਦਭੁਤ ਕਥਾ ਹੈ ਕਿ ਜੀਵਾਤਮਾ ਬ੍ਰਹਮ ਦਾ ਹੀ ਰੂਪ ਹੈ :-

"ਅਚਰਜ ਕਥਾ ਮਹਾ ਅਨੂਪ।ਪ੍ਰਾਤਮਾ ਪਾਰਬ੍ਰਹਮ ਕਾ ਰੂਪੁ।"[5]

ਬ੍ਰਹਮ ਤੇ ਜੀਵ ਉਸੇ ਤਰ੍ਹਾਂ ਸੰਬੰਧਿਤ ਹਨ ਜਿਵੇਂ ਸੂਰਜ ਤੇ ਉਸ ਦੀ ਕਿਰਣ, ਅੱਗ ਤੇ ਉਸ ਦੀ ਚੰਗਿਆੜੀ, ਧੂੜ ਤੇ ਧੂੜ ਦਾ ਕਿਣਕਾ ਅਤੇ ਸਾਗਰ ਤੇ ਬੂੰਦ। ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ :-

"ਜੈਸੇ ਏਕ ਤੇ ਕਨੂਕਾ ਕੋਟ ਆਗ ਉਠੇ
ਨਿਆਰੇ ਨਿਆਰੇ ਹੁਇ ਕੇ ਫੇਰਿ ਆਗ ਮੈ ਮਿਲਾਹਿਗੇ।
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ।
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ।
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ।

---

1. ਹਵਾਲਾ ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ:168.
2. Sharad Chandra Varma, Guru Nanak and the Logos of Divine Manifestation, P. 75, Chatham Lines, Allahabad, 1969.
3. ਆਦਿ ਗ੍ਰੰਥ, ਪੰ:1153.
4. ਵਹੀ, ਪੰ:1030.
5. ਵਹੀ, ਪੰ: 868.

ਪਾਨ ਕੇ ਤਰੰਗ ਸਬੈ ਪਾਨ ਹੀ ਕਹਾਂਹਿਗੇ।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜਸ ਸਬੈ ਤਾਹੀ ਮੈ ਸਮਾਂਹਿਗੇ।"[1]

ਜੀਵਾਤਮਾ ਪਰਮਾਤਮਾ ਦਾ ਮੰਦਰ ਅਥਵਾ ਨਿਵਾਸ-ਅਸਥਾਨ ਹੈ। ਇਸ ਵਿਚ ਪਰਮਾਤਮਾ ਦਾ ਵਾਸਾ ਹੈ:-

"ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸੁ ਮਹਿ ਰਾਖੀ ਜੋਤਿ ਅਪਾਰ।"[2]

ਜੀਵ ਨੂੰ ਗੁਰੂ ਨਾਨਕ ਦੇਵ ਨੇ 'ਹੰਸ' ਵੀ ਕਿਹਾ ਹੈ, ਜੋ ਨਿਰਲੇਪ ਹੀ ਰਹਿੰਦਾ ਹੈ। ਪ੍ਰਭੂ ਨੇ ਸਰੀਰ ਦਾ ਜੀਵ ਨਾਲ ਸੰਜੋਗ ਕਰਕੇ ਮੇਲ ਜੋੜਿਆ ਪਰੰਤੂ ਜਿਸ ਨੇ ਪੈਦਾ ਕੀਤਾ ਫਿਰ ਉਸ ਨੇ ਇਨ੍ਹਾਂ ਨੂੰ ਵਿਛੋੜ ਦਿੱਤਾ :-

"ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ।
ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ।"[3]

"ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ।"[4]

ਜੀਵ ਦੀ ਉਤਪਤੀ –

ਜਪੁਜੀ ਅਨੁਸਾਰ ਜਿਥੇ ਬ੍ਰਹਮ ਅਨਾਦੀ ਹੈ, ਉਥੇ ਜੀਵਾਤਮਾ ਅਨਾਦੀ ਨਹੀਂ। ਉਸ ਦਾ ਆਦਿ ਪਰਮਾਤਮਾ ਹੈ। ਜੀਵ ਦੀ ਉਤਪਤੀ ਪਰਮਾਤਮਾ ਦੇ 'ਹੁਕਮ' ਦੁਆਰਾ ਹੁੰਦੀ ਹੈ ਅਤੇ 'ਹੁਕਮ' ਨਾਲ ਹੀ ਜੀਵ ਨੂੰ ਵਡਿਆਈ ਪ੍ਰਾਪਤ ਹੁੰਦੀ ਹੈ :-

"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।"
–(ਪਉੜੀ-੨)

---

1. ਅਕਾਲ ਉਸਤਤਿ, 17੨.
2. ਆਦਿ ਗ੍ਰੰਥ, ਪੰ: 1256.
3. ਉਹੀ, ਪੰ: 139.
4. ਉਹੀ, ਪੰ: 935.

'ਹੁਕਮ' ਨਾਲ ਹੀ ਕੋਈ ਮਨੁੱਖ ਚੰਗੇ ਭਾਵਾਂ ਵਾਲਾ ਹੁੰਦਾ ਹੈ ਤੇ ਕੋਈ ਮੰਦੇ ਭਾਵਾਂ ਵਾਲਾ। 'ਹੁਕਮ' ਅਨੁਸਾਰ ਹੀ ਦੁਖ ਅਤੇ ਸੁਖ ਦਾ ਭਾਗੀ ਬਣਦਾ ਹੈ :-

"ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।"

— (ਪਉੜੀ-2)

ਸਭ ਜੀਆਂ ਦੀ ਕਿਸਮਤ ਦਾ ਲੇਖਾ ਵੀ ਪਰਮਾਤਮਾ ਨੇ ਲਿਖਿਆ ਹੈ :-

"ਸਭਨਾ ਲਿਖਿਆ ਵੁੜੀ ਕਲਾਮ।"

—(ਪਉੜੀ-16)

ਜੀਵਾਂ ਦੀ ਸੰਖਿਆ —

ਜੀਵ ਕਰਮਾਂ ਦਾ ਬੱਧਾ ਆਵਾਗਵਨ ਦੇ ਚੱਕਰ ਵਿਚ ਆਉਂਦਾ ਹੈ। ਭਾਰਤੀ ਧਾਰਮਿਕ ਪਰੰਪਰਾ ਅਨੁਸਾਰ, ਆਵਾਗਵਨ ਲਈ ਚੌਰਾਸੀ ਲਖ ਜੂਨਾਂ ਦਾ ਚੱਕਰ ਗੁਰੂ ਸਾਹਿਬ ਨੇ ਵੀ ਮੰਨਿਆ ਹੈ :-

"ਲਖ ਚਉਰਾਸੀਹ ਜਿਨਿ ਉਪਾਏ।
ਮੇਰੈ ਠਾਕੁਰ ਭਾਣੈ ਸਿਰਜਿ ਸਮਾਏ।"[1]

ਜਪੁਜੀ ਵਿਚ ਦੱਸਿਆ ਹੈ ਕਿ ਕਈ ਜੀਵਾਂ ਉਤੇ ਪਰਮਾਤਮਾ ਦੀ ਬਖਸ਼ਿਸ਼ ਹੋ ਜਾਂਦੀ ਹੈ ਤੇ ਉਹ ਜੂਨਾਂ ਤੋਂ ਮੁਕਤ ਹੋ ਜਾਂਦੇ ਹਨ ਪਰੰਤੂ ਕਈ ਹਉਮੈ ਕਰਕੇ ਉਸ ਦੇ ਹੁਕਮ ਨਾਲ ਜੂਨਾਂ ਵਿਚ ਪਏ ਰਹਿੰਦੇ ਹਨ :-

"ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।"

—(ਪਉੜੀ-2)

ਜਿਨ੍ਹਾਂ ਜੀਆਂ ਦੀ ਗਿਣਤੀ ਅਨੰਤ ਹੈ, ਉਨ੍ਹਾਂ ਦੀਆਂ ਅਨੰਤ ਜਾਤੀਆਂ, ਅਨੰਤ ਰੰਗ ਤੇ ਅਨੰਤ ਨਾਂ ਹਨ :-

"ਜੀਅ ਜਾਤਿ ਰੰਗਾ ਕੇ ਨਾਵ।"

—(ਪਉੜੀ-16)

---

1. ਆਦਿ ਗ੍ਰੰਥ, ਪੰ:1190.

"ਤਿਸੁ ਵਿਚਿ ਜੀਅ ਜੁਗਤਿ ਕੇ ਰੰਗ।
ਤਿਨ ਕੇ ਨਾਮ ਅਨੇਕ ਅਨੰਤ।"
—(ਪਉੜੀ-34)

ਜੀਵ ਦੀ ਅਲਪੱਗਤਾ —

ਈਸ਼ਵਰ ਦੇ ਕਿਸੇ ਵੀ ਕੰਮ ਵਿਚ ਜੀਵ ਬਿਲਕੁਲ ਸੁਤੰਤਰ ਨਹੀਂ ਹੈ, ਸਭ ਕੁਝ ਉਹ ਹੀ ਹੁੰਦਾ ਹੈ ਜੋ ਪ੍ਰਭੂ ਕਰਾਉਂਦਾ ਹੈ। ਆਪਣੇ ਕੀਤੇ ਕਰਮਾਂ ਦਾ ਫਲ ਵੀ ਜੀਵ ਨੂੰ ਭੁਗਤਣਾ ਪੈਂਦਾ ਹੈ :-

"ਆਪੇ ਬੀਜਿ ਆਪੇ ਹੀ ਖਾਹੁ।"
—(ਪਉੜੀ-20)

"ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।"
—(ਪਉੜੀ-੨)

ਆਪਣੀ ਪ੍ਰਾਧੀਨਤਾ ਨੂੰ ਅਨੁਭਵ ਕਰਨ ਤੋਂ ਬਾਅਦ ਹੀ ਜੀਵ ਨਿਮਰ ਹੋ ਕੇ ਕਹਿੰਦਾ ਹੈ :-

"ਸਭਿ ਗੁਣ ਤੇਰੇ ਮੈ ਨਾਹੀ ਕੋਇ।
ਵਿਣੁ ਗੁਣ ਕੀਤੇ ਭਗਤਿ ਨ ਹੋਇ।"
—(ਪਉੜੀ-21)

ਜੀਵ ਦੀ ਆਪਣੀ ਤਾਂ ਸੱਤਾ ਹੀ ਕੁਝ ਨਹੀਂ ਕਿਉਂਕਿ ਪ੍ਰਭੂ 'ਇਕ' ਕੇਵਲ ਪਰਿਪੂਰਣ ਹੈ ਅਤੇ 'ਜੀਵ' ਤਾਂ ਉਸ ਦੇ ਸਨਮੁਖ ਅਲਪੱਗ ਜਿਹਾ ਅੰਸ਼ ਮਾਤਰ ਹੈ। ਜੀਵ ਊਰਾ ਹੈ ਤੇ ਬ੍ਰਹਮ ਪੂਰਾ ਹੈ :-

"ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ।"[1]

"ਜੀਵਾਤਮਾ ਸੀਮਿਤ ਹੱਦਾਂ ਵਿਚ ਵਿਚਰਦਾ ਹੈ, ਇਸ ਕਰਕੇ ਬ੍ਰਹਮ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ। ਮਨ ਤੇ ਬੁੱਧੀ ਦੇ ਸਹਿਯੋਗ ਕਰਕੇ ਜੀਵਾਤਮਾ ਵਿਚ ਅਪੂਰਣਤਾ ਆਉਂਦੀ ਹੈ ਜਦੋਂ ਕਿ ਬ੍ਰਹਮ ਪਰਿਪੂਰਣ ਹੈ। ਬ੍ਰਹਮ ਦੀ ਭਗਤੀ ਕਰਕੇ ਜੀਵਾਤਮਾ ਮੁਕਤ ਹੁੰਦਾ ਹੈ ਅਤੇ ਮੁਕਤ ਜੀਵਾਤਮਾ ਹੀ ਪਰਮ ਆਨੰਦ ਨੂੰ ਪ੍ਰਾਪਤ ਕਰਦਾ ਹੈ।"[2]

1. ਆਦਿ ਗ੍ਰੰਥ, ਪੰ:597.

2. Dr Surinder Singh Kohli, Philosophy of Guru Nanak, P. 54, Publication Bureau, Panjab University, Chandigarh, 1969.

ਜੀਵਾਤਮਾ ਅਮਰ ਹੈ –

ਜੀਵਾਤਮਾ ਪਰਮਾਤਮਾ ਦਾ ਹੀ ਅੰਸ਼ ਹੈ। ਇਸ ਕਰਕੇ ਉਹ ਕੁਝ ਗੁਣ ਪਰਮਾਤਮਾ ਵਾਲੇ ਵੀ ਰਖਦੀ ਹੈ ਜਿਵੇਂ ਜੀਵਾਤਮਾ ਦਾ ਪਰਮਾਤਮਾ ਵਾਂਗ ਅਮਰ ਹੋਣਾ। ਸਰੀਰ ਵਿਚ ਆਉਣ ਤੋਂ ਪਹਿਲਾਂ ਉਹ ਪਰਮਾਤਮਾ ਨਾਲ ਹੀ ਰਹਿੰਦੀ ਹੈ। ਇਸੇ ਕਰਕੇ ਸਰੀਰ ਰੂਪ ਧਾਰਣ ਕਰਕੇ ਉਹ ਆਪਣੇ ਸੋਮੇ ਨਾਲ ਇਕ ਹੋਣ ਵਿਚ ਜਤਨਸ਼ੀਲ ਰਹਿੰਦੀ ਹੈ। ਗੁਰਬਾਣੀ ਵਿਚ ਜੀਵਾਤਮਾ ਲਈ ਜੀਉ, ਜੀਅਰਾ, ਜੀਅ ਆਦਿ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ :-

"ਦੇਹੀ ਅੰਦਰਿ ਨਾਮੁ ਨਿਵਾਸੀ। ਆਪੇ ਕਰਤਾ ਹੈ ਅਬਿਨਾਸੀ।
ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ।"[1]

"ਮੇਰਾ ਮੇਰਾ ਕਰਿ ਬਿਲਲਾਹੀ। ਮਰਣਹਾਰੁ ਇਹੁ ਜੀਅਰਾ ਨਾਹੀ।"[2]

ਜੀਵ ਦੀ ਆਤਮਕ ਪ੍ਰਗਤੀ ਦੇ ਪੜਾ –

ਜੀਵਾਤਮਾ ਤੇ ਪਰਮਾਤਮਾ ਦੇ ਵਿਚਕਾਰ ਸਰੀਰਕ ਤ੍ਰਿਸ਼ਨਾਵਾਂ ਇਕ ਕੰਧ ਦੀ ਨਿਆਈਂ ਖਲੋਤੀਆਂ ਹਨ ਜੋ ਇਨ੍ਹਾਂ ਦਾ ਮੇਲ ਨਹੀਂ ਹੋਣ ਦਿੰਦੀਆਂ। ਮਨੁੱਖੀ ਜੀਵਨ ਦਾ ਮੰਤਵ ਹੀ ਇਸ ਕੰਧ ਅਥਵਾ ਪਰਦੇ ਨੂੰ ਦੂਰ ਕਰਨਾ ਹੈ। ਇਹ ਪਰਦਾ ਤਾਂ ਹੀ ਹਟ ਸਕਦਾ ਹੈ ਜੇ ਜੀਵ ਪ੍ਰਭੂ ਦੀ ਰਜ਼ਾ ਅਨੁਸਾਰ ਟੁਰਿਆ ਜਾਵੇ :-

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।"
–(ਪਉੜੀ-1)

ਜਪੁਜੀ ਅਨੁਸਾਰ ਇਸ 'ਸਚਿਆਰ ਪਦ' ਦੀ ਪ੍ਰਾਪਤੀ ਲਈ ਜੀਵਾਤਮਾ ਨੂੰ ਪੰਜ ਪੜਾਵਾਂ ਅਥਵਾ ਮੰਜ਼ਿਲਾਂ ਵਿਚੋਂ ਲੰਘਣਾ ਪੈਂਦਾ ਹੈ।

ਪਹਿਲਾ ਪੜਾ 'ਧਰਮ ਖੰਡ' ਦਾ ਹੈ। ਜੀਵ ਕਰਮ ਕਰਦਾ ਹੈ ਤੇ ਕਰਮਾਂ ਦਾ ਫਲ ਭੋਗਦਾ ਹੈ। ਇਸ ਅਵਸਥਾ ਵਿਚ ਪੰਚ ਅਥਵਾ ਸ੍ਰੇਸ਼ਟ ਮਨੁੱਖ ਸੋਭਦੇ ਹਨ :-

1. ਆਦਿ ਗ੍ਰੰਥ, ਪੰ:1026.
2. ਉਹੀ, ਪੰ: 188.

"ਕਰਮੀ ਕਰਮੀ ਹੋਇ ਵੀਚਾਰੁ। ਸਚਾ ਆਪਿ ਸਚਾ ਦਰਬਾਰੁ।
ਤਿਥੈ ਸੋਹਨਿ ਪੰਚ ਪਰਵਾਣੁ। ਨਦਰੀ ਕਰਮਿ ਪਵੈ ਨੀਸਾਣੁ।"
—(ਪਉੜੀ-34)

"ਕਰਮ ਕਰਦਿਆਂ ਕਰਦਿਆਂ ਉਨ੍ਹਾਂ ਜੀਵਾਂ ਦੇ ਮਨ ਵਿਚ ਵੀਚਾਰ ਪੈਦਾ ਹੁੰਦਾ ਹੈ। ਭਾਵ ਇਹ ਹੈ ਕਿ ਜੋ ਜੀਵ ਇਸ ਧਰਤੀ ਪੁਰ ਸਾਜੇ ਗਏ ਹਨ, ਉਹ ਸੁਭਾ ਅਨੁਸਾਰ ਕਰਮਾਂ ਵਿਚ ਲਗੇ ਰਹਿੰਦੇ ਹਨ। ਕਰਮਾਂ ਵਿਚ ਲਗੇ ਲਗੇ ਕਦੀ ਉਹ ਸਮਾਂ ਆ ਜਾਂਦਾ ਹੈ ਜਦੋਂ ਉਨ੍ਹਾਂ ਦੀ ਬੁੱਧੀ ਵਿਚ ਵੀਚਾਰ ਪ੍ਰਗਟ ਹੋ ਜਾਂਦਾ ਹੈ। ਇਸ ਵੀਚਾਰ ਦੇ ਉਤਪੰਨ ਹੁੰਦਿਆਂ ਹੀ ਉਨ੍ਹਾਂ ਦੀ ਆਤਮਕ ਉਨਤੀ ਆਰੰਭ ਹੋ ਜਾਂਦੀ ਹੈ। ਉਹ ਵਿਚਾਰ ਇਹ ਹੈ ਕਿ ਪਰਮਾਤਮਾ ਸਦਾ ਰਹਿਣ ਵਾਲਾ ਹੈ ਤੇ ਉਹਦੀ ਕਚਹਿਰੀ ਵਿਚ ਭੀ ਸਚ ਹੀ ਵਰਤਦਾ ਹੈ।"[1]

ਇਸ ਵਿਚਾਰ ਉਪਰੰਤ ਜੀਵ ਆਤਮਕ ਵਿਕਾਸ ਦੇ ਦੂਜੇ ਪੜਾ 'ਗਿਆਨ ਖੰਡ' ਵਿਚ ਪ੍ਰਵੇਸ਼ ਕਰਦਾ ਹੈ। ਇਥੇ ਜੀਵ ਨੂੰ ਬ੍ਰਹਮੰਡ ਦੇ ਵਿਸ਼ਾਲ ਪਸਾਰੇ ਦਾ ਗਿਆਨ ਹੁੰਦਾ ਹੈ :-

"ਗਿਆਨ ਖੰਡ ਮਹਿ ਗਿਆਨੁ ਪਰਚੰਡੁ।
ਤਿਥੈ ਨਾਦ ਬਿਨੋਦ ਕੋਡ ਅਨੰਦੁ।"
—(ਪਉੜੀ-36)

ਪਰਮਾਤਮਾ ਦੀ ਬੇਅੰਤਤਾ ਦੇ ਗਿਆਨ ਤੋਂ ਬਾਅਦ ਜੀਵ ਹੋਰ ਉਚੇਰਾ ਉਠਦਾ ਹੈ ਤੇ ਤੀਜੇ ਦਰਜੇ 'ਸਰਮ ਖੰਡ' ਵਿਚ ਪਹੁੰਚਦਾ ਹੈ। ਇਸ ਅਵਸਥਾ ਦੀ ਵਿਸ਼ੇਸ਼ਤਾ ਅਨੂਪਮ ਸੁੰਦਰਤਾ ਹੈ। ਇਥੇ ਜੀਵ ਦੀ ਸੁਰਤ, ਮਤ, ਮਨ ਅਤੇ ਬੁਧ ਸੁੱਧ ਹੋ ਜਾਂਦੇ ਹਨ। ਇਸ ਸਥਿਤੀ ਦਾ ਕਥਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਿਧੀ ਦੀ ਅਵਸਥਾ ਹੈ :-

"ਤਾ ਕੀਆ ਗਲਾ ਕਥੀਆ ਨਾ ਜਾਹਿ।
ਜੇ ਕੋ ਕਹੈ ਪਿਛੈ ਪਛੁਤਾਇ।"
—(ਪਉੜੀ-36)

ਮਿਹਨਤ ਅਰਥਾਤ ਸਿਧੀ ਤੋਂ ਬਾਅਦ ਪਰਮਾਤਮਾ ਬਖਸ਼ਿਸ਼ ਕਰਦਾ ਹੈ ਤੇ ਬਲ ਪੈਦਾ ਹੋ ਜਾਂਦਾ ਹੈ। ਇਹ 'ਕਰਮ ਖੰਡ' ਹੈ। ਇਥੇ ਜੀਵ ਅਤੀ ਸੁੰਦਰ ਰੂਪ ਵਾਲੇ ਹਨ ਜਿਨ੍ਹਾਂ ਦੇ ਹਿਰਦੇ ਵਿਚ ਹਰ ਸਮੇਂ ਰਾਮ ਵਸ ਰਿਹਾ ਹੈ, ਨਾ ਉਹ ਮਰਦੇ ਹਨ ਤੇ ਨਾ ਮੋਹ ਨਾਲ ਠੱਗੇ ਜਾਂਦੇ ਹਨ ਅਤੇ ਸਦਾ ਖਿੜੇ ਰਹਿੰਦੇ ਹਨ :-

1. ਭਾਈ ਜੋਧ ਸਿੰਘ, ਜਪੁਜੀ ਸਟੀਕ, ਪੰ:63-64.

"ਤਿਥੈ ਭਗਤ ਵਸਹਿ ਕੇ ਲੋਅ।
ਕਰਹਿ ਅਨੰਦੁ ਸਚਾ ਮਨਿ ਸੋਇ।"

—(ਪਉੜੀ-37)

ਜਪੁਜੀ ਵਿਚ ਆਤਮਕ ਪ੍ਰਗਤੀ ਦੇ ਪੰਜਵੇਂ ਦਰਜੇ ਦਾ ਨਾਂ 'ਸਚ ਖੰਡ' ਹੈ। ਜਪੁਜੀ ਦੇ ਆਰੰਭ ਵਿਚ ਸਚਿਆਰ ਬਣਨ ਤੇ ਅੰਤ ਵਿਚ ਸਚ ਖੰਡ ਦੀ ਅਵਸਥਾ ਤਕ ਪਹੁੰਚਣ ਦਾ ਵਰਣਨ ਕਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਜੀਵ ਦਾ ਅੰਤਮ ਆਦਰਸ਼ ਸੱਚ ਦੀ ਪ੍ਰਾਪਤੀ ਮੰਨਦੇ ਹਨ। ਇਸੇ ਸੱਚ ਦੀ ਖੋਜ ਲਈ ਜੀਵ ਦੇ ਮਾਨਸਿਕ ਤੇ ਆਤਮਕ ਵਿਕਾਸ ਨੂੰ ਜਪੁਜੀ ਵਿਚ ਜ਼ਰੂਰੀ ਦਸਿਆ ਗਿਆ ਹੈ। ਸਚ ਖੰਡ ਤਕ ਵਿਕਾਸ ਕਰ ਚੁਕੇ ਜੀਵ ਦੀ ਚੇਤਨਾ ਵਿਚ ਹੁਕਮ ਦਾ ਅਨੁਭਵ ਸਿਖਰ ਤੇ ਹੁੰਦਾ ਹੈ। ਇਸ ਅਵਸਥਾ ਦਾ ਵਰਣਨ ਕਰਨਾ ਲੋਹੇ ਵਾਂਗ ਕਰੜਾ ਅਰਥਾਤ ਕਠਿਨ ਹੈ:-

"ਸਚ ਖੰਡਿ ਵਸੈ ਨਿਰੰਕਾਰੁ। ਕਰਿ ਕਰਿ ਵੇਖੈ ਨਦਰਿ ਨਿਹਾਲ।
ਤਿਥੈ ਖੰਡ ਮੰਡਲ ਵਰਭੰਡ। ਜੇ ਕੋ ਕਥੈ ਤ ਅੰਤ ਨ ਅੰਤ।
ਤਿਥੈ ਲੋਅ ਲੋਅ ਆਕਾਰ। ਜਿਵ ਜਿਵ ਹੁਕਮੁ ਤਿਵੈ ਤਿਵਕਾਰ।
ਵੇਖੈ ਵਿਗਸੈ ਕਰਿ ਵੀਚਾਰ। ਨਾਨਕ ਕਥਨਾ ਕਰੜਾ ਸਾਰੁ।"

—(ਪਉੜੀ-37)

ਡਾ: ਮੋਹਨ ਸਿੰਘ ਦੇ ਕਥਨ ਅਨੁਸਾਰ ਇਨ੍ਹਾਂ ਪੰਜਾਂ ਖੰਡਾਂ ਵਿਚ ਪਹਿਲੀ ਭੂਮਿਕਾ ਸਰੀਰ ਦੀ ਹੈ, ਦੂਜੀ ਮਨ ਦੀ, ਤੀਜੀ ਬੁੱਧੀ ਦੀ, ਚੌਥੀ ਸੁਰਤ ਦੀ ਅਤੇ ਪੰਜਵੀਂ ਆਤਮੇ ਦੀ ਹੈ।[1] ਪਰ ਜੇ ਇਸ ਨੂੰ ਆਤਮਾ ਦੀ ਹੀ ਪੰਜ ਪ੍ਰਕਾਰੀ ਭੂਮਿਕਾ ਕਹਿ ਦਿੱਤਾ ਜਾਵੇ ਤਾਂ ਵਧੇਰੇ ਠੀਕ ਹੈ ਕਿਉਂਕਿ ਇਹ ਆਤਮ-ਪ੍ਰਗਤੀ ਦੇ ਪੜਾਅ ਹਨ।[2]

ਉਪਰੋਕਤ ਵਿਵੇਚਨ ਦੇ ਆਧਾਰ ਤੇ ਸਿੱਟਾ ਇਹ ਨਿਕਲਦਾ ਹੈ ਕਿ ਜੀਵ, ਬ੍ਰਹਮ ਦਾ ਅੰਸ਼ ਹੈ ਪਰੰਤੂ ਆਪਣੀ ਅਸਮਰਥਾ ਕਰਕੇ ਬ੍ਰਹਮ ਤੋਂ ਭਿੰਨ ਵੀ ਹੈ। ਉਸ ਦੀਆਂ ਸਾਰੀਆਂ ਕਿਰਿਆਵਾਂ ਪਰਮਾਤਮਾਂ ਦੇ ਹੁਕਮ ਅਨੁਸਾਰ ਹਨ। ਜਦੋਂ ਤਕ ਉਹ ਸੰਸਾਰਕ ਤ੍ਰਿਸ਼ਨਾਵਾਂ ਦੇ ਅਧੀਨ ਹੈ, ਉਹ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਇਕ ਸਰੀਰ ਦੇ ਨਾਸ ਹੋਣ

1. ਪੰਜਾਬੀ ਭਾਸ਼ਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰ:114.
2. ਡਾ: ਦਲੀਪ ਸਿੰਘ ਦੀਪ, ਜਪੁਜੀ ਇਕ ਤੁਲਨਾਤਮਕ ਅਧਿਐਨ, ਪੰ:112.

ਤੇ ਬਾਅਦ ਉਹ ਦੂਜਾ ਸਰੀਰ ਧਾਰਣ ਕਰਦਾ ਹੈ। ਇਸ ਤਰ੍ਹਾਂ ਉਹ ਪਰਤੰਤਰ ਤੇ ਅਲਪੱਗ ਹੈ ਪਰੰਤੂ ਜਦੋਂ ਉਸ ਦੇ ਕਰਮ ਨਿਸ਼ਕਾਮ ਹੋ ਜਾਂਦੇ ਹਨ, ਓਦੋਂ ਉਹ ਮੁਕਤੀ ਦਾ ਅਧਿਕਾਰੀ ਬਣਦਾ ਹੈ।

## (ੲ) ਮਾਇਆ ਦਾ ਸੰਕਲਪ

ਆਦਿ ਗ੍ਰੰਥ ਅਨੁਸਾਰ 'ਮਾਇਆ' ਉਹ ਸ਼ਕਤੀ ਹੈ ਜਿਹੜੀ ਜੀਵ ਨੂੰ ਬ੍ਰਹਮ ਤੋਂ ਦੂਰ ਲੈ ਜਾਂਦੀ ਹੈ:-

"ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ।"[1]

ਜੀਵ ਮਾਇਆ ਦੇ ਪ੍ਰਭਾਵ ਅਧੀਨ ਪ੍ਰਭੂ ਨੂੰ ਭੁਲ ਜਾਂਦਾ ਹੈ। ਜੀਵ ਵਿਚ ਅਵਿਦਿਆ ਤੇ ਅਗਿਆਨ ਦਾ ਕਾਰਣ ਵੀ ਇਹ ਹੈ। ਮਾਇਆ ਬ੍ਰਹਮ ਤੋਂ ਵਖਰੀ ਸੱਤਾ ਨਹੀਂ, ਸਗੋਂ ਬ੍ਰਹਮ ਆਪ ਹੀ ਇਸ ਦਾ ਕਰਤਾ ਹੈ :-

"ਇਹ ਸ੍ਰਪਨੀ ਤਾ ਕੀ ਕੀਤੀ ਹੋਈ।
ਬਲੁ ਅਬਲੁ ਕਿਆ ਇਸ ਤੇ ਹੋਈ।"[2]

"ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ।"[3]

"ਮਾਇਆ ਸ਼ਬਦ ਰਿਗਵੇਦ ਜਿੰਨਾ ਪ੍ਰਾਚੀਨ ਹੈ ਪਰੰਤੂ ਮਾਇਆਵਾਦ ਦੀ ਸਥਾਪਨਾ ਨੌਵੀਂ ਸਦੀ ਵਿਚ ਸ਼ੰਕਰ ਨਾਲ ਹੁੰਦੀ ਹੈ।"[4] ਸ਼ੰਕਰਾਚਾਰੀਆ ਅਨੁਸਾਰ ਮਾਇਆ 'ਅਨਿਰਵਚਨੀਯ' ਹੈ ਭਾਵ ਇਸ ਦਾ ਸਰੂਪ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦਾ। ਮਾਇਆ ਨਾ ਸੱਤ ਹੈ, ਨਾ ਅਸੱਤ, ਨਾ ਸੱਤ-ਅਸੱਤ। ਸ਼ੰਕਰਾਚਾਰੀਆ ਤੋਂ ਪਹਿਲਾਂ ਵੀ ਇਹ ਸਿਧਾਂਤ ਲਗਪਗ ਇਸੇ ਰੂਪ ਵਿਚ ਪ੍ਰਚਲਤ ਸੀ। "ਉਪਨਿਸ਼ਦਾਂ ਵਿਚ ਮਾਇਆ ਲਈ ਪਰਦਾ( veil ), ਅਵਿਦਿਆ, ਅਸੱਤ, ਭਰਮ ਆਦਿ ਨਾਵਾਂ ਦਾ ਪ੍ਰਯੋਗ ਕੀਤਾ ਮਿਲਦਾ ਹੈ।"[5] ਭਗਵਤ ਗੀਤਾ (18/6/1) ਵਿਚ ਮਾਇਆ ਨੂੰ

---

1. ਆਦਿ ਗ੍ਰੰਥ, ਪੰ:921.
2. ਓਹੀ, ਪੰ:480.
3. ਓਹੀ, ਪੰ:67.
4. Dr S S . Kohli, Outlines of Sikh Thought, P. 52.
5. R D . Ranade, ' A Constructive Survey of Upanishdic Philosophy, P. 225-27, Orient Book Agency, Poona, 1926.

ਇਕ ਕਰਾਮਾਤੀ ਸ਼ਕਤੀ ਅਥਵਾ ਜਾਦੂਗਰਨੀ ਅਤੇ ਪ੍ਰਭੂ ਨੂੰ ਇਸ ਦਾ ਸੁਆਮੀ ਕਿਹਾ ਹੈ।"[1]

"ਰਾਮਾਨੁਜ ਨੇ ਆਪਣੇ ਵਿਸ਼ਿਸ਼ਟਾਦਵੈਤਵਾਦ ਵਿਚ ਮਾਇਆ ਦਾ ਵਿਸ਼ਲੇਸ਼ਣ ਕੀਤਾ ਹੈ। ਪਰੰਤੂ ਰਾਮਾਨੁਜ ਦੀ ਮਾਇਆ-ਕਲਪਨਾ ਸ਼ੰਕਰ ਤੋਂ ਭਿੰਨ ਹੈ। ਰਾਮਾਨੁਜ ਦੇ ਮੱਤ ਅਨੁਸਾਰ ਇਹ ਜਗਤ ਸੱਚਾ ਹੈ ਅਤੇ ਇਸੇ ਲਈ ਉਹ ਮਾਇਆ ਨੂੰ ਈਸ਼ਵਰ ਦੀ ਸੱਚੀ ਦੁਨੀਆਂ ਪੈਦਾ ਕਰਨ ਦੀ ਸ਼ਕਤੀ ਮੰਨਦੇ ਹਨ। ਇਸ ਤਰ੍ਹਾਂ ਰਾਮਾਨੁਜ ਮਾਇਆ ਨੂੰ ਈਸ਼ਵਰ ਦੀ ਸਿਰਜਕ ਸ਼ਕਤੀ ਮੰਨਦੇ ਹਨ ਜਿਹੜੀ ਉਸ ਵਿਚ ਸਦੀਵੀ ਤੌਰ ਤੇ ਰਹਿੰਦੀ ਹੈ। ਪਰੰਤੂ ਸ਼ੰਕਰ ਮਾਇਆ ਨੂੰ ਗੈਰ-ਸਦੀਵੀ (ਅਨਿੱਤ) ਇੱਛਾ ਮੰਨਦੇ ਹਨ ਜਿਹੜੀ ਉਸ ਵਿਚ ਕਦੀ ਰਹਿੰਦੀ ਹੈ ਕਦੇ ਨਹੀਂ ਰਹਿੰਦੀ।"[2]

"ਵਲਭਾਚਾਰੀਆ ਨੇ ਜਗਤ ਸਿਰਜਣ ਦੀ ਸ਼ਕਤੀ ਨੂੰ ਪ੍ਰਕ੍ਰਿਤੀ ਤੇ ਜੀਵਾਂ ਨੂੰ ਮੋਹਣ ਵਾਲੀ ਸ਼ਕਤੀ ਨੂੰ ਮਾਇਆ ਕਿਹਾ ਹੈ।"[3] ਡਾ: ਰਾਧਾ ਕ੍ਰਿਸ਼ਨਨ ਨੇ ਪ੍ਰਭੂ ਦੀ ਰਚਨਾ ਸ਼ਕਤੀ ਨੂੰ ਮਾਇਆ ਕਿਹਾ ਹੈ।[4] ਪ੍ਰੋਫੈਸਰ ਦਾਸ ਗੁਪਤਾ ਨੇ ਇਸ ਨੂੰ ਅਲੌਕਿਕ ਸ਼ਕਤੀ ਤੇ ਅਦਭੁਤ ਚਤੁਰਾਈ ਵਾਲੀ ਦਸਿਆ ਹੈ।[5]

ਮਾਇਆ ਦੇ ਲੱਛਣ —

ਆਦਿ ਗ੍ਰੰਥ ਵਿਚ ਮਾਇਆ ਨੂੰ ਮਾਂ, ਛਲ, ਭੁਲੇਖਾ, ਭਰਮ, ਵਿਦਿਆ, ਲਕਸ਼ਮੀ, ਧਨ ਸੰਪਦਾ, ਕ੍ਰਿਪਾ, ਜਗਤ ਰਚਨਾ ਦਾ ਕਾਰਣ ਰੂਪ ਈਸ਼ਵਰ ਦੀ ਸ਼ਕਤੀ ਆਦਿ ਅਰਥਾਂ ਵਿਚ ਵਰਤਿਆ ਗਿਆ ਹੈ।[6] "ਸਿੱਖ ਗੁਰ ਵਿਅਕਤੀਆਂ ਨੇ ਸਾਂਖ ਦਰਸ਼ਨ ਦੇ ਇਸ ਮੱਤ ਦਾ ਖੰਡਨ ਕੀਤਾ ਕਿ ਪ੍ਰਕ੍ਰਿਤੀ (ਮਾਇਆ) ਬ੍ਰਹਮ ਤੋਂ ਸੁਤੰਤਰ ਸਦੀਵੀ ਹਸਤੀ ਹੈ। ਉਨ੍ਹਾਂ ਅਨੁਸਾਰ ਮਾਇਆ ਬ੍ਰਹਮ ਦੀ ਪ੍ਰਕ੍ਰਿਤੀ ਹੈ ਅਤੇ ਉਸ ਦੀ ਸ਼ਕਤੀ ਹੈ।"[7] ਗੁਰੂ ਨਾਨਕ ਸਾਹਿਬ ਨੇ ਮਾਇਆ ਦੀ ਰਚਨਾ ਵਿਚ ਛਲ ਅਥਵਾ ਕਪਟ ਵੇਖ ਕੇ ਹੀ ਇਸਨੂੰ 'ਮਾਇਆ' ਦਾ ਨਾਂ ਦਿੱਤਾ ਹੈ।

"ਗੁਰਬਾਣੀ ਵਿਚ ਰਾਮਾਨੁਜ ਦੇ ਮੱਤ ਅਨੁਸਾਰ ਮਾਇਆ ਨੂੰ ਬ੍ਰਹਮ ਦੀ 'ਨਿਤ ਅਚੇਤਨ ਸ਼ਕਤੀ' ਮੰਨਿਆ ਗਿਆ ਹੈ। ਇਸੇ ਸ਼ਕਤੀ ਤੋਂ ਸੰਸਾਰ ਦੀ ਵਾਸਤਵਿਕ ਤੇ ਨਿਰੰਤਰ ਰਚਨਾ ਹੋ ਰਹੀ ਹੈ[8] :-

---

1. R.D. Ranade, A Constructive Survey of Upanishdic Philosophy, P. 228.
2. ਡਾ: ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣ ਧਾਰਾ, ਪੰ:141।
3. ਗਿਰਧਰ ਸ਼ਰਮਾ ਚਤੁਰਵੇਦੀ, ਦਰਸ਼ਨ ਅਨੁਚਿੰਤਨ, ਪੰ:79.
4. Principal Upanishads, P. 90, George Allen & Unwin Ltd., London, 1951.
5. A History of Indian Philosophy Vol.I, P. 465, Cambridge, 1952.
6. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ:718.
7. Dr S.S. Kohli, Outlines of Sikh Thought, P. 35.
8. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਿਕ ਸਰਵੇਖਣ, ਪੰ:272.

"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।"
—(ਪਉੜੀ-30)

ਇਥੇ ਸਪਸ਼ਟ ਹੈ ਕਿ ਇਕ ਮਾਇਆ ਤੋਂ ਬ੍ਰਹਮਾ (ਸੰਸਾਰੀ) ਵਿਸ਼ਨੂੰ (ਭੰਡਾਰੀ) ਤੇ ਸ਼ਿਵ (ਨਿਆਇ ਕਰਤਾ) ਪੈਦਾ ਹੋਏ ਜਿਹੜੇ ਕਿ ਤਿੰਨਾਂ ਗੁਣਾਂ ਦੇ ਪ੍ਰਤੀਕ ਹਨ। ਪੰਡਤ ਤਾਰਾ ਸਿੰਘ ਨਰੋਤਮ ਨੇ ਆਪਣੇ 'ਜਪੁ ਟੀਕੇ' ਵਿਚ 'ਮਾਯਾ' ਨੂੰ ਤਿੰਨਾਂ ਗੁਣਾਂ-ਰਜੋ (ਸੰਸਾਰੀ) ਸਤੋ(ਭੰਡਾਰੀ) ਤੇ ਤਮੋ (ਲਾਏ ਦੀਬਾਣੁ) ਨਾਲ ਯੁਕਤ ਦਸਿਆ ਹੈ।[1] ਗੁਰੂ ਨਾਨਕ ਦੇਵ ਅਨੁਸਾਰ ਮਾਇਆ ਤ੍ਰਿਗੁਣਾਤਮਕ ਹੈ। ਆਰੰਭ ਵਿਚ ਕੇਵਲ ਨਿਰਗੁਣ ਬ੍ਰਹਮ ਹੀ ਸੀ ਤੇ ਹੋਰ ਕੁਝ ਵੀ ਨਹੀਂ ਸੀ। ਉਸ ਨੇ ਆਪ ਹੀ ਤ੍ਰਿਗੁਣ ਗੁਣ — ਰਜੋ, ਸਤੋ, ਤਮੋ ਬਣਾਏ ਤੇ ਉਨ੍ਹਾਂ ਦੇ ਰਾਹੀਂ ਮਾਇਆ ਦਾ ਮੋਹ ਖਿਲਾਰ ਕੇ ਉਸ ਵਿਚ ਸਾਰੇ ਜਗਤ ਨੂੰ ਬੰਨ੍ਹ ਦਿਤਾ :-

"ਤ੍ਰੈਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ।"[2]

ਗੁਰੂ ਅਰਜਨ ਸਾਹਿਬ ਨੇ ਵੀ ਕਿਹਾ ਹੈ ਕਿ ਬ੍ਰਹਮ ਨੇ ਤ੍ਰਿਗੁਣੀ ਮਾਇਆ ਦੀ ਰਚਨਾ ਕੀਤੀ ਹੈ, ਇਸ ਤੋਂ ਕਿਵੇਂ ਬਚ ਕੇ ਪਾਰ ਹੋਵੀਏ :-

"ਤ੍ਰੈਗੁਣ ਮਾਇਆ ਬ੍ਰਹਮ ਕੀ ਕੀਨੀ
ਕਹਹੁ ਕਵਨ ਬਿਧਿ ਤਰੀਐ ਰੇ।"[3]

ਗੁਰੂ ਅਮਰਦਾਸ ਜੀ ਮਾਇਆ ਦਾ ਸਰੂਪ ਹੀ ਇਹੋ ਦਸਦੇ ਹਨ ਕਿ ਜੀਵ ਸਰੀਰ ਦੇ ਦੁੱਖਾਂ ਸੁੱਖਾਂ ਵਿਚ ਬੱਧਾ ਹੋਇਆ ਹੈ ਤੇ ਹਉਮੈਂ ਵਿਚ ਕਰਮ ਕਮਾਂਦਾ ਹੈ :-

"ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ।
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ।"[4]

ਮਾਇਆ ਅਜਿਹੀ ਸ਼ਕਤੀ ਹੈ ਜਿਹੜੀ ਬਿਨਾਂ ਦੰਦਾਂ ਦੇ ਸਾਰੇ ਸੰਸਾਰ ਨੂੰ ਖਾਂਦੀ ਹੈ :-

---

1. ਟੀਕਾ ਗੁਰਭਾਵ ਦੀਪਕਾ, ਪੰ:211.
2. ਆਦਿ ਗ੍ਰੰਥ, ਪੰ:1237.
3. ਓਹੀ, ਪੰ: 404.
4. ਓਹੀ, ਪੰ: 67.

"ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ।"[1]

ਇਹ ਮਾਇਆ ਦਾ ਪ੍ਰਭਾਵ ਹੀ ਹੈ ਜਿਸ ਕਾਰਣ ਮਨੁੱਖ ਪਹਿਲਾਂ ਦਾਤਾਂ ਮੰਗਦਾ ਹੈ ਅਤੇ ਫਿਰ ਉਨ੍ਹਾਂ ਨੂੰ ਪ੍ਰਾਪਤ ਕਰ ਕੇ ਮੁਨਕਰ ਹੋ ਜਾਂਦਾ ਹੈ ਤੇ ਦਾਤਾਰ ਨੂੰ ਵਿਸਾਰ ਦਿੰਦਾ ਹੈ:-

"ਕੇਤੇ ਲੈ ਲੈ ਮੁਕਰੁ ਪਾਹਿ। ਕੇਤੇ ਮੂਰਖ ਖਾਹੀ ਖਾਹਿ।"
—(ਪਉੜੀ-25)

ਸ਼ੰਕਰਾਚਾਰੀਆ ਨੇ ਮਾਇਆ ਨੂੰ 'ਸ਼ਕਤੀ' ਅਥਵਾ ਪ੍ਰਕ੍ਰਿਤੀ ਦਾ ਨਾਂ ਦਿੱਤਾ ਹੈ। ਗੁਰੂ ਨਾਨਕ ਨੇ 'ਮਾਇਆ' ਨੂੰ 'ਕੁਦਰਤ' ਦਾ ਨਾਂ ਦਿੱਤਾ ਹੈ। ਪਰਮਾਤਮਾ ਦੀ ਕੁਦਰਤ, ਸ਼ਕਤੀ, ਪ੍ਰਕ੍ਰਿਤੀ ਜਾਂ ਮਾਇਆ ਦਾ ਕਥਨ ਨਹੀਂ ਹੋ ਸਕਦਾ। ਵਿਸਮਾਦੀ ਅਵਸਥਾ ਵਿਚ ਕੇਵਲ ਉਸ ਤੋਂ ਸਦਕੇ ਹੀ ਜਾਇਆ ਜਾ ਸਕਦਾ ਹੈ:-

"ਕੁਦਰਤਿ ਕਵਣ ਕਹਾ ਵੀਚਾਰੁ। ਵਾਰਿਆ ਨਾ ਜਾਵਾ ਏਕ ਵਾਰ।"
— (ਪਉੜੀ-16)

ਆਪਣੀ ਕੁਦਰਤ ਦੀ ਬੇਅੰਤਤਾ ਨੂੰ ਤਾਂ ਉਹ ਪ੍ਰਭੂ ਆਪ ਹੀ ਜਾਣਦਾ ਹੈ:-

"ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।"[2]

ਡਾ: ਧਰਮਪਾਲ ਮੈਣੀ ਅਨੁਸਾਰ "ਗੁਰੂ ਨਾਨਕ ਨੇ ਵੀ ਵੇਦਾਂਤਾਚਾਰੀਆ ਵਾਂਗ ਜਗਤ ਸਿਰਜਨ ਕਰਨ ਵਾਲੀ ਸ਼ਕਤੀ ਦੇ ਅਰਥ ਵਿਚ ਪ੍ਰਕ੍ਰਿਤੀ ਦੇ ਥਾਂ ਤੇ ਆਮ ਤੌਰ ਤੇ 'ਕੁਦਰਤਿ' ਸ਼ਬਦ ਦਾ ਪ੍ਰਯੋਗ ਕੀਤਾ ਹੈ ਤੇ ਜੀਵਾਂ ਨੂੰ ਮੋਹਣ ਵਾਲੀ ਸ਼ਕਤੀ ਦੇ ਅਰਥ ਵਿਚ 'ਮਾਇਆ ਦਾ[3]

ਗੁਰੂ ਨਾਨਕ ਸਾਹਿਬ ਨੇ ਮਾਇਆ ਦੀ ਸ਼ਕਤੀ ਬਾਰੇ ਕਿਹਾ ਹੈ ਕਿ ਇਹ ਜਗਤ, ਸੂਤ ਦੇ ਧਾਗੇ ਵਾਂਗ ਹੈ ਜਿਸ ਨੂੰ ਹਰ ਪਾਸਿਉਂ ਮਾਇਆ ਨੇ ਬੰਨ੍ਹ ਛਡਿਆ ਹੈ। ਗੁਰੂ ਤੋਂ ਬਿਨਾਂ ਇਹ ਗੰਢਾਂ ਨਹੀਂ ਖੁਲ੍ਹਦੀਆਂ ਭਾਵੇਂ ਮਨੁੱਖ ਕਰਮ ਕਰ ਕਰ ਕੇ ਥਕ ਚੁੱਕੇ ਹਨ:-

1. ਆਦਿ ਗ੍ਰੰਥ, ਪੰ:643.
2. ਓਹੀ, ਪੰ: 53.
3. ਗੁਰੂ ਜੀ ਦੀ ਮਾਇਆ ਸੰਬੰਧੀ ਧਾਰਣਾ, ਪੰ:117, ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969.

"ਇਹੁ ਜਗੁ ਤਾਗੋ ਸੂਤਕੋ ਭਾਈ ਦਹਦਿਸ ਬਾਧੋ ਮਾਇ।
ਬਿਨ ਗੁਰ ਗਾਂਠ ਨ ਛੂਟਈ ਭਾਈ ਥਾਕੇ ਕਰਮ ਕਮਾਇ।"[1]

ਜਪੁਜੀ ਵਿਚ ਕਿਹਾ ਹੈ ਕਿ ਬ੍ਰਹਮ ਨੇ ਹੀ ਅਨੇਕਾਂ ਰੰਗਾਂ ਦੀ ਅਤੇ ਅਨੇਕਾਂ ਜਿਨਸਾਂ ਦੀ ਮਾਇਆ ਪੈਦਾ ਕੀਤੀ ਹੈ :-

"ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।"
— (ਪਉੜੀ-27)

ਗੁਰਬਾਣੀ ਵਿਚ ਮਾਇਆ ਦੇ ਕਈ ਰੂਪ ਹਨ :-

"ਮਾਇਆ ਮਮਤਾ ਹੈ ਬਹੁਰੰਗੀ।"[2]

ਮਾਇਆ ਇਕ ਸਪਣੀ ਦੀ ਨਿਆਈਂ ਹੈ ਜਿਸ ਨੇ ਜੀਵ ਨੂੰ ਵਸ ਵਿਚ ਕੀਤਾ ਹੋਇਆ ਹੈ :-

"ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ।
ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ।"[3]

ਮਾਇਆ ਨੂੰ ਇਕ ਬੁਰੀ ਸੱਸ ਦੇ ਪ੍ਰਤੀਕ ਰਾਹੀਂ ਚਿਤਰਿਆ ਹੈ ਜਿਹੜੀ ਕਿ ਜੀਵ ਰੂਪੀ ਇਸਤ੍ਰੀ ਨੂੰ ਪ੍ਰਭੂ ਪ੍ਰੀਤਮ ਨਾਲ ਮਿਲਣ ਨਹੀਂ ਦਿੰਦੀ :-

"ਸਾਸੁ ਬੁਰੀ ਘਰਿ ਵਾਸੁ ਨ ਦੇਵੈ
ਪਿਰ ਸਿਉ ਮਿਲਣ ਨ ਦੇਇ ਬੁਰੀ।"[4]

ਮਾਇਆ ਨੂੰ ਧਨ-ਦੌਲਤ ਨਾਲ ਬੜਾ ਗੂੜ੍ਹਾ ਸੰਬੰਧ ਹੈ। ਗੁਰਬਾਣੀ ਵਿਚ ਮਾਇਆਧਾਰੀ ਅਥਵਾ ਪੂੰਜੀਪਤੀ ਨੂੰ ਅੰਨ੍ਹਾ ਤੇ ਬੋਲਾ ਕਿਹਾ ਹੈ :-

"ਮਾਇਆਧਾਰੀ ਅਤਿ ਅੰਨਾ ਬੋਲਾ।"[5]

---

1. ਆਦਿ ਗ੍ਰੰਥ, ਪੰ:635.
2. ਓਹੀ, ਪੰ:1342.
3. ਓਹੀ, ਪੰ: 63.
4. ਓਹੀ, ਪੰ:355.
5. ਓਹੀ, ਪੰ:313.

ਧਨ-ਦੌਲਤ ਇਕੱਠੀ ਕਰਨ ਵਾਲਿਆਂ ਸੰਬੰਧੀ 'ਜਪੁਜੀ' ਵਿਚ ਕਿਹਾ ਹੈ ਕਿ ਪਾਰਬ੍ਰਹਮ ਦੀ ਹਜ਼ੂਰ ਵਿਚ ਇਸ ਦੀ ਕੀੜੀ ਜਿੰਨਾ ਵੀ ਮੁੱਲ ਨਹੀਂ ਹੈ :-

"ਸਮੁਦਿ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ।
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ।"
— (ਪਉੜੀ-23)

ਮਾਇਆ ਸਮਰਥ ਮਨ ਨੂੰ ਵੀ ਆਪਣੀ ਲਪੇਟ ਵਿਚ ਲੈ ਲੈਂਦੀ ਹੈ, ਜਦੋਂ ਉਹ ਆਪਣਾ ਰਾਹ ਭੁਲਦਾ ਹੈ :-

"ਮਨੁ ਭੂਲੋ ਮਾਇਆ ਘਰਿ ਜਾਇ।"[1]

ਜਿਸ ਨੇ ਮਨ ਨੂੰ ਵਸ ਕਰ ਲਿਆ ਹੈ, ਉਸ ਨੇ ਮਾਇਆ ਤੇ ਵੀ ਜਿੱਤ ਪ੍ਰਾਪਤ ਕਰ ਲਈ ਹੈ। ਇਸੇ ਲਈ 'ਜਪੁਜੀ' ਵਿਚ ਕਿਹਾ ਹੈ :-

"ਮਨਿ ਜੀਤੈ ਜਗੁ ਜੀਤੁ।"
—(ਪਉੜੀ-28)

ਮਾਇਆ ਕਾਰਣ ਮਨ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਵਸ ਪੈ ਜਾਂਦਾ ਹੈ। ਇਨ੍ਹਾਂ ਪੰਜਾਂ ਦੂਤਾਂ ਦੇ ਵਸ ਪਈ ਹੋਈ ਜੀਵਾਤਮਾ ਬ੍ਰਹਮ ਨੂੰ ਭੁਲ ਕੇ ਸੰਸਾਰਕ ਰਸਾਂ-ਸੁਆਦਾਂ ਵਿਚ ਮੁਗਧ ਹੋ ਜਾਂਦੀ ਹੈ ਅਤੇ ਦੁਖ ਪਾਉਂਦੀ ਹੈ :-

"ਮਾਇਆ ਕਾਰਣਿ ਪਿੜ ਬੰਧਿ ਨਾਚੈ
ਦੂਜੈ ਭਾਇ ਦੁਖੁ ਪਾਵਣਿਆ।"[2]

ਇਹ ਮਾਇਆ ਇਤਨੀ ਸ਼ਕਤੀਸ਼ਾਲੀ ਹੈ ਕਿ ਬ੍ਰਹਮ ਤੋਂ ਛੁੱਟ ਹੋਰ ਕੋਈ ਇਸ ਨੂੰ ਨਹੀਂ ਸਮਝ ਸਕਦਾ :-

"ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੈ ਜਗੁ।"[3]

---

1. ਆਦਿ ਗ੍ਰੰਥ, ਪੰ:1222.
2. ਉਹੀ, ਪੰ:122.
3. ਉਹੀ, ਪੰ:1937.

ਮਨੁੱਖ ਤੇ ਕੀ ਇਸ ਮਾਇਆ ਨੇ ਤਾਂ ਦੇਵੀ ਦੇਵਤਿਆਂ ਨੂੰ ਵੀ ਮੋਹਿਤ ਕੀਤਾ ਹੋਇਆ ਹੈ :-

"ਮਾਇਆ ਮੋਹੇ ਦੇਵੀ ਸਭਿ ਦੇਵਾ।"[1]

ਮਾਇਆ ਤੋਂ ਮੁਕਤੀ ਦੇ ਸਾਧਨ —

ਉਪਰੋਕਤ ਲੱਛਣਾਂ ਵਾਲੀ ਮਾਇਆ ਤੋਂ ਛੁਟਕਾਰਾ ਕਿਵੇਂ ਹੋ ਸਕਦਾ ਹੈ? ਆਦਿ ਗ੍ਰੰਥ ਵਿਚ ਇਸ ਮਾਇਆ-ਮੋਹਿਣੀ ਤੋਂ ਮੁਕਤ ਹੋਣ ਲਈ ਸਤਿਗੁਰੂ ਦੀ ਪ੍ਰਾਪਤੀ ਅਤੇ ਉਸ ਦੇ ਦੱਸੇ ਹੋਏ ਮਾਰਗ ਤੇ ਚਲਦਿਆਂ ਹੋਇਆਂ ਨਾਮ ਅਤੇ ਸ਼ਬਦ ਦੀ ਸਾਧਨਾ ਦਸਿਆ ਹੈ :-

"ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ।
ਨਾ ਓਹ ਮਾਰੀ ਨ ਮਰੈ ਨਾ ਓਹ ਹਟਿ ਵਿਕਾਇ।
ਗੁਰ ਕੈ ਸਬਦਿ ਪਰਜਾਲੀਐ ਤਾ ਓਹ ਵਿਚਹੁ ਜਾਇ।
ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ।
ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ।"[2]

ਅਜਿਹੇ ਸ਼ਬਦ ਦੀ ਹੀ ਸ਼ਕਤੀ ਹੈ ਜਿਹੜਾ ਮਾਇਆ ਨੂੰ ਜਲਾ ਕੇ ਭਸਮ ਕਰ ਦਿੰਦਾ ਹੈ ਤੇ ਉਸੇ ਦੇ ਧਿਆਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ :-

"ਮਾਇਆ ਮੋਹੁ ਗੁਰਸਬਦਿ ਜਲਾਏ।
ਨਿਰਮਲ ਨਾਮੁ ਸਦ ਹਿਰਦੈ ਧਿਆਏ।"[3]

'ਜਪੁਜੀ' ਵਿਚ ਦਸਿਆ ਹੈ ਕਿ ਉਸ ਪਾਰਬ੍ਰਹਮ ਦੇ ਹੁਕਮ ਵਿਚ ਰਹਿਣ ਨਾਲ ਹੀ ਮਾਇਆ ਦੇ ਫੰਦੇ ਤੋਂ ਛੁਟਕਾਰਾ ਮਿਲ ਸਕਦਾ ਹੈ। ਮਾਇਆ ਇਕ 'ਪਰਦਾ' ਹੈ ਜੋ ਬ੍ਰਹਮ ਤੇ ਸ੍ਰਿਸ਼ਟੀ ਵਿਚਕਾਰ ਇਕ ਦੀਵਾਰ ਦੀ ਨਿਆਈਂ ਹੈ। ਗੁਰੂ ਸਾਹਿਬ ਨੇ ਇਸ ਨੂੰ 'ਕੂੜ ਦੀ ਪਾਲ' ਕਿਹਾ ਹੈ ਜਿਸ ਨੂੰ ਦੂਰ ਕਰਕੇ ਮਨੁੱਖ 'ਸਚਿਆਰਾ' ਹੋ ਸਕਦਾ ਹੈ :-

---

1. ਆਦਿ ਗ੍ਰੰਥ, ਪੰ:227.
2. ਓਹੀ, ਪੰ:853.
3. ਓਹੀ, ਪੰ:1412.

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।"
—(ਪਉੜੀ-1)

## (ਸ) ਕਰਤਾ-ਸ੍ਰਿਸ਼ਟੀ ਦਾ ਸੰਕਲਪ

ਜਪੁਜੀ ਦੇ ਮੂਲ ਮੰਤਰ ਵਿਚ ਗੁਰੂ ਨਾਨਕ ਨੇ ਬ੍ਰਹਮ ਨੂੰ 'ਕਰਤਾ ਪੁਰਖੁ' ਕਿਹਾ ਹੈ ਜੋ ਕਿ ਉਨ੍ਹਾਂ ਦੇ ਮੱਤ ਨੂੰ ਸਪਸ਼ਟ ਕਰਦਾ ਹੈ ਕਿ ਸੰਸਾਰ ਨੂੰ ਰਚਣ ਵਾਲਾ ਕਰਤਾ, ਪ੍ਰਭੂ ਆਪ ਹੀ ਹੈ। ਬਹੁਤ ਰੰਗ ਬਰੰਗੀ ਅਤੇ ਅਨੇਕ ਪ੍ਰਕਾਰ ਦੀ ਰਚਨਾ ਉਸ ਤੋਂ ਹੀ ਹੋਈ ਹੈ :-

"ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।"
— (ਜਪੁਜੀ-27)

"ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।"[1]

"ਤੁਧੁ ਸੰਸਾਰੁ ਉਪਾਇਆ। ਸਿਰੇ ਸਿਰਿ ਧੰਧੈ ਲਾਇਆ।"[2]

ਭਾਰਤੀ ਸਾਂਸਕ੍ਰਿਤਕ ਪਰੰਪਰਾ ਵਿਚ ਵੀ ਬ੍ਰਹਮ ਨੂੰ ਸਮੁੱਚੀ ਸ੍ਰਿਸ਼ਟੀ ਦਾ ਕਰਤਾ ਮੰਨਿਆ ਗਿਆ ਹੈ। ਉਸ ਦੀ ਇੱਛਾ ਅਨੁਸਾਰ ਹੀ ਸ੍ਰਿਸ਼ਟੀ ਹੋਂਦ ਵਿਚ ਆਉਂਦੀ ਹੈ ਅਤੇ ਉਸੇ ਦੀ ਇੱਛਾ ਨਾਲ ਹੀ ਆਪਣੇ ਮੂਲ ਸ੍ਰੋਤ ਬ੍ਰਹਮ ਵਿਚ ਲੀਨ ਹੋ ਜਾਂਦੀ ਹੈ। ਇਸੇ ਇੱਛਾ ਦੀ ਚਰਚਾ ਈਸਾਈ-ਪੰਥ ਦੀ ਪੁਸਤਕ ਬਾਈਬਲ ਵਿਚ ਹੋਈ ਹੈ।[3] ਇਸੇ ਤਰ੍ਹਾਂ "ਸੂਫ਼ੀ ਦ੍ਰਿਸ਼ਟੀਕੋਣ ਵੀ ਖ਼ੁਦਾ ਦੀ ਇੱਛਾ ਦੇ ਫਲਸਰੂਪ ਇਸ ਸ੍ਰਿਸ਼ਟੀ ਦੀ ਰਚਨਾ ਸਵੀਕਾਰ ਕਰਦਾ ਹੈ। ਖ਼ੁਦਾ ਨੇ ਕਿਹਾ 'ਕੁਨ' (ਹੋ ਜਾ) ਤੇ ਪਰਿਣਾਮ ਸੀ 'ਫ਼ੀਐਕੂਨ' ( ਹੋ ਗਈ)। ਕੁਰਾਨ (30:11) ਨੇ ਵੀ ਖ਼ੁਦਾ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਿਆ ਹੈ।"[4]

---

1. ਆਦਿ ਗ੍ਰੰਥ, ਪੰ:138.
2. ਉਹੀ, ਪੰ: 71.
3. There was none but God. God said let there be light and there was light. (Bible ).
4. ਹਵਾਲਾ, ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਇਕ ਸਾਂਸਕ੍ਰਿਤਿਕ ਸਰਵੇਖਣ, ਪੰ:329.

"ਗੁਰੂ ਨਾਨਕ ਸਾਹਿਬ ਪ੍ਰਭੂ ਨੂੰ ਸ੍ਰਿਸ਼ਟੀ ਦਾ ਕਰਤਾ ਤੇ ਕਾਰਣ ਦੋਵੇਂ ਮੰਨਦੇ ਹਨ। ਉਹ ਪ੍ਰਭੂ ਨੂੰ ਸ੍ਰਿਸ਼ਟੀ ਦਾ ਨਿਮਿਤ ਅਤੇ ਉਪਾਦਾਨ ਕਾਰਣ ਮੰਨਦੇ ਹਨ। ਇਸ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੋਈ ਕਾਰਣ ਸਵੀਕਾਰ ਨਹੀਂ"[1]:-

"ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ।"[2]

ਗੁਰੂ ਅਰਜਨ ਦੇਵ ਦਾ ਕਥਨ ਹੈ :-

"ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ।"[3]

ਇਥੇ ਗੁਰੂ ਨਾਨਕ ਸਾਹਿਬ ਸ੍ਰਿਸ਼ਟੀ ਰਚਨਾ ਸੰਬੰਧੀ ਸਾਂਖ ਮੱਤ ਨਾਲ ਸਹਿਮਤ ਨਹੀਂ। ਸਾਂਖਵਾਦੀ ਪ੍ਰਕ੍ਰਿਤੀ ਅਤੇ ਪੁਰਸ਼ (spirit ) ਦੋਹਾਂ ਨੂੰ ਅਨਾਦੀ ਮੰਨਦੇ ਹਨ ਅਤੇ ਸ੍ਰਿਸ਼ਟੀ ਰਚਨਾ ਦਾ ਮੂਲ ਕਾਰਣ ਪੁਰਖ ਅਤੇ ਪ੍ਰਕ੍ਰਿਤੀ ਦੇ ਸੰਜੋਗ ਤੋਂ ਮੰਨਦੇ ਹਨ। ਗੁਰੂ ਨਾਨਕ ਨੇ ਪ੍ਰਕ੍ਰਿਤੀ ਨੂੰ ਅਨਾਦੀ ਨਹੀਂ ਮੰਨਿਆ ਅਤੇ ਕੇਵਲ ਪ੍ਰਭੂ ਨੂੰ ਸ੍ਰਿਸ਼ਟੀ ਦਾ ਮੂਲ ਕਾਰਣ ਸਵੀਕਾਰ ਕੀਤਾ ਹੈ। ਸਾਂਖ ਸ਼ਾਸਤ੍ਰ ਨਾਲ ਸਿਖ ਧਰਮ ਦਾ ਇਹ ਬੁਨਿਆਦੀ ਅੰਤਰ ਹੈ। ਜਿਥੇ ਸਾਂਖ ਸ਼ਾਸਤ੍ਰ ਦਵੈਤਵਾਦ ਦਾ ਹਾਮੀ ਹੈ, ਉਥੇ ਗੁਰੂ ਨਾਨਕ ਅਦਵੈਤਵਾਦ ਦੇ ਸਮਰਥਕ ਹਨ। ਉਨ੍ਹਾਂ ਅਨੁਸਾਰ ਪ੍ਰਕ੍ਰਿਤੀ ਪੁਰਖ ਅਧੀਨ ਹੈ ਅਤੇ ਪੁਰਖ ਦੀ ਕਾਰਵਾਈ ਵਿਚ ਕੋਈ ਊਣਤਾਈ ਨਹੀਂ ਕਿਉਂਕਿ ਉਹ ਅਭੁਲ ਹੈ :-

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ।"[4]

"ਜਪੁਜੀ ਅਤੇ ਸਮੁੱਚੀ ਗੁਰਬਾਣੀ ਦਾ ਵਿਚਾਰ ਹੈ ਕਿ ਪ੍ਰਕ੍ਰਿਤੀ ਕੋਈ ਸੁਤੰਤਰ ਹਸਤੀ ਨਹੀਂ। ਅਨਾਦੀ ਵੀ ਕੇਵਲ ਪਰਮਾਤਮਾ ਹੀ ਹੈ। ਰੱਬ ਦੇ 'ਆਦਿ' ਹੋਣ ਤੋਂ ਸਿਧ ਹੁੰਦਾ ਹੈ ਕਿ ਲੋਕਾਂ ਨੇ ਜੋ ਪਰਮਾਤਮਾ ਦੇ ਨਾਲ ਨਾਲ ਜੀਵ ਅਤੇ ਪ੍ਰਕ੍ਰਿਤੀ ਨੂੰ ਵੀ ਅਨਾਦਿ ਮੰਨਿਆ ਹੋਇਆ ਸੀ, ਉਹ ਠੀਕ ਨਹੀਂ ਕਿਉਂਕਿ ਕਦੀ ਉਹ ਵੀ ਹਾਲਤ ਸੀ ਜਦੋਂ ਰੱਬ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ ਸੀ।"[5] "ਕਈ ਮੱਤ

---

1. ਡਾ: ਜਯ ਰਾਮ ਮਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰ: 101.
2. ਆਦਿ ਗ੍ਰੰਥ, ਪੰ: 463.
3. ਉਹੀ, ਪੰ: 276.
4. ਉਹੀ, ਪੰ: 61.
5. ਪ੍ਰਿੰ: ਤੇਜਾ ਸਿੰਘ ਜਪੁਜੀ ਸਟੀਕ, ਪੰ: 172.

ਇਹ ਮੰਨਦੇ ਹਨ ਕਿ ਸੰਸਾਰ ਦੀ ਖੇਡ ਇਕ ਅਨਾਦੀ ਪਰਵਾਹ ਹੈ --- ਉਹ ਸ੍ਰਿਸ਼ਟੀ ਦਾ ਨਾ ਆਦਿ ਮੰਨਦੇ ਹਨ, ਨਾ ਅੰਤ। ਗੁਰਮਤਿ ਦਾ ਇਹ ਸਿਧਾਂਤ ਨਹੀਂ।"[1]

ਸ੍ਰਿਸ਼ਟੀ ਤੋਂ ਪੂਰਬ ਅਵਸਥਾ –

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਗੁਰੂ ਨਾਨਕ ਦੇਵ ਅਨੁਸਾਰ ਨਿਰਗੁਣ ਅਵਸਥਾ ਵਿਚ ਕੇਵਲ 'ਬ੍ਰਹਮ' ਹੀ ਸੀ। ਅਰਬਾਂ ਖਰਬਾਂ ਸਾਲ ਉਹ ਬ੍ਰਹਮ ਇਕੱਲਾ ਸੁੰਨ ਅਵਸਥਾ/ ਅਫੁਰ ਅਵਸਥਾ ਵਿਚ ਰਿਹਾ :-

"ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।੧।
ਖਾਣੀ ਨ ਬਾਣੀ ਪਉਣ ਨ ਪਾਣੀ। ਓਪਤਿ ਖਪਤਿ ਨ ਆਵਣ ਜਾਣੀ।
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ ।2।
ਨਾ ਤਦਿ ਸੁਰਗੁ ਮਛੁ ਪਇਆਲਾ। ਦੋਜਕੁ ਭਿਸਤੁ ਨਹੀਂ ਖੈ ਕਾਲਾ।
ਨਰਕੁ ਸੁਰਗੁ ਨਹੀਂ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ।"3।[2]

"ਰਿਗ ਵੇਦ (ਮੰਡਲ 10, ਮੰਤਰ 129, ਨਾਸਦੀਯ ਮੰਤਰ, ਰਿਚਾ ਪਹਿਲੀ) ਵਿਚ ਸ੍ਰਿਸ਼ਟੀ ਰਚਨਾ ਤੋਂ ਪੂਰਬ ਦੀ ਅਵਸਥਾ ਸੰਬੰਧੀ ਲਿਖਿਆ ਹੈ ਕਿ ਉਦੋਂ ਅਰਥਾਤ ਸਰਬ ਪ੍ਰਥਮ ਨਾ ਸਤਿ ਸੀ ਅਤੇ ਨਾ ਹੀ ਅਸਤਿ ਸੀ। ਨਾ ਵਾਯੂਮੰਡਲ ਸੀ ਅਤੇ ਨਾ ਹੀ ਉਸ ਤੋਂ ਪਰ੍ਹੇ ਕੋਈ ਆਕਾਸ਼ ਸੀ ਭਾਵ ਦ੍ਰਿਸ਼ਟਮਾਨ ਸ੍ਰਿਸ਼ਟੀ ਹੀ ਨਹੀਂ ਸੀ। ਰਾਤ ਦਿਨ ਦੇ ਭੇਦ ਨੂੰ ਸਮਝਣ ਦਾ ਕੋਈ ਸਾਧਨ ਵੀ ਨਹੀਂ ਸੀ ਪਰੰਤੂ ਜੋ ਕੁਝ ਸੀ ਸਭ ਆਕਾਰ ਰਹਿਤ ਅਵਸਥਾ ਸੁੰਨ ਸੀ। ਮਨੁਸਿਮ੍ਰਿਤੀ ਦੇ ਪਹਿਲੇ ਅਧਿਆਇ ਦੇ ਪੰਜਵੇਂ ਸਲੋਕ ਵਿਚ ਵੀ ਇਹੋ ਲਿਖਿਆ ਹੈ।"[3]

ਸ੍ਰਿਸ਼ਟੀ ਰਚਨਾ ਤੋਂ ਪਹਿਲੀ ਹਾਲਤ ਸੰਬੰਧੀ ਹੋਰਨਾਂ ਮੱਤਾਂ ਵਿਚ ਭੀ ਅਜਿਹੇ ਹੀ ਖਿਆਲ ਆਏ ਹਨ। ਬਾਈਬਲ ਵਿਚ ਲਿਖਿਆ ਹੈ ਕਿ "ਤਦੋਂ ਸ੍ਰਿਸ਼ਟੀ ਦੀ ਕੋਈ ਹੋਂਦ ਨਹੀਂ ਸੀ ਅਤੇ ਸੁੰਨ ਤੇ ਕਠੋਰ ਧੁੰਧ ਘੋਰ ਪ੍ਰਧਾਨ ਸੀ।" ਦਾਊਦ ਨੇ ਪੁਛਿਆ ਰੱਬ ਨੂੰ: ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਰਚਨਹਾਰ ਤੂੰ ਕਿਥੇ ਸੈਂ? ਰਬ ਨੇ ਉੱਤਰ ਦਿੱਤਾ, "ਮੈਂ ਤਦੋਂ ਗੁਪਤ ਸਾਂ, ਮੈਂ ਜਾਣਿਆ ਜਾਣ ਦੀ ਇੱਛਾ ਕੀਤੀ ਤੇ

---

1. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰ:24.
2. ਆਦਿ ਗ੍ਰੰਥ, ਪੰ:1035.
3. ਹਵਾਲਾ, ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਿਕ ਸਰਵੇਖਣ, ਪੰ:328.

ਇਹ ਸ੍ਰਿਸ਼ਟੀ ਰਚ ਦਿੱਤੀ।" ਏਸੇ ਤਰ੍ਹਾਂ ਕੁਰਾਨ ਸ਼ਰੀਫ਼ ਵਿਚ ਹੈ, ਕਿ ਕਿਸੇ ਨੇ ਪੈਗੰਬਰ ਨੂੰ ਪੁਛਿਆ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਰੱਬ ਕਿੱਥੇ ਸੀ? ਉੱਤਰ ਮਿਲਿਆ ਕਿ "ਉਹ ਇਕ ਧੁੰਦ (ਬੱਦਲ) ਵਿਚ ਸੀ ਜਿਸ ਦੇ ਨਾ ਹੇਠਾਂ ਕੋਈ ਹਵਾ ਸੀ ਅਤੇ ਨਾ ਉਪਰ" ਕੁਝ ਅਜਿਹੇ ਹੀ ਖਿਆਲ ਚੀਨੀ ਮੱਤਾਂ ਤੇ ਹੋਰ ਮੱਤਾਂ ਵਾਲਿਆਂ ਦਰਸਾਏ ਸਨ।[1]

'ਸਿਧ ਗੋਸਟਿ' ਵਿਚ ਸਿਧਾਂ ਨੇ ਗੁਰੂ ਨਾਨਕ ਤੋਂ ਰਚਨਾ ਦੇ ਆਰੰਭ ਬਾਰੇ ਪ੍ਰਸ਼ਨ ਕੀਤੇ ਕਿ ਉਸ ਵੇਲੇ 'ਅਫੁਰ ਨਿਰੰਕਾਰ' ਕਿੱਥੇ ਵਸਦਾ ਸੀ:-

"ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।"[2]

ਗੁਰੂ ਜੀ ਨੇ ਉੱਤਰ ਵਜੋਂ ਕਿਹਾ ਕਿ (ਤਦੋਂ ਵਾਹਿਗੁਰੂ ਨਿਰਗੁਣ ਰੂਪ ਵਿਚ ਹੋਣ ਕਰਕੇ) ਵਿਸਮਾਦ ਸੀ ਅਤੇ ਨਿਰੰਤਰ ਅਫੁਰ ਅਵਸਥਾ ਵਿਚ ਵਿਆਪਕ ਸੀ:-

"ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ।"[3]

ਪਹਿਲਾਂ 'ਸੁੰਨ ਸਮਾਧਿ' ਬ੍ਰਹਮ ਨੇ ਆਪਣੇ ਆਪ ਨੂੰ ਸਾਜਿਆ ਫਿਰ ਉਸ ਤੋਂ ਸਰਗੁਣ ਨਾਮ ਹੋਇਆ ਤੇ ਸ੍ਰਿਸ਼ਟੀ ਸਾਜੀ ਗਈ:-

"ਆਪੀਨ੍ਹੈ ਆਪੁ ਸਾਜਿ ਆਪੁ ਪਛਾਣਿਆ।
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ।
ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ।
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ।
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ।"[4]

ਸ੍ਰਿਸ਼ਟੀ ਰਚਨਾ ਦਾ ਸਮਾਂ –

"ਸ੍ਰਿਸ਼ਟੀ ਦੀ ਰਚਨਾ ਸੰਬੰਧੀ ਹਿੰਦੂ ਮੰਨਦੇ ਹਨ ਕਿ ਇਕ ਅਰਬ, ਛਿਆਨਵੇ ਕਰੋੜ ਅੱਠ ਲੱਖ, ਤ੍ਰੀਆਂ ਹਜ਼ਾਰ ਵਰ੍ਹੇ ਹੋ ਗਏ ਹਨ। ਈਸਾਈ ਛੇ ਹਜ਼ਾਰ ਅਤੇ ਮੁਸਲਮਾਨ ਚੌਦਾਂ ਹਜ਼ਾਰ

1. ਹਵਾਲਾ, ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰ: 235- 232.
2. ਆਦਿ ਗ੍ਰੰਥ, ਪੰ: 940.
3. ਓਹੀ, ਪੰ: 940.
4. ਓਹੀ, ਪੰ: 1279.

ਵਰ੍ਹੇ ਇਸ ਸ੍ਰਿਸ਼ਟੀ ਨੂੰ ਬਣਿਆ ਦਸਦੇ ਹਨ। ਪਛਮੀ ਲੇਖਕਾਂ ਵਿਚੋਂ ਕਈਆਂ ਅਨੁਸਾਰ ਡੇਢ ਕਰੋੜ ਸਾਲ ਹੋਇਆ ਹੈ ਜਦ ਧਰਤੀ ਬਨਸਪਤੀ ਪੈਦਾ ਕਰਨ ਦੇ ਯੋਗ ਹੋਈ। ਪ੍ਰੋਫੈਸਰ ਕੇਲਨ ਦਾ ਖਿਆਲ ਹੈ ਕਿ ਸਤ ਕਰੋੜ ਸਾਲ ਇਸ ਨੂੰ ਬਣਿਆਂ ਹੋ ਗਏ ਹਨ। ਵਿਲੀਅਮ ਟਾਮਸ ਦਸ ਕਰੋੜ ਅਤੇ ਪ੍ਰੋਫੈਸਰ ਵਿਲਨਰ ਦੋ ਕਰੋੜ ਸਾਲ ਸ੍ਰਿਸ਼ਟੀ ਨੂੰ ਬਣਿਆਂ ਦਸਦੇ ਹਨ।"[1]

ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ, ਕਿਸ ਘੜੀ, ਥਿਤ ਜਾਂ ਵਾਰ ਨੂੰ ਹੋਈ? ਜਪੁਜੀ ਵਿਚ ਵੀ ਇਹ ਪ੍ਰਸ਼ਨ ਉਠਾਇਆ ਹੈ :-

"ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤ ਹੋਆ ਆਕਾਰੁ।"

—(ਪਉੜੀ-੨੧)

ਗੁਰੂ ਨਾਨਕ ਦੇਵ ਨੇ ਫਿਰ ਆਪ ਹੀ ਇਸ ਦਾ ਉੱਤਰ ਦਿੱਤਾ ਹੈ ਕਿ ਇਸ ਪ੍ਰਸ਼ਨ ਦਾ ਉੱਤਰ ਜਾਣਨਾ ਮਨੁੱਖ ਦੀ ਸਮਰਥਾ ਤੋਂ ਬਾਹਰ ਹੈ। ਉਸ ਸਮੇਂ ਨੂੰ ਨਾ ਤਾਂ ਪੰਡਤ ਜਾਣਦੇ ਹਨ ਤੇ ਨਾ ਇਸਲਾਮ ਦੇ ਕਾਜ਼ੀ ਹੀ ਜਾਣਦੇ ਹਨ। ਜੋਗੀ ਵੀ ਥਿਤ, ਵਾਰ, ਮਹੀਨਾ ਨਹੀਂ ਜਾਣਦੇ। ਇਹ ਤਾਂ ਕੇਵਲ ਪਰਮਾਤਮਾ ਆਪ ਹੀ ਜਾਣਦਾ ਹੈ ਜਿਸ ਨੇ ਇਸ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ :-

"ਵੇਲਾ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"

—(ਪਉੜੀ-੨੧)

ਅਜਿਹੇ ਹੀ ਖਿਆਲ ਵੇਦਾਂ ਤੇ ਉਪਨਿਸ਼ਦਾਂ ਆਦਿ ਵਿਚ ਵੀ ਆਏ ਹਨ। ਵਾਸਤਵ ਵਿਚ ਕੋਈ ਅਜਿਹਾ ਸਾਧਨ ਨਹੀਂ ਜਿਸ ਨਾਲ ਕਿ ਪਤਾ ਲਗ ਸਕੇ ਕਿ ਸ੍ਰਿਸ਼ਟੀ ਰਚਨਾ ਕਿਵੇਂ ਹੋਂਦ ਵਿਚ ਆਉਂਦੀ ਹੈ।

---

1. ਗਿਆਨੀ ਪ੍ਰਤਾਪ ਸਿੰਘ, ਗੁਰਮਤਿ ਫਿਲਾਸਫੀ, ਪੰ:360, ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ, 1963.

ਸ੍ਰਿਸ਼ਟੀ ਦੀ ਉਤਪੱਤੀ –

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਦੀ ਉਤਪੱਤੀ ਪਰਮਾਤਮਾ ਦੇ 'ਹੁਕਮ' ਨਾਲ ਹੋਈ ਹੈ। 'ਹੁਕਮ' ਦਾ ਅਰਥ ਡਾ: ਸ਼ੇਰ ਸਿੰਘ ਨੇ ਈਸ਼ਵਰ ਦੀ ਇੱਛਾ( Divine Will ) ਕੀਤਾ ਹੈ।[1] ਪਰੰਤੂ ਡਾ: ਮੋਹਨ ਸਿੰਘ ਨੇ ਸ੍ਰਿਸ਼ਟੀ ਵਿਧਾਨ( Universal Order ) ਕੀਤਾ ਹੈ।[2] ਵਿਆਖਿਆ ਦੀ ਦ੍ਰਿਸ਼ਟੀ ਨਾਲ ਡਾ: ਮੋਹਨ ਸਿੰਘ ਦਾ ਅਰਥ ਵਧੇਰੇ ਢੁਕਦਾ ਹੈ। ਗੁਰੂ ਨਾਨਕ ਦੇਵ ਜਪੁਜੀ ਵਿਚ 'ਹੁਕਮ' ਨੂੰ ਹੀ ਸ੍ਰਿਸ਼ਟੀ ਦਾ ਮੂਲ ਕਾਰਣ ਮੰਨਦੇ ਹਨ :-

"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।"
–(ਪਉੜੀ-2)

ਸੋਢੀ ਮਿਹਰਬਾਨ ਅਨੁਸਾਰ "ਪਰਮੇਸੁਰ ਕੇ ਕਰਣੇ ਕੇ ਕੀਏ ਕਾ ਅੰਤੁ ਕੋਈ ਨਾਹੀ ਜਾਣਦਾ --- ਜਿਸਿ ਪੈਦਾਇਸ ਨੇ ਤਿਸ ਕਵਾਵ ਥੀਂ, ਕਈ ਲੋਅ, ਕਈ ਆਕਾਰ, ਆਕਾਸ, ਕਈ ਕਈ ਪਾਤਾਲ, ਕਈ ਲਖ ਦਰੀਆਵ। ਜਿਸ ਦੇ ਇਕਸੁ ਕਵਾਵ ਦਾ ਅੰਦਾਜੁ ਨਾਹੀਂ ਕੀਤਾ ਜਾਂਦਾ --- ਐਸੁ ਤੂ ਨਿਰੰਜਨ ਨਿਰੰਕਾਰ। ਜਿਸ ਦੀ ਏਹ ਕੁਦਰਤਿ ਹੈ। ਜਿਸ ਦਾ ਇਤਨਾ ਪਸਾਰਾ, ਇਕਸੁ ਕਵਾਵ ਦਾ ਹੈ, ਬ੍ਰਹਮੰਡ ਕੇ ਵਿਚੇ, ਤਿਸ ਦਾ ਕੋਈ ਸੁਮਾਰੁ ਕਰਿ ਨ ਸਕਈ।"[3] ਪਰਮਾਤਮਾ ਨੇ ਇਕੋ ਹੁਕਮ ਨਾਲ ਹੀ ਸਾਰਾ ਪਸਾਰਾ ਕਰ ਦਿੱਤਾ। ਉਸ ਦੇ ਹੁਕਮ ਨਾਲ ਹੀ ਜੀਵਨ ਦੇ ਦਰਿਆ ਵਗ ਤੁਰੇ :-

"ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰੀਆਉ।"
– (ਪਉੜੀ-16)

ਗੁਰੂ ਅਰਜਨ ਦੇਵ ਨੇ ਵੀ ਕਿਹਾ ਹੈ :-

---

1. ਡਾ: ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰ:235.
2. ਪੰਜਾਬੀ ਭਾਸ਼ਾ ਵਿਗਿਆਨ ਤੇ ਗੁਰਮਤਿ ਗਿਆਨ, ਪੰ:29.
3. ਸ੍ਰੀ 'ਜਪੁਜੀ' ਸਾਹਿਬ ਦਾ ਪਰਮਾਰਥ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੋਥੀ ਦੂਜੀ, ਪੰ:275.

"ਹੁਕਮੀ ਧਾਰਿ ਅਧਰ ਰਹਾਵੈ। ਹੁਕਮੇ ਉਪਜੈ ਹੁਕਮਿ ਸਮਾਵੈ।"[1]

ਗੁਰਬਾਣੀ ਵਿਚ ਸ੍ਰਿਸ਼ਟੀ-ਤੱਤ ਲਈ ਆਕਾਰ, ਸ੍ਰਿਸ਼ਟੀ, ਸਿਰਠਿ, ਸਿਰਠੀ, ਸੰਸਾਰ, ਸੰਸਾਰਾ, ਕੁਦਰਤ, ਖਲਕਤ, ਜਗ, ਜਗਤ, ਦੁਨੀਆ, ਪਸਾਉ, ਪਸਾਰਾ, ਪਰਪੰਚ, ਬ੍ਰਹਮੰਡ, ਰਚਨ, ਮਾਇਆ, ਰਚਨਾ ਆਦਿ ਸ਼ਬਦ ਵਰਤੇ ਮਿਲਦੇ ਹਨ ਜਿਨ੍ਹਾਂ ਵਿਚੋਂ ਸਿਰਠਿ, ਸਿਰਠੀ, ਪਸਾਉ, ਆਕਾਰ ਰਚਨਾ, ਮਾਇਆ, ਜਗਤ ਆਦਿ ਸ਼ਬਦਾਂ ਦਾ ਪ੍ਰਯੋਗ ਜਪੁਜੀ ਵਿਚ ਹੋਇਆ ਹੈ :-

ਸਿਰਠਿ: "ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।" – (ਪਉੜੀ-6)
ਪਸਾਉ: "ਕੀਤਾ ਪਸਾਉ ਏਕੋ ਕਵਾਉ।" – (ਪਉੜੀ-16)
ਸਿਰਠੀ: "ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।" – (ਪਉੜੀ-21)
ਆਕਾਰ: "ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।" – (ਪਉੜੀ-2)
"ਕਵਣੁ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।" – (ਪਉੜੀ-21)
"ਅੰਤੁ ਨ ਜਾਪੈ ਕੀਤਾ ਆਕਾਰੁ।" – (ਪਉੜੀ-24)
ਰਚਨਾ: "ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।" – (ਪਉੜੀ-27)
ਮਾਇਆ: "ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।" – (ਪਉੜੀ-27)
ਜਗਤੁ: "ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।" – (ਸਲੋਕ-2)

ਸ੍ਰਿਸ਼ਟੀ ਦੇ ਗੁਣ –

(1) ਸ੍ਰਿਸ਼ਟੀ ਅਨੰਤ ਹੈ: ਗੁਰੂ ਨਾਨਕ ਨੇ ਸ੍ਰਿਸ਼ਟੀ ਰਚਨਾ ਦੀ ਅਨੰਤਤਾ ਨੂੰ ਸਵੀਕਾਰ ਕੀਤਾ ਹੈ :-

"ਅਸੰਖ ਨਾਵ ਅਸੰਖ ਥਾਵ। ਅਗੰਮ ਅਗੰਮ ਅਸੰਖ ਲੋਅ।"
– (ਪਉੜੀ-19)

ਪ੍ਰਭੂ ਦੀ ਰਚਨਾ ਇਤਨੀ ਬੇਅੰਤ ਹੈ ਕਿ ਉਸ ਸੰਬੰਧੀ 'ਅਸੰਖ' ਪਦ ਵਰਤਣਾ ਵੀ ਦੋਸ਼ ਦੇ ਭਾਗੀ ਹੋਣਾ ਹੈ :-

"ਅਸੰਖ ਕਹਹਿ ਸਿਰਿ ਭਾਰੁ ਹੋਇ।" –(ਪਉੜੀ-19)

---

1. ਆਦਿ ਗ੍ਰੰਥ, ਪੰ:277.

ਹਿੰਦੂ ਤੇ ਮੁਸਲਮਾਨੀ ਮੱਤ ਸੱਤ ਆਕਾਸ਼ਾਂ ਤੇ ਸੱਤ ਪਾਤਾਲਾਂ ਦਾ ਵਰਣਨ ਕਰਦੇ ਹਨ ਪਰੰਤੂ ਜਪੁਜੀ ਅਨੁਸਾਰ ਬ੍ਰਹਮੰਡ ਦੇ ਪਸਾਰੇ ਦਾ ਕੋਈ ਅੰਤ ਨਹੀਂ ਪਾ ਸਕਦਾ। ਧਰਤੀ ਦੇ ਥੱਲੇ ਹੋਰ ਧਰਤੀਆਂ ਹਨ। ਆਕਾਸ਼ ਦੇ ਉਤੇ ਹੋਰ ਆਕਾਸ਼ ਹਨ ਜਿਨ੍ਹਾਂ ਦਾ ਅੰਤ ਵੇਦ ਵੀ ਨਹੀਂ ਲੱਭ ਸਕੇ। ਸਾਰੀਆਂ ਈਸਾਈ ਤੇ ਇਸਲਾਮੀ ਧਾਰਮਿਕ ਪੁਸਤਕਾਂ ਅਨੁਸਾਰ ਵੀ ਉਸ ਕਰਤੇ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ :-

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।" — (ਪਉੜੀ-22)

ਸ੍ਰਿਸ਼ਟੀ ਕਿਤਨੀ ਕੁ ਹੈ? ਇਸ ਸੰਬੰਧੀ ਗੁਰੂ ਜੀ ਪ੍ਰਚਲਤ ਪੌਰਾਣਿਕ ਵਿਚਾਰ 'ਕਿ ਧਰਤੀ ਨੂੰ ਸਹਾਰਾ ਦੇਣ ਵਾਲਾ ਧੌਲ ਬਲਦ ਹੈ, ਦਾ ਖੰਡਨ ਕਰਦਿਆਂ ਹੋਏ ਕਹਿੰਦੇ ਹਨ :-

"ਧਰਤੀ ਹੋਰੁ ਪਰੈ ਹੋਰੁ ਹੋਰੁ।
ਤਿਸ ਤੇ ਭਾਰੁ ਤਲੈ ਕਵਣੁ ਜੋਰੁ।"
— (ਪਉੜੀ-16)

ਮੰਡਲਾਂ ਦੀ ਅਤੇ ਲੋਕਾਂ ਦੀ ਵੀ ਕੋਈ ਸੰਖਿਆ ਨਹੀਂ:-

"ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।" -
— (ਪਉੜੀ-35)

ਪ੍ਰਭੂ ਦੀ ਸ੍ਰਿਸ਼ਟੀ ਦਾ ਲੇਖਾ ਨਹੀਂ ਹੋ ਸਕਦਾ ਅਤੇ ਨਾ ਹੀ ਉਸ ਦਾ ਅੰਤ ਪਾਇਆ ਜਾ ਸਕਦਾ ਹੈ :-

"ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ।"
— (ਪਉੜੀ-22)

"ਅੰਤੁ ਨ ਜਾਪੈ ਕੀਤਾ ਆਕਾਰੁ। ਅੰਤੁ ਨ ਜਾਪੈ ਪਾਰਾਵਾਰੁ।"
— (ਪਉੜੀ-24)

(2) ਸ੍ਰਿਸ਼ਟੀ ਸਤਿ ਹੈ: ਸ਼ੰਕਰਾਚਾਰੀਆ ਜਗਤ ਨੂੰ ਮਿਥਿਆ ਮੰਨਦਾ ਹੈ ਪਰੰਤੂ ਗੁਰੂ ਨਾਨਕ ਸਾਹਿਬ ਨੇ ਵੇਦਾਂਤੀਆਂ ਵਾਂਗ ਜਗਤ ਨੂੰ ਮਿਥਿਆ ਨਹੀਂ ਮੰਨਿਆ ਤੇ ਨਾ ਹੀ ਇਸ ਨੂੰ ਨਿਰਾ ਭਰਮ ਕਿਹਾ ਹੈ। ਉਨ੍ਹਾਂ ਨੇ ਇਸ ਨੂੰ ਸੱਚੇ ਦੀ ਰਚਨਾ ਹੋਣ ਕਰਕੇ ਸਤਿ ਹੀ ਮੰਨਿਆ ਹੈ:-

"ਸਚੇ ਤੇਰੇ ਖੰਡ ਸਚੇ ਬ੍ਰਹਮੰਡ।
ਸਚੇ ਤੇਰੇ ਲੋਅ ਸਚੇ ਆਕਾਰ।
ਸਚੇ ਤੇਰੇ ਕਰਣੇ ਸਰਬ ਬੀਚਾਰ।"[1]

"ਨਾਨਕ ਸਚੇ ਕੀ ਸਾਚੀ ਕਾਰ।"
—(ਪਉੜੀ-31)

ਉਹ 'ਆਪਿ ਸਤਿ' ਹੈ, ਇਸ ਲਈ ਉਸ ਨੇ 'ਕੀਆ ਸਭੁ ਸਤਿ' ਹੈ।[2] ਪ੍ਰਭੂ ਦਾ ਦਰਬਾਰ ਵੀ ਉਸ ਦੀ ਤਰ੍ਹਾਂ ਸਚ ਹੈ, ਸੁਪਨੇ ਵਾਂਗ ਝੂਠਾ ਜਾਂ ਭਰਮ ਨਹੀਂ :-

"ਸਚਾ ਆਪਿ ਸਚਾ ਦਰਬਾਰੁ।"
— (ਪਉੜੀ-34)

"ਇਹ ਜਗਤ ਧੂੰਆਂ, ਕਲਪਨਾ ਜਾਂ ਛਾਈਂ ਮਾਈਂ ਨਹੀਂ ਹੈ। ਇਹ ਉਸ ਤਰ੍ਹਾਂ ਦਾ 'ਸਚ' ਵੀ ਨਹੀਂ ਹੈ ਜਿਵੇਂ 'ਬ੍ਰਹਮ' ਆਪ ਹੈ ਜੋ 'ਆਦਿ, ਜੁਗਾਦਿ, ਹੈ ਭੀ ਹੋ ਹੋਸੀ ਸਚੁ' ਹੈ। ਇਹ ਪਰਮਾਤਮਾ ਦੇ ਭਾਣੇ ਅਧੀਨ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਇਸ ਦੀ ਹੋਂਦ ਨਹੀਂ ਹੈ। ਹੋਂਦ ਹੈ, ਕੇਵਲ ਸਮੇਂ, ਸਥਾਨ ਤੇ ਕਾਰਜ ਕਰਕੇ ਸੀਮਤ ਹੈ। ਇਹ 'ਸੀਮਤ ਸਚੁ' ਹੈ।"[3]

(3) ਸ੍ਰਿਸ਼ਟੀ ਦਾ ਅੰਤ: ਸ੍ਰਿਸ਼ਟੀ ਦੇ ਅੰਤ ਦਾ ਕੋਈ ਨਿਸ਼ਚਿਤ ਸਮਾਂ ਗੁਰੂ ਨਾਨਕ ਦੇਵ ਨੇ ਨਹੀਂ ਮੰਨਿਆ। ਇਸ ਸੰਬੰਧੀ ਉਨ੍ਹਾਂ ਕੇਵਲ ਇਤਨਾ ਹੀ ਸੰਕੇਤ ਕੀਤਾ ਹੈ ਕਿ ਜਿਸ ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਹ ਆਪ ਹੀ ਆਪਣੀ ਇੱਛਾ ਅਨੁਸਾਰ ਇਸ ਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ :-

"ਜਿਸ ਤੇ ਉਪਜੀ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ।"[4]

"ਹੁਕਮੇ ਆਵੈ ਹੁਕਮੇ ਜਾਵੈ, ਹੁਕਮੇ ਰਹੈ ਸਮਾਈ।"[5]

---

1. ਆਦਿ ਗ੍ਰੰਥ, ਪੰ:463.
2. ਓਹੀ, ਪੰ:1284.
3. ਡਾ: ਤਾਰਨ ਸਿੰਘ, ਗੁਰੂ ਨਾਨਕ: ਚਿੰਤਨ ਤੇ ਕਲਾ, ਪੰ:187.
4. ਆਦਿ ਗ੍ਰੰਥ, ਪੰ:120.
5. ਓਹੀ, ਪੰ:940.

"ਸ੍ਰਿਸ਼ਟੀ ਦੀ ਉਤਪੱਤੀ ਤੇ ਵਿਕਾਸ ਸੰਬੰਧੀ ਗੁਰੂ ਨਾਨਕ ਦਾ ਦ੍ਰਿਸ਼ਟੀਕੋਣ ਉਪਨਿਸ਼ਦਾਂ ਨਾਲ ਕਾਫ਼ੀ ਸਮਾਨਤਾ ਤੇ ਸਮੀਪਤਾ ਰਖਦਾ ਹੈ। ਮੁੰਡਕ ਉਪਨਿਸ਼ਦ (2/1/1,1/1/7) ਅਨੁਸਾਰ ਜਿਵੇਂ ਅਤਿਅੰਤ ਮਚਦੀ ਅੱਗ ਤੋਂ ਉਸੇ ਵਰਗੇ ਰੂਪ ਵਾਲੀਆਂ ਹਜ਼ਾਰਾਂ ਚਿਣਗਾਂ ਨਿਕਲਦੀਆਂ ਹਨ, ਉਸੇ ਤਰ੍ਹਾਂ ਅੱਖਰ ਬ੍ਰਹਮ ਤੋਂ ਅਨੇਕ ਤਰ੍ਹਾਂ ਦੇ ਭਾਵ(ਜੀਵ) ਪੈਦਾ ਹੁੰਦੇ ਹਨ ਅਤੇ ਉਸੇ ਵਿਚ ਸਮਾ ਜਾਂਦੇ ਹਨ। ਜਿਵੇਂ ਮਕੜੀ ਆਪੇ ਜਾਲੇ ਨੂੰ ਬਣਾਉਂਦੀ ਤੇ ਨਿਗਲ ਜਾਂਦੀ ਹੈ, ਉਸੇ ਤਰ੍ਹਾਂ ਅੱਖਰ ਬ੍ਰਹਮ ਤੋਂ ਵਿਸ਼ਵ ਪ੍ਰਗਟ ਹੁੰਦਾ ਹੈ। ਗੀਤਾ (8/18) ਵਿਚ ਵੀ ਅਜਿਹੇ ਹੀ ਵਿਚਾਰ ਪ੍ਰਗਟ ਕੀਤੇ ਗਏ ਹਨ ਕਿ ਸੰਪੂਰਣ ਵਿਅਕਤ ਪਦਾਰਥ ਦਿਨ ਦੇ ਆਰੰਭ ਹੋਣ ਤੋਂ ਅਵਿਅਕਤ ਤੋਂ ਪ੍ਰਗਟ ਹੁੰਦੇ ਹਨ ਅਤੇ ਰਾਤ ਵੇਲੇ ਉਸੇ ਵਿਚ ਫਿਰ ਸਮਾ ਜਾਂਦੇ ਹਨ। ਇਸ ਤਰ੍ਹਾਂ ਦੀ ਸਮਾਨਤਾ ਦੀਆਂ ਅਨੇਕ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਸ੍ਰਿਸ਼ਟੀ ਦੇ ਸਰੂਪ ਸੰਬੰਧੀ ਉਪਮਾਨ-ਵਿਧਾਨ ਵਿਚ ਵੀ ਗੁਰੂ ਨਾਨਕ ਦੀ ਵੇਦਾਂਤ ਗ੍ਰੰਥਾਂ ਨਾਲ ਕਾਫ਼ੀ ਸਮਾਨਤਾ ਮਿਲਦੀ ਹੈ। ਇਨ੍ਹਾਂ ਵਿਚੋਂ ਬਾਜ਼ੀਗਰ ਅਤੇ ਉਸ ਦਾ ਸੁਆਂਗ ਪਰਸਪਰ ਸਮਾਨਤਾ ਵਾਲੀ ਪ੍ਰਸਿੱਧ ਰੂਪਕਾਤਮਕ ਸ੍ਰਿਸ਼ਟੀ ਹੈ।"[1]

ਸ੍ਰਿਸ਼ਟੀ ਦਾ ਰਹੱਸ ਇਤਨਾ ਗੂੜ੍ਹਾ ਹੈ ਕਿ ਇਸ ਨੂੰ ਸ੍ਰਿਸ਼ਟੀ ਦੇ ਕਰਤਾ ਤੋਂ ਛੁੱਟ ਹੋਰ ਕੋਈ ਜਾਣ ਹੀ ਨਹੀਂ ਸਕਦਾ। ਇਸੇ ਲਈ ਉਨ੍ਹਾਂ ਜਪੁਜੀ ਵਿਚ ਕੇਵਲ ਇਤਨਾ ਕਹਿ ਕੇ ਹੀ ਬਸ ਕਰ ਦਿੱਤਾ ਹੈ :-

"ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"
— (ਪਉੜੀ-21)

ਗੁਰੂ ਨਾਨਕ ਸਾਹਿਬ ਅਨੁਸਾਰ ਸ੍ਰਿਸ਼ਟੀ ਦਾ ਰਚੈਤਾ ਤੇ ਸੰਚਾਲਕ ਪਰਮਾਤਮਾ ਆਪ ਹੈ। ਸ੍ਰਿਸ਼ਟੀ ਰਚਨਾ ਤੋਂ ਪੂਰਬ 'ਸੁੰਨ ਅਵਸਥਾ' ਸੀ ਤੇ ਫਿਰ ਨਿਰੰਕਾਰ ਨੇ ਈਸ਼ਵਰ ਦਾ ਰੂਪ ਧਾਰ ਕੇ ਸ੍ਰਿਸ਼ਟੀ ਦੀ ਰਚਨਾ ਕੀਤੀ। ਇਸ ਦੇ ਨਿਰਮਾਣ ਦਾ ਸਮਾਂ ਕੇਵਲ ਉਹ ਆਪ ਹੀ ਜਾਣਦਾ ਹੈ। ਸ੍ਰਿਸ਼ਟੀ ਦੀ ਉਤਪੱਤੀ ਉਸ ਦੇ ਹੁਕਮ ਅਥਵਾ ਇੱਛਾ ਅਨੁਸਾਰ ਹੋਈ ਹੈ। ਰਚਨਾ ਦੇ ਪਸਾਰੇ ਨੂੰ ਸ਼ਬਦਾਂ ਦੇ ਘੇਰੇ ਵਿਚ ਲਿਆ ਸਕਣਾ ਅਸੰਭਵ ਹੈ। ਇਹ ਜਗਤ ਮਿਥਿਆ ਨਹੀਂ, ਸਗੋਂ ਸਤਿ ਹੈ। ਇਸ ਸ੍ਰਿਸ਼ਟੀ ਦਾ ਮੂਲ ਸਰੋਤ ਕਿਉਂਕਿ ਸੱਚਾ ਹੈ, ਇਸ ਲਈ ਜਗਤ ਵੀ ਸੱਚਾ ਹੈ ਪਰੰਤੂ ਇਸਦੀ ਹੋਂਦ ਸਮੇਂ, ਸਥਾਨ ਤੇ ਕਾਰਜ ਕਰਕੇ ਸੀਮਿਤ ਹੈ। ਪ੍ਰਭੂ ਦੀ ਸ੍ਰਿਸ਼ਟੀ ਦਾ ਕੋਈ ਅੰਤ ਪਾਰਾਵਾਰ ਨਹੀਂ ਪਾ ਸਕਿਆ।

1. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ:265-66.

## 'ਜਪੁਜੀ' ਦੀ ਆਚਾਰ ਨੀਤੀ

ਗੁਰੂ ਨਾਨਕ ਦੇਵ ਦਾ ਧਰਮ ਗ੍ਰਿਹਸਥੀਆਂ ਦਾ ਧਰਮ ਹੈ। ਉਨ੍ਹਾਂ ਨੇ ਸ਼ਾਸਤ੍ਰਾਂ ਅਨੁਸਾਰ ਕੀਤੀ ਗਈ 'ਵਰਣ' (ਜਾਤਾਂ) ਅਤੇ 'ਆਸ਼੍ਰਮ' (ਜੀਵਨ ਦੇ ਪੜਾਵਾਂ) ਦੀ ਵੰਡ ਦਾ ਖੰਡਨ ਕੀਤਾ ਹੈ[1]:-

"ਫਕੜ ਜਾਤੀ ਫਕੜੁ ਨਾਉ। ਸਭਨਾ ਜੀਆ ਇਕਾ ਛਾਉ।"[2]

ਗੁਰੂ ਨਾਨਕ ਦੇਵ ਦੇ ਉਪਦੇਸ਼ ਦਾ ਮੂਲ ਆਧਾਰ ਸਤਿ ਆਚਰਣ ਅਥਵਾ ਸਦਾਚਾਰ ਹੈ। ਉਹ ਸੰਸਾਰ ਦੇ ਸਾਰੇ ਕਾਰ-ਵਿਹਾਰ ਤੇ ਕਰਮ-ਕ੍ਰਿਆ ਨੂੰ ਸੱਚ ਤੇ ਪੂਰੇ ਮੰਨਦੇ ਹਨ ਪਰੰਤੂ ਸੱਚ ਤੋਂ ਵੀ ਉਪਰ ਉਹ 'ਆਚਾਰ' ਦਾ ਸਥਾਨ ਨਿਸਚਿਤ ਕਰਦੇ ਹਨ:-

" ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।"[3]

'ਆਚਾਰ' ਲਈ ਅੰਗ੍ਰੇਜ਼ੀ ਵਿਚ ਵਰਤਿਆ ਜਾਂਦਾ ਸ਼ਬਦ ' Ethics ' ਹੈ, ਜਿਸ ਦਾ ਭਾਵ ਹੈ ਆਚਰਣ ( character )[4]। ਇਤਿਹਾਸ ਰਚਨਾਕਾਰ ਨੇ 'ਆਚਾਰ' ਦੇ ਵਿਹਾਰਕ ਤੌਰ ਤੇ ਵਰਤੇ ਜਾ ਰਹੇ ਅਰਥਾਂ ਵਿਚ ਆਚਰਣ, ਅਖਲਾਕ, ਆਚਰਣ ਦੀ ਪ੍ਰਵਿਰਤੀ ਤੇ

1. Dr S.S. Kohli, Philosophy of Guru Nanak, P. 59.
2. ਆਦਿ ਗ੍ਰੰਥ, ਪੰ:83.
3. ਓਹੀ, ਪੰ:62.
4. Encyclopaedia of Britannica, Vol VIII, P. 752.

ਸਥਾਪਿਤ ਨਿਯਮਾਵਲੀ ਆਦਿ ਅਰਥ ਰਖੇ ਹਨ।[1] 'ਆਚਾਰ'ਨੀਤੀ' ਮਨੁੱਖ ਦੇ ਸਾਰੇ ਕਰਮ ਦਸਦੀ ਹੈ। ਚੰਗੇ ਤੇ ਮੰਦੇ ਸਾਰੇ ਕਰਮ ਆਚਾਰ ਨੀਤੀ ਅਨੁਸਾਰ ਛਾਣੇ ਤੇ ਜਾਣੇ ਜਾਂਦੇ ਹਨ।[2]

ਗੁਰੂ ਨਾਨਕ ਸਾਹਿਬ ਖੇਤੀ ਦੇ ਰੂਪਕ ਰਾਹੀਂ ਸਾਧਕ ਨੂੰ ਸਤਿ-ਆਚਰਣ ਲਈ ਪ੍ਰੇਰਣਾ ਦਿੰਦਿਆਂ ਕਹਿੰਦੇ ਹਨ ਕਿ ਇਸ ਸਰੀਰ ਨੂੰ ਧਰਤੀ ਤੇ ਸ਼ੁਭ ਕਰਮਾਂ ਨੂੰ ਬੀਜ ਬਣਾਇਆ ਜਾਏ। ਇਸ ਤਰ੍ਹਾਂ ਕਰਨ ਨਾਲ ਨਿਰਬਾਣ-ਪਦ ਦੀ ਪ੍ਰਾਪਤੀ ਹੋ ਜਾਂਦੀ ਹੈ :-

"ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ।
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।"[3]

ਗੁਰੂ ਨਾਨਕ ਦੇਵ ਦੀ ਵਿਚਾਰ-ਪ੍ਰਣਾਲੀ ਵਿਚ ਤਿਆਗ ਤੇ ਕਾਰਜ-ਹੀਣਤਾ ਲਈ ਕੋਈ ਥਾਂ ਨਹੀਂ। ਕਰਮ-ਸ਼ੀਲਤਾ ਉਨ੍ਹਾਂ ਦੇ ਦਰਸ਼ਨ ਦੀ ਮੁੱਖ ਧੁਨੀ ਹੈ ਤੇ ਆਚਾਰ ਨੀਤੀ ਦਾ ਆਧਾਰ ਹੈ।[4] ਉਪਨਿਸ਼ਦਾਂ ਵਿਚ ਭਵਿਖ ਦਾ ਚੰਗਾ ਮੰਦਾ ਜਨਮ ਵਰਤਮਾਨ ਦੇ ਚੰਗੇ ਮਾੜੇ ਆਚਾਰ ਤੇ ਨਿਰਭਰ ਦਸਿਆ ਹੈ।[5] ਗੀਤਾ ਵਿਚ ਵੀ ਮਨੁੱਖ ਨੂੰ ਔਗੁਣਾਂ ਦੇ ਤਿਆਗ ਤੇ ਸ਼ੁਭ ਗੁਣਾਂ ਦੇ ਗ੍ਰਹਿਣ ਕਰਨ ਦਾ ਸੰਦੇਸ਼ ਦਿੱਤਾ ਹੈ। ਸ੍ਰੇਸ਼ਟਤਾ ਦੇ ਹੰਕਾਰ ਦਾ ਤਿਆਗ, ਦੰਭ ਦਾ ਅਭਾਵ, ਕਿਸੇ ਵੀ ਪ੍ਰਾਣੀ ਨੂੰ ਨਾ ਸਤਾਉਣ ਤੇ ਦਇਆ ਭਾਵ ਰਖਣਾ, ਮਨ-ਬਾਣੀ ਦੀ ਸਰਲਤਾ, ਸ਼ਰਧਾ ਸਹਿਤ ਗੁਰੂ ਦੀ ਸੇਵਾ, ਬਾਹਰ ਤੇ ਅੰਦਰ ਦੀ ਸ਼ੁੱਧੀ, ਅੰਤਹਕਰਣ ਦੀ ਸਥਿਰਤਾ ਅਤੇ ਮਨ ਇੰਦ੍ਰੀਆਂ ਸਹਿਤ ਸਰੀਰ ਦਾ ਕਾਬੂ ਕਰਨਾ।[6] ਭਾਵ ਇਹ ਹੈ ਕਿ ਮਨੁੱਖ ਨੂੰ ਸਭ ਤੋਂ ਪਹਿਲਾਂ ਸਦਾਚਾਰ ਵਲ ਧਿਆਨ ਦੇਣਾ ਚਾਹੀਦਾ ਹੈ। ਰਾਗ ਸੂਹੀ ਵਿਚ ਗੁਰੂ ਨਾਨਕ ਨੇ ਦੁਧ ਜਮਾ ਕੇ ਰਿੜਕਣ ਅਤੇ ਮੱਖਣ ਕੱਢਣ ਦਾ ਅਲੰਕਾਰ ਲੈ ਕੇ ਦਸਿਆ ਹੈ ਕਿ ਓਦੋਂ ਤਕ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਦੋਂ ਤਕ ਅਸੀਂ ਮਨ ਭਾਂਡੇ ਨੂੰ ਸ਼ੁੱਧ ਤੇ ਪਵਿੱਤਰ ਕਰ ਕੇ ਉਸ ਵਿਚ ਨਾਮ ਨਾ ਟਿਕਾਈਏ ਕਿਉਂਕਿ ਗੰਦੇ ਭਾਂਡੇ ਵਿਚ ਪਾਈ ਹੋਈ ਵਸਤੂ ਖਰਾਬ ਹੋ ਜਾਂਦੀ ਹੈ :-

"ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ।
ਦੂਧ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ।"[7]

---

1. ਹਵਾਲਾ ਡਾ: ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣ ਧਾਰਾ, ਪੰ:227.
2. Hardyal, Hints for Self Culture, P. 160, Raj Kamal Publications, Ltd., Delhi, 1948.
3. ਆਦਿ ਗ੍ਰੰਥ, ਪੰ:23.
4. Dr S S. Kohli, Philosophy of Guru Nanak, P. 39.
5. ਛਾਂਦੋਗਯ ਉਪਨਿਸ਼ਦ(5/10/7)
6. ਗੀਤਾ (13/7)
7. ਆਦਿ ਗ੍ਰੰਥ, ਪੰ:728.

ਡਾ: ਦੀਵਾਨ ਸਿੰਘ ਅਨੁਸਾਰ 'ਔਚਿਕਸ' ਦਾ ਅਰਥ ਹੀ ਆਪਣੇ ਮਨ ਤੇ ਕਾਬੂ ਪਾਉਣਾ ਹੈ।[1] ਜਦ ਤਕ ਮਨ ਵਸ ਵਿਚ ਨਾ ਆਵੇ, ਕੋਈ ਵੀ ਧਾਰਮਿਕ ਕਿਰਿਆ ਸਾਰਥਕ ਨਹੀਂ ਹੁੰਦੀ। ਅੰਦਰ ਤੇ ਬਾਹਰ ਦਾ ਭੇਦ ਮਿਟਾ ਦੇਣਾ ਸਾਧਕ ਦਾ ਪਹਿਲਾ ਕਰਮ ਹੈ। ਜੋ ਮਨ ਦੀ ਭਾਵਨਾ ਹੈ, ਉਹੀ ਬਾਹਰਲੀ ਕਿਰਿਆ ਵਿਚੋਂ ਪ੍ਰਗਟ ਹੋਵੇ। ਕਈ ਧਰਮਾਂ ਵਿਚ ਕੇਵਲ ਬਾਹਰ ਦੀਆਂ ਧਾਰਮਿਕ ਰਹੁ-ਰੀਤਾਂ ਨੂੰ ਹੀ ਕਾਫੀ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਮਨ ਦੀ ਮੈਲ ਦੂਰ ਨਹੀਂ ਹੁੰਦੀ ਅਤੇ ਅਖੌਤੀ ਧਾਰਮਿਕ ਮਨੁੱਖ ਵਿਚ ਦੰਭ ਦਾ ਅੰਸ਼ ਪੈਦਾ ਹੋ ਜਾਂਦਾ ਹੈ। ਜਪੁਜੀ ਵਿਚ ਵੀ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਜਿਸ ਨੇ ਆਪਣੇ ਮਨ ਨੂੰ ਜਿਤ ਲਿਆ ਹੈ, ਉਸ ਨੇ ਸਾਰੇ ਸੰਸਾਰ ਨੂੰ ਜਿੱਤ ਲਿਆ ਹੈ :-

"ਮਨਿ ਜੀਤੈ ਜਗੁ ਜੀਤੁ।"
—(ਪਉੜੀ-28)

ਗੁਰੂ ਨਾਨਕ ਦੇਵ ਦੀ ਆਚਾਰ ਨੀਤੀ ਤੇ ਧਰਮ-ਅੰਤਰ-ਸੰਬੰਧਿਤ ਹਨ। ਧਰਮ ਵਿਚ ਸਦਾਚਾਰ ਦੀ ਮੁੱਢਲੀ ਆਵੱਸ਼ਕਤਾ ਹੈ। ਜਿਸ ਧਰਮ ਦੀ ਨੀਂਹ ਸਦਾਚਾਰ ਤੇ ਨਹੀਂ ਰੱਖੀ ਗਈ, ਉਹ ਅਧਰਮ ਹੈ। 'ਧਰਮ' ਦੇ ਕੋਸ਼ਗਤ ਅਰਥ ਨਿਯਮ, ਸ਼ੁਭ ਕਰਮ, ਮਜ਼੍ਹਬ, ਫਰਜ਼, ਇਨਸਾਫ, ਆਦਿ ਹਨ।[2] 'ਧਰਮ' ਦਾ ਭਾਵ ਉਨ੍ਹਾਂ ਸਾਧਨਾਂ ਦਾ ਜਾਣਨਾ ਵੀ ਹੈ ਜਿਨ੍ਹਾਂ ਦੁਆਰਾ ਪ੍ਰਭੂ ਮਿਲਾਪ ਜਾਂ ਮੁਕਤੀ ਦੇ ਪਰਮ-ਪ੍ਰਯੋਜਨ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।[3] ਪ੍ਰਭੂ ਮਿਲਾਪ ਦਾ ਭਾਵ ਹੈ, ਆਤਮਾ ਤੇ ਪਰਮਾਤਮਾ ਦਾ ਮਿਲਾਪ। ਆਤਮਾ ਹਉਮੈ ਕਰਕੇ ਆਵਾਗਵਣ ਦੇ ਚੱਕਰ ਵਿਚ ਪਈ ਹੈ। ਮੁਕਤੀ ਪ੍ਰਾਪਤ ਕਰਨਾ, ਮਨੁੱਖੀ ਪੂਰਣਤਾ ਨੂੰ ਪ੍ਰਾਪਤ ਹੋਣਾ ਹੈ। ਇਸੇ ਨੂੰ ਹੀ ਜਪੁਜੀ ਵਿਚ 'ਸਚਿਆਰ', ਸਿਧ ਗੋਸਟਿ ਵਿਚ 'ਸੰਤ' ਤੇ 'ਗੁਰਮੁਖ' ਤੇ ਵਾਰ ਆਸਾ ਵਿਚ 'ਦੇਵਤਾ' ਕਿਹਾ ਹੈ। ਸਚਿਆਰ ਵਿਅਕਤੀ ਇਕ ਪਾਸੇ ਸਮਾਜਕ ਪ੍ਰਸੰਗ ਵਿਚ ਆਦਰਸ਼ ਵਿਅਕਤੀ ਬਣਨ ਦੀ ਇੱਛਾ ਕਰਦਾ ਹੈ ਤੇ ਦੂਜੇ ਪਾਸੇ ਅਧਿਆਤਮਵਾਦੀਆਂ ਦੀ ਸ਼ਬਦਾਵਲੀ ਵਿਚ ਪ੍ਰਭੂ ਦੇ ਦਰ ਤੇ ਕਬੂਲ ਹੁੰਦਾ ਹੈ।[4] ਗੁਰੂ ਨਾਨਕ ਸਾਹਿਬ ਨੇ ਜਪੁਜੀ ਦੇ ਆਰੰਭ ਵਿਚ ਕਿਹਾ ਹੈ :-

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।"
—(ਪਉੜੀ-੧)

---

1. Guru Nanak's Message in Jap Ji, P.61, Faquir Singh & Sons, Amritsar, 1972.
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰ:496.
3. ਡਾ: ਤਾਰਨ ਸਿੰਘ, ਗੁਰੂ ਨਾਨਕ: ਚਿੰਤਨ ਤੇ ਕਲਾ, ਪੰ:190.
4. Avtar Singh, Ethics of the Sikhs, P.24, Punjabi University, Patiala, 1970.

'ਸਚਿਆਰ' ਦਾ ਮੂਲ ਆਧਾਰ 'ਸੱਚ' ਹੈ ਜੋ 'ਸਤਿ' ਤੇ 'ਸੱਚੋ' ਦੋਹਾਂ ਰੂਪਾਂ ਵਿਚ ਵਰਤਿਆ ਗਿਆ ਹੈ। ਸੋਹਨ ਸਿੰਘ ਅਨੁਸਾਰ 'ਸਤਿ' ਤੇ 'ਸੱਚ' ਇਕ ਹਨ ਅਤੇ ਇਨ੍ਹਾਂ ਦਾ ਅਰਥ ਹੈ — 'The Real'[1] ਡਾ: ਅਵਤਾਰ ਸਿੰਘ ਅਨੁਸਾਰ 'ਸਚਿਆਰ' ਉਸ ਵਿਅਕਤੀ ਲਈ ਵਰਤਿਆ ਗਿਆ ਹੈ ਜਿਸ ਨੂੰ ਆਤਮ ਗਿਆਨ ਹੋ ਚੁਕਾ ਹੈ ਅਰਥਾਤ ਜਿਸ ਨੂੰ ਪਰਮ ਮੁਕਤੀ ਦਾ ਪ੍ਰਤੱਖ ਗਿਆਨ ਹੋਇਆ ਹੈ।[2] ਗੁਰਬਾਣੀ ਵਿਚ ਸਚਿਆਰ ਦੇ ਲੱਛਣ ਇਹ ਦੱਸੇ ਹਨ ਕਿ ਉਹ ਸਚ ਨੂੰ ਇਕੱਠਾ ਕਰਦਾ ਹੈ, ਸੱਚਾ ਨਾਮ ਬੋਲਦਾ ਹੈ ਅਤੇ ਨਿਰਮਲ ਤੇ ਉੱਜਲ ਨਾਮ ਨੂੰ ਅਲਾਪਦਾ ਹੈ :-

"ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ।
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ।"[3]

ਮਨੁੱਖ ਦੀ ਸਭ ਤੋਂ ਵੱਡੀ ਕਰਨੀ ਜਾਂ ਅਮਲ ਇਹ ਹੈ ਕਿ ਉਸ ਦੇ ਪੱਲੇ ਸੱਚ ਹੋਵੇ, ਹੋਰ ਸਭ ਪਾਖੰਡ ਹਨ :-

"ਹਿਰਦੈ ਸਚੁ ਏਹ ਕਰਣੀ ਸਾਰੁ।
ਹੋਰੁ ਸਭੁ ਪਾਖੰਡੁ ਪੂਜ ਖੁਆਰੁ।"[4]

ਗੁਰੂ ਨਾਨਕ ਦੇਵ ਦੀ ਆਚਾਰ ਨੀਤੀ ਵਿਚ ਜਿਥੇ 'ਸੱਚ' ਨੂੰ ਵਡਿਆਇਆ ਗਿਆ ਹੈ, ਉਥੇ ਕੂੜ ਨੂੰ ਤ੍ਰਿਸਕਾਰਿਆ ਗਿਆ ਹੈ। ਸਦੀਵੀ ਸੁਖ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇ ਨਰ ਕੂੜ ਦੀ ਗੰਢ ਵਿਚੋਂ ਨਿਕਲ ਜਾਵੇ :-

"ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ।"[5]

ਗੁਰੂ ਸਾਹਿਬ ਕਿਸੇ ਪ੍ਰਕਾਰ ਦੇ ਰੀਤੀਵਾਦ ਦੇ ਵਿਰੁਧ ਹਨ ਕਿਉਂਕਿ ਮੁਕਤੀ ਦੀ ਪ੍ਰਾਪਤੀ ਲਈ ਕਰਮਕਾਂਡ ਵਿਅਰਥ ਹਨ। ਗਿਣਤੀ ਦੇ ਨਿਸਚਿਤ ਕਰਮਾਂ ਨਾਲ ਕੁਝ ਨਹੀਂ ਬਣਦਾ, ਅੰਦਰ ਦੇ ਰੁਣ ਤੇ ਪ੍ਰੇਮ ਜ਼ਰੂਰੀ ਹੈ :-

1. The Seeker's Path, P.6, Orient Longmans, New Delhi, 1959.
2. Ethics of the Sikhs, P.59.
3. ਆਦਿ ਗ੍ਰੰਥ, ਪੰ:937.
4. ਉਹੀ, ਪੰ:1343.
5. ਉਹੀ, ਪੰ: 890.

"ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ।
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ।"[1]

ਜਪੁਜੀ ਦੀ 'ਆਚਾਰ ਨੀਤੀ' ਵਿਚ ਕੁਝ ਅਜਿਹੇ ਗੁਣ ਹਨ ਜਿਹੜੇ ਆਤਮਾ ਦੀ ਪ੍ਰਗਤੀ ਵਿਚ ਸਹਾਇਕ ਹੁੰਦੇ ਹਨ। ਇਹ ਗੁਣ ਹੀ ਮਨੁੱਖ ਨੂੰ ਸਚਿਆਰ ਬਣਾਉਂਦੇ ਹਨ ਤੇ ਰੱਬੀ ਸੰਪੂਰਣਤਾ ਵਲ ਲੈ ਜਾਂਦੇ ਹਨ। ਇਹ ਗੁਣ ਹਨ: ਸੰਤੋਖ, ਨਿਰਮਾਣਤਾ, ਸੇਵਾ ਤੇ ਰੱਬੀ ਗੁਣ ਆਦਿ। ਗੁਰੂ ਨਾਨਕ ਨੇ ਜਪੁਜੀ ਵਿਚ ਸਪਸ਼ਟ ਕੀਤਾ ਹੈ ਕਿ 'ਗੁਣਾਂ' ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ :-

"ਸਭਿ ਗੁਣ ਤੇਰੇ ਮੈ ਨਾਹੀ ਕੋਇ।
ਵਿਣੁ ਗੁਣ ਕੀਤੇ ਭਗਤਿ ਨ ਹੋਇ।"
—(ਪਉੜੀ-21)

ਸੰਤੋਖ —

ਸੰਤੋਖ ਇਕ ਮਹੱਤਵਪੂਰਣ ਗੁਣ ਹੈ ਜਿਸ ਦਾ ਸਿਖ ਆਚਾਰ ਨੀਤੀ ਵਿਚ ਵਿਸ਼ੇਸ਼ ਸਥਾਨ ਹੈ। ਜੇ ਗੁਰਬਾਣੀ ਵਿਚ ਕਿਤੇ ਤਿੰਨ ਗੁਣਾਂ ਦਾ ਵਰਣਨ ਹੋਇਆ ਹੈ ਤਾਂ ਉਨ੍ਹਾਂ ਵਿਚੋਂ ਇਕ ਗੁਣ 'ਸੰਤੋਖ' ਹੈ :-

"ਸਤੁ ਸੰਤੋਖੁ ਸੰਜਮੁ ਹੈ ਨਾਲਿ।
ਨਾਨਕ ਗੁਰਮੁਖਿ ਨਾਮੁ ਸਮਾਲਿ।"[2]

'ਸੰਤੋਖ' ਮਨ ਨੂੰ ਸੰਜਮ ਵਿਚ ਲਿਆਉਂਦਾ ਹੈ। ਜੇ ਸੰਤੋਖ ਨਹੀਂ ਤਾਂ ਮਨ ਆਪਣੇ ਨਿਸ਼ਾਨੇ ਨੂੰ ਭੁਲ ਕੇ ਹੋਰ ਪਾਸਿਆਂ ਵਲ ਭਜਦਾ ਰਹਿੰਦਾ ਹੈ। ਜਪੁਜੀ ਵਿਚ ਵੀ ਕਿਹਾ ਹੈ ਕਿ ਬ੍ਰਹਮੰਡ ਨੂੰ ਸਥਿਰ ਰੱਖਣ ਵਾਲਾ ਧੌਲਾ ਨਿਯਮ ਸੰਤੋਖ ਹੈ ਭਾਵ ਬ੍ਰਹਮੰਡ ਦੀਆਂ ਸਾਰੀਆਂ ਚੀਜ਼ਾਂ ਨਿਰੰਤਰ ਅਨੇਕ ਸਮੇਂ ਲਈ ਸਬਰ ਸਿਦਕ ਨਾਲ ਆਪਣਾ ਧਰਮ ਪਾਲਣ ਕਰੀ ਜਾਂਦੀਆਂ ਹਨ। ਧਰਮ ਦਇਆ ਤੇ ਸੰਤੋਖ ਅੰਤਰ-ਸੰਬੰਧਿਤ ਹਨ। ਗੀਤਾ ਵਿਚ ਵੀ ਸੰਤੋਖ ਦਾ ਗੁਣ ਅਪਣਾਉਣ ਦਾ ਉਪਦੇਸ਼ ਹੈ।[3] ਜਿਥੇ ਸੰਤੋਖੀ ਸੁਭਾ ਨਹੀਂ, ਉਥੇ ਜੀਵ ਕਿਸੇ ਲਈ ਦਇਆ ਨਹੀਂ ਕਰ ਸਕਦਾ :-

---

1. ਆਦਿ ਗ੍ਰੰਥ, ਪੰ:56.
2. ਉਹੀ, ਪੰ:939
3. ਗੀਤਾ (16.3)

"ਧੌਲੁ ਧਰਮੁ ਦਇਆ ਕਾ ਪੂਤੁ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।"
— (ਪਉੜੀ-16)

ਜਪੁਜੀ ਵਿਚ ਗੁਰੂ ਨਾਨਕ ਸਾਹਿਬ ਅਸਲੀ ਜੋਗੀ ਦੇ ਲੱਛਣਾਂ ਦਾ ਵਰਣਨ ਕਰਦਿਆਂ ਪਹਿਲਾ ਲੱਛਣ 'ਸੰਤੋਖ ਦੀਆਂ ਮੁੰਦਰਾਂ' ਦਸਦੇ ਹਨ। ਗੁਰਬਾਣੀ ਵਿਚ ਦਸਿਆ ਹੈ ਕਿ ਪਰਮਾਤਮਾ ਨੂੰ ਰੀਝਾਣ ਦਾ ਢੰਗ ਵੀ 'ਸੰਤੋਖ' ਨੂੰ ਗ੍ਰਹਿਣ ਕਰਨਾ ਹੈ :-

"ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।"[1]

ਨਿਰਮਾਨਤਾ —

ਗੁਰੂ ਨਾਨਕ ਦੇਵ ਦੀ ਵਿਚਾਰ-ਪ੍ਰਣਾਲੀ ਵਿਚ 'ਨਿਰਮਾਨਤਾ' ਦੀ ਬੜੀ ਮਹੱਤਾ ਹੈ। ਨਿਮ੍ਰਤਾ ਉਚਾਈ ਦੀ ਨਿਸ਼ਾਨੀ ਹੈ। ਇਹ ਨਿਮ੍ਰਤਾ-ਭਾਵ ਸਦਾਚਾਰ ਦਾ ਮੂਲ ਹੈ। ਗੁਰੂ ਸਾਹਿਬ ਨੇ ਨੈਤਿਕ ਪੱਖ ਤੋਂ [illegible] ਦਲੀਲਾਂ ਸਹਿਤ 'ਨਿਰਮਾਨਤਾ' ਦਾ ਗੌਰਵ ਨਿਰਧਾਰਿਤ ਕਰਨ ਦਾ ਜਤਨ ਕੀਤਾ ਹੈ। ਗੁਰੂ ਸਾਹਿਬ ਅਨੁਸਾਰ ਨਿਮ੍ਰਤਾ ਸਾਰੇ ਗੁਣਾਂ ਤੇ ਚੰਗਿਆਈਆਂ ਦਾ ਨਿਚੋੜ ਹੈ :-

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।"[2]

ਮਨੁੱਖ ਜਿਤਨਾ ਮਨ ਕਰਕੇ ਨੀਵਾਂ ਹੁੰਦਾ ਹੈ, ਉਤਨਾ ਹੀ ਉਹ ਆਤਮਕ ਤੌਰ ਤੇ ਉੱਚਾ ਗਿਣਿਆ ਜਾਂਦਾ ਹੈ। ਗਰੀਬੀ-ਭਾਵ ਇਕ ਉੱਚੀ ਆਤਮਕ ਅਵਸਥਾ ਦਾ ਲੱਛਣ ਹੈ :-

"ਆਪਸ ਕਉ ਜੋ ਜਾਣੈ ਨੀਚਾ। ਸੋਊ ਗਨੀਐ ਸਭ ਤੇ ਊਚਾ।"[3]

ਗੁਰਬਾਣੀ ਵਿਚ 'ਨਿਰਮਾਨਤਾ' ਲਈ ਗਰੀਬ, ਨੀਚ ਅਤੇ ਨਿਮਾਣਾ ਆਦਿ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ :-

"ਕਹਿਆ ਕਰਣਾ ਦਿਤਾ ਲੈਣਾ। ਗਰੀਬਾ ਅਨਾਥਾ ਤੇਰਾ ਮਾਣਾ।"[4]

---

1. ਆਦਿ ਗ੍ਰੰਥ, ਪੰ:17.
2. ਉਹੀ, ਪੰ:470.
3. ਉਹੀ, ਪੰ:266.
4. ਉਹੀ, ਪੰ: 96.

"ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ।"[1]

"ਨਿਮਾਣੇ ਕਉ ਪ੍ਰਭ ਤੇਰੋ ਮਾਨੁ।"[2]

ਆਮ ਵਿਚਾਰ ਹੈ ਕਿ ਗਰੀਬਾਂ ਵਿਚ ਪ੍ਰਭੂ ਵਸਦਾ ਹੈ। ਇਹ ਵਿਚਾਰ ਉਨ੍ਹਾਂ ਦੀ ਭੁਖ ਨੰਗ ਦਾ ਖਿਆਲ ਕਰਕੇ ਨਹੀਂ ਬਣਿਆ, ਸਗੋਂ ਉਨ੍ਹਾਂ ਦੇ ਗਰੀਬੀ-ਭਾਵ ਕਰ ਕੇ ਬਣਿਆ ਹੈ। ਪ੍ਰਭੂ ਨੂੰ ਨਿਰਮਾਣਤਾ ਚੰਗੀ ਲਗਦੀ ਹੈ। ਗੁਰੂ ਨਾਨਕ ਦੇਵ ਆਪਣੇ ਆਪ ਨੂੰ ਨੀਵਿਆਂ ਦਾ ਸਾਥੀ ਦਸਦੇ ਹੋਏ ਕਹਿੰਦੇ ਹਨ ਕਿ ਜਿਥੇ ਨੀਵਿਆਂ ਦੀ ਸੰਭਾਲ ਹੁੰਦੀ ਹੈ ਉਥੇ ਪ੍ਰਭੂ ਦੀ ਮਿਹਰ ਦੀ ਨਜ਼ਰ ਹੁੰਦੀ ਹੈ :-

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।"[3]

ਜਪੁਜੀ ਦੀ 18ਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਨੇ ਆਪਣੇ ਲਈ 'ਨੀਚੁ' ਸ਼ਬਦ ਦੀ ਵਰਤੋਂ ਕੀਤੀ ਹੈ ਜੋ ਕਿ ਉਨ੍ਹਾਂ ਦੇ ਅਤਿ ਦਰਜੇ ਦੇ ਨਿਮ੍ਰਤਾ-ਭਾਵ ਦਾ ਸੂਚਕ ਹੈ :-

"ਨਾਨਕੁ ਨੀਚੁ ਕਹੈ ਵੀਚਾਰੁ।"
— (ਪਉੜੀ-18)

ਜਪੁਜੀ ਦੀ 23ਵੀਂ ਪਉੜੀ ਵਿਚ ਕਿਹਾ ਹੈ ਕਿ ਜੇ ਕਿਸੇ ਸੁਲਤਾਨ ਕੋਲ ਪਹਾੜ ਜਿੱਨਾ ਮਾਲ ਧਨ ਹੋਵੇ ਅਤੇ ਉਹ ਸਮੁੰਦਰਾਂ ਦਾ ਮਾਲਕ ਹੋਵੇ, ਤਾਂ ਵੀ ਉਹ ਉਸ ਨਿਮ੍ਰ ਮਨੁੱਖ (ਕੀੜੀ) ਦੇ ਤੁਲ ਨਹੀਂ ਹੋ ਸਕਦਾ ਜਿਸ ਦੇ ਹਿਰਦੇ ਵਿਚ ਸਦਾ ਪ੍ਰਭੂ ਦੀ ਯਾਦ ਹੈ। ਭਾਵ ਧਨ ਦੀ ਬਹੁ-ਲਤਾ ਵਡਿਤਣ ਦੀ ਸੂਚਕ ਨਹੀਂ ਹੈ :-

"ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ।
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ।"
— (ਪਉੜੀ-23)

---

1. ਆਦਿ ਗ੍ਰੰਥ, ਪੰ:815.
2. ਓਹੀ, ਪੰ:266.
3. ਓਹੀ, ਪੰ: 15.

ਗੁਰੂ ਅਰਜਨ ਸਾਹਿਬ ਵੀ ਨਿਰਮਾਣਤਾ ਵਾਲੀ ਅਵਸਥਾ ਦਾ ਚਿਤਰ ਇਸ ਤਰ੍ਹਾਂ ਪੇਸ਼ ਕਰਦੇ ਹਨ :-

"ਗਰੀਬੀ ਗਦਾ ਹਮਾਰੀ। ਖੰਨਾ ਸਗਲ ਰੇਨੁ ਛਾਰੀ।"[1]

ਜਪੁਜੀ ਵਿਚ 'ਰਜ਼ਾ' ਤੇ 'ਹੁਕਮ' ਵਿਚ ਰਾਜ਼ੀ ਰਹਿਣ ਉਤੇ ਇਸੇ ਲਈ ਜ਼ੋਰ ਦਿੱਤਾ ਹੈ ਕਿਉਂਕਿ 'ਭਾਣੇ' ਵਿਚ ਰਾਜ਼ੀ ਰਹਿਣ ਨਾਲ ਸਾਧਕ ਦੀ ਆਤਮਕ ਅਵਸਥਾ ਉਚੇਰੀ ਹੋ ਜਾਂਦੀ ਹੈ :-

"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।"
— (ਪਉੜੀ-1)

ਗੁਰੂ ਨਾਨਕ ਦੇਵ ਅਨੁਸਾਰ ਮੁਕਤੀ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਪਹਿਲਾਂ ਮਨੁੱਖ ਪ੍ਰੇਮਾ ਭਗਤੀ ਰਾਹੀਂ ਨਿਰਮਾਣ ਹੋਵੇ :-

"ਭਾਉ ਭਗਤਿ ਕਰਿ ਨੀਚੁ ਸਦਾਏ।
ਤਉ ਨਾਨਕ ਮੋਖੰਤਰੁ ਪਾਏ।"[2]

ਸੇਵਾ —

ਗੁਰਬਾਣੀ ਵਿਚ 'ਸੇਵਾ' ਨੂੰ ਮੁੱਖ ਸਥਾਨ ਦਿੱਤਾ ਗਿਆ ਹੈ। 'ਸੇਵਾ' ਦਾ ਭਾਵ ਹੈ ਨੇਕ ਸੇਵਾ ਅਰਥਾਤ ਸੁਖਸੀ ਬੰਧਨਾਂ ਤੋਂ ਸੁਤੰਤਰ ਹੋ ਕੇ ਮਨੁੱਖੀ ਭਾਈਚਾਰੇ ਲਈ ਕਰਮ ਕਰਨਾ। ਜੀਵਾਂ ਦੀ ਸੇਵਾ ਨਾਲ ਸਾਧਕ ਆਤਮਕ ਪੱਖ ਤੋਂ ਉਨੱਤ ਹੁੰਦਾ ਹੈ :-

"ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ।
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ।"[3]

ਉਪਨਿਸ਼ਦਾਂ ਅਨੁਸਾਰ ਕਰਮ ਬੰਧਨਾਂ ਤੋਂ ਮੁਕਤੀ 'ਸੇਵਾ' ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ।[4]

1. ਆਦਿ ਗ੍ਰੰਥ, ਪੰ:628.
2. ਉਹੀ, ਪੰ:470.
3. ਉਹੀ, ਪੰ:466-67.
4. Radha Krishnan, Indian Philosophy Vol.I, P. 245.

ਗੁਰੂ ਨਾਨਕ ਸਾਹਿਬ ਨੇ ਦਰਗਾਹ ਵਿਚ ਸਥਾਨ ਪ੍ਰਾਪਤ ਕਰਨ ਲਈ ਜ਼ਰੂਰੀ ਸੁਰਤ ਸੰਸਾਰ ਵਿਚ ਸੇਵਾ ਦੀ ਕਮਾਈ ਦਸਿਆ ਹੈ :-

"ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹ ਬੈਸਣੁ ਪਾਈਐ।"[1]

ਨਿਸ਼ਕਾਮ ਸੇਵਾ ਹੀ ਪ੍ਰਭੂ ਪ੍ਰਾਪਤੀ ਦਾ ਮੁੱਖ ਸਾਧਨ ਹੈ :-

"ਸੇਵਾ ਕਰਤ ਹੋਇ ਨਿਹਕਾਮੀ।
ਤਿਸੁ ਕਉ ਹੋਤ ਪਰਾਪਤਿ ਸੁਆਮੀ।"[2]

<u>ਦੈਵੀ ਗੁਣ</u> -

ਗੁਰਬਾਣੀ ਵਿਚ ਕੁਝ ਇਕ ਅਜਿਹੇ ਸਦਾਚਾਰਕ ਗੁਣਾਂ ਦਾ ਵੀ ਵਰਣਨ ਹੈ ਜਿਨ੍ਹਾਂ ਦੇ ਧਾਰਣ ਕੀਤਿਆਂ ਪ੍ਰਭੂ ਨਾਲ ਨੇੜ੍ਹਤਾ ਪ੍ਰਾਪਤ ਹੁੰਦੀ ਹੈ। ਉਦਾਹਰਣ ਵਜੋਂ 'ਮੂਲ ਮੰਤਰ' ਵਿਚ ਪ੍ਰਭੂ ਨੂੰ 'ਨਿਰਭਉ' ਤੇ 'ਨਿਰਵੈਰ' ਕਿਹਾ ਹੈ। ਸਾਧਕ ਇਨ੍ਹਾਂ ਦੈਵੀ ਗੁਣਾਂ ਨੂੰ ਆਪਣੇ ਜੀਵਨ ਵਿਚ ਅਮਲੀ ਜਾਮਾ ਪਹਿਨਾ ਸਕਦਾ ਹੈ। ਇਸ ਲਈ ਪ੍ਰਭੂ ਲਈ ਇਕ-ਸੁਰਤਾ ਪ੍ਰਾਪਤ ਕਰਨ ਲਈ ਸਾਧਕ ਨੂੰ ਭਉ ਰਹਿਤ ਤੇ ਵੈਰ ਰਹਿਤ ਹੋਣਾ ਚਾਹੀਦਾ ਹੈ। ਇਨ੍ਹਾਂ ਦੈਵੀ ਗੁਣਾਂ ਨੂੰ ਅਮਲ ਵਿਚ ਲਿਆਉਣ ਕਰਕੇ ਹੀ ਸੰਤ-ਕਾਵਿ ਵਿਚ ਸਦਾਚਾਰਕ ਸੁਨੇਹੇ ਮਿਲਦੇ ਹਨ :-

ਵਵਾ ਵੈਰੁ ਨ ਕਰੀਐ ਕਾਹੂ।
ਘਟ ਘਟ ਅੰਤਰਿ ਬ੍ਰਹਮ ਸਮਾਹੂ।"[3]

ਉਦਾਰਤਾ ਤੇ ਕ੍ਰਿਪਾਲਤਾ -

ਪ੍ਰਭੂ ਹਰ ਚੀਜ਼ ਪ੍ਰਦਾਨ ਕਰਨ ਵਾਲਾ ਹੈ। ਉਹ ਹਰ ਮਨੁੱਖ ਨੂੰ ਉਸ ਦੇ ਗੁਣਾਂ-ਔਗੁਣਾਂ ਦਾ ਵਿਚਾਰ ਨਾ ਕਰਦੇ ਹੋਏ, ਉਸ ਨੂੰ ਇਸ ਜੀਵਨ ਵਿਚ ਹਰ ਵਸਤੂ ਦੇਂਦਾ ਹੈ :-

"ਦੇਦਾ ਦੇ ਲੈਦੇ ਥਕਿ ਪਾਹਿ।"
— (ਪਉੜੀ-੩)

---

1. ਆਦਿ ਗ੍ਰੰਥ, ਪੰ:26.
2. ਉਹੀ, ਪੰ:286-87.
3. ਉਹੀ, ਪੰ:259.

ਪ੍ਰਭੂ ਉਦਾਰ ਹੁੰਦਿਆਂ ਹੋਇਆਂ ਦਿਆਲੂ ਤੇ ਕ੍ਰਿਪਾਲੂ ਹੈ। ਜਪੁਜੀ ਅਨੁਸਾਰ ਦਇਆ ਰਾਹੀਂ ਹੀ ਧਰਮ ਪਾਲਣਾ ਸੰਭਵ ਹੈ। ਹਰ ਮਨੁੱਖ ਸੰਸਾਰ, ਭਾਈਚਾਰੇ ਤੇ ਮਨੁੱਖਤਾ ਲਈ ਫਰਜ਼ ਪੂਰਾ ਕਰਨ ਕਰਕੇ ਹੀ ਧਰਮ ਕਰਮ ਕਰਦਾ ਹੈ। ਇਸ ਲਈ ਧਰਮ ਦਇਆ ਤੋਂ ਉਪਜਦਾ ਹੈ :-

"ਧੌਲੁ ਧਰਮੁ ਦਇਆ ਕਾ ਪੂਤੁ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।"
—(ਪਉੜੀ-16)

ਜਪੁਜੀ ਦੀ 29ਵੀਂ ਪਉੜੀ ਵਿਚ 'ਦਇਆ' ਨੂੰ ਗਿਆਨ ਰੂਪੀ ਭੋਜਨ ਦੇ ਭੰਡਾਰੇ ਦੀ ਵਰਤਾਵੀ ਕਿਹਾ ਹੈ :-

"ਭੁਗਤਿ ਗਿਆਨੁ ਦਇਆ ਭੰਡਾਰਣਿ।"
—(ਪਉੜੀ-29)

ਗੁਰੂ ਨਾਨਕ ਸਾਹਿਬ 'ਵਾਰ ਆਸਾ' ਵਿਚ ਦਇਆ ਤੇ ਸੰਤੋਖ ਦੇ ਗੁਣ ਪ੍ਰਾਪਤ ਕਰਨ ਲਈ ਇਸ ਤਰ੍ਹਾਂ ਪ੍ਰੇਰਨਾ ਦਿੰਦੇ ਹਨ :-

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।"[1]

ਪ੍ਰਭੂ ਸਾਰੇ ਗੁਣਾਂ ਦਾ ਦਾਤਾ ਹੈ। ਪਰੰਤੂ ਹੋਰ ਕੋਈ ਐਸਾ ਨਹੀਂ ਜੋ ਬਦਲੇ ਵਿਚ ਪ੍ਰਭੂ ਨੂੰ ਕੋਈ ਗੁਣ ਦੇ ਸਕੇ :-

"ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ।
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ।"
— (ਪਉੜੀ-7)

ਜਪੁਜੀ ਵਿਚ ਦਸਿਆ ਹੈ ਕਿ ਇਸ ਬ੍ਰਹਮੰਡ ਵਿਚ ਅਜਿਹੇ ਅਨੇਕ ਜੀਵ ਸਤੀ ਸੰਤੋਖੀ ਹੋ ਕੇ, ਦਾਨ ਕਰ ਰਹੇ ਹਨ। ਦਾਨ ਦੇ ਕਈ ਰੂਪ ਹਨ। ਦਾਨ ਦੇਣ ਵਾਲੇ ਅਨੇਕ ਹਨ, ਦਾਨ ਲੈਣ ਵਾਲੇ ਵੀ ਅਨੇਕ ਹਨ :-

"ਅਸੰਖ ਸਤੀ ਅਸੰਖ ਦਾਤਾਰ।"
—(ਪਉੜੀ-17)

---

1. ਆਦਿ ਗ੍ਰੰਥ, ਪੰ:471.
2. ਉਹੀ, ਪੰ:14[illegible].

ਗੁਰਬਾਣੀ ਵਿਚ ਵੀ ਕਿਹਾ ਹੈ ਕਿ ਮਨੁੱਖ ਨੂੰ ਆਪਣੇ ਜੀਵਨ ਨੂੰ ਪੁੰਨ ਦਾਨ ਕਰਨ ਵਾਲਾ ਬਣਾਉਣਾ ਚਾਹੀਦਾ ਹੈ :-

"ਪੁੰਨ ਦਾਨ ਕਾ ਕਰੈ ਸਰੀਰੁ।"[1]

ਜਪੁਜੀ ਵਿਚ ਦਸਿਆ ਹੈ ਕਿ ਕਈ ਮਨੁੱਖ ਪ੍ਰਭੂ ਦਾ ਗਾਇਣ ਇਸੇ ਲਈ ਕਰਦੇ ਹਨ ਕਿ ਉਸ ਵਿਚ ਦਿਆਲਤਾ, ਕ੍ਰਿਪਾਲਤਾ ਆਦਿ ਗੁਣ ਅਤੇ ਸਰਬ ਕਲਾ ਸਮਰਥ ਹੋਣ ਦੀ ਵਡਿਆਈ ਹੈ। ਉਸ ਦੀ ਸੱਚੀ ਮਰਯਾਦਾ ਸਦਾ ਅਟੱਲ ਹੈ :-

"ਗਾਵੈ ਕੋ ਗੁਣ ਵਡਿਆਈਆ ਚਾਰ।"
—(ਪਉੜੀ-3)

ਨਿਆਇ —

ਪਰਮਾਤਮਾ ਨਿਆਇਕਾਰਤਾ ਹੈ, ਇਸ ਲਈ ਮਨੁੱਖ ਨੂੰ ਕੋਈ ਅਨਿਆਇ ਦੀ ਗੱਲ ਨਹੀਂ ਕਰਨੀ ਚਾਹੀਦੀ। ਪਰਮਾਤਮਾ ਦਾ ਨਿਆਇ ਸੱਚ ਤੇ ਆਧਾਰਿਤ ਹੈ :-

"ਵਡੀ ਵਡਿਆਈ ਜਾ ਸਚੁ ਨਿਆਉ।"[2]

ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਜੀਵਨ ਦਾ ਆਧਾਰ ਸੱਚ ਤੇ ਨਿਆਇ ਬਣਾਵੇ। ਜਪੁਜੀ ਵਿਚ ਵੀ ਉਸ ਪ੍ਰਭੂ ਤੇ ਉਸ ਦੇ ਨਿਆਂ ਨੂੰ ਸੱਚਾ ਕਿਹਾ ਹੈ :-

"ਸਾਚਾ ਸਾਹਿਬੁ ਸਾਚੁ ਨਾਇ।"
—(ਪਉੜੀ-4)

'ਨਾਇ' ਦਾ ਭਾਵ ਨਿਯਮ ਅਤੇ ਨਿਯਮਾਂ ਅਨੁਸਾਰ ਕੀਤਾ ਨਿਆਂ ਹੈ। ਇਸ ਬ੍ਰਹਮੰਡ ਵਿਚ ਪ੍ਰਤੱਖ ਹੀ ਕੁਝ ਨਿਯਮ ਕੰਮ ਕਰਦੇ ਪ੍ਰਤੀਤ ਹੁੰਦੇ ਹਨ। ਇਹ ਨਿਯਮ ਹੀ ਪ੍ਰਭੂ ਦੀ ਹੋਂਦ ਦਾ ਪ੍ਰਮਾਣ ਹਨ। ਜਿਨ੍ਹਾਂ ਨਿਯਮਾਂ ਅਨੁਸਾਰ ਕੁਦਰਤ ਦੀ ਖੇਡ ਚਲ ਰਹੀ ਹੈ ਅਤੇ ਇਸਮੇਂ ਖੇਡ ਵਿਚ ਹਰ ਇਕ ਨਾਲ ਨਿਯਮਾਂ ਅਨੁਸਾਰ ਨਿਆਂ ਹੋ ਰਿਹਾ ਹੈ। ਸ੍ਰਿਸ਼ਟੀ ਦੀ ਰਚਨਾ ਕਰ ਕੇ ਉਹ ਪ੍ਰਭੂ

1. ਆਦਿ ਗ੍ਰੰਥ, ਪੰ: 1411.
2. ਉਹੀ, ਪੰ: 463.

ਆਪ ਵਖਰਾ ਬੈਠ ਕੇ ਇਹ ਖੇਡ ਵੇਖ ਰਿਹਾ ਹੈ। ਉਸ ਦਾ ਫੈਸਲਾ ਸੱਚਾ ਹੈ ਅਤੇ ਸੱਚੇ ਨਿਆਂ ਵਾਲਾ ਹੁਕਮ ਕਰਦਾ ਹੈ :-

"ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ।
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ।"[1]

ਉਪਰੋਕਤ ਰੱਬੀ ਗੁਣ ਅਜਿਹੇ ਸਦਾਚਾਰਕ ਗੁਣ ਹਨ ਜਿਨ੍ਹਾਂ ਨੂੰ ਅਪਣਾਉਣ ਲਈ ਸਾਧਕ ਰੱਬ ਦੇ ਨੇੜੇ ਹੋ ਜਾਂਦਾ ਹੈ। ਇਹ ਰੱਬੀ ਗੁਣ ਧਾਰਣ ਕਰਨ ਨਾਲ, ਸਭ ਗੁਣ ਬਣ ਜਾਂਦੇ ਹਨ।[2]

ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਸਰਬ ਪ੍ਰਥਮ ਪ੍ਰਭੂ ਦਾ ਸਰਬ-ਸਾਂਝਾ ਰੂਪ ਨਿਸਚਿਤ ਕੀਤਾ ਹੈ। 'ਸੁਣਨ' ਤੇ 'ਮੰਨਣ' ਦੀ ਮਹਿਮਾ ਦੱਸੀ ਹੈ। ਫਿਰ ਸ੍ਰਿਸ਼ਟੀ ਸੰਬੰਧੀ ਦਸਿਆ ਹੈ। ਇਸ ਸ੍ਰਿਸ਼ਟੀ ਦਾ ਅੰਗ ਮਨੁੱਖ ਹੈ। ਮਨੁੱਖ ਇਥੇ ਰਹਿੰਦਿਆਂ ਪ੍ਰਭੂ ਦੀ ਪ੍ਰਾਪਤੀ ਲਈ ਜਤਨ ਕਰਦਾ ਹੈ। ਪਹਿਲਾਂ ਸਤਿਗੁਰੂ ਦੀ ਸ਼ਰਨ ਲੈ ਕੇ ਸਿਖਿਆ ਪ੍ਰਾਪਤ ਕਰਨੀ ਹੈ। ਇਸ ਸਿਖਿਆ ਅਨੁਸਾਰ ਜੀਵਨ ਢਾਲ ਕੇ ਔਗੁਣਾਂ ਦਾ ਤਿਆਗ ਕਰਨਾ ਹੈ ਤੇ ਸਦ-ਗੁਣਾਂ ਨੂੰ ਗ੍ਰਹਿਣ ਕਰਨਾ ਹੈ। ਇਸ ਈਸ਼੍ਵਰੀ ਮਾਰਗ ਵਿਚ ਉਸ ਨੇ ਪੰਜ ਖੰਡਾਂ — ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਤੇ ਸਚ ਖੰਡ ਵਿਚੋਂ ਲੰਘਣਾ ਹੈ।

ਆਤਮਕ ਉਨਤੀ ਦੇ ਪਹਿਲੇ ਪੜਾ 'ਧਰਮ ਖੰਡ' ਵਿਚ ਸਚਿਆਰ ਪੁਰਸ਼ ਧਰਮ ਵਿਚ ਪੂਰਾ ਹੁੰਦਾ ਹੈ। ਦੂਜੇ ਪੜਾ 'ਗਿਆਨ ਖੰਡ' ਵਿਚ ਉਹ ਗਿਆਨ ਦੁਆਰਾ ਪ੍ਰਭੂ ਦੀ ਭਰਪੂਰਤਾ ਨਾਲ ਇਕਮਿਕ ਹੁੰਦਾ ਹੈ। ਤੀਜੇ ਪੜਾ 'ਸਰਮ ਖੰਡ' ਵਿਚ ਸਾਧਕ ਦੀ ਸੁਰਤ, ਮਤਿ, ਮਨ ਤੇ ਬੁਧ ਸਾਧੇ ਜਾਂਦੇ ਹਨ। ਚੌਥੇ ਪੜਾ 'ਕਰਮ ਖੰਡ' ਵਿਚ ਸਾਧਕ ਤੇ ਸਦਾ ਹੀ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ ਤੇ ਉਹ ਭਗਤੀ ਵਿਚ ਲੀਨ ਰਹਿੰਦਾ ਹੈ। ਇਸ ਬਖਸ਼ਿਸ਼ ਦੇ ਸਿੱਟੇ ਵਜੋਂ ਸਚਿਆਰ ਪੁਰਖ ਨੂੰ ਪੰਜਵੇਂ ਪੜਾ 'ਸਚ ਖੰਡ' ਦਾ ਵਾਸ ਮਿਲਦਾ ਹੈ ਜਿਥੋਂ ਦੇ ਵਾਸੀਆਂ ਉਤੇ ਸਦਾ ਪ੍ਰਭੂ ਦਾ ਮਿਹਰ ਭਰਿਆ ਹੱਥ ਹੁੰਦਾ ਹੈ। ਇਸ ਅਵਸਥਾ ਦਾ ਕਥਨ ਕਰਨਾ ਬੜਾ ਹੀ ਔਖਾ ਹੈ :-

"ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।
ਵੇਖੈ ਵਿਗਸੈ ਕਰਿ ਵੀਚਾਰੁ। ਨਾਨਕ ਕਥਨਾ ਕਰੜਾ ਸਾਰੁ।"
— (ਪਉੜੀ-37)

---

1. ਆਦਿ ਗ੍ਰੰਥ, ਪੰ: 723.
2. Dr. S. S. Kohli A Critical Study of Adi Granth, P. 292, The Punjabi Writer's Cooperative Industrial Society Ltd., New Delhi, 1961.

'ਸਚ ਖੰਡ' ਸਚਿਆਰ ਪੁਰਸ਼ ਦੀ ਅੰਤਲੀ ਮੰਜ਼ਲ ਹੈ ਜਿਸ ਵਿਚ ਪੁਜ ਕੇ ਉਹ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ। ਇਸ ਗੱਲ ਨੂੰ ਮੁਖ ਰਖ ਕੇ ਹੀ ਜਪੁਜੀ ਦੀ ਅੰਤਲੀ ਪਉੜੀ ਵਿਚ ਗੁਰੂ ਨਾਨਕ ਨੇ ਲਕਸ਼ ਦੀ ਪ੍ਰਾਪਤੀ ਲਈ ਸਦ-ਗੁਣਾਂ ਦੇ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ। ਉਹ ਸਦਾਚਾਰਕ ਗੁਣ ਹਨ - ਜਤੁ (ਸੰਜਮ), ਧੀਰਜੁ, ਮਤਿ (ਬੁੱਧੀ) ਵੇਦੁ (ਗਿਆਨ), ਭਉ (ਰਬ ਦਾ ਡਰ) ਤੇ ਭਾਉ (ਪ੍ਰੇਮ) ਜਿਨ੍ਹਾਂ ਨੂੰ ਸੁਨਿਆਰੇ ਦੀ ਦੁਕਾਨ ਦੇ ਰੂਪਕ ਦੁਆਰਾ ਸਪਸ਼ਟ ਕੀਤਾ ਹੈ ਅਤੇ ਮਨੁੱਖੀ ਸਦਾਚਾਰ ਦੀ ਇਕ ਸਰਬੋਤਮ ਤਸਵੀਰ ਖਿੱਚੀ ਹੈ :-

"ਜਤੁ ਪਾਹਾਰਾ ਧੀਰਜੁ ਸੁਨਿਆਰੁ।
ਅਹਰਣਿ ਮਤਿ ਵੇਦੁ ਹਥੀਆਰੁ।
ਭਉ ਖਲਾ ਅਗਨਿ ਤਪ ਤਾਉ।
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।
ਘੜੀਐ ਸਬਦੁ ਸਚੀ ਟਕਸਾਲ।
ਜਿਨ ਕਉ ਨਦਰਿ ਕਰਮੁ ਤਿਨ ਕਾਰ।
ਨਾਨਕ ਨਦਰੀ ਨਦਰਿ ਨਿਹਾਲ।"

— (ਪਉੜੀ-੩੮)

ਗੁਰੂ ਨਾਨਕ ਦੇਵ ਦੀ ਸਿਖਿਆ ਦਾ ਮੁਖ ਮੰਤਵ ਸਾਧਕ ਨੂੰ ਲਕਸ਼ ਪ੍ਰਾਪਤੀ ਲਈ ਅਜਿਹੀ ਅਧਿਆਤਮਕ ਆਚਾਰ ਨੀਤੀ ਤੇ ਜੁਗਤ ਸੰਬੰਧੀ ਸੇਧ ਦੇਣਾ ਹੈ।[1] ਭਾਈ ਵੀਰ ਸਿੰਘ ਅਨੁਸਾਰ "ਨਾਮ ਦੇ ਅਭਿਆਸ ਵਿਚ ਜਿਨ੍ਹਾਂ 'ਸ਼ੁਭ ਗੁਣਾਂ' ਅਰਥਾਤ ਉੱਚ ਆਚਰਣ ਦੀ ਲੋੜ ਹੈ, ਤੇ ਨਾਮ ਦੇ ਸਿਰੇ ਚੜ੍ਹਨ ਲਈ ਜਿਸ ਰੱਬੀ ਸਹਾਇਤਾ (ਈਸ਼ਵਰ ਅਨੁਗ੍ਰਹਿ) ਦੀ ਲੋੜ ਹੈ, ਦੋਹਾਂ ਦਾ ਇਸ ਪਉੜੀ ਵਿਚ ਸੰਖੇਪ ਵਿਚ ਵਰਣਨ ਕਰਦੇ ਹਨ। ਜਿਨ੍ਹਾਂ 'ਸ਼ੁਭ ਗੁਣਾਂ' ਦੀ ਲੋੜ ਹੈ,[2] ਉਨ੍ਹਾਂ ਦਾ ਵਰਣਨ ਟਕਸਾਲ ਦੇ ਸੰਦ ਆਦਿ ਦੇ ਰੂਪਕ ਵਿਚ ਦਿੱਤਾ ਹੈ।"

ਜਪੁਜੀ ਵਿਚ ਜੋਗੀਆਂ ਦੇ ਰਸਮੀ ਸਾਧਨਾਂ ਦਾ ਖੰਡਨ ਕੀਤਾ ਹੈ, ਜੋ ਕਿ <u>ਬਾਹਰੀ ਭੇਖਾਂ</u> ਨੂੰ ਹੀ ਮੁਕਤੀ ਦਾ ਸਾਧਨ ਸਮਝੀ ਬੈਠੇ ਸਨ। ਉਨ੍ਹਾਂ ਨੂੰ ਸਦਾਚਾਰ ਦੇ ਧਾਰਣ ਕਰਨ ਦੀ ਪ੍ਰੇਰਣਾ

---

1. Gurbachan Singh Talib, The Basis and Development of Ethical Thought in Sikhism, P. 117 (Sikhism, Panjabi University, Patiala, 1969).
2. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰ: 173.

ਕਰਦੇ ਹੋਏ ਅਸਲੀ ਜੋਗੀ ਦੀ ਤਸਵੀਰ ਇਸ ਤਰ੍ਹਾਂ ਪੇਸ਼ ਕਰਦੇ ਹਨ :-

"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।"

—(ਪਉੜੀ-28)

ਪੋਥੀ ਮਿਹਰਬਾਨ ਅਨੁਸਾਰ "ਇਥੇ ਜੋਗ ਮਾਰਗ ਦੇ ਲੱਛਣਾਂ ਦਾ ਵਰਣਨ ਹੈ ਅਰਥਾਤ ਜਿਨ੍ਹਾਂ ਗੁਣਾਂ ਦੇ ਧਾਰਨੀ ਹੋਣ ਨਾਲ ਸੰਪੂਰਣ ਜੋਗੀ ਬਣ ਸਕਦਾ ਹੈ ਅਤੇ ਪਰਮੇਸ਼ੁਰ ਨੂੰ ਪ੍ਰਸੰਨ ਕਰ ਸਕਦਾ ਹੈ।[1] ਗੁਰੂ ਨਾਨਕ ਨੇ ਮੁਸਲਮਾਨੀ ਸ਼ਰ੍ਹਾ ਨੂੰ ਵੀ, ਜਿਥੇ ਸਦਾਚਾਰ ਦਾ ਅਭਾਵ ਹੈ, ਕੋਈ ਮਹੱਤਾ ਨਹੀਂ ਦਿੱਤੀ :-

"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।"[2]

ਇਸ ਤਰ੍ਹਾਂ ਮੁਕਤੀ ਪ੍ਰਾਪਤੀ ਦੇ ਪ੍ਰਚਲਤ ਜਾਂ ਰਸਮੀ ਸਾਧਨਾਂ ਨੂੰ ਗੁਰੂ ਸਾਹਿਬ ਨੇ ਨਿਰਾਰਥਕ ਦਸਿਆ ਹੈ। ਉਨ੍ਹਾਂ ਨੇ ਗੁਰਬਾਣੀ ਵਿਚ ਤੇ ਵਿਸ਼ੇਸ਼ ਕਰਕੇ ਜਪੁਜੀ ਵਿਚ 'ਸ਼ਖਸੀ ਆਚਾਰ' ਤੇ ਜ਼ੋਰ ਦਿੱਤਾ ਹੈ। 'ਸ਼ਖਸੀ ਆਚਾਰ' ਤੋਂ ਭਾਵ ਮਨੁੱਖ ਦੀਆਂ ਉਹ ਕ੍ਰਿਆਵਾਂ ਹਨ, ਜਿਨ੍ਹਾਂ ਦਾ ਸੰਬੰਧ ਉਸ ਦੇ ਵਿਅਕਤਿਤਵ ਨਾਲ ਵਧੇਰੇ ਰਹਿੰਦਾ ਹੈ। ਸਕਾਰਾਤਮਕ ਸ਼ਖਸੀ ਗੁਣਾਂ ਦਾ ਵਰਣਨ ਉਪਰ ਹੋ ਚੁਕਾ ਹੈ। ਨਕਾਰਾਤਮਕ ਸ਼ਖਸੀ ਆਚਾਰ ਵਿਚ 'ਵਿਕਾਰ' ਆਉਂਦੇ ਹਨ ਜਿਨ੍ਹਾਂ ਦਾ ਨਿਰੂਪਣ ਗੁਰਬਾਣੀ ਵਿਚ ਨਿਸ਼ੇਧ-ਸ਼ੈਲੀ ਰਾਹੀਂ ਕੀਤਾ ਗਿਆ ਹੈ। ਇਨ੍ਹਾਂ ਵਿਕਾਰਾਂ—ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ 'ਪੰਚ ਦੂਤ' ਜਾਂ 'ਪੰਚ ਚੋਰ' ਕਿਹਾ ਗਿਆ ਹੈ, ਜਿਨ੍ਹਾਂ ਨੇ ਸਾਰੇ ਸੰਸਾਰ ਨੂੰ ਵਸ ਵਿਚ ਕੀਤਾ ਹੋਇਆ ਹੈ :-

"ਪੰਚ ਦੂਤ ਮੁਹਹਿ ਸੰਸਾਰਾ।"[3]

---

1. ਸ੍ਰੀ 'ਜਪੁਜੀ' ਸਾਹਿਬ ਦਾ ਪਰਮਾਰਥ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੋਥੀ ਦੂਜੀ, ਪੰ:289.
2. ਆਦਿ ਗ੍ਰੰਥ, ਪੰ:140-41.
3. ਓਹੀ, ਪੰ:113.

"ਏਕ ਨਗਰੀ ਪੰਚ ਚੋਰ ਬਸੀਅਲੇ।"[1]

ਇਨ੍ਹਾਂ ਵਿਕਾਰਾਂ ਨੂੰ ਤਿਆਗਣ ਲਈ ਗੁਰਬਾਣੀ ਵਿਚ ਥਾਂ ਥਾਂ ਜ਼ੋਰ ਦਿੱਤਾ ਗਿਆ ਹੈ ਤੇ ਸਾਧਕ ਨੂੰ ਇਨ੍ਹਾਂ ਤੋਂ ਸੁਚੇਤ ਕੀਤਾ ਹੈ ਕਿਉਂਕਿ ਇਹ ਉਸ ਦੇ ਸੁਖਸੀ ਆਚਾਰ ਦੇ ਰਾਹ ਵਿਚ ਵੱਡੀ ਰੁਕਾਵਟ ਹਨ :-

"ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ।"[2]

ਗੀਤਾ ਵਿਚ ਵੀ ਕਾਮ, ਕ੍ਰੋਧ, ਲੋਭ[3] ਨੂੰ ਤ੍ਰਿਬਿਧ ਨਰਕਾਂ ਦੇ ਦਰ ਕਿਹਾ ਹੈ ਅਤੇ ਇਨ੍ਹਾਂ ਨੂੰ ਤਿਆਗਣ ਦੀ ਪ੍ਰੇਰਣਾ ਦਿੱਤੀ ਹੈ।

ਗੁਰੂ ਨਾਨਕ ਅਨੁਸਾਰ ਜਿੰਨਾਂ ਵੀ ਮੋਹ, ਪ੍ਰੀਤ, ਸੁਆਦ ਹੈ, ਸਭ ਕਾਲਖ ਹੈ ਜੋ ਆਤਮਾ ਨੂੰ ਦਾਗਾਂ ਨਾਲ ਭਰ ਦਿੰਦੀ ਹੈ। ਜੋ ਮਨੁੱਖ ਇਹ ਦਾਗ ਆਪਣੇ ਮੂੰਹ ਤੇ ਲਾਂਦਾ ਹੈ, ਉਸ ਨੂੰ ਹਰੀ ਦੀ ਦਰਗਾਹ ਵਿਚ ਬੈਠੀ ਨਹੀਂ ਮਿਲਦੀ :-

"ਜੇਤਾ ਮੋਹੁ ਪਰੀਤਿ ਸੁਆਦ। ਸਭਾ ਕਾਲਖ ਦਾਗਾ ਦਾਗ।
ਦਾਗ ਦੋਸ ਮੁਹਿ ਚਲਿਆ ਲਾਇ। ਦਰਗਹ ਬੈਸਣ ਨਾਹੀ ਜਾਇ।"[4]

ਕਾਮ —

ਇਨ੍ਹਾਂ ਪੰਜ ਵਿਕਾਰਾਂ ਵਿਚੋਂ 'ਕਾਮ' ਇਕ ਪ੍ਰਬਲ ਸ਼ਕਤੀ ਹੈ ਜਿਸ ਤੇ ਮਨੁੱਖ ਦਾ ਕਾਬੂ ਨਾ ਹੋਣ ਕਰਕੇ ਭੈੜੇ ਸਿੱਟੇ ਨਿਕਲਦੇ ਹਨ ਜਿਵੇਂ ਕਾਮ ਜਾਤ ਕੁਜਾਤ ਨਹੀਂ ਵੇਖਦਾ :-

"ਜਿਵੈ ਕਾਮੁ ਨ ਪੁਛੈ ਜਾਤਿ।"[5]

ਕਾਮ ਮਨੁੱਖੀ ਸ਼ਖਸੀਅਤ ਦੀ ਇਕ ਅਜਿਹੀ ਰੁਚੀ ਹੈ ਜੋ ਨੈਤਿਕ ਸੰਤੁਲਨ ਨੂੰ ਭੰਗ ਕਰਦੀ ਹੈ। ਗੀਤਾ ਵਿਚ ਵੀ ਕਿਹਾ ਹੈ "ਜਿਵੇਂ ਧੂਏਂ ਨਾਲ ਅੱਗ, ਮੈਲ ਨਾਲ ਸ਼ੀਸ਼ਾ ਅਤੇ ਜੇਰ ਨਾਲ ਗਰਭ ਢਕਿਆ ਰਹਿੰਦਾ ਹੈ। ਤਿਵੇਂ ਹੀ ਕਾਮ ਨਾਲ ਗਿਆਨ ਢਕਿਆ ਹੁੰਦਾ ਹੈ"।[6] ਕਾਮ, ਕ੍ਰੋਧ, ਆਦਿ

1. ਆਦਿ ਗ੍ਰੰਥ, ਪੰ:503.
2. ਓਹੀ, ਪੰ:1018.
3. ਗੀਤਾ (16.21)
4. ਆਦਿ ਗ੍ਰੰਥ, ਪੰ:662.
5. ਓਹੀ, ਪੰ:137.
6. ਗੀਤਾ (3.38)

ਸਰੀਰ ਨੂੰ ਇਸ ਤਰ੍ਹਾਂ ਗਾਲ ਦਿੰਦੇ ਹਨ ਜਿਵੇਂ ਸੋਹਾਗਾ ਸੋਨੇ ਨੂੰ ਗਾਲ ਦਿੰਦਾ ਹੈ :-

"ਕਾਮੁ ਕ੍ਰੋਧੁ ਕਾਇਆ ਕਉ ਗਾਲੈ। ਜਿਉ ਕੰਚਨ ਸੋਹਾਗਾ ਢਾਲੈ।"[1]

ਜਪੁਜੀ ਵਿਚ 'ਕਾਇਆ' ਨੂੰ ਪਵਿੱਤਰ ਰਖਣਾ ਹੀ ਜੋਗ ਦੀ ਅਸਲੀ ਜੁਗਤੀ ਦੱਸੀ ਹੈ :-

"ਖਿੰਥਾ ਕਾਲ 'ਕੁਆਰੀ ਕਾਇਆ ਜੁਗਤਿ' ਡੰਡਾ ਪਰਤੀਤਿ।"
— (ਪਉੜੀ-੨੮)

ਲੋਭ —

ਲੋਭ ਵੀ ਪੰਜ ਵਿਕਾਰਾਂ ਵਿਚ ਗਿਣਿਆ ਗਿਆ ਹੈ। ਲੋਭੀ ਹਲਕੇ ਕੁੱਤੇ ਦੀ ਨਿਆਈਂ ਹੈ :-

"ਲੋਭ ਲਹਰਿ ਸਭੁ ਸੁਆਨੁ ਹਲਕੁ ਹੈ।"[2]

ਜਿਨ੍ਹਾਂ ਦੇ ਮਨ ਨੂੰ ਇਸ ਵਿਕਾਰ ਨੇ ਮਲ ਲਿਆ ਹੈ, ਉਹ ਪਰਮਾਤਮਾ ਨੂੰ ਵਿਸਾਰ ਦਿੰਦੇ ਹਨ :-

"ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ।"[3]

ਜਪੁਜੀ ਵਿਚ ਦਸਿਆ ਹੈ ਕਿ ਲੋਭੀ ਮਨੁੱਖ ਨੂੰ ਜੇ ਸੰਸਾਰ ਦੇ ਸਾਰੇ ਪਦਾਰਥ ਵੀ ਮਿਲ ਜਾਣ, ਤਾਂ ਵੀ ਉਸ ਦੀ ਭੁੱਖ ਦੂਰ ਨਹੀਂ ਹੁੰਦੀ :-

"ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।"
—(ਪਉੜੀ-੧)

ਦੂਜਿਆਂ ਦਾ ਹੱਕ ਖਾਣ ਵਾਲੇ ਲੋਭੀ ਨੂੰ 'ਹਰਾਮਖੋਰ' ਕਿਹਾ ਹੈ :-

"ਅਸੰਖ ਚੋਰ ਹਰਾਮਖੋਰ"
—(ਪਉੜੀ-੧੮)

ਗੁਰਬਾਣੀ ਵਿਚ, ਪਰਾਏ ਹੱਕ ਨੂੰ ਜੇ ਮੁਸਲਮਾਨ ਖਾਏ ਤਾਂ ਸੂਰ ਤੇ ਜੇ ਹਿੰਦੂ ਖਾਏ ਤਾਂ ਗਾਂ ਦੇ ਸਮਾਨ ਦਸਿਆ ਹੈ :-

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।"[4]

---

1. ਆਦਿ ਗ੍ਰੰਥ, ਪੰ:932.
2. ਓਹੀ, ਪੰ:983.
3. ਓਹੀ, ਪੰ:711.
4. ਓਹੀ, ਪੰ: 141.

ਲਾਲਚੀ ਮਨੁੱਖ ਦਾ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਉਨ੍ਹਕ ਨੂੰ ਲੋਭੀਆਂ ਦੇ ਮੂੰਹ ਕਾਲੇ ਹੁੰਦੇ ਹਨ ਅਤੇ ਇਸ ਸੰਸਾਰ ਵਿਚ ਜਨਮ ਵਿਅਰਥ ਗਵਾ ਕੇ ਜਾਂਦੇ ਹਨ :-

"ਮੁਹ ਕਾਲੇ ਤਿਨ ਲੋਭੀਆ ਜਾਸਨਿ ਜਨਮੁ ਗਵਾਇ।"[1]

ਹੰਕਾਰ –

ਹੰਕਾਰ ਵੀ ਇਕ ਆਚਰਣਕ ਦੋਸ਼ ਹੈ ਜੋ ਮਨੁੱਖ ਦੀ ਸ਼ਖਸੀਅਤ ਨੂੰ ਸੰਪੂਰਣ ਨਹੀਂ ਹੋਣ ਦਿੰਦਾ ਅਤੇ ਖਿਨ ਵਿਚ ਟੀਸੀ ਉਤੇ ਚੜ੍ਹੇ ਨੂੰ ਜ਼ਮੀਨ ਤੇ ਪਟਕਾ ਮਾਰਦਾ ਹੈ ਤੇ ਮਿੱਟੀ ਵਿਚ ਰੋਲਦਾ ਹੈ :-

"ਜੇ ਕੋ ਗਰਬੁ ਕਰੇ ਅਹੰਕਾਰੁ।
ਓਹੁ ਖਿਨਮਹਿ ਰੁਲਤਾ ਖਾਕੂ ਨਾਲਿ।"[2]

ਜੇ ਕੋਈ ਮਨੁੱਖ ਸੁਹਣੇ ਘੋੜੇ ਦਾ ਸਵਾਰ ਹੋਵੇ ਅਤੇ ਕਮਰ ਦੁਆਲੇ ਸੁੰਦਰ ਖੰਜਰ ਹੋਵੇ, ਤਾਂ ਵੀ ਹੰਕਾਰ ਨਾ ਕਰੇ, ਮਤਾਂ ਸਿਰ ਭਾਰ ਪੈ ਜਾਵੇ :-

"ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ।
ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ।"[3]

ਜਪੁਜੀ ਵਿਚ ਕਿਹਾ ਹੈ ਕਿ ਜੇ ਕੋਈ ਪ੍ਰਭੂ ਦੇ ਹੁਕਮ ਨੂੰ ਬੁਝ ਲੈਂਦਾ ਹੈ ਤਾਂ ਹੰਕਾਰ ਵਾਲੀਆਂ ਗੱਲਾਂ ਨਹੀਂ ਕਰਦਾ :-

"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।"
– (ਪਉੜੀ-2)

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਪਣੇ ਆਪ ਵਿਚ ਬੁਰੇ ਹਨ ਪਰੰਤੂ ਇਨ੍ਹਾਂ ਦੀ ਸੰਜਮ ਨਾਲ ਕੀਤੀ ਵਰਤੋਂ ਆਤਮਕ ਉਨਤੀ ਵਿਚ ਸਹਾਈ ਹੁੰਦੀ ਹੈ। ਜਪੁਜੀ ਵਿਚ ਇਨ੍ਹਾਂ ਵਿਕਾਰਾਂ ਤੋਂ ਛੁੱਟ ਭੁੱਖ, ਨਿੰਦਾ ਤੇ ਚਿੰਤਾ ਆਦਿ ਮਨੋਬਿਰਤੀਆਂ ਦਾ ਵਰਣਨ ਵੀ ਹੋਇਆ ਹੈ।

1. ਆਦਿ ਗ੍ਰੰਥ, ਪੰ:1417.
2. ਓਹੀ, ਪੰ:868.
3. ਓਹੀ, ਪੰ:956.

ਕੂੜ —

'ਕੂੜ' ਇਕ ਸਮਾਜਕ ਬੁਰਾਈ ਹੈ ਜਿਸ ਦੀ ਹੋਂਦ ਮਨੁੱਖ ਦੇ ਆਚਾਰ ਨੂੰ ਹੀਣਾ ਕਰ ਦਿੰਦੀ ਹੈ। ਗੁਰੂ ਨਾਨਕ ਅਨੁਸਾਰ ਕੂੜੇ ਮਨੁੱਖ ਇਸ ਸੰਸਾਰ ਦੀ ਖੇਡ ਵਿਚ ਹਾਰ ਜਾਂਦੇ ਹਨ ਤੇ ਅੰਤ ਵਿਚ ਸਚ ਦੀ ਹੀ ਜੈ ਹੁੰਦੀ ਹੈ :-

"ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।"[1]

ਜਪੁਜੀ ਵਿਚ ਸੱਚ ਦੇ ਧਾਰਣੀ ਨੂੰ ਜਿਵੇਂ 'ਸਚਿਆਰ' ਕਿਹਾ ਹੈ, ਇਵੇਂ ਤਰ੍ਹਾਂ ਕੂੜੇ ਮਨੁੱਖ ਨੂੰ 'ਕੂੜਿਆਰ' ਕਿਹਾ ਹੈ, ਜੋ ਝੂਠ ਬੋਲਣ ਵਿਚ ਹੀ ਰੁੱਝੇ ਹੋਏ ਹਨ :-

"ਆਖਿ ਕੂੜਿਆਰ ਕੂੜੈ ਫਿਰਾਹਿ।"
—(ਪਉੜੀ-18)

ਕੂੜ ਬੋਲਣਾ ਮੁਰਦਾਰ ਖਾਣ ਦੇ ਬਰਾਬਰ ਹੈ :-

"ਕੂੜੁ ਬੋਲਿ ਮੁਰਦਾਰੁ ਖਾਇ।"[2]

ਗੁਰਬਾਣੀ ਵਿਚ ਕੂੜਿਆਰ ਨੂੰ ਕੁੱਤਾ, ਸੂਰ ਆਦਿ ਨਾਲ ਤੁਲਨਾਇਆ ਗਿਆ ਹੈ। ਉਹ ਕੁੱਤੇ ਵਾਂਗ ਭੌਂਕਦਾ ਭੌਂਕਦਾ ਮਰਦਾ ਹੈ :-

"ਕੂਕਰ ਸੂਕਰ ਕਹੀਅਹਿ ਕੂੜਿਆਰਾ।
ਭਉਕਿ ਮਰਹਿ ਭਉ ਭਉ ਭਉਹਾਰਾ।"[3]

ਨਿੰਦਾ —

'ਨਿੰਦਾ' ਇਕ ਅਜਿਹਾ ਭੈੜ ਜਾਂ ਜੀਭ ਦਾ ਰਸ ਹੈ ਜਿਸ ਵਿਚ ਮਨੁੱਖ ਸਹਿਜੇ ਹੀ ਮੁਗਧ ਹੋ ਕੇ ਆਪਣੇ ਸੁਖਸੀ ਆਚਾਰ ਤੋਂ ਗਿਰ ਪੈਂਦਾ ਹੈ। ਇਸ ਲਈ ਗੁਰਬਾਣੀ ਵਿਚ ਆਉਂਦਾ ਹੈ ਕਿ ਮੂਰਖ ਜਾਂ ਆਪ ਹੁਦਰੇ ਮਨੁੱਖ ਨਿੰਦਾ ਵਿਚ ਮੁਗਧ ਰਹਿੰਦੇ ਹਨ ਤੇ ਮੂੰਹ ਕਾਲੇ ਕਰਾ ਕੇ ਘੋਰ ਨਰਕ ਵਿਚ ਪੈਂਦੇ ਹਨ :-

---

1. ਆਦਿ ਗ੍ਰੰਥ, ਪੰ:953.
2. ਓਹੀ, ਪੰ:140.
3. ਓਹੀ, ਪੰ:1029.

"ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ।
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ।"[1]

ਨਿੰਦਾ ਇਕ ਅਜਿਹੀ ਮਨੋਬਿਰਤੀ ਹੈ ਜਿਸ ਦੇ ਪ੍ਰਭਾਵ ਥੱਲੇ ਮਨੁੱਖ ਨੇਕੀ ਨੂੰ ਬਦੀ ਅਤੇ ਗੁਣ ਨੂੰ ਔਗੁਣ ਕਰ ਕੇ ਜਾਣਦਾ ਹੈ। ਨਿੰਦਾ ਮਨੁੱਖੀ ਸ਼ਖਸੀਅਤ ਨੂੰ ਉਜਾੜ ਕਰ ਦੇਂਦੀ ਹੈ। ਜਿਸ ਨਾਲ ਨਿੰਦਕ ਦੀ ਕਿਤੇ ਵੀ ਢੋਈ ਨਹੀਂ ਹੁੰਦੀ ਅਤੇ ਉਹ ਆਪਣੇ ਕੀਤੇ ਦੀ ਸਜ਼ਾ ਭੁਗਤਦਾ ਹੈ :-

"ਨਿੰਦਕ ਕੀ ਗਤਿ ਕਤਹੂ ਨਾਹਿ।
ਆਪਿ ਬੀਜਿ ਆਪੇ ਹੀ ਖਾਹਿ।"[2]

ਜਪੁਜੀ ਵਿਚ ਦਸਿਆ ਹੈ ਕਿ ਅਨੇਕਾਂ ਹੀ ਨਿੰਦਕ ਨਿੰਦਾ ਕਰ ਕਰ ਕੇ ਆਪਣੇ ਸਿਰ ਉੱਤੇ ਨਿੰਦਿਆ ਦਾ ਭਾਰ ਚੁਕ ਰਹੇ ਹਨ :-

"ਅਸੰਖ ਨਿੰਦਕ ਸਿਰਿ ਕਰਹਿ ਭਾਰੁ।"
—(ਪਉੜੀ-੧੮)

ਹਿੰਸਾ —

ਹਿੰਸਾ ਦਾ ਅਰਥ ਹੈ, "ਜੀਵਾਂ ਦਾ ਮਾਰਨਾ, ਹਤਿਆ ਕਰਨਾ, ਘਾਤ ਕਰਨਾ, ਦੁਖ ਦੇਣਾ ਆਪਣੇ ਸੁਖ ਅਰ ਵਿਭੂਤੀ ਦੀ ਵ੍ਰਿਧੀ ਵਾਸਤੇ ਜੀਵਾਂ ਦੀ ਕੁਰਬਾਨੀ ਯੱਗ ਆਦਿਕਾਂ ਵਿਚ ਕਰਨੀ ਘੋਰ ਜ਼ੁਲਮ ਕਰਕੇ ਪ੍ਰਾਣੀਆਂ ਨੂੰ ਸਤਾਉਣ ਦਾ ਨਾਉਂ 'ਹਿੰਸਾ' ਹੈ।"[3] ਗੁਰੂ ਨਾਨਕ ਦੇਵ ਨੇ ਮੁਸਲਮਾਨਾਂ ਸੰਬੰਧੀ ਕਿਹਾ ਹੈ ਕਿ ਜੇ ਕਪੜੇ ਨਾਲ ਲਹੂ ਲਗ ਜਾਏ ਤਾਂ ਕਹਿੰਦੇ ਹਨ ਕਿ ਕਪੜਾ ਅਪਵਿੱਤਰ ਹੋ ਗਿਆ ਹੈ, ਨਮਾਜ਼ ਪੜ੍ਹਨ ਜੋਗਾ ਨਹੀਂ ਰਿਹਾ, ਪਰ ਜਿਹੜੇ ਮਨੁੱਖਾਂ ਦਾ ਲਹੂ ਪੀਂਦੇ ਹਨ ਭਾਵ ਜ਼ੁਲਮ ਕਰਦੇ ਹਨ, ਉਨ੍ਹਾਂ ਦਾ ਦਿਲ ਕਿਵੇਂ ਪਵਿੱਤਰ ਹੋ ਸਕਦਾ ਹੈ :-

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।"[4]

---

1. ਆਦਿ ਗ੍ਰੰਥ, ਪੰ:755.
2. ਉਹੀ, ਪੰ:1145.
3. ਭਾਈ ਕਾਨ੍ਹ ਸਿੰਘ, ਗੁਰਮਤਿ ਪ੍ਰਭਾਕਰ, ਪੰ:216.
4. ਆਦਿ ਗ੍ਰੰਥ, ਪੰ:140.

ਜਪੁਜੀ ਵਿਚ ਅਜਿਹੇ ਅਨੇਕਾਂ ਹਿੰਸਕਾਂ ਦਾ ਵਰਣਨ ਹੈ ਜੋ ਦੂਜਿਆਂ ਦੇ ਗਲ ਵਢ ਰਹੇ ਹਨ :-

"ਅਸੰਖ ਗਲਵਢ ਹਤਿਆ ਕਮਾਹਿ।"
—(ਪਉੜੀ-18)

ਜਿਨ੍ਹਾਂ ਮਨੋਬਿਰਤੀਆਂ ਅਰਥਾਤ ਕਮਜ਼ੋਰੀਆਂ ਦਾ ਤਿਆਗ ਤੇ ਸਦ-ਗੁਣਾਂ ਦਾ ਅਭਿਆਸ ਮਨੁੱਖ ਨੂੰ ਉਚੇਰਾ ਸਦਾਚਾਰਕ ਜੀਵਨ ਜਿਉਣ ਲਈ ਪ੍ਰੇਰਣਾ ਦਿੰਦਾ ਹੈ। ਜਪੁਜੀ ਦੇ ਅੰਤਲੇ ਸਲੋਕ ਵਿਚ ਦਸਿਆ ਹੈ ਕਿ ਆਪਣੇ ਚੰਗੇ ਤੇ ਮੰਦੇ ਕਰਮਾਂ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਤੇ ਕਈ ਅਕਾਲ-ਪੁਰਖ ਤੋਂ ਦੂਰ ਰਹਿ ਜਾਂਦੇ ਹਨ। ਜਿਨ੍ਹਾਂ ਨੇ ਨਾਮ ਦਾ ਸਿਮਰਨ ਕੀਤਾ, ਉਨ੍ਹਾਂ ਦੇ ਮੂੰਹ ਉਜੱਲ ਹੋ ਗਏ ਹਨ ਤੇ ਉਨ੍ਹਾਂ ਦੀ ਸੰਗਤ ਨਾਲ ਅਨੇਕ ਜੀਵ 'ਛੁਟ ਦੀ ਘਾਲਿ' ਘਾਲ ਕੇ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਗਏ ਹਨ :-

"ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।"
— (ਸਲੋਕ)

ਜਪੁਜੀ ਦੀ 34ਵੀਂ ਪਉੜੀ ਵਿਚ ਵੀ ਚਿਤਾਵਨੀ ਦਿੱਤੀ ਹੈ ਕਿ ਧਰਮਰਾਜ ਮਨੁੱਖ ਦੇ ਚੰਗੇ ਮਾੜੇ ਕਰਮ ਵੇਖਦਾ ਰਹਿੰਦਾ ਹੈ। ਜਿਨ੍ਹਾਂ ਦੇ ਆਧਾਰ ਤੇ ਹੀ ਮਰਨ ਉਪਰੰਤ ਮਨੁੱਖ ਦੀ ਗਤੀ ਨਿਸਚਿਤ ਹੁੰਦੀ ਹੈ :-

"ਕਚ ਪਕਾਈ ਓਥੈ ਪਾਇ।
ਨਾਨਕ ਗਇਆ ਜਾਪੈ ਜਾਇ।"
—(ਪਉੜੀ-34)

ਸੋ ਜਪੁਜੀ ਵਿਚ ਗੁਰੂ ਨਾਨਕ ਦੇਵ ਦੀ 'ਆਚਾਰ ਨੀਤੀ' ਦੀ ਵਿਸ਼ੇਸ਼ਤਾ 'ਅਮਲੀ ਜੀਵਨ ਦੀ ਜਾਚ ਸਿਖਾਣਾ' ਹੈ। ਉਨ੍ਹਾਂ ਦੀ 'ਆਚਾਰ ਨੀਤੀ' ਦਾ ਸਾਰ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ :-

"ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ।
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ।
ਕਰਤਾ ਤੂ ਮੇਰਾ ਜਜਮਾਨੁ।
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥ਰਹਾਉ।
ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ।
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ।
ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ।
ਦੁਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨ।
ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ।
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ।[1]"

1. ਆਦਿ ਗ੍ਰੰਥ, ਪੰ:1329.

## 'ਜਪੁਜੀ' ਦਾ ਰਹੱਸਵਾਦ

ਰਹੱਸਵਾਦ ਆਤਮਾ ਤੇ ਪਰਮਾਤਮਾ ਦੇ ਸਿੱਧੇ ਸੰਜੋਗ ਦੀ ਸਾਤਵਿਕ ਅਨੁਭੂਤੀ ਹੈ।[1] ਰਹੱਸਵਾਦ ਉਹ ਅਨੁਭਵ ਹੈ ਜਿਸ ਅਨੁਸਾਰ ਪਰਮਾਤਮਾ ਨੂੰ ਬੁੱਧੀ, ਨਿਆਇ ਜਾਂ ਵਿਚਾਰ ਰਾਹੀਂ ਨਹੀਂ ਜਾਣਿਆ ਜਾ ਸਕਦਾ।[2] ਗੁਰੂ ਨਾਨਕ ਸਾਹਿਬ ਨੇ ਵੀ ਕਿਹਾ ਹੈ ਕਿ ਪਰਮਾਤਮਾ ਨੂੰ ਬੁੱਧੀ ਦੇ ਬਲ ਨਾਲ ਨਹੀਂ ਸਮਝਿਆ ਜਾ ਸਕਦਾ :-

"ਚਤੁਰਾਈ ਨਹ ਚੀਨਿਆ ਜਾਇ।"[3]

ਰਹੱਸਵਾਦ ਕੋਈ ਸਿਧਾਂਤ ਜਾਂ ਦਰਸ਼ਨ ਨਹੀਂ, ਸਗੋਂ ਇਹ ਇਕ ਅਨੁਭਵ ਜਾਂ ਮਾਨਸਿਕ ਵਾਤਾਵਰਣ ਹੈ।[4] ਰਹੱਸਵਾਦ ਗਿਆਨ ਅਤੇ ਭਗਤੀ ਤੋਂ ਵੱਖਰਾ ਅਨੁਭਵ ਹੈ ਜਿਸ ਦੁਆਰਾ ਆਤਮਾ ਤੇ ਪਰਮਾਤਮਾ ਦੇ ਮਿਲਣ ਨੂੰ ਜ਼ੁਬਾਨ ਰਾਹੀਂ ਨਹੀਂ ਪ੍ਰਗਟਾਇਆ ਜਾ ਸਕਦਾ। "ਜੋ ਕੁਝ ਇਕ ਰਹੱਸਵਾਦੀ ਆਪਣੇ ਅੰਦਰ ਆਤਮੇ ਅਨੁਭਵ ਕਰਦਾ ਹੈ ਜਾਂ ਪ੍ਰਤੀਤ ਕਰਦਾ ਹੈ, ਉਸੇ ਨੂੰ ਰਹੱਸਵਾਦ ਦਾ ਨਾਂ ਦਿੱਤਾ ਜਾਂਦਾ ਹੈ। ਰਹੱਸਵਾਦ ਇਕ ਰਹੱਸਵਾਦੀ ਦੀ ਆਤਮਕ ਪ੍ਰਾਪਤੀ ਦਾ ਹੀ ਦੂਜਾ ਨਾਂ ਹੈ। ਇਹ ਅਨੁਭਵ ਜਾਂ ਪ੍ਰਾਪਤੀ ਆਤਮਕ ਪੱਧਰ ਦੀ ਹੋਣ ਕਰਕੇ ਅਤੀ ਸੂਖਮ ਤੇ ਅਕਥਿ ਹੁੰਦੀ

---

1. Encyclopaedia of Religion and Ethics, Vol.IX, P. 85.
2. S N. Das Gupta, Hindu Mysticism, P.17, Fredrick Ungar Publishing Co, New York, 1959.
3. ਆਦਿ ਗ੍ਰੰਥ, ਪੰ:221.
4. Caroline F.E. Spurgeon, Mysticism in English Literature, P.3, Cambridge, 1922.

ਹੈ। ਇਸ ਨੂੰ ਸਹਿਜ-ਅਨੁਭਵ ਜਾਂ ਸਹਿਜ-ਗਿਆਨ( instinct ) ਕਿਹਾ ਜਾਂਦਾ ਹੈ ਅਰਥਾਤ ਇੰਦਰੀਆਂ ਤੋਂ ਪਰ੍ਹੇ ਦਾ ਅਨੁਭਵ।"[1] "ਰਹੱਸਵਾਦੀ ਗਿਆਨ ਬੜੇ ਉਚੇ ਪੱਧਰ ਦਾ ਗਿਆਨ ਹੈ। ਉਸ ਗਿਆਨ ਦੇ ਸਾਹਮਣੇ ਦੂਜੇ ਮਨੁੱਖਾਂ ਦਾ ਗਿਆਨ ਅਨ੍ਹੇਰੇ ਦੇ ਬਰਾਬਰ ਹੈ।"[2]

ਰਹੱਸਵਾਦ ਉਸ ਭਾਵ ਪ੍ਰਧਾਨ ਮਨੋਦਸ਼ਾ ਦਾ ਸੁਭਾਵਿਕ ਪ੍ਰਗਟਾ ਹੈ ਜੋ ਵਿਅਕਤੀ ਅਤੇ ਵਿਸ਼ਵ ਦੇ ਮੂਲ ਵਿਚ ਸਥਿਤ ਪਰਮਸੱਤਾ ਦੇ ਅਵਿਅਕਤ ਜਾਂ ਵਿਅਕਤ ਰੂਪ ਦੇ ਨਾਲ ਰਾਗਾਤਮਕ ਸੰਬੰਧ ਸਥਾਪਿਤ ਕਰਨ ਦੀ ਇੱਛਾ ਨਾਲ ਪ੍ਰਾਪਤ ਹੁੰਦਾ ਹੈ।[3] ਡਾ: ਤ੍ਰਿਗੁਣਾਇਤ ਅਨੁਸਾਰ ਰਹੱਸਵਾਦ ਦੀ ਉਪਜ ਓਦੋਂ ਹੁੰਦੀ ਹੈ ਜਦੋਂ ਸਾਧਕ ਭਾਵਨਾ ਦੇ ਸਹਾਰੇ ਅਧਿਆਤਮਕ ਸ਼ਕਤੀ ਦੀ ਰਹੱਸਮਈ ਅਨੁਭੂਤੀ ਨੂੰ ਬਾਣੀ ਦੁਆਰਾ ਸ਼ਬਦ-ਚਿਤਰਾਂ ਵਿਚ ਸਜਾ ਕੇ ਰੌਚਕ ਬਣਾਉਂਦਾ ਹੈ।[4]

ਸਾਰੇ ਸੰਸਾਰ ਦੇ ਸਾਹਿਤ ਉਤੇ ਨਜ਼ਰ ਮਾਰਿਆਂ ਇਕ ਗੱਲ ਸਿਧ ਹੁੰਦੀ ਹੈ ਕਿ ਰਹੱਸਵਾਦ ਹਰ ਭਾਸ਼ਾ ਦੇ ਸਾਹਿੱਤ ਦਾ ਮੁੱਢਲਾ ਵਾਦ ਹੈ। ਇਸ ਦਾ ਕਾਰਨ ਇਹ ਹੈ ਕਿ ਹਰ ਮਨੁੱਖ ਦੇ ਮਨ ਵਿਚ ਸਰਬ ਪ੍ਰਥਮ ਜੋ ਭਾਵਨਾ ਪੈਦਾ ਹੁੰਦੀ ਹੈ, ਉਹ 'ਮੈਂ ਹਾਂ' ਦੀ ਹੈ। ਜਦੋਂ ਉਹ ਆਪਣੀ ਹੋਂਦ ਸੰਬੰਧੀ ਸੁਚੇਤ ਹੁੰਦਾ ਹੈ ਤਾਂ ਇਕ ਹੋਰ ਤੱਤ ਦਾ ਪ੍ਰਕਾਸ਼ ਹੁੰਦਾ ਹੈ ਕਿ ਮੇਰੇ ਬਿਨਾਂ ਕੋਈ ਹੋਰ ਵੀ ਹੈ, ਜਿਸ ਨਾਲ ਸਭ ਕੁਝ 'ਓਹੀ' ਜਾਂ 'ਤੂੰ ਹੀ' ਹੋ ਜਾਂਦਾ ਹੈ ਅਰਥਾਤ ਜਿਸ ਦਾ ਬੁਲਬੁਲਾ ਪਾਟ ਕੇ ਜੀਵਨ ਦੇ ਅਥਾਹ ਸਾਗਰ ਨਾਲ ਇਕਮਿਕ ਹੋ ਜਾਂਦਾ ਹੈ। ਇਸ 'ਅਥਾਹ ਸਾਗਰ' ਨੂੰ ਧਾਰਮਿਕ ਬੋਲੀ ਵਿਚ 'ਰੱਬ' ਆਖਿਆ ਜਾਂਦਾ ਹੈ। ਰਹੱਸਵਾਦੀ ਤਜਰਬਾ ਰੱਬ ਨੂੰ ਇਕ ਅਜਿਹੀ ਜੋਤ, ਪਰਮ ਤੱਤ ਜਾਂ ਮੂਲ ਸੱਤਾ ਮੰਨਦਾ ਹੈ ਜਿਸ ਤੋਂ ਸਭ ਤੱਤ, ਸੱਤਾ ਤੇ ਜੋਤਾਂ ਉਤਪੰਨ ਹੁੰਦੀਆਂ ਹਨ :-

"ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।"[5]

---

1. ਡਾ: ਦੀਵਾਨ ਸਿੰਘ, ਗੁਰੂ ਨਾਨਕ ਦਾ ਰਹੱਸਵਾਦ, ਪੰ:71 (ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)
2. Bertrand Russell, Mysticism and Logic and other Essays, P.8,1951.
3. [illegible] ਪਾਂਡੇਯ, ਰਹੱਸਵਾਦ ਔਰ ਹਿੰਦੀ ਕਵਿਤਾ, ਸੰਵਤ 2013.
4. ਡਾ: ਗੋਵਿੰਦ ਤ੍ਰਿਗੁਣਾਇਤ, ਕਬੀਰ ਔਰ ਜਾਇਸੀ ਕਾ ਰਹੱਸਵਾਦ ਔਰ ਤੁਲਨਾਤਮਕ-ਵਿਵੇਚਨ, ਪੰ: 155, ਸਾਹਿਤਯ ਸਦਨ, ਦੇਹਰਾਦੂਨ।
5. ਆਦਿ ਗ੍ਰੰਥ, ਪੰ:13.

ਰਹੱਸਵਾਦੀ ਇਕ ਚਾਤ੍ਰਿਕ ਜਾਂ ਪਪੀਹਾ ਹੈ ਜੋ ਆਤਮਾ ਦੀ ਸੂਖਮ ਦੁਨੀਆਂ ਦਾ ਖੋਜੀ ਹੈ ਕਿਉਂਕਿ ਉਸ ਦੀ ਦੁਨੀਆਂ ਕੇਵਲ ਪਦਾਰਥਕ ਨਹੀਂ, ਆਤਮਕ ਵੀ ਹੈ। ਇਸ ਵਿਸ਼ਾਲ ਬ੍ਰਹਮੰਡ ਵਿਚ ਉਹ ਆਪਣੇ ਕਰਤਾ ਦੀ ਖੋਜ ਕਰਦਾ ਹੈ :-

"ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋ ਮੋਹਿ ਆਹੀ ਪਿਆਸਾ।
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ।"[1]

ਜਪੁਜੀ ਦਾ ਅਨੁਭਵ ਇਕ ਅਲੌਕੀ ਰਹੱਸਵਾਦੀ ਅਨੁਭਵ ਹੈ। ਰਹੱਸਵਾਦੀ ਅਨੁਭਵ ਵਿਸ਼ਵ ਦਾ ਸਭ ਤੋਂ ਉੱਚਾ ਅਨੁਭਵ ਮੰਨਿਆ ਜਾਂਦਾ ਹੈ ਕਿਉਂਕਿ ਇਸ ਦਾ ਸੰਬੰਧ ਆਵੇਸ਼ ਰੂਪ ਵਿਚ ਪਰਮ-ਸ਼ਕਤੀ ਨਾਲ ਜੁੜਿਆ ਹੈ। ਗੁਰੂ ਨਾਨਕ ਦੇਵ ਨੇ ਜਪੁਜੀ ਵਿਚ ਇਸੇ ਅਗੰਮ, ਅਗੋਚਰ ਤੇ ਅਕਥ ਪਰਮ ਸੱਤਾ ਅਥਵਾ ਪ੍ਰਭ-ਸੱਤ ਨੂੰ ਲੌਕਿਕ ਪੱਧਰ ਤੇ ਲਿਆ ਕੇ ਵਿਚਾਰ-ਗੋਚਰ ਕੀਤਾ ਹੈ। ਰੋਚਿਕ ਰੁਚੀ ਵਾਲੇ ਜਾਂ ਅਧਿਆਤਮਕ ਅਨੁਭਵ ਵਾਲੇ ਸਾਧਕ ਲਈ ਗੁਰੂ ਸਾਹਿਬ ਨੇ ਰਹੱਸ ਭਰਪੂਰ ਗੱਲਾਂ ਕਹੀਆਂ ਹਨ। ਜਿਵੇਂ ਪਹਿਲੀ ਪਉੜੀ ਦੇ ਅੰਤ ਵਿਚ ਇਕ ਪਰਮ ਆਦੇਸ਼ਕ ਪ੍ਰਸ਼ਨ ਉਠਾਇਆ ਹੈ ਜੋ ਆਪਣੇ ਆਪ ਵਿਚ ਇਕ ਉਚੇ ਰਹੱਸ ਦਾ ਸੂਚਕ ਹੈ :-

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।"

ਇਸ ਪ੍ਰਸ਼ਨ ਦਾ ਉੱਤਰ ਸਮਝ ਲੈਣ ਨਾਲ ਜਪੁਜੀ ਦਾ ਰਹੱਸ ਜਾਂ ਮੂਲ ਸਿਧਾਂਤ ਨਿਸ਼ਚਿਤ ਹੋ ਜਾਂਦਾ ਹੈ। ਇਸੇ ਤਰ੍ਹਾਂ 'ਅਸੰਖ' ਵਾਲੀਆਂ ਪਉੜੀਆਂ ਵਿਚ ਸ੍ਰਿਸ਼ਟੀ ਦਾ ਰਹੱਸ ਛੁਪਿਆ ਪਿਆ ਹੈ। ਜਪੁਜੀ ਦੀਆਂ ਅੰਤਲੀਆਂ ਪਉੜੀਆਂ ਵਿਸ਼ੇਸ਼ ਪ੍ਰਕਾਰ ਦੇ ਰਹੱਸਵਾਦੀ ਅਨੁਭਵ ਦੀਆਂ ਲਖਾਇਕ ਹਨ। 21ਵੀਂ ਪਉੜੀ ਵਿਚ ਤੀਰਥ, ਤਪ, ਦਾਨ, ਆਦਿ ਕਰਮਕਾਂਡ ਦੀ ਬਜਾਏ ਕਿਸੇ ਅੰਦਰਲੇ ਨਾਮ-ਰੂਪੀ ਤੀਰਥ ਵਿਚ ਇਸ਼ਨਾਨ ਕਰਨ ਦੇ ਰਹੱਸ ਨੂੰ ਦਸਦੇ ਹੋਏ ਇਕ ਦਮ ਇਕ ਨਵਾਂ ਤੇ ਵੱਖਰਾ ਵਿਚਾਰ ਆਰੰਭ ਕਰ ਦਿੱਤੇ ਹਨ, ਕਿ ਸੰਸਾਰ ਕਦੋਂ ਰਚਿਆ ਗਿਆ? ਇਹ ਤੇ ਇਹੋ ਜਿਹੇ ਪ੍ਰਸ਼ਨ ਵੇਦਾਂ ਵਿਚ ਵੀ ਪੁੱਛੇ ਹਨ। ਜਿਵੇਂ ਯਜੁਰ ਵੇਦ ਦੇ ਸਤਾਰ੍ਹਵੇਂ ਅਧਿਆਇ ਦੇ ਅਠਾਰ੍ਹਵੇਂ ਤੇ ਵੀਹਵੇਂ ਮੰਤਰ ਵਿਚ ਇਹ ਪੁੱਛਿਆ ਗਿਆ ਹੈ :-

1. ਆਦਿ ਗ੍ਰੰਥ, ਪੰ: 13.

"ਇਸ ਵਿਸ਼ਵ ਦਾ ਆਧਾਰ ਕੀ ਹੈ? ਉਦਭਵ ਦਾ ਪਦਾਰਥਕ ਕਾਰਣ ਕੀ ਹੈ? ਇਸ ਦਾ ਸੁਆਮੀ ਕੌਣ ਹੈ? ਕਿਥੇ ਧਰਤੀ ਤੇ ਆਕਾਸ਼ ਦੀ ਰਚਨਾ ਕਰਤਾ ਨੇ ਕੀਤੀ ਹੈ ?"[1]

ਰਹੱਸਵਾਦ ਦੇ ਭੇਦ -

ਵਿਦਵਾਨਾਂ ਨੇ ਰਹੱਸਵਾਦ ਦੇ ਭਿੰਨ ਭਿੰਨ ਭੇਦ ਦੱਸੇ ਹਨ। ਜੀਨਾਰਾਜਾਦਾਸਾ ਨੇ ਰਹੱਸਵਾਦ ਦੇ ਛੇ ਭੇਦ ਮੰਨੇ ਹਨ :- (1) ਨਦਰ ਦਾ ਰਹੱਸਵਾਦ (Mysticism of Grace), (2) ਪ੍ਰੇਮ ਦਾ ਰਹੱਸਵਾਦ ( Mysticism of Love) , (3) ਸਰਵੇਸ਼ਰਵਾਦੀ ਰਹੱਸਵਾਦ ( Pantheistic Mysticism ), (4) ਪ੍ਰਕ੍ਰਿਤੀ ਦਾ ਰਹੱਸਵਾਦ (Nature Mysticism), (5) ਕਰਮ ਕਾਂਡੀ ਰਹੱਸਵਾਦ ( Sacramental Mysticism ), (6) ਥੀਓਸਾਫ਼ੀ ਨਾਲ ਸੰਬੰਧਿਤ ਰਹੱਸਵਾਦ ( Theosophical Mysticism).[2]

ਇਵਲਿਨ ਅੰਡਰਹਿਲ ਅਨੁਸਾਰ ਰਹੱਸਵਾਦੀ ਵਿਕਾਸ ਦੀਆਂ ਪੰਜ ਅਵਸਥਾਵਾਂ ਹਨ : (1) ਜਾਗਣ ਦੀ ਅਵਸਥਾ ( State of Awakening ), (2) ਸ਼ੁੱਧੀ ਦੀ ਅਵਸਥਾ ( State of Purification ), (3) ਪ੍ਰਕਾਸ਼ ਦੀ ਅਵਸਥਾ (State of Illumination), (4) ਆਤਮਾ ਦੀ ਵਿਯੋਗ-ਰਾਤਰੀ ਦੀ ਅਵਸਥਾ ( State of Dark Night of Soul ), (5) ਆਤਮਾ ਦੀ ਸੰਜੋਗ-ਰਾਤਰੀ ਦੀ ਅਵਸਥਾ ( State of Unitive Night of Soul).[3]

ਐਸ.ਐਸ.ਰਾਘਵਾਚਾਰ ਨੇ ਰਹੱਸਵਾਦ ਦੇ ਤਿੰਨ ਮੁੱਖ ਭੇਦ ਦੱਸੇ ਹਨ:(1) ਆਤਮਾ ਦਾ ਰਹੱਸਵਾਦ ( Soul Mysticism ), (2) ਆਤਮਾ-ਪਰਮਾਤਮਾ ਦੀ ਇਕ-ਰੂਪਤਾ ਦਾ ਰਹੱਸ-ਵਾਦ ( Identity Mysticism ), (3) ਆਸਤਕਤਾ ਦਾ ਰਹੱਸਵਾਦ (Theistic Mysticism

---

1. ਡਾ: ਰੌਸ਼ਨ ਲਾਲ ਆਹੂਜਾ, ਵੈਦਿਕ ਸਾਹਿਤ, ਪੰ:1, (ਭਾਰਤੀ ਤੇ ਵਿਦੇਸ਼ੀ ਸਾਹਿਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਫਰਵਰੀ, 1971 ਅੰਕ)

2. C. Jinarajadasa, The nature of Mysticism, Theosophical Publishing House, Adyar, Mdaras, India, 1934, as quoted by Dr S.S. Kohli, Philosophy of Guru Nanak, P. 56.

3. Evelyn Underhill, Mysticism, Methruen & Co., Ltd., London, 1957.

4. Prof. S.S. Raghavachar, Hindu Mysticism, P.77 (Hinduism, Punjabi University, Patiala, 1969).

ਡਾ: ਤ੍ਰਿਗੁਣਾਇਤ ਨੇ ਰਹੱਸਵਾਦ ਦੀਆਂ ਚੌਦਾਂ ਅਵਸਥਾਵਾਂ ਦੱਸੀਆਂ ਹਨ ਜਿਨ੍ਹਾਂ ਰਾਹੀਂ ਇਸ ਨੂੰ ਸਮਝਣਾ ਹੋਰ ਵੀ ਸੁਖੈਨ ਹੋ ਗਿਆ ਹੈ :- (1) ਸਤਿ ਅਨੁਭੂਤੀ ਲਈ ਤੀਬਰ ਉਤਸ-ਕਤਾ, (2) ਗੁਰੂ ਦੀ ਖੋਜ, ਗੁਰੂ ਦੀ ਪ੍ਰਾਪਤੀ, ਗੁਰੂ ਦੀ ਮਹੱਤਾ, ਗੁਰ-ਮੰਤਰ ਆਦਿ (3) ਅਧਿਆਤਮਕ ਜਾਗਣ ਦੀ ਅਵਸਥਾ, (4) ਵਿਵੇਕ ਤੇ ਵੈਰਾਗ ਦੀ ਅਵਸਥਾ, (5) ਆਤਮ-ਸ਼ੁਧੀ ਦੀ ਅਵਸਥਾ, (6) ਭਾਵਾਤਿਰੇਕ ਦੀ ਅਵਸਥਾ, (7) ਆਂਸ਼ਿਕ ਅਨੁਭੂਤੀ ਦੀ ਅਵਸਥਾ, (8) ਵਿਘਨ ਅਤੇ ਉਨ੍ਹਾਂ ਨਾਲ ਯੁਧ ਦੀ ਅਵਸਥਾ, (9) ਬਿਰਹਾ ਦੀ ਅਵਸਥਾ, (10) ਆਤਮ-ਸਮਰਪਣ ਦੀ ਅਵਸਥਾ, (11) ਮਿਲਣ ਤੋਂ ਪੂਰਵ-ਅਵਸਥਾ, (12) ਮਿਲਣ ਦੀ ਅਵਸਥਾ, (13) ਪੂਰਣ ਆਤਮ-ਸਮਰਪਣ ਦੀ ਅਵਸਥਾ, (14) ਪਰਮਾਤਮਾ ਨਾਲ ਇਕ-ਰੂਪਤਾ ਦੀ ਅਵਸਥਾ।[1]

ਰਹੱਸਵਾਦੀ ਚਿੰਤਕਾਂ ਨੇ ਥੋੜੇ ਬਹੁਤੇ ਅੰਤਰ ਨਾਲ ਰਹੱਸਵਾਦੀ ਸਾਧਨਾ ਦੀਆਂ ਭਿੰਨ ਭਿੰਨ ਅਵਸਥਾਵਾਂ ਮੰਨੀਆਂ ਹਨ। ਪਰੰਤੂ ਇਸ ਸੰਬੰਧੀ ਵਿਚਾਰ ਕਰਨ ਲਗਿਆਂ ਕਿਸੇ ਇਕ ਚਿੰਤਕ ਰਾਹੀਂ ਦੱਸੀਆਂ ਗਈਆਂ ਅਵਸਥਾਵਾਂ ਨੂੰ ਹੀ ਆਧਾਰ ਬਣਾਉਣਾ ਕੋਈ ਜ਼ਰੂਰੀ ਨਹੀਂ। ਜਪੁਜੀ ਦੇ ਵਿਸ਼ੈ-ਖੇਤਰ ਨੂੰ ਮੁਖ ਰਖ ਕੇ ਰਹੱਸਵਾਦ ਦੇ ਵਿਸ਼ੇਸ਼ ਅੰਗ ਇਹ ਮੰਨੇ ਜਾ ਸਕਦੇ ਹਨ: ਪਰਮਾਤਮਾ ਦਾ ਰਹੱਸ, ਆਤਮਾ ਦਾ ਰਹੱਸ, ਸੁਰਤ ਮਨਨ ਨਿਦਿਧਿਆਸਨ ਦਾ ਰਹੱਸ, ਪੰਜ ਖੰਡਾਂ ਦਾ ਰਹੱਸ, ਨਦਰ ਦਾ ਰਹੱਸ, ਅਤੇ ਪ੍ਰੇਮ ਦਾ ਰਹੱਸ।

ਪਰਮਾਤਮਾ ਦਾ ਰਹੱਸ —

ਉਸ ਅਦਿਖ ਪਰਮਾਤਮਾ ਨੂੰ ਖੋਜਣ ਅਤੇ ਉਸ ਨਾਲ ਏਕਤਾ ਸਥਾਪਿਤ ਕਰਨ ਦੀ ਭਾਵਨਾ ਹੀ ਰਹੱਸਵਾਦ ਹੈ।[2] ਗੁਰੂ ਨਾਨਕ ਦੇਵ ਨਿਰਾਕਾਰ ਪ੍ਰਭੂ ਦੇ ਉਪਾਸ਼ਕ ਸਨ। ਜਪੁਜੀ ਦੇ ਆਰੰਭ ਵਿਚ ਦਿੱਤੇ ਮੂਲ ਮੰਤਰ ਵਿਚ ਉਨ੍ਹਾਂ ਨੇ ਬ੍ਰਹਮ ਦਾ ਸਰੂਪ ਇਕ ਸੂਤ੍ਰ ਰਾਹੀਂ ਨਿਰਧਾਰਿਤ ਕਰਦੇ ਦਸਿਆ ਹੈ ਕਿ ਪਰਮਾਤਮਾ ਕੀ ਹੈ? ਉਸ ਦਾ ਸਰੂਪ ਕੀ ਹੈ? ਉਸ ਦਾ ਰਹੱਸ ਕੀ ਹੈ? ਉਹ ਪਰਮਾਤਮਾ ਕੇਵਲ ਇਕ ਹੈ। ਇਹ '੧' ਉਸੇ ਪਰਮਾਤਮਾ ਦਾ ਸੂਚਕ ਹੈ ਜਿਸ ਨੂੰ ਗੁਰੂ[3] ਨਾਨਕ ਨੇ 'ਸਾਰੰਗ ਰਾਗ' ਵਿਚ "ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ" ਕਿਹਾ ਹੈ। ਉਪਨਿਸ਼ਦਾਂ ਵਿਚ ਵੀ ਪ੍ਰਭੂ ਦੀ ਏਕਤਾ ਦਾ ਹੀ ਪ੍ਰਤਿਪਾਦਨ ਹੋਇਆ ਹੈ। ਉਸ '੧' ਤੋਂ

---

1. ਡਾ: ਗੋਵਿੰਦ ਤ੍ਰਿਗੁਣਾਇਤ, ਕਬੀਰ ਔਰ ਜਾਇਸੀ ਕਾ ਰਹੱਸਵਾਦ ਔਰ ਤੁਲਨਾਤਮਕ ਵਿਵੇਚਨ, ਪੰ:25.
2. Encyclopaedia Britannica, Vol. XVI, P. 1129.
3. ਆਦਿ ਗ੍ਰੰਥ, ਪੰ:1233.

ਹੀ ਸਾਰੀ ਸ੍ਰਿਸਟੀ ਦੀ ਉਤਪੱਤੀ ਹੋਈ ਹੈ। ਉਹ ਸਤਿ ਸਰੂਪ ਹੈ, ਕਰਤਾ ਹੈ, ਨਿਰਭਉ ਤੇ ਨਿਰਵੈਰ ਹੈ, ਦੇਸ-ਕਾਲ ਤੋਂ ਰਹਿਤ ਹੈ, ਸਵੈ-ਪ੍ਰਕਾਸਿਤ ਹੈ ਅਤੇ ਗੁਰੂ ਦੀ ਕਿਰਪਾ ਨਾਲ ਹੀ ਜਾਣਿਆ ਜਾ ਸਕਦਾ ਹੈ :-

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।"

ਇਹ ਪਰਮਾਤਮਾ ਦਾ ਸੰਕਲਪ ਨਿਰੋਲ ਰਹੱਸਵਾਦੀ ਸੰਕਲਪ ਹੈ। ਉਹ ਪ੍ਰਭੂ ਅਜਿਹਾ 'ਸੱਚ' ਹੈ ਜੋ ਆਦਿ ਵਿਚ ਸੀ, ਜੁਗਾਂ ਦੇ ਆਦਿ ਵਿਚ ਸੀ, ਹੁਣ ਵੀ ਹੈ ਅਤੇ ਅੱਗੇ ਵੀ ਸੱਚ ਹੀ ਰਹੇਗਾ :-

"ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"
—(ਸਲੋਕ-੧)

ਇਸੇ ਸਚਾਈ ਨੂੰ ਸਾਧਕ ਨੇ ਗ੍ਰਹਿਣ ਕਰ ਕੇ 'ਸਚਿਆਰ' ਹੋਣਾ ਹੈ। ਸਾਰੇ ਰਹੱਸਵਾਦੀਆਂ ਨੇ ਇਸ ਨੂੰ ਹੀ ਪ੍ਰਭੂ ਦਾ ਸੁੱਧ ਸਰੂਪ ਮੰਨਿਆ ਹੈ।

ਗੁਰੂ ਨਾਨਕ ਦੇਵ ਨੇ ਪਰਮਾਤਮਾ ਨੂੰ ਮਿਲਣ ਲਈ ਪੁਰਾਤਨ ਧਰਮਾਂ ਦੇ ਪ੍ਰਚਲਤ ਕੀਤੇ ਹੋਏ ਬਾਹਰਮੁਖੀ ਸਾਧਨਾਂ ਦਾ ਖੰਡਨ ਕੀਤਾ ਅਤੇ ਅੰਤਰਮੁਖੀ ਹੋਣ ਉਤੇ ਜੋਰ ਦਿੱਤਾ ਹੈ :-

"ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ।
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।"[1]

ਜਪੁਜੀ ਵਿਚ ਉਨ੍ਹਾਂ ਨੇ ਰਿਧੀਆਂ ਸਿਧੀਆਂ ਅਰਥਾਤ ਕਰਾਮਾਤਾਂ ਨੂੰ ਵੀ ਪ੍ਰਭੂ ਤੋਂ ਦੂਰ ਲੈ ਜਾਣ ਵਾਲੇ ਵਿਅਰਥ ਸੁਆਦ ਦੱਸਿਆ ਹੈ :-

"ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ।"
—(ਪਉੜੀ-੨੯)

---

1. ਆਦਿ ਗ੍ਰੰਥ, ਪੰ:903.

ਜਪੁਜੀ ਦੀ ਪਹਿਲੀ ਪਉੜੀ ਵਿਚ ਹੀ ਗੁਰੂ ਨਾਨਕ ਨੇ ਇਹ ਪ੍ਰਸ਼ਨ ਉਠਾਇਆ ਹੈ ਕਿ ਮਨੁੱਖ 'ਸਚਿਆਰ' ਕਿਵੇਂ ਹੋ ਸਕਦਾ ਹੈ ਅਰਥਾਤ ਆਪਣੇ ਆਤਮਕ ਸੋਮੇ ਪ੍ਰਭੂ ਨਾਲ ਕਿਵੇਂ ਜੁੜ ਸਕਦਾ ਹੈ? ਫਿਰ ਆਪ ਹੀ ਅਗਲੀ ਤੁਕ ਵਿਚ ਇਸ ਦਾ ਉੱਤਰ ਦਿੱਤਾ ਹੈ ਕਿ ਆਤਮਕ ਪੱਧਰ ਤੇ ਪ੍ਰਭੂ ਦਾ ਹੁਕਮ ਮੰਨ ਲੈਣ ਨਾਲ ਸਾਧਕ 'ਸੱਚ' ਨੂੰ ਗ੍ਰਹਿਣ ਕਰ ਸਕਦਾ ਹੈ :-

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।"

ਕਿਉਂਕਿ ਪਰਮਾਤਮਾ ਸੱਚ ਸਰੂਪ ਹੈ ਇਸ ਲਈ ਸਚਾਈ ਦਾ ਧਾਰਣੀ ਹੋਣ ਨਾਲ ਜਾਂ ਪ੍ਰਭੂ ਦੇ ਹੁਕਮਾਂ ਦਾ ਅਭਿਆਸੀ ਹੋਣ ਨਾਲ ਹੀ ਸਾਧਕ ਪ੍ਰਭੂ ਦੇ ਨੇੜੇ ਪੁਜ ਜਾਂਦਾ ਹੈ।

ਪਰਮਾਤਮਾ ਦਾ ਇਕ ਰਹੱਸਵਾਦੀ ਲੱਛਣ ਉਸ ਦੀ 'ਅਨੰਤਤਾ' ਹੈ। ਉਹ ਮਨੁੱਖੀ ਇੰਦ੍ਰੀਆਂ ਦੇ ਅਨੁਭਵ ਤੋਂ ਪਰ੍ਹੇ ਹੈ। ਉਸ ਦਾ ਰੂਪ ਇਤਨਾ ਵਿਰਾਟ ਹੈ ਕਿ ਉਸ ਨੂੰ ਕੇਵਲ ਉਹ ਆਪ ਹੀ ਜਾਣ ਸਕਦਾ ਹੈ :-

"ਜੇਵਡੁ ਆਪਿ ਜਾਣੈ ਆਪਿ ਆਪਿ।"
—(ਪਉੜੀ-24)

ਪਰਮਾਤਮਾ ਦੇ ਸਰੂਪ ਦਾ ਸਰਬੰਗੀ ਵਰਣਨ ਜੋ ਗੁਰੂ ਗੋਬਿੰਦ ਸਿੰਘ ਦੀਆਂ ਰਚਨਾਵਾਂ ਵਿਚ ਹੋਇਆ ਹੈ, ਹੋਰ ਕਿਧਰੇ ਘਟ ਹੀ ਮਿਲਦਾ ਹੈ। 'ਜਾਪੁ ਸਾਹਿਬ' ਵਿਚ ਪਰਮਾਤਮਾ ਨੂੰ ਅਕਾਲੇ, ਕ੍ਰਿਪਾਲੇ, ਅਰੂਪੇ, ਅਨੂਪੇ, ਅਭੇਖੇ, ਅਲੇਖੇ, ਅਕਾਮੇ, ਅਨਾਮੇ, ਅਜੀਤੇ, ਅਭੀਤੇ, ਅਨੀਲੇ, ਅਨਾਦੇ, ਉਦਾਰੇ, ਅਪਾਰੇ, ਏਕੈ, ਅਨੇਕੈ, ਨ੍ਰਿਦੋਸੇ, ਨ੍ਰਿਭੇਖੇ, ਨ੍ਰਿਤਾਪੇ, ਅਥਾਪੇ, ਅਗੰਜੇ, ਅਭੰਜੇ, ਸਰਬ ਕਾਲੇ, ਸਰਬ ਦਿਆਲੇ, ਅਬਰਨੇ, ਅਭਰਨੇ, ਰਹੀਮੇ, ਕਰੀਮੇ, ਅਛੇਤੇ, ਮਹਤੇ, ਕਰਤਾ, ਹਰਤਾ ਆਦਿ ਨਾਵਾਂ ਨਾਲ ਯਾਦ ਕੀਤਾ ਗਿਆ ਹੈ।[1]

ਇਸ ਲਈ ਉਸ ਪਰਮਾਤਮਾ ਅਗੇ ਸਿਰ ਝੁਕਾਣਾ ਹੀ ਸੋਭਦਾ ਹੈ। ਉਸ ਦੇ ਕੀਤੇ ਨੂੰ ਜਾਣਨ ਦਾ ਜਤਨ ਕਰਨਾ ਜਾਂ ਉਸ ਬਾਰੇ ਕੁਝ ਕਹਿਣਾ ਮੂਰਖਤਾ ਹੈ :-

"ਜੇ ਕੋ ਖਾਇਕੁ ਆਖਣਿ ਪਾਇ।
ਓਹੁ ਜਾਣੈ ਜੇਤੀਆ ਮੁਹਿ ਖਾਇ।"
—(ਪਉੜੀ-25)

---

1. ਜਾਪੁ ਸਾਹਿਬ, ਭੁਜੰਗ ਪ੍ਰਯਾਤ ਛੰਦ।

"ਜੇ ਕੋ ਆਖੈ ਬੋਲੁ ਵਿਗਾੜੁ।
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ।"
—(ਪਉੜੀ-26)

ਜਪੁਜੀ ਦੇ ਮੱਧ ਦੀਆਂ ਪਉੜੀਆਂ (16ਵੀਂ ਤੋਂ 27ਵੀਂ) ਨਿਰੋਲ ਪਰਮਾਤਮਾ ਦੀ ਅਨੰਤਤਾ ਦਾ ਵਰਣਨ ਕਰਦੀਆਂ ਹਨ ਅਤੇ ਇਹ ਗੁਰੂ ਨਾਨਕ ਦੇ ਰਹੱਸਵਾਦੀ ਅਨੁਭਵ ਦੀਆਂ ਲਖਾਇਕ ਹਨ।

ਇਸ ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ? ਇਸ ਸੰਬੰਧੀ ਅਜੇ ਕੋਈ ਠੀਕ ਤਰ੍ਹਾਂ ਨਹੀਂ ਜਾਣ ਸਕਿਆ ਕਿਉਂਕਿ ਮਨੁੱਖ ਵਿਚ ਅਜਿਹੀ ਸਮਰਥਾ ਨਹੀਂ ਜੋ ਇਸ ਦਾ ਠੀਕ ਅਨੁਮਾਨ ਲਾ ਸਕੇ :-

"ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"
—(ਪਉੜੀ-21)

ਇਥੇ ਗੁਰੂ ਨਾਨਕ ਦੇਵ ਨੇ ਅੰਤਿਮ ਨਿਰਣਾ ਇਹ ਦਿੱਤਾ ਹੈ ਕਿ ਉਹ ਪ੍ਰਭੂ ਆਪ ਹੀ ਜਾਣਦਾ ਹੈ ਕਿ ਇਸ ਸੰਸਾਰ ਦੀ ਉਤਪੱਤੀ ਕਦੋਂ ਹੋਈ। ਇਕ ਥਾਂ ਤੇ ਗੁਰਾਂ ਇਹ ਵੀ ਸੰਕੇਤ ਕੀਤਾ ਹੈ ਕਿ ਇਸ ਸ੍ਰਿਸ਼ਟੀ ਦਾ ਪਸਾਰਾ ਉਸ ਪ੍ਰਭੂ ਦੇ ਕੇਵਲ ਹੁਕਮ ਨਾਲ ਹੋਇਆ ਹੈ :-

"ਕੀਤਾ ਪਸਾਉ ਏਕੋ ਕਵਾਉ।"
—(ਪਉੜੀ-16)

ਦਰਅਸਲ ਤੇ ਵਿਗਿਆਨ ਨੇ ਮਨੁੱਖੀ ਗਿਆਨ ਵਿਚ ਭਾਵੇਂ ਬਹੁਤ ਵਾਧਾ ਕੀਤਾ ਹੈ ਪਰੰਤੂ ਇਹ ਮੁੱਢਲੇ ਰਾਜ਼ ਬੁੱਝੇ ਨਹੀਂ ਜਾ ਸਕੇ। ਵੇਦਾਂ ਵਿਚ ਵੀ ਜ਼ਿਕਰ ਆਉਂਦਾ ਹੈ ਕਿ "ਕਲਪਨਾ ਵਿਸ਼੍ਵ ਦੇ ਮੰਡਲਾਂ ਵਿਚ ਘੁੰਮਦੀ ਹੋਈ ਅਸੀਮਤਾ ਵਿਚ ਗੁਆਚੀ ਹੋਈ ਇਹ ਮਹਿਸੂਸ ਕਰਦੀ ਹੈ ਕਿ ਇਨ੍ਹਾਂ ਸਾਰਿਆਂ ਦੇ ਪਿਛੇ ਕੋਈ ਸ਼ਕਤੀ ਹੈ ਜਿਸ ਦੀ ਮਹਾਨਤਾ ਦੇ ਅੱਗੇ ਝੁਕਣਾ ਹੀ ਪੈਂਦਾ ਹੈ।"[1] ਅਸੀਮ

1. ਅਥਰਵ ਵੇਦ(2/1/4)—ਹਵਾਲਾ ਡਾ:ਰੋਸ਼ਨ ਲਾਲ ਆਹੂਜਾ, ਵੈਦਿਕ ਸਾਹਿਤ, ਪੰ:1, (ਭਾਰਤੀ ਤੇ ਵਿਦੇਸ਼ੀ ਸਾਹਿਤ, ਫਰਵਰੀ 1971 ਅੰਕ)

ਵਿਸ਼ਾਲਤਾ ਦਾ ਇਹ ਟੱਕਰ ਰਹੱਸਵਾਦ ਦਾ ਮੂਲ ਸਿਧਾਂਤ ਹੈ।

ਇਹ ਸ੍ਰਿਸ਼ਟੀ ਕਿਤਨੀ ਕੁ ਹੈ? ਇਸ ਬਾਰੇ ਹਿੰਦੂ ਧਰਮ ਦੇ ਇਕ ਪੌਰਾਣਿਕ ਵਿਚਾਰ ਦਾ ਵਿਰੋਧ ਕਰਦੇ ਹੋਇਆਂ ਗੁਰੂ ਨਾਨਕ ਨੇ ਜਪੁਜੀ ਵਿਚ ਧਰਮ ਅਤੇ ਉਸ ਨਾਲ ਸੰਬੰਧਿਤ ਸਦਾਚਾਰ ਦੀ ਵਾਸਤਵਿਕਤਾ ਪ੍ਰਗਟ ਕੀਤੀ ਹੈ :-

"ਧੌਲੁ ਧਰਮੁ ਦਇਆ ਕਾ ਪੂਤੁ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।
ਜੇ ਕੋ ਬੁਝੈ ਹੋਵੈ ਸਚਿਆਰੁ।
ਧਵਲੈ ਉਪਰਿ ਕੇਤਾ ਭਾਰੁ।
ਧਰਤੀ ਹੋਰੁ ਪਰੈ ਹੋਰੁ ਹੋਰੁ।
ਤਿਸ ਤੇ ਭਾਰੁ ਤਲੈ ਕਵਣੁ ਜੋਰੁ।"
—(ਪਉੜੀ-16)

ਇਸ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ ਹੈ :-

"ਅੰਤੁ ਨ ਜਾਪੈ ਕੀਤਾ ਆਕਾਰੁ। ਅੰਤੁ ਨ ਜਾਪੈ ਪਾਰਾਵਾਰੁ।"
—(ਪਉੜੀ-24)

ਗੁਰੂ ਨਾਨਕ ਦੇਵ ਨੇ ਤਾਂ ਲੱਖਾਂ ਪਾਤਾਲਾਂ ਤੇ ਲੱਖਾਂ ਆਕਾਸ਼ਾਂ ਦੀ ਕਲਪਨਾ ਕੀਤੀ ਹੈ :-

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।"
—(ਪਉੜੀ-22)

ਇਸ ਤਰ੍ਹਾਂ ਪਰਮਾਤਮਾ ਦੀ ਅਨੰਤ ਰਚਨਾ ਤੇ ਰਹੱਸਵਾਦੀ ਨੀਝ ਬਾਰੇ ਕੁਝ ਕਹਿ ਸਕਣ ਦੀ ਅਸਮਰਥਾ ਪ੍ਰਗਟ ਕਰਦੇ ਹਨ :-

"ਕੁਦਰਤਿ ਕਵਣ ਕਹਾ ਵੀਚਾਰੁ। ਵਾਰਿਆ ਨ ਜਾਵਾ ਏਕ ਵਾਰ।"

ਅਤੇ

"ਜੋ ਤੁਧੁ ਭਾਵੈ ਸਾਈ ਭਲੀ ਕਾਰ। ਤੂ ਸਦਾ ਸਲਾਮਤਿ ਨਿਰੰਕਾਰ।"
—(ਪਉੜੀ-16)

ਗੁਰੂ ਨਾਨਕ ਸਾਹਿਬ ਦਾ ਇਹ ਅਨੁਭਵ ਅਦਭੁਤਤਾ ਤੇ ਨਿਮਰਤਾ ਭਰਪੂਰ ਹੈ। ਇਸੇ ਤੋਂ ਹੀ ਸ਼ਰਧਾ ਜਾਂ ਭਗਤੀ ਪੈਦਾ ਹੁੰਦੀ ਹੈ। ਇਸ ਲਈ ਉਨ੍ਹਾਂ ਦੀਆਂ ਇਹ ਤੁਕਾਂ ਜਪੁਜੀ ਦੀਆਂ ਵਿਸ਼ੇਸ਼ ਤੁਕਾਂ ਹਨ। ਪ੍ਰਭੂ-ਪ੍ਰਾਪਤੀ ਦਾ ਸਰਬੋਤਮ ਸਾਧਨ ਇਨ੍ਹਾਂ ਵਿਚ ਠੀਕ ਛੁਪਿਆ ਪ੍ਰਤੀਤ ਹੁੰਦਾ ਹੈ। ਪ੍ਰਭੂ ਦੀ ਬਖਸ਼ਿਸ਼ ਦੀ ਦਾਤ ਉਸੇ ਮਨੁੱਖ ਨੂੰ ਮਿਲਦੀ ਹੈ ਜੋ ਉਸ ਦੀ ਅਨੰਤਤਾ ਦੀ ਸਿਫਤ ਸਾਲਾਹ ਕਰਦਾ ਹੈ :-

"ਵਡਾ ਸਾਹਿਬੁ ਊਚਾ ਥਾਉ। ਊਚੇ ਉਪਰਿ ਊਚਾ ਨਾਉ।
ਏਵਡੁ ਊਚਾ ਹੋਵੈ ਕੋਇ। ਤਿਸੁ ਊਚੇ ਕਉ ਜਾਣੈ ਸੋਇ।
ਜੇਵਡੁ ਆਪਿ ਜਾਣੈ ਆਪਿ ਆਪਿ। ਨਾਨਕ ਨਦਰੀ ਕਰਮੀ ਦਾਤਿ।"

—(ਪਉੜੀ-੨੪)

ਆਤਮਾ ਦਾ ਰਹੱਸ —

ਮਨੁੱਖੀ ਆਤਮਾ ਪਰਮਾਤਮਾ ਦਾ ਇਕ ਅੰਸ਼-ਰੂਪ ਪਰ ਕਿਣਕਾ ਮਾਤਰ ਪ੍ਰਗਟਾ ਹੈ। ਆਤਮਾ ਦੇਸ਼ ਤੇ ਕਾਲ ਦੀ ਸੀਮਾ ਵਿਚ ਹੈ ਜਦੋਂ ਕਿ ਪਰਮਾਤਮਾ ਇਸ ਬੰਧਨ ਤੋਂ ਸੁਤੰਤਰ ਹੈ। ਆਤਮਾ ਵਾਸਤਵ ਵਿਚ ਸ਼ੁੱਧ ਤੇ ਨਿਰਮਲ ਜਾਣੀ ਹੈ ਪਰੰਤੂ ਮਾਇਆ ਰੂਪੀ ਜਾਲ ਵਿਚ ਫਸ ਕੇ ਮਲੀਨ ਹੋ ਜਾਂਦੀ ਹੈ ਤੇ ਪਰਮਾਤਮਾ ਦੇ ਹੁਕਮ ਅਧੀਨ ਆਵਾਗਵਣ ਦੇ ਚੱਕਰ ਵਿਚ ਫਸ ਜਾਂਦੀ ਹੈ :-

"ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।"

—(ਪਉੜੀ-੨)

"ਨਾਨਕ ਹੁਕਮੀ ਆਵਹੁ ਜਾਹੁ।"

—(ਪਉੜੀ-੨੦)

ਇਸ ਤਰ੍ਹਾਂ ਆਤਮਾ ਪਰਮਾਤਮਾ ਤੋਂ ਵਿਛੜ ਜਾਂਦੀ ਹੈ। 'ਸੱਚ' ਦੀ ਥਾਂ ਇਸ ਦਾ ਕੇਂਦਰ 'ਕੂੜ' ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਦਾ ਮੰਤਵ ਆਤਮਾ ਨੂੰ ਇਸ ਦੁਖ-ਗ੍ਰਸਤ ਅਵਸਥਾ ਵਿਚੋਂ ਕਢ ਕੇ ਫਿਰ ਸ਼ੁੱਧ ਕਰਨਾ, ਅਸਲੇ ਨਾਲ ਜੋੜਨਾ ਅਤੇ ਸੁਖ ਅਵਸਥਾ ਤਕ ਪਹੁੰਚਾਣਾ ਹੈ :-

"ਗਾਵੀਐ ਸੁਣੀਐ ਮਨਿ ਰਖੀਐ ਭਾਉ।
ਦੁਖੁ ਪਰਹਰਿ ਸੁਖੁ ਘਰ ਲੈ ਜਾਇ।"

—(ਪਉੜੀ-੫)

"ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ।"[1]

ਜੋ ਆਤਮਾ ਪਰਮਾਤਮਾ ਨੂੰ ਮਿਲ ਨਹੀਂ ਸਕਦੀ ਉਹ ਉਸ ਮੁਟਿਆਰ ਵਾਂਗ ਹੈ, ਜਿਸ ਨੂੰ ਕੋਈ ਰਖਦਾ ਨਹੀਂ :-

"ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ।
ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ।
ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ।"[2]

ਜੋ ਮਨੁੱਖ ਧਨ ਤੇ ਮਾਇਆ ਵਿਚ ਮਸਤ ਹੈ ਤੇ ਆਪਣੇ ਕਰਤਾ ਨੂੰ ਭੁਲਾ ਬੈਠਾ ਹੈ, ਉਹ ਉਸ ਇਸਤ੍ਰੀ ਵਾਂਗ ਹੈ ਜੋ ਹਾਰ-ਸ਼ਿੰਗਾਰ ਕਰਨ ਵਿਚ ਮੁਗਧ ਹੈ ਪਰੰਤੂ ਉਸ ਦਾ ਕੰਤ ਉਸ ਨੂੰ ਚਾਹੁੰਦਾ ਨਹੀਂ :-

"ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ।
ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ।
ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ।
ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ।
ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ।"[3]

ਆਤਮਾ, ਪਰਮਾਤਮਾ ਬਿਨਾਂ ਜਨਮ ਜਨਮਾਂਤਰ ਰੁਲਦੀ ਰਹਿੰਦੀ ਹੈ, ਜਿਵੇਂ ਉਹ ਇਸਤ੍ਰੀ ਜਿਹੜੀ ਸੁਖ ਦੇ ਵੇਸ ਭਾਵੇਂ ਕਿੰਨੇ ਪਈ ਕਰੇ, ਜਿੰਨੀ ਦੇਰ ਤਕ ਉਸ ਨੂੰ ਪਤੀ ਨਹੀਂ ਅਪਣਾਂਦਾ, ਉਤਨੀ ਦੇਰ ਤਕ ਹਾਰ-ਸ਼ਿੰਗਾਰ ਸਭ ਵਿਅਰਥ ਹਨ। ਉਹ ਭਾਵੇਂ ਕਿੰਨੇ ਮਿੱਤਰ ਬਣਾ ਲਵੇ, ਸਹੁਰੇ ਘਰ ਬਿਨਾਂ ਉਸ ਨੂੰ ਸੌਖਾ ਅਨੰਦ ਨਹੀਂ ਮਿਲ ਸਕਦਾ :-

"ਆਵਹੁ ਦੇਵਹੁ ਕੁਮਣੀ ਕਿਤੀ ਮਿਤ੍ਰ ਕਰੇਉ।
ਸਾਜਨ ਸੇਈ ਨ ਕਹੈ ਬਾਝੀ ਕਿਉ ਧੀਰੇਉ।
ਮੇਰਾ ਮਨੁ ਰਤਾ ਆਪਨੜੇ ਪਿਰ ਨਾਲਿ।

---

1. ਆਦਿ ਗ੍ਰੰਥ, ਪੰ: 1422.
2. ਉਹੀ, ਪੰ: 17.
3. ਉਹੀ, ਪੰ: 19.

ਹਉ ਘੋਲਿ ਘੁਮਾਈ ਖੰਨੀਐ ਕੀਤੀ ਪਿਰ ਮੇਰੀ ਨਦਰਿ ਨਿਹਾਲਿ।੧।ਰਹਾਉ।
ਪੇਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ।
ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ।"[1]

ਇਸ ਤਰ੍ਹਾਂ ਮਨੁੱਖ ਭਾਵੇਂ ਕਿੰਨੇ ਸਾਧਨ ਕਰੇ, ਜਦ ਤਕ ਹਰੀ ਨੂੰ ਪਿਆਰ ਕਰ ਕੇ ਉਸ ਦਾ ਨਹੀਂ ਹੋ ਜਾਂਦਾ, ਉਸ ਦਾ ਜੀਵਨ ਸਫਲ ਨਹੀਂ ਹੋ ਸਕਦਾ। ਜਿਸ ਮਨੁੱਖ ਨੂੰ ਆਤਮਕ ਸ਼ਾਂਤੀ ਨਹੀਂ ਮਿਲਦੀ, ਉਸ ਨੂੰ ਕੋਈ ਸੰਸਾਰਕ ਪਦਾਰਥ ਧਨ, ਇਸਤ੍ਰੀ, ਸੰਤਾਨ, ਪਦਵੀ, ਮਿੱਤਰ ਤੇ ਮਾਨ ਆਦਿ ਸ਼ਾਂਤੀ ਨਹੀਂ ਦੇ ਸਕਦੇ।

ਗੁਰੂ ਨਾਨਕ ਸਾਹਿਬ ਨੇ ਜਪੁਜੀ ਦੀ ਪਹਿਲੀ ਪਉੜੀ ਵਿਚ ਹੀ ਆਤਮਾ ਦੇ ਕਰਤੱਵ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਜੀਵਾਤਮਾ ਨੂੰ ਸਚਿਆਰ, ਬਣਨ, ਦੀ ਅਤੇ ਕੂੜ ਦੀ ਦੀਵਾਰ ਤੋੜਨ ਦੀ ਲੋੜ ਹੈ। ਕੂੜ ਦੀ ਦੀਵਾਰ ਤੋੜਨ ਲਈ ਜ਼ਰੂਰੀ ਹੈ ਕਿ ਸੁੱਚੀ ਸੋਚ, ਮੋਨ ਧਾਰਣਾ ਤੇ ਵਰਤ ਰਖਣਾ ਆਦਿ ਫੋਕਟ ਕਰਮਾਂ ਤੋਂ ਪਰਹੇਜ਼ ਕੀਤਾ ਜਾਏ ਕਿਉਂਕਿ ਇਹ ਮਨੁੱਖ ਨੂੰ ਆਤਮਕ ਸ਼ਾਂਤੀ ਨਹੀਂ ਪ੍ਰਦਾਨ ਕਰ ਸਕਦੇ :-

"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।"
—(ਪਉੜੀ-੧)

ਮਨੁੱਖ ਦੇ ਰਾਹ ਵਿਚੋਂ ਇਨ੍ਹਾਂ ਵਿਘਨਾਂ ਨੂੰ ਦੂਰ ਕਰਨ ਲਈ ਜਪੁਜੀ ਵਿਚ ਗੁਰੂ ਨਾਨਕ ਨੇ ਕੁਝ ਸਾਧਨ ਦੱਸੇ ਹਨ ਜਿਨ੍ਹਾਂ ਤੇ ਚਲ ਕੇ ਆਤਮਾ 'ਸਚਿਆਰ ਪਦ' ਪ੍ਰਾਪਤ ਕਰ ਸਕਦੀ ਹੈ :-

(੧) ਨਾਮ ਜਪਣਾ —

"ਨਾਮ ਦਾ ਵਿਚਾਰ ਰਹੱਸਵਾਦੀ ਵਿਚਾਰ ਹੈ। ਇਸ ਦਾ ਸੰਬੰਧ ਸਿੱਧੇ ਤੌਰ ਤੇ ਅਧਿਆਤਮਕ ਅਨੁਭਵ ਨਾਲ ਹੈ, ਦਿਮਾਗ਼ੀ ਨਾਲ ਨਹੀਂ। ਗੁਰਮਤਿ ਵਿਚ ਆਤਮਕ ਰਹੱਸ ਜਾਂ ਆਤਮਕ ਮੁਕਤੀ ਲਈ ਸਭ ਤੋਂ ਪ੍ਰਸਿੱਧ ਅਤੇ ਪ੍ਰਮਾਣਿਕ ਸੰਕੇਤ ਨਾਮ ਹੀ ਹੈ। ਇਹ ਇਕ ਤਰ੍ਹਾਂ ਗੁਰਮਤਿ ਵਿਚਾਰਧਾਰਾ ਦਾ ਸਭ ਤੋਂ ਸੂਖਮ ਤੇ ਡੂੰਘਾ ਪ੍ਰਤੀਕ ਹੈ। ਯੂਨਾਨ ਦੀ ਰਹੱਸਵਾਦੀ ਵਿਚਾਰਧਾਰਾ ਦਾ ਸੰਕੇਤ

1. ਆਦਿ ਗ੍ਰੰਥ, ਪੰ:1014.

( nous ) ਕਿਸੇ ਹੱਦ ਤਕ ਇਹੋ ਗੁਰਮਤਿ ਦਾ ਨਾਮ ਸਿਧਾਂਤ ਹੈ। ਇਸ ਯੂਨਾਨੀ ਸ਼ਬਦ ਦਾ ਸ਼ਬਦੀ ਅਰਥ ਨਾਮ ਹੈ।"[1]

ਗੁਰੂ ਨਾਨਕ ਦੇਵ ਨੇ ਨਾਮ ਦੇ ਤਿੰਨ ਮੁੱਖ ਰਹੱਸਵਾਦੀ ਵਿਚਾਰ ਨਿਸਚਿਤ ਕੀਤੇ ਹਨ। ਪਹਿਲਾ ਇਹ ਕਿ ਅੰਮ੍ਰਿਤ ਸਮੇਂ ਤੇ ਇਕਾਗਰ ਚਿੱਤ ਹੋ ਕੇ ਪਰਮਾਤਮਾ ਦੀ ਵਡਿਆਈ ਦਾ ਚਿੰਤਨ ਕਰਨਾ :-

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।"
—(ਪਉੜੀ-4)

ਦੂਜਾ ਇਹ ਕਿ ਸ਼ਬਦ ਦਾ ਗਾਉਣਾ, ਸੁਣਨਾ ਤੇ ਜਾਪ ਕਰਨਾ। 'ਸ਼ਬਦ' ਨੂੰ ਧਿਆਉਣ ਨਾਲ ਮਨੁੱਖ ਸਚਿਆਰ ਪਦ ਨੂੰ ਪ੍ਰਾਪਤ ਕਰਦਾ ਹੈ :-

"ਗਾਵੀਐ ਸੁਣੀਐ ਮਨਿ ਰਖੀਐ ਭਾਉ।"
—(ਪਉੜੀ-5)

"ਨਾਨਕ ਸਚੁ ਧਿਆਇਨਿ ਸਚੁ। ਜੋ ਮਰਿ ਜੰਮੇ ਸੁ ਕਚੁ ਨਿਕਚੁ।"[2]

"ਜੋ ਜਿਉ ਰਾਤਾ ਤੈਸੋ ਹੋਵੈ।"[3]

ਤੀਜਾ ਇਹ ਕਿ ਪਰਮਾਤਮਾ ਨਾਲ ਪ੍ਰੇਮ ਕਰਨਾ। ਇਹ ਇਕ ਮਨੋਵਿਗਿਆਨਕ ਸਚਾਈ ਹੈ ਕਿ ਮਨੁੱਖ ਉਹ ਕੁਝ ਬਣ ਜਾਂਦਾ ਹੈ, ਜਿਸ ਵਸਤੂ ਨੂੰ ਉਹ ਪ੍ਰੇਮ ਕਰਦਾ ਹੈ। ਨਾਮ-ਭਗਤੀ ਹੀ ਪ੍ਰੇਮ-ਭਗਤੀ ਹੈ :-

"ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ।
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ।"[4]

ਨਾਮ ਜਪਣ ਦੀ ਮਹੱਤਾ ਇਹ ਹੈ ਕਿ ਮਨ ਵਿਚ ਮੈਲ ਭਰ ਜਾਵੇ, ਜੋ ਜੀਵ ਦਾ ਸਭ ਤੋਂ ਵੱਡਾ ਰੋਗ ਹੈ ਤਾਂ ਇਸ ਦਾ ਦਾਰੂ-ਰੂਪ ਸਾਧਨ ਨਾਮ ਹੀ ਹੈ ਕਿਉਂਕਿ ਨਾਮ ਦਾ ਇਹ ਗੁਣ ਹੈ ਕਿ

1. ਡਾ. ਦੀਵਾਨ ਸਿੰਘ, ਗੁਰੂ ਨਾਨਕ ਦਾ ਰਹੱਸਵਾਦ, ਪੰ:73 (ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਸਾਹਿਤਕਲਾ)
2. ਆਦਿ ਗ੍ਰੰਥ, ਪੰ:463.
3. ਓਹੀ, ਪੰ:411.
4. ਓਹੀ, ਪੰ:466.

ਇਹ ਸਾਰੇ ਕੀਤੇ ਪਾਪਾਂ ਦੇ ਸੰਸਕਾਰਾਂ ਨੂੰ ਧੋ ਦਿੰਦਾ ਹੈ :-

"ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ।"

—(ਪਉੜੀ-੨੦)

"ਸੰਸਾਰ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ।
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ।"[1]

ਨਾਮ ਦੀ ਇਕ ਕਣੀ ਨਾਲ ਅਸੰਖਾਂ ਪਾਪ ਧੋਤੇ ਜਾਂਦੇ ਹਨ :-

"ਕਟੇ ਪਾਪ ਅਸੰਖ ਨਾਵੈ ਇਕ ਕਣੀ।"[2]

ਨਾਮ ਸੁਖਦਾਤਾ ਵੀ ਹੈ :-

"ਅੰਮ੍ਰਿਤੁ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ।"[3]

ਨਾਮ ਹੀ ਮੁਕਤੀ ਹੈ :-

"ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ।"[4]

ਗੁਰੂ ਨਾਨਕ ਦੇਵ ਨੇ ਜੋਗੀਆਂ ਤੇ ਸਰੇਵੜਿਆਂ ਦੇ ਦੰਭ ਦਾ ਪਾਜ ਉਘੇੜਿਆਂ ਉਨ੍ਹਾਂ ਨੂੰ ਵੀ ਨਾਮ ਜਪਣ ਦਾ ਹੀ ਉਪਦੇਸ਼ ਦਿੱਤਾ :-

"ਭੇਖੀਏ ਪਾ[illegible]ਆ। ਨਾਮ ਨਿ[illegible]ਬੇ [illegible]ਹਿ ਤਰਦਾ।"[5]

ਨਾਮ ਪਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਹੈ। ਨਾਮ ਸਰਬਵਿਆਪੀ ਹੈ। ਸਾਰੀ ਕੁਦਰਤ ਤੇ ਰਚਨਾ ਪ੍ਰਭੂ ਦੀ ਹੋਂਦ ਦੀ ਲਖਾਇਕ ਹੈ :-

"ਜੇਤਾ ਕੀਤਾ ਤੇਤਾ ਨਾਉ। ਵਿਣੁ ਨਾਵੈ ਨਾਹੀ ਕੋ ਥਾਉ।"

—(ਪਉੜੀ-੧੯)

---

1. ਆਦਿ ਗ੍ਰੰਥ, ਪੰ:687.
2. ਉਹੀ, ਪੰ:1285.
3. ਉਹੀ, ਪੰ:109
4. ਉਹੀ, ਪੰ:1422.
5. ਉਹੀ, ਪੰ:1471.

ਆਤਮਿਕ ਪ੍ਰਗਤੀ ਲਈ ਸਦਾਚਾਰਕ ਗੁਣਾਂ ਦਾ ਹੋਣਾ ਅਤਿ ਜ਼ਰੂਰੀ ਹੈ। ਜਤੁ, ਧੀਰਜ, ਪ੍ਰਭੂ ਦਾ ਭਉ ਅਤੇ ਪ੍ਰੇਮ ਆਦਿ ਗੁਣਾਂ ਦੇ ਹੋਣ ਨਾਲ ਜੀਵ ਪ੍ਰਭੂ ਦੇ ਨਾਮ ਨੂੰ ਯਾਦ ਰਖ ਸਕਦਾ ਹੈ।-

"ਜਤੁ ਪਾਹਾਰਾ ਧੀਰਜੁ ਸੁਨਿਆਰੁ।
ਅਹਰਣਿ ਮਤਿ ਵੇਦੁ ਹਥੀਆਰੁ।
ਭਉ ਖਲਾ ਅਗਨਿ ਤਪ ਤਾਉ।
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।"
—(ਪਉੜੀ-38)

ਨਾਮ ਜਪਣ ਲਈ ਨਿਮ੍ਰਤਾ ਦਾ ਹੋਣਾ ਵੀ ਜ਼ਰੂਰੀ ਹੈ। ਹਰੇਕ ਮਨੁੱਖ ਆਪਣੇ ਆਪ ਵਿਚ ਮਸਤ ਹੰਕਾਰ ਵਿਚ ਡੁੱਬਾ ਹੋਇਆ ਹੈ ਪਰੰਤੂ ਹਉਮੈ ਕਿਸੇ ਵਿਰਲੇ ਦੀ ਹੀ ਟੁਟਦੀ ਹੈ। ਜਿਸ ਸਾਧਕ ਨੂੰ ਪ੍ਰਭੂ ਨਾਮ ਦੀ ਦਾਤ ਬਖਸ਼ਦਾ ਹੈ, ਉਸ ਨੂੰ ਹਉਮੈ ਤੋਂ ਵੀ ਮੁਕਤ ਕਰਾਉਂਦਾ ਹੈ ਅਤੇ ਨਿਮ੍ਰਤਾ ਪ੍ਰਦਾਨ ਕਰਦਾ ਹੈ ਕਿਉਂਕਿ ਹਉਮੈ ਤੇ ਨਾਮ ਦਾ ਪਰਸਪਰ ਵਿਰੋਧ ਹੈ।-

"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।"[1]

ਨਾਮ ਜੀਭ ਨਾਲ ਜਪਿਆ ਜਾਂਦਾ ਹੈ। ਜੇ ਸਾਧਕ ਦੀਆਂ ਇਕ ਤੋਂ ਲਖ ਜੀਭਾਂ ਹੋ ਜਾਣ, ਲਖ ਜੀਭਾਂ ਤੋਂ ਵੀਹ ਲਖ ਬਣ ਜਾਣ ਅਤੇ ਇਨ੍ਹਾਂ ਵੀਹ ਲਖ ਜੀਭਾਂ ਨਾਲ ਜੇ ਪਰਮਾਤਮਾ ਦੇ ਇਕ ਨਾਮ ਨੂੰ ਇਕ ਇਕ ਲਖ ਵਾਰੀ ਜਪਿਆ ਜਾਵੇ ਤਾਂ ਹੀ ਪਰਮਾਤਮਾ ਦਾ ਮਿਲਾਪ ਹੋ ਸਕਦਾ ਹੈ।-

"ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ।
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ।
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।"
—(ਪਉੜੀ-32)

ਜਪੁਜੀ ਦੀਆਂ ਹੇਠ ਲਿਖੀਆਂ ਤੁਕਾਂ ਸਦੀਵੀ ਸਿਮਰਨ ਦੀ ਅਵਸਥਾ ਪ੍ਰੇਰਣਾ ਦਿੰਦੀਆਂ ਹਨ। ਸਾਧਕ ਗੁਰੂ ਕੋਲੋਂ ਵੀ ਕੇਵਲ ਇਹੋ ਹੀ ਅਰਦਾਸੀ ਕਰਦਾ ਹੈ।-

"ਗੁਰਾ ਇਕ ਦੇਹਿ ਬੁਝਾਈ।
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।"
—(ਪਉੜੀ-5)

---

1. ਆਦਿ ਗ੍ਰੰਥ, ਪੰ:560.

(ਘ) 'ਹੁਕਮ-ਰਜ਼ਾ' ਵਿਚ ਰਹਿਣਾ —

ਜਪੁਜੀ ਵਿਚ ਸਾਧਕ ਨੂੰ 'ਸਚਿਆਰ ਪਦ' ਪ੍ਰਾਪਤ ਕਰਨ ਲਈ ਪਹਿਲਾ ਉਪਦੇਸ਼ ਪ੍ਰਭੂ ਦੀ 'ਹੁਕਮ-ਰਜ਼ਾ' ਵਿਚ ਰਹਿਣ ਦਾ ਦਿੱਤਾ ਹੈ :-

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।"
—(ਪਉੜੀ-੧)

ਇਹ ਵਿਚਾਰ ਗੁਰੂ ਨਾਨਕ ਦੇਵ ਦੇ ਰਹੱਸਵਾਦੀ ਅਨੁਭਵ ਦਾ ਲਖਾਇਕ ਹੈ। ਸ੍ਰਿਸ਼ਟੀ ਦੀ ਸਾਰੀ ਰਚਨਾ ਉਸ ਪ੍ਰਭੂ ਦੇ ਹੁਕਮ ਅਨੁਸਾਰ ਹੋਈ ਹੈ ਪਰੰਤੂ ਉਸ ਦੇ ਹੁਕਮ ਨੂੰ ਲਖਿਆ ਨਹੀਂ ਜਾ ਸਕਦਾ :-

"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।"
—(ਪਉੜੀ-੨)

ਜਿਵੇਂ ਪ੍ਰਭੂ ਅਸੀਮ ਤੇ ਅਨੰਤ ਹੈ, ਤਿਵੇਂ ਉਸ ਦੇ ਹੁਕਮ ਬਾਰੇ ਜਾਣਨਾ ਵੀ ਅਸੰਭਵ ਹੈ ਕਿ ਉਹ ਕਿਤਨਾ ਮਹਾਨ ਹੈ। ਜੇ ਹੁਕਮ ਦਾ ਬਿਆਨ ਕਰਨ ਲਈ ਸੈ ਸ਼ਾਇਰ ਇਕੱਠੇ ਕਰ ਲਏ ਜਾਣ ਤਾਂ ਵੀ ਹੁਕਮ ਦਾ ਤਿਲ ਮਾਤਰ ਵਰਣਨ ਨਹੀਂ ਕਰ ਸਕਦੇ। ਕੋਈ ਵੀ ਉਸ ਦੀ ਕੀਮਤ ਨਹੀਂ ਪਾ ਸਕਦਾ, ਸਭ ਸੁਣੀਆਂ ਸੁਣਾਈਆਂ ਗੱਲਾਂ ਹੀ ਕਰਦੇ ਹਨ :-

"ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ।
ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ।
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ।"[1]

ਪ੍ਰਭੂ ਸਾਰੀ ਸ੍ਰਿਸ਼ਟੀ ਨੂੰ ਆਪਣੇ ਹੁਕਮ ਦੁਆਰਾ ਹੀ ਚਲਾ ਰਿਹਾ ਹੈ ਤੇ ਇਸ ਸਾਰੇ ਵਿਧਾਨ ਨੂੰ ਵੇਖ ਕੇ ਖ਼ੁਸ਼ ਹੋ ਰਿਹਾ ਹੈ :-

"ਹੁਕਮੀ ਹੁਕਮੁ ਚਲਾਏ ਰਾਹੁ। ਨਾਨਕ ਵਿਗਸੈ ਵੇਪਰਵਾਹੁ।"
—(ਪਉੜੀ-੩)

---

1. ਆਦਿ ਗ੍ਰੰਥ, ਪੰ:53.

ਇਹ ਹੁਕਮ ਇਤਨਾ ਪ੍ਰਬਲ ਹੈ ਕਿ ਇਸ ਤੋਂ ਸਿਵਾ ਹੋਰ ਕੋਈ ਸ਼ਕਤੀ ਨਹੀਂ :-

"ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।"

—(ਪਉੜੀ-੨)

'ਜਪੁਜੀ' ਵਿਚ ਕਿਹਾ ਹੈ ਕਿ ਜੇ ਕੋਈ ਮਨੁੱਖ ਆਪਣੇ ਆਪ ਨੂੰ ਜਣਾਉਂਦਾ ਹੈ ਤਾਂ ਉਹ ਪ੍ਰਭੂ ਦੇ ਦਰ ਤੇ ਸੋਭਾ ਨਹੀਂ ਪ੍ਰਾਪਤ ਕਰ ਸਕਦਾ :-

"ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ।"

ਹੁਕਮ ਦੀ ਪਛਾਣ ਕਿਵੇਂ ਹੋ ਸਕਦੀ ਹੈ? ਕਿਸੇ ਚਤੁਰਾਈ ਜਾਂ ਜ਼ੋਰ ਧੱਕੇ ਨਾਲ ਹਰੀ ਦਾ ਹੁਕਮ ਨਹੀਂ ਪਾਇਆ ਜਾ ਸਕਦਾ :-

"ਕਿਤਮਤਿ ਹੁਕਮਿ ਨ ਪਾਇਆ ਜਾਇ।"[1]

ਇਸ ਦੀ ਪਛਾਣ ਸੱਚੇ ਗੁਰੂ ਤੋਂ ਹੁੰਦੀ ਹੈ :-

"ਸਾਚੇ ਗੁਰ ਤੇ ਹੁਕਮੁ ਪਛਾਨੁ।"[2]

ਜਦੋਂ ਤਕ ਗੁਰੂ ਦੀ ਕਿਰਪਾ ਨਹੀਂ ਹੁੰਦੀ ਓਦੋਂ ਤਕ ਹੁਕਮ ਦੀ ਪਛਾਣ ਔਖੀ ਹੈ :-

"ਗੁਰ ਕਿਰਪਾ ਤੇ ਹੁਕਮੁ ਪਛਾਣੈ।"[3]

ਹੁਕਮ ਅਨੁਸਾਰ ਹੀ ਨਾਮ ਦੁਆਰਾ ਹਰੀ ਨੂੰ ਪਛਾਣੀਦਾ ਹੈ ਅਤੇ ਦਰਗਾਹ ਵਿਚ ਮਾਣ ਮਿਲਦਾ ਹੈ :-

"ਹੁਕਮੋ ਸਬਦਿ ਪਛਾਣੀਐ ਪਿਆਰਿਐ ਦਰਗਹ ਪੈਧਾ ਜਾਇ।"[4]

"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ।"[5]

---

1. ਆਦਿ ਗ੍ਰੰਥ, ਪੰ:661.
2. ਉਹੀ, ਪੰ:414.
3. ਉਹੀ, ਪੰ:1027.
4. ਉਹੀ, ਪੰ: 636.
5. ਉਹੀ, ਪੰ:4 71.

ਹੁਕਮ-ਰਜ਼ਾ ਦਾ ਰਹੀਸ ਖ਼ਾਤਮਾ ਹੀ ਅਤਿ ਵਿਕਸਤ ਅਵਸਥਾ ਨਾਲ ਸੰਬੰਧਿਤ ਹੈ। ਸੇਵਾ, ਸਿਮਰਨ, ਸੁੱਚੀ ਕਿਰਤ, ਦਾਨ, ਦਇਆ ਆਦਿ ਸਭ ਆਤਮਿਕ ਧਾਰਮਿਕ ਸਾਧਨ ਹਨ ਪਰੰਤੂ ਸਰਬ ਪ੍ਰਥਮ ਸਾਧਨ 'ਹੁਕਮ ਮੰਨਣਾ' ਹੈ ਕਿਉਂਕਿ ਇਸ ਨਾਲ ਨਿਮ੍ਰਤਾ ਭਾਵ ਦੀ ਉਪਜ ਹੁੰਦੀ ਹੈ, ਜੋ ਨਾਮ ਪ੍ਰਾਪਤੀ ਲਈ ਜ਼ਰੂਰੀ ਹੈ।

(ੲ) ਗੁਰੂ ਦੀ ਲੋੜ —

ਗੁਰੂ ਨਾਨਕ ਦੇਵ ਜੀ ਨੇ ਨਾਮ ਦੀ ਪ੍ਰਾਪਤੀ ਲਈ ਸਭ ਤੋਂ ਵੱਡਾ ਤੇ ਮਹੱਤਵ-ਪੂਰਣ ਸਾਧਨ ਗੁਰੂ ਦੱਸਿਆ ਹੈ :-

"ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ।"[1]

ਗੁਰਮਤਿ ਦਾ ਵਿਚਾਰ ਹੈ ਕਿ ਗੁਰੂ ਤੋਂ ਬਿਨਾਂ ਕਿਸੇ 'ਪਰਮਪਦ' ਜਾਂ ਪੂਰਨਤਾ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਇਸ ਪ੍ਰਾਪਤੀ ਲਈ ਕੇਵਲ ਗੁਰੂ ਹੀ ਇਕੋ ਇਕ ਸਾਧਨ ਹੈ ਜਿਵੇਂ ਪਰਮਾਤਮਾ ਨੂੰ ਮਿਲਣ ਲਈ ਕੇਵਲ 'ਨਾਮ' ਹੀ ਇਕੋ ਇਕ ਸਾਧਨ ਹੈ। ਨਾਮ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ :-

"ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ।
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ।
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ।
ਜਗ ਜੀਵਨੁ ਦਾਤਾ ਪਾਇਆ।"[2]

ਗੁਰੂ ਗਿਆਨ ਦਾ ਸੋਮਾ ਹੈ ਅਤੇ ਗਿਆਨ ਰਾਹੀਂ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਭਾਰਤੀਅ ਮੱਤ ਵੀ ਇਸੇ ਲੋੜ ਦੇ ਸਮਰਥਕ ਹਨ :-

"ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ।
ਮਨ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ।
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ।

---

1. ਆਦਿ ਗ੍ਰੰਥ, ਪੰ:946.
2. ਉਹੀ, ਪੰ:1466.

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।"[1]

ਜਪੁਜੀ ਵਿਚ ਵੀ ਦਸਿਆ ਹੈ ਕਿ ਗੁਰੂ ਸਾਧਕ ਦੀ ਮਤਿ, ਮਨ, ਬੁਧਿ ਨੂੰ ਉੱਚਾ ਲੈ ਜਾਂਦਾ ਹੈ :-

"ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ।"
—(ਪਉੜੀ-6)

ਗੁਰੂ ਨਾਨਕ ਦੇਵ 'ਵਾਰ ਮਾਝ' ਵਿਚ ਗੁਰੂ ਨੂੰ ਠੰਢਕ ਦਾ ਘਰ ਆਖਦਿਆਂ ਸ਼ਾਂਤੀ ਦਾ ਪੁੰਜ ਅਤੇ ਤਿੰਨਾਂ ਲੋਕਾਂ ਨੂੰ ਚਾਨਣ ਦੇਣ ਵਾਲਾ ਦੀਵਾ ਕਹਿੰਦੇ ਹਨ :-

"ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ।"[2]

ਅਜਿਹੇ ਗੁਰੂ ਤੋਂ ਉਹ ਦਿਨ ਵਿਚ ਸੌ ਵਾਰੀ ਕੁਰਬਾਨ ਜਾਂਦੇ ਹਨ ਜਿਸ ਨੇ ਮਨੁੱਖਾਂ ਨੂੰ ਦੇਵਤਿਆਂ ਦੀ ਪਦਵੀ ਤੱਕ ਪਹੁੰਚਾ ਦਿੱਤਾ ਹੈ :-

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।"[3]

ਸ੍ਰਵਣ, ਮਨਨ, ਨਿਧਿਆਸਨ ਦਾ ਰਹੱਸ —

ਮਨੁੱਖੀ ਸ਼ਖਸੀਅਤ ਪੂਰੀ ਤਾਂ ਹੁੰਦੀ ਹੈ ਜੇ ਉਸ ਦੀ ਤ੍ਰਿਪੱਖੀ ਸਾਧਨਾ ਪੱਕੀਆਂ ਤੇ ਹੋਵੇ। ਸ਼ਖਸੀਅਤ ਦੇ ਪੱਖ ਆਤਮਾ, ਮਨ ਤੇ ਬੁੱਧੀ ਹਨ। ਇਨ੍ਹਾਂ ਦੀ ਪ੍ਰਫੁੱਲਤਾ ਲਈ ਜਪੁਜੀ ਵਿਚ ਤਿੰਨ ਅਵਸਥਾਵਾਂ ਦਾ ਵਰਣਨ ਹੈ: ਸੁਣਿਐ, ਮੰਨੈ, ਤੇ ਧਿਆਨ। ਇਨ੍ਹਾਂ ਤਿੰਨਾਂ ਅਵਸਥਾਵਾਂ ਦਾ ਪਰਸਪਰ ਅਨਿੱਖੜ ਸੰਬੰਧ ਹੈ। ਉਪਨਿਸ਼ਦਾਂ ਨੇ ਵੀ ਧਾਰਮਿਕ ਚੇਤਨਤਾ ਦੇ ਵਿਕਾਸ ਵਿਚ ਸ੍ਰਵਣ, ਮਨਨ, ਨਿਧਿਆਸਨ, ਤਿੰਨ ਪੜਾ ਦੱਸੇ ਹਨ।[4]

---

1. ਆਦਿ ਗ੍ਰੰਥ, ਪੰ:59.
2. ਉਹੀ, ਪੰ:137.
3. ਉਹੀ, ਪੰ:462-63.
4. Radha Krishnan, Indian Philosophy Vol. I, P. 230.

ਜਪੁਜੀ ਦੀਆਂ ਚਾਰ ਪਉੜੀਆਂ ਸੁਣਿਐ ਸੰਬੰਧੀ ਹਨ। 8ਵੀਂ ਪਉੜੀ ਵਿਚ ਸਾਧਕ ਉਚੇ ਆਤਮਕ ਰੁਤਬੇ ਉਤੇ ਪਹੁੰਚ ਚੁਕੇ ਵਿਅਕਤੀਆਂ ਬਾਰੇ ਸੁਣਦਾ ਹੈ। 9ਵੀਂ ਪਉੜੀ ਵਿਚ ਉਹ ਸ਼ਿਵ, ਬ੍ਰਹਮਾ ਤੇ ਇੰਦਰ ਦੀ ਪਦਵੀ ਤੇ ਅਪੜ ਜਾਂਦਾ ਹੈ ਅਤੇ ਸ਼ਾਸਤ੍ਰਾਂ ਸਿਮ੍ਰਤੀਆਂ ਤੇ ਵੇਦਾਂ ਆਦਿ ਧਰਮ ਪੁਸਤਕਾਂ ਵਿਚ ਦੀਆਂ ਗੱਲਾਂ ਸੁਣਦਾ ਹੈ। 10ਵੀਂ ਵਿਚ ਸਾਧਕ ਆਚਾਰ ਨੀਤੀ ਦੇ ਗੁਣਾਂ, ਸਤੁ ਤੇ ਸੰਤੋਖ ਸੰਬੰਧੀ ਸੁਣਦਾ ਹੈ ਜਿਹੜੇ ਕਿ ਦੂਜਿਆਂ ਨੂੰ ਠੀਕ ਰਾਹ ਵਿਖਾਉਂਦੇ ਹਨ। ਇਸ ਤਰ੍ਹਾਂ ਸੁਣਣ ਸ਼ਕਤੀ ਮਨੁੱਖ ਨੂੰ ਆਤਮਕ ਮਾਨਸਿਕ, ਬੌਧਿਕ ਤੇ ਸਦਾਚਾਰਕ ਪੱਖਾਂ ਤੋਂ ਬਲਵਾਨ ਬਣਾਉਂਦੀ ਹੈ। ਇਹ ਆਪਣੇ ਆਪ ਵਿਚ ਮਨੁੱਖੀ ਵਿਕਾਸ ਲਈ ਪੂਰਣ ਮਾਰਗ ਹੈ। ਪਰਮਾਤਮਾ ਦੇ ਨਾਮ ਵਿਚ ਜੁੜਨ ਵਾਲੇ ਭਗਤਾਂ ਦੇ ਹਿਰਦੇ ਵਿਚ ਸਦਾ ਖਿੜਾਉ ਰਹਿੰਦਾ ਹੈ ਕਿਉਂਕਿ ਨਾਮ ਸੁਣਨ ਨਾਲ ਮਨੁੱਖ ਦੇ ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ :-

"ਨਾਨਕ ਭਗਤਾ ਸਦਾ ਵਿਗਾਸੁ।
ਸੁਣਿਐ ਦੂਖ ਪਾਪ ਕਾ ਨਾਸੁ।"
—(ਪਉੜੀ-8-11)

ਇਸ ਤੋਂ ਅਗਲੀਆਂ ਚਾਰ ਪਉੜੀਆਂ 'ਮੰਨਣ ਅਵਸਥਾ' ਦਾ ਸਰੂਪ ਤੇ ਉਸ ਦੁਆਰਾ ਹੁੰਦੀ ਪ੍ਰਾਪਤੀ ਦਸਦੀਆਂ ਹਨ। 'ਮੰਨਣ' ਬੁੱਧੀ ਦੇ ਵਿਕਾਸ ਦਾ ਦੂਜਾ ਪੜਾ ਹੈ। 12ਵੀਂ ਪਉੜੀ ਵਿਚ ਦਸਿਆ ਹੈ ਕਿ ਜਿਸ ਸਾਧਕ ਨੇ ਅਕਾਲ ਪੁਰਖ ਦੇ ਨਾਮ ਨੂੰ ਮੰਨ ਲਿਆ ਹੈ, ਉਸ ਦੀ ਉੱਚੀ ਆਤਮਕ ਅਵਸਥਾ ਬਿਆਨ ਨਹੀਂ ਹੋ ਸਕਦੀ। ਜੇ ਕੋਈ ਮਨੁੱਖ ਬਿਆਨ ਕਰੇ ਭੀ, ਤਾਂ ਉਹ ਪਿਛੋਂ ਪਛਤਾਉਂਦਾ ਹੈ। 13ਵੀਂ ਪਉੜੀ ਵਿਚ ਦਸਿਆ ਹੈ ਕਿ 'ਮੰਨਣ' ਨਾਲ ਸਾਧਕ ਦੀ ਸੁਰਤ, ਮਨ ਤੇ ਬੁੱਧ ਉੱਨਤ ਹੁੰਦੇ ਹਨ। ਉਸ ਨੂੰ ਅਸਲੀਅਤ ਦਾ ਪਤਾ ਲਗ ਜਾਂਦਾ ਹੈ ਅਤੇ ਉਹ ਗਲਤ ਰਾਹ ਤੇ ਨਹੀਂ ਚਲਦਾ। 14ਵੀਂ ਵਿਚ ਲਿਖਿਆ ਹੈ ਕਿ 'ਮੰਨਣ' ਦੁਆਰਾ ਸੂਖਸ਼ਮਤਾ ਇਤਨੀ ਬਲਵਾਨ ਹੋ ਜਾਂਦੀ ਹੈ ਕਿ ਉਸ ਦੇ ਰਾਹ ਵਿਚ ਵਿਕਾਰ ਆਦਿ ਵੀ ਕੋਈ ਰੋਕ ਨਹੀਂ ਬਣਦੇ। ਉਹ ਸੰਸਾਰ ਵਿਚੋਂ ਸੋਭਾ ਖਟ ਕੇ ਜਾਂਦਾ ਹੈ। 'ਧਰਮ' ਨਾਲ ਉਸ ਦਾ ਇਤਨਾ ਡੂੰਘਾ ਸੰਬੰਧ ਬਣ ਜਾਂਦਾ ਹੈ ਕਿ ਕੋਈ ਰੁਕਾਵਟ ਉਸ ਨੂੰ ਠੀਕ ਨਿਸ਼ਾਨੇ ਤੋਂ ਉਖੇੜ ਨਹੀਂ ਸਕਦੀ। 15ਵੀਂ ਵਿਚ ਲਿਖਿਆ ਹੈ ਕਿ 'ਮੰਨਣ' ਨਾਲ ਸਾਧਕ 'ਕੂੜ' ਤੋਂ ਖਲਾਸੀ ਪਾ ਲੈਂਦਾ ਹੈ ਅਰਥਾਤ ਮੁਕਤੀ ਪ੍ਰਾਪਤ ਕਰਦਾ ਹੈ। ਉਹ ਕੇਵਲ ਆਪ ਹੀ ਨਹੀਂ ਮੁਕਤ ਹੁੰਦਾ ਸਗੋਂ ਪਰਵਾਰ ਦੇ ਜੀਆਂ ਨੂੰ ਵੀ ਪ੍ਰਭੂ ਦੇ ਲੜ ਲਾਂਦਾ ਹੈ। ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਸਾਰੇ ਸੰਸਾਰ ਵਿਚ ਇਕੋ ਸ਼ਕਤੀ ਵਿਦਮਾਨ ਹੈ।

ਸ਼ੁੱਧੀ ਦੀ ਪ੍ਰਾਪਤੀ ਦਾ ਤੀਜਾ ਪੜਾ 'ਏਕ ਧਿਆਨ' ਹੈ। ਉਹ ਮਨੁੱਖ ਜਿਨ੍ਹਾਂ ਨਾਮ ਸੁਣਿਆ ਹੈ ਤੇ ਮੰਨਿਆ ਹੈ, ਉਹ ਮਨੁੱਖ ਜਿਨ੍ਹਾਂ ਦੀ ਸੁਰਤ ਨਾਮ ਵਿਚ ਜੁੜੀ ਹੈ ਤੇ ਜਿਨ੍ਹਾਂ ਦੇ ਅੰਦਰ ਪ੍ਰੀਤ ਆ ਗਈ ਹੈ, ਉਨ੍ਹਾਂ ਨੂੰ 16ਵੀਂ ਪਉੜੀ ਵਿਚ 'ਪੰਚ' ਕਿਹਾ ਹੈ। ਅਜਿਹੇ ਮਨੁੱਖ ਇਸ ਸੰਸਾਰ ਵਿਚ ਮੰਨੇ ਪ੍ਰਮੰਨੇ ਤੇ ਸਭ ਦੇ ਆਗੂ ਹੁੰਦੇ ਹਨ। ਪ੍ਰਭੂ ਦੀ ਦਰਗਾਹ ਵਿਚ ਵੀ ਉਹ 'ਪੰਚ' ਹੀ ਆਦਰ ਪਾਉਂਦੇ ਹਨ। ਰਾਜ-ਦਰਬਾਰਾਂ ਵਿਚ ਵੀ ਉਹ ਹੀ ਸੋਂਹਦੇ ਹਨ। ਇਨ੍ਹਾਂ 'ਪੰਚਾਂ' ਦੀ ਸੁਰਤ ਕੇਵਲ ਇਕ ਗੁਰੂ ਵਲ ਹੀ ਰਹਿੰਦੀ ਹੈ ਭਾਵ ਗੁਰ-ਸ਼ਬਦ ਵਿਚ ਜੁੜੇ ਰਹਿਣਾ ਹੀ ਇਨ੍ਹਾਂ ਦਾ ਅਸਲ ਨਿਸ਼ਾਨਾ ਹੈ :-

"ਪੰਚਾ ਕਾ ਗੁਰੁ ਏਕੁ ਧਿਆਨੁ।"

—(ਪਉੜੀ-੧੬)

ਸ਼ੁੱਧੀ ਦੀ ਪ੍ਰਾਪਤੀ ਤੇ ਗਿਆਨ ਪ੍ਰਾਪਤੀ ਦੇ ਇਨ੍ਹਾਂ ਪੜਾਵਾਂ ਦਾ ਵਰਣਨ ਵੇਦਾਂਤ ਨਾਲ ਮਿਲਦਾ ਹੈ, ਕੇਵਲ ਤੀਜੇ ਪੜਾ 'ਏਕ ਧਿਆਨ' ਨੂੰ ਵੇਦਾਂਤ ਵਿਚ 'ਨਿਦਿਧਿਆਸਨ' ਕਿਹਾ ਗਿਆ ਹੈ।[1] ਜਪੁਜੀ ਵਿਚ 'ਨਿਦਿਧਿਆਸਨ' ਦਾ ਸੰਕੇਤ ਨਹੀਂ ਮਿਲਦਾ ਪਰੰਤੂ ਇਸ ਦੀ ਥਾਂ 'ਮਨ ਕੀਤਾ ਭਾਉ' ਦਾ ਉਲੇਖ ਵੀ ਹੈ :-

"ਸੁਣਿਆ ਮੰਨਿਆ ਮਨਿ ਕੀਤਾ ਭਾਉ।"

—(ਪਉੜੀ-੨੧)

ਸ੍ਰਵਣ, ਮਨਨ ਤੇ ਨਿਦਿਧਿਆਸਨ ਦਾ ਸਾਰਾ ਰਹੱਸ ਜਾਪ ਵਿਚ ਹੈ। ਗੁਰਬਾਣੀ ਅਨੁਸਾਰ ਈਸ੍ਵਰੀ ਗਿਆਨ ਨੂੰ ਸੁਣਨ ਵਾਲਾ ਤੇ ਉਸ ਨੂੰ ਕਮਾਉਣ ਵਾਲਾ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ :-

"ਜਨ ਨਾਨਕੁ ਬੋਲੈ ਬ੍ਰਹਮ ਬੀਚਾਰੁ।
ਜੋ ਸੁਣੇ ਕਮਾਵੈ ਸੁ ਉਤਰੈ ਪਾਰਿ।"[2]

ਪੰਜ ਖੰਡਾਂ ਦਾ ਰਹੱਸ —

ਜਪੁਜੀ ਵਿਚ ਪੰਜ ਖੰਡਾਂ ਦਾ ਵਿਚਾਰ ਨਿਵੇਕਲੇ ਰਹੱਸਵਾਦੀ ਅਨੁਭਵ ਦਾ ਵਿਸ਼ਾ ਹੈ। ਗੁਰੂ ਨਾਨਕ ਨੇ ਮਨੁੱਖ ਦੀ ਆਤਮਕ ਪ੍ਰਾਪਤੀ ਲਈ ਵਿਕਾਸ-ਮਈ ਕ੍ਰਮ ਅਨੁਸਾਰ ਪੰਜ ਮੰਜ਼ਲਾਂ ਜਾਂ ਪੜਾ

1. Avtar Singh, Ethics of the Sikhs, P. 91.
2. ਆਦਿ ਗ੍ਰੰਥ, ਪੰ:370.

ਦੱਸੇ ਹਨ — ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸਚ ਖੰਡ। ਇਹ ਖੰਡ ਵਖੋ ਵਖ ਅਵਸਥਾਵਾਂ ਦਾ ਸੰਕੇਤ ਹੁੰਦੇ ਹੋਏ, ਅਨੁਭਵ ਪੱਧਰ ਉਤੇ ਇਕ ਦੂਜੇ ਨਾਲ ਅੰਤਰ-ਸੰਬੰਧਿਤ ਵੀ ਹਨ। ਸਚਿਆਰ ਪਦ ਦੀ ਪ੍ਰਾਪਤੀ ਲਈ ਇਨ੍ਹਾਂ ਖੰਡਾਂ ਵਿਚੋਂ ਲੰਘਣਾ ਜ਼ਰੂਰੀ ਹੈ।

ਪੰਜਾਂ ਖੰਡਾਂ ਵਿਚੋਂ ਪਹਿਲਾ ਪੜਾਅ 'ਧਰਮ ਖੰਡ' ਹੈ। ਇਸਪੜਾਅ ਵਿਚ ਸਾਧਕ ਨੂੰ ਆਪਣੇ ਫ਼ਰਜ਼ ਦਾ ਅਹਿਸਾਸ ਹੁੰਦਾ ਹੈ ਤੇ ਪਤਾ ਲਗਦਾ ਹੈ ਕਿ ਸਾਰਾ ਬ੍ਰਹਮੰਡ ਨਿਯਮਾਂ ਅਨੁਕੂਲ ਹੈ। ਇਹ ਧਰਤੀ ਇਕ ਕਰਮ ਭੂਮੀ ਹੈ। ਜਿਸ ਵਿਚ ਮਨੁੱਖ ਦੇ ਕਰਮਾਂ ਅਨੁਸਾਰ ਉਸ ਦੀ ਪਰਖ ਹੁੰਦੀ ਹੈ। ਇਸ ਨਾਲ ਉਸ ਵਿਚ ਸਵੈ-ਵਿਸ਼ਵਾਸ ਪੈਦਾ ਹੁੰਦਾ ਹੈ ਤੇ ਉਹ ਨੇਕੀ ਕਰਨ ਲਈ ਉਤਸ਼ਾਹਿਤ ਹੁੰਦਾ ਹੈ। ਸਦਾਚਾਰ ਇਸ ਖੰਡ ਦੀ ਵਿਸ਼ੇਸ਼ਤਾ ਹੈ।

ਸਦਾਚਾਰਕ ਸੋਝੀ ਪ੍ਰਾਪਤ ਕਰਕੇ ਸਾਧਕ ਦੂਜੇ ਪੜਾਅ 'ਗਿਆਨ ਖੰਡ' ਵਿਚ ਪ੍ਰਵੇਸ਼ ਕਰਦਾ ਹੈ। ਇਥੇ ਉਸ ਨੂੰ ਪ੍ਰਭੂ ਦੀ ਬੇਅੰਤਤਾ ਦਾ ਗਿਆਨ ਹੁੰਦਾ ਹੈ ਜਿਸ ਨਾਲ ਉਹ ਅਚੰਭਤ ਹੁੰਦਾ ਹੈ ਤੇ ਆਪਣੇ ਆਪ ਨੂੰ ਵਿਸ਼ਾਲ ਬ੍ਰਹਮੰਡ ਦਾ ਭਾਗ ਸਮਝਦਾ ਹੈ।

ਆਤਮਕ ਵਿਕਾਸ ਦਾ ਤੀਜਾ ਪੜਾਅ 'ਸਰਮ ਖੰਡ' ਹੈ ਜੋ ਕਿ ਸ੍ਰਮ ਜਾਂ ਕਠਨ ਘਾਲ ਦਾ ਖੰਡ ਹੈ। ਇਥੇ ਸੁਰਤਿ, ਮਤਿ, ਮਨ ਤੇ ਬੁਧੀ ਘੜੇ ਜਾਣ ਨਾਲ ਮਨੁੱਖੀ ਆਚਰਨ ਵਿਚ ਸੁੰਦਰਤਾ ਆਉਂਦੀ ਹੈ ਜਿਸ ਨਾਲ ਸਾਧਕ ਅਕਾਰ ਕੁਦਰਤਾਂ ਦਾ ਸੁਆਮੀ ਹੁੰਦਾ ਹੈ। ਇਸ ਮੰਜ਼ਲ ਦੀ ਅਕਾਰ ਸੁੰਦਰਤਾ ਨੂੰ ਅਨੁਭਵ ਪੱਧਰ ਉਤੇ ਮਾਣਿਆ ਹੀ ਜਾ ਸਕਦਾ ਹੈ ਅਤੇ ਇਸ ਦਾ ਕਥਨ ਨਹੀਂ ਕੀਤਾ ਜਾ ਸਕਦਾ।

ਧਰਮ, ਗਿਆਨ ਤੇ ਸਰਮ ਖੰਡਾਂ ਦਾ ਪਾਂਧੀ ਆਤਮਕ ਵਿਕਾਸ ਦੇ ਚੌਥੇ ਪੜਾਅ 'ਕਰਮ ਖੰਡ' ਵਿਚ ਪੁਜਦਾ ਹੈ। ਜਿਥੇ ਉਹ ਸ੍ਰਿਸ਼ਟੀ ਦੇ ਮਹਾਂਪੁਰਸ਼ਾਂ ਨਾਲ ਆਪਣੀ ਸਾਂਝ ਪ੍ਰਤੀਤ ਕਰਦਾ ਹੈ। ਇਨ੍ਹਾਂ ਮਹਾਂਪੁਰਸ਼ਾਂ ਨੂੰ ਹੀ 37ਵੀਂ ਪਉੜੀ ਵਿਚ 'ਜੋਧ ਮਹਾਬਲ ਸੂਰ' ਤੇ 'ਭਗਤ' ਕਿਹਾ ਗਿਆ ਹੈ ਜੋ ਕਿ ਸਦੀਵੀ ਅਨੰਦ ਦੇ ਮਾਣਨਹਾਰ ਹਨ। ਇਸ ਖੰਡ ਵਿਚ ਸਾਧਕ ਪ੍ਰਭੂ ਦੀ ਬਖਸ਼ਿਸ਼ ਜਾਂ ਨਦਰ ਦਾ ਪਾਤਰ ਬਣਦਾ ਹੈ ਜੋ ਕਿ ਗੁਰਮਤਿ ਰਹੱਸਵਾਦ ਦਾ ਬੁਨਿਆਦੀ ਸਿਧਾਂਤ ਹੈ।

ਆਤਮਕ ਮੰਜ਼ਲ ਦਾ ਅੰਤਲਾ ਪੜਾਅ 'ਸਚ ਖੰਡ' ਹੈ ਜਿਥੇ ਨਿਰੰਕਾਰ ਦਾ ਵਾਸਾ ਹੈ ਇਥੇ ਸਾਧਕ ਨਿਰੰਕਾਰ ਵਿਚ ਲੀਨ ਹੋ ਜਾਂਦਾ ਹੈ। ਇਹ ਇਕ ਸੁਰਤਾਂ ਦੀ ਅਵਸਥਾ ਹੈ ਜਿਥੇ ਪੁਜ ਕੇ ਮਨੁੱਖ

ਦਾ ਹਰ ਕਰਮ ਦੈਵੀ ਹੁਕਮ ਦੀ ਅਗਵਾਈ ਵਿਚ ਸਹਿਜ ਸੁਭਾ ਹੁੰਦਾ ਹੈ। ਸਚ ਖੰਡ ਦੀ ਅਵਸਥਾ ਦਾ ਕਥਨ ਕਰਨਾ ਲੋਹਾ ਚਬਾਣ ਦੇ ਤੁਲ ਹੈ :-

"ਵੇਖੈ ਵਿਗਸੈ ਕਰਿ ਵੀਚਾਰੁ। ਨਾਨਕ ਕਥਨਾ ਕਰੜਾ ਸਾਰੁ।"

—(ਪਉੜੀ-37)

ਜਪੁਜੀ ਅਨੁਸਾਰ ਗੁਰਮਤਿ ਰਹੱਸਵਾਦ ਦਾ ਠੀਕ ਅਨੁਭਵ ਆਪਣੇ ਜੀਵਨ ਨੂੰ ਪੰਜ ਖੰਡਾਂ ਅਨੁਸਾਰ ਢਾਲ ਲੈਣ ਨਾਲ ਹੁੰਦਾ ਹੈ। ਵਾਸਤਵ ਵਿਚ ਸੰਪੂਰਣ ਮਨੁੱਖੀ ਸ਼ਖਸੀਅਤ ਦੀ ਘਾੜਤ ਕਰਨਾ ਹੀ ਪੰਜ ਖੰਡਾਂ ਦਾ ਮੁੱਖ ਉਦੇਸ਼ ਹੈ।

ਨਦਰ ਦਾ ਰਹੱਸ -

ਪ੍ਰਭੂ-ਨਦਰਿ ਜਾਂ ਬਖਸ਼ਿਸ਼ ਗੁਰਮਤਿ ਰਹੱਸਵਾਦ ਦਾ ਵਿਸ਼ੇਸ਼ ਸਿਧਾਂਤ ਹੈ। ਮਨੁੱਖ ਆਪਣੇ ਕਰਮਾਂ ਅਨੁਸਾਰ ਹੀ ਇਥੇ ਜਨਮ ਲੈਂਦਾ ਹੈ ਪਰੰਤੂ ਮੋਕਸ਼-ਪ੍ਰਾਪਤੀ ਉਸ ਪ੍ਰਭੂ ਦੀ ਨਦਰ ਸਦਕਾ ਹੀ ਹੁੰਦੀ ਹੈ :-

"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।"

—(ਪਉੜੀ-4)

ਡਾ:ਮੋਹਨ ਸਿੰਘ ਅਨੁਸਾਰ "ਸਚਖੰਡ ਵਿਚ ਪ੍ਰਭੂ ਦਰਸ਼ਨ ਉਨ੍ਹਾਂ ਨੂੰ ਮਿਲਦੇ ਹਨ ਜਿਨ੍ਹਾਂ ਉਤੇ ਨਦਰ ਤੇ ਕਰਮ ਹੋਵੇ। ਸੱਚ ਰੂਪੀ ਨਿਸ਼ਾਨ ਦੀ ਪ੍ਰਾਪਤੀ ਉਨ੍ਹਾਂ ਹੀ ਲਈ ਹੈ ਜਿਨ੍ਹਾਂ ਉਤੇ ਪ੍ਰਭੂ ਮਿਹਰ ਕਰੇ। ਨਦਰ ਕਰਮ ਨਾਲ ਹੀ ਮੋਖ ਦੁਆਰਾ ਖੁਲ੍ਹਦਾ ਹੈ। ਪਰ ਉਸ ਨਦਰ ਦੀ ਪਹਿਲੀ ਨਿਸ਼ਾਨੀ ਹੈ ਸਾਡੇ ਅੰਦਰ ਸਿਫ਼ਤ ਸਲਾਹ ਮਹਿਮਾ ਦੀ ਦਾਤ ਆਉਣੀ।"[1] ਪ੍ਰਭੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ ਲਈ ਕਿਸੇ ਦਾ ਜ਼ੋਰ ਨਹੀਂ ਚਲ ਸਕਦਾ। ਕਈ ਮਨੁੱਖ ਜਾਗਦੇ ਹੋਏ ਵੀ ਆਪਣੀ ਹਉਮੈ ਦੇ ਪ੍ਰਭਾਵ ਅਧੀਨ ਇਨ੍ਹਾਂ ਬਖਸ਼ਿਸ਼ਾਂ ਨੂੰ ਨਹੀਂ ਲੈ ਸਕਦੇ ਅਤੇ ਕਈ ਸੁੱਤੇ ਪਿਆਂ ਨੂੰ ਉਹ ਆਪਣੀ ਮਿਹਰ ਸਦਕਾ ਆਪ ਦਾਤਾਂ ਦਿੰਦਾ ਹੈ :-

"ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ।
ਇਕਿ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ।"[2]

---

1. ਟੀਕਾ 'ਜਪੁ'ਜੀ ਸਾਹਿਬ,ਪੰਜਾਬੀ ਭਾਖਾ ਵਿਖਿਆਨ ਅਤੇ ਗੁਰਮਤਿ ਵਿਚਾਰ,ਪੰ:110.
2. ਆਦਿ ਗ੍ਰੰਥ, ਪੰ:83.

ਉਹ ਵਾਹਿਗੁਰੂ ਸਭ ਵਿਚ ਆਪ ਹੀ ਸਮਾਇਆ ਹੋਇਆ ਹੈ,ਦਾਤਾਂ ਦੇਣ ਲਗਿਆਂ ਉਹ ਕਿਸੇ ਦੀ ਸਲਾਹ ਨਹੀਂ ਲੈਂਦਾ :-

"ਸਰਬ ਨਿਰੰਤਰਿ ਆਪੇ ਆਪਿ।
ਕਿਸੈ ਨ ਪੂਛੈ ਬਖਸੇ ਆਪਿ।"[1]

ਮਨੁੱਖ ਭੁੱਲਣਹਾਰਾ ਹੈ ਤੇ ਪ੍ਰਭੂ ਬਖਸ਼ਣਹਾਰ ਹੈ। ਪ੍ਰਭੂ ਦੀ ਕਿਸੇ ਜੀਵ ਉਤੇ ਮਹਾਨ ਕਿਰਪਾ ਦਾ ਸਿੱਟਾ ਗੁਰੂ ਦਾ ਮਿਲਾਪ ਹੈ। ਗੁਰੂ ਨਾਮ ਦੀ ਦਾਤ ਦੇ ਕੇ ਜੀਵ ਨੂੰ ਪ੍ਰਭੂ ਨਾਲ ਮਿਲਾਉਂਦਾ ਹੈ :-

"ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ।
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ।"[2]

ਜਪੁਜੀ ਦੀ ਅੰਤਲੀ ਪਉੜੀ ਨਦਰ, ਕਰਮ, ਬਖਸ਼ਿਸ਼ ਦੇ ਰਹੱਸਵਾਦੀ ਸਿਧਾਂਤ ਦੀ ਸੰਕੇਤਕ ਹੈ :-

"ਜਿਨ ਕਉ ਨਦਰਿ ਕਰਮੁ ਤਿਨ ਕਾਰ।
ਨਾਨਕ ਨਦਰੀ ਨਦਰਿ ਨਿਹਾਲ।"
—(ਪਉੜੀ-੩੮)

ਸਾਧਕ ਦੀ ਆਤਮਕ ਉਨਤੀ ਦਾ ਆਧਾਰ ਪ੍ਰਭੂ ਦੀ ਮਿਹਰ ਹੈ। ਇਸ ਲਈ ਉਹ ਆਪਣੇ ਆਪ ਵਿਚ ਨਿਤਾਣਾ ਮਹਿਸੂਸ ਕਰਦਾ ਹੈ ਤੇ ਪ੍ਰਭੂ ਦੀ ਦਇਆ ਦੀ ਜਾਚਨਾ ਕਰਦਾ ਹੈ :-

"ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ।
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ।"[3]

ਇਸ ਨਾਲ ਮਨ ਵਿਚ ਪ੍ਰਭੂ ਦਾ ਭਉ ਉਪਜਦਾ ਹੈ। ਗੁਰੂ ਨਾਨਕ ਅਨੁਸਾਰ ਇਸ ਭਉ ਨੂੰ ਸਿਰ ਤੇ ਧਰ ਕੇ ਚਲੀਏ ਤੇ ਮੁਸ਼ੱਕਤ ਲੈ ਕੇ ਇਸ ਦਾ ਭਾਰ ਸਹਾਰੀਏ ਤਾਂ ਉਸ ਨਦਰੀ ਦੀ ਨਦਰ ਹੁੰਦੀ ਹੈ। 'ਭਉ' ਤੋਂ ਭਾਵ 'ਭੈ ਵਾਲਾ ਜੀਵਨ' ਹੈ ਅਤੇ ਭਉ ਵਿਚ ਰਹਿਣ ਨਾਲ ਹੀ ਮੋਕਸ਼ ਦੀ ਪ੍ਰਾਪਤੀ ਹੋ ਸਕਦੀ ਹੈ :-

1. ਆਦਿ ਗ੍ਰੰਥ,ਪੰ:1412.
2. ਉਹੀ, ਪੰ:1465.
3. ਉਹੀ, ਪੰ:156.

"ਭਉ ਮੁਚੁ ਭਾਰਾ ਵਡਾ ਤੋਲੁ। ਮਨਮਤਿ ਹਉਲੀ ਬੋਲੇ ਬੋਲੁ।
ਸਿਰਿ ਧਰਿ ਚਲੀਐ ਸਹੀਐ ਭਾਰੁ। ਨਦਰੀ ਕਰਮੀ ਗੁਰ ਬੀਚਾਰੁ।
ਭੈ ਬਿਨੁ ਕੋਇ ਨ ਲੰਘਸਿ ਪਾਰਿ। ਭੈ ਭਉ ਰਾਖਿਆ ਭਾਇ ਸਵਾਰਿ।"[1]

ਪ੍ਰਭੂ ਦੇ ਡਰ ਵਿਚ ਰਹਿ ਕੇ ਸਾਧਕ ਉਸ ਭਉ ਨੂੰ ਪ੍ਰੇਮ ਨਾਲ ਸਵਾਰ ਕੇ ਰਖਦਾ ਹੈ। ਇਸ ਨਾਲ ਸਾਧਕ ਪ੍ਰਭੂ ਦੇ ਹੁਕਮ ਅੰਦਰ ਜੀਵਨ ਬਤੀਤ ਕਰਦਾ ਹੈ ਤੇ ਉਸ ਨੂੰ ਪ੍ਰੇਮ ਦੇ ਰਹੱਸ ਦਾ ਪਤਾ ਲਗਦਾ ਹੈ।

ਪ੍ਰੇਮ ਦਾ ਰਹੱਸ -

ਪ੍ਰੇਮ ਰਹੱਸਵਾਦ ਦਾ ਪ੍ਰਧਾਨ ਅੰਗ ਹੈ। ਇਹ ਉਹ ਕੋਮਲ ਜਜ਼ਬਾ ਹੈ ਜਿਸ ਦਾ ਅਨੁਭਵ ਸੱਚਾ ਪ੍ਰੇਮੀ ਹੀ ਕਰ ਸਕਦਾ ਹੈ। ਸਾਰਾ ਸੰਸਾਰ ਪ੍ਰੇਮ ਦੀ ਡੋਰੀ ਵਿਚ ਬੱਝਾ ਹੋਇਆ ਹੈ। ਜਿਨ੍ਹਾਂ ਮਨੁੱਖਾਂ ਦੀ ਪ੍ਰੀਤ ਪ੍ਰਭੂ ਨਾਲ ਜੁੜ ਗਈ ਹੈ, ਉਹ ਸਦਾ ਉਸ ਦੇ ਰੰਗ ਵਿਚ ਰੰਗੇ ਰਹਿੰਦੇ ਹਨ:-

"ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ।
ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ।"[2]

ਗੁਰੂ ਨਾਨਕ ਦੇਵ ਅਨੁਸਾਰ ਮਨੁੱਖ ਨੂੰ ਗਿਣਤੀ ਮਿਣਤੀ ਛੋਡ ਕੇ ਤੇ ਹਉਮੈ ਦਾ ਤਿਆਗ ਕਰਕੇ ਪ੍ਰਭੂ ਨਾਲ ਇਉਂ ਪਿਆਰ ਕਰਨਾ ਚਾਹੀਦਾ ਹੈ ਜਿਵੇਂ ਜਲ ਤੇ ਕਮਲ ਦਾ, ਮਛਲੀ ਤੇ ਨੀਰ ਦਾ, ਚਾਤ੍ਰਿਕ ਤੇ ਮੀਂਹ ਦਾ, ਪਾਣੀ ਤੇ ਦੁੱਧ ਦਾ ਅਤੇ ਚਕਵੀ ਤੇ ਸੂਰ ਦਾ ਪਿਆਰ ਹੈ। ਇਨ੍ਹਾਂ ਬਿੰਬਾਂ ਰਾਹੀਂ ਪਿਆਰ ਦੇ ਜਜ਼ਬੇ ਨੂੰ ਸੁੰਦਰ ਚਿਤਰਿਆ ਹੈ:-

"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ।
- - - - -
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ।
- - - - -
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ।
- - - - -
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ।
- - - - -
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ।"[3]

1. ਆਦਿ ਗ੍ਰੰਥ, ਪੰ:151.
2. ਵਹੀ, ਪੰ:1274.
3. ਵਹੀ, ਪੰ:59-60.

ਪ੍ਰੇਮ ਨੂੰ ਗੁਰੂ ਨਾਨਕ ਸਾਹਿਬ ਨੇ ਮਹਾਰਸ ਦੇ ਰੂਪ ਵਿਚ ਪੇਸ਼ ਕੀਤਾ ਹੈ ਜਿਸ ਨਾਲ ਸਾਰੀਆਂ ਬੁਰਾਈਆਂ ਦੂਰ ਹੋ ਜਾਂਦੀਆਂ ਹਨ :-

"ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ।
ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆਂ ਛਾਰੁ।"[1]

ਪ੍ਰੇਮ ਸੂਖਮਤਾ ਦਾ ਚਿੰਨ੍ਹ ਹੈ ਅਤੇ ਪ੍ਰੇਮੀ ਸਦਾ ਆਪਣੇ ਪ੍ਰੀਤਮ ਦੇ ਚਰਨ ਕਮਲਾਂ ਵਿਚ ਲੀਨ ਰਹਿੰਦਾ ਹੈ :-

"ਚਰਨ ਕਮਲ ਸਿਉ ਲਾਗੀ ਪ੍ਰੀਤਿ।
ਗੁਰ ਪੂਰੇ ਕੀ ਨਿਰਮਲ ਰੀਤਿ।"[2]

ਪ੍ਰੇਮੀ ਦਾ ਜੀਵਨ ਪ੍ਰੇਮ ਹੀ ਹੈ ਅਤੇ ਉਹ ਪਪੀਹੇ ਵਾਂਗ ਸਦਾ ਸ੍ਵਾਂਤ ਬੂੰਦ ਦਾ ਮੁਤਲਾਸ਼ੀ ਹੈ। ਪ੍ਰੇਮ ਉਸ ਦੀ ਜੀਵਨ-ਜੋਤ ਹੈ ਤੇ ਇਸ ਬਿਨਾਂ ਉਹ ਨਿਰਜੀਵ ਹੈ :-

"ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ।
ਜਿਉ ਮੀਨਾ ਜਲ ਮਾਹਿ ਉਲਾਸਾ।
ਨਾਨਕ ਹਰਿ ਰਸੁ ਪੀ ਤ੍ਰਿਪਤਾਸਾ।"[3]

ਜਪੁਜੀ ਵਿਚ ਵੀ ਕਿਹਾ ਹੈ ਕਿ ਪ੍ਰਭੂ ਦੇ ਨਾਮ ਨੂੰ ਭਾਉ ਨਾਲ ਸੁਣਨ ਤੇ ਪ੍ਰੀਤ ਕਰਨ ਨਾਲ ਦੁੱਖਾਂ ਦਾ ਨਾਸ ਹੁੰਦਾ ਹੈ ਤੇ ਸਾਧਕ ਆਪਣੇ ਹਿਰਦੇ ਰੂਪ ਘਰ ਵਿਚ ਸੁਖ ਦਾ ਨਿਵਾਸ ਕਰਾ ਸਕਦਾ ਹੈ। ਪ੍ਰੇਮ ਕਰਨ ਕਰਕੇ ਹੀ ਭਗਤ ਜਨ ਸਦਾ ਅਨੰਦ-ਮਈ ਅਵਸਥਾ ਵਿਚ ਰਹਿੰਦੇ ਹਨ :-

"ਗਾਵੀਐ ਸੁਣੀਐ ਮਨਿ ਰਖੀਐ ਭਾਉ।
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।"

—(ਪਉੜੀ-5)

"ਨਾਨਕ ਭਗਤਾ ਸਦਾ ਵਿਗਾਸੁ।"

—(ਪਉੜੀਆਂ 8-11)

---

1. ਆਦਿ ਗ੍ਰੰਥ, ਪੰ:786.
2. ਵਹੀ, ਪੰ:893.
3. ਵਹੀ, ਪੰ:1226.

ਪ੍ਰਭੂ ਦੇ ਡਰ ਤੋਂ ਬਿਨਾਂ ਪ੍ਰੇਮ ਹੋ ਹੀ ਨਹੀਂ ਸਕਦਾ। ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਮਨ ਸੰਸਾਰ ਸਾਗਰ ਨੂੰ ਹਰੀ ਦੇ ਭੈ ਅਤੇ ਭਗਤੀ-ਭਾਵ ਨਾਲ ਤਰ ਲੈ ਅਤੇ ਹਰੀ ਚਰਨਾਂ ਵਿਚ ਚਿਤ ਨੂੰ ਜੋੜ :-

"ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ।"[1]

ਜਪੁਜੀ ਵਿਚ ਲਿਖਿਆ ਹੈ ਕਿ ਪ੍ਰਭੂ ਦਾ ਭਉ ਸੁਨਿਆਰੇ ਦੀ ਜਤੁ ਰੂਪੀ ਭੱਠੀ ਦੀ ਧੌਂਕਣੀ ਹੋਵੇ, ਵਾਹਿਗੁਰੂ ਦੇ 'ਨਾਮ ਦਾ ਸਿਮਰਨ' ਰੂਪੀ ਅਗ ਹੋਵੇ, ਪ੍ਰਭੂ-ਪ੍ਰੇਮ ਰੂਪੀ ਕੁਠਾਲੀ ਹੋਵੇ ਜਿਸ ਵਿਚ ਪ੍ਰਭੂ ਦੇ ਅੰਮ੍ਰਿਤ ਰੂਪੀ ਨਾਮ ਨੂੰ ਢਾਲੇ। ਇਹੋ ਹੀ ਸੱਚੀ ਟਕਸਾਲ ਹੈ ਜਿਸ ਵਿਚ ਸਚਿਆਰ ਦਾ ਜੀਵਨ ਘੜ ਲਿਆ ਜਾਂਦਾ ਹੈ :-

"ਭਉ ਖਲਾ ਅਗਨਿ ਤਪ ਤਾਉ।
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।
ਘੜੀਐ ਸਬਦੁ ਸਚੀ ਟਕਸਾਲ।"
—(ਪਉੜੀ-38)

ਪ੍ਰੇਮ ਹੀ ਮਨੁੱਖ ਨੂੰ ਆਵਾਗਵਨ ਤੋਂ ਮੁਕਤ ਕਰਾਉਂਦਾ ਹੈ। ਪ੍ਰੇਮ ਬਿਨਾ ਮਨੁੱਖ ਦਾ ਜਨਮ ਅਕਾਰਥ ਹੈ :-

"ਮਨ ਰੇ ਕਿਉ ਛੂਟਹਿ ਬਿਨੁ ਪਿਆਰੁ।
ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ।"[2]

ਗੁਰੂ ਨਾਨਕ ਦੇਵ ਦਾ ਰਹੱਸਵਾਦ ਮੁੱਖ ਰੂਪ ਵਿਚ ਪ੍ਰੇਮ ਦਾ ਰਹੱਸਵਾਦ ਹੀ ਹੈ। ਜੀਵ ਰੂਪੀ ਇਸਤ੍ਰੀ ਦਾ ਆਪਣੇ ਪਤੀ ਰੂਪੀ ਪ੍ਰਭੂ ਪ੍ਰਤੀ ਅਥਾਹ ਪਿਆਰ ਇਸ ਰਹੱਸਵਾਦ ਦੀ ਵਿਸ਼ੇਸ਼ਤਾ ਹੈ-

"ਇਆਨੜੀਏ ਮਾਨੜਾ ਕਾਇ ਕਰੇਹਿ।
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ।
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ।
ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ।
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ।੧।[3]
- - - - -

1. ਆਦਿ ਗ੍ਰੰਥ, ਪੰ:505.
2. ਓਹੀ, ਪੰ:60.
3. ਓਹੀ, ਪੰ:722.

## ਸਾਰਾਂਸ਼

'ਜਪੁਜੀ' ਗੁਰੂ ਨਾਨਕ ਦੇਵ ਦੀ ਉਤਕ੍ਰਿਸ਼ਟ ਰਚਨਾ ਹੈ। ਇਹ ਆਦਿ ਗ੍ਰੰਥ ਦੀ ਸਮੁੱਚੀ ਬਾਣੀ ਦਾ ਨਿਚੋੜ ਹੈ। ਇਸ ਬਾਣੀ ਵਿਚ ਮਨੁੱਖੀ ਜੀਵਨ ਦਾ ਸਰਵੋਤਮ ਵਿਖਿਆਨ ਹੈ। ਇਸ ਵਿਚ ਸਾਡੇ ਜੀਵਨ ਦਾ ਅਸਲੀ ਮੰਤਵ ਅਤੇ ਉਸ ਨੂੰ ਪ੍ਰਾਪਤ ਕਰਨ ਦੇ ਸਾਧਨ ਦੱਸੇ ਹਨ। ਮਨ ਨੂੰ ਆਪਣੇ ਅੰਦਰ ਵਿਚ ਜਾਣਨ ਦਾ ਢੰਗ ਦਸਿਆ ਹੈ ਕਿ ਮਨੁੱਖ ਨੂੰ ਜੋ ਵੀ ਅਧਿਆਤਮਕ ਗੁੰਝਲਾਂ ਆ ਵਾਪਰਣ ਉਨ੍ਹਾਂ ਦਾ ਸਹਿਜੇ ਹੀ ਸਮਾਧਾਨ ਕਰ ਸਕੇ। ਗੁਰੂ ਨਾਨਕ ਦਰਸ਼ਨ ਵਿਚ ਜਪੁਜੀ ਦੀ ਵਿਸ਼ੇਸ਼ ਮਹਤਾ ਹੈ ਕਿਉਂਕਿ ਗੁਰੂ ਨਾਨਕ ਦੇ ਸਾਰੇ ਦਾਰਸ਼ਨਿਕ ਸਿਧਾਂਤ ਇਸ ਵਿਚ ਵਿਦਮਾਨ ਹਨ।

ਇਸ ਖੋਜ-ਪ੍ਰਬੰਧ ਵਿਚ ਪੂਰਾ ਯਤਨ ਕੀਤਾ ਗਿਆ ਹੈ ਕਿ ਮੁਲਾਂਕਣ ਕੀਤਾ ਜਾਵੇ ਅਤੇ ਅਧਿਐਨ ਦੇ ਸਿੱਟੇ ਕੱਢੇ ਜਾਣ। ਸਾਰੇ ਇਸ ਮਨੋਰਥ ਤੇ ਸਮੁੱਚੀ ਦ੍ਰਿਸ਼ਟੀ ਰਖਦਿਆਂ ਨਿਮਨ ਦਰਜ ਸਿੱਟੇ ਸਾਡੇ ਸਾਹਮਣੇ ਆਉਂਦੇ ਹਨ :-

1. 'ਜਪੁਜੀ' ਦੀ ਟੀਕਾਕਾਰੀ ਦਾ ਪੰਜ ਸੌ ਸਾਲ ਦਾ ਇਤਿਹਾਸ ਸਾਡੇ ਸਾਹਮਣੇ ਹੈ। ਪੂਰੇ ਆਦਿ ਗ੍ਰੰਥ ਦੇ ਵੀ ਕੁਝ ਟੀਕੇ ਹੋਏ ਹਨ। ਕੁਝ ਹੋਰ ਬਾਣੀਆਂ ਦੇ ਵੀ ਉਚੇਚੇ ਤੌਰ ਤੇ ਟੀਕੇ ਹੋਏ ਹਨ ਪਰ ਬਿਨਾਂ ਝਿਜਕ ਇਹ ਕਿਹਾ ਜਾ ਸਕਦਾ ਹੈ ਕਿ ਜਪੁਜੀ ਦਾ ਟੀਕਾ ਕਰਨਾ ਸਭ ਟੀਕਾਕਾਰਾਂ ਨੇ ਆਪਣੇ ਲਈ ਗੌਰਵ ਸਮਝਿਆ ਹੈ। ਮਧਕਾਲੀਨ

ਭਗਤੀ ਧਾਰਾ ਦੇ ਕੁਝ ਸੰਪ੍ਰਦਾਵਾਂ ਵਿਚ, ਸੰਪ੍ਰਦਾਇ ਦੇ ਮੋਢੀ ਲਈ ਆਪਣੇ ਦ੍ਰਿਸ਼ਟੀਕੋਣ ਅਨੁਸਾਰ 'ਪ੍ਰਸਥਾਨ ਤ੍ਰੈਈ' (ਬ੍ਰਹਮ ਸੂਤ੍ਰ, ਗੀਤਾ, ਸ੍ਰੀ ਮਦ ਭਾਗਵਤ) ਤੇ ਟੀਕਾ ਕਰਨਾ ਜ਼ਰੂਰੀ ਸਮਝਿਆ ਜਾਂਦਾ ਸੀ। ਇਸੇ ਤਰ੍ਹਾਂ ਗੁਰਬਾਣੀ ਵਿਚ ਜਿਨ੍ਹੀਆਂ ਵਿਆਖਿਆ ਪ੍ਰਣਾਲੀਆਂ ਪ੍ਰਚਲਤ ਹੋਈਆਂ ਉਨ੍ਹਾਂ ਦੇ ਮੋਢੀ ਜਾਂ ਵਿਆਖਿਆਕਾਰਾਂ ਨੇ ਵੀ ਆਪਣਾ ਪੂਰਾ ਜ਼ੋਰ ਜਪੁਜੀ ਦੇ ਟੀਕੇ ਅਥਵਾ ਮਹਾਤਮ ਲਿਖਣ ਤੇ ਹੀ ਲਾਇਆ ਹੈ। ਮੋਢੀ ਮਿਹਰਬਾਨ, ਭਾਈ ਮਨੀ ਸਿੰਘ, ਸਾਧੂ ਆਨੰਦ ਘਨ ਤੇ ਪੰਡਤ ਤਾਰਾ ਸਿੰਘ ਨਰੋਤਮ ਆਦਿ ਨੇ ਆਪਣੇ ਆਪਣੇ ਦ੍ਰਿਸ਼ਟੀਕੋਣਾਂ ਅਨੁਸਾਰ ਜਪੁਜੀ ਦੇ ਟੀਕੇ ਲਿਖੇ। ਇਸ ਲਈ ਜਪੁਜੀ ਦੇ ਟੀਕੇ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਟੀਕਾਕਾਰੀ ਦੀ ਸੇਧ ਨੂੰ ਨਿਸਚਿਤ ਕਰਦੇ ਰਹੇ ਹਨ। ਆਦਿ ਗ੍ਰੰਥ ਦੇ ਕਿਸੇ ਟੀਕਾਕਾਰ ਦੀ ਪ੍ਰਤਿਭਾ ਦਾ ਸ੍ਰੇਸ਼ਟਤਮ ਸਰੂਪ ਉਸ ਦੇ ਕਰੇ ਜਪੁਜੀ ਦੇ ਟੀਕੇ ਵਿਚੋਂ ਹੀ ਲਭਿਆ ਜਾਂਦਾ ਰਿਹਾ ਹੈ।

2. ਜਪੁਜੀ ਦੀ ਟੀਕਾਕਾਰੀ ਦੇ ਲੰਮੇ ਇਤਿਹਾਸ ਵਿਚ ਮੁੱਖ ਸੰਪ੍ਰਦਾਵਾਂ ਹਨ: ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਪ੍ਰਣਾਲੀ, ਭਾਈ ਗੁਰਦਾਸ ਦੀ ਵਿਆਖਿਆ ਪ੍ਰਣਾਲੀ, ਮਿਹਰਬਾਨ ਸੰਪ੍ਰਦਾਇ, ਉਦਾਸੀ ਸੰਪ੍ਰਦਾਇ, ਨਿਰਮਲਾ ਸੰਪ੍ਰਦਾਇ, ਗਿਆਨੀ ਸੰਪ੍ਰਦਾਇ ਅਤੇ ਆਧੁਨਿਕ ਵਿਦਵਾਨ ਪ੍ਰਣਾਲੀ। ਇਨ੍ਹਾਂ ਵਿਚੋਂ ਸਭ ਤੋਂ ਸ੍ਰੇਸ਼ਟ ਪਰੰਪਰਾ ਗੁਰੂ ਗ੍ਰੰਥ ਸਾਹਿਬ ਦੀ ਆਪਣੀ ਹੈ। ਦੂਜੇ ਦਰਜੇ ਤੇ ਭਾਈ ਗੁਰਦਾਸ ਦੀ ਅਤੇ ਗਿਆਨੀ ਸੰਪ੍ਰਦਾਇ ਹੈ ਕਿਉਂਕਿ ਭਾਈ ਗੁਰਦਾਸ ਅਤੇ ਭਾਈ ਮਨੀ ਸਿੰਘ ਸਿੱਧੇ ਗੁਰੂ ਸਾਹਿਬਾਨ ਦੇ ਆਪਣੇ ਸੰਪਰਕ ਵਿਚ ਸਨ। ਬਾਕੀ ਸੰਪ੍ਰਦਾਵਾਂ ਤੀਜੇ ਦਰਜੇ ਤੇ ਹਨ ਕਿਉਂਕਿ ਉਹ ਵੇਦਾਂਤ ਤੋਂ ਪ੍ਰਭਾਵਤ ਸਨ। ਟੀਕਾਕਾਰੀ ਦਾ ਸਭ ਤੋਂ ਵਧ ਕੰਮ 19ਵੀਂ ਸਦੀ ਦੇ ਅੰਤ ਤੇ 20ਵੀਂ ਸਦੀ ਵਿਚ ਹੋਇਆ ਅਤੇ ਵਿਸ਼ੇਸ਼ ਕਰਕੇ ਨਿਰਮਲਾ ਸੰਪ੍ਰਦਾਇ ਤੇ ਗਿਆਨੀ ਸੰਪ੍ਰਦਾਇ ਤੋਂ ਪ੍ਰੇਰਣਾ ਲੈ ਕੇ ਆਧੁਨਿਕ ਵਿਦਵਾਨਾਂ ਨੇ ਕੀਤਾ ਜੋ ਦੂਜੇ ਪਾਸੇ ਪਛਮੀ ਵਿਦਿਆ ਤੇ ਸਿੰਘ ਸਭਾਈ ਆਦਰਸ਼ਾਂ ਤੋਂ ਵੀ ਪ੍ਰਭਾਵਤ ਸਨ। ਇਹ ਨਿਸਚੇ ਹੈ ਕਿ ਟੀਕਾਕਾਰੀ ਨੂੰ ਵਿਗਿਆਨਕ ਲੀਹਾਂ ਆਧੁਨਿਕ ਵਿਦਵਾਨਾਂ ਨੇ ਹੀ ਪ੍ਰਦਾਨ ਕੀਤੀਆਂ।

3. ਜਪੁਜੀ ਦੀ ਵਿਆਖਿਆ ਦੇ ਕਈ ਮੱਤ ਭੇਦ ਬੜੇ ਉਘੜੇ ਹੋਏ ਨਜ਼ਰ ਆ ਰਹੇ ਹਨ :-

(ੳ) 'ਮੂਲ ਮੰਤਰ' ਨੂੰ ਕੇਵਲ ਵੱਖੋ ਵੱਖ ਸ਼ਬਦ ਮੰਨਣਾ ਜਾਂ ਮੰਤ੍ਰ ਜੋੜੇ ਮੰਨਣਾ।

(ਥ) 'ਸੋਚੈ' ਨੂੰ ਚੇਤਨਤਾ ਅਥਵਾ ਮਨ ਦੀ ਸੋਚ ਦੇ ਰੂਪ ਵਿਚ ਮੰਨਣਾ ਜਾਂ ਸੁਚ ਅਥਵਾ ਇਸ਼ਨਾਨ ਦੇ ਰੂਪ ਵਿਚ ਲੈਣਾ।

(ਦ) 'ਨਾਨਕ ਲਿਖਿਆ ਨਾਲਿ' ਵਿਚ 'ਲਿਖਿਆ ਨਾਲਿ' ਦੀ ਵਿਆਖਿਆ 'ਅੰਤਸ੍ਕਰਣ' ਦੇ ਭਾਵ ਦੀ ਕਰਨਾ ਜਾਂ 'ਹੁਕਮ' ਦੇ ਰੂਪ ਵਿਚ ਕਰਨਾ।

(ਧ) 'ਗੁਰਮੁਖਿ' ਨੂੰ 'ਅਕਾਲ ਪੁਰਖ' ਮੰਨਣਾ ਜਾਂ 'ਗੁਰੂ ਦਾ ਮੁਖ ਜਾਂ ਗੁਰਸਿਖ' ਮੰਨਣਾ।

(ਨ) 'ਗੁਰੂ ਦਾ ਸ਼ਬਦ' ਸੁਣਨਾ ਤੇ ਮੰਨਣਾ ਜਾਂ 'ਨਾਮ' ਸੁਣਨਾ ਤੇ ਮੰਨਣਾ।

(ਪ) 'ਪਥੁ' ਭਗਤ ਲਈ ਹੈ ਜਾਂ ਪੰਜ ਭੂਤ ਆਦਿ ਤੱਤਾਂ ਬਾਰੇ ਹੈ।

(ਫ) "ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ" ਵਿਚ 'ਪਤਿ' ਇੱਜ਼ਤ ਦੇ ਅਰਥਾਂ ਵਿਚ ਆਇਆ ਹੈ ਜਾਂ ਪਤੀ(ਪਰਮਾਤਮਾ) ਦੇ ਅਰਥਾਂ ਵਿਚ। 'ਇਕੀਸ' ਇਕਮਿਕਤਾ (ਵਾਲੀ ਅਵਸਥਾ) ਹੈ ਜਾਂ ਇਕੀਸ ਵਿਸਵੇ ਹੈ।

(ਬ) 'ਸੀਤੋ ਸੀਤਾ' ਨੂੰ 'ਰਾਮ ਤੇ ਸੀਤਾ' ਦੇ ਰੂਪ ਵਿਚ ਮੰਨਣਾ ਜਾਂ 'ਸੀਤਾ ਅਰਥਾਤ ਪਰੋਤਾ' ਮੰਨਣਾ।

(ਭ) 'ਖੰਡ' ਤੋਂ ਕੀ ਭਾਵ ਲੈਣਾ ਹੈ। ਕੀ 'ਖੰਡ' ਕਿਸੇ ਹੋਰ ਥਾਂ ਮੌਜੂਦ ਹਨ ਜਾਂ ਕੇਵਲ ਮਨੁੱਖੀ ਹਿਰਦੇ ਵਿਚ ਹਨ।

(ਮ) 'ਮੁਕਤੀ' ਦਾ ਸਰੂਪ ਆਵਾਗਵਣ ਤੋਂ ਛੁਟਕਾਰਾ ਹੈ, ਪਰਮਾਤਮਾ ਦੇ ਨੇੜੇ ਹੋਣਾ ਹੈ ਜਾਂ ਉਸ ਵਿਚ ਲੀਨ ਹੋਣਾ ਹੈ।

ਜਪੁਜੀ ਦੇ ਕੁਝ ਅਜਿਹੇ ਮੱਤ ਭੇਦ ਵਾਲੇ ਸ਼ਬਦਾਂ ਅਤੇ ਤੁਕਾਂ ਦਾ ਸਪਸ਼ਟੀਕਰਣ ਗੁਰਬਾਣੀ ਦੇ ਆਧਾਰ ਤੇ ਕੀਤਾ ਗਿਆ ਹੈ।

4. ਜਪੁਜੀ ਦੀ ਵਿਆਖਿਆ ਸੰਬੰਧੀ ਵਿਦਵਾਨਾਂ ਵਿਚ ਮੱਤ ਭੇਦ ਦਾ ਕਾਰਨ ਜਪੁਜੀ ਦੀ ਸੂਤ੍ਰਿਕ ਸ਼ੈਲੀ ਹੈ। ਇਸ ਵਿਚ ਵਿਸ਼ਾ ਇਤਨੇ ਗੰਭੀਰ ਤੇ ਸ਼ੈਲੀ ਇਤਨੀ ਸੰਜਮਮਈ ਹੈ ਕਿ ਸਭ ਤੋਂ ਵਧ ਟੀਕੇ ਇਸੇ ਬਾਣੀ ਦੇ ਲਿਖੇ ਗਏ ਹਨ। 'ਜਪੁ' ਦੇ ਪੰਜਾਬੀ ਵਿਚ ਰਚੇ ਗਏ ਸੌ ਟੀਕਿਆਂ ਦੀ ਸੂਚੀ ਇਥੇ ਦਿੱਤੀ ਗਈ ਹੈ। ਜਿਵੇਂ 'ਈਸ਼ਾਵਾਸਯ ਉਪਨਿਸ਼ਦ' ਵਿਚ 18 ਮੰਤਰਾਂ

ਰਾਹੀਂ ਸਾਰੇ ਵੈਦਿਕ ਧਰਮ ਦਾ ਸਾਰ ਦਿੱਤਾ ਗਿਆ ਹੈ ਤਿਵੇਂ ਜਪੁਜੀ ਵਿਚ 2 ਸਲੋਕਾਂ ਤੇ 38 ਪਉੜੀਆਂ ਰਾਹੀਂ ਗੁਰੂ ਨਾਨਕ ਦੇਵ ਨੇ ਆਪਣੇ ਦਾਰਸ਼ਨਿਕ, ਧਾਰਮਿਕ ਤੇ ਸਦਾਚਾਰਕ ਵਿਚਾਰਾਂ ਦਾ ਨਿਚੋੜ ਦਿੱਤਾ ਹੈ। ਇਥੋਂ ਤਕ ਕਿ ਸਿਖ ਧਰਮ ਦੀ ਪੂਰੀ ਫਿਲਾਸਫੀ ਹੀ 'ਜਪੁਜੀ' ਹੈ। ਗੁਰੂ ਨਾਨਕ ਦੇਵ ਨੇ ਜੋ ਸਿਧਾਂਤ ਜਪੁਜੀ ਵਿਚ ਪੇਸ਼ ਕੀਤੇ ਹਨ ਉਨ੍ਹਾਂ ਦੀ ਵਿਆਖਿਆ ਹੀ ਸਮੁੱਚੇ ਆਦਿ ਗ੍ਰੰਥ ਵਿਚ ਹੋਈ ਹੈ।

5. ਜਪੁਜੀ ਦੇ ਰਚਨਾ ਕਾਲ ਸੰਬੰਧੀ ਵੀ ਕਈ ਧਾਰਨਾਵਾਂ ਪ੍ਰਚਲਤ ਹਨ। ਕੁਝ ਟੀਕਾ-ਕਾਰ ਇਸ ਦੀ ਰਚਨਾ ਵਿਚੋਲਿਤਰੇ ਰੂਪ ਵਿਚ ਮੰਨਦੇ ਹਨ ਅਤੇ ਕੁਝ 1521ਈ: ਤੋਂ ਪਿਛੋਂ ਦੀ ਸਿੱਧ ਕਰਦੇ ਹਨ ਜਦੋਂ ਕਿ ਦੇਸ਼ਾਟਨ ਉਪਰੰਤ ਗੁਰੂ ਨਾਨਕ ਦੇਵ ਕਰਤਾਰਪੁਰ ਵਿਖੇ ਨਿਵਾਸ ਰਖਦੇ ਸਨ। ਇਸ ਸੰਬੰਧੀ ਬਾਰੇ ਕੋਈ ਪ੍ਰਮਾਣਿਕ ਤੱਥ ਸਾਡੇ ਸਾਹਮਣੇ ਨਹੀਂ ਆਇਆ ਪਰੰਤੂ ਇਸ ਦੇ ਵਿਚਾਰਾਂ ਦੀ ਗੰਭੀਰਤਾ, ਅੰਤਰਮੁਖਤਾ, ਦਾਰਸ਼ਨਿਕਤਾ ਅਤੇ ਸਿਧਾਂਤਕ ਪਰਿਪਾਟੀ ਨੂੰ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਜਪੁਜੀ ਦੀ ਰਚਨਾ ਗੁਰੂ ਸਾਹਿਬ ਦੀ ਪਰੋੜ੍ਹ ਅਵਸਥਾ ਵਿਚ ਕਰਤਾਰਪੁਰ ਵਿਖੇ ਹੀ ਹੋਈ ਹੋਵੇਗੀ ਜਦੋਂ ਕਿ ਇਤਨੇ ਦੀਰਘ ਤਜਰਬੇ ਤੋਂ ਪਿਛੋਂ ਉਨ੍ਹਾਂ ਨੇ ਸਿੱਟੇ ਵਜੋਂ ਕੁਝ ਕਹਿਣਾ ਯੋਗ ਸਮਝਿਆ ਹੋਵੇਗਾ।

6. ਇਸ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਆਮ ਕਰਕੇ ਟੀਕਾਕਾਰ ਜਪੁਜੀ ਦੇ ਸਾਹਿਤਕ ਤੇ ਕਾਵਿਕ ਪੱਖ ਬਾਰੇ ਅਚੇਤ ਰਹੇ ਹਨ। ਉਨ੍ਹਾਂ ਦਾ ਮੁੱਖ ਨਿਸ਼ਾਨਾ ਜਪੁਜੀ ਦੀ ਵਿਚਾਰ-ਧਾਰਾ ਨੂੰ ਸਮਝਣ ਦਾ ਹੀ ਸੀ। ਪਰੰਤੂ 20ਵੀਂ ਸਦੀ ਵਿਚ ਆ ਕੇ ਜਪੁਜੀ ਦੇ ਸਾਹਿਤਕ ਪੱਧਰ ਨੂੰ ਸਮਝਣ ਦਾ ਵਿਚਾਰ ਪ੍ਰਬਲ ਹੋ ਗਿਆ ਸੀ। ਨਿਰਮਲਾ ਸੰਪ੍ਰਦਾਇ ਵਿਚੋਂ ਭਾਈ ਸੰਤੋਖ ਸਿੰਘ ਨੇ ਉਚੇਚੇ ਤੌਰ ਤੇ ਜਪੁਜੀ ਦੀ ਛੰਦਾਬੰਦੀ ਤੇ ਅਲੰਕਾਰਾਂ ਬਾਰੇ ਚੇਤਨਤਾ ਦੇਸੀ। ਇਸ ਪਰੰਪਰਾ ਨੂੰ ਆਧੁਨਿਕ ਸਮੇਂ ਵਿਚ ਵਿਸ਼ੇਸ਼ ਕਰਕੇ ਡਾ. ਮੋਹਨ ਸਿੰਘ ਨੇ ਅਗੇ ਤੋਰਿਆ ਹੈ।

7. ਜਪੁਜੀ ਵਿਚ ਹਰ ਭਾਰਤੀ ਧਰਮ ਤੇ ਸ਼ਾਸਤ੍ਰ ਦੇ ਸੰਕੇਤ ਹਨ ਅਤੇ ਹਰ ਧਰਮ-ਦਰਸ਼ਨ ਦਾ ਸਾਰ ਹੈ। ਜਪੁਜੀ ਦੇ ਮੁੱਖ ਸਿਧਾਂਤ ਜਾਂ ਸੰਕਲਪ ਇਹ ਨਿਸ਼ਚਿਤ ਹੁੰਦੇ ਹਨ :-

(ੳ) ਬ੍ਰਹਮ ਕੇਵਲ ਇਕ ਹੈ। ਗੁਰੂ ਨਾਨਕ ਸਾਹਿਬ ਨੇ '੧' ਤੇ 'ੴ' ਦਾ ਇਕੱਠਾ ਪ੍ਰਯੋਗ ਈਸ਼ਵਰ ਦੀ ਏਕਤਾ ਉਤੇ ਜ਼ੋਰ ਦੇਣ ਲਈ ਕੀਤਾ ਹੈ। ਉਹ

ਅਵਤਾਰ ਧਾਰਣ ਨਹੀਂ ਕਰਦਾ। ਉਹ ਸਤ, ਚਿਤ ਤੇ ਆਨੰਦ ਸਰੂਪ ਹੈ। ਪਰਮਾਤਮਾ ਸਰਬੋਤਮ ਗੁਣਾਂ ਦਾ ਖਜ਼ਾਨਾ ਹੈ। ਉਹ ਸਰਬ ਵਿਆਪਕ, ਸਰਬ ਸ਼ਕਤੀਮਾਨ, ਦਾਤਾਰ ਅਤੇ ਪਾਤਸ਼ਾਹਾਂ ਦਾ ਪਾਤਸ਼ਾਹ ਹੈ।

(ਖ) ਜੀਵ ਆਤਮਾ ਬ੍ਰਹਮ ਦੀ ਅੰਸ਼ ਹੈ ਪਰੰਤੂ ਆਪਣੀ ਅਸਮਰਥਾ ਕਰਕੇ ਬ੍ਰਹਮ ਤੋਂ ਭਿੰਨ ਵੀ ਹੈ। ਉਸ ਦੀਆਂ ਸਾਰੀਆਂ ਕਿਰਿਆਵਾਂ ਪਰਮਾਤਮਾ ਦੇ ਹੁਕਮ ਅਨੁਸਾਰ ਹਨ। ਜਦੋਂ ਤਕ ਜੀਵ ਸੰਸਾਰਕ ਤ੍ਰਿਸ਼ਨਾਵਾਂ ਦੇ ਅਧੀਨ ਹੈ, ਉਹ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ ਪਰੰਤੂ ਜਦੋਂ ਉਸ ਦੇ ਕਰਮ ਨਿਸ਼ਕਾਮ ਹੋ ਜਾਂਦੇ ਹਨ, ਤਦੋਂ ਉਹ ਮੁਕਤੀ ਦਾ ਅਧਿਕਾਰੀ ਬਣਦਾ ਹੈ।

(ਗ) ਮਾਇਆ ਸੁਤੰਤਰ ਨਹੀਂ, ਸਗੋਂ ਪਰਮਾਤਮਾ ਦੇ ਅਧੀਨ ਹੈ। ਮਾਇਆ ਇਕ ਪਰਦਾ ਹੈ ਜੋ ਬ੍ਰਹਮ ਤੇ ਸ੍ਰਿਸ਼ਟੀ ਵਿਚਕਾਰ ਇਕ ਦੀਵਾਰ ਦੀ ਨਿਆਈਂ ਹੈ। ਇਸ ਨੂੰ 'ਕੂੜ ਦੀ ਪਾਲ' ਕਿਹਾ ਗਿਆ ਹੈ। ਵਾਹਿਗੁਰੂ ਦੇ ਹੁਕਮ ਵਿਚ ਰਹਿਣ ਨਾਲ ਹੀ ਮਾਇਆ ਦੇ ਫੰਦੇ ਤੋਂ ਛੁਟਕਾਰਾ ਮਿਲ ਸਕਦਾ ਹੈ ਤੇ ਮਨੁੱਖ ਸਚਿਆਰ ਹੋ ਸਕਦਾ ਹੈ।

(ਘ) ਸ੍ਰਿਸ਼ਟੀ ਦਾ ਨਿਰਮਾਣ ਪਰਮਾਤਮਾ ਤੋਂ ਹੋਇਆ ਹੈ। ਸ੍ਰਿਸ਼ਟੀ ਰਚਨਾ ਬਾਰੇ ਕੋਈ ਨਹੀਂ ਜਾਣਦਾ ਕਿ ਇਹ ਕਦੋਂ ਹੋਈ ਪਰੰਤੂ ਇਤਨਾ ਕਿਹਾ ਜਾ ਸਕਦਾ ਹੈ ਕਿ ਇਹ ਪਰਮਾਤਮਾ ਦੇ ਹੁਕਮ 'ਕੀਤਾ ਪਸਾਉ ਏਕੋ ਕਵਾਉ' ਨਾਲ ਹੋਈ। ਇਸ ਦਾ ਰਚਨਹਾਰਾ ਹੀ ਇਸ ਦੇ ਰਚਨ ਦਾ ਸਮਾਂ ਜਾਣਦਾ ਹੈ।

(ਙ) ਸਦਾਚਾਰ ਅਥਵਾ ਸ਼ੁਭ ਗੁਣਾਂ ਦਾ ਹੋਣਾ ਭਗਤੀ ਲਈ ਆਵੱਸ਼ਕ ਹੈ। 'ਸੁਣਿਆ ਮੰਨਿਆ' ਵਾਲੀ ਪਉੜੀ ਵਿਚ ਮਨ ਨੂੰ ਜਿੱਤਣ ਦਾ ਸਦਾਚਾਰਕ ਢੰਗ ਦਸਿਆ ਹੈ। 'ਜਤੁ ਪਾਹਾਰਾ' ਵਾਲੀ ਪਉੜੀ ਵਿਚ 'ਸੁਨਿਆਰੇ ਦੀ ਦੁਕਾਨ' ਦੇ ਰੂਪਕ ਰਾਹੀਂ ਸਦਾਚਾਰਕ ਗੁਣਾਂ ਉਤੇ ਜ਼ੋਰ ਦਿੱਤਾ ਹੈ ਜਿਸ ਤੋਂ ਸਿਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਨੂੰ ਕਿਰਤ ਵਾਲਾ ਜੀਵਨ ਬੜਾ ਪਸੰਦ ਹੈ। 'ਸਚਿਆਰ ਪੁਰਖ' ਦਾ ਪੂਰਣ ਸਰੂਪ ਇਸੇ ਪਉੜੀ ਵਿਚ ਅੰਕਿਤ ਹੈ।

੪. ਸਾਰਾ ਅਧਿਐਨ ਇਹ ਦਸਦਾ ਹੈ ਕਿ ਜਪੁਜੀ ਆਪ ਹੀ ਇਕ ਖੋਜ-ਨਿਬੰਧ ਹੈ ਜਿਸ ਦਾ ਕੇਂਦਰੀ ਵਿਸ਼ਾ ਇਸ ਮੂਲ ਪ੍ਰਸ਼ਨ ਦਾ ਉੱਤਰ ਲਭਣਾ ਹੈ —

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।"

ਇਸ ਪ੍ਰਸ਼ਨ ਦਾ ਉੱਤਰ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ" ਦੁਆਰਾ ਦਿੱਤਾ ਹੈ। ਇਥੇ ਗੁਰੂ ਨਾਨਕ ਦੇਵ ਦੀ ਭਗਤੀ ਭਾਵਨਾ ਅਤੇ ਰਹੱਸਵਾਦੀ ਅਨੁਭੂਤੀ ਦਾ ਪਤਾ ਲਗਦਾ ਹੈ। ਸਮੁੱਚੇ ਰੂਪ ਵਿਚ ਇਸ ਬਾਣੀ ਵਿਚ ਦਸਿਆ ਹੈ ਕਿ ਪਰਮਾਤਮਾ 'ਸੱਚ' ਹੈ ਅਤੇ ਮਨੁੱਖ ਦਾ ਕਰਤੱਵ 'ਸਚਿਆਰ ਪਦ' ਨੂੰ ਪ੍ਰਾਪਤ ਕਰਨਾ ਹੈ।

੨. ਜਪੁਜੀ ਗੀਤਾ ਵਾਂਗ ਇਕ ਸਮੁੱਚਤ ਰਚਨਾ ਹੈ ਜਿਸ ਵਿਚ ਜੀਵ ਨੂੰ ਪ੍ਰਭੂ ਤਕ ਪਹੁੰਚਣ ਲਈ ਜਿਨ੍ਹਾਂ ਜਿਨ੍ਹਾਂ ਅਵਸਥਾਵਾਂ ਤੋਂ ਲੰਘਣਾ ਪੈਂਦਾ ਹੈ, ਉਨ੍ਹਾਂ ਦਾ ਬੜੇ ਸੁਚੱਜੇ ਢੰਗ ਨਾਲ ਵਰਣਨ ਕੀਤਾ ਗਿਆ ਹੈ। ਇਸ ਬਾਣੀ ਦੇ ਅੰਤ ਵਿਚ ਆਤਮਕ ਉੱਨਤੀ ਦੇ ਪੜਾ ਤੇ ਸਦਾਚਾਰਕ ਰੂਪ ਦੱਸ ਕੇ 'ਸਚਿਆਰ' ਦੀ ਉੱਚੀ ਮੰਜ਼ਲ ਨਿਸਚਿਤ ਕੀਤੀ ਹੈ ਅਤੇ ਬੜੇ ਕਲਾਤਮਕ ਢੰਗ ਨਾਲ ਸਾਧਕ ਦੀ ਜਿੱਤ ਦੀ ਘੋਸ਼ਣਾ ਇਸ ਪ੍ਰਕਾਰ ਕੀਤੀ ਹੈ :-

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।"
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।"

ਬਾਕੀ ਬਾਣੀਆਂ ਵਾਂਗ ਹੀ ਗੁਰੂ ਨਾਨਕ ਦੇਵ ਦੀ ਇਸ ਰਚਨਾ ਦਾ ਆਦਰਸ਼ ਵੀ ਮਨੁੱਖੀ ਕਲਿਆਣ ਹੀ ਹੈ। 'ਜਪੁਜੀ' ਸਚ ਮੁਚ ਪੰਜਾਬੀ ਦੀ ਗੌਰਵਮਈ ਕ੍ਰਿਤੀ ਹੈ ਅਤੇ ਭਾਰਤ ਦੇ ਰਹੱਸਮਈ ਅਧਿਆਤਮਕ ਸਾਹਿੱਤ ਵਿਚ ਇਸ ਦਾ ਸਦੀਵੀ ਸਥਾਨ ਹੈ।

***

## ਪੁਸਤਕ-ਸੂਚੀ

... 298–314

(ੳ) 'ਜਪੁਜੀ' ਦੇ ਪੰਜਾਬੀ ਵਿਚ ਰਚੇ ਟੀਕਿਆਂ ਦੀ ਸੂਚੀ ... 299–305

(ਅ) ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਪੁਸਤਕਾਂ ਦੀ ਸੂਚੀ ... 306–313

(ੲ) ਪਤ੍ਰ-ਪਤ੍ਰਿਕਾਵਾਂ ਦੀ ਸੂਚੀ ... –314

## (ਖ) 'ਜਪੁਜੀ' ਦੇ ਪੰਜਾਬੀ ਵਿਚ ਹੋਏ ਟੀਕਿਆਂ ਦੀ ਸੂਚੀ


ਉੱਤਮ ਸਿੰਘ, ਸੰਤ, ਗੁਰੂ ਹੀਰਾ ਬਾਲ ਬੋਧਨੀ ਸਟੀਕ, ਵਜ਼ੀਰਾਬਾਦ।

ਅਨੰਦ ਘਨ, ਗੁਰਬਾਣੀ ਟੀਕੇ(ਟੀਕਾ ਜਪੁਜੀ, 1852 ਬਿ.), ਸੰਪਾਦਕ ਡਾ. ਰਤਨ ਸਿੰਘ ਜੱਗੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

———, ਜਪੁ ਟੀਕਾ, ਸੰਮਤ 1872, ਪੁਸਤਕਾਲਾ ਪ੍ਰਿੰ. ਪ੍ਰੀਤਮ ਸਿੰਘ, ਹਥ ਲਿਖਤ ਨੰ: 30.

———, ਜਪੁਜੀ ਸਟੀਕ, ਸੰਮਤ 1700, ਪੁਸਤਕਾਲਾ ਭਾਸ਼ਾ ਵਿਭਾਗ, ਪਟਿਆਲਾ, ਹਥ ਲਿਖਤ ਨੰ: 138.

———, ਜਪੁਜੀ ਸਟੀਕ, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ, ਹਥ ਲਿਖਤ ਨੰ: 771.

———, ਜਪੁਜੀ ਸਟੀਕ, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਹਥ ਲਿਖਤ ਨੰ: 2951.

———, ਸ੍ਰੀ ਜਪੁਜੀ ਟੀਕਾ, ਸੰਮਤ 1854, ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਹਥ ਲਿਖਤ ਨੰ: 4075.

———, ਸ੍ਰੀ ਜਪੁਜੀ ਟੀਕਾ, ਪੰਜਾਬ ਆਰਕਾਈਵਜ਼, ਪਟਿਆਲਾ, ਹਥ ਲਿਖਤ ਨੰ: 691.

———, ਜਪੁਜੀ ਸਟੀਕ(ਸਵਾਲਾਂ ਰੂਪ), ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਹਥ ਲਿਖਤ ਨੰ: 7635.

———, ਆਨੰਦ ਟੀਕਾ, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ, ਹਥ ਲਿਖਤ ਨੰ: 2182.

ਅਫ਼ੀਰ, ਵਿਸ਼ਾਲ ਸਿੰਘ, ਸਿਫ਼ਤ ਸਾਲਾਹ ਅਰਥਾਤ ਜਪੁਜੀ ਸਾਹਿਬ ਦਾ ਭਾਵ ਅਰਥ ਸੁਖੈਨ ਪੰਜਾਬੀ ਕਵਿਤਾ ਵਿਚ।

ਅਮੀਰ ਸਿੰਘ, ਸੰਤ, ਬ੍ਰਹਮ ਗਿਆਨੀ, ਸੰਪ੍ਰਦਾਈ ਗ੍ਰੰਥ ਸ੍ਰੀ ਅਮੀਰ ਭੰਡਾਰ, ਅਰਥਾਤ ਸ੍ਰੀ ਜਪੁਜੀ ਸਾਹਿਬ ਸਟੀਕ, ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਐਂਡ ਕੋ, ਅੰਮ੍ਰਿਤਸਰ, 1970.

ਆਤਮਾ ਸਿੰਘ ਗਿਆਨੀ, ਸੰਤ, ਸਾਖੀ ਪ੍ਰਮਾਣ(ਜਪੁਜੀ ਦੀਆਂ ਗੂਢ ਤੁਕਾਂ ਦੀ ਵਿਆਖਿਆ), ਸ੍ਰੀ ਗੁਰਮਤਿ ਪ੍ਰੈਸ, ਅੰਮ੍ਰਿਤਸਰ।

ਸਤਿਬੀਰ ਸਿੰਘ, ਪ੍ਰਿੰਸੀਪਲ, ਜਪੁ ਤੇ ਓਹਦੇ ਪੰਧ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1971.

ਸਰਦਾਰਾ ਸਿੰਘ ਗਿਆਨੀ, ਆਦਿ ਸਚੁ(ਜਪੁਜੀ ਦਾ ਕਾਵਿ ਅਨੁਵਾਦ) ਸੰਪਾਦਕ ਬਲਬੀਰ ਸਿੰਘ ਸੰਧੂ, ਜਲੰਧਰ ਪਬਲਿਸ਼ਿੰਗ ਕੰਪਨੀ, ਜਲੰਧਰ।

ਸਰੂਪ ਸੁਰ ਸਿੰਘ, ਜਪੁ ਟੀਕਾ, ਸੰਮਤ 1935.

ਸਾਈਨੈਕ, ਬਰਨਾਸ਼ੀਰਾਮ, ਜਪੁਜੀ ਸਾਹਿਬ ਟੀਕਾ।

ਸਾਹਿਬ ਸਿੰਘ, ਪ੍ਰੋ., ਜਪੁਜੀ ਸਾਹਿਬ ਸਟੀਕ, ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1967.

ਸਾਧੂ ਸਿੰਘ, ਬਾਬਾ, ਗ੍ਰੰਥ ਜਪੁ ਪਰਚਾਵੇਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਾਲਗ੍ਰਾਮ ਦਾਸ, ਪੰਡਿਤ, ਸ੍ਰੀ ਜਪੁਜੀ ਸਟੀਕ।

ਸੁਰੈ ਪ੍ਰਕਾਸ਼, ਸੰਤ, ਗੁਰੂ ਗ੍ਰੰਥ ਸਾਹਿਬ ਸਟੀਕ (ਸਮੇਤ ਜਪੁਜੀ)

ਸੁਰਜੀਤ ਸਿੰਘ, ਸੰਤ, ਜਪੁਜੀ ਟੀਕਾ।

ਸੂਰਜ ਸਿੰਘ, ਸੰਤ, ਜਪੁਜੀ ਸਟੀਕ, ਖ਼ਾਲਸਾ ਪ੍ਰਦੇਸੀ ਮਾਲਵਾ ਪ੍ਰੈਸ, ਅੰਮ੍ਰਿਤਸਰ, 1930.

ਸੂਰੀ, ਨਿਹਾਲ ਸਿੰਘ, ਗੁਰਮਤਿ ਭਾਵ ਪ੍ਰਕਾਸ਼ਨੀ ਟੀਕਾ ਸ੍ਰੀ ਜਪੁਜੀ ਸਾਹਿਬ, 1930.

ਸੇਖਵਾਂ, ਰਤਨ ਸਿੰਘ, ਫਰੀਦਕੋਟ ਵਾਲਾ ਟੀਕਾ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ, ਜਿਲਦ ੧, ਭਾਸ਼ਾ ਵਿਭਾਗ, ਪੰਜਾਬ, 1970.

ਸੋਹਨ ਸਿੰਘ, ਡਾ., ਪੰਥ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ, 1962.

ਸੋਢੀ, ਹਰਨਾਮ ਸਿੰਘ, ਜਪੁ-ਨੀਸਾਣੁ, ਗੁਰੂ ਕੇ ਮਹਿਲ, ਅੰਮ੍ਰਿਤਸਰ, ਸੰਮਤ 1992.

ਸੋਢੀ, ਤੇਜਾ ਸਿੰਘ, ਕਥਾ ਸਾਗਰ ਅਰਥਾਤ ਸ੍ਰੀ ਜਪੁਜੀ ਸਟੀਕ, ਅੰਮ੍ਰਿਤਸਰ, 1952.

ਸੋਢੀ, ਬੂਟਾ ਸਿੰਘ, ਜਪੁਜੀ ਦੇ ਪ੍ਰਸੰਗ, 1920.

ਸੰਗਤ ਸਿੰਘ, ਸੰਤ, ਸ੍ਰੀ ਜਪੁਜੀ ਕਥਾ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ।

ਸੰਤ ਸਿੰਘ, ਜਪੁਜੀ ਸਟੀਕ।

ਸੰਤ ਰਾਮ, ਗਿਆਨੀ, ਜਪੁਜੀ ਸਾਹਿਬ, ਰਾਮ ਰਛ, ਜ਼ਿਲ੍ਹਾ ਜਲੰਧਰ, ਸੰਮਤ 2000.

ਸੰਤਰੇਣ, ਮੋਹਨ ਸਿੰਘ, ਸਾਗਰ ਮੇਂ ਗਾਗਰ ਅਰਥਾਤ ਸ੍ਰੀ ਜਪੁਜੀ ਸਾਹਿਬ ਸਟੀਕ, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1962.

ਸੰਤੋਖ ਸਿੰਘ, ਭਾਈ, ਕਵੀ ਚੂੜਾਮਣਿ, ਸ੍ਰੀ ਜਪੁਜੀ ਸਾਹਿਬ ਸਟੀਕ ਗਰਬ ਗੰਜਨੀ ਟੀਕਾ, ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ, ਸਿੱਖ ਨਿਵਾਸ, ਪਹਾੜ ਗੰਜ, ਨਵੀਂ ਦਿੱਲੀ, 1961.

ਸੁਰਿੰਦਰ ਸਿੰਘ, ਸੰਤ, ਨਾਮ ਖੁਮਾਰੀ (ਜਪੁਜੀ ਟੀਕਾ)।

ਸੁਰਿੰਦਰ ਸਿੰਘ, ਗਿਆਨੀ, ਸ੍ਰੀ ਜਪੁਜੀ ਭਾਵਾਰਥ, ਦਿੱਲੀ, 1955.

ਸੂਰਮਾ, ਜੀ.ਆਰ.ਸੂਰਮਾ, ਜਪੁਜੀ ਸਾਹਿਬ, ਭਾਰਤ ਪ੍ਰਿੰਟਿੰਗ ਪ੍ਰੈਸ, ਕਟੜਾ ਰਾਮਗੜ੍ਹੀਆ, ਅੰਮ੍ਰਿਤਸਰ, 2000 ਬਿ।

ਸਿੱਖ ਵਿਦਵਾਨ (ਗੁਰਬ ਪੰਨਾ ਲਾਲ), ਜਪੁਜੀ ਸਟੀਕ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

ਸ਼ੇਰ ਸਿੰਘ ਗਿਆਨੀ, ਨਿਤਨੇਮ ਸਟੀਕ, 1927.

ਸ਼ੇਰ ਸਿੰਘ, ਡਾ., ਜਪੁਜੀ ਦਰਸ਼ਨ, ਲਾਹੌਰ ਬੁਕ ਸ਼ਾਪ, ਲੁਧਿਆਣਾ, 1969.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਤਨੇਮ ਸਟੀਕ, ਅੰਮ੍ਰਿਤਸਰ।

ਹਜ਼ਾਰਾ ਸਿੰਘ, ਪੰਡਤ, ਟੀਕਾ ਜਪੁਜੀ, 1911.

ਹਰਦਿਆਲ ਸਿੰਘ, ਜਪੁਜੀ ਸਟੀਕ (ਹਥ ਲਿਖਤ), 236, ਸੁਖਦਾਸ ਪੁਰਾ, ਪਟਿਆਲਾ।

ਹਰਨਾਮ ਦਾਸ, ਭਾਈ, ਸ੍ਰੀ ਜਪੁਜੀ ਸਟੀਕ, ਕਾਨਨੇਸ਼ ਆਯੁਰਵੈਦਕ ਫਾਰਮੇਸੀ, ਕਪੂਰਥਲਾ।

ਹਰਬੰਸ ਸਿੰਘ, ਗਿਆਨੀ, ਜਪੁ-ਨਿਰਨਯ, ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਕੰਪਨੀ, 171,
ਇੰਡਸਟ੍ਰੀਅਲ ਏਰੀਆ, ਚੰਡੀਗੜ੍ਹ, 196[illegible].

ਹਰਭਜਨ ਸਿੰਘ ਗਿਆਨੀ, ਜਪੁਜੀ ਸਟੀਕ।

ਕਰਤਾਰ ਸਿੰਘ, ਪ੍ਰੋ:, ਜਪੁਜੀ ਸਟੀਕ, ਲਾਹੌਰ ਬੁਕ ਸ਼ਾਪ, ਲੁਧਿਆਣਾ।

ਕਾਂਸ਼ੀ, ਨਿਹਾਲ ਸਿੰਘ ਸੰਤ, ਜਪੁ ਗੁਰਾਰਥ ਦੀਪਕਾ ਟੀਕਾ, 1849, ਪੁਸਤਕਾਲਾ ਪ੍ਰਿੰ: ਪ੍ਰੀਤਮ ਸਿੰਘ,
ਹਥ ਲਿਖਤ ਨੰ:176.

ਕੋਹਲੀ, ਸੁਰਿੰਦਰ ਸਿੰਘ, ਡਾ: ਤੇ ਮਹਿੰਦਰ ਸਿੰਘ, ਸਿੱਖੀ ਸਿਖਿਆ (ਟੀਕਾ ਜਪੁਜੀ)

ਕਟੇਸ਼ਾ ਸਿੰਘ, ਸੰਤ, ਜਪੁਜੀ ਸਟੀਕ।

ਕਾਡੀਹੇਕ, ਐਫ.ਸੀ., ਜਪੁ ਜਾਪੁ, 1935.

ਗਿਆਨ ਸਿੰਘ, ਗਿਆਨੀ, ਸ੍ਰੀ ਜਪੁਜੀ ਸਾਹਿਬ ਸਟੀਕ।

ਗਿਆਨ ਸਿੰਘ ਭਾਈ ਤੇ ਪ੍ਰਤਾਪ ਸਿੰਘ ਭਾਈ, ਜਪੁਜੀ ਸਟੀਕ ਮਹਾਤਮ ਸਹਿਤ, ਭਾਈ ਬੂਟਾ ਸਿੰਘ
ਪ੍ਰਤਾਪ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਗੁਰਦਿਆਲ ਸਿੰਘ, ਮਾਨਸ਼ਾਹੀਆ, ਜਪੁਜੀ ਸਾਹਿਬ ਸਟੀਕ, ਗੁਲਾਬ ਸਿੰਘ ਐਂਡ ਸਨਜ਼, ਲਾਹੌਰ, 1[illegible]52 ਬਿ:

ਗੁਰਦਿੱਤ ਸਿੰਘ, ਸਾਧੂ, ਸ੍ਰੀ ਜਪੁ ਪਰਮਾਰਥ ਸੁਖੋਪਨੀ ਟੀਕਾ।

ਗੁਰਨਾਮ ਸਿੰਘ, ਮੇਜਰ ਜਨਰਲ, ਖਾਲਸਾ ਨਿਤਨੇਮ।

ਗੁਰਬਖਸ਼ ਸਿੰਘ ਭਾਈ ਤੇ ਰਾਮ ਲੋਕ, ਸੈ ਸਾਖੀ 'ਜਪੁ' ਮਹਾਤਮ (ਹਥ ਲਿਖਤ), ਪੁਸਤਕਾਲਾ ਮੇਜਰ
ਮਹਿੰਦਰ ਸਿੰਘ।

ਗੁਰਮੁਖ ਸਿੰਘ, ਗਿਆਨੀ, ਦਿਵਾਨਪਰਿਆਣਾ, ਜਪੁਜੀ ਟੀਕਾ, ਪੁਸਤਕਾਲਾ ਮੇਜਰ ਮਹਿੰਦਰ ਸਿੰਘ।

ਗੁਲਸ਼ਨ ਰਾਇ, ਭਾਈ, ਟੀਕਾ ਜਪੁਜੀ ਸਾਹਿਬ, ਵਿਦਿਆਨੰਦ ਇੰਡਸਟ੍ਰੀਅਲ ਸਕੂਲ ਪ੍ਰੈਸ, ਕਟੜਾ ਸ਼ੇਰ ਸਿੰਘ,
ਅੰਮ੍ਰਿਤਸਰ, 19[illegible]0.

ਗੁਲਾਬ ਸਿੰਘ, ਸੰਤ, ਸ੍ਰੀ ਜਪੁ ਪ੍ਰਕਾਸ਼, ਮੁਨਸ਼ੀ ਗੁਲਾਬ ਸਿੰਘ, ਅੰਮ੍ਰਿਤਸਰ, 1916.

ਗੁਰਦਿੱਤ ਸਿੰਘ, ਸਾਧੂ; ਸ੍ਰੀ ਜਪੁ ਪਰਮਾਰਥ ਸੁਖੋਪਨੀ ਟੀਕਾ।

ਡੋਧਾਨ, ਰੋਵਦੇਤ, ਪ੍ਰੋ., ਜਪੁਜੀ ਸਾਹਿਬ ਸਟੀਕ।

ਟਹਿਲ ਸਿੰਘ, ਪ੍ਰਿੰ., ਵਿਆਖਿਆ ਸ੍ਰੀ ਜਪੁਜੀ ਸਾਹਿਬ, ਅੰਮ੍ਰਿਤ ਪ੍ਰਿੰਟਿੰਗ ਪ੍ਰੈਸ, ਤਰਨ-ਤਾਰਨ, 1934.

ਖਾਲਸਾ ਸਮਾਚਾਰ ਸ੍ਰੀ ਜਪੁਜੀ ਸਟੀਕ, ਹਾਲ ਬਾਜ਼ਾਰ, ਅੰਮ੍ਰਿਤਸਰ।

ਖਾਲਸਾ ਟ੍ਰੈਕਟ ਸੁਸਾਇਟੀ, ਮੂਲ ਮੰਤਰ (ਪੰਜ ਪਉੜੀਆਂ) ਸਟੀਕ।

ਚੋਪੜਾ, ਸੁਖਜੀਤ ਸਿੰਘ ਤੇ ਜਗਤ ਸਿੰਘ ਗਿਆਨੀ, ਜਪੁ ਸਾਹਿਬ।

ਚੰਦਾ ਸਿੰਘ, ਭਾਈ, ਪ੍ਰਕਾਸ਼ ਆਦਿ ਗ੍ਰੰਥ, ਭਾਈ ਗੁਰਦਿਆਲ ਸਿੰਘ ਐਂਡ ਸਨਜ਼, ਲਾਹੌਰ।

ਜੱਸੂ ਸਿੰਘ, [illegible], ਜਪੁਜੀ ਸਾਹਿਬ, [illegible] ਪ੍ਰੈਸ, ਲਾਹੌਰ, 1894.

ਜੋਧ ਸਿੰਘ, ਪ੍ਰਿੰ., ਜਪੁਜੀ ਸਟੀਕ, ਸਿੱਖ ਪਬਲਿਸ਼ਿੰਗ ਹਾਊਸ, ਕਚਹਿਰੀ ਰੋਡ, ਅੰਮ੍ਰਿਤਸਰ, 1950.

ਤਾਰਨ ਸਿੰਘ, ਡਾ., ਜਪੁ ਦਰਸ਼ਨ ਦੀਦਾਰ, ਫਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1969.

ਤੇਜਾ ਸਿੰਘ, ਚੀਫ ਜਸਟਿਸ (ਰੀਟਾਇਰਡ), ਜਪੁ ਵਿਆਖਿਆ, ਸੁਪਰ ਪ੍ਰੈਸ ਲਿਮਿਟਿਡ, 81, ਪਹਾੜ ਗੰਜ ਰੋਡ, ਨਵੀਂ ਦਿੱਲੀ, 1955.

ਤੇਜਾ ਸਿੰਘ, ਪ੍ਰਿੰ., ਜਪੁਜੀ ਸਟੀਕ, ਤੀਜੀ ਵਾਰ, ਪ੍ਰਕਾਸ਼ਕ ਪੁਸਤਕਾਲਾ, ਅੰਮ੍ਰਿਤਸਰ।

ਦਰਿਆ ਸਿੰਘ, ਗਿਆਨੀ, ਜਪੁ ਸਾਹਿਬ ਦੀ ਪ੍ਰਸਤਾਵਨਾ, 1890.

ਦਲਿਆਜੀਤ ਸਿੰਘ, ਜਪੁਜੀ ਸਾਹਿਬ ਦੀ ਸਾਹਿਤਕ ਤੇ ਅਨੁਭਵੀ ਵਿਸ਼ੇਸ਼ਤਾ (ਜਪੁ ਟੀਕਾ), ਸੁਖਮਨੀ ਭਵਨ, ਹਸਪਤਾਲ ਰੋਡ, ਲੁਧਿਆਣਾ।

ਦੇਵ, ਕਰਤਾਰ ਸਿੰਘ, ਪ੍ਰੇਮ ਗਿਆਨੀ, ਜਪੁਜੀ ਸਟੀਕ।

ਦਾਖਾ, ਕਰਤਾਰ ਸਿੰਘ, ਪੰਡਤ, ਸ੍ਰੀ ਜਪੁ-ਨਿਸਾਣ (ਭਾਵਰੋਹੁ ਵਿਆਖਿਆ ਸਹਿਤ), ਪੰਜਾਬ ਗਿਆਨੀ ਪ੍ਰੈਸ, ਡਵੇਸ ਹਾਊਸ, ਲੁਧਿਆਣਾ, 1951.

ਦੀਵਾਨਾ, ਮੋਹਨ ਸਿੰਘ, ਡਾ., ਪੰਜਾਬੀ ਭਾਖਾ ਵਿਗਿਆਨ ਤੇ ਗੁਰਮਤਿ ਗਿਆਨ (ਜਪੁ ਟੀਕਾ), ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1952.

ਦੇਵਾ ਸਿੰਘ, ਸੰਤ, ਸੁਗਮ ਜਪੁ ਪ੍ਰਦੀਪ (ਜਪੁ ਸਟੀਕ), ਭਾਈ ਬੂਟਾ ਸਿੰਘ, ਰਾਵਲਪਿੰਡੀ, 1899.

ਨਰੈਣ ਸਿੰਘ, ਗਿਆਨੀ, ਵਿਦਿਆ-ਮਾਰਤੰਡ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਪੋਥੀ ਪਹਿਲੀ (ਜਪੁ ਟੀਕਾ), ਭਾਈ ਚਤਰ ਸਿੰਘ, ਲਾਹੌਰ, 193[illegible].

———, ਸ੍ਰੀ ਜਪੁਜੀ ਸਟੀਕ, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1961.

———, ਜਪੁਜੀ ਸਾਹਿਬ ਭਾਵ ਪ੍ਰਕਾਸ਼ਨੀ ਟੀਕਾ ਸਹਿਤ, ਭਾਈ ਰਲਾ ਸਿੰਘ, ਐਂਡ ਸਨਜ਼, ਨਵਾਂ ਬਾਜ਼ਾਰ, ਤਰਨ ਤਾਰਨ, 1953.

ਨਰੋਤਮ, ਤਾਰਾ ਸਿੰਘ, ਪੰਡਤ, ਗੁਰਭਾਵ ਦੀਪਕਾ ਜਪੁ ਟੀਕਾ, ਵਿਦਿਆਕਰਤਾਰ, ਲਾਹੌਰ, 1881.

ਨਿਰੰਜਨ ਸਿੰਘ, ਨਿਰਮਲਾ ਸੰਤ, ਜਪੁਜੀ ਸਾਹਿਬ ਸਟੀਕ, ਕਟੜਾ ਦਲ ਸਿੰਘ, ਅੰਮ੍ਰਿਤਸਰ, 1951.

ਪਰਮਹੰਸ, ਹਰਿ ਪ੍ਰਕਾਸ਼, ਰਾਜਾ, ਸ੍ਰੀ ਵੇਦ ਅਰਥਾਵਲੀ ਟੀਕਾ ਜਪੁਜੀ ਕਾ।

ਪੁਰੀ, ਗਿਰਧਾਰੀ ਲਾਲ, ਜਪੁ ਪਰਮਾਰਥ।

ਪ੍ਰਵਾਨਾ, ਹਰਬੰਸ ਸਿੰਘ, ਸ੍ਰੀ ਜਪੁਜੀ ਸਾਹਿਬ ਦਾ ਆਸਾਨ ਪੰਜਾਬੀ ਕਵਿਤਾ ਵਿਚ ਤਰਜਮਾ।

ਪ੍ਰਿਤਪਾਲ ਸਿੰਘ, ਗੁਰਮਤਿ ਗਿਆਨ ਪ੍ਰਬੋਧ ਸ੍ਰੀ ਜਪੁਜੀ ਸਾਹਿਬ ਟੀਕਾ।

ਪ੍ਰੇਮ, ਮੋਹਨ ਸਿੰਘ, ਨਾਨਕ ਬਾਣੀ ਜਪੁਜੀ ਸਾਹਿਬ ਤੇ ਆਸਾ ਦੀ ਵਾਰ।

ਬਖਸ਼ੀਸ਼ ਸਿੰਘ, ਸੰਤ, ਜਪੁ ਸਾਹਿਬ ਦਾ ਟੀਕਾ, ਅੰਮ੍ਰਿਤਸਰ, ਸੰਮਤ 1914.

ਬਿਸ਼ਨ ਸਿੰਘ, ਗਿਆਨੀ, ਜਪੁਜੀ ਸਟੀਕ, ਵਜ਼ੀਰ ਹਿੰਦ ਪ੍ਰੈਸ, ਹਾਲ ਬਾਜ਼ਾਰ, ਅੰਮ੍ਰਿਤਸਰ।

ਬੁੱਧ ਸਿੰਘ, ਭਾਈ ਸਾਹਿਬ ਭਾਈ, ਜਪੁਜੀ ਸਾਹਿਬ ਸਟੀਕ, ਭਾਈ ਚਤਰ ਸਿੰਘ ਗੁਰਮੁਖ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1950.

ਬੁੱਧ ਸਿੰਘ, ਗਿਆਨੀ, ਅਮੋਲਕ ਰਤਨ ਟੀਕਾ ਜਪੁਜੀ ਸਾਹਿਬ।

ਬੇਦੀ, [illegible] ਸਿੰਘ, ਪ੍ਰਬੋਧ ਦਰਸ਼ਨ ਟੀਕਾ ਜਪੁ।

ਬੇਦੀ, [illegible] ਸਿੰਘ, ਜਪੁ ਅਰਥ ਪ੍ਰਕਾਸ਼ਨੀ ਟੀਕਾ, ਸੰਮਤ 1940.

ਭਾਰਤੀ ਸਵਾਮੀ [illegible], ਜਪੁਜੀ ਸਟੀਕ, ਸੰਮਤ 1983.

ਭਾਵੇ, ਵਿਨੋਬਾ, ਜਪੁਜੀ, ਅਨੁਵਾਦਕ ਗੀਤਾ ਰਾਮ ਬਾਵਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਭੋਗਲ, ਪਿਆਰਾ ਸਿੰਘ, ਜਪੁਜੀ ਦਾ ਸਾਹਿਤਕ ਅਧਿਐਨ (ਜਪੁਜੀ ਸਟੀਕ) ਵਿਸ਼ਵਜੀਤ ਪ੍ਰਕਾਸ਼ਨ, ਜਲੰਧਰ, 1970.

ਮਨਮੋਹਨ ਸਿੰਘ, ਸ੍ਰੀ ਜਪੁਜੀ, ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਕੋ, ਪਟਿਆਲਾ, 1962.

ਮਨੀ ਸਿੰਘ, ਭਾਈ, ਜਪੁਜੀ ਸਾਹਿਬ ਸਟੀਕ ਮਹਾਤਮ ਸਣੇ, ਹਰਭਜਨ ਸਿੰਘ ਹਰਚਰਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

– – –, ਜਪੁਜੀ ਟੀਕਾ (ਗਿਆਨ ਰਤਨਾਵਲੀ ਵਿਚੋਂ ਲਇਆ ਹੈ), ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਨੰ:5959.

– – –, ਜਨਮਸਾਖੀ (ਹਥ ਲਿਖਤ), ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ।

– – –, ਜਪੁਜੀ ਸਾਹਿਬ ਸਟੀਕ (ਉਰਦੂ ਤੇ ਪੰਜਾਬੀ), ਪੂਰਨ ਸਿੰਘ ਹਰਬੰਸ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

– – –, [illegible] ਰਤਨਾਵਲੀ (ਜਪੁ ਪਰਮਾਰਥ-ਮਿਹਰਬਾਨ), ਸੰਮਤ 1895, ਪੁਸਤਕਾਲਾ ਪ੍ਰਿੰ: ਪ੍ਰੀਤਮ ਸਿੰਘ, ਹਥ ਲਿਖਤ ਨੰ:342.

ਮਨੀ ਸਿੰਘ, ਸੁਰਗਾ ਪੁਰਬ 'ਜਪੁ' ਪਰਥਾਇ ਤੇ ਮਹਾਤਮ, ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਹਥ ਲਿਖਤ ਨੰ:6011.

ਮਿਹਰਬਾਨ ਸੋਢੀ, ਪੋਥੀ ਹਰਿਜੀ, ਸੰਮਤ 1885, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਚੀ ਦੂਜੀ, ਸਿਖ ਹਿਸਟਰੀ ਰੀਸਰਚ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ, 1969.

———, ਜਪੁਜੀ ਟੀਕਾ, ਬਿਧੂ ਨਾਥ ਕੁਮਾਰ ਲਿਖਤ, ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ, ਪਟਿਆਲਾ।

———, ਜਪੁ ਪਰਮਾਰਥ, ਗਿਆਨ ਸਿੰਘ ਜੱਟ ਲਿਖਤ, ਪੁਸਤਕਾਲਾ ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਹਥ ਲਿਖਤ ਨੰ:43.

———, ਜਪੁ ਪਰਮਾਰਥ, ਗੁਰਮੁਖ ਸਿੰਘ ਲਿਖਤ, ਸੰਮਤ 1878, ਪੁਸਤਕਾਲਾ ਪ੍ਰਿੰ: ਪ੍ਰੀਤਮ ਸਿੰਘ, ਹਥ ਲਿਖਤ ਨੰ:161.

———, ਨਾਮ ਮੰਜਰੀ ਜਪੁ ਪਰਮਾਰਥ, ਚਰਨਦਾਸ ਲਿਖਤ, ਪੁਸਤਕਾਲਾ ਪ੍ਰਿੰ: ਪ੍ਰੀਤਮ ਸਿੰਘ, ਹਥ ਲਿਖਤ ਨੰ:182.

———, ਜਪੁ ਟੀਕਾ, ਕ੍ਰਿਪਾ ਨੰਦ ਲਿਖਤ, ਪੁਸਤਕਾਲਾ, ਪ੍ਰਿੰ: ਪ੍ਰੀਤਮ ਸਿੰਘ, ਹਥ ਲਿਖਤ ਨੰ:142.

———, ਜਪੁ ਪਰਮਾਰਥ, ਸੰਮਤ 1766, ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਹਥ ਲਿਖਤ ਨੰ:6710.

———, ਜਨਮਸਾਖੀ ਗੁਰੂ ਨਾਨਕ ਜੀ (ਜਪੁ ਪਰਮਾਰਥ) ਸੰਮਤ 1811, ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਹਥ ਲਿਖਤ ਨੰ:7373.

———, ਜਪੁਜੀ ਸਟੀਕ (ਗੁਰਬਾਣੀਆਂ ਸਟੀਕ ਆਦਿ ਸਮੇਤ) ਪੁਸਤਕਾਲਾ ਭਾਸ਼ਾ ਵਿਭਾਗ, ਪਟਿਆਲਾ, ਹਥ ਲਿਖਤ ਨੰ:346.

ਮੋਹਨ ਸਿੰਘ, ਰਈਸ ਐਮ.ਏ., ਜਪੁਜੀ ਸਾਹਿਬ ਸਟੀਕ, ਭਾਈ ਚਤਰ ਸਿੰਘ, ਗੁਰਮੁਖ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1946.

ਮੋਹਨ ਸਿੰਘ, ਰਾਜਾ, ਜਪੁ: ਗਿਆਨਪਰੀ ਸੰਪ੍ਰਦਾਇ ਸਟੀਕ, ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਨੰ:722.

ਰਲਿਆ ਸਿੰਘ, ਅਮੋਲਕ ਰਤਨ ਟੀਕਾ ਜਪੁਜੀ ਸਾਹਿਬ।

ਰਾਮ ਕ੍ਰਿਸ਼ਨ, ਭਾਈ, ਸੇਵਾ ਪੰਥੀ, ਜਪੁ ਪਰਮਾਰਥ, ਸੰਮਤ 1853, ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਹਥ ਲਿਖਤ ਨੰ:3396.

———, ਜਪੁ ਪਰਮਾਰਥ, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਚੰਡੀਗੜ੍ਹ, ਹਥ ਲਿਖਤ ਨੰ:1390.

———, ਜਪੁ ਪਰਮਾਰਥ, ਪੁਸਤਕਾਲਾ ਪ੍ਰਿੰ: ਪ੍ਰੀਤਮ ਸਿੰਘ, ਹਥ ਲਿਖਤ ਨੰ:142.

ਰਾਮ ਦੇਵ, ਡਾਕਟਰ, ਜਪੁਜੀ ਸਾਹਿਬ ਦਾ ਸਰਲ ਭਾਵ ਅਨੁਵਾਦ, ਸੰਤ ਨਿਰੰਕਾਰੀ ਮੰਡਲ, ਦਿੱਲੀ, 1961.

ਰਾਮ ਸਿੰਘ, ਗਿਆਨੀ, ਜਪੁ ਅਰਥ, ਭੁਪਾਲ, ਜ਼ਿਲਾ [illegible], 1955.

ਰਾਮ ਸਿੰਘ, ਰਾਜਾ, ਟੀਕਾ ਜਪੁਜੀ (ਪਹਿਲੀਆਂ 7 ਪਉੜੀਆਂ), ਲਿਖਤ 1962, ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ, ਹਥ ਲਿਖਤ ਨੰ:5120.

ਰਾਮ ਦਿੱਤਾ, ਭਗਤ, ਜਪੁਜੀ ਸਟੀਕ, ਭਾਈ ਕ੍ਰਿਪਾਲ ਸਿੰਘ ਚਰਨਜੀਤ ਸਿੰਘ, ਅੰਮ੍ਰਿਤਸਰ, 1849.

ਲਾਲ ਸਿੰਘ, ਗਿਆਨੀ (ਸੰਗਰੂਰ), ਗੁਰਮਤਿ ਮਾਰਤੰਡ ਜਪੁਜੀ ਟੀਕਾ, ਲਾਹੌਰ ਪੁਸਤਕ ਭੰਡਾਰ, 1949.

ਲਾਲ ਸਿੰਘ, ਗਿਆਨੀ, ਵਿਰਲੋਮ ਸਟੀਕ।

ਲਾਹੌਰੀਆ, ਕਰਤਾਰ ਸਿੰਘ, ਗੁਰੂ ਕੀਆਂ ਬਰਕਾਤ ਟੀਕਾ ਜਪੁ ਨੈਸ਼ਨਲ ਗੁਰਮਤਿ ਪ੍ਰੈਸ, ਲਾਹੌਰ।

ਵੀਰ ਸਿੰਘ, ਭਾਈ, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ (ਜਪੁ ਸਟੀਕ), ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, 1959.

— — —, ਜਪੁਜੀ ਸਟੀਕ (ਪੰਜ ਗ੍ਰੰਥ ਸਟੀਕ ਵਿਚੋਂ)।

ਵੈਦ, ਮੋਹਨ ਸਿੰਘ, ਟੀਕਾ ਜਪੁਜੀ, ਸ੍ਰੀ ਗੁਰਮਤਿ ਪ੍ਰੈਸ, ਲਾਹੌਰ, 1902.

ਅਗਿਆਤ, ਜਪੁਜੀ ਪਰਮਾਰਥ, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਚੰਡੀਗੜ੍ਹ ਹਥ ਲਿਖਤ ਨੰ:1270.

— — —, ਜਪੁ ਪਰਮਾਰਥ, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਚੰਡੀਗੜ੍ਹ, ਹਥ ਲਿਖਤ ਨੰ: 1271.

— — —, ਜਪੁਜੀ ਸਟੀਕ, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਚੰਡੀਗੜ੍ਹ ਹਥ ਲਿਖਤ ਨੰ:1293.

— — —, ਜਪੁਜੀ ਸਟੀਕ ਪਰਮਾਰਥ, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਚੰਡੀਗੜ੍ਹ ਨੰ:1308.

— — —, ਜਪੁ ਪਰਮਾਰਥ, ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਹਥ ਲਿਖਤ ਨੰ:698.

— — —, ਜਪੁ ਪਰਮਾਰਥ, ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ, ਹਥ ਲਿਖਤ ਨੰ:203.

— — —, ਜਪੁ ਪਰਮਾਰਥ, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਹਥ ਲਿਖਤ ਨੰ:2189.

— — —, ਜਪੁ ਪਰਮਾਰਥ (ਜਪੁਜੀ ਟੀਕਾ), ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ, ਨੰ:2883.

— — —, ਟੀਕਾ ਜਪੁਜੀ ਸਾਹਿਬ, ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ, ਹਥ ਲਿਖਤ ਨੰ:707.

— — —, ਜਪੁ ਅਰਥ, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ, ਹਥ ਲਿਖਤ ਨੰ:2571.

— — —, ਜਪੁ ਪਰਮਾਰਥ (ਜਪੁ ਸਟੀਕ), ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਹਥ ਲਿਖਤ ਨੰ:6616.

— — —, ਜਪੁਜੀ ਪਰਮਾਰਥ, ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਹਥ ਲਿਖਤ ਨੰ:6710.

— — —, ਜਪੁਜੀ ਸਟੀਕ (ਸਿਧ ਗੋਸਟਿ ਆਦਿ ਨਾਲ), ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ, ਨੰ:6860.

— — —, ਜਪੁਜੀ ਟੀਕਾ ਸ੍ਰੀ ਸਿਧ ਬਰਕਾਵਣੀ, ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ, ਹਥ ਲਿਖਤ-7380.

— — —, ਜਪੁ ਸਟੀਕ, ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ, ਹਥ ਲਿਖਤ ਨੰ:7633.

— — —, ਜਪੁ ਪਰਮਾਰਥ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਨੰ:959

— — —, ਜਪੁ ਪਰਮਾਰਥ, ਲਿਖਤ 1848, ਪੁਸਤਕਾਲਾ ਪ੍ਰਿੰ:ਪ੍ਰੀਤਮ ਸਿੰਘ, ਹਥ ਲਿਖਤ ਨੰ:233.

— — —, ਜਪੁ ਬਰਨਾਂ ਨਾਲ ਗੁਰੂ ਗਾਥੇ ਨਾਨਕ ਜੀ ਕਾ, ਪੁਸਤਕਾਲਾ ਪ੍ਰਿੰ:ਪ੍ਰੀਤਮ ਸਿੰਘ ਨੰ:401.

— — —, ਜਪੁ ਪਰਮਾਰਥ, ਪੁਸਤਕਾਲਾ, ਪ੍ਰਿੰ:ਪ੍ਰੀਤਮ ਸਿੰਘ, ਹਥ ਲਿਖਤ ਨੰ:189.

— — —, ਜਪੁ ਪਰਮਾਰਥ, ਪੁਸਤਕਾਲਾ ਪ੍ਰਿੰ:ਪ੍ਰੀਤਮ ਸਿੰਘ ਹਥ ਲਿਖਤ ਨੰ:66.

— — —, ਜਪੁ ਪਰਮਾਰਥ, ਟੀਕਾ ਜਪੁਜੀ, ਪੁਸਤਕਾਲਾ ਪ੍ਰਿੰ:ਪ੍ਰੀਤਮ ਸਿੰਘ ਹਥ ਲਿਖਤ ਨੰ:3[illegible]4.

— — —, ਜਪੁਜੀ ਸਟੀਕ, ਪੁਸਤਕਾਲਾ ਪ੍ਰਿੰ:ਪ੍ਰੀਤਮ ਸਿੰਘ ਹਥ ਲਿਖਤ ਨੰ:59.

## (ਖ) ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਪੁਸਤਕਾਂ ਦੀ ਸੂਚੀ

### ਪੰਜਾਬੀ


ਅਸ਼ੋਕ, ਸ਼ਮਸ਼ੇਰ ਸਿੰਘ, ਸ੍ਰੀ ਮਤ ਭਗਵਤ ਗੀਤਾ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1958.

———, ਸਾਡਾ ਹੱਥ ਲਿਖਤ ਪੰਜਾਬੀ ਸਾਹਿਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968.

ਸਾਹਿਬ ਸਿੰਘ, ਪ੍ਰੋ., ਗੁਰਬਾਣੀ ਵਿਆਕਰਣ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1970.

ਸਰਹੱਦੀ, ਕਰਤਾਰ ਸਿੰਘ, [illegible], ਸਤਪੁਰਾ ਰੋਡ, ਜਮੁਨਾਨਗਰ, 1969.

ਸ਼ੇਰ ਸਿੰਘ, ਡਾ., ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1951.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਪਹਿਲੀ, ਅੰਮ੍ਰਿਤਸਰ, ਮਈ 1969.

———, ਪੋਥੀ ਦੂਜੀ, ਅਕਤੂਬਰ 1959.

———, ਪੋਥੀ ਤੀਜੀ, ਜਨਵਰੀ 1964.

———, ਪੋਥੀ ਚੌਥੀ, ਨਵੰਬਰ 1964.

ਹੀਰਾ, ਭਗਤ ਸਿੰਘ, ਗੁਰਮਤਿ ਵਿਚਾਰਧਾਰਾ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ, 1969.

ਕਾਨ੍ਹ ਸਿੰਘ, ਭਾਈ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.

———, ਗੁਰਮਤਿ ਪ੍ਰਭਾਕਰ, ਗੁਰਮਤਿ ਪ੍ਰੈਸ, ਅੰਮ੍ਰਿਤਸਰ।

———, ਗੁਰਮਤਿ ਮਾਰਤੰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962.

ਕਿਰਪਾਲ ਸਿੰਘ, ਡਾ., ਸੰਪਾਦਕ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ, ਪੋਥੀ ਪਹਿਲੀ, ਸਿਖ ਹਿਸਟਰੀ ਰੀਸਰਚ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, 1962.

———, ਪੋਥੀ ਦੂਜੀ, 1969.

ਕੋਹਲੀ, ਸੁਰਿੰਦਰ ਸਿੰਘ, ਡਾ., ਸੰਪਾਦਕ, ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969.

ਕੌਰ ਸਿੰਘ, ਅਕਾਲੀ, ਗੁਰ ਸ਼ਬਦ ਰਤਨ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.

ਗਣੇਸ਼ਾ ਸਿੰਘ, ਮਹੰਤ, ਇਤਿਹਾਸ ਨਿਰਮਲ ਭੇਖ।

ਗੁਰਚਰਨ ਸਿੰਘ, ਡਾ., ਸੰਪਾਦਕ, ਆਦਿ ਗ੍ਰੰਥ ਸ਼ਬਦ-ਅਨੁਕ੍ਰਮਣਿਕਾ, ਜਿਲਦਾਂ ਦੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਗੁਰਦੇਵ ਸਿੰਘ, ਡਾ:, ਗੁਰੂ ਨਾਨਕ ਵਿਚਾਰ ਅਤੇ ਕਾਵਿ ਕਲਾ, ਲਾਹੌਰ ਬੁਕ ਸ਼ਾਪ, ਲੁਧਿਆਣਾ, 1969.

ਜੱਗੀ, ਰਤਨ ਸਿੰਘ, ਡਾ:, ਗੁਰੂ ਨਾਨਕ ਦੀ ਵਿਚਾਰਧਾਰਾ, ਨਵਯੁਗ ਪਬਲਿਸ਼ਰਜ਼, ਦਿੱਲੀ, 1969.

———, ਵਾਰਾਂ ਭਾਈ ਗੁਰਦਾਸ, ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966.

ਜੁਗਿੰਦਰ ਸਿੰਘ, ਜਪੁਜੀ ਵਿਆਖਿਆ, ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, 1969.

ਜੋਧ ਸਿੰਘ, ਭਾਈ, ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

———, ਗੁਰੂ ਨਾਨਕ ਸਿਮਰਤੀ ਵਿਆਖਿਆਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966-67.

———, ਗੁਰਮਤਿ ਨਿਰਣਯ, ਮਾਡਲ ਟਾਊਨ, ਲੁਧਿਆਣਾ, 1932.

———, ਸੰਕਲਿਤ, ਗੁਰੂ ਨਾਨਕ ਮਤ ਦਰਪਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

ਜੌਹਨ, ਜੈਨ, ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.

ਤਾਰਨ ਸਿੰਘ, ਡਾ:, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1963.

———, ਗੁਰੂ ਨਾਨਕ: ਚਿੰਤਨ ਤੇ ਕਲਾ, ਸਿੱਖ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1969.

———, ਨਾਨਕ: ਦਰ ਘਰ, ਭਾਈ ਵਜ਼ੀਰ ਸਿੰਘ ਖੋਜ ਸਭਾ, ਅੰਮ੍ਰਿਤਸਰ, 1969.

———, ਨੇਮ ਤੇ ਪ੍ਰੇਮ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1964.

ਦਰਦੀ, ਗੋਪਾਲ ਸਿੰਘ, ਡਾ:, ਗੁਰੂ ਗ੍ਰੰਥ ਸਾਹਿਤ ਦੀ ਸਾਹਿਤਿਕ ਵਿਸ਼ੇਸ਼ਤਾ, ਪੰਜਾਬੀ ਅਕਾਦਮੀ, ਦਿੱਲੀ, 1958.

ਦੀਪ, ਦਲੀਪ ਸਿੰਘ, ਡਾ:, ਜਪੁਜੀ, ਇਕ ਤੁਲਨਾਤਮਕ ਅਧਿਐਨ, ਪੰਜਾਬੀ ਬੁਕ ਸਟੋਰ, ਪਰਾਗ ਹੋਮ, ਨਵੀਂ ਦਿੱਲੀ, 1969.

ਦੀਵਾਨਾ, ਮੋਹਨ ਸਿੰਘ, ਡਾ:, ਪੰਜਾਬੀ ਭਾਖਾ ਤੇ ਛੰਦਾਬੰਦੀ, ਓਰੀਐਂਟਲ ਕਾਲਜ, ਲਾਹੌਰ, 1937.

ਧਰਮਾਨੰਤ ਸਿੰਘ, ਵੈਦਿਕ ਗੁਰਮਤਿ, ਆਰਯ ਪ੍ਰਦੇਸ਼ਿਕ ਪ੍ਰਤਿਨਿਧੀ ਸਭਾ, ਪੰਜਾਬ, ਜਲੰਧਰ, 1965.

ਨਰੈਣ ਸਿੰਘ ਗਿਆਨੀ, ਪੰਡਿਤ, ਵਾਰਾਂ ਭਾਈ ਗੁਰਦਾਸ ਜੀ ਸਟੀਕ, ਭਾਈ ਜਵਾਹਰ ਸਿੰਘ ਕਿਰਪਾਲ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਨਰੋਤਮ, ਤਾਰਾ ਸਿੰਘ, ਪੰਡਿਤ, ਗ੍ਰੰਥ ਸ੍ਰੀ ਗੁਰਮਤ ਨਿਰਣਯ ਸਾਗਰ, ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1955ਬਿ:

———, ਗ੍ਰੰਥ ਗਿਰਾਰਥ ਕੋਸ਼, ਭਾਗ ਪਹਿਲਾ।

ਪਦਮ, ਪਿਆਰਾ ਸਿੰਘ, ਸੰਪਾਦਕ, ਗੁਰੂ ਗ੍ਰੰਥ ਵਿਚਾਰ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

———, ਰਤਨ ਸਾਂਈਂ ਜੀਓ ਦੇ, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 1971.

ਪ੍ਰਕਾਸ਼ ਸਿੰਘ, [illegible], ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1966.

ਪ੍ਰਤਾਪ ਸਿੰਘ, ਗਿਆਨੀ, ਗੁਰਮਤਿ ਫਿਲਾਸਫੀ, ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ, 1963.

ਪ੍ਰੀਤਮ ਸਿੰਘ ਪ੍ਰੋ:, ਗੁਰੂ ਨਾਨਕ ਵਿਚਾਰ ਅਧਿਐਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969.

ਪ੍ਰੇਮ ਪ੍ਰਕਾਸ਼ ਸਿੰਘ, ਡਾ:, ਗੁਰੂ ਨਾਨਕ ਤੇ ਨਿਰਗੁਣ ਧਾਰਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973.

ਬਾਹਰੀ, ਸੀਤਾਰਾਮ, ਡਾ:, ਗੁਰੂ ਨਾਨਕ ਸਾਹਿਤ ਦੀ ਦਾਰਸ਼ਨਿਕਤਾ ਦਾ ਪਿਛੋਕੜ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1966.

ਬੇਦੀ, ਕਾਲਾ ਸਿੰਘ, ਡਾ:, ਗੁਰੂ ਨਾਨਕ ਦਰਸ਼ਨ, ਪੰਜਾਬੀ ਪ੍ਰਕਾਸ਼ਨ, ਨਵੀਂ ਦਿੱਲੀ।

———, ਗੁਰੂ ਨਾਨਕ ਨਾਦਿ ਚਿੰਤਨ, ਪੰਜਾਬੀ ਬੁੱਕ ਸਟੋਰ, ਪਰਾਗ ਰੋਡ, ਨਵੀਂ ਦਿੱਲੀ।

———, ਵਾਰਤਕਾਰ ਗੁਰੂ ਨਾਨਕ, ਪੰਜਾਬੀ ਬੁੱਕ ਸਟੋਰ, ਪਰਾਗ ਰੋਡ, ਨਵੀਂ ਦਿੱਲੀ, 1968.

ਬੇਦੀ, ਤਰਲੋਚਨ ਸਿੰਘ, ਡਾ:, ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ, ਬ੍ਰਿਜਿੰਦਰਾ ਕਾਲਜ, ਫਰੀਦਕੋਟ, 1972.

ਭਾਸ਼ਾ ਵਿਭਾਗ, ਮਹਾਂਕਵੀ ਗੁਰੂ ਨਾਨਕ, ਪਟਿਆਲਾ, 1966.

ਮਨਮੋਹਨ ਸਿੰਘ, ਡਾ:, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1970.

ਮੈਣੀ, ਧਰਮ ਪਾਲ, ਡਾ:, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਪਰਿਚਯ, 5, ਫੀਲਡ ਗੰਜ, ਲੁਧਿਆਣਾ।

———, ਪੰਜਾਬੀ ਭਗਤੀ ਸਾਹਿਤ, ਨੈਸ਼ਨਲ ਬੁੱਕ ਏਜੰਸੀ, ਕਨਾਟ ਸਰਕਸ, ਜਲੰਧਰ, 1972.

ਰਣਧੀਰ ਸਿੰਘ, ਉਦਾਸੀ ਸਿੱਖਾਂ ਦੀ ਵਿਥਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959.

ਰਣਧੀਰ ਸਿੰਘ, ਭਾਈ, ਸਚ ਖੰਡ ਦਰਸ਼ਨ, ਨਾਹਰ ਸਿੰਘ ਗਿਆਨੀ, 1964.

ਰਾਮ ਸਿੰਘ, ਗੁਰਬਾਣੀ ਦਾ ਵਿਸ਼ਾ ਤੇ ਰੂਪ, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ 1969.

ਲਾਲ ਸਿੰਘ, ਗਿਆਨੀ, ਗੁਰਮਤ ਮਾਰਤੰਡ, ਲਾਹੌਰ ਪੁਸਤਕ ਭੰਡਾਰ, ਸੰਗਰੂਰ, 1949.

———, ਗੁਰੂ ਕੇ ਸਿਖ ਦੀ ਸ੍ਰਿਸ਼ਟਿ, ਗੁਰਮਤਿ ਪ੍ਰੈਸ, ਅੰਮ੍ਰਿਤਸਰ, 1953.

ਵਜ਼ੀਰ ਸਿੰਘ, ਡਾ:, ਸੰਪਾਦਕ, ਸਿਖ ਧਰਮ ਦਰਸ਼ਨ ਵਿਚ ਸਰਦੂਲ ਸਿੰਘ ਕਵੀਸ਼ਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਵੀਰ ਸਿੰਘ, ਭਾਈ, ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, 1971.

**ਹਿੰਦੀ**

ਆਪਟੇ, ਵਾਮਨ ਸ਼ਿਵ ਰਾਮ, ਸੰਸਕ੍ਰਿਤ ਹਿੰਦੀ ਕੋਸ਼, ਮੋਤੀ ਲਾਲ ਬਨਾਰਸੀ ਦਾਸ, ਵਾਰਾਣਸੀ, 1969.

ਸਹਿਗਲ, ਮਨਮੋਹਨ, ਡਾ:, ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਿਕ ਸਰਵੇਖਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

— — —, ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ, ਭਾਰਤੇਂਦੂ ਭਵਨ, ਚੰਡੀਗੜ੍ਹ, 1965.

ਹਰਿਭਜਨ ਸਿੰਘ, ਡਾ:, ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਕਾਵਿ, ਭਾਰਤੀ ਮੰਦਿਰ, ਦਿੱਲੀ, 1963.

ਗੁਲਾਬ ਰਾਇ ਔਰ ਸ਼ੰਭੂ ਨਾਥ ਪਾਂਡੇਯ, ਰਹੱਸਵਾਦ ਔਰ ਹਿੰਦੀ ਕਵਿਤਾ, ਸਰਸਵਤੀ ਪੁਸਤਕ ਸਦਨ, ਆਗਰਾ, ਸੰਮਤ 2013.

ਚਤੁਰਵੇਦੀ, ਸੀਤਾ ਰਾਮ, ਪੰਡਤ, ਭਾਰਤ ਕੇ ਉਦਾਸੀਨ ਸੰਤ, ਸੰਮਤ 2024.

ਚਤੁਰਵੇਦੀ, ਗਿਰਧਰ ਸ਼ਰਮਾ, ਦਰਸ਼ਨ ਅਨੁਚਿੰਤਨ।

ਤ੍ਰਿਗੁਣਾਇਤ, ਗੋਵਿੰਦ, ਡਾ:, ਕਬੀਰ ਔਰ ਜਾਇਸੀ ਕਾ ਰਹੱਸਵਾਦ ਔਰ ਤੁਲਨਾਤਮਕ ਵਿਵੇਚਨ, ਸਾਹਿਤ੍ਯ ਸਦਨ, ਦੇਹਰਾਦੂਨ।

ਦਰਸ਼ਨ, ਅਮਰਜੀਤ ਸਿੰਘ, ਸ੍ਰੀ ਸੁਖਮਨੀ-ਦਰਪਣ, ਚੰਡੀਗੜ੍ਹ, 196[illegible].

ਪਰਮਹੰਸ, ਸਵਾਮੀ ਸ੍ਰੀ ਪਰਮਾਨੰਦ ਉਦਾਸੀ, ਸ੍ਰੀ ਸੁਖਮਨੀ ਸਾਹਿਬ, ਨਵਲ ਕਿਸ਼ੋਰ ਪ੍ਰੈਸ, ਲਖਨਊ, 1929.

ਬੜਥਵਾਲ, ਪੀਤਾਂਬਰ ਦੱਤ, ਡਾ:, ਹਿੰਦੀ ਕਾਵਿ ਮੇਂ ਨਿਰਗੁਣ ਸੰਪ੍ਰਦਾਇ, ਅਵਧ ਪਬਲਿਸ਼ਿੰਗ ਹਾਊਸ, ਲਖਨਊ, ਸੰਮਤ 2007.

ਭਾਵੇ, ਵਿਨੋਬਾ, ਜਪੁਜੀ, ਸਰਵ ਸੇਵਾ ਸੰਘ-ਪ੍ਰਕਾਸ਼ਨ, ਰਾਜਘਾਟ, ਵਾਰਾਣਸੀ, 1963.

ਮਿਸ਼ਰ, ਜਯ ਰਾਮ, ਡਾ:, ਸ੍ਰੀ ਗੁਰੂ ਗ੍ਰੰਥ ਦਰਸ਼ਨ, ਸਾਹਿਤ੍ਯ ਭਵਨ ਪ੍ਰ: ਲਿ: ਇਲਾਹਾਬਾਦ 1960

— — —, ਨਾਨਕ ਵਾਣੀ, ਮਿਤ੍ਰ ਪ੍ਰਕਾਸ਼ਨ ਪ੍ਰਾ: ਲਿ: ਇਲਾਹਾਬਾਦ, ਸੰਮਤ 2018.

ਰਾਜਗੁਰੂ, ਗੋਵਿੰਦ ਨਾਥ, ਗੁਰਮੁਖੀ ਲਿਪੀ ਮੇਂ ਹਿੰਦੀ ਗੱਦ, ਰਾਜਕਮਲ ਪ੍ਰਕਾਸ਼ਨ, ਦਿੱਲੀ, 1969.

ਰਾਧਾਕਾਂਤ ਦੇਵ, ਰਾਜਾ, ਸ਼ਬਦ ਕਲਪਦਰੁਮ, (ਭਾਗ ਤੀਜਾ, ਚੌਥਾ) ਮੋਤੀ ਲਾਲ ਬਨਾਰਸੀ ਦਾਸ, ਦਿੱਲੀ, 1961.

ਵਰਮਾ, ਧੀਰੇਂਦਰ, ਡਾ:ਸੰਪਾਦਕ, ਹਿੰਦੀ ਸਾਹਿਤ੍ਯ ਕੋਸ਼, ਗਿਆਨ ਮੰਡਲ, ਕਬੀਰ ਚੌਰਾ, ਬਨਾਰਸ, ਸੰਮਤ 2015.

ENGLISH

Anand, Balwant Singh, Guru Nanak Religion and Ethics, Punjabi University, Patiala, 1968.

Avtar Singh, Ethics of the Sikhs, Punjabi University, Patiala, 1970.

Bernard, Theos, Hindu Philosophy, Jaico Publishing House, Bombay, 1957.

Bhagavadgita, The or The Song Divine, Gita Press, Gorakhpur, 1957.

Brahmachary, S., Self-Realisation, Govinda Chandra Mukhopadhyaya, Benares Cantt; 1928.

Chella Ram, Jap Ji, Nirguna Balik Satsang Mandal, New Delhi, 1969.

Cunningham, J.D., History of the Sikhs, Oxford University Press, 1918.

Darshan Singh Dr., Indian Bhakti Tradition and Sikh Gurus, Lyall Book Shop, Ludhiana, 1968.

Das Gupta, S N., A History of Indian Philosophy Vol.I University Press, Cambridge, 1952.

———, Hindu Mysticism, Frederick Ungar Publishing Co., New York, 1959.

Deussen, Paul, The Philosophy of the Upanishads, T & T. Clark, 38, George Street, Edinburg, 1906.

Dewan Singh, Guru Nanak's Message in Jap Ji, Faquir Singh & Sons, Amritsar, 1972.

Encyclopaedia Americana, Vol. VII.

———, Britannica, Vols. VI, VIII, XVI.

———, The New Gresham, Vol.XII.

Ganda Singh, The Sikhs and Sikhism, Sikh History Society, Patiala, 1959.

Gordon, John J H., K C B., The Sikhs, Language Department, Punjab, Patiala, 1970.

Goyandka, Jayadayal, What is God? Gita Press, Gorakhpur, 1948.

Greenlees, Duncan, The Gospel of the Guru Granth Sahib, The Theosophical Publishing House, Adyar, Madras, 1968.

Griffith, Ralph T H., Hymns of the Rigveda Vol.II Chowkhamba, Varanasi, 1963.

Harbans Singh, Guru Nanak, Punjabi University, Patiala, 1969.

———, The Message of Sikhism, Gurdwara Parbandhak Committee, Delhi, 1968.

Hardyal, Hints for Self Culture, Raj Kamal Publications Ltd; Delhi, 1948.

Hari Singh, Remembrance of God (Jap Sahib), 6/1, Aurangzeb Road, New Delhi.

Hastings, James (Ed.), Encyclopaedia of Religion Ethics Vol.IX, XII, T & T. Clark, Edinburg, 1968.

Jinarajadasa, C., The Nature of Mysticism, Theosophical Publishing House, Adyar, Madras, 1934.

Jodh Singh Bhai, Some Studies in Sikhism, Lahore Book Shop, Ludhiana, 1953.

———, The Jap Ji, 1956.

Kalathil J., The Development of the Gita Concept of God, Rev. Fr. K.A. Lourdes, St. Joseph's Industrial School Press, Trichinopoly, 1950.

Khazan Singh, Philosophy of the Sikh Religion, Languages Department, Punjab, 1970.

Khushwant Singh, The History of the Sikhs, New Jersey: Princeton University Press, 1963.

Kohli, Surinder Singh, Dr., A Critical Study of Adi Granth, The Punjabi Writer's Cooperative Industrial Society Ltd; New Delhi, 1961.

———, Out Lines of Sikh Thought, Punjabi Prakashak, Karol Bagh, New Delhi, 1966.

———, Philosophy of Guru Nanak, Publication Bureau, Punjab University, Chandigarh, 1969.

Loyal, Naunihal Singh, Jap Ji Sahib of Guru Nanak, 48-G, Connaught Circus, New Delhi, 1961.

Loehlin, C.H., The Sikhs and Their Scriptures, The Lucknow Publishing House, Lucknow, 1964.

Macauliffe, M.A., The Sikh Religion (6 Vols.), Clarendon Press, Oxford, 1909.

Mahadevan, T.M.P., Upanishads, G.A. Natesan, Madras, 1950.

Mander, R.S., The Message of Guru Nanak in Jap Nishan, Salis Park, Poona, 1964.

Manmohan Singh, Advocate, Shri Guru Granth Sahib Vol.I Manjit Printing and Publishing Co; Patiala, 1962.

Mansukhani, Gobind Singh Dr; Introduction To Sikhism, India Book House, New Delhi, 1967.

———, The Quintessence of Sikhism, Shiromani Gurdwara Prabandhak Committee, Amritsar, 1958.

Mcleod, W.H., Guru Nanak and the Sikh Religion, Oxford University Press, London, 1968.

Meher Singh, The Jap Ji, the Punjabi Sahitya Kala Kendra, Punch Kuian Road, New Delhi, 1952.

Mohan Singh Dr; A History of Punjabi Literature, University of Punjab, Lahore, 1932.

———, Sikh Mysticism, Khalsa College Amritsar, 1965.

Monier Williams M.,Sir , A Dictionary of English and Sanskrit.

Narain Singh, The Jap of The Name (Guru Nanak's Jap Ji) 26, Shivala Road, Amritsar.

Narang, Gokul Chand, Real Hinduism, New Book Society, Lahore, 1947.

——— Transformation of Sikhism ——— 1960.

Oxford English Dictionary, The, Vol.I & II.

Parkash Singh, Guru Nanak and His Jap Ji, The Sikh History Research Department, Amritsar, 1969.

Pease, M.L., Guru Nanak - The Unique Liberator, Miss Dora E. Gardiner Australia and Rattan Kaur, Jullundur, 1966.

———, Guru Nanak Dev's Jap Ji Sahib, 25, Kitheriyan Lake, Basti Guzan, Jullundur.

Punjabi University, Patiala, Budhism, 1969.

———, Christianity, 1969.

———, Hinduism,1969.

———, Islam, 1969.

———, Sikhism, 1969.

Puran Singh, The Jap Ji, Lahore Book Shop, Lahore, 1946.

Radha Krishnan, S. History of Philosophy: Eastern and Western', Govt. of India Publication 1952.

Radha Krishnan, S., Indian Philosophy (2 Vols.), George Allen & Unwin Ltd; London, 1966.

———, Principal Upanishads, George Allen & Unwin Ltd; 1951.

Rajinder Kaur, The Sikh Conception of Godhead, (approved Thesis), Panjab University Library, Chandigarh, 1965.

Ranade, R.D., A Constructive Survey of Upanishadic Philosophy, Orient Book Agency, Poona, 1926.

Ray, Niharranjan, The Sikh Gurus and The Sikh Society, Punjabi University, Patiala, 1970.

Russell, Bertrand, Mysticism and Logic and other essays, George Allen & Unwin Ltd; London, 1951.

Sher Singh, Dr., Philosophy of Sikhism, Sterling Publishers (P), Ltd; Jullundur, Delhi, 1966.

Seth, James, A Study of Ethical Principles, William Black Wood & Sons, Edinburg.

Sinha, Jadu Nath, History of Indian Philosophy, Sinha Publishing House Calcutta, 1956.

Sohan Singh, Padamshri, The Pancha, The Chief Khalsa Dewan, Amritsar, 1961.

Sohan Singh, The Seeker's Path, Orient Longmans, New Delhi, 1959.

Spurgeon, Caroline F.E., Mysticism in English Literature Cambridge, 1922.

Talib, Gurbachan Singh, Guru Nanak: His Personality and Vision, Gurdas Kapur, Delhi, 1969.

Teja Singh, Principal, Guru Nanak And His Mission, Shiromani Gurdwara Parbandhak Committee, Amritsar.

———, The Jap Ji, Khalsa Bros., Amritsar, 1968.

Trumpp, Ernest, The Adi Granth, Wm.H.Allen & Co. London, 1877.

Underhill, Evelyn, Mysticism, Methuen & Co. Ltd; London, 1957.

Varma, Sharad Chandra, Guru Nanak and the Logos of Divine Manifestation, Chatham Lines, Allahabad, 1969.

Vivekananda Swami, Karma Yoga, P.8, Advaita Ashrama Mayavati, Almora, Himalaya, 1960.

Wazir Singh, Dr., Aspects of Guru Nanak's Philosophy, Lahore Book Shop, Ludhiana, 1969.

## (ੲ) ਪੱਤਰ-ਪਤ੍ਰਿਕਾਵਾਂ ਦੀ ਸੂਚੀ


ਸਾਧੂ ਆਸ਼੍ਰਮ, ਵਿਸ਼ਵ ਜੋਤਿ, ਗੁਰੂ ਨਾਨਕ ਅੰਕ, ਹੁਸ਼ਿਆਰਪੁਰ 1969.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਮਤਿ ਪ੍ਰਕਾਸ਼, ਗੁਰੂ ਨਾਨਕ ਬਾਣੀ ਅੰਕ, ਅੰਮ੍ਰਿਤਸਰ, 1969.

ਗੁਰੂ ਨਾਨਕ ਯੂਨੀਵਰਸਿਟੀ, ਖੋਜ ਦਰਪਣ, ਅੰਮ੍ਰਿਤਸਰ, ਜਨਵਰੀ-1974 ਅੰਕ।

ਪੰਜਾਬ ਯੂਨੀਵਰਸਿਟੀ, ਪਰਖ, ਗੁਰੂ ਨਾਨਕ ਸਿਮ੍ਰਿਤੀ ਅੰਕ, ਚੰਡੀਗੜ੍ਹ, 1969.

ਪੰਜਾਬੀ ਸਾਹਿਤ ਅਕਾਡਮੀ, ਆਲੋਚਨਾ, ਗੁਰੂ ਨਾਨਕ ਵਿਸ਼ੇਸ਼ ਅੰਕ 1,2, ਲੁਧਿਆਣਾ, 1969-70.

ਪੰਜਾਬੀ ਯੂਨੀਵਰਸਿਟੀ, ਖੋਜ ਪਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ, ਪਟਿਆਲਾ, 1969.

– – –, ਨਾਨਕ ਪ੍ਰਕਾਸ਼ ਪਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ, ਪਟਿਆਲਾ, 1969.

– – –, ਭਾਰਤੀ ਤੇ ਵਿਦੇਸ਼ੀ ਸਾਹਿਤ, ਪਟਿਆਲਾ, ਫਰਵਰੀ, 1971 ਅੰਕ।

ਭਾਸ਼ਾ ਵਿਭਾਗ, ਪੰਜਾਬੀ ਦੁਨੀਆ, ਗੁਰੂ ਨਾਨਕ ਅੰਕ, ਪਟਿਆਲਾ, 1969.

Punjabi University, Department of Guru Gobind Singh Religious Studies, The Journal of Religious Studies Vol.I & II, Patiala, 1969,1970.

Sikh Studies Foundation, the Journal of Sikh Philosophy, Vol.I, Patiala, 1969.


254086

***